चौधरी बलबीर सिंह : अध्यक्ष महोदय, मुझे सवाल का गवर्नमैंट की तरफ से रिटन रिपलाई नहीं मिला । यह पालिसी रही है कि जिस का सवाल हो उसको उसका जवाब पहले रिटन मिल जाता है, मगर मुझे यह मिला नहीं ।

ਸ੍ਰੀ ਸਪੀਕਰ : ਇਹ ਤਾਂ ਪ੍ਰੈਕਟਿਸ ਨਹੀਂ ਹੈ । (There is no such practice.) ।

चौधरी बलबीर सिंह : आगे तो जवाब मिलते रहे हैं । जिस का सवाल हो उस को कापी मिलती रही है बाकियों को नहीं । (विघन)

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮੁੱਖ ਮੰਤਰੀ ਸਾਹਿਬ ਦੱਸਣ ਦੀ ਕਿਰਪਾ ਕਰਨਗੇ ਕਿ ਹਰੀਜਨਾਂ ਦੇ ਕਤਲ ਅਤੇ ਉਧਾਲੇ ਦੇ ਕੇਸਾਂ ਵਿਚ ਬਹੁਤ ਸਾਰੇ ਮੁਲਜ਼ਮ ਫੜਨ ਤੋਂ ਰਹਿ ਗਏ ਹਨ ? ਕੀ ਇਸ ਲਈ ਇਨ੍ਹਾਂ ਨੇ ਪੁਲਿਸ ਵਿਭਾਗ ਵਿਚ ਕੋਈ ਸਪੈਸ਼ਲ ਸੈਲ ਕਾਇਮ ਕੀਤਾ ਹੈ ਤਾਂ ਕਿ ਹਰੀਜਨਾਂ ਦੀ ਰਖਿਆ ਕੀਤੀ ਜਾ ਸਕੇ ? (ਵਿਘਨ)

ਮੁੱਖ ਮੰਤਰੀ : ਇਸ ਗੱਲ ਲਈ ਇਨਸਟ੍ਰਕਸ਼ਨਾਂ ਦਿੱਤੀਆਂ ਗਈਆਂ ਹਨ ਕਿ ਜਿਹੜੇ ਮੁਲਜ਼ਮ ਫਰਾਰ ਹਨ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਪਕੜਿਆ ਜਾਵੇ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤ ਪਾਲ ਡਾਂਗ : ਇਸ ਗੱਲ ਦੀ ਰੋਸ਼ਨੀ ਵਿਚ ਕਿ ਸੂਬੇ ਵਿਚ ਹਰੀਜਨਾਂ ਦੇ ਕਤਲ ਜ਼ਿਆਦਾ ਹੋਏ ਹਨ ਕਿਉਂਕਿ ਉਹ ਵੀਕਰ ਸੈਕਸ਼ਨ ਹੈ ਅਤੇ ਜਿਨ੍ਹਾਂ ਦੇ ਬਾਰੇ ਵਿਚ ਸੀ. ਐਮ. ਸਾਹਿਬ ਨੇ ਇਹ ਕਿਹਾ ਹੈ ਕੀ ਕਿ ਸਪੈਸ਼ਲ ਪੁਲਿਸ ਰਖੀ ਹੈ ਤਾਂਕਿ ਉਨ੍ਹਾਂ ਦੇ ਕਤਲ ਬੰਦ ਹੋਣ, ਪਰ ਉਹ ਬੰਦ ਨਹੀਂ ਹੋਏ ਤਾਂ ਕੀ ਉਹ ਕਦਮ ਹਨ ਅਤੇ ਜੋ ਡੈਫਿਨੇਟ ਚੀਜ਼ ਹੈ ਕੀ ਉਸ ਨੂੰ ਸਦਨ ਦੀ ਮੇਜ਼ ਰਖਿਆ ਜਾ ਸਕਦਾ ਹੈ ਜਾਂ ਨਹੀਂ ?

ਮੁੱਖ ਮੰਤਰੀ : ਜਿੰਨੇ ਕੇਸ ਮਰਡਰ ਦੇ ਹਰੀਜਨਾਂ ਦੇ ਹੋਏ ਹਨ ਇਹ ਕੋਈ ਸਪੈਸ਼ਲ ਹਰੀਜਨਾਂ ਦੇ ਹੀ ਨਹੀਂ ਹੋਏ। ਇਨ੍ਹਾਂ ਵਿਚ ਕੁਲ 12 ਕੇਸ ਹਨ ਜਿਨ੍ਹਾਂ ਵਿਚ ਚਾਰ ਵਿਚ ਹਰੀਜਨਾਂ ਨੇ ਹੀ ਹਰੀਜਨਾਂ ਦਾ ਮਰਡਰ ਕੀਤਾ ਹੈ ਅਤੇ ਬਾਕੀ ਦੇ 8 ਕੇਸਾਂ ਵਿਚ ਹਰੀਜਨਾਂ ਦਾ ਦੂਜਿਆਂ ਹਥੋਂ ਮਰਡਰ ਹੋਇਆ ਹੈ। ਜਨਰਲ ਕੇਸ 135 ਹੋਏ ਹਨ ਮਰਡਰ। ਦੇ ਇਸ ਲਈ ਇਨ੍ਹਾਂ ਦੀ ਕੋਈ ਸਪੈਸ਼ਲ ਗੱਲ ਨਹੀਂ ਕਿ ਹਰੀਜਨਾਂ ਤੇ ਹੀ ਸਖਤੀ ਹੋਈ ਹੋਵੇ ।

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੈਂ ਤਾਂ ਇਹ ਗੱਲ ਨਹੀਂ ਸੀ ਕਹੀ ; ਇਹ ਤਾਂ ਚੀਫ਼ ਮਨਿਸਟਰ ਸਾਹਿਬ ਨੇ ਆਪ ਕਹੀ ਸੀ ਹਰੀਜਨਾਂ ਦੇ ਮਰਡਰ ਨਾ ਹੋਣ ਜਾਂ ਘਟ ਹੋਣ ਇਸ ਲਈ ਸਪੈਸ਼ਲ ਪੁਲਿਸ ਦਾ ਪ੍ਰਬੰਧ ਕੀਤਾ ਗਿਆ ਹੈ। ਮੈਂ ਤਾਂ ਡਿਟੇਲ ਮੰਗੀ ਹੈ ।

ਸ੍ਰੀ ਸਪੀਕਰ : ਇਹ ਐਕਸਪਲੇਨੇਸ਼ਨ ਹੈ ਜਾਂ ਪੁਆਇੰਟ ਆਫ਼ ਆਰਡਰ ਹੈ । (Is this an explanation or a point of order ?)

ਕਾਮਰੇਡ ਸੱਤ ਪਾਲ ਡਾਂਗ : ਮੈਂ ਤਾਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੀਆਂ ਸਪੈਸ਼ਲ ਇਨਸਟ੍ਰਕਸ਼ਨਾਂ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਉਹ ਕੀ ਹਨ ਅਤੇ ਉਨ੍ਹਾਂ ਨੂੰ ਕੀ ਇਹ ਸਦਨ ਦੀ ਮੇਜ਼ ਦੇ ਰਖਣ ਨੂੰ ਤਿਆਰ ਹਨ ਜਾਂ ਨਹੀਂ ? ਉਨ੍ਹਾਂ ਸਪੈਸ਼ਲ ਇਨਸਟ੍ਰਕਸ਼ਨਾਂ ਨੂੰ ਇਹ ਡਿਫਾਇਨ ਕਰ ਦੇਣ ਜਿਨ੍ਹਾਂ ਨਾਲ ਹਰੀਜਨ ਸੇਫ ਹੋ ਗਏ ਹਨ।

ਮੁੱਖ ਮੰਤਰੀ : ਮੈਂ ਡਾਂਗ ਸਾਹਿਬ ਨੂੰ ਅਰਜ਼ ਕਰਾਂ ਕਿ ਵਰਬਲ ਇਨਸਟ੍ਰਕਸ਼ਨਾਂ ਵੀ ਹੁੰਦੀਆਂ ਹਨ ਸਾਰੀਆਂ ਰਿਟਨ ਹੀ ਨਹੀਂ ਹੁੰਦੀਆਂ ।

चौधरी बलबीर सिंह : क्या मंत्री महोदय बताने की कृपा करेंगे कि जो गिरफ्तारियां नहीं की गईं इन के पीछे उन मुल्जमों को बचाने के लिए बारसूख आदमियों का हाथ है ?

ਮੁੱਖ ਮੰਤਰੀ : ਮੇਰੇ ਇਲਮ ਵਿਚ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ।

ਸਰਦਾਰ ਰਾਜਾ ਸਿੰਘ : ਕੀ ਚੀਫ਼ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਇਨ੍ਹਾਂ ਨੇ ਕਤਲਾਂ ਨੂੰ ਰੋਕਣ ਦੇ ਸਿਲਸਿਲੇ ਵਿਚ ਜਿਹੜੀਆਂ ਵਰਬਲ ਇਨਸਟ੍ਰਕਸ਼ਨਾਂ ਦਿੱਤੀਆਂ ਹੋਈਆਂ ਹਨ ਕੀ ਉਹੀ ਤਾਂ ਨਹੀਂ ਕਿ ਰੋਪੜ ਜ਼ਿਲ੍ਹੇ ਵਿਚ ਚਮਕੌਰ ਸਾਹਿਬ ਦੇ ਇਲਾਕੇ ਵਿਚ ਹਰੀਜਨਾਂ ਨੂੰ ਪੁਲਿਸ ਘਰਾਂ ਵਿਚੋਂ ਬੁਲਵਾ ਕੇ ਮਾਰ ਰਹੀ ਹੈ ਅਤੇ ਇਸ ਦੇ ਬਾਰੇ ਵਿਚ ਹਾਹਾਕਾਰ ਮਚੀ ਹੋਈ ਹੈ ਪਰ ਅਜ ਤਕ ਕੋਈ ਇਨਕੁਆਇਰੀ ਨਹੀਂ ਕਰਾਈ ਗਈ ਅਤੇ ਪੁਛ ਪ੍ਰਤੀਤ ਨਹੀਂ ਕੀਤੀ ਗਈ। (ਵਿਘਨ)

(ਕੋਈ ਉੱਤਰ ਨਾ ਦਿੱਤਾ ਗਿਆ) ।

Original with;
Punjab Vidhan Sabha
Digitized by;
Panjab Digital Library

SETTING UP ANTI CORRUPTION TRIBUNAL IN THE STATE

***2014. Chaudhri Balbir Singh** : Will the Chief Minister be pleased to state whether the Government propose to set up an anti-corruption Tribunal shortly in the State ; if so, the steps being taken in this regard ?

Sardar Parkash Singh Badal : Yes Sir, The matter is under consideration.

[ਜੀ ਹਾਂ : ਇਹ ਮਾਮਲਾ ਵਿਚਾਰ ਅਧੀਨ ਹੈ।]

ਕਾਮਰੇਡ ਸੱਤ ਪਾਲ ਡਾਂਗ : ਕੀ ਚੀਫ਼ ਮਨਿਸਟਰ ਸਾਹਿਬ ਦੱਸਣਗੇ ਕਿ ਜਦ ਇਨ੍ਹਾਂ ਨੇ ਸਹੁੰ ਚੁੱਕੀ ਸੀ ਤਾਂ ਉਸ ਦੇ ਫੌਰਨ ਬਾਅਦ ਇਹ ਕੈਟੇਗਾਰੀਕਲੀ ਅਤੇ ਡੈਫਿਨੇਟਲੀ ਇਹ ਡੈਕਲੈਰੇਸ਼ਨ ਦਿੱਤੀ ਸੀ ਕਿ ਕੁਰੱਪਸ਼ਨ ਨੂੰ ਦੂਰ ਕਰਨ ਲਈ ਇਕ ਇੰਡੀਪੈਂਡੈਂਟ ਟ੍ਰਿਬਿਊਨਲ ਕਾਇਮ ਕੀਤਾ ਜਾਵੇਗਾ ? ਇਸ ਗੱਲ ਨੂੰ ਸ਼ੁਰੂ ਕਰਕੇ ਫਿਰ ਇਸ ਪਾਸੇ ਧਿਆਨ ਨਹੀਂ ਦਿੱਤਾ ਗਿਆ ਕਿਉਂਕਿ ਸੰਤਾਂ ਨੇ ਇਹ ਕਿਹਾ ਕਿ ਇਸ ਨਾਲ ਤਾਂ ਆਪਣੇ ਕਈ ਬੰਦੇ ਵਿਚ ਆ ਜਾਣਗੇ ?

ਮੁੱਖ ਮੰਤਰੀ : ਨਹੀਂ ਜੀ, ਇਹ ਗੱਲ ਨਹੀਂ। ਇਸ ਦੇ ਬਾਰੇ ਵਿਚ ਇਨਸਟ੍ਰਕਸ਼ਨਾਂ ਦਿੱਤੀਆਂ ਸਨ ਪਰ ਇਸ ਗੱਲ ਨੂੰ ਫਿਨਾਂਸ਼ਲੀ, ਲੀਗਲੀ, ਕਨਸਟੀਚਿਊਸ਼ਨਲੀ ਅਤੇ ਐਡਮਨਿਸਟ੍ਰੇਟਿਵ ਐਂਗਲਜ਼ ਤੋਂ ਦੇਖਣਾ ਸੀ ਅਤੇ ਦੇਖ ਕੇ ਐਕਟ ਬਣਾਇਆ ਜਾਣਾ ਹੈ ; ਇਸ ਲਈ ਇਨ੍ਹਾਂ ਸਾਰੇ ਪੱਖਾਂ ਤੋਂ ਇਸ ਨੂੰ ਵੇਖਿਆ ਜਾ ਰਿਹਾ ਹੈ ।

(ਇਸ ਸਮੇਂ ਚੌਧਰੀ ਬਲਬੀਰ ਸਿੰਘ, ਸਰਦਾਰ ਕਿਰਪਾਲ ਸਿੰਘ ਅਤੇ ਕੁਝ ਹੋਰ ਮੈਂਬਰ ਸਪਲੀਮੈਂਟਰੀ ਸਵਾਲ ਪੁੱਛਣ ਲਈ ਖੜੇ ਹੋਏ । ਸ੍ਰੀ ਸਪੀਕਰ ਨੇ ਸਰਦਾਰ ਕਿਰਪਾਲ ਸਿੰਘ ਨੂੰ ਕਾਲ ਅਪਾਨ ਕੀਤਾ ।) (ਵਿਘਨ)

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿਸ ਅਨਰੇਬਲ ਮੈਂਬਰ ਨੇ ਸਵਾਲ ਪੁਟ ਕੀਤਾ ਹੋਵੇ ਉਸ ਨੂੰ ਸਾਰਿਆਂ ਤੋਂ ਪਹਿਲਾਂ ਸਪਲੀਮੈਂਟਰੀ ਪੁੱਛਣ ਲਈ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਉਸ ਦਾ ਪਹਿਲਾ ਹਕ ਬਣਦਾ ਹੈ। ਚੌਧਰੀ ਬਲਬੀਰ ਸਿੰਘ ਇਸ ਸਵਾਲ ਤੇ ਸਪਲੀਮੈਂਟਰੀ ਕਰਨ ਲਈ ਦੋ ਵੇਰ ਉਠੇ ਹਨ ਪਰ ਉਨ੍ਹਾਂ ਨੂੰ ਕਾਲ ਅਪਾਨ ਨਹੀਂ ਕੀਤਾ ਗਿਆ । (ਵਿਘਨ)

Mr. Speaker : I am sorry, the hon. Member could not catch my eye.

ਸਰਦਾਰ ਕਿਰਪਾਲ ਸਿੰਘ : ਕੀ ਚੀਫ਼ ਮਨਿਸਟਰ ਸਾਹਿਬ ਦੱਸਣਗੇ ਕਿ ਇਸ ਤਰ੍ਹਾਂ ਦੇ ਕਮਿਸ਼ਨ ਦੇ ਸੈਟ ਅਪ ਕਰਨ ਦੀ ਅਸ਼ਦ ਜ਼ਰੂਰਤ ਦੇ ਪੇਸ਼ੇ-ਨਜ਼ਰ ਕੋਈ ਟਾਇਮ ਮੁਕਰਰ ਕਰਨ ਨੂੰ ਇਹ ਤਿਆਰ ਹਨ ਕਿ ਇਹ ਐਕਟ ਬਣ ਜਾਵੇਗਾ ਜਾਂ ਆਰਡੀਨੈਂਸ ਦੀ ਸ਼ਕਲ ਵਿਚ ਇਸ ਤਾਰੀਖ਼ ਤਕ ਆ ਜਾਵੇਗਾ ਤਾਕ ਪੰਜਾਬ ਦੇ ਲੋਕਾਂ ਨੂੰ ਪਤਾ ਲਗ ਸਕੇ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਇਹ ਸਾਰਾ ਖਰੜਾ ਤਿਆਰ ਕਰਾ ਕੇ ਕੈਬਨਿਟ ਵਿਚ ਲਿਆਵਾਂਗੇ ਅਤੇ ਉਸ ਤੋਂ ਬਾਅਦ ਤੁਹਾਡੇ ਸਾਹਮਣੇ ਇਥੇ ਪੇਸ਼ ਕਰ ਦਿੱਤਾ ਜਾਵੇਗਾ।

ਸਰਦਾਰ ਕਿਰਪਾਲ ਸਿੰਘ : ਮੈਂ ਤਾਂ ਟਾਈਮ ਪੁਛਿਆ ਸੀ ਕਿ ਕਿੰਨੇ ਚਿਰ ਵਿਚ ਇਸ ਤਰ੍ਹਾਂ ਕਰ ਦਿੱਤਾ ਜਾਵੇਗਾ ?

ਮੁੱਖ ਮੰਤਰੀ : ਛੇਤੀ ਤੋਂ ਛੇਤੀ ਹੀ ਇਹ ਖਰੜਾ ਤਿਆਰ ਕਰ ਲਿਆ ਜਾਵੇਗਾ।

चौधरी बलबीर सिंह : क्या यह खरड़ा 15 अगस्त से पहले पहले तैयार हो कर कानून बन जाएगा या कागजात मुकम्मल कर के आर्डिनैंस जारी कर दिया जाएगा ?

ਮੁੱਖ ਮੰਤਰੀ : 15 ਅਗਸਤ ਤਾਂ ਬਹੁਤ ਨੇੜੇ ਹੈ। ਜਲਦੀ ਹੀ ਤਿਆਰ ਕਰ ਲਵਾਂਗੇ।

चौधरी बलबीर सिंह : क्या चीफ मिनिस्टर साहिब बतायेंगे कि जलदी से जलदी और नेड़े में क्या फर्क है ? (हंसी)

(ਕੋਈ ਜੁਆਬ ਨਹੀਂ ਆਇਆ।)

ਕਾਮਰੇਡ ਸੱਤ ਪਾਲ ਡਾਂਗ : ਪਹਿਲਾਂ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਵਿਚਾਰ ਅਧੀਨ ਹੈ ਹੁਣ ਇਹ ਕਿਹਾ ਹੈ ਕਿ ਖਰੜਾ ਤਿਆਰ ਕੀਤਾ ਜਾ ਰਿਹਾ ਹੈ। ਕੀ ਉਹ ਕੈਟੇਗਾਰੀਕਲੀ ਹਾਊਸ ਨੂੰ ਇਹ ਅਸ਼ੋਯਰ ਕਰਾਉਣ ਨੂੰ ਤਿਆਰ ਹਨ ਕਿ ਇਕ ਜੁਡੀਸ਼ਲ ਇੰਡੀਪੈਂਡੈਂਟ ਐਂਟੀ-ਕੁਰੱਪਸ਼ਨ ਟ੍ਰਿਬਿਊਨਲ ਕਾਇਮ ਕਰ ਦਿੱਤਾ ਜਾਵੇਗਾ, ਜਿਸ ਵਿਚ ਐਮ. ਐਲ. ਏਜ਼ ਸਿਟੀਜ਼ਨ ਸਿੱਧੇ ਤੌਰ ਤੇ ਕਿਸੇ ਐਮ. ਐਲ. ਏ. ਜਾਂ ਵਜ਼ੀਰ ਜਾਂ ਐਕਸ-ਐਮ. ਐਲ. ਏ. ਦੇ ਖ਼ਿਲਾਫ਼ ਕੁਰੱਪਸ਼ਨ ਦੇ ਕੇਸਿਜ਼ ਡਾਇਰੈਕਟਲੀ ਲਿਜਾ ਸਕਣ ?

ਮੁੱਖ ਮੰਤਰੀ : ਮੈਂ ਇਸ ਸਮੇਂ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ ਪਰ ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਛੇਤੀ ਤੋਂ ਛੇਤੀ ਇਸ ਨੂੰ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਇਸ ਤਰ੍ਹਾਂ ਦੀ ਆਰਗੇਨਾਈਜ਼ੇਸ਼ਨ ਬਣਾ ਦਿੱਤੀ ਜਾਵੇ।

ਕਾਮਰੇਡ ਸੱਤ ਪਾਲ ਡਾਂਗ : ਮੈਂ ਇਹੀ ਤਾਂ ਪੁੱਛਿਆ ਹੈ ਕਿ ਉਹ ਆਰਗੇਨਾਈਜ਼ੇਸ਼ਨ ਕਿਹੋ ਜਿਹੀ ਬਣਾਉਣਾ ਚਾਹੁੰਦੇ ਹਨ ਅਤੇ ਕਿਸ ਤਰ੍ਹਾਂ ਦਾ ਖਰੜਾ ਤਿਆਰ ਕੀਤਾ ਜਾ ਰਿਹਾ ਹੈ ? (ਵਿਘਨ)

(ਕੋਈ ਜੁਆਬ ਨਹੀਂ ਆਇਆ।)

ਸ਼ਾਬੀ ਰੂਪ ਲਾਲ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਚੀਫ਼ ਮਨਿਸਟਰ ਸਾਹਿਬ ਕੋਈ ਕਿਸੇ ਤਰ੍ਹਾਂ ਦਾ ਖਰੜਾ ਤਿਆਰ ਨਹੀਂ ਕਰ ਰਹੇ ਅਤੇ ਝੂਠ ਬੋਲਦੇ ਹਨ ; ਕਿਉਂਕਿ ਇਨ੍ਹਾਂ ਨੇ ਜਾਣ ਬੁਝ ਕੇ ਦੇਰ ਕੀਤੀ ਹੈ ਤਾਕਿ ਵਜ਼ੀਰ ਸਾਹਿਬਾਨ ਨੂੰ ਰੁਪਿਆ ਕਮਾਉਣ ਲਈ ਅਰਸਾ ਦਿੱਤਾ ਜਾ ਸਕੇ ?

(ਕੋਈ ਜੁਆਬ ਨਹੀਂ ਆਇਆ।)

Original with;
Punjab Vidhan Sabha
Digitized by;
Panjab Digital Library

QUOTA OF WOOLLEN YARN FOR HOSIERY MANUFACTURERS OF LUDHIANA

***1943. Shri Sardari Lal Kapur :** Will the Chief Minister be pleased to state :

(a) whether it is a fact that the quota of woollen yarn for the Hosiery Manufacturers of Ludhiana has recently been stopped ; if so, the reasons therefor ;

(b) the name of Industrial Concerns in Ludhiana whose quota of woollen yarn was restored alongwith the names of the concerns, whose quota has not, so far, been restored ;

(c) the reasons for not restoring the quota of wollen yarn of the concerns mentioned in part (b) above ;

(d) whether the Government propose to hold an enquiry into this matter which has adversely effected many Hosiery Manufacturers in Ludhiana ?

ਸਰਦਾਰ ਤੇਜਾ ਸਿੰਘ (ਰਾਜ ਮੰਤਰੀ, ਉਦਯੋਗ ਅਤੇ ਸਿਹਤ) :

[ੳ) ਜੁਲਾਈ, 1969 ਦੀ ਚੈਕਿੰਗ ਦੇ ਅਧਾਰ ਤੇ 167 ਹੌਜ਼ਰੀਆਂ ਦਾ ਧਾਗੇ ਦਾ ਕੋਟਾ ਸਸਪੈਂਡ ਕੀਤਾ ਗਿਆ ਸੀ ।

ਅ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ੲ) ਪਾਰਟੀਆਂ ਅਸਲ ਨਿਰਮਾਣ-ਕਾਰ ਨਹੀਂ ਸਾਬਤ ਹੋਈਆਂ ਸਨ ।

ਸ) ਜੀ ਹਾਂ ।]

[(a) the quota of yarn in the case of 167 units was suspended as a result of checking in July, 1969.

b) Information is laid on the Table of the House.

c) These parties were not proved to be genuine manufacturers.

d) yes.]

LIST OF UNITS WHOSE QUOTAS WERE RESTORED

Sr. No.	Name of Unit
1.	M/s. Raj Tilak Hosiery, Chaura Bazar, Ludhiana.
2.	„ Nav Kiran Hosiery-cum-Production-cum-Sales, Industrial Society, B-IV 1967, Chaura Bazar. Ludhiana.
3.	„ Ambika Hosiery Mills, Chawal Bazar, Ludhiana.

Original with;
Punjab Vidhan Sabha
Digitized by;
Panjab Digital Library

4. M/s Jain Manani Hosiery Purana Bazar, Ludhiana.
5, ,, Western Knitting Works, Purana Bazar, Ludhiana.
6. ,, M. R. Knitting works, Purana Bazar, Ludhiana.
7. ,, Des Vijay Hosiery Factory, Wait Ganj, Ludhiana.
8. ,, Shanti Parkash Hosiery Wait Ganj, Ludhiana.
9. ,, Kapur Knitting Works, Rai Bahadur Road, Ludhiana.
10. ,, Jaggi Hosiery Factory, Kaushal Bldg., Ludhiana.
11. ,, D. R. Sachdeva Hosiery, 309, Rai Bahadur Road, Ludhiana.
12. ,, Ved Hosiery, Bazar Sarafan, Ladhiana.
13. ,, Om Parkash Bawa Hosiery, Achru Market, Ludhiana.
14. ., Ved Parkash Surrinder Kumar, Achru Market, Ludhiana.
15. ,, Suneta Hosiery, Bazar Sarafan, Ludhiana.
16. ., Hilly Hosiery, Kucha No. 2, Madhopuri Ludbiana.
17. ,, Trulex Hosiery Factory, Kucha No. 2 Madhopuri, Ludhiana.
18. ,, Surinder Jain Hosiery Factory, No. 4. Madhopuri, Ludhiana.
19. ,, L. B. Soni Hosiery Factory No. 4, Madhopuri, Ludhiana.
20. ,, Shanta Hosiery Factory, No. 4, Madhopuri, Ludhiana.
21. ,, S. S. Arora and Co. Chowk Madhopuri, Ludhiana.
22. ,, L. C. Dharshan Hosiery, Wait Ganj, Ludhiana.
23. ,, Devta Hosiery Purana Bazar Ladhiana.
24. ,, Paras Knitting Works, Dal Bazar, Ludhiana.
25. ,, Romesh Hosiery Works, Madhopuri, Ludhiana.
26. ,, P. C. Saini Brothers, Madhopuri-2, Ludhiana.
27. ,, Kamat Hosiery Mills, Kucha No. 1, Madhopuri, Lndhiana.
28. ., M. M. Hosiery, Ganji Chapri, Ludhiana.
29. ,, Joo Knitting Works, Ganji Chapri Ludhiana.
30. ,, Ashok Brothers, 1280 Tilak Nagar, Ludhiana.
31. ,, Vijay Ashok Hosiery, 1388, Ganj Chapri Ludhiana
32. ,, Irawali Knittings, Tilak Nagar, Ludhiana.
33. ,, Khalsa Himat Hosiery, Ganji Chapri, Ludhiana.
34. ,. D. C. Kapur Hosiery, 801, Ganji, Ludhiana.
35. ,, Nanda Hosiery, Tilak, Wait Ganj. Ludhiana.
36. ,, New Delite Hosiery, Wait Ganj, Ludhiana.
37. ,, Surjeet Knitting Works, Mohalla Sonian, Ludhiana.
38. ,, A. C. Knitting, Mohalla Vakilan,. Ludhiana.
39. ,, Lal Chimni Hosiery, Purana Bazar, Ludhiana.
40. ,, Faqir Singh Amar Nath, Sahi Dawakhana, Purana Bazar, Ludhiana.
41. ,, Wadehra Hosiery, Purana Bazar, Ludhiana.
42. ,, Rangrh Hosiery, Dal Bazar, Ludhiana.
43, ,, Sekri Hosiery, Factory Kachni, Gali Ludhiana,
44. ,, Essko Hosiery Factory, Civil Lines, Ludhiana.
45. ,, Great India Works, B—IV/886, Lal Masjid, Wait Ganj, Ludhiana.
46. ,, K. D. Oswal Hosiery Wait Ganj, Ludhiana.
47. ,, Mongera Knitting Works, Wait Ganj, Ludhiana.

Original with;
Punjab Vidhan Sabha
Digitized by;
Panjab Digital Library

48. M/s Kimiti Oswal Hosiery Factory, Gate Tarkhana, Wait Ganj, Ludhiana.
49. ,, Ram Avtar Aggarwal, Mohalla Vakillan, Ganj, Ludhiana.
50. ,, Sir Yansi Hosiery Factory, Kucha No. 1, Madhopuri, Ludhiana.
51. ,, Jhansi Hosiery Factory, Kucha No. 1, Madhopuri, Ludhiana.
52. ,, K. R. Hosiery Factory, Kucha No. 1, Madhopuri, Ludhiana.
53. ,, Parley Hosiery Factory, Madhopuri, Ludhiana.
54. ,, Rudra Hosiery Factory, Kucha No. 1, Madhopuri, Ludhiana.
55. ,, Faqir Chand Nathu Ram, Kucha No. 1, Madhopuri, Ludhiana.
56. ,, Rai Hosiery Kucha No. 1, Madhopuri, Ludhiana.
57. ,, D. K. Jain Hosiery, Madhopuri, Kucha No. 2, Ludhiana.
58. ,, Sudesh Hosiery Works, Madhopuri, Kucha No. 2, Ludhiana.
59. ,, J. P. Oswal Hosiery Kucha No. 2, Madhopuri, Ludhiana.
60. ,, Parmod Hosiery Factory, Kucha No. 2, Madhopuri, Ludhiana.
61. ,, Fintex Hosiery Factory, Madhopuri, Kucha No. 5, Ludhiana.
62. ,, R. S. Sharma Hosiery, Madhopuri, Kucha No, 5, Ludhiana.
63. ,, R. M. Hosiery Works, Kucha No. 3, Madhopuri, Ludhiana.
64. ,, Paul Jit Hosiery, Madhopuri, Ludhiana.
65. ,, Gargesh Hosiery, Madhopuri, Ludhiana.
66. ,, Tindri Hosiery, Madhopuri, Ludhiana.
67. ,, R.D. Dhawan, Hosiery, Madhopuri, Ludhiana.
68. ,, Traders International, Madhopuri. Ludhiana.
69. ,, Balmukand Hosiery, Works, Kucha No. 4, Madhopuri, Ludhiana.
70. ,, Girnar Hosiery and Textile Mills, R. B. Road. Ludhiana.
71. ,, Rashtriya Knitting Works, Rai Bahadur Road, Ludhiana.
72. ,, Chuni Lal Megh Raj, Chauri Sarak, Ludhiana.
73. ,, B.D. Kochhar and Sons, Chauri Sarak, Ludhiana.
74. ,, Hardesh Hosiery Mills, Chauri Sarak, Ludhiana.
75. ,, S.K. Ashok Hosiery, Rai Bahadur Road, Ludhiana.
76. ,, Kamal Handloom Hosiery, R.B. Road, Ludhiana.
77. ,, Romesh Weaving Factory, Chowk Misran, Ludhiana.
78. ,, Aruna Knitting Works, Bazar Sarafan, Ludhiana.
79. ,, Variety Hosiery Mills, Mohalla Mahian, Ludhiana.
80. ,, Sewak Hosiery Works, Hindi Bazar, Ludhiana.
81. ,, K. Loyal Hosiery Works, Ganji Chapri, Ludhiana.
82. ,, R.L. Madan, Tilak Nagar, Ludhiana.
83. ,, R.N. Kapur, Tilak Nagar, Ludhiana.
84. ,, R. M. Chabia, Tilak Nagar, Ludhiana.
85. ,, Capstan Hosiery, Tilak Nagar, Ludhiana.
86. ,, A.K. Malhotra Hosiery Works, B-IV-1-144, Tilak Nagar, Ludhiana.
87. ,, B.S. Tandan, 1310, Ganji Chapril, Ludhiana.
88. ,, B.K. Sehgal Hosiery, Wait Ganj, Ludhiana.
89. ,, Madan Lal Yash Paul, H. No. 398. Samrala Road, Ludhiana.
90. ,, Maini Hosiery Works, Sarafan Bazar, Ludhiana.
91. ,, Kainth Hosiery Factory, Azad Nagar. Industrial Area-A, Ludhiana.
92. ,, K.C. Knitting Works, Achhru Market, Ludhiana.
93. ,, Raj Kamal Hosiery, Achhru Market, Ludhlana.
94. ,, Delight Hosiery PCS Co-op. Indl. Society, Dal Bazar, Ludhiana.
95. ,, New Capital Hosiery Factory, Chowk Misran, Ludhiana.

Original with;
Punjab Vidhan Sabha
Digitized by;
Panjab Digital Library

[Minister of State for Industries and Health.]

96. M/s New Shan Hosiery Factory, Chowk Misran, Ludhiana.
97. ,, Chawal Hosiery, Kucha No. 4, Madhopuri, Ludhiana.
98. ,, Jeewan Hosiery, Factory Kucha No. 4, Madhopuri, Ludhiana.
99. ,, T.R. Gautam Hosiery Works, Kucha No. 4, Madhopuri, Ludhiana.
100. ,, Jain Udhey Hosiery Factory, Rai Bahadur Road, Ludhiana.
101. ,, Jawahar Knitting Works, R.B. Road, Ludhiana.
102. ,, Babu Lal Baldev Raj, Wait Ganj, Ludhiana.
103. ,, Charan Dass Jain B-III/232, Purana Bazar, Ludhiana.
104. ,, Gian Chand Mohinder Kumar, Tilak Nagar, Ludhiana.
105. ,, B. M. Oswal, Chawal Bazar, Ludhiana.
106. ,, Vidya Knitting Works, 1094, Mehmoodpura, Ludhiana.
107. ,, Taranga Jain, Hosiery, Chawal Bazar, Ludhiana.
108. ,, Sama Hosiery Mills, Mohalla Sudan, Ludhiana.
109. ,, Azad Vir Jain Hosiery, Purana Bazar, Ludhiana.
110. ,, Forwarded Hosiery Mills, Katra Naurian, Ludhiana.
111. ,, Glove Hosiery Co-op. Indl. Society Ltd., Purana Bazar, Ludhiana.
112. ,, Fine Hosiery Factory, Purana Bazar, Ludhiana.
113. ,, Phool Chand and Co., Thaper Building, Bazar Karadian, Ludhiana.
114. ,, English Hosiery Mills, Mohalla Bandian, Ludhiana.
115. ,, Nursery Hosiery Factory, Kucha No. 2. Madhopuri, Ludhiana.
116. ,, Sudesh Knitting Works, Madhopuri, Kucha No. 5, Ludhiana.
117. ,, Shakti Hosiery, Mohalla Bandian, Ludhiana.
118. ,, Amar Kant Hosiery, Chaura Bazar, Ludhiana.
119. ,, Rainbow Hosiery, Tilak Nagar, Ludhiana.
120. ,, Kanwar Deep Hosiery, Bazar Sarafan, Ludhiana.
121. ,, R. N. Chopra and Sons. Purana Bazar, Ludhiana.
122. ,, Chadha Hosiery Factory, Chaura Bazar, Ludhiana.
123. ,, Popular Hosiery Works, Madhopuri, Ludhiana.
124. ,, Dhanpat Rai Walaiti Ram, Dal Bazar, Ludhiana.
125. ,, Dewan Chand and Co., Civil Lines, Ludhiana.
126. ,, Shard Hosiery Factory, Brahmpuri, Ludhiana.
127. ,, Thakur Chand Wazir Chand, Tilak Nagar, Ludhiana.
128. ,, S. P. Khosla Knitting Works, Kucha No. 2, Madhopuri, Ludhiana.
129. ,, Jain Sushil Hosiery, Purana Bazar, Ludhiana.
130. ,, P. K. Oswal Hosiery, G. T. Road, Miller Ganj, Ludhiana.
131. ,, Chanob Hosiery, G. T. Road, Salem, Tabri, Ludhiana.
132. ,, Kulvindra Hosiery, Factory, Dressi Road, Ludhiana.
133. ,, Swadesh Karyala, Dressi Road, Ludhiana.
134. ,, Paradise Hosiery, Ludhiana.
135. ,, K. K. Dhanda and Co. Civil Lines, Ludhiana.
136. ,, K. K. K. Mills, Ludhiana.
137. ,, J. R. Hosiery, Factory, Madhopuri, Ludhiana.

LIST OF UNITS WHOSE QUOTA HAS BEEN CANCELLED

Sr.No.	**Name of the Unit**
1.	M/s. Parkash Hosiery, Bazar Sarafan, Ludhiana.
2.	,, Chandi Ram Jagdish Lal, Ghee Mandi, Ludhiana.

Original with;
Punjab Vidhan Sabha
Digitized by;
Panjab Digital Library

3. M/s. Bansariwala Hosiery, Hindi Bazar, Ludhiana.
4. ,, Mohinder Paul and Co., Wait Ganj, Ludhiana.
5. ,, Girnar Hosiery Works, Wait Ganj Ludhiana.
6. ,, Sandhi Hosiery, Purana Bazar, Ludhiana.
7. ,, Mahi Lal Hosiery, Madhopuri, Ludhiana.
8. ,, D. C. Jain Hosiery, R. B. Road, Ludhiana.
9. ,, Navin Mittal Hosiery, Madhopuri, No. 2. Ludhiana.
10. ,, Maharathi Knitters, Hindi Bazar, Ludhiana.
11. ,, S. R. Jain Hosiery, Purana Bazar, Ludhiana.
12. ,, Dogra Hosiery Works, Purana Bazar, Ludhiana.
13. ,, Sudarshan Hosiery, Bazar Sarafan, Ludhiana.
14. ,, Param Hans Knitting Works, Katra Naurian, Ludhiana.
15. ,, J. R. Jain Hosiery Factory, H. No. B/4/ 1594. Brahampuri, Ludhiana.

LIST OF CASES UNDER CONSIDERATION

Sr. No.	Name of the Unit
1.	M/s. Paddy Hosiery Mills, Mohalla Sudan, Ludhiana.
2.	,, S. N. Knitting Works. Mohalla Vakilan, Ludhiana.
3.	,, Universal Knitting Works, Purana Bazar, Ludhiana.
4.	,, Gian Chand Malhotra and Co., Katra Naurian, Ludhiana.
5.	,, Prabhat Hosiery Factory Chhota Dal Bazar, Ludhiana.
6.	,, Narinder Hosiery Tilak Hosiery, Ludhiana.
7.	,, Adison Hosiery Works, R.B. Road, Ludhiana.
8.	,, Chopra Brothers, Neemwala Chowk, Ludhiana.
9.	,, Vithal Knitwears, Hindi Bazar, Ludhiana.
10.	,, Jagmohan Hosiery Factory Brahmpuri, Ludhiana.
11.	,, Angora Hosiery Mills, Dal Bazar, Ludhiana.
12.	,, Jagmanni Hosiery, Sewing House, Madhopuri, Ludhiana.
13.	,, New Fashion Hosiery, Madhopuri, Ludhiana.
14.	,, Vir Hosiery Factory 276, Indl. Area-B, Ludhiana.
15.	,, Bhasin and Co., Mullan Shehur Road, Ludhiana.

ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਨ੍ਹਾਂ ਲੋਕਾਂ ਦੇ ਕੋਟੇ ਸਟਾਪ ਕੀਤੇ ਗਏ ਸਨ ਉਨ੍ਹਾਂ ਨੂੰ ਉਨ੍ਹਾਂ ਹੀ ਅਫਸਰਾਂ ਪਾਸੋਂ ਬਹਾਲ ਕਰਵਾਇਆ ਗਿਆ ਹੈ ? ਇਸ ਤੋਂ ਇਹ ਸਾਫ ਦਿਸਣ ਲਗ ਪੈਂਦਾ ਹੈ ਕਿ ਪੈਸੇ ਲੈ ਦੇ ਕੇ ਇਸ ਤਰ੍ਹਾਂ ਕੀਤਾ ਗਿਆ ਹੈ, ਨਹੀਂ ਤਾਂ ਇਹ ਗੱਲ ਕੋਟੇ ਸਟਾਪ ਕਰਨ ਤੋਂ ਪਹਿਲਾਂ ਹੀ ਜਾਂਚ ਲੈਣੀ ਚਾਹੀਦੀ ਸੀ।

ਰਾਜ ਮੰਤਰੀ : ਇਸੇ ਗੱਲ ਦੀ ਹੀ ਤਾਂ ਇਨਕੁਆਇਰੀ ਕੀਤੀ ਜਾ ਰਹੀ ਹੈ।

ਡਾਕਟਰ ਸਾਧੂ ਰਾਮ : ਕੀ ਵਜ਼ੀਰ ਸਾਹਿਬ ਨੇ ਆਪ ਜਾ ਕੇ ਮੌਕਾ ਵੇਖਿਆ ਅਤੇ ਇਨ੍ਹਾਂ ਨੂੰ ਆਪ ਅਫਸਰਾਂ ਦੀ ਅਣਗਹਿਲੀ ਦਾ ਪਤਾ ਲਗਿਆ ? ਜੇ ਪਤਾ ਲਗਿਆ ਤਾਂ ਇਨ੍ਹਾਂ ਨੇ ਕੀ ਐਕਸ਼ਨ ਲਿਆ ਸੀ ; ਹੁਣ ਕਹਿੰਦੇ ਹਨ ਕਿ ਇਨਕੁਆਇਰੀ ਕੀਤੀ ਜਾ ਰਹੀ ਹੈ।

ਰਾਜ ਮੰਤਰੀ : ਇਸ ਗਲ ਦੀ ਪੜਤਾਲ ਕੀਤੀ ਜਾ ਰਹੀ ਹੈ।

चौधरी बलबीर सिंह : क्या मंत्री महोदय बताएंगे कि जिन अफसरों के खिलाफ कुरप्शन के इलज़ामात थे, उन अफसरों को लुध्याना में प्रोमोट किया गया है ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਕੋਈ ਸਪੈਸੇਫਿਕ ਨਾਂ ਦੱਸ ਦਿਉ ।

ਸਰਦਾਰ ਕਿਰਪਾਲ ਸਿੰਘ : ਜਿਨ੍ਹਾਂ ਦੇ ਕੋਟੇ ਬਾਅਦ ਦੇ ਵਿਚ ਰੈਸਟੋਰ ਹੋਏ ਹਨ ਕੀ ਉਹ ਵਜ਼ਾਰਤੀ ਸਤਾਹ ਤੋਂ ਹੀ ਹੁਕਮ ਜਾਰੀ ਹੋਣ ਕਰਕੇ ਹੋਏ ਹਨ ਜਾਂ ਕਿਸੇ ਕੇਸ ਦੀ ਇਨਕੁਆਇਰੀ ਦੇ ਬੇਸਿਜ਼ ਤੇ ਰੀਲੀਜ਼ ਹੋਏ ਹਨ ?

ਰਾਜ ਮੰਤਰੀ : ਇਹ ਕੋਟੇ ਵਜ਼ੀਰ ਸਾਹਿਬ ਦੇ ਹੁਕਮ ਨਾਲ ਹੀ ਬੰਦ ਹੋਏ ਸਨ ਅਤੇ ਇਹ ਬਹਾਲ ਵੀ ਉਨ੍ਹਾਂ ਵਜ਼ੀਰ ਸਾਹਿਬ ਨੇ ਹੀ ਕੀਤੇ ਹਨ ।

ਕੈਪਟਨ ਰਤਨ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਿਹੜੀ ਇਨਕੁਆਇਰੀ ਹੋਈ ਹੈ ਉਹ ਕਿਸ ਸਤਾਹ ਤੇ ਹੋਈ ਹੈ । ਇਹ ਦੇ ਨਾਲ ਇਹ ਵੀ ਦਸਿਆ ਜਾਵੇ ਕਿ ਇਨਕੁਆਇਰੀ ਕਰਨ ਵਾਲੇ ਕੌਣ ਕੌਣ ਅਫ਼ਸਰ ਸੀ ਅਤੇ ਇਸ ਕਮੇਟੀ ਦੀਆਂ ਕੀ ਟਰਮਜ਼ ਆਫ ਰੈਫਰੈਂਸ ਸਨ ?

ਰਾਜ ਮੰਤਰੀ : ਜਦੋਂ ਇਹ ਮੁਆਮਲਾ ਮੇਰੀ ਕਨਸਲਟੇਸ਼ਨ ਵਾਸਤੇ ਆਇਆ ਤਾਂ ਮੈਂ ਇਸ ਦੀ ਇਨਕੁਆਇਰੀ ਸੈਕਰੀਟੇਰੀਏਟ ਲੈਵਲ ਤੇ ਕਰਾਉਣ ਲਈ ਕਿਹਾ ਸੀ ।

चौधरी बलबीर सिंह : जिन अफसरों के विरुद्ध इन्क्वायरी हो रही है क्या उन में वह वज़ीर साहिब भी शामिल हैं जिन्हों ने कोटा रीलीज़ करने का आर्डर दिया ?

ਰਾਜ ਮੰਤਰੀ : ਵਜ਼ੀਰ ਸਾਹਿਬ ਨੇ ਇਨ੍ਹਾਂ ਅਫ਼ਸਰਾਂ ਦੇ ਖਿਲਾਫ਼ ਰਿਪੋਰਟ ਆਉਣ ਤੇ ਇਨ੍ਹਾਂ ਦੀ ਇਨਕੁਆਇਰੀ ਸ਼ੁਰੂ ਕੀਤੀ ਹੈ ।

ਕਾਮਰੇਡ ਸੱਤਪਾਲ ਡਾਂਗ : ਪਹਿਲਾਂ ਤਾਂ ਕੋਟੇ ਕੈਂਸਲ ਕੀਤੇ ਗਏ ਅਤੇ ਫਿਰ ਰੀਲੀਜ਼ ਹੋਏ । ਹਜ਼ਾਰਾਂ ਹੀ ਕੋਟੇ ਰੈਸਟੋਰ ਹੋਏ ਜਿਹੜੇ ਪਹਿਲਾਂ ਕੈਂਸਲ ਕੀਤੇ ਗਏ ਸੀ । ਇਸ ਮੁਆਮਲੇ ਵਿੱਚ ਕਾਫ਼ੀ ਹੇਰਾ-ਫੇਰੀ ਹੋਈ ਹੈ, ਪੈਸੇ ਖਾਧੇ ਗਏ ਅਤੇ ਕੋਟੇ ਰੈਸਟੋਰ ਹੋਏ ਹਨ । ਇਸ ਵਿਚ ਗਵਰਨਮੈਂਟ ਹੁਣ ਕੀ ਕਰ ਰਹੀ ਹੈ ?

ਰਾਜ ਮੰਤਰੀ : ਸਰਕਾਰ ਵੱਲੋਂ ਕੁਲ 480 ਕੋਟਾ ਹੋਲਡਰਜ਼ ਚੈਕ ਕੀਤੇ ਗਏ ਸਨ । ਇਨ੍ਹਾਂ ਵਿਚੋਂ 167 ਕੇਸਿਜ਼ ਸਾਰੇ ਫੜੇ ਗਏ ਜਿਨ੍ਹਾਂ ਵਿਚੋਂ 130 ਦੀ ਇਨਕੁਆਇਰੀ ਹੋਣ ਉਪਰੰਤ ਕੋਟਾ ਰੀਲੀਜ਼ ਕੀਤਾ ਗਿਆ । 15 ਕੇਸਿਜ਼ ਅਜੇ ਵੀ ਪੈਂਡਿੰਗ ਹਨ । 15 ਦੇ ਕੇਸਿਜ਼ ਰੀਜੈਕਟ ਹੋ ਚੁਕੇ ਹਨ ਕਿਉਂ ਜੋ ਇਹ ਪਰਾਪਰ ਢੰਗ ਨਾਲ ਕੰਮ ਨਹੀਂ ਸਨ ਕਰਦੇ ।

ਕੈਪਟਨ ਰਤਨ ਸਿੰਘ : ਮਨਿਸਟਰ ਸਾਹਿਬ ਨੇ ਆਪਣੇ ਜਵਾਬ ਵਿਚ ਫਰਮਾਇਆ ਸੀ ਕਿ ਅਸੀਂ ਇਨਕੁਆਇਰੀ ਸੈਕਰੀਟੇਰੀਏਟ ਲੈਵਲ ਤੇ ਕਰਾ ਰਹੇ ਹਾਂ । ਕੀ ਉਨ੍ਹਾਂ ਦਾ ਮਤਲਬ ਆਪਣੇ ਸੈਕਰੀਟੇਰੀਏਟ ਤੋਂ ਸੀ ਜਾਂ ਇਸ ਸੈਕਰੀਟੇਰੀਏਟ ਦੇ ਬਿਲਡਿੰਗ ਦੇ ਇੰਪਲਾਈਜ਼ ਦੀ ਇਨਕੁਆਇਰੀ ਤੋਂ ਸੀ ?

ਰਾਜ ਮੰਤਰੀ : ਸੈਕਰੀਟੇਰੀਏਟ ਲੈਵਲ ਕਹਿਣ ਤੋਂ ਮੇਰਾ ਭਾਵ ਇਹ ਸੀ ਕਿ ਹੁਣ ਤੱਕ ਜੋ ਇਨਕੁਆਇਰੀ ਹੋ ਕੇ ਆਈ ਹੈ, ਉਹ ਡਾਇਰੈਕਟੋਰੇਟ ਲੈਵਲ ਤੋਂ ਹੋ ਕੇ ਆਈ ਹੈ ਅਤੇ ਹੁਣ ਸੈਕਰੀਟੇਰੀਏਟ ਲੈਵਲ ਤੇ ਹੋ ਰਹੀ ਹੈ ।

ਸ਼੍ਰੀ ਗੁਰਦਿਆਲ ਸੈਣੀ : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਲੰਧਰ ਦੇ ਅਫ਼ਸਰ ਦੇ ਖ਼ਿਲਾਫ਼ ਹਲਫੀਆ ਬਿਆਨ ਹੋਏ, ਇਹ ਬਿਆਨ ਏਥੋਂ ਦੀ ਐਸਟੀਮੇਟਸ ਕਮੇਟੀ ਦੁਆਰਾ ਮੌਕੇ ਤੇ ਫੜੇ ਜਾਣ ਤੇ ਹੋਏ ਪਰ ਫੇਰ ਵੀ ਉਸ ਦੇ ਖ਼ਿਲਾਫ਼ ਕੋਈ ਕਾਰਵਾਈ ਸਰਕਾਰ ਵੱਲੋਂ ਨਾ ਹੋਈ । ਕੀ ਇਸ ਤਰ੍ਹਾਂ ਕਰਕੇ ਸਰਕਾਰ ਕੁਰਪਸ਼ਨ ਨੂੰ ਵਧਾ ਨਹੀਂ ਰਹੀ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਇਸ ਦਾ ਇਸ ਸਵਾਲ ਦੇ ਨਾਲ ਕੋਈ ਸਬੰਧ ਨਹੀਂ ਹੈ ।

ਚੌਧਰੀ ਰਾਮ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜੇ ਲੁਧਿਆਣੇ ਦੇ ਕੋਟੇ ਕੈਂਸਲ ਹੋਏ ਹਨ ਕੀ ਉਹ ਨਾਜਾਇਜ਼ ਹੋਏ ਹਨ ? ਕੀ ਤੁਹਾਨੂੰ ਆਪਣੇ ਆਪ ਤੇ ਭਰੋਸਾ ਨਹੀਂ ਰਿਹਾ ਜਿਹੜੀ ਦੁਬਾਰਾ ਇਨਕੁਆਇਰੀ ਕਰਵਾ ਰਹੇ ਹੋ ?

ਰਾਜ ਮੰਤਰੀ : ਇਨਕੁਆਇਰੀ ਇਸੇ ਕਰਕੇ ਕਿਸੇ ਹੋਰ ਸਜਣ ਤੋਂ ਕਰਵਾ ਰਿਹਾ ਹਾਂ ਕਿਉਂਜੋ ਇਹ ਮੇਰੀ ਜ਼ਾਤੀ ਨਾਲਜ ਦਾ ਕੇਸ ਹੈ ।

चौधरी बलबीर सिंह : वज़ीर साहिब ने जवाब देते हुए कहा है कि सैक्रेटेरियेट लैवल पर उन अफसर साहिबान की इन्क्वायरी हो रही है । यह वही अफसर हैं जिन की इन्क्वायरी से उनके कोटे कैंसल हुए । अब जब वह एक दफा कैंसल कर चुके हैं तो दोबारा इन्क्वायरी किस बात की हो रही है ?

ਰਾਜ ਮੰਤਰੀ : ਉਸ ਵੇਲੇ ਇਨਕੁਆਇਰੀ ਡਾਇਰੈਕਟੋਰੇਟ ਲੈਵਲ ਤੇ ਹੋ ਰਹੀ ਸੀ, ਹੁਣ ਇਹ ਸੈਕਰੇਟੇਰੀਏਟ ਲੈਵਲ ਤੇ ਹੋ ਰਹੀ ਹੈ ।

ਡਾਕਟਰ ਸਾਧੂ ਰਾਮ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਸ ਵੇਲੇ ਤਾਂ ਇਨ੍ਹਾਂ ਨੇ ਐਸਟੀਮੇਟਸ ਕਮੇਟੀ ਰਾਹੀਂ 2200 ਚਾਦਰਾਂ ਫੜੀਆਂ ਸਨ, ਉਥੇ ਸਿਰਫ ਬਾਕੀ ਦੋ ਸਨ । (ਵਿਘਨ)

ਸ਼੍ਰੀ ਸਪੀਕਰ : ਇਹ ਹੋਰ ਸਵਾਲ ਹੈ, ਇਸ ਨਾਲ ਸਬੰਧਤ ਨਹੀਂ । (It is a different question; it does not relate to this question.)

ਕਾਮਰੇਡ ਸੱਤਪਾਲ ਡਾਂਗ : ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਪਹਿਲਾਂ ਡਾਇ-ਰੈਕਟੋਰੇਟ ਲੈਵਲ ਤੇ ਇਨਕੁਆਇਰੀ ਹੋਈ, ਫੇਰ ਮਨਿਸਟਰ ਸਾਹਿਬ ਨੇ ਇਤਲਾਹ ਹਾਸਲ ਕੀਤੀ ਜਦੋਂ ਕਿ ਇਹ ਡਿਪਟੀ ਸੈਕਰੇਟਰੀ ਤੇ ਇਨ੍ਹਾਂ ਦੇ ਸੈਕਰੇਟਰੀ ਨੇ ਕੇਸ ਐਗਜ਼ਾਮਿਨ ਕੀਤਾ । ਹੁਣ ਇਹ ਕੇਸ ਦੁਬਾਰਾ ਸੈਕਰੇਟੇਰੀਏਟ ਲੈਵਲ ਤੇ ਕਿਉਂ ਐਗਜ਼ਾਮਿਨ ਕਰਵਾ ਰਹੇ ਹਨ ?

ਰਾਜ ਮੰਤਰੀ : ਇਹ ਕੇਸ ਐਗਜ਼ਾਮਿਨ ਡਾਇਰੈਕਟੋਰੇਟ ਲੈਵਲ ਤੇ ਹੋ ਚੁਕਾ ਹੈ ਜਿਸ ਦੀ ਟਿਪਣੀ ਮੇਰੇ ਪਾਸ ਪੁੱਜੀ ਹੈ; ਅਜੇ ਇਹ ਸੈਕਰੇਟੇਰੀਏਟ ਲੈਵਲ ਤੇ ਐਗਜ਼ਾਮਿਨ ਹੋ ਰਿਹਾ ਹੈ ।

ਸਾਥੀ ਰੂਪ ਲਾਲ : ਆਨ ਏ ਪੁਆਇੰਟ ਆਫ਼ ਆਰਡਰ, ਸਰ...

ਸ਼੍ਰੀ ਸਪੀਕਰ : ਇਹ ਫੈਸਲਾ ਹੋ ਚੁੱਕਾ ਹੈ ਕਿ ਇਸ ਤਰ੍ਹਾਂ ਕੁਐਸਚਨ ਆਵਰ ਵਿਚ ਪੁਆਇੰਟ ਆਫ਼ ਆਰਡਰ ਰੇਜ਼ ਨਹੀਂ ਕਰਨਾ ਚਾਹੀਦਾ । (It has already been decided that points of order should not be raised like this during question hour.)

ਸਾਥੀ ਰੂਪ ਲਾਲ : ਇਸ ਹਾਊਸ ਦਾ ਐਸਾ ਕੋਈ ਫੈਸਲਾ ਨਹੀਂ ਹੋਇਆ ।

ਸ਼੍ਰੀ ਸਪੀਕਰ : ਸਾਥੀ ਜੀ, ਇਹ ਪਹਿਲਾਂ ਹੋ ਚੁਕਾ ਹੈ । (ਵਿਘਨ) (*Addressing Sathi Roop Lal* : It has already been decided.) (Interruption)

ਸਾਥੀ ਰੂਪ ਲਾਲ : ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦੀ ਇਜਾਜ਼ਤ ਦਿਤੀ ਹੈ ?

ਸ਼੍ਰੀ ਸਪੀਕਰ : ਇਹ ਹਾਊਸ ਦੇ ਇੰਟਰੈਸਟ ਵਿਚ ਹੈ ਕਿ ਅਸੀਂ ਇਹ ਟਾਈਮ ਸਵਾਲਾਂ ਤੇ ਹੀ ਲਾਈਏ ਅਤੇ ਪੁਆਇੰਟਸ ਆਫ਼ ਆਰਡਰ ਨੂੰ ਐਵਾਇਡ ਕਰੀਏ । (It will be in the interest of the House if the given hour is utilized only for asking questions and raising of points of order is avoided.)

Original with;
Punjab Vidhan Sabha
Digitized by;
Panjab Digital Library

चौधरी बलबीर सिंह : व्यवस्थागत प्रश्न ।

ਸ਼੍ਰੀ ਸਪੀਕਰ : ਇਹੋ ਤਾਂ ਮੈ ਹੁਣੇ ਕਿਹਾ ਹੈ ਕਿ ਕੋਈ ਪੁਆਇੰਟ ਆਫ ਆਰਡਰ ਰੇਜ਼ ਨਾ ਕੀਤਾ ਜਾਵੇ । (ਵਿਘਨ) (This is what I have said just now that during the question hour, no point of order should be raised.) (Interruption)

ਸਾਥੀ ਰੂਪ ਲਾਲ : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਪੁਆਇੰਟ ਆਫ਼ ਆਰਡਰ ਅਤੇ ਵਿਵੱਸਥਾ ਗਤ ਪ੍ਰਸ਼ਨ ਦੇ ਵਿਚ ਕੋਈ ਫ਼ਰਕ ਹੈ ?

ਸ਼੍ਰੀ ਸਪੀਕਰ : ਕੋਈ ਫਰਕ ਨਹੀਂ, ਸਿਰਫ ਇਤਨਾ ਕੁ ਹੀ ਫਰਕ ਹੈ ਜਿਤਨਾ ਕਿ ਐਸ. ਐਸ. ਪੀ. ਦੇ ਇਕ ਮੈਂਬਰ ਦਾ ਐਧਰ ਬੈਠਣ ਵਿਚ ਅਤੇ ਦੂਸਰੇ ਮੈਂਬਰ ਦੇ ਓਧਰ ਬੈਠਣ ਵਿਚ ਕੋਈ ਫ਼ਰਕ ਹੋਵੇ । (ਹਾਸਾ) (There is no difference, as there is no difference between one hou. Member of the S. S. P. sitting on these Benches and the other on sitting the Benches occupied by the opposition.) (Laughter)

चौधरी बलबीर सिंह : स्पीकर साहिब, आप ने यहां पर दो आदमियों का ज़िक्र किया कि एक एस. एस. पी. का आदमी एक जगह बैठा है, दूसरा दूसरी जगह बैठा है । रूल्ज़ के मुताबिक एक पार्टी के मैंबर्ज़ को दो जगह बैठाया नहीं जा सकता ।

ਸ਼੍ਰੀ ਸਪੀਕਰ : ਤੁਸੀਂ ਮੇਰੇ ਚੈਂਬਰ ਦੇ ਵਿੱਚ ਆ ਜਾਣਾ ਇਸ ਗੱਲ ਦਾ ਉਥੇ ਫ਼ੈਸਲਾ ਕਰ ਲਵਾਂਗੇ (The hon. Member may please come to my Chamber; we will decide this point there.)

चौधरी बलबीर सिंह : आप जो बात अपने चैंबर् में करना चाहते हैं, यहां सारे हाऊस में कह दें । व्यवस्थागत प्रश्न न करने के मुताल्लिक पिछले सैशन में फैसला हुआ था । अब नया सैशन है, पहला खत्म हो चुका है । पिछली बात यहां लाना ठीक नहीं । हर आदमी को यहां पर हक है कि वह प्वायंट आफ आर्डर रेज़ कर सकता है...।

श्री स्पीकर : चौधरी साहिब, यह मैं हाऊस के इन्टरैस्ट की ही बात कर रहा हूं । (I am saying this in the interest of the House.)

ਸਾਥੀ ਰੂਪ ਲਾਲ : ਸਪੀਕਰ ਸਾਹਿਬ, ਗੌਰਮੈਂਟ ਤਾਂ ਰੋਜ਼ ਬਦਲਦੀ ਰਹਿੰਦੀ ਹੈ ; ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਨੂੰ ਬੋਲ ਲੈਣ ਦਿਓ । (ਹਾਸਾ)

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਕੋਟੇ ਪਹਿਲਾਂ ਕੈਂਸਲ ਕੀਤੇ ਗਏ ਤੇ ਫਿਰ ਬਹਾਲ ਕੀਤੇ ਗਏ, ਇਨ੍ਹਾਂ ਵਿਚ 18-20 ਲੱਖ ਦੀ ਹੇਰਾਫੇਰੀ ਦੇ ਇਲਜ਼ਾਮ ਲੱਗੇ ਹਨ ਅਤੇ ਇਸ ਵਿੱਚ ਸਾਬਕਾ ਵਜ਼ੀਰ ਸਾਹਿਬ ਵੀ ਇਨਵਾਲਵਡ ਹਨ, ਕੀ ਇਸ ਗੱਲ ਦੀ ਵੀ ਇਹ ਬਾਰੇ ਇਨਕੁਆਇਰੀ ਕਰਵਾਉਣਗੇ ?

ਰਾਜ ਮੰਤਰੀ : ਮੈਂ ਅਰਜ਼ ਕਰ ਚੁਕਾ ਹਾਂ ਕਿ ਇਸ ਮਾਮਲੇ ਦੀ ਇਨਕੁਆਇਰੀ ਕਰਵਾਈ ਜਾ ਰਹੀ ਹੈ । (ਵਿਘਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਬਲਰਾਮ ਦਾਸ ਟੰਡਨ : ਆਨ ਏ ਪਰਸਨਲ ਐਕਸਪਲੇਨੇਸ਼ਨ ਸਰ। (ਵਿਘਨ)

ਸ਼੍ਰੀ ਸਪੀਕਰ : ਕੁਐਸਚਨ ਆਵਰ ਦੇ ਬਾਅਦ ਕਰ ਲੈਣਾ। (The hon. Member may give his personal explanation after the question hour.)

ਸ਼੍ਰੀ ਬਲਰਾਮ ਦਾਸ ਟੰਡਨ : ਕੀ ਇਹ ਰੂਲਜ਼ ਦੇ ਵਿਚ ਲਿਖਿਆ ਹੋਇਆ ਹੈ ਕਿ ਕੁਐਸਚਨ ਆਵਰ ਦੇ ਬਾਅਦ ਪਰਸਨਲ ਐਕਸਪਲੇਨੇਸ਼ਨ ਦਿੱਤੀ ਜਾ ਸਕਦੀ ਹੈ ? ਜਦੋਂ ਚਾਰਜ ਲਗੇ ਤਦ ਹੀ ਜਵਾਬ ਦੇਣ ਦਾ ਮੌਕਾ ਮਿਲਦਾ ਹੈ। ਇਹ ਗਲ ਰੂਲਜ਼ ਦੇ ਵਿਚ ਨਹੀਂ ਕਿ ਕੁਐਸਚਨ ਆਵਰ ਦੇ ਬਾਅਦ ਵਕਤ ਦਿੱਤਾ ਜਾਵੇ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ : 15 ਮਿੰਟ ਦੀ ਗੱਲ ਹੈ। (ਵਿਘਨ) 15 ਮਿੰਟਾਂ ਬਾਅਦ ਕਰ ਲੈਣਾ, ਇਤਨੇ ਵਿਚ ਕੀ ਫਰਕ ਪੈ ਚਲਿਆ ਹੈ (ਵਿਘਨ) ਇਤਨੀ ਦੇਰ ਨੂੰ ਦੋ ਤਿੰਨ ਕੁਐਸਚਨ ਹੋ ਜਾਣਗੇ। (ਵਿਘਨ)

(It is a matter of fifteen minutes only (*Interruption*). It will make no difference if this point is raised after 15 minutes, during which time 2 or 3 questions will be disposed of.)

ਸ਼੍ਰੀ ਬਲਰਾਮ ਦਾਸ ਟੰਡਨ : ਜੇ ਇਹ ਗੱਲ ਰੂਲ ਦੇ ਵਿਚ ਲਿਖੀ ਹੋਈ ਹੈ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੈ। (ਵਿਘਨ)

ਸ਼੍ਰੀ ਸਪੀਕਰ : ਰੂਲਜ਼ ਦੇ ਵਿਚ ਤਾਂ ਭਾਵੇਂ ਨਹੀਂ ਹੈ ਪਰ ਜੇ ਤੁਸੀਂ ਬਾਅਦ ਵਿਚ ਕਰ ਲਓ ਤਾਂ ਕੀ ਹਰਜ਼ ਹੈ। (ਵਿਘਨ) ਤੁਹਾਨੂੰ ਮੌਕਾ ਦਿਤਾ ਜਾਵੇਗਾ। (It may not be provided for in the Rules, but there will be no harm if the hon. Member raises this point after the question hour. (*Interruption*). The hon. Member will get time for this.

ਸ਼੍ਰੀ ਬਲਰਾਮ ਦਾਸ ਟੰਡਨ : ਨਹੀਂ ਜੀ, ਜੇ ਇਹ ਚੀਜ਼ ਰੂਲਜ਼ ਦੇ ਵਿਚ ਲਿਖੀ ਹੋਈ ਹੈ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੈ। (ਵਿਘਨ)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਹ ਇਤਨੇ ਕਾਹਲੇ ਕਿਉਂ ਪਏ ਹੋਏ ਹਨ ਹਾਲੇ ਤਾਂ ਸਪਲੀਮੈਂਟਰੀਜ਼ ਹੋਣੇ ਹਨ, ਹੋਰ ਗੱਲਾਂ ਆਉਣੀਆਂ ਹਨ ; ਸਾਰੀਆਂ ਦਾ ਇਕੱਠਾ ਹੀ ਜਵਾਬ ਦੇ ਦੇਣ ਕਾਹਲੇ ਨਾ ਪੈਣ। (ਹਾਸਾ) (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਇਹ ਜੋ ਕੋਟੇ ਕੈਂਸਲ ਕਰਕੇ ਰਿਸਟੋਰ ਕੀਤੇ ਗਏ ਹਨ, ਇਨ੍ਹਾਂ ਵਿਚ ਕਿਤਨੇ ਜਨਸੰਘੀ ਹਨ ? (ਵਿਘਨ)

ਆਵਾਜ਼ਾਂ : ਸਾਰੇ ਹੀ ਜਨਸੰਘੀ ਹਨ। (ਵਿਘਨ) (ਹਾਸਾ)

(ਕੋਈ ਜਵਾਬ ਨਹੀਂ ਦਿੱਤਾ ਗਿਆ।)

ਸ਼੍ਰੀ ਸਪੀਕਰ : ਟੰਡਨ ਸਾਹਿਬ, ਰੂਲਜ਼ ਵਿਚ ਇਹ ਪ੍ਰੋਵਾਈਡ ਕੀਤਾ ਹੋਇਆ ਹੈ ਕਿ :

"Before the business for the day is entered upon."

(*Addressing Shri Balram Dass Tandon* : It is provided in the Rules that such points can be raised 'before the business for the day is entered upon.')

ਸਰਦਾਰ ਕਿਰਪਾਲ ਸਿੰਘ ; ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ਮੈਂ ਪੁੱਛਿਆ ਸੀ ਕਿ ਰਿਸਟੋਰ ਕੀਤੇ ਕੋਟਿਆਂ ਦੇ ਵਿਚ ਕਿਤਨੇ ਜਨਸੰਘੀਆਂ ਦੇ ਸਨ ? (ਵਿਘਨ)

(ਕੋਈ ਜਵਾਬ ਨਾ ਦਿੱਤਾ ਗਿਆ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਮਹਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਕੀ ਇਹ ਗੱਲ ਠੀਕ ਹੈ ਕਿ ਜਿਤਨੇ ਕੋਟੇ ਕੈਂਸਲ ਕੀਤੇ ਗਏ ਉਨ੍ਹਾਂ ਵਿਚ ਇਕ ਵੀ ਜਨਸੰਘੀ ਨਹੀਂ ਸੀ (ਵਿਘਨ) (ਥੰਪਿੰਗ) ਕੀ ਇਸ ਗੱਲ ਦੀ ਇਨਕੁਆਇਰੀ ਕਰਵਾਉਣ ਲਈ ਇਹ ਤਿਆਰ ਹਨ ਕਿ ਸਾਰੇ ਕੋਟੇ ਨੈਸ਼ਨਲਿਸਟਾਂ ਦੇ ਕੈਂਸਲ ਕੀਤੇ ਗਏ ਅਤੇ ਕਿਸੇ ਵੀ ਜਨਸੰਘੀ ਦਾ ਕੋਟਾ ਕੈਂਸਲ ਨਹੀਂ ਕੀਤਾ ਗਿਆ ? (ਵਿਘਨ)

(ਕੋਈ ਜਵਾਬ ਨਹੀਂ ਦਿੱਤਾ ਗਿਆ)

Mr. Speaker : Next question please.

Captain Rattan Singh ; Supplementary Sir.

Mr. Speaker : I have called the next question.

Captain Rattan Singh : Sir, this is the most important question. The hon. Minister has given evasive reply. Let me put the supplementary.

ਕੀ ਮਨਿਸਟਰ ਸਾਹਿਬ ਸਾਫ ਸ਼ਬਦਾਂ ਵਿਚ ਦੱਸਣ ਦੀ ਖੇਚਲ ਕਰਨਗੇ ਕਿ ਇਥੇ ਬੜੇ ਸੀਰੀਅਸ ਚਾਰਜਿਜ਼ ਲੱਗੇ ਹਨ, ਇਨ੍ਹਾਂ ਦੀ ਇਨਕੁਆਇਰੀ ਹਾਈ ਲੈਵਲ ਦੀ ਕਰਵਾਉਣਗੇ ? ਹਾਈ ਲੈਵਲ ਦਾ ਮਤਲਬ ਸੈਕਰੇਟੇਰੀਏਟ ਲੈਵਲ ਤੋਂ ਨਹੀਂ ਸਗੋਂ ਜੇ ਹਾਈ ਕੋਰਟ ਦੇ ਜੱਜ ਤੋਂ ਇਨਕੁਆਇਰੀ ਦੀ ਲੋੜ ਪਈ ਤਾਂ ਕੀ ਉਸ ਨੂੰ ਵੀ ਐਪੁਆਇੰਟ ਕੀਤਾ ਜਾਵੇਗਾ ?

ਰਾਜ ਮੰਤਰੀ: ਮੈਂ ਤਸੱਲੀਬਖਸ਼ ਇਨਕੁਆਇਰੀ ਕਰਵਾਵਾਂਗਾ। ਜਿਹੜੇ 167 ਕੋਟੇ ਰਿਸਟੋਰ ਹੋਏ ਵੀ ਹਨ ਮੈਂ ਉਨ੍ਹਾਂ ਦੀ ਰੀਚੈਕਿੰਗ ਲਈ ਵੀ ਲਿਖ ਦਿੱਤਾ ਹੈ। (ਥੰਪਿੰਗ)

ਸਾਥੀ ਰੂਪ ਲਾਲ : ਆਨ ਏ ਪੁਆਇੰਟ ਆਫ਼ ਆਰਡਰ, ਸਰ।

ਸ਼੍ਰੀ ਸਪੀਕਰ : ਸਾਥੀ ਜੀ, ਪੁਆਇੰਟ ਆਫ਼ ਆਰਡਰ ਇਸ ਵਕਤ ਨਹੀਂ ਹੋ ਸਕਦਾ।

(*Addressing Sathi Roop Lal* : Points of order can not be raised during the question hour.)

ਸਾਥੀ ਰੂਪ ਲਾਲ: ਤਾਂ ਫਿਰ ਮੈਂ ਸਪਲੀਮੈਂਟਰੀ ਕਰਦਾ ਹਾਂ। ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਉਹ ਹਾਈ ਪੱਧਰ ਦੀ ਇਨਕੁਆਇਰੀ ਕਰਵਾਉਣਗੇ। ਜਿਸ ਤਰ੍ਹਾਂ ਕਿ ਮੈਂ ਵੀ ਇਕ ਸਪਲੀਮੈਂਟਰੀ ਵਿਚ ਪੁੱਛਿਆ ਹੈ ਕਿ ਬਤੌਰ ਐਸਟੀਮੇਟਸ ਕਮੇਟੀ ਦੇ ਚੇਅਰਮੈਨ ਦੇ ਉਨ੍ਹਾਂ ਨੇ ਜਿਹੜੀ ਰਿਪੋਰਟ ਲਿਖੀ ਉਸ ਵਿਚ ਉਨ੍ਹਾਂ ਨੇ ਆਪਣੇ ਜਾਤੀ ਐਕਸਪੀਰੀਐਂਸ ਤੋਂ ਇਹ ਗੱਲਾਂ ਕਹੀਆਂ। ਕੀ ਇਸ ਤੋਂ ਵੀ ਵਡੀ ਪੱਧਰ ਦੀ ਹੋਰ ਕੋਈ ਇਨਕੁਆਇਰੀ ਹੋ ਸਕਦੀ ਹੈ ? (ਵਿਘਨ)

ਰਾਜ ਮੰਤਰੀ: ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ 480 ਫਰਮਾਂ ਸੀ। ਅਸੀਂ ਉਹ ਸਾਰੀਆਂ ਚੈਕ ਨਹੀਂ ਸੀ ਕਰ ਸਕੇ। ਇਸ ਲਈ ਹੁਣ ਇਨਕੁਆਇਰੀ ਕਰਵਾਉਣੀ ਜ਼ਰੂਰੀ ਹੈ। ਰਿਪੋਰਟ ਦੇ ਵਿਚ ਤਾਂ ਇਕ ਦੋ ਫਰਮਾਂ ਦਾ ਜ਼ਿਕਰ ਹੀ ਆਇਆ ਸੀ, ਬਾਕੀਆਂ ਦਾ ਨਹੀਂ ਸੀ ਆਇਆ।

ਸ਼੍ਰੀ ਮਨਮੋਹਨ ਕਾਲੀਆ: ਕੀ ਵਜ਼ੀਰ ਸਾਹਿਬ ਦੱਸਣਗੇ ਕਿ ਉਨ੍ਹਾਂ ਨੇ ਬਤੌਰ ਚੈਅਰਮੈਨ ਆਫ਼ ਐਸਟੀਮੇਟਸ ਕਮੇਟੀ ਦੇ ਜੋ ਆਬਜ਼ਰਵੇਸ਼ਨਜ਼ ਕੀਤੀਆਂ ਸਨ, ਕੀ ਇਨਕੁਆਇਰੀ ਹੋਣ ਦੀ ਸੂਰਤ ਵਿੱਚ ਉਹ ਵੀ ਬਤੌਰ ਗੁਆਹ ਪੇਸ਼ ਹੋਣਗੇ ?

ਰਾਜ ਮੰਤਰੀ: ਉਹ ਰਿਪੋਰਟ ਹਾਊਸ ਵਿਚ ਪੇਸ਼ ਹੋ ਚੁੱਕੀ ਹੈ, ਉਸ ਵਿਚ ਸਾਰੀਆਂ ਫਰਮਾਂ ਦਾ ਕੋਈ ਜ਼ਿਕਰ ਨਹੀਂ ਹੈ ।

ਸ਼੍ਰੀ ਮਨਮੋਹਨ ਕਾਲੀਆ: ਮੈਂ ਇਹ ਪੁੱਛਿਆ ਹੈ ਕਿ ਕੀ ਜਿਹੜੀ ਰਿਪੋਰਟ ਉਨ੍ਹਾਂ ਨੇ ਬਤੌਰ ਐਸਟੀਮੇਟਸ ਕਮੇਟੀ ਦੇ ਚੇਅਰਮੈਨ ਦੇ ਦਿੱਤੀ ਹੈ, ਜੇ ਉਨ੍ਹਾਂ ਦੀਆਂ ਫਾਈਂਡਿੰਗਜ਼ ਤੇ ਕੋਈ ਇਨਕੁਆਇਰੀ ਹੋਈ ਤਾਂ ਕੀ ਉਹ ਗਵਾਹੀ ਦੇਣਗੇ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ: ਉਸ ਕਮੇਟੀ ਦੀ ਰਿਪੋਰਟ ਤੇ ਤਾਂ ਪਿਛਲੇ ਵਜ਼ੀਰ ਸਾਹਿਬ ਅਫ਼ਸਰਾਂ ਤੋਂ ਰਿਪੋਰਟ ਲੈ ਕੇ ਪਹਿਲਾਂ ਹੀ ਫ਼ੈਸਲਾ ਕਰ ਗਏ ਸਨ। (ਵਿਘਨ)

HANDLOOM

*1944. **Shri Sardari Lal Kapur:** Will the Chief Minister be pleased to state :—

(a) the total number of handlooms working at present in the State;

(b) the extent of production by these handlooms, per month during the financial year, 1969-70;

(c) if the production from the handlooms has decreased, the reasons thereof ;

(d) whether it is a fact that the production from handlooms has gone down because of setting up of more powerlooms sanctioned by the Industries Department of the State ;

(e) whether the Government propose to consider the desirability of setting up powerlooms in the rural areas of the State so that the poor cultivators may benefit therefrom;

(f) whether the Government would also consider the desirability of exporting handloom articles in larger quantities than at present ?

Sardar Teja Singh (State Minister for Industries and Health) :

(a) 17,631

(b) About 13,79,000 meters (average) per month.

(c) Yes. On account of availability of better avenues of remunerative employment in other fields especially in Agriculture.

(d) No.

(e) In 4th Five Year Plan 2150 powerlooms are propo ed to be installed both in Urban and Rural areas.

(f) Yes.

[(ੳ) 17,631.

(ਅ) ਲਗ ਭਗ 13,79,000 ਮੀਟਰ (ਔਸਤਨ) ਪ੍ਰਤੀ ਮਾਸ।

(ੲ) ਹਾਂ ਜੀ। ਵਧੇਰੀ ਤੇ ਚੰਗੀ ਨੌਕਰੀਆਂ ਦੂਜੇ ਖੇਤਰਾਂ ਵਿਚ ਖਾਸ ਤੌਰ ਤੇ ਖੇਤੀ-ਬਾੜੀ ਸੰਸਥਾ ਵਿੱਚ ਮਿਲਣ ਦੇ ਕਾਰਨ।

(ਸ) ਨਹੀਂ ਜੀ।

(ਹ) 2150 ਪਾਵਰ ਖੱਡੀਆਂ ਚੌਥੇ ਪੰਜ ਸਾਲਾ ਪਲਾਨ ਵਿਚ ਸ਼ਹਿਰੀ ਤੇ ਪੇਂਡੂ ਇਲਾਕੇ ਵਿਚ ਖੋਲ੍ਹਣ ਦਾ ਪ੍ਰੋਗਰਾਮ ਹੈ।

(ਕ) ਹਾਂ ਜੀ।]

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਵਜ਼ੀਰ ਸਾਹਿਬ ਇਸ ਗੱਲ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰਨਗੇ ਕਿ ਇਸ ਸੂਬੇ ਦੇ ਮੁਕਾਬਲੇ ਵਿਚ ਦੂਸਰੇ ਸੂਬਿਆਂ ਨੇ ਹੈਂਡਲੂਮ ਇੰਡਸਟਰੀ ਵਿਚ ਰਫਤਾਰ ਪਕੜ ਲਈ ਹੈ । ਇਹ ਇੰਡਸਟਰੀ ਪੰਜਾਬ ਦੇ ਪਿੰਡਾਂ ਦੀ ਰੀੜ੍ਹ ਦੀ ਹੱਡੀ ਸੀ, ਜਿਸ ਨਾਲ ਲੋਕਾਂ ਨੂੰ ਰੋਟੀ ਮਿਲਦੀ ਸੀ ਕੀ ਇਸ ਸੂਬੇ ਵਿਚ ਇਸ ਨੂੰ ਤਰੱਕੀ ਦੇਣ ਦੀ ਕੋਈ ਤਜਵੀਜ਼ ਹੈ ?

ਰਾਜ ਮੰਤਰੀ : ਇਸ ਵਿਚ ਕੋਈ ਜ਼ਿਆਦਾ ਫਰਕ ਨਹੀਂ ਪਿਆ । 1967-68 ਵਿਚ 199·60 ਲੱਖ ਮੀਟਰ ਹੈਂਡਲੂਮ ਤਿਆਰ ਹੋਇਆ ਸੀ, 1968-69 ਵਿੱਚ 185 ਲੱਖ ਮੀਟਰ ਅਤੇ 1969-70 ਵਿਚ 165 ਲੱਖ ਮੀਟਰ । ਇਸ ਦਾ ਕਾਰਨ ਇਹ ਵੀ ਹੈ ਕਿ ਪੰਜਾਬ ਵਿਚ ਲੇਬਰ ਦੂਜਿਆਂ ਸੂਬਿਆਂ ਨਾਲੋਂ ਮਹਿੰਗੀ ਹੈ, ਜਿਸ ਦੇ ਕਾਰਨ ਇਹ ਹੈਂਡਲੂਮ ਮਹਿੰਗਾ ਪੈਂਦਾ ਹੈ, ਅਤੇ ਜ਼ਿਆਦਾ ਲਾਗਤ ਹੋਣ ਕਰਕੇ ਇਥੇ ਦਾ ਕਪੜਾ ਦੂਜਿਆਂ ਸੂਬਿਆਂ ਨੂੰ ਕੰਪੀਟ ਨਹੀਂ ਕਰ ਸਕਦਾ। ਫਿਰ ਲੋਕਾਂ ਦਾ ਧਿਆਨ ਵੀ ਇਸ ਪਾਸੇ ਨਹੀਂ । ਲੇਬਰ ਜ਼ਿਆਦਾ ਐਗਰੀਕਲਚਰ ਲਈ ਆਪਟ ਕਰਦਾ ਹੈ । ਇਸ ਲਈ ਲੇਬਰ ਮਹਿੰਗੀ ਹੈ ।

ਸ਼੍ਰੀ ਗਿਆਨ ਚੰਦ ਖਰਬੰਦਾ : ਕੀ ਵਜ਼ੀਰ ਸਾਹਿਬ ਬੇਰੁਜ਼ਗਾਰੀ ਨੂੰ ਮੁੱਖ ਰਖਦੇ ਹੋਏ ਇਸ ਇੰਡਸਟਰੀ ਨੂੰ ਕਾਇਮ ਰੱਖਣ ਲਈ ਕੋਈ ਸਰਪ੍ਰਸਤੀ ਕਰਨ ਨੂੰ ਤਿਆਰ ਹਨ ?

ਰਾਜ ਮੰਤਰੀ : ਗੌਰਮਿੰਟ ਵਲੋਂ ਤਾਂ ਇਸ ਵੱਲ ਪੂਰਾ ਧਿਆਨ ਦਿਤਾ ਜਾ ਰਿਹਾ ਹੈ, ਪਰ ਲੋਕ ਅਜ ਕਲ ਸਟੈਪਲ ਯਾਰਨ, ਆਰਟ ਸਿਲਕ ਅਤੇ ਨਾਈਲੋਨ ਵਗੈਰਾ ਵਧੇਰੇ ਪਸੰਦ ਕਰਦੇ ਹਨ ਜਿਸ ਕਰਕੇ ਹੈਂਡਲੂਮ ਦੀ ਪ੍ਰੋਡਕਸ਼ਨ ਕੁਦਰਤੀ ਤੌਰ ਤੇ ਘਟ ਹੁੰਦੀ ਹੈ ।

ਸਰਦਾਰ ਕਿਰਪਾਲ ਸਿੰਘ : ਕੀ ਮਨਿਸਟਰ ਸਾਹਿਬ ਦਸਣ ਦੀ ਕਿਰਪਾਲਤਾ ਕਰਨਗੇ ਕਿ ਖੱਡੀ ਦੇ ਕੰਮ ਨੂੰ ਸਰਕਾਰੀ ਤੌਰ ਤੇ ਕੀ ਕੀ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਜਿਸ ਨਾਲ ਕਿ ਇਹ ਟਰੇਡ ਜ਼ਿੰਦਾ ਰਹਿ ਸਕੇ । ਇਸ ਸਬੰਧੀ ਹੋਰ ਨਵੀਆਂ ਸਹੂਲਤਾਂ ਦੇਣ ਬਾਰੇ ਗੌਰਮੈਂਟ ਦੀ ਕੀ ਪਾਲਿਸੀ ਹੈ ?

ਰਾਜ ਮੰਤਰੀ : ਇਸ ਬਾਰੇ ਨੋਟਿਸ ਦੇ ਦਿਉ । ਨਵੀਂ ਕੋਈ ਪਾਲਿਸੀ ਨਹੀਂ, ਪਹਿਲੀਆਂ ਪਾਲਿਸੀਆਂ ਜੋ ਚਲੀਆਂ ਆ ਰਹੀਆਂ ਹਨ, ਉਨ੍ਹਾਂ ਉਤੇ ਹੀ ਅਸੀਂ ਅਮਲ ਕਰਦੇ ਹਾਂ ।

ਸਰਦਾਰ ਕਿਰਪਾਲ ਸਿੰਘ : ਮੇਰਾ ਕਹਿਣ ਦਾ ਭਾਵ ਇਹ ਹੈ ਕਿ ਇਸ ਬਾਰੇ ਸਰਕਾਰ ਵਲੋਂ ਕੀ ਇਨਸੈਂਟਿਵ ਦਿੱਤਾ ਜਾ ਰਿਹਾ ਹੈ ?

ਰਾਜ ਮੰਤਰੀ : ਨੋਟਿਸ ਦੇ ਦਿੱਤਾ ਜਾਵੇ, ਪਤਾ ਕਰਕੇ ਦੱਸ ਦੇਵਾਂਗੇ ।

ਮਾਥੀ ਰੂਪ ਲਾਲ : ਕੀ ਵਜ਼ੀਰ ਸਾਹਿਬ ਅੱਜ ਕਲ ਦੀ ਹਾਲਤ ਦੇ ਮੁਤਾਬਿਕ ਕਪੂਰ ਸਾਹਿਬ ਨੂੰ ਨਾਲ ਮਿਲਾ ਕੇ ਸਾਰੇ ਘਾਟੇ ਵਾਧੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਨਹੀਂ ਕਰਨਗੇ ?

ਰਾਜ ਮੰਤਰੀ : ਸਾਥੀ ਜੀ, ਤੁਸੀਂ ਮਿਲ ਜਾਉ ਤਾਂ ਸ਼ਾਇਦ ਘਾਟੇ ਵਾਧੇ ਪੂਰੇ ਕਰ ਲਈਏ । (ਹਾਸਾ)

ਸਰਦਾਰ ਰਾਜਾ ਸਿੰਘ : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਫਰਮਾਇਆ ਹੈ ਕਿ ਅਸੀਂ ਹੈਂਡਲੂਮ ਅਤੇ ਪਾਵਰਲੂਮ ਨੂੰ ਪਿੰਡਾਂ ਵਿੱਚ ਤਰਜੀਹ ਦਿਆਂਗੇ, ਕੀ ਪਿੰਡਾਂ ਵਾਲਿਆਂ ਵਾਸਤੇ ਸ਼ਹਿਰਾਂ ਵਾਲਿਆਂ ਦੀ ਬਨਿਸਬਤ ਕੋਈ ਉਚੇਚੀਆਂ ਰਿਆਇਤਾਂ ਰੱਖੀਆਂ ਜਾਣਗੀਆਂ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਪਿੰਡਾਂ ਵਾਸਤੇ ਇੰਡਸਟਰੀ ਵਲੋਂ ਪਹਿਲਾਂ ਹੀ ਕਾਫ਼ੀ ਰਿਆਇਤਾਂ ਦਿਤੀਆਂ ਜਾਂਦੀਆਂ ਹਨ, ਖ਼ਾਸ ਕਰਕੇ ਜਿਥੇ ਇੰਡਸਟਰੀ ਇਕ ਲੱਖ ਰੁਪਏ ਤੋਂ ਜ਼ਿਆਦਾ ਦੀ ਲੱਗੀ ਹੋਵੇ ਉਥੇ 25% ਬਤੌਰ ਸਬਸਿਡੀ ਸਰਕਾਰ ਦਿੰਦੀ ਹੈ । ਇਹ ਪਹਿਲਾਂ ਦੀਆਂ ਹਦਾਇਤਾਂ ਮਨਜ਼ੂਰ ਹਨ, ਤੁਸੀਂ ਪੜ੍ਹ ਲਵੋ ।

ਭਗਤ ਗੁਰਾਂ ਦਾਸ ਹੰਸ : ਹੈਂਡਲੂਮ ਦਾ ਕੰਮ ਜ਼ਿਆਦਾਤਰ ਪਿੰਡਾਂ ਵਿੱਚ ਹੈ । ਕੀ ਉਨ੍ਹਾਂ ਪਿੰਡਾਂ ਵਾਲਿਆਂ ਨੂੰ ਪਾਵਰਲੂਮ ਦਾ ਕੰਮ ਵੀ ਉਤਨਾਂ ਹੀ ਦੇਣ ਦਾ ਯਤਨ ਕੀਤਾ ਜਾਵੇਗਾ ?

ਰਾਜ ਮੰਤਰੀ : 2150 ਪਾਵਰ ਖੱਡੀਆਂ ਚੌਥੇ ਪੰਜ ਸਾਲਾ ਪਲਾਨ ਵਿਚ ਸ਼ਹਿਰੀ ਅਤੇ ਪੇਂਡੂ ਇਲਾਕੇ ਵਿੱਚ ਖੋਲ੍ਹਣ ਦਾ ਪਰੋਗਰਾਮ ਹੈ । ਇਨ੍ਹਾਂ ਵਿਚੋਂ 723 ਪਾਵਰ ਖੱਡੀਆਂ 1966 ਤੋਂ ਪਹਿਲਾਂ ਲੱਗ ਚੁੱਕੀਆਂ ਹਨ । ਲੇਕਿਨ ਉਥੇ ਸੂਤੀ ਕਪੜੇ ਦਾ ਕੰਮ ਨਹੀਂ ਹੁੰਦਾ ਬਲਕਿ ਜ਼ਿਆਦਾ ਆਰਟ ਸਿਲਕ ਦਾ ਕੰਮ ਹੁੰਦਾ ਹੈ ।

ਭਗਤ ਗੁਰਾਂ ਦਾਸ ਹੰਸ : ਜ਼ਿਆਦਾਤਰ 90% ਪਾਵਰਲੂਮ ਖਡੀਆਂ ਸ਼ਹਿਰਾਂ ਵਿਚ ਦਿੱਤੀਆਂ ਜਾਂਦੀਆਂ ਹਨ, ਕੀ ਇਹ ਹਰੀਜਨਾਂ ਨੂੰ ਪਿੰਡਾਂ ਵਿਚ ਵੀ ਦਿੱਤੀਆਂ ਜਾਣਗੀਆਂ ?

ਰਾਜ ਮੰਤਰੀ : ਜ਼ਰੂਰ ਦਿੱਤੀਆਂ ਜਾਣਗੀਆਂ ।

ELECTIONS TO MUNICIPAL COMMITTEES

*1976. **Shri Gian Chand Kharbanda :** Will the Chief Minister be pleased to :—

(a) lay on the table of the House a list of Municipal Committees to which elections are due ;

(b) state the action so for taken by the Government to hold elections to the said Committees ;

(c) state whether the voters lists in respect of the said Committees have been published; if not, the reasons therefor ;

(d) state the time by which elections to Amritsar Municipal Committee are proposed to be held and a copy of the elections programme, if chalked out, be laid on the Table of the House ?

ਸਰਦਾਰ ਤਰਲੋਚਨ ਸਿੰਘ ਰਿਆਸਤੀ : (ੲ) ਸੂਚੀ ਹਾਊਸ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਬੀ) ਬਹੁਤ ਸਾਰੀਆਂ ਨਗਰਪਾਲਕਾਵਾਂ ਦੀਆਂ ਚੋਣ ਸਬੰਧੀ ਆਰੰਭਕ ਕਾਰਵਾਈਆਂ ਮੁਕੰਮਲ ਹੋ ਚੁੱਕੀਆਂ ਹਨ ਅਤੇ ਇਹ ਚੋਣਾਂ ਲਈ ਤਿਆਰ ਹਨ । ਬਾਕੀ ਦੀਆਂ ਨਗਰ-ਪਾਲਕਾਵਾਂ ਦੀਆਂ ਚੋਣ ਸਬੰਧੀ ਆਰੰਭਕ ਕਾਰਵਾਈਆਂ ਮੁਕੰਮਲ ਕਰਨ ਲਈ ਯਤਨ ਕੀਤੇ ਜਾ ਰਹੇ ਹਨ ।

(ਸੀ) ਉਪਰ (ਬੀ) ਤੇ ਦੱਸੀਆਂ ਨਗਰਪਾਲਕਾਵਾਂ ਦੀਆਂ ਚੋਣਕਾਰ ਸੂਚੀਆਂ ਪ੍ਰਕਾਸ਼ਤ ਹੋ ਚੁੱਕੀਆਂ ਹਨ । ਬਾਕੀ ਦੀਆਂ ਨਗਰਪਾਲਕਾਵਾਂ ਦੀਆਂ ਚੋਣਕਾਰ ਸੂਚੀਆਂ ਇਸ ਲਈ ਪ੍ਰਕਾਸ਼ਤ ਨਹੀਂ ਕੀਤੀਆਂ ਜਾ ਸਕੀਆਂ ਕਿਉਂਕਿ ਇਨ੍ਹਾਂ ਦੀਆਂ ਚੋਣ ਸਬੰਧੀ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਲੋਕਲ ਗੌਰਮੈਂਟ]

ਆਰੰਭਕ ਕਾਰਵਾਈਆਂ ਜਿਸ ਤਰ੍ਹਾਂ ਕਿ ਦੋ ਮੈਂਬਰੀ ਵਾਰਡਾਂ ਨੂੰ ਇਕ ਮੈਂਬਰੀ ਵਾਰਡਾਂ ਵਿੱਚ ਵੰਡਣ/ਹਲਕਾਬੰਦੀ ਕਰਨ ਦਾ, ਅਤੇ ਚੋਣਕਾਰ ਸੂਚੀਆਂ ਦੀ ਤਿਆਰੀ/ਛਪਾਈ ਦਾ ਕੰਮ ਮੁਕੰਮਲ ਨਹੀਂ ਹੋਇਆ।

(ਡੀ) ਕਿਉਂਕਿ ਨਗਰਪਾਲਕਾ ਅੰਮ੍ਰਿਤਸਰ ਦੀਆਂ ਚੋਣਾਂ ਅਕਤੂਬਰ, 1970 ਵਿੱਚ ਵਾਜਬ ਹੋਣਗੀਆਂ, ਇਸ ਲਈ ਚੋਣਾਂ ਸਬੰਧੀ ਕੋਈ ਟਾਈਮਟੇਬਲ ਹਾਲੇ ਤਕ ਤਿਆਰ ਨਹੀਂ ਕੀਤਾ ਗਿਆ।

[(a) A list is placed on the Table of the House.

(b) Election preliminaries in respect of a large number of municipalities have been completed. The same are now ripe for elections. Efforts are being made to complete the election preliminaries in respect of the remaining Municipal Committees.

(c) Electoral rolls in respect of the Municipal Committees mentioned in reply to part (b) have been published. Electoral rolls in respect of the remaining Municipal Committees could not be published f r the reason that election preliminaries connected with bifurcation of double-member wards/delimitation of wards and preparation/printing of rolls have not yet been completed.

(d) Elections to Amritsar, Municipality would become due in 1970. No time-table in regard to the said elections has yet been framed.]

ਨਗਰਪਾਲਕਾਵਾਂ ਦੀ ਸੂਚੀ

ਲੜੀ ਨੰ:	ਨਗਰਪਾਲਕਾ ਦਾ ਨਾਂ	ਲੜੀ ਨੰ:	ਨਗਰਪਾਲਕਾ ਦਾ ਨਾਂ
1.	ਪੱਟੀ	13.	ਰਾਹੋਂ
2.	ਤਰਨਤਾਰਨ	14.	ਅਲਾਵਲਪੁਰ
3.	ਜੰਡਿਆਲਾ	15.	ਲੁਧਿਆਣਾ
4.	ਛੇਹਰਟਾ	16.	ਰਾਏ ਕੋਟ
5.	ਮਜੀਠਾ	17.	ਖੰਨਾ
6.	ਰਾਮਦਾਸ	18.	ਸਮਰਾਲਾ
7.	ਜਲੰਧਰ	19.	ਗੁਰਦਾਸਪੁਰ
8.	ਨਕੋਦਰ	20.	ਦੀਨਾ ਨਗਰ
9.	ਫਿਲੌਰ	21.	ਕਾਦੀਆਂ
10.	ਕਰਤਾਰਪੁਰ	22.	ਡੇਰਾ ਬਾਬਾ ਨਾਨਕ
11.	ਨੂਰਮਹਿਲ	23.	ਸੁਜਾਨਪੁਰ
12.	ਬੰਗਾ	24.	ਪਠਾਨਕੋਟ

Original with; Punjab Vidhan Sabha Digitized by; Panjab Digital Library

ਲੜੀ ਨੰ:	ਨਗਰਪਾਲਕਾ ਦਾ ਨਾਂ	ਲੜੀ ਨੰ	ਨਗਰਪਾਲਕਾ ਦਾ ਨਾਂ
25.	ਫਤਿਹਗੜ੍ਹ ਚੂੜੀਆਂ	42.	ਮੋਰਿੰਡਾ
26.	ਧਾਰੀਵਾਲ	43.	ਪਟਿਆਲਾ
27.	ਉੜਮੜ ਟਾਂਡਾ	44.	ਨਾਭਾ
28.	ਦਸੂਹਾ	45.	ਸਮਾਨਾ
29.	ਗੜ੍ਹਦੀਵਾਲਾ	46.	ਰਾਜਪੁਰਾ
30.	ਹਰਿਆਣਾ	47.	ਗੋਬਿੰਦਗੜ੍ਹ
31.	ਮੁਕੇਰੀਆਂ	48.	ਸੁਨਾਮ
32.	ਸ਼ਾਮਚੁਰਾਸੀ	49.	ਮਲੇਰਕੋਟਲਾ
33.	ਫਿਰੋਜ਼ਪੁਰ ਸ਼ਹਿਰ	50.	ਅਹਿਮਦਗੜ੍ਹ
34.	ਫਾਜ਼ਿਲਕਾ	51.	ਬਰਨਾਲਾ
35.	ਅਬੋਹਰ	52.	ਕੋਟਕਪੂਰਾ
36.	ਮਲੋਟ	53.	ਮੌੜ
37.	ਧਰਮਕੋਟ	54.	ਗੁਨਿਆਨਾ
38.	ਗੁਰੂ ਹਰ ਸਹਾਏ	55.	ਭੁਚੋ ਮੰਡੀ
39.	ਤਲਵੰਡੀ ਭਾਈ	56.	ਫਗਵਾੜਾ
40.	ਰੋਪੜ	57.	ਮਾਨਸਾ
41.	ਅਨੰਦਪੁਰ ਸਾਹਿਬ		

ਸ਼੍ਰੀ ਗਿਆਨ ਚੰਦ ਖਰਬੰਦਾ : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਪੰਜਾਬ ਵਿਧਾਨ ਸਭਾ ਦੇ ਪਿਛਲੇ ਸੈਸ਼ਨ ਵਿੱਚ ਮੇਰੇ ਸਵਾਲ ਦੇ ਜਵਾਬ ਵਿਚ ਮੰਤਰੀ ਮਹੋਦੇ ਨੇ ਕਿਹਾ ਸੀ ਕਿ ਪਰੋਬੇਬਲੀ ਜੂਨ ਤਕ ਵੋਟਰ ਲਿਸਟਾਂ ਤਿਆਰ ਹੋ ਜਾਣਗੀਆਂ ? ਅੰਮ੍ਰਿਤਸਰ ਦਾ ਡਬਲ ਵਾਰਡ ਸਿੰਗਲ ਬਣ ਚੁੱਕਾ ਹੈ ਫੇਰ ਉਥੇ ਕੰਮ ਸ਼ੁਰੂ ਕਿਉਂ ਨਹੀਂ ਕੀਤਾ ਗਿਆ ਅਤੇ ਜੇ ਕਰੋਗੇ ਤਾਂ ਕਦੋਂ ਕਰੋਗੇ ?

ਰਾਜ ਮੰਤਰੀ : ਡਬਲ ਮੈਂਬਰ ਹਲਕਿਆਂ ਨੂੰ ਸਿੰਗਲ ਕਰਨ ਵਾਸਤੇ ਇਹ ਕੰਮ ਮੁਲਤਵੀ ਹੋ ਚੁੱਕਾ ਹੈ। ਬਹੁਤ ਛੇਤੀ ਚੋਣ ਕਰਵਾ ਦਿਆਂਗੇ, ਅੰਮ੍ਰਿਤਸਰ ਅਤੇ ਹੋਰ ਥਾਵਾਂ ਤੇ ਜਿਥੇ ਡਿਊ ਹਨ।

ਸਰਦਾਰ ਕਿਰਪਾਲ ਸਿੰਘ : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਬਹੁਤ ਛੇਤੀ ਕਰਵਾ ਦਿਆਂਗੇ, ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਕਮੇਟੀਆਂ ਦੀ ਮੌਜੂਦਾ ਮਿਆਦ ਹੈ "ਤਿੰਨ ਸਾਲ ਦੇ ਅੰਦਰ ਅੰਦਰ" ਕੀ ਉਸ ਦੇ ਮੁਤਾਬਿਕ ਇਹ ਚੋਣ ਉਥੇ ਕਰਵਾ ਦੇਣਗੇ ? ਜਿਹੜੇ ਡਬਲ ਵਾਰਡ ਸਿੰਗਲ ਵਾਰਡ ਬਣ ਗਏ ਹਨ ਅਤੇ ਜੋ ਉਥੇ ਹਰੀਜਨਾਂ ਦੀ ਤਾਦਾਦ ਵਧ ਗਈ ਹੈ ਤਾਂ ਕੀ ਉਥੇ ਉਨ੍ਹਾਂ ਲਈ ਸੀਟਾਂ ਰਿਜ਼ਰਵ ਰਖੀਆਂ ਜਾਣਗੀਆਂ। ਔਰ ਮੌਜੂਦਾ ਹਲਕਿਆਂ ਦੀ ਨਜ਼ਰਸਾਨੀ ਕਰਨਗੇ ਔਰ ਵਕਤ ਸਿਰ ਚੋਣਾਂ ਕਰਵਾ ਦੇਣਗੇ ?

ਰਾਜ ਮੰਤਰੀ : ਜ਼ਰੂਰ ਕਰਾਂਗੇ ਜੇ ਸਾਨੂੰ ਇਹੋ ਜਿਹੀਆਂ ਸ਼ਕਾਇਤਾਂ ਮਿਲਣਗੀਆਂ।

ਸਰਦਾਰ ਸਰੂਪ ਸਿੰਘ : ਇਸ ਵਿਚ ਜਲੰਧਰ ਦਾ ਨਾਉਂ ਸ਼ਾਮਿਲ ਕਰ ਲਉ। ਪਹਿਲਾਂ ਲੋਕਲ ਬਾਡੀਜ਼ ਮਨਿਸਟਰ ਨੇ ਜਲੰਧਰ ਮਿਉਂਨਿਸਪਲ ਕਮੇਟੀ ਵਿੱਚ ਜਿਹੜੇ ਡਬਲ ਮੈਂਬਰ ਵਾਰਡ ਸਨ ਉਨ੍ਹਾਂ ਨੂੰ ਸਿੰਗਲ ਮੈਂਬਰ ਮੰਨਣ ਵਿੱਚ ਬੜੀ ਧਾਂਧਲੀ ਪਾਈ ਹੈ। ਡਬਲ ਮੈਂਬਰ ਵਾਰਡ ਨੂੰ ਤਾਂ ਇਨ੍ਹਾਂ ਨੇ ਸਿੰਗਲ ਕਰਨਾ ਸੀ ਪਰ ਇਨ੍ਹਾਂ ਨੇ ਸਿੰਗਲ ਮੈਂਬਰ ਵਾਰਡ ਨੂੰ ਵੀ ਪਾੜਿਆ ਹੈ। (ਵਿਘਨ)

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਤਿਕਾਰ ਯੋਗ ਮੈਂਬਰ ਲਿਖ ਕੇ ਦੇ ਦੇਣ। (ਵਿਘਨ)

ਕਾਮਰੇਡ ਸੱਤਪਾਲ ਡਾਂਗ : ਮਨਿਸਟਰ ਸਾਹਿਬ ਨੇ ਫਰਮਾਇਆ ਸੀ ਕਿ ਅੰਮ੍ਰਿਤਸਰ ਕਮੇਟੀ ਦੀਆਂ ਚੋਣਾਂ ਅਕਤੂਬਰ ਵਿਚ ਡਿਊ ਹਨ, ਇਸ ਲਈ ਚੋਣਾਂ ਸਬੰਧੀ ਕੋਈ ਟਾਈਮ ਟੇਬਲ ਹਾਲੇ ਤਕ ਨੀਅਤ ਨਹੀਂ ਕੀਤਾ ਗਿਆ। ਕੀ ਮਨਿਸਟਰ ਸਾਹਿਬ ਅਸ਼ੋਰੈਂਸ ਦੇਣ ਨੂੰ ਤਿਆਰ ਹਨ ਕਿ ਅੰਮ੍ਰਿਤਸਰ ਕਮੇਟੀ ਦੀਆਂ ਚੋਣਾਂ 31-12-1970 ਤਕ ਜ਼ਰੂਰ ਹੋ ਜਾਣਗੀਆਂ ?

ਰਾਜ ਮੰਤਰੀ : ਕਿਉਂ ਜੋ 1971 ਵਿੱਚ ਮਰਦਮ ਸ਼ੁਮਾਰੀ ਸ਼ੁਰੂ ਹੋਣੀ ਹੈ ਇਸ ਲਈ ਅਮਲਾ ਉਧਰ ਲੱਗਾ ਹੋਣਾ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਾਰੇ ਮੈਂਬਰ ਸਾਹਿਬਾਨ ਨੂੰ ਯਕੀਨ ਦਿਵਾਉਂਦਾ ਹਾਂ ਕਿ ਅੰਮ੍ਰਿਤਸਰ ਅਤੇ ਹੋਰ ਜਿਨ੍ਹਾਂ ਥਾਵਾਂ ਤੇ ਚੋਣਾਂ ਡਿਊ ਹਨ, ਉਥੇ ਇਹ ਕੰਮ ਜਨਵਰੀ, 1971 ਵਿੱਚ ਕਰਵਾ ਦਿਆਂਗੇ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮਨਿਸਟਰ ਸਾਹਿਬ ਇਸ ਗਲ ਤੋਂ ਜਾਣੂ ਹਨ ਕਿ ਅੰਮ੍ਰਿਤਸਰ ਦੀ ਪਬਲਕ ਜਨਸੰਘੀਆਂ ਤੋਂ ਦੁੱਖੀ ਹੈ, ਇਸ ਲਈ ਚੋਣਾਂ 1970 ਵਿਚ ਹੀ ਕਰਵਾ ਦਿਤੀਆਂ ਜਾਣਗੀਆਂ ?

ਰਾਜ ਮੰਤਰੀ : ਜਣਵਰੀ, 1971 ਵਿੱਚ ਲਾਜ਼ਮੀ ਕਰਾ ਦਿਤੀਆਂ ਜਾਣਗੀਆਂ।

ਡਾਕਟਰ ਅਮੀਰ ਸਿੰਘ ਕਲਕਟ : ਆਇਆ ਮਨਿਸਟਰ ਸਾਹਿਬ ਇਸ ਪਾਸੇ ਧਿਆਨ ਦੇਣਗੇ ਕਿ ਜਿਹੜੇ ਡਬਲ ਮੈਂਬਰ ਵਾਰਡ ਸਿੰਗਲ ਮੈਂਬਰ ਵਾਰਡ ਕੀਤੇ ਗਏ ਹਨ ਕੀ ਉਹ ਕਿਸੇ ਪਾਰਟੀ ਦੀ ਸਿਆਸੀ ਮਸਲਿਹਤ ਕਰਕੇ ਕੀਤੇ ਗਏ ਹਨ ? ਕੀ ਸਰਕਾਰ ਉਸ ਨੂੰ ਰਿਵਾਈਜ਼ ਕਰਨ ਨੂੰ ਤਿਆਰ ਹੈ ?

ਰਾਜ ਮੰਤਰੀ : ਜੇ ਇਹੋ ਜਿਹੀ ਸ਼ਿਕਾਇਤ ਮਿਲੇਗੀ ਤਾਂ ਜ਼ਰੂਰ ਠੀਕ ਕਰਨ ਦੀ ਕੋਸ਼ਿਸ਼ ਕਰਾਂਗੇ।

चौधरी बलबीर सिंह : इन्होंने अभी कहा है कि मर्दमशुमारी जो है वह 1970-71 में हो रही है। इस लिए कमेटी के इलैक्शन जनवरी, 1971 में करवा देंगे। मैं पूछना चाहता हूँ कि मर्दमशुमारी का कमेटी के इलैक्शन्ज़ पर क्या असर है ?

ਰਾਜ ਮੰਤਰੀ : ਮੇਰੇ ਕਹਿਣ ਦਾ ਭਾਵ ਇਹ ਹੈ ਕਿ ਇਕੋ ਅਮਲਾ ਹੋਣ ਕਰਕੇ ਇਹ ਅਮਲਾ ਜਨਵਰੀ ਵਿੱਚ ਫਾਰਗ ਹੋਏਗਾ ਅਤੇ ਫੇਰ ਇਹ ਕੰਮ ਕਰ ਦਿਤਾ ਜਾਵੇਗਾ।

Written Answer to Starred Questions Laid on the Table of the House Under Rule 45.

Mr. Speaker : Question Hour is over. The remaining questions on the order paper are deemded to have been answered under Rule 45 of the Rules of Procedure and Conduct of Business in the Punjab Legislative Assembly.

Starred Question No 1887

ਨੰ: ਮ. ਮ ਪੰ. 70/
ਮੁੱਖ ਮੰਤਰੀ, ਪੰਜਾਬ।
ਚੰਡੀਗੜ੍ਹ।
ਮਿਤੀ 23 ਜੁਲਾਈ, 1970।

ਪਿਆਰੇ ਸਰਦਾਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 1887, ਜੋ ਮਿਤੀ 24-7-70, ਲਈ ਸਵਾਲਾਂ ਦੀ ਸੂਚੀ ਵਿੱਚ ਸ੍ਰੀ ਗਿਆਨ ਚੰਦ ਖਰਬੰਦਾ ਜੀ ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ

Original with;
Punjab Vidhan Sabha
Digitized by;
Panjab Digital Library

ਤਿੱਕਰ ਤਿਆਰ ਨਹੀਂ ਹੋ ਸਕਿਆ, ਕਿਉਂਕਿ ਸਬੰਧਤ ਮਿਸਲ ਸਰਕਾਰ ਵਲੋਂ ਫਾਈਲ ਕੀਤੀ ਗਈ ਰਿੱਟ ਪੈਟੀਸ਼ਨ ਦੇ ਸਬੰਧ ਵਿਚ ਰੁਕੀ ਪਈ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦਾ ਜਵਾਬ ਦੇਣ ਦੀ ਮਿਆਦ ਵਿੱਚ ਵਾਧਾ ਕਰਨ ਦੀ ਕਿਰਪਾ ਕੀਤੀ ਜਾਵੇ।

ਆਪ ਦਾ ਵਿਸ਼ਵਾਸ਼ਪਾਤਰ
ਸ਼ਹੀ/-
(ਪਰਕਾਸ਼ ਸਿੰਘ ਬਾਦਲ)

ਸਰਦਾਰ ਦਰਬਾਰਾ ਸਿੰਘ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

LABOUR DISPUTES

*1953. 1. **Chaudhri Sunder Singh,**
2. **Chaudhri Kewal Krishan.**
3. **Shri Sardari Lal Kapur.**
4. **Bhagat Guran Dass Hans.**

Will the Chief Minister be pleased to state :—

(a) the total number of references of labour disputes made to the Labour Courts in Punjab during the last three months ;

(b) the number of such references which have been struck down by the Labour Courts together with the reasons therefor ?

ਸਰਦਾਰ ਪਰਕਾਸ਼ ਸਿੰਘ ਬਾਦਲ : (ੲ) 554 (ਪਹਿਲੀ ਅਪਰੈਲ ਤੋਂ ਜੂਨ, 1970, ਤੀਕ)

(ਬੀ) 255-ਸਿਵਲ ਰਿੱਟ ਨੰ: 1513 ਆਫ 1969-ਨਗਰ ਪਾਲਕਾ ਪਟਿਆਲਾ, ਬਨਾਮ ਪੰਜਾਬ ਸਰਕਾਰ ਵਿੱਚ, ਇਹ ਨਿਰਣਾ ਹੋਇਆ ਸੀ ਕਿ ਕਿਰਤ ਕਮਿਸ਼ਨਰ, ਪੰਜਾਬ, ਨੂੰ ਅਧਿਕਾਰ ਨਹੀਂ ਕਿ ਉਹ ਰਾਸ਼ਟਰਪਤੀ ਜਾਂ ਪੰਜਾਬ ਦੇ ਰਾਜਪਾਲ ਦੇ ਨਾਂ ਤੇ ਇਨਡਸਟਰੀਅਲ ਡਿਸਪਿਊਟਸ ਐਕਟ, 1947, ਦੀ ਧਾਰਾ 10 ਹੇਠ ਜਾਰੀ ਹੋਈ ਅਧਿਸੂਚਨਾਵਾਂ ਤੇ ਹਸਤਾਖਰ ਕਰੇ। ਇਸ ਕਾਰਣ ਇਹ ਕੇਸ ਰੱਦ ਹੋ ਗਏ ਹਨ। ਇਹ ਕੇਸ ਦੁਬਾਰਾ ਫਾਈਲ ਕੀਤੇ ਜਾ ਰਹੇ ਹਨ।

ADOPTION OF QUOTA RULE IN THE IRRIGATION DEPARTMENT.

*1946. **Chaudhri Kewal Krishan :** Will the Minister for Irrigation and Power be pleased to state—

(a) Whether it is a fact that quota rule as per rule No. 6 P. S. E. Class II (B&R) Rules for recruitment to the service for Ex-Cadre and Cadre posts of P. S. E. Class II Sub Divisional Officers have been adopted by the Punjab P. W. D. Irrigation Department/since 1. 3. 1960;

Original with;
Punjab Vidhan Sabha
Digitized by;
Panjab Digital Library

[Chaudhri Kewal Krishan]

(b) whether the fresh recruitment to the Ex-cadre P. S. E. Class II service of Sub Divisional Officer in the P. W. D. IB. during each calender year after 1. 3. 60. has been made strictly in accordance with the allocation of percentage to each source in a lot of 40 vacancies as per said rule 6 ;

(c) if the reply to part (b) above be in the affirmative, the list of such recruited persons (direct recruits and promotees) since 1. 3. 60. ad seriatum during each calendar year, be placed on the Table of the House ?

Sardar Sohan Singh Bassi : (a) Yes, when confirmations in P. S. E. Class II were made in 8/1964 against the vacancies which were available with effect from 1. 3. 1960.

(b) No.

(c) Does not arise, in view of reply to part (b) above.

[(ੳ) ਹਾਂ ਜੀ, ਜਦੋਂ 8/1964 ਵਿਚ ਪੀ. ਐਸ. ਈ. ਕਲਾਸ II ਵਿਚ ਕਨਫਰਮੇਸ਼ਨਾਂ ਉਨ੍ਹਾਂ ਆਸਾਮੀਆਂ ਲਈ ਕੀਤੀਆਂ ਗਈਆਂ ਸਨ ਜੋ 1. 3. 60 ਤੋਂ ਮੌਜੂਦ ਸਨ ।

(ਅ) ਨਹੀਂ ਜੀ ।

(ੲ) ਉਪਰੋਕਤ (ਅ) ਦੇ ਜਵਾਬ ਮੁਤਾਬਿਕ ਇਸ ਦਾ ਸਵਾਲ ਪੈਦਾ ਨਹੀਂ ਹੁੰਦਾ ।]

SHORTAGE OF ELECTRICITY IN THE STATE

*1948. 1. **Chaudhri Sunder Singh.**
2. **Chaudhri Ram Singh.**
3. **Chaudhri Kewal Krishan.**
4. **Shri Sardari Lal Kapur.**
5. **Bhagat Guran Dass Hans.**

Will the Minister for Irrigation and Power be pleased to state—

(a) whether it is a fact that the Power crisis in Punjab from the Bhakra Complex has become more serious because of non-improvement of water level in Gobind Sagar Lake ;

(b) whether it is a fact that the Members of the Punjab State Electricity Board held discussions with the Municipal authorities of Punjab in this connection ; if so, the result thereof ;

(c) the period upto which the cut in the supply of electric power, now imposed, is likely to last ;

(d) whether the Government is aware of the statement made by

Original with;
Punjab Vidhan Sabha
Digitized by;
Punjab Digital Library

the Finance Member of the Punjab State Electricity Board, that power shortage in Punjab would continue for another 10 years; if so, the action, if any, the Govt. propose to take to accelerate supply of more electric energy to the State ?

Sardar Sohan Singh Bassi : (a) Yes.

(b) Yes. The Accounts and Finance Member held discussions with Municipal Committee Amritsar only. After the discussions, it was agreed that the Committee would offer maximum co-operation in the matter of affording requisite relief to the system ;

(c) Power cut/restrictions in supply imposed w. e. f. 1-4-70 had been withdrawn w. e. f. 1-7-70. Restrictions have, however, no substantial increase in the in flow into Gobind Sagar. The inflows of Sutlej in July, 1970 have been below those of a dependable year and the position continues to be critical.

(d) Yes the Board is taking various steps to procure more generating capacity to meet the increasing demand for power supply which are given in the Statement laid on the Table of the House.

(ੳ) ਹਾਂ ਜੀ ।

ਅ) ਹਾਂ ਜੀ । ਵਿੱਤ ਮੈਂਬਰ ਨੇ ਕੇਵਲ ਮਿਊਂਸਪਲ ਕਮੇਟੀ ਅੰਮ੍ਰਿਤਸਰ ਨਾਲ ਗੱਲ ਬਾਤ ਕੀਤੀ ਸੀ । ਇਸ ਦੇ ਸਿੱਟੇ ਵਜੋਂ ਮਿਊਂਸਪਲ ਕਮੇਟੀ ਇਸ ਗੱਲ ਤੇ ਰਾਜ਼ੀ ਹੋ ਗਈ ਕਿ ਉਹ ਇਸ ਬਾਰੇ ਵੇਲੇ ਵੇਲੇ ਬਿਜਲੀ ਬੋਰਡ ਨੂੰ ਪੂਰਾ ਸਹਿਯੋਗ ਦੇਣਗੇ ।

ੲ) ਬਿਜਲੀ ਬੋਰਡ ਨੇ 1 ਅਪ੍ਰੈਲ, 1970 ਤੋਂ ਲੱਗੀਆਂ ਪਾਬੰਦੀਆਂ ਜਾਂ ਕਟੌਤੀ ਪਹਿਲੀ ਜੁਲਾਈ 1970 ਤੋਂ ਚੁੱਕ ਦਿੱਤੀ ਸੀ । ਪ੍ਰੰਤੂ 13-7-70 ਤੋਂ ਇਹ ਪਾਬੰਦੀਆਂ ਤੇ ਕਟੌਤੀ ਫਿਰ ਮੁੜ ਲਾਣੀ ਪਈ ਹੈ । ਕਿਉਂਕਿ ਗੋਬਿੰਦ ਸਾਗਰ ਵਿੱਚ ਪਾਣੀ ਦੀ ਸਤਹ ਵਧੇਰੇ ਨਹੀਂ ਵਧੀ । ਅਸਲ ਵਿਚ ਜੁਲਾਈ, 70 ਦੇ ਮਹੀਨੇ ਤਾਂ ਪਾਣੀ ਦੀ ਆਮਦ ਹੋਰਾਂ ਸਾਲਾਂ ਦੇ ਮੁਕਾਬਲੇ ਘੱਟ ਰਹੀ ਹੈ । ਸਾਰੀ ਸਮੱਸਿਆ ਚਿੰਤਾ ਜਨਕ ਹੈ ।

ਸ) ਜੀ ਹਾਂ । ਬਿਜਲੀ ਬੋਰਡ ਨੇ ਵਧਦੀ ਹੋਈ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ ਕਈ ਪ੍ਰਕਾਰ ਦੇ ਯਤਨ ਹੋਰ ਬਿਜਲੀ ਨੂੰ ਹਾਸਲ ਕਰਨ ਲਈ ਕੀਤੇ ਹਨ ਜਿਸ ਬਾਰੇ ਇਕ ਸਟੇਟਮੈਂਟ ਸਦਨ ਦੀ ਮੇਜ਼ ਉੱਤੇ ਰੱਖੀ ਜਾਂਦੀ ਹੈ ।]

STATEMENT SHOWING STEPS BEING TAKEN BY THE PUNJAB STATE ELECTRICITY BOARD TO PROCURE MORE GENERATING CAPACITY FOR POWER.

(i) UBDC Hydel Scheme with three power houses, each having one unit of 15 MW capacity, is under way. Two power houses are likely to be completed during the year 1971-72 and the

Original with;
Punjab Vidhan Sabha
Digitized by;
Panjab Digital Library

[Minister for Irrigation & Power]

third one during the year 1972-73.

(ii) The integrated operation of Delhi Thermal with Hydro system will give a benefit of 20 M. W. to Punjab.

(iii) Guru Nanak Thermal Power Plant, Bhatinda will have two units of 100 MW capacity each. The first unit of this project is likely to be commissioned in October, 1972, and the second unit in October, 1973.

(iv) A project report for renovation of the existing units at Shanan Power Projoct had been submitted to the Govt. of India for sanction. This project is likely to be completed during 1973-74 and with its completion, the installed capacity at Shanan will increase from the existing installed capacity of 36 MW to 48 MW.

(v) The Board is negotiating with other States/Govt. of India for Purchase of power.

(vi) The Board has decided to procure 66 medium sized Diesel Generating Sets and instal them at various places in the State to mitigate power shortage, as a short term measure. For this, orders have been placed for 16 Nos. 1,100 K. V. A. Sets with Kiloskars and 4 Nos. 875 K.V.A. Sets from Garden Reach, Calcutta. Letter of intent have been placed for 25 Nos. 1,100 K.V.A. Sets with G. D. R. East Germany, 10 Nos. 1,450 K.V.A. Sets with Czechoslovakia and 4Nos. 4,400 K.V.A Sets with U. S. S. R. Application for release of Foreign Exchange is under clearance with the Govt. of India. In addition second hand Diesel Sets have been purchased as under :—

3 Nos.-2 M.W. Sets from Madhya Pardesh Electricity Board and 4 Nos. 1450 K. V. A. Sets from Sri Ram Chemicals Kotah. The work of dismantling and erection is in hand.

ਸਟੇਟਮੈਂਟ

[1) ਹਾਈਡਲ ਯੂ. ਬੀ. ਡੀ. ਸੀ. ਸਕੀਮ ਦੇ ਹੇਠ ਤਿੰਨ ਪਾਂਵਰ ਹਾਊਸ ਬਨਾਉਣ ਦਾ ਕੰਮ ਜਾਰੀ ਹੈ, ਜਿਨ੍ਹਾਂ ਵਿਚੋਂ ਹਰ ਯੂਨਿਟ ਦੀ ਸ਼ਕਤੀ 15 ਮੈਗਾਵਾਟ ਹੋਵੇਗੀ। 1971-72 ਸਾਲ ਦੇ ਦੌਰਾਨ 2 ਬਿਜਲੀ ਘਰ ਤਿਆਰ ਹੋ ਜਾਣ ਦੀ ਆਸ਼ਾ ਹੈ ਅਤੇ ਤੀਸਰਾ ਸੰਨ 1972-73 ਤਕ।

2) ਦਿੱਲੀ ਦੇ ਥਰਮਲ ਪਲਾਂਟ ਦਾ ਹਾਈਡਲ ਸਿਸਟਮ ਦੇ ਨਾਲ ਮਿਲਣ ਦੇ ਨਾਲ ਪੰਜਾਬ ਨੂੰ 20 ਮੈਗਾਵਾਟ ਦਾ ਫਾਇਦਾ ਹੋਵੇਗਾ।

3) ਗੁਰੂ ਨਾਨਕ ਥਰਮਲ ਪਲਾਂਟ ਬਠਿੰਡਾ ਵਿਚ 2 ਯੂਨਿਟ ਹੋਣਗੇ ਜਿਨ੍ਹਾਂ ਵਿਚੋਂ ਹਰ

Original with;
Punjab Vidhan Sabha
Digitized by;
Panjab Digital Library

ਇਕ ਦੀ ਸ਼ਕਤੀ 110 ਮੈਗਾਵਾਟ ਹੈ। ਇਸ ਯੋਜਨਾ ਦਾ ਪਹਿਲਾ ਯੂਨਿਟ ਅਕਤੂਬਰ, 1972 ਵਿਚ ਚਾਲੂ ਹੋਣ ਦੀ ਆਸ਼ਾ ਹੈ ਅਤੇ ਦੂਜਾ ਯੂਨਿਟ ਅਕਤੂਬਰ, 1973 ਵਿਚ।

(4) ਸਾਨਣ ਬਿਜਲੀ ਘਰ ਵਿਚ ਲਗੇ ਹੋਏ ਯੂਨਿਟਾਂ ਨੂੰ ਓਵਰ ਹਾਲ ਬਾਰੇ ਇਕ ਯੋਜਨਾ ਰਿਪੋਟ ਕੇਂਦਰੀ ਸਰਕਾਰ ਨੂੰ ਮਨਜ਼ੂਰੀ ਲਈ ਭੇਜ ਦਿੱਤੀ ਗਈ ਹੈ। ਇਸ ਯੋਜਨਾ ਦੀ ਸੰਨ 1973-74 ਵਿਚ ਪੂਰੀ ਹੋਣ ਦੀ ਆਸ਼ਾ ਹੈ ਅਤੇ ਇਸ ਦੇ ਪੂਰੇ ਹੋਣ ਨਾਲ ਬਿਜਲੀ ਦੀ ਸ਼ਕਤੀ 36 ਮੈਗਾਵਾਟ ਤੋਂ 48 ਮੈਗਾਵਾਟ ਹੋ ਜਾਏਗੀ।

(5) ਬਿਜਲੀ ਬੋਰਡ ਦੂਜੇ ਪਰਦੇਸਾਂ ਦੀਆਂ ਸਰਕਾਰਾਂ ਨਾਲ ਅਤੇ ਕੇਂਦਰੀ ਸਰਕਾਰ ਨਾਲ ਬਿਜਲੀ ਦੀ ਖਰੀਦ ਬਾਰੇ ਗਲ ਬਾਤ ਕਰ ਰਿਹਾ ਹੈ।

(6) ਬਿਜਲੀ ਬੋਰਡ ਨੇ 66 ਦਰਮਿਆਨੇ ਦਰਜੇ ਦੇ ਡੀਜ਼ਲ ਸੈਟ ਸੂਬੇ ਵਿਚ ਵਖਰੀ ਵਖਰੀ ਥਾਵਾਂ ਤੇ ਲਾਉਣ ਦਾ ਫੈਸਲਾ ਕੀਤਾ ਹੈ ਤਾਂ ਕਿ ਥੋੜੇ ਚਿਰ ਵਾਸਤੇ ਬਿਜਲੀ ਦੀ ਥੁੜ ਨੂੰ ਘਟਾਇਆ ਜਾਵੇ। ਇਸ ਵਾਸਤੇ ਬਿਜਲੀ ਬੋਰਡ 1,100 ਕੇ. ਵੀ ਏ. ਦੇ 16 ਸੈਟ ਕਿਰਲੋਸਕਰ ਵਾਲਿਆਂ ਕੋਲੋਂ ਅਤੇ 875 ਕੇ. ਵੀ. ਏ. ਦੇ ਚਾਰ ਸੈਟ, ਗਾਰਡਨ ਰੀਚ, ਕਲਕੱਤਾ ਕੋਲੋਂ ਲੈ ਰਿਹਾ ਹੈ। ਪੂਰਬੀ ਜਰਮਨੀ ਕੋਲੋਂ 1,100 ਕੇ. ਵੀ. ਏ. ਦੇ 25 ਸੈਟ, ਚੈਕੋਸਲੋਵਾਕੀਆ ਕੋਲੋਂ 1450 ਕੇ. ਵੀ. ਏ. ਦੇ 10 ਸੈਟ ਅਤੇ ਰੂਸ ਕੋਲੋਂ 4,400 ਕੇ. ਵੀ. ਏ. ਦੇ ਚਾਰ ਸੈਟ ਖਰੀਦਣ ਲਈ ਚਿੱਠੀਆਂ ਚਲੀਆਂ ਗਈਆਂ ਹਨ। ਭਾਰਤ ਸਰਕਾਰ ਕੋਲੋਂ ਵਦੇਸ਼ੀ ਮੁਦਰਾ ਲੈਣ ਵਾਸਤੇ ਵੀ ਅਰਜ਼ੀਆਂ ਜਾ ਚੁੱਕੀਆਂ ਹਨ ਅਤੇ ਇਸ ਤੋਂ ਇਲਾਵਾ ਪੁਰਾਣੇ ਡੀਜ਼ਲ ਸੈਟ ਖਰੀਦੇ ਜਾ ਰਹੇ ਹਨ। ਮੱਧ ਪ੍ਰਦੇਸ਼ ਬਿਜਲੀ ਬੋਰਡ ਕੋਲੋਂ 2 ਮੈਗਾਵਾਟ ਦੇ 3 ਸੈਟ ਸ੍ਰੀ ਰਾਮ ਕੈਮੀਕਲ ਕੋਟਾ ਕੋਲੋਂ 1,450 ਕੇ. ਵੀ. ਏ. ਦੇ 4 ਸੈਟ ਲੈ ਲਏ ਗਏ ਹਨ। ਇਨ੍ਹਾਂ ਨੂੰ ਅਸਲ ਥਾਵਾਂ ਤੋਂ ਉਖੇੜਨ ਤੇ ਨਵੀਆਂ ਥਾਵਾਂ ਤੇ ਲਗਾਉਣ ਦਾ ਕੰਮ ਜਾਰੀ ਹੈ।]

PROPOSED ABOLITION OF HIGHER SECONDARY SYSTEM OF EDUCATION

*1955. 1. **Chaudhri Ram Singh**
2. **Chaudhri Kewal Krishan**
3. **Shri Sardari Lal Kapur:** Will the Minister for Education be pleased to state :

(a) whether it is a fact that the State Govt. propose to abolish the Higher Secondary System of education from the next academic year ; if so, the reasons therefor ;

(b) whether the Govenrment has ever taken steps to make up the shortage of experienced staff in Higher Secondary Schools to teach Science and Mathematics, to make available good books and look to shortening the difficult syllabus and long courses, so as to retain the Higher Secondary System of education in the State ; if so, the details thereof ?

ਸਰਦਾਰ ਸੁਰਜੀਤ ਸਿੰਘ : (ਏ) ਨਹੀਂ ਜੀ।

(ਬੀ) ਹਾਂ ਜੀ, ਜਿਥੋਂ ਤਕ ਤਜਰਬੇਕਾਰ ਸਾਇੰਸ ਅਤੇ ਗਣਿਤ ਅਮਲੇ ਦੀ ਨਿਯੁਕਤੀ ਦਾ

Original with;
Punjab Vidhan Sabha
Digitized by;
Pa...

[ਸਿਖਿਆ ਮੰਤਰੀ]

ਸਬੰਧ ਹੈ, ਇਨ੍ਹਾਂ ਵਿਸ਼ਿਆਂ ਵਿਚ ਅਮਲੇ ਦੀ ਘਾਟ ਨੂੰ ਪੂਰਾ ਕਰਨ ਲਈ ਬੀ. ਐਸ. ਸੀ./ਬੀ.ਏ. (ਗਣਿਤ ਪਾਸ) ਸਿਖਿਅਤ ਮਾਸਟਰਾਂ/ਮਿਸਟਰੈਸਾਂ ਨੂੰ ਕਨਡੈਨਸਡ ਕੋਰਸ ਕਰਵਾਏ ਗਏ/ਜਾਂਦੇ ਹਨ।

ਚੰਗੀਆਂ ਕਿਤਾਬਾਂ ਦੇ ਪ੍ਰਬੰਧ ਅਤੇ ਕੋਰਸ/ਸਿਲੇਬਸ ਨੂੰ ਸੰਖੇਪ ਆਦਿ ਕਰਨ ਦਾ ਕੰਮ 1969 ਤੋਂ ਪਹਿਲਾਂ ਪੰਜਾਬ ਯੂਨੀਵਰਸਟੀ ਪਾਸ ਸੀ। ਪੰਜਾਬ ਸਕੂਲ ਸਿਖਿਆ ਬੋਰਡ ਜੋ ਅਗਸਤ, 1969 ਵਿਚ ਹੋਂਦ ਵਿਚ ਆਇਆ ਹੈ ਇਸ ਵਿਸ਼ੇ ਬਾਰੇ ਯੋਗ ਅਤੇ ਲੋੜੀਂਦੀ ਕਾਰਵਾਈ ਕਰ ਰਿਹਾ ਹੈ।

DEMAND OF PUNJAB FARMERS' FORUM REGARDING FIXATION OF MINIMUM PRICE OF WHEAT PER QUINTAL

*1959 1. **Sardar Darshan Singh (K.P.)**
ਸ਼੍ਰੀ ਗੋਵਿੰਦਾ ਮੈਨਨ ਦੀ ਜੁਦਾਈ ਸਾਡੇ ਸਾਰਿਆਂ ਲਈ, ਜੋ ਕਿ ਅਗੇ ਵਧ ਕੇ ਕਦਮ ਰਖਣਾ ਚਾਹੁੰਦੇ ਹਨ, ਇਕ ਬੜਾ ਧੱਕਾ ਹੈ। ਉਨ੍ਹਾਂ ਨੇ ਹੀ ਬੈਂਕ ਨੈਸ਼ਨਲਾਈਜ਼ੇਸ਼ਨ ਐਕਟ ਬਣਾਇਆ ਜਿਸ ਨੂੰ ਕੁਝ ਸਜਣਾ ਨੇ ਚੈਲੈਂਜ ਕੀਤਾ ਸੀ, ਪਰ ਉਨ੍ਹਾਂ ਦੀ ਲਿਆਕਤ ਦਾ ਸਦਕਾ ਉਹ ਉਸ ਤਰ੍ਹਾਂ ਹੀ ਰਿਹਾ। ਜਿਸ ਤਰ੍ਹਾਂ ਮੁੱਖ ਮੰਤਰੀ, ਬਾਦਲ ਸਾਹਿਬ, ਨੇ ਜ਼ਿਕਰ ਕੀਤਾ ਹੈ, ਹੁਣ ਉਹ ਪ੍ਰਿਵੀ ਪਰਸਿਜ਼ ਬਾਰੇ ਬਿਲ ਤਿਆਰ ਕਰ ਰਹੇ ਸਨ। ਇਹ ਸਾਰੇ ਦੇਸ਼ ਨੂੰ ਬੜਾ ਸਦਮਾ ਹੈ।

ਸ਼੍ਰੀ ਮੇਹਰ ਚੰਦ ਖੰਨਾ ਵੀ ਇਕ ਮਹਾਨ ਹਸਤੀ ਸਨ। ਉਨ੍ਹਾਂ ਦਾ ਪਿਆਰ ਅਤੇ ਜ਼ਿੰਦਗੀ ਸਾਡੇ ਲਈ ਇਕ ਨਮੂਨਾ ਸੀ। ਉਨ੍ਹਾਂ ਨੇ ਦਿੱਲੀ ਆ ਕੇ ਬੜੇ ਪਿਆਰ ਅਤੇ ਮੁਹੱਬਤ ਨਾਲ ਰੈਫਿਊਜੀਆਂ ਨੂੰ ਇਧਰ ਵਸਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੂੰ ਅਜ ਦਿੱਲੀ ਹੀ ਨਹੀਂ, ਸਾਰਾ ਹਿੰਦੁਸਤਾਨ ਯਾਦ ਕਰਦਾ ਹੈ।

ਸ਼੍ਰੀ ਐਰਿੰਗ ਮਸ਼ਰਿਕ ਵਲੋਂ ਇਕ ਨੌਜਵਾਨ ਉਠਿਆ ਸੀ। ਉਨ੍ਹਾਂ ਨੂੰ ਜ਼ਾਤੀ ਤੌਰ ਤੇ ਕਦੇ ਮਿਲਣ ਦਾ ਮੌਕਾ ਤਾਂ ਨਹੀਂ ਮਿਲਿਆ ਪਰ ਉਨ੍ਹਾਂ ਬਾਰੇ ਸੁਣਿਆ ਸੀ ਕਿ ਉਹ ਬੜੇ ਪੁਸ਼ਿੰਗ ਅਤੇ ਫਾਰਵਰਡ ਲੁਕਿੰਗ ਯੰਗਮੈਨ ਸਨ। ਸਾਨੂੰ ਅਫਸੋਸ ਹੈ ਕਿ ਉਹ ਸਾਡੇ ਤੋਂ ਜੁਦਾ ਹੋ ਗਏ ਹਨ।

ਇਸ ਤੋਂ ਇਲਾਵਾ ਸ਼੍ਰੀ ਦੀਨਾ ਨਾਥ ਸੱਗਰ ਅਤੇ ਰਾਏ ਹਰੀ ਚੰਦ ਜੀ ਵੀ ਸਾਥੋਂ ਵਿਛੜ ਗਏ ਹਨ। ਇਨ੍ਹਾਂ ਨਾਲ ਸਾਡੇ ਬਹੁਤ ਜ਼ਾਤੀ ਸਬੰਧ ਸਨ। ਰਾਏ ਹਰੀ ਚੰਦ ਹੋਰੀਂ ਐਲ. ਐਲ. ਬੀ. ਕਰਕੇ, ਪਾਲਿਟਿਕਸ ਵਿਚ ਆਏ। ਪਹਿਲਾਂ ਜ਼ਿਲ੍ਹੇ ਦੀ ਪਾਲਿਟਿਕਸ ਵਿਚ ਅਗੇ ਰਹੇ, ਫਿਰ ਯੂਨਾਈਟਿਡ ਪੰਜਾਬ ਵਿਚ ਐਮ. ਐਲ. ਏ. ਬਣੇ। ਪਾਰਟੀਸ਼ਨ ਤੋਂ ਮਗਰੋਂ ਵੀ ਇਧਰ ਆਕੇ ਐਮ. ਐਲ. ਏ. ਰਹੇ। ਪਰ ਅਫਸੋਸ ਇਹ ਹੈ ਕਿ ਜਿਸ ਵੇਲੇ ਉਹ ਰੀਟਾਇਰ ਹੋ ਗਏ ਸਨ ਅਤੇ ਉਨ੍ਹਾਂ ਨੇ ਆਪਣਾ ਐਗਰੀਕਲਚਰਲ ਦਾ ਬਿਜ਼ਨੈਸ ਕਰਨਾ ਸ਼ੁਰੂ ਕਰ ਦਿਤਾ ਸੀ ਤਾਂ ਉਨ੍ਹਾਂ ਨੂੰ ਦਿਨ ਦਿਹਾੜੇ ਕਤਲ ਕਰ ਦਿਤਾ ਗਿਆ। ਇਹ ਬੜਾ ਅਫਸੋਸਨਾਕ ਵਾਕਿਆ ਹੈ। ਮੈਂ ਸਮਝਦਾ ਹਾਂ ਕਿ ਜਿਹੜੇ ਨੌਜਵਾਨ ਭੁਲੇ ਹੋਏ ਇਹ ਕੰਮ ਕਰ ਰਹੇ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਹਨ ਉਹ ਆਪਣਾ ਕੇਸ ਖੁਦ ਖਰਾਬ ਕਰ ਰਹੇ ਹਨ; ਖਾਸ ਕਰ ਇਸ ਤਰ੍ਹਾਂ ਦੇ ਰੀਟਾਇਰਡ ਆਦਮੀ ਨੂੰ ਮਾਰਕੇ, ਜਿਸ ਦੀ ਹੁਣ ਕਿਸੇ ਨਾਲ ਰੰਜਿਸ਼ ਨਾ ਹੋਵੇ ।

ਸ੍ਰੀ ਦੀਨਾ ਨਾਥ ਸੱਗਰ ਬਾਰੇ ਕਾਫੀ ਕੁਝ ਕਿਹਾ ਗਿਆ ਹੈ। ਉਨ੍ਹਾਂ ਨੇ ਲੁਧਿਆਣਾ ਸ਼ਹਿਰ ਅਤੇ ਬਾਹਰ ਵੀ ਬੜੀ ਸੇਵਾ ਕੀਤੀ । ਉਹ ਇਕ ਆਮ ਵਰਕਰ ਸਨ ਅਤੇ ਹਰਮਨ ਪਿਆਰੇ ਸਨ ; ਉਨ੍ਹਾਂ ਦੀ ਅਚਾਨਕ ਮੌਤ ਸਾਡੇ ਲਈ ਸਦਮਾ ਬਣ ਗਈ ਹੈ । ਆਪ ਦੇ ਜ਼ਰੀਏ ਜੋ ਖਿਆਲਾਤ ਚੀਫ ਮਨਿਸਟਰ ਸਾਹਿਬ ਨੇ ਜ਼ਾਹਿਰ ਕੀਤੇ ਹਨ, ਉਨ੍ਹਾਂ ਨਾਲ ਆਪਣੇ ਆਪਨੂੰ ਸਬੰਧਤ ਕਰਦਾ ਹਾਂ ਅਤੇ ਅਰਜ਼ ਕਰਦਾ ਕਿ ਇਹ ਰੈਜ਼ੋਲਿਊਸ਼ਨ ਉਨ੍ਹਾਂ ਦੇ ਰੈਲੇਟਿਵਜ਼ ਨੂੰ ਜ਼ਰੂਰ ਭੇਜਿਆ ਜਾਵੇ । ਅਗਰ ਸ੍ਰੀ ਦੀਨਾ ਨਾਥ ਸੱਗਰ ਹੋਰਾਂ ਦਾ ਨਾਮ ਉਸ ਵਿਚ ਨਹੀਂ ਹੈ ਤਾਂ ਇਹ ਵੀ ਉਸ ਵਿਚ ਸ਼ਾਮਿਲ ਕੀਤਾ ਜਾਵੇ ।

चौधरी बलबीर सिंह : (हुश्यारपुर) अध्यक्ष महोदय, हिन्दोस्तान की जिन हस्तियों का हाल ही में इन्तकाल हुआ है, मैं उन्हें संयुक्त सोशलिस्ट पार्टी की तरफ से श्रद्धांजलि के फूल भेंट करने के लिये खड़ा हुआ हूं ।

इन में से श्री मेहर चन्द जी खन्ना से मुझे तब मिलने का इत्तफाक हुआ था जब मकानों ओर दुकानों की कीमतों के बारे में सरकार ने फैसला किया था कि 5000/- रु: से ऊपर कीमत वाली जायदाद की नीलामी की जायगी । उस वक्त मैं पंजाब व्यापार मण्डल की तरफ से डैपुटेशन लेकर उन से मिला था । उन्हों ने बड़ी हमदर्दी से हमारी बातें सुनी और काफी मुतालबे मान भी लिये । इस के नतीजा के तौर पर शरणार्थियों को जो आबाद होने में दिक्कतें महसूस हो रही थीं, वह दुर हुईं और उन को सहूलतें मिलीं ।

श्री हरिचंद जी हमारे जिला के एम. एल. ए. रहे हैं और काफी अरसा से खामोश जिन्दगी बसर कर रहे थे । जिन हालात में उन का कत्ल हुआ है, निहायत ही अफसोसनाक है । श्री दीना नाथ जी सगर के साथ मेरा ज़ाती सम्बंध रहा है । वह आज़ादी की लड़ाई में काफी हिस्सा लेते रहे और आज़ादी आने के बाद भी मुल्क की तामीर में हिस्सा लेते रहे हैं और समाजी और स्यासी जिन्दगी में उन्हों ने नुमायां हिस्सा डाला है । उन के स्वर्गवास हो जाने पर मैं श्रद्धा के फूल भेंट करता हूं ।

ਕਾਮਰੇਡ ਬਾਬੂ ਸਿੰਘ ਮਾਸਟਰ (ਫੂਲ) : ਸਪੀਕਰ ਸਾਹਿਬ, ਜਿਹੜਾ ਮਾਤਮੀ ਮਤਾ ਚੀਫ ਮਨਿਸਟਰ ਸਾਹਿਬ ਨੇ ਇਸ ਹਾਊਸ ਵਿਚ ਪੇਸ਼ ਕੀਤਾ ਹੈ ਮੈਂ ਆਪਣੀ ਪਾਰਟੀ ਵਲੋਂ ਉਸ ਨਾਲ ਸਹਿਮਤੀ ਪਰਗਟ ਕਰਦਾ ਹਾਂ ਅਤੇ ਸ਼ਰਧਾ ਦੇ ਫੁਲ ਭੇਂਟ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਸ ਹਾਊਸ ਦੀਆਂ ਭਾਵਨਾਵਾਂ ਦੀਆਂ ਕਾਪੀਆਂ ਉਨ੍ਹਾਂ ਦੇ ਵਾਰਸਾਂ ਤਕ ਪਹੁੰਚਾ ਦਿੱਤੀਆਂ ਜਾਣ ; ਜਿਸ ਤਰ੍ਹਾਂ ਕਿ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ।

ਜਿਥੇ ਤਕ ਸ੍ਰੀ ਗੋਵਿੰਦਾ ਮੈਨਨ ਜੀ ਦਾ ਸਬੰਧ ਹੈ ਉਨ੍ਹਾਂ ਨੇ ਬੈਂਕਾਂ ਦੀ ਨੈਸ਼ਨੇਲਾਈਜ਼ੇਸ਼ਨ ਦੇ ਬਿਲ ਨੂੰ ਪਾਇਲਟ ਕੀਤਾ ਸੀ ਅਤੇ ਹੁਣ ਪ੍ਰਿਵੀ ਪਰਸਾਂ ਦੇ ਖਤਮ ਕਰਨ ਸਬੰਧੀ ਬਿਲ ਦੇ ਬਾਰੇ ਕੰਮ ਕਰ ਰਹੇ ਸਨ । ਉਨ੍ਹਾਂ ਨੇ ਜਿਹੜੀ ਸੇਵਾ ਕੀਤੀ ਹੈ ਅਤੇ ਜਿਹੜੇ ਚਾਰ ਵਿਅਕਤੀ ਚਲਾਣਾ ਕਰ ਗਏ ਹਨ ਇਨ੍ਹਾਂ ਦੀ ਕੁਰਬਾਨੀ ਅਤੇ ਸੇਵਾ ਤੋਂ ਸਾਨੂੰ ਕਾਫੀ ਸਿਖਿਆ ਮਿਲਦੀ ਹੈ । ਸਾਰਿਆਂ ਤੋਂ ਵਡੀ ਇਹ ਸਿਖਿਆ ਹੈ ਕਿ ਇਮਾਨਦਾਰੀ ਨਾਲ ਅਤੇ ਫੇਥਫੁਲ ਰਹਿਕੇ, ਵਿਧਾਨ ਵਿਚ ਰਹਿ ਕੇ, ਚੰਗੀਆਂ ਕੰਮਾਂ ਦੇ

Original with;
Punjab Vidhan Sabha
Digitized by;
Panjab Digital Library

ਅਸੂਲਾਂ ਦੀ ਪਾਲਨਾ ਕੀਤੀ ਜਾਵੇ ਅਤੇ ਇਕ ਚੰਗੀ ਮਿਸਾਲ ਕਾਇਮ ਕੀਤੀ ਜਾਵੇ । ਸਾਨੂੰ ਤਾਂ ਅਸੈਂਬਲੀ ਦੇ ਮੈਂਬਰਾਂ ਨੂੰ ਉਨ੍ਹਾਂ ਚੰਗੇ ਅਸੂਲਾਂ ਤੇ ਤੁਰਨ ਦਾ ਤਰਦਦ ਕਰਨਾ ਚਾਹੀਦਾ ਹੈ ਅਤੇ ਮਿਸਾਲ ਕਾਇਮ ਕਰਨੀ ਚਾਹੀਦੀ ਹੈ ਤਾਂ ਕਿ ਜੀਵਨ ਇਕ ਆਦਰਸ਼ ਬਣ ਸਕੇ । ਮੈਂ ਇਕ ਵੇਰ ਫ਼ਿਰ ਉਨ੍ਹਾਂ ਵਿਛੜੀਆਂ ਆਤਮਾਵਾਂ ਨੂੰ ਸ਼ਰਧਾਂਜਲੀ ਅਰਪਣ ਕਰਦਾ ਹਾਂ ।

ਸ਼੍ਰੀ ਬਲਰਾਮ ਦਾਸ ਟੰਡਨ (ਅੰਮ੍ਰਿਤਸਰ ਕੇਂਦਰੀ) : ਸਪੀਕਰ ਸਾਹਿਬ, ਇਹ ਜਿਹੜਾ ਪ੍ਰਸਤਾਵ ਚੀਫ਼ ਮਨਿਸਟਰ ਸਾਹਿਬ ਨੇ ਔਬਿਚੂਅਰੀ ਰੈਫਰੈਂਸਿਜ਼ ਦੇ ਰੂਪ ਵਿਚ ਹਾਊਸ ਦੇ ਸਾਹਮਣੇ ਰਖਿਆ ਹੈ ਮੈਂ ਉਸ ਨਾਲ ਆਪਣੀ ਪਾਰਟੀ ਵਲੋਂ ਸਹਿਮਤੀ ਪਰਗਟ ਕਰਦਾ ਹਾਂ । ਸ਼੍ਰੀ ਮੇਹਰ ਚੰਦ ਜੀ ਖੰਨਾ ਰਿਹੈਬਿਲੀਟੇਸ਼ਨ ਦੇ ਮਨਿਸਟਰ ਸਨ । ਇਹ ਸਰਹਦੀ ਇਲਾਕੇ ਵਿਚੋਂ ਆਏ ਸਨ ਅਤੇ ਇਕ ਉਚ ਪਰਵਾਰ ਨਾਲ ਇਨ੍ਹਾਂ ਦਾ ਸਬੰਧ ਸੀ । ਇਨਾਂ ਨੇ ਪਬਲਿਕ ਲਾਈਫ਼ ਵਿਚ ਆ ਕੇ ਸੂਬੇ ਦੀ ਕਾਫੀ ਖਿਦਮਤ ਕੀਤੀ ਉਥੇ ਵੀ ਇਹ ਪਬਲਿਕ ਲਾਈਫ਼ ਵਿਚ ਕੰਮ ਕਰਦੇ ਰਹੇ ਅਤੇ ਦੇਸ਼ ਦੀ ਵੰਡ ਤੋਂ ਬਾਅਦ ਇਧਰ ਆਣ ਕੇ ਇਨ੍ਹਾਂ ਨੇ ਅਪਰੂਟਿਡ ਲੋਕਾਂ ਵਿਚ, ਜਿਹੜੇ ਕਿ ਪਾਕਿਸਤਾਨ ਤੋਂ ਉਜੜ ਕੇ ਆਏ ਸਨ ਬਹੁਤ ਕੰਮ ਕੀਤਾ ਅਤੇ ਦਿਨ ਰਾਤ ਇਕ ਕਰ ਦਿਤਾ ਅਤੇ ਜਿਸ ਮਿਹਨਤ ਨਾਲ ਉਨ੍ਹਾਂ ਦੇ ਵਸਾਉਣ ਦੇ ਕੰਮ ਨੂੰ ਇਨ੍ਹਾਂ ਨੇ ਕੀਤਾ ਇਸ ਲਈ ਪੰਜਾਬ ਦੇ ਸ਼ਾਰੇ ਲੋਕ ਇਨ੍ਹਾਂ ਦੇ ਸਦਾ ਰਿਣੀ ਰਹਿਣਗੇ । ਇਨ੍ਹਾਂ ਦੇ ਸੁਰਗਵਾਸ ਹੋ ਜਾਣ ਦਾ ਸਾਨੂੰ ਬਹੁਤ ਵਿਯੋਗ ਹੈ ਅਤੇ ਇਨ੍ਹਾਂ ਦੇ ਚਲੇ ਜਾਣ ਨਾਲ ਪਏ ਘਾਟੇ ਨੂੰ ਪੂਰਿਆ ਨਹੀਂ ਜਾ ਸਕਦਾ ।

ਸ੍ਰੀ ਗੋਵਿੰਦਾ ਮੈਨਿਨ ਜੀ ਕੇਰਲ ਤੋਂ ਸਨ । ਉਸ ਸਟੇਟ ਨੂੰ ਬਣਾਉਣ ਵਿਚ ਇਨ੍ਹਾਂ ਦਾ ਬਹੁਤ ਵੱਡਾ ਹੱਥ ਸੀ । ਇਨ੍ਹਾਂ ਦੇ ਚਲੇ ਜਾਣ ਦਾ ਬਹੁਤ ਅਫਸੋਸ ਹੈ । ਇਸ ਤੋਂ ਇਲਾਵਾ ਸ਼੍ਰੀ ਡੀ. ਐਰਿੰਗ, ਡਿਪਟੀ ਮਨਿਸਟਰ, ਰਹੇ ਹਨ । ਇਹ ਨੌਜਵਾਨ ਸਨ । ਮੈਨੂੰ ਇਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ ਹੈ । ਆਸਾਮ ਵਿਚ ਜਾਣ ਦਾ ਮੌਕਾ ਮਿਲਿਆ ਜਿਥੇ ਕਿ ਵਡੀਆਂ ਵਡੀਆਂ ਸ਼ਖਸੀਅਤਾਂ ਆਈਆਂ ਸਨ ਅਤੇ ਕਮੇਟੀ ਬੈਠੀ ਹੋਈ ਸੀ ਉਸ ਵਿਚ ਮੈਨੂੰ ਇਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ । ਇਨ੍ਹਾਂ ਨਾਲ ਗਲ ਬਾਤ ਕੀਤੀ ਸੀ ਅਤੇ ਇਹ ਵੇਖ ਕੇ ਬੜੀ ਖੁਸ਼ੀ ਹੋਈ ਸੀ ਕਿ ਇਨ੍ਹਾਂ ਦੇ ਦਿਲ ਵਿਚ ਦੇਸ਼ ਲਈ ਤੜਪ ਸੀ ਅਤੇ ਖਾਸ ਕਰਕੇ ਇਸ ਤਰ੍ਹਾਂ ਦੇ ਸਟ੍ਰੈਟੇਜਿਕ ਸੂਬੇ ਵਿਚ ਇਨ੍ਹਾਂ ਦੀ ਬਹੁਤ ਲੋੜ ਸੀ । ਇਨ੍ਹਾਂ ਦੇ ਚਲੇ ਜਾਣ ਨਾਲ ਬਹੁਤ ਘਾਟਾ ਪਿਆ ਹੈ ।

ਇਸ ਤੋਂ ਇਲਾਵਾ ਸ਼੍ਰੀ ਦੀਨਾ ਨਾਥ ਜੀ ਸਗਰ ਸਾਡੇ ਪੰਜਾਬ ਦੇ ਲੈਜਿਸਲੇਟਰ ਰਹੇ ਹਨ । ਮੈਨੂੰ ਇਨ੍ਹਾਂ ਨਾਲ ਉਠਣ ਬੈਠਣ ਦਾ ਮੌਕਾ ਮਿਲਿਆ ਹੈ ਅਤੇ ਇਨ੍ਹਾਂ ਦੇ ਖਿਆਲਾਤ ਵੀ ਸੁਣਦਾ ਰਿਹਾ ਹਾਂ । ਇਹ ਇਕ ਨੇਕ ਦਿਲ ਇਨਸਾਨ ਸਨ ਅਤੇ ਉਚੀ ਸ਼ਖਸੀਅਤ ਸਨ । ਇਨ੍ਹਾਂ ਦੇ ਚਲੇ ਜਾਣ ਦਾ ਬਹੁਤ ਦੁਖ ਹੈ ।

ਇਸ ਤੋਂ ਇਲਾਵਾ ਰਾਏ ਹਰੀ ਚੰਦ ਜੀ ਐਕਸ ਐਮ. ਐਲ. ਏ. ਸਾਡੇ ਤੋਂ ਜੁਦਾ ਹੋ ਗਏ ਹਨ । ਜਿਨ੍ਹਾਂ ਸਰਕਮਸਟਾਂਸਿਜ਼ ਵਿਚ ਉਨ੍ਹਾਂ ਦੀ ਮੌਤ ਹੋਈ ਹੈ ਉਹ ਹੋਰ ਵੀ ਦੁਖਦਾਈ ਹੈ । ਕਿਸ ਤਰ੍ਹਾਂ ਉਨ੍ਹਾਂ ਨੂੰ ਘਰ ਵਿਚੋਂ ਬੁਲਾ ਕੇ ਲੈ ਗਏ ਅਤੇ ਗੋਲੀ ਮਾਰ ਦਿਤੀ ਗਈ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਕਿ ਇਕ ਨੇਤਾ ਨੂੰ ਇਸ ਤਰ੍ਹਾਂ ਘਰੋਂ ਬੁਲਾ ਕੇ ਮਾਰ ਦਿਤਾ ਜਾਵੇ, ਦੀ ਵਧ ਤੋਂ ਵਧ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ, ਅਤੇ ਇਸ ਤੋਂ ਅੱਖਾਂ ਨਹੀਂ ਮੀਟ ਲੈਣੀਆਂ ਚਾਹੀਦੀਆਂ । ਇਹ ਦੇਸ਼ ਦੀ ਆਜ਼ਾਦੀ ਅਤੇ ਅਮਨ ਲਈ ਇਕ ਸੀਰੀਅਸ ਥਰੈਟ ਹੈ । ਜੇਕਰ

Original with;
Punjab Vidhan Sabha
Digitized by;
Panjab Digital Library

[ਸ੍ਰੀ ਬਲਰਾਮ ਦਾਸ ਟੰਡਨ]
ਸਰਕਾਰ ਵਲੋਂ ਕੋਸ਼ਿਸ਼ ਕਰਕੇ ਇਸ ਸਬੰਧ ਵਿਚ ਐਕਸ਼ਨ ਨਾ ਲਿਆ ਗਿਆ ਤਾਂ ਇਸ ਤਰੀਕੇ ਨਾਲ ਕਿਸੇ ਦੀ ਵੀ ਜ਼ਿੰਦਗੀ ਸੇਫ ਨਹੀਂ ਸਮਝੀ ਜ਼ਾ ਸਕਦੀ। ਕੋਈ ਵੀ ਇਨਸਾਨ ਜਿਹੜਾ ਦੇਸ਼ ਦੀ ਸੇਵਾ ਕਰਨ ਵਾਲਾ ਪਬਲਿਕ ਲਾਈਫ ਵਿਚ ਹੋਵੇ, ਉਸ ਲਈ ਪੰਜਾਬ ਸਰਕਾਰ ਦੀ, ਖਾਸ ਤੌਰ ਤੇ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਇਸ ਤਰੀਕੇ ਦੇ ਹਾਲਾਤ ਕਿਸੇ ਕੀਮਤ ਤੇ ਵੀ ਨਾ ਵਾਪਰਨ ਦੇਵੇ। ਅਜਿਹੇ ਹਾਲਾਤ ਕਿਸੇ ਹੋਰ ਸਟੇਟ ਵਿਚ ਵੀ ਨਜ਼ਰ ਨਹੀਂ ਆਉਂਦੇ।

ਸਪੀਕਰ ਸਾਹਿਬ, ਇੰਨਾਂ ਕਹਿ ਕੇ, ਚੀਫ਼ ਮਨਿਸਟਰ ਸਾਹਿਬ ਵਲੋਂ ਜਿਹੜਾ ਮਤਾ ਪੇਸ਼ ਕੀਤਾ ਗਿਆ ਹੈ, ਮੈਂ ਆਪਣੀ ਪਾਰਟੀ ਵਲੋਂ ਵਿਛੜ ਗਏ ਵਿਅਕਤੀਆਂ ਨੂੰ ਸ਼ਰਧਾਂਜਲੀ ਅਰਪਿਤ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਸਾਡੇ ਮੈਂਬਰਾਂ ਦੀਆਂ ਭਾਵਨਾਵਾਂ ਉਨ੍ਹਾਂ ਦੇ ਲਵਾਹਕੀਨ ਤਕ ਪਹੁੰਚਾ ਦਿਤੀਆਂ ਜਾਣ ਅਤੇ ਅਫਸੋਸ ਦੀਆਂ ਚਿਠੀਆਂ ਉਨ੍ਹਾਂ ਦੇ ਪਰਵਾਰਾਂ ਤਕ ਭੇਜ ਦਿਤੀਆਂ ਜਾਣ।

ਸਰਦਾਰ ਬਸੰਤ ਸਿੰਘ (ਡਕਾਲਾ) : ਸਪੀਕਰ ਸਾਹਿਬ, ਇਹ ਜਿਹੜਾ ਸ਼ੋਕ ਦਾ ਪ੍ਰਸਤਾਵ ਹਾਊਸ ਦੇ ਸਾਹਮਣੇ ਚੀਫ਼ ਮਨਿਸਟਰ ਸਾਹਿਬ ਵਲੋਂ ਪੇਸ਼ ਕੀਤਾ ਗਿਆ ਹੈ ਅਤੇ ਜਿਹੜੇ ਜਜ਼ਬਾਤ ਨਾਲ ਉਨ੍ਹਾਂ ਵਿਅਕਤੀਆਂ ਵਲ ਰੈਫਰ ਕੀਤਾ ਗਿਆ ਹੈ, ਮੈਂ ਆਪਣੀ ਪਾਰਟੀ ਵਲੋਂ ਉਨ੍ਹਾਂ ਨਾਲ ਸਹਿਮਤ ਹਾਂ। ਇਹ ਨਾਮਵਰ ਸ਼ਖਸੀਅਤਾਂ ਸਨ ਅਤੇ ਇਨ੍ਹਾਂ ਨੇ ਆਪਣੇ ਆਪਣੇ ਸਫੀਅਰ ਵਿਚ ਇਕ ਉਘਾ ਕੰਟ੍ਰੀਬਿਊਸ਼ਨ ਕੀਤਾ ਹੈ। ਇਨ੍ਹਾਂ ਨੇ ਆਪਣੇ ਸਫੀਅਰ ਆਫ ਐਕਟਿਵਿਟੀ ਵਿਚ ਪਰੀਡਾਮੀਨੈਂਟ ਰੋਲ ਪਲੇ ਕੀਤਾ ਹੈ। ਇਸ ਤਰ੍ਹਾਂ ਦੀਆਂ ਸ਼ਖਸੀਅਤਾਂ ਕਿਸੇ ਵੀ ਦੇਸ਼ ਵਿਚ ਆਪਣਾ ਨਿਸ਼ਾਨ ਪੈਦਾ ਕਰਦੀਆਂ ਹਨ ਅਤੇ ਮਾਰਕ ਪੈਦਾ ਕਰਦੀਆਂ ਹਨ। ਇਨ੍ਹਾਂ ਦੇ ਚਲੇ ਜਾਣ ਨਾਲ ਜਿਹੜਾ ਖਿਲਾ ਪੈਦਾ ਹੋ ਗਿਆ ਹੈ ਉਹ ਪੂਰੇ ਜਾਣ ਵਾਲਾ ਨਹੀਂ।

ਜਿਥੋਂ ਤਕ ਸ੍ਰੀ ਹਰੀ ਚੰਦ ਜੀ ਦਾ ਸਬੰਧ ਹੈ, ਜਿਸ ਤਰੀਕੇ ਨਾਲ ਉਨ੍ਹਾਂ ਦੀ ਮੌਤ ਦਾ ਵਾਕਿਆ ਹੋਇਆ, ਉਸ ਦਾ ਬਹੁਤ ਦੁਖ ਹੈ ਅਤੇ ਉਸ ਹਾਲਤ ਨੂੰ ਵੇਖ ਕੇ ਇਸ ਸੂਬੇ ਦੀ ਐਡਮਨਿਸਟ੍ਰੇਸ਼ਨ ਸਾਊਂਡ ਨਹੀਂ ਕਹੀ ਜਾ ਸਕਦੀ। ਇਸ ਤੋਂ ਸਾਬਤ ਹੁੰਦਾ ਹੈ ਕਿ ਲਾ ਐਂਡ ਆਰਡਰ ਦੀ ਹਾਲਤ ਸਾਊਂਡ ਨਹੀਂ। ਇਹ ਸਾਬਤ ਹੁੰਦਾ ਹੈ ਕਿ ਇਸ ਤਰ੍ਹਾਂ ਦੀ ਐਡਮਨਿਸਟ੍ਰੇਸ਼ਨ ਵਿਚ ਦੇਅਰ ਇਜ਼ ਸਮਵਟ ਫਰਿਕਸ਼ਨ। ਇਸ ਐਡਮਨਿਸਟ੍ਰੇਸ਼ਨ ਵਿਚ ਕਿਸੇ ਦੀ ਜਾਨ ਤੇ ਮਾਲ ਸੇਫ ਨਹੀਂ। ਇਸ ਲਈ ਐਡਮਨਿਸਟ੍ਰੇਸ਼ਨ ਵਿਚ ਸਟਰਨਨੈਸ ਹੋਣੀ ਚਾਹੀਦੀ ਹੈ। ਫਲੈਕਸੀਬਿਲਿਟੀ ਹੋਣੀ ਚਾਹੀਦੀ ਹੈ, ਮੈਨੂਵਰੇਬਿਲਿਟੀ ਹੋਣੀ ਚਾਹੀਦੀ ਹੈ, ਮੈਨੀਪੂਲੇਸ਼ਨ ਹੋਣੀ ਚਾਹੀਦੀ ਹੈ, ਲਚਕ ਹੋਣੀ ਚਾਹੀਦੀ ਹੈ। ਸਰਕਾਰ ਨੂੰ ਇਸ ਤਰ੍ਹਾਂ ਦੇ ਵਾਕਿਆਤ ਨੂੰ ਰੋਕਣਾ ਚਾਹੀਦਾ ਹੈ। ਤਾਕਿ ਅੱਗੇ ਤੋਂ ਰੀਪੀਟ ਨਾ ਹੋਣ। ਜੇਕਰ ਕੋਈ ਸੈਲ ਕਾਇਮ ਕੀਤਾ ਹੋਇਆ ਹੈ ਤਾਂ ਉਸ ਦੀ ਪਰਾਗਰੈਸ ਵੇਖਣੀ ਚਾਹੀਦੀ ਹੈ ਕਿ ਕਿਵੇਂ ਦਿਨ ਦਿਹਾੜੇ ਇਸ ਤਰ੍ਹਾਂ ਦਾ ਕਤਲ ਹੋ ਗਿਆ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਦੀ ਲਾ ਐਂਡ ਆਰਡਰ ਦੀ ਹਾਲਤ ਤੇ ਇਹ ਧੱਬਾ ਹੈ। ਪੰਜਾਬ ਦਾ ਲਾ ਐਂਡ ਆਰਡਰ ਬਾਕੀ ਰਾਜਾਂ ਵਿਚ ਪਹਿਲੇ ਮਸ਼ਹੂਰ ਸੀ ਅਤੇ ਦੂਜੀਆਂ ਸਟੇਟਾਂ ਇਸ ਦੀ ਨਕਲ ਕਰਦੀਆਂ ਸਨ। ਜੇਕਰ ਇਸ ਤਰ੍ਹਾਂ ਹੀ ਹੁੰਦਾ ਰਿਹਾ ਤਾਂ ਇਹ ਪੰਜਾਬ ਦੇ ਨਾਂ ਤੇ ਇਕ ਧੱਬਾ ਹੋਵੇਗਾ। ਇਸ ਚੀਜ਼ ਦਾ ਸੀਰੀਅਸ ਨੋਟਿਸ ਲੈਣਾ ਚਾਹੀਦਾ ਹੈ। ਇਸ ਵਿਚ ਸੂਬੇ ਦੀ ਸਰਕਾਰ ਦਾ ਸਵਾਲ ਹੈ, ਸੁਸਾਇਟੀ ਦਾ ਸਵਾਲ ਹੈ, ਪੇਸ਼ੇ ਤੇ ਕਿਤੇ ਦਾ ਸਵਾਲ ਹੈ। ਅਤੇ ਜੇਕਰ ਹਾਲਾਤ ਠੀਕ ਰਹਿਣ ਤਾਂ ਹੀ ਸੂਬੇ ਦੀ ਤਰੱਕੀ ਹੋ ਸਕਦੀ ਹੈ, ਡਿਵੈਲਪਮੈਂਟ ਹੋ ਸਕਦੀ ਹੈ, ਅਕਾਨੌਮੀ ਵਧ ਸਕਦੀ ਹੈ। ਇਸ ਲਈ ਇਸ ਪਾਸੇ ਖਾਸ ਤੌਰ ਤੇ ਧਿਆਨ ਦੇਣ ਦੀ ਲੋੜ ਹੈ ਤਾਕਿ ਇਸ ਤਰ੍ਹਾਂ ਦੇ ਵਾਕਿਆਤ ਨਾ ਹੋਣ। ਇੰਨਾਂ ਕਹਿਕੇ ਮੈਂ ਸ਼ੋਕ ਪ੍ਰਸਤਾਵ ਨਾਲ ਆਪਣੇ ਆਪ

Original with;
Punjab Vidhan Sabha
Digitized by;
Panjab Digital Library

ਨੂੰ ਅਤੇ ਆਪਣੀ ਪਾਰਟੀ ਨੂੰ ਸਹਿਮਤ ਕਰਦਾ ਹਾਂ ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣ) : ਸਪੀਕਰ ਸਾਹਿਬ, ਇਹ ਜਿਹੜਾ ਸ਼ੋਕ ਪ੍ਰਸਤਾਵ ਇਸ ਸਦਨ ਵਿਚ ਚੀਫ਼ ਮਨਿਸਟਰ ਸਾਹਿਬ ਵਲੋਂ ਪੇਸ਼ ਕੀਤਾ ਗਿਆ ਹੈ ਮੈਂ ਇਸ ਦੀ ਤਾਈਦ ਕਰਦਾ ਹਾਂ ਅਤੇ ਜਿਹੜੇ ਅਹਿਸਾਸਾਤ ਮੈਂਬਰ ਸਾਹਿਬਾਨ ਨੇ ਇਸ ਸਿਲਸਿਲੇ ਵਿਚ ਦਿਤੇ ਹਨ ਉਨ੍ਹਾਂ ਦੀ ਤਾਈਦ ਕਰਦਾ ਹਾਂ ।

ਇਕ ਸ਼ਖਸੀਅਤ ਦਾ ਕਤਲ ਹੋਇਆ, ਇਸ ਦਾ ਖਾਸ ਤੌਰ ਤੇ ਜ਼ਿਕਰ ਕਰਨਾ ਚਾਹੁੰਦਾ ਹਾਂ, ਅਤੇ ਇਸ ਨਾਲ ਚਿੰਤਾ ਪਰਗਟ ਕਰਦਾ ਹਾਂ । ਕਿਉਂਕਿ ਇਹ ਨਾਮੁਮਕਿਨ ਬਾਤ ਹੈ ਕਿ ਕੋਈ ਸਿਆਸੀ ਜੀਵਨ ਵਿਚ ਦਾਖਲ ਹੋਵੇ ਅਤੇ ਇਸ ਤਰ੍ਹਾਂ ਆਪਣੇ ਸਫੀਅਰ ਵਿਚ ਕੰਮ ਕਰੇ ਅਤੇ ਫਿਰ ਉਸ ਦੀ ਜਾਨ ਅਤੇ ਮਾਲ ਮਹਿਫੂਜ਼ ਨਾ ਹੋਣ ਤਾਂ ਫਿਰ ਕਿਸ ਤਰ੍ਹਾਂ ਦੇਸ਼ ਦਾ ਭਲਾ ਕੀਤਾ ਜਾ ਸਕਦਾ ਹੈ । ਹਰ ਇਕ ਨੇ ਆਪਣੇ ਆਪਣੇ ਸਫੀਅਰ ਵਿਚ ਸ਼ਲਾਘਾਯੋਗ ਕੰਮ ਕੀਤਾ ਹੈ ਪਰ ਇਸ ਤਰ੍ਹਾਂ ਦੀ ਘਟਨਾ ਪੰਜਾਬ ਦਾ ਇਕ ਹੋਰ ਹੀ ਨਮੂਨਾ ਪੇਸ਼ ਕਰਦੀ ਹੈ । ਇਸ ਪਾਸੇ ਖਾਸ ਤੌਰ ਤੇ ਧਿਆਨ ਦੇਣ ਦੀ ਲੋੜ ਹੈ ਤਾਕਿ ਸੋਸ਼ਲੀ, ਇਕਨਾਮੀਕਲੀ ਅਤੇ ਪੋਲਿਟੀਕਲੀ ਹਰ ਕੋਈ ਆਪਣੇ ਸਫੀਅਰ ਵਿਚ ਕੰਮ ਕਰ ਸਕੇ ਅਤੇ ਹੈਲਦੀ ਟ੍ਰੈਡੀਸ਼ਨਜ਼ ਕਾਇਮ ਰਹਿ ਸਕਣ । ਇਨ੍ਹਾਂ ਵਿਅਕਤੀਆਂ ਨੇ ਜੋ ਸੇਵਾ ਕੀਤੀ ਹੈ ਇਸ ਦੀ ਸਾਰਿਆਂ ਸ਼ਲਾਘਾ ਕੀਤੀ ਹੈ । ਜਾਣ ਵਾਲੇ ਤਾਂ ਆਪਣੀ ਕੀਰਤੀ ਪਿਛੇ ਛਡ ਗਏ ਅਤੇ ਜਾਨ ਛੁੜਾ ਕੇ ਚਲੇ ਗਏ ਪਰ ਪਿਛੇ ਰਹਿਣ ਵਾਲੇ ਜੋ ਹਨ ਉਨ੍ਹਾਂ ਲਈ ਇਕ ਚਿਤਾਵਨੀ ਹੈ ਕਿ ਅਸੀਂ ਹੈਲਦੀ ਕਨਵੈਨਸ਼ਨਾਂ ਕਾਇਮ ਕਰੀਏ ਅਤੇ ਪੰਜਾਬ ਵਿਚ ਇਕ ਹੈਲਦੀ ਐਟਮਸਫੀਅਰ ਕਾਇਮ ਕੀਤਾ ਜਾਵੇ ਅਤੇ ਮਾਰਲ ਵੈਲਿਊਜ਼ ਕਾਇਮ ਕੀਤੀਆਂ ਜਾਣ ਤਾਂਕਿ ਇਸ ਤਰ੍ਹਾਂ ਦੀ ਸੇਵਾ ਕਰਨ ਵਾਲੇ ਦੀ ਜਾਨ ਮਾਲ ਤਾਂ ਮਹਿਫੂਜ਼ ਰਹੇ । ਜਿਹੜੇ ਚਲੇ ਗਏ ਉਹ ਆਪਣੀ ਚੰਗਿਆਈ ਪਿੱਛੇ ਛਡ ਗਏ ਹਨ ।

ਉਨ੍ਹਾਂ ਦੀ ਅੱਜ ਜਿਹੜੀ ਪ੍ਰਸ਼ੰਸਾ ਸਾਡੇ ਮੂੰਹੋਂ ਨਿਕਲਦੀ ਹੈ, ਉਹਦਾ ਤਾਂ ਕਾਰਨ ਹੀ ਇਹੋ ਹੈ ਕਿ ਅਸੀਂ ਸਾਰੇ ਲੋਕ ਹੀ ਜਾਣਦੇ ਹਾਂ ਕਿ ਉਨ੍ਹਾਂ ਦੇ ਮਨ ਕਿਤਨੇ ਸਾਫ ਸੀ । ਖੰਨਾ ਸਾਹਿਬ ਦੀ ਸ਼ਖਸੀਅਤ ਅਤੇ ਹੋਰ ਦੂਸਰੇ ਦੋਸਤਾਂ ਦਾ ਜਿਨ੍ਹਾਂ ਦਾ ਇਸ ਰੈਜ਼ੋਲਿਊਸ਼ਨ ਦੇ ਵਿਚ ਜ਼ਿਕਰ ਕੀਤਾ ਗਿਆ ਹੈ, ਅਸੀਂ ਉਨ੍ਹਾਂ ਦੇ ਕਾਰਨਾਮਿਆਂ ਦੀ ਮਿਸਾਲ ਹਮੇਸ਼ਾ ਆਪਣੇ ਸਾਹਮਣੇ ਰਖੀਏ । ਇਹ ਜਿਤਨੇ ਵੀ ਵਕਤਨ ਫਵਕਤਨ ਕਾਰਨਾਮੇ ਹੋਏ ਹਨ, ਇਹ ਉਨ੍ਹਾਂ ਹੋ ਗੁਜ਼ਰੇ ਲੋਕਾਂ ਦੀ ਹਮੇਸ਼ਾ ਯਾਦ ਤਾਜ਼ਾ ਕਰਦੇ ਰਹਿਣਗੇ, ਜਿਨ੍ਹਾਂ ਕਾਰਨਾਮਿਆਂ ਕਰਕੇ ਅਸੀਂ ਉਨ੍ਹਾਂ ਦੀ ਪ੍ਰਸ਼ੰਸਾ ਕਰ ਰਹੇ ਹਾਂ, ਸਾਨੂੰ ਉਨ੍ਹਾਂ ਨੂੰ ਅਮਲੀ ਰੂਪ ਦੇਣਾ ਚਾਹੀਦਾ ਹੈ । ਪਰ ਅਫਸੋਸ ਇਸ ਗਲ ਦਾ ਹੈ ਕਿ ਜਿਨ੍ਹਾਂ ਸ਼ਖਸੀਅਤਾਂ ਦੇ ਕਾਰਨਾਮਿਆਂ ਦਾ ਅਸੀਂ ਪਰਚਾਰ ਕਰ ਰਹੇ ਹਾਂ ਅਸੀਂ ਉਨ੍ਹਾਂ ਦੇ ਕਾਰਨਾਮਿਆਂ ਵਲ ਕੋਈ ਧਿਆਨ ਨਹੀਂ ਦੇ ਰਹੇ । ਅਸੀਂ ਰੋਜ਼ਾਨਾ ਦੀ ਜ਼ਿੰਦਗੀ ਦੀ ਦੌੜ ਵਿਚ ਬਤੌਰ ਫਰਾਇਜ਼ ਦੇ ਇਨ੍ਹਾਂ ਹੋ ਗੁਜ਼ਰੇ ਲੋਕਾਂ ਦੇ ਕਾਰਨਾਮਿਆਂ ਨੂੰ ਸ਼ਾਮਲ ਨਹੀਂ ਕਰ ਰਹੇ । ਇਨ੍ਹਾਂ ਲਫਜ਼ਾਂ ਨਾਲ ਮੈਂ, ਇਹ ਜੋ ਮਤਾ ਲੀਡਰ ਆਫ ਦੀ ਹਾਊਸ ਨੇ ਰਖਿਆ ਹੈ ਇਸ ਨਾਲ ਸ਼ਾਮਲ ਹੁੰਦਾ ਹਾਂ ਅਤੇ ਇਨ੍ਹਾਂ ਵਿਛੜੇ ਲੋਕਾਂ ਦੇ ਪਿਛੇ ਰਹੇ ਪ੍ਰਵਾਰਾਂ ਤੇ ਪਰਮਾਤਮਾ ਰਹਿਮਤ ਦਾ ਸਾਇਆ ਬਖਸ਼ੇ ਅਤੇ ਇਨਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ । ਅਸੀਂ ਲੋਕ ਜਿਹੜੇ ਜ਼ਿੰਦਾ ਹਾਂ, ਜਿਨ੍ਹਾਂ ਦੇ ਹਥ ਵਿਚ ਦੇਸ਼ ਦਾ ਭਵਿਖ ਹੈ, ਪ੍ਰਮਾਤਮਾਂ ਉਨ੍ਹਾਂ ਵਲੋਂ ਦਸੇ ਰਾਹ ਤੇ ਚਲਣ ਦਾ ਬਲ ਬਖਸ਼ੇ । ਇਨ੍ਹਾਂ ਸ਼ਬਦਾਂ ਨਾਲ ਮੈਂ ਸ਼ਰਧਾਂਜਲੀ ਭੇਂਟ ਕਰਦਾ ਹਾਂ ।

ਜੱਥੇਦਾਰ ਹਰਦਿੱਤ ਸਿੰਘ ਭੱਠਲ (ਧਨੌਲਾ) : ਸਪੀਕਰ ਸਾਹਿਬ, ਇਹ ਜਿਹੜਾ ਸ਼ੋਕ ਦਾ ਮਤਾ ਪੇਸ਼ ਹੋਇਆ ਹੈ, ਮੈਂ ਇਸ ਦੀ ਤਾਈਦ ਕਰਦਾ ਹਾਂ । ਜਿਨ੍ਹਾਂ ਦੇ ਨਾਉਂ ਇਸ ਮਤੇ ਦੇ ਵਿਚ

Original with;
Punjab Vidhan Sabha
Digitized by;
Panjab Digital Library

[ਜੱਥੇਦਾਰ ਹਰਦਿੱਤ ਸਿੰਘ ਭੱਠਲ]

ਲਿਖੇ ਹੋਏ ਹਨ, ਇਨ੍ਹਾਂ ਸਾਰਿਆਂ ਨੇ ਸਾਡੇ ਮੁਲਕ ਦੀ ਬੇਹਦ ਸੇਵਾ ਕੀਤੀ ਅਤੇ ਇਸ ਮੁਲਕ ਨੂੰ ਉਚਾ ਚੁਕਿਆ। ਇਨ੍ਹਾਂ ਦੇ ਚਲੇ ਜਾਣ ਕਰਕੇ ਸਾਡੇ ਮੁਲਕ ਨੂੰ ਬੜਾ ਹੀ ਘਾਟਾ ਪਿਆ ਹੈ । ਇਸ ਅਫਸੋਸ ਵਿਚ ਮੈਂ ਆਪਣੇ ਆਪ ਨੂੰ ਅਤੇ ਸਾਰੀ ਪਾਰਟੀ ਨੂੰ ਸ਼ਾਮਲ ਕਰਦਾ ਹਾਂ ਅਤੇ ਸ਼ਰਧਾਂਜਲੀ ਭੇਟ ਕਰਦਾ ਹਾਂ ।

ਸਰਦਾਰ ਗੁਰਨਾਮ ਸਿੰਘ (ਰਾਏਕੋਟ) : ਇਹ ਜਿਹੜਾ ਸ਼ੋਕ ਦਾ ਮਤਾ, ਸ੍ਰੀ ਬਾਦਲ, ਹਾਊਸ ਦੇ ਲੀਡਰ ਨੇ ਲਿਆਂਦਾ ਹੈ, ਮੈਂ ਆਪਣੇ ਆਪ ਨੂੰ ਅਤੇ ਆਪਣੀ ਪਾਰਟੀ ਨੂੰ ਇਸ ਨਾਲ ਸ਼ਾਮਲ ਕਰਦਾ ਹਾਂ। ਇਨ੍ਹਾਂ ਦੀ ਬੇਵਕਤ ਮੌਤ ਤੇ ਮੁਲਕ ਨੂੰ ਬੜਾ ਘਾਟਾ ਪਿਆ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਅਰਦਾਸ ਕਰਦਾ ਹਾਂ ਕਿ ਪਰਮਾਤਮਾ ਇਨ੍ਹਾਂ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ।

ਸ੍ਰੀ ਸਪੀਕਰ : ਮੈਂ ਸਮਝਦਾ ਹਾਂ ਕਿ ਇਹ ਜਿਹੜਾ ਸ਼ੋਕ ਦਾ ਮਤਾ ਲੀਡਰ ਆਫ ਦੀ ਹਾਊਸ ਨੇ ਇਨ੍ਹਾਂ ਮਹਾਨ ਸ਼ਖਸੀਅਤਾਂ ਦੇ ਅਕਾਲ ਚਲਾਣਾ ਕਰਨ ਬਾਰੇ ਹਾਊਸ ਵਿਚ ਪੇਸ਼ ਕੀਤਾ ਹੈ, ਇਸ ਦੇ ਨਾਲ ਸਾਰੇ ਹਾਊਸ ਦੀ ਸਹਿਮਤੀ ਹੈ । ਇਹ ਸ਼ੋਕ ਅਤੇ ਹਮਦਰਦੀ ਭਰੇ ਵਿਚਾਰ ਇਨ੍ਹਾਂ ਦੇ ਪਰਵਾਰ ਅਤੇ ਖਾਨਦਾਨ ਦੇ ਮੈਂਬਰਾਂ ਨੂੰ ਭੇਜ ਦਿਤੇ ਜਾਣਗੇ । ਇਸ ਦੇ ਨਾਲ ਹੀ ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਅਸੀਂ ਉਨ੍ਹਾਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਆਪਣੀਆਂ ਸੀਟਾਂ ਤੇ ਦੋ ਮਿੰਟ ਲਈ ਖਲੋ ਜਾਈਏ । (I think the entire House agrees with the condolence resolution moved by the Leader of the House on the passing away of these great personalities. The sentiments of sorrow and sympathy expressed in the House will be conveyed to the members of the bereaved families. I would suggest that the House should stand in silence as a mark of respect to the memory of the deceased.)

(ਇਸ ਵੇਲੇ ਹਾਊਸ ਦੇ ਸਾਰੇ ਮੈਂਬਰ ਦੋ ਮਿੰਟ ਦੇ ਲਈ ਆਪਣੀਆਂ ਸੀਟਾਂ ਤੇ ਮੋਨ ਖਲੋਤੇ ਰਹੇ ।)

PAPERS LAID ON THE TABLE

Finance Minister : Sir, I beg to lay on the Table :—

i) the Punjab Ordinance ` os. 1 to 4 of 1970.

ii) the Third Annual Report and Accounts for the year 1968-69 of the Punjab Agro-Industries Corporation Limited, as required under Section 619 A of the Companies Act, 1956 ; and

iii] The Annual Administration Report for the year 1968-69 of the Punjab State Electricity Board, Patiala as required under Section 75 (a) of the Electricity (upply) Act, 1948.

Minister of State for Industries and Health : Sir, I beg to lay on the Table :—

i) the 17th Annual Report of the Punjab Financial Corporation 1970, as required under section 38(3) of the State Financial Corporations Act, 1951 ;

ii) the Third Annual Report of the Punjab State Industrial Development Corporation Limited 1968-69, as required under section 619A(3) of the Companies Act, 1956 ; and

iii) The Financial Review on the working of the Pepsu Road Transport Corpo-

Original with;
Punjab Vidhan Sabha
Digitized by;
Panj

ration, Patiala, during the year 1966-67, as required under section 33(4) of the Road Transport Corporations Act, 1950,

FIRST REPORT OF THE BUSINESS ADVISORY COMMITTEE

Mr. Speaker : I have to report the time-table of the Punjab Vidhan Sabha as contained in the First Report of the Business Advisory Committee. The Report reads—

The committee, after some discussion/recommended that—

i) on Friday, the 24th July, 1970, the business already circulated to the hon. Members through the List of Business for that day shall be transacted and all stages involved in disposing of the Resolution and Bills completed ; and

ii) on Monday, the 27th July, 1970, the following business shall be transacted :

(a) The Punjab Scheduled Castes Land Development and Finance Corporation Bill, 1970 ;

and

(b) The Punjabi University (Amendment) Bill, 1970.

Finance Minister : Sir, I beg to move :—

That this House agrees with the recommendations contained in the First Report of the Business Advisory Committee.

Mr. Speaker : Motion moved—

That this House agrees with the recommendations eontained in the First Report of the Business Advisory Committee.

Mr. Speaker : Question is—

That this House agrees with the recommendations contained in the First Report of the Bussiness Advisory Committee.

The motion was carried.

LEGISLATIVE BUSINESS

(1) *Resolution Under Clause 2(a) of Article 213 of the Constitution and*

(2) *The Punjab Legislative Assembly (Allowances of Members) Amendment Bill, 1970*

Mr. Speaker : The practice in the past has been that the Resolution seeking disapproval of the Ordinance and the Bill seeking replacement of the Ordinance are discussed together though voting takes place on each item separately. If the House approves, following the previous practice, the Resolution given notice of by Comrade Satya Pal Dang for disapproving the Punjab Legislative Assembly (Allowances of Members) Amendment Ordinance, 1970, may be discussed alongwith the consideration motion of the Punjab Legislative Assembly (Allowances of Members) Amendment Bill, 1970.

(Voices : Yes, yes)

Comrade Satya Pal Dang : Sir, I beg to move—

That this House disapproves the Punjab Legislative Assembly (Allowances

Original with;
Punjab Vidhan Sabha
Digitized by;
Panjab Digital Library

[Comrade Satya Pal Dang]

of Members) Amendment Ordinance, 1970 (Punjab Ordinance No. 1 of 1970.)

(ਇਸ ਸਮੇਂ ਸਭਾਪਤੀ, ਨਾਮਾਵਲੀ ਦੇ ਮੈਂਬਰ ਸਰਦਾਰ ਜਸ਼ਪਾਲ ਸਿੰਘ ਨੇ ਕੁਰਸੀ ਸੰਭਾਲੀ ।)

ਚੇਅਰਮੈਨ ਸਾਹਿਬ, ਇਥੇ ਹੇਠੋਂ ਬੜੀ ਟੀਕਾ-ਟਿਪਣੀ ਹੋ ਰਹੀ ਹੈ (ਵਿਘਨ) ਪਰ ਮੈਂ ਇਸ ਆਰਡੀਨੈਂਸ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ । ਹਾਊਸ ਨੂੰ ਇਹ ਆਰਡੀਨੈਂਸ ਡਿਸਐਪਰੂਵ ਕਰ ਦੇਣਾ ਚਾਹੀਦਾ ਹੈ । (ਵਿਘਨ)

ਇਕ ਮਾਨਯੋਗ ਮੈਂਬਰ : ਤੁਹਾਨੂੰ ਤਾਂ ਰੂਸ ਤੋਂ ਪੈਸਾ ਆਉਂਦਾ ਹੈ ।

ਕਾਮਰੇਡ ਸੱਤ ਪਾਲ ਡਾਂਗ : ਤੁਹਾਨੂੰ ਵੀ ਤਾਂ ਅਮਰੀਕਾ ਤੋਂ ਪੈਸਾ ਆਉਂਦਾ ਹੈ । ਮੈਂ ਦੱਸ ਸਕਦਾ ਹਾਂ ਕਿ ਸੰਤ ਫਤਿਹ ਸਿੰਘ ਨੇ ਸਵਤੰਤਰ ਪਾਰਟੀ ਦੇ ਰਾਹੀਂ ਅਮਰੀਕਾ ਤੋਂ ਕਿੰਨਾ ਪੈਸਾ ਲੈਕੇ ਤੁਹਾਨੂੰ ਟਿਕਟਾਂ ਦਿਤੀਆਂ । (ਵਿਘਨ)

ਰਾਜ ਮੰਤਰੀ ਆਬਕਾਰੀ ਤੇ ਕਰ : ਚੇਅਰਮੈਨ ਸਾਹਿਬ, ਇਹ ਇਕ ਅਜਿਹੇ ਪਰਸਨ ਦਾ ਨਾਂ ਲੈ ਰਹੇ ਹਨ ਜੋ ਕਿ ਹਾਊਸ ਵਿਚ ਨਹੀਂ ਹੈ, ਇਹ ਠੀਕ ਨਹੀਂ ਹੈ । (ਵਿਘਨ)

ਵਿੱਤ ਮੰਤਰੀ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਚੇਅਰਮੈਨ ਸਾਹਿਬ, ਡਾਂਗ ਸਾਹਿਬ ਨੇ ਇਥੇ ਸੰਤ ਫਤਿਹ ਸਿੰਘ ਜੀ ਦੇ ਬਾਰੇ ਕੁਝ ਅਨਕਾਲਡ ਫਾਰ ਰਿਮਾਰਕਸ ਕਹੇ ਹਨ । ਉਹ ਐਕਸਪੰਜ ਹੋਣੇ ਚਾਹੀਦੇ ਹਨ । (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਪਹਿਲਾਂ ਇਨ੍ਹਾਂ ਨੇ ਕਹਿਣਾ ਸ਼ੁਰੂ ਕੀਤਾ ਹੈ, ਇਸ ਲਈ ਪਹਿਲਾਂ ਇਨ੍ਹਾਂ ਦੇ ਰਿਮਾਰਕਸ ਐਕਸਪੰਜ ਹੋਣੇ ਚਾਹੀਦੇ ਹਨ । (ਵਿਘਨ) ਚੇਅਰਮੈਨ ਸਾਹਿਬ, ਕਿਸੇ ਵੀ ਪੁਲਿਟੀਕਲ ਪਾਰਟੀ ਤੇ ਇਸ ਤਰ੍ਹਾਂ ਰਿਫ਼ਲੈਕਸ਼ਨ ਨਹੀਂ ਕੀਤਾ ਜਾ ਸਕਦਾ । (ਵਿਘਨ) ਮੈਂ ਸਾਬਤ ਕਰ ਸਕਦਾ ਹਾਂ ਕਿ ਸਵਤੰਤਰ ਪਾਰਟੀ ਦੇ ਰਾਹੀਂ ਅਮਰੀਕਾ ਤੋਂ ਕਿੰਨਾ ਪੈਸਾ ਲਿਆ ਗਿਆ । (ਵਿਘਨ)

ਸ਼੍ਰੀ ਸਭਾਪਤੀ : ਤੁਸੀਂ ਆਪਣੀ ਸਪੀਚ ਜਾਰੀ ਰਖੋ । (The hon. Member may please continue his speech.)

ਕਾਮਰੇਡ ਸੱਤ ਪਾਲ ਡਾਂਗ : ਮੈਂ ਅਰਜ਼ ਕਰ ਰਿਹਾ ਸੀ ਕਿ—(ਵਿਘਨ)

ਸਰਦਾਰ ਬਸੰਤ ਸਿੰਘ ਡਕਾਲਾ : ਚੇਅਰਮੈਨ ਸਾਹਿਬ, ਇਥੇ ਹੁਣੇ ਡਾਂਗ ਸਾਹਿਬ ਨੇ ਮੇਰੀ ਪਾਰਟੀ ਦੇ ਬਾਰੇ ਕੁਝ ਗਲਾਂ ਕਹੀਆਂ ਹਨ, ਉਹ ਝੂਠੀਆਂ ਹਨ, ਬੇਹੂਦਾ ਹਨ । ਇਸ ਤੋਂ ਬਿਨਾਂ ਇਕ ਸਾਥੀ ਦੇਸ਼ ਅਮਰੀਕਾ ਦਾ ਨਾਂ ਲਿਆ ਗਿਆ ਹੈ, ਇਹ ਵੀ ਠੀਕ ਨਹੀਂ ਹੈ । (ਵਿਘਨ) ਜੇ ਇਹ ਇਕ ਪਾਰਟੀ ਦਾ ਨਾਂ ਲੈ ਸਕਦੇ ਹਨ ਤਾਂ ਦੂਸਰੇ ਵੀ ਇਸ ਤਰ੍ਹਾਂ ਕਰ ਸਕਦੇ ਹਨ । (ਥੰਪਿੰਗ)

ਕਾਮਰੇਡ ਸੱਤ ਪਾਲ ਡਾਂਗ : ਅਕਾਲੀ ਪਾਰਟੀ ਕਿਸ ਟਿਕਾਣੇ ਤੇ ਆ ਗਈ ਹੈ, ਇਸ ਗਲ ਦਾ ਤਾਂ ਇਸ ਤੋਂ ਪਤਾ ਲਗ ਜਾਂਦਾ ਹੈ ਕਿ ਇਹ ਕਾਂਗਰਸ ਤਕ ਆ ਗਈ ਹੈ । (ਵਿਘਨ)

ਇਹ ਰੀਤ ਸਾਨੂੰ ਮਨਜ਼ੂਰ ਹੈ, ਅਸੀਂ ਕਿਸੇ ਮਨਿਸਟਰ ਨੂੰ ਬੋਲਣ ਨਹੀਂ ਦੇਣਾ । ਚੇਅਰਮੈਨ ਸਾਹਿਬ, ਮੈਂ ਇਸ ਆਰਡੀਨੈਂਸ ਦੀ ਵਿਰੋਧਤਾ ਇਸ ਬਿਨਾ ਤੇ ਪਹਿਲਾਂ ਕਰਨਾ ਚਾਹੁੰਦਾ ਹਾਂ ਕਿ ਇਸ ਨੂੰ ਇਸ ਤਰ੍ਹਾਂ ਜਾਰੀ ਕਿਉਂ ਕੀਤਾ ਗਿਆ, ਇਹ ਵਾਜਬ ਹੈ, ਜਾਂ ਦਰੁਸਤ ਹੈ, ਇਹ ਫਿਰ ਦੇਖਾਂਗੇ ।

Original with;
Punjab Vidhan Sabha
Digitized by;
Panjab Digital Library

ਮੈਂ ਅਰਜ਼ ਕਰਦਾ ਹਾਂ ਕਿ ਆਰਡੀਨੈਂਸ ਜਾਰੀ ਕਰਨ ਦੀ ਪਾਵਰ ਵਿਧਾਨ ਦੀ ਧਾਰਾ 302 ਦੀ ਕਲਾਜ਼ (1) ਅਧੀਨ ਦਿਤੀ ਗਈ ਹੈ । ਉਸ ਵਿਚ ਲਿਖਿਆ ਹੈ ਕਿ ਜਦੋਂ ਅਸੈਂਬਲੀ ਦਾ ਇਜਲਾਸ ਨਾ ਹੋ ਰਿਹਾ ਹੋਵੇ ਔਰ ਅਗਰ ਸੂਬੇ ਵਿਚ ਦੋ ਸਦਨ ਹਨ ਅਤੇ ਜੇ ਦੋਹਾਂ ਵਿਚੋਂ ਕੋਈ ਵੀ ਸੈਸ਼ਨ ਵਿਚ ਨਾ ਹੋਵੇ ਔਰ ਗਵਰਨਰ ਇਹ ਗਲ ਜ਼ਰੂਰੀ ਸਮਝੇ ਕਿ ਅਜਿਹੇ ਹਾਲਾਤ ਹੋ ਗਏ ਹਨ ਕਿ ਅਸੈਂਬਲੀ ਦੇ ਇਜਲਾਸ ਦਾ ਇੰਤਜ਼ਾਰ ਨਹੀਂ ਕੀਤਾ ਜਾ ਸਕਦਾ ਤਾਂ ਇਸ ਕਿਸਮ ਦੀ ਲੈਜਿਸਲੇਸ਼ਨ ਆਰਡੀਨੈਂਸ ਰਾਹੀਂ ਲਿਆਂਦੀ ਜਾ ਸਕਦੀ ਹੈ ।

ਸ੍ਰੀ ਸਭਾਪਤੀ : ਲੋਕ ਸਭਾ ਦੇ ਵੀ ਕੁਝ ਪ੍ਰੈਸੀਡੈਂਟਸ ਆ ਗਏ ਹਨ । (There are some precedents of the Lok Sabha also.)

ਕਾਮਰੇਡ ਸੱਤ ਪਾਲ ਡਾਂਗ : ਚੇਅਰਮੈਨ ਸਾਹਿਬ, ਮੈਂ ਉਨ੍ਹਾਂ ਦੀ ਗਲ ਵੀ ਕਰਦਾ ਹਾਂ । ਵਿਧਾਨ ਵਿਚ ਇਹ ਜੋ ਪਾਵਰ ਦਿਤੀ ਗਈ ਹੈ, ਉਸ ਦੀ ਸਪਿਰਟ ਲਉ, ਲੈਟਰ ਨਾ ਲਉ । ਜੇ ਐਮਰਜੈਂਸੀ ਹੋ ਜਾਂਦੀ ਹੈ, ਜਾਂ ਅਜਿਹੇ ਹਾਲਾਤ ਹੋ ਜਾਂਦੇ ਹਨ ਕਿ ਅਸੈਂਬਲੀ ਦੇ ਇਜਲਾਸ ਦੀ ਉਡੀਕ ਨਹੀਂ ਕੀਤੀ ਜਾ ਸਕਦੀ ਜਾਂ ਕੋਈ ਅਜਿਹਾ ਮਸਲਾ ਆ ਜਾਂਦਾ ਹੈ, ਜਿਵੇਂ ਕਿ ਮਿਸਾਲ ਵਜੋਂ ਕੁਰਪਸ਼ਨ ਬਹੁਤ ਫੈਲ ਗਈ ਹੈ, ਇਸ ਨੂੰ ਰੋਕਣ ਲਈ ਆਰਡੀਨੈਂਸ ਲਿਆਉ ; ਜਾਂ ਸਕੂਲਾਂ ਦੀਆ ਬਿਲਡਿੰਗਾਂ ਕਿਰਾਏ ਤੇ ਲਈਆਂ ਹਨ, ਉਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ, ਪਰ ਉਨ੍ਹਾਂ ਦੀ ਮੁਰੰਮਤ ਕਰਵਾਉਣ ਦਾ ਅਖਤਿਆਰ ਸਰਕਾਰ ਕੋਲ ਨਹੀਂ ਹੈ ਅਤੇ ਬਾਰਸ਼ਾਂ ਆ ਗਈਆਂ ਹਨ, ਤਾਂ ਰੈਂਟਸ ਰਿਸਟ੍ਰਿਕਸ਼ਨ ਐਕਟ ਨੂੰ ਅਮੈਂਡ ਕਰਨ ਲਈ ਅਤੇ ਹੋਰ ਬਿਲਡਿੰਗਾਂ ਲੈਣ ਲਈ ਆਰਡੀਨੈਂਸ ਲੈ ਆਉ ਤਾਂ ਗਲ ਸਮਝ ਆ ਸਕਦੀ ਹੈ । ਜਾਂ ਕਿਸੇ ਇੰਡਸਟਰੀ ਦੇ ਵਰਕਰਾਂ ਵਿਚ ਬੇਚੈਨੀ ਹੈ, ਕਿਸੇ ਅਨਸਕਿਲਡ ਵਰਕਰ ਨੂੰ ਸਰਕਾਰ ਦੇ ਪੀਅਨ ਤੋਂ ਵੀ ਘਟ ਤਨਖਾਹ ਮਿਲਦੀ ਹੈ ਤਾਂ ਉਸ ਦੀ ਹਾਲਤ ਨੂੰ ਬਿਹਤਰ ਬਣਾਉਣ ਲਈ ਆਰਡੀਨੈਂਸ ਜਾਰੀ ਕੀਤਾ ਜਾਂਦਾ ਤਾਂ ਸਮਝ ਆ ਸਕਦੀ ਸੀ ਪਰ ਜੋ ਆਰਡੀਨੈਂਸ 25 ਜੂਨ ਨੂੰ ਜਾਰੀ ਕੀਤਾ ਗਿਆ ਉਸ ਲਈ ਕੀ ਅਜਿਹੇ ਉਚੇਚੇ ਹਾਲਾਤ ਪੈਦਾ ਹੋ ਗਏ ਸਨ ਕਿ ਅਸੈਂਬਲੀ ਦੇ ਸੈਸ਼ਨ ਲਈ ਦੋ ਜਾਂ ਤਿੰਨ ਮਹੀਨੇ ਨਹੀਂ ਸੀ ਉਡੀਕਿਆ ਜਾ ਸਕਦਾ ? ਉਹ ਰੀਟਰੋਸਪੈਕਟਿਵਲੀ ਲਾਗੂ ਕੀਤਾ ਗਿਆ । ਗਵਰਨਰ ਸਾਹਿਬ ਨੇ ਚੀਫ਼ ਮਨਿਸਟਰ ਦੀ ਐਡਵਾਈਸ ਤੇ ਇਹ ਗਲ ਕਹੀ ਕਿ ਅਜਿਹੇ ਹਾਲਾਤ ਪੈਦਾ ਹੋ ਗਏ ਹਨ ਕਿ ਇਸ ਆਰਡੀਨੈਂਸ ਨੂੰ ਫੌਰੀ ਤੌਰ ਤੇ ਜਾਰੀ ਕੀਤਾ ਜਾਵੇ । ਚੇਅਰਮੈਨ ਸਾਹਿਬ, ਇਹ ਕੰਪਰੀਹੈਨਸ਼ਨ ਤੋਂ ਬੀਯਾਂਡ ਹੈ । ਮੈਂ ਇਸ ਆਰਡੀਨੈਂਸ ਦੇ ਮੈਰਿਟ ਦੇ ਵਿਚ ਕਹਾਂਗਾ ਕਿ ਇਹ ਦਰੁਸਤ ਹੈ ਜਾਂ ਨਹੀਂ, ਇਹ ਇਕ ਅੱਡ ਸਵਾਲ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਜਿਹੇ ਕੀ ਹਾਲਤ ਸਨ ਕਿ ਇਹ ਬਿਲ ਦੀ ਸ਼ਕਲ ਵਿਚ ਅਸੈਂਬਲੀ ਦੇ ਸਾਹਮਣੇ ਨਹੀਂ ਲਿਆਂਦਾ ਗਿਆ । ਇਹ ਮੈਂਬਰਾਂ ਦਾ ਕੰਪੈਨਸੇਟਰੀ ਅਲਾਊਂਸਿਜ਼ ਅਤੇ ਡੇਲੀ ਅਲਾਊਂਸਜ਼ ਵਧਾਉਣ ਦਾ ਬਿਲ ਸੀ । ਮੈਂ ਸਮਝਦਾ ਹਾਂ ਕਿ ਆਰਡੀਨੈਂਸ ਜਾਰੀ ਕਰਨ ਦੀ ਪਾਵਰ ਦਾ ਕਰਾਸ ਮਿਸਯੂਜ਼ ਕੀਤਾ ਗਿਆ ਹੈ । ਇਹ ਇਕ ਸ਼ਰਮਨਾਕ ਗਲ ਹੈ । ਇਸ ਕਿਸਮ ਦੀ ਕੋਈ ਮਿਸਾਲ ਮੇਰੇ ਇਲਮ ਵਿਚ ਨਹੀਂ ਹੈ । ਤੁਸੀਂ ਲੋਕ ਸਭਾ ਦੇ ਪ੍ਰੈਸੀਡੈਂਟਸ ਦੀ ਗਲ ਕੀਤੀ ਹੈ । ਉਥੇ ਵੀ ਕਦੇ ਐਮ. ਪੀਜ਼. ਦੇ ਅਲਾਊਂਸ ਇਸ ਤਰ੍ਹਾਂ ਆਰਡੀਨੈਂਸ ਜਾਰੀ ਕਰਕੇ ਨਹੀਂ ਵਧਾਏ ਗਏ । ਇਸ ਬਾਰੇ ਤੁਹਾਨੂੰ ਭੁਲੇਖਾ ਲਗਾ ਹੋਣਾ ਹੈ । ਉਥੇ ਆਰਡੀਨੈਂਸ ਕੀਤਾ ਗਿਆ, ਚੇਅਰਮੈਨ ਸਾਹਿਬ, ਬੈਂਕ ਕੌਮੀਕਰਨ ਦੇ ਲਈ । ਜੇ ਇਹ ਆਰਡੀਨੈਂਸ ਨਾ ਜਾਰੀ ਕੀਤਾ ਜਾਂਦਾ ਅਤੇ ਬਿਲ ਲਿਆ ਕੇ ਇਹ ਬੈਂਕ ਕੌਮੀਕਰਨ ਕੀਤੇ ਜਾਂਦੇ ਤਾਂ ਬਿਲ ਦੇ ਪਾਸ ਹੋਣ ਤਕ ਅਧਾ ਪਚਧਾ ਪੈਸਾ ਇਨ੍ਹਾਂ ਬੈਂਕਾ ਦਾ ਖੁਰਦ ਬੁਰਦ ਹੋ ਜਾਣਾ ਸੀ । ਇਸ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਤੋਂ ਬਿਨਾਂ ਅਜ ਤਕ ਕਦੇ ਤਨਖਾਹਾਂ ਵਧਾਉਣ ਲਈ ਉਥੇ ਆਰਡੀਨੈਂਸ ਨਹੀਂ ਜਾਰੀ ਕੀਤਾ ਗਿਆ। ਲੋਕ ਸਭਾ ਵਿਚ ਹੀ ਨਹੀਂ ਤੁਹਾਨੂੰ ਕਿਸੇ ਦੂਸਰੇ ਸੂਬੇ ਵਿਚ ਵੀ ਇਸ ਕਿਸਮ ਦੀ ਮਿਸਾਲ ਨਹੀਂ ਮਿਲ ਸਕਦੀ ਅਤੇ ਜੇਕਰ ਕਿਸੇ ਸੂਬੇ ਨੇ ਅਜਿਹਾ ਭੈੜਾ ਕੰਮ ਕੀਤਾ ਵੀ ਹੋਵੇ ਤਾਂ ਸਾਨੂੰ ਉਸ ਦੀ ਰੀਸ ਨਹੀਂ ਕਰਨੀ ਚਾਹੀਦੀ। ਹਰਿਆਣੇ ਵਿਚ ਵੀ ਇਕ ਅਜਿਹਾ ਆਰਡੀਨੈਂਸ ਜਾਰੀ ਹੋਇਆ ਸੀ ਉਹ ਵੀ ਇਹ ਸੀ ਕਿ ਐਮ. ਐਲ. ਏਜ਼. ਆਫਸ ਆਫ਼ ਪ੍ਰੋਫਿਟ ਹੋਲਡ ਕਰ ਸਕਦੇ ਹਨ। ਇਹ ਤਨਖਾਹ ਵਾਲਾ ਆਰਡੀਨੈਂਸ ਉਨ੍ਹਾਂ ਨੇ ਵੀ ਨਹੀਂ ਸੀ ਲਿਆਂਦਾ।

ਸ੍ਰੀ ਸਭਾਪਤੀ : ਤੁਸੀਂ ਇਸ ਦੇ ਮੈਰਿਟ ਤੇ ਵੀ ਕੁਝ ਕਹੋਗੇ ? (Would the hon. Member like to say something on its merits too ?)

ਕਾਮਰੇਡ ਸੱਤ ਪਾਲ ਡਾਂਗ : ਚੇਅਰਮੈਨ ਸਾਹਿਬ, ਪਤਾ ਨਹੀਂ ਕਿਤਨੇ ਮੈਂਬਰਾਂ ਨੇ ਇਸ ਤੇ ਬੋਲਣਾ ਹੈ, ਇਸ ਲਈ ਮੈਨੂੰ ਇਸ ਤੇ ਕੁਝ ਚਿਰ ਲਈ ਬੋਲਣ ਦਿਉ। ਸੋ ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਮਨਿਸਟਰੀ ਨੇ ਇਹ ਆਰਡੀਨੈਂਸ ਜਾਰੀ ਕੀਤਾ ਸੀ ਉਸ ਵਿਚ ਜਨਸੰਘ ਵੀ ਸੀ। ਜਦੋਂ ਲੋਕ ਸਭਾ ਦੇ ਇਜਲਾਸ ਤੋਂ ਬਿਨਾਂ ਬੈਂਕਾਂ ਦਾ ਕੌਮੀਕਰਨ ਦਾ ਆਰਡੀਨੈਂਸ ਜਾਰੀ ਹੋਇਆ ਸੀ ਤਾਂ ਜਨ ਸੰਘ ਨੇ ਸਭ ਤੋਂ ਵਧ ਰੌਲਾ ਪਾਇਆ ਸੀ ਕਿ ਇਹ ਆਰਡੀਨੈਂਸ ਕਿਉਂ ਜਾਰੀ ਹੋਇਆ ਹੈ। ਹੁਣ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਹ ਆਰਡੀਨੈਂਸ ਲਿਆਉਣ ਦੀ ਲੋੜ ਕਿਉਂ ਪਈ। (ਵਿੱਤ ਮੰਤਰੀ ਵਲੋਂ ਵਿਘਨ) ਸਰਦਾਰ ਬਲਵੰਤ ਸਿੰਘ, ਪਹਿਲਾਂ ਸੁਣ ਲੈਣ। ਜਦੋਂ ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਸੀ ਤਾਂ ਇਕ ਦਿਨ ਅਸਾਂ ਹਾਉਸ ਵਿਚ ਕੀ ਦੇਖਿਆ ਕਿ ਸਰਦਾਰ ਗੁਰਨਾਮ ਸਿੰਘ ਅਤੇ ਇਕ ਦੋ ਹੋਰ ਮੈਂਬਰਾਂ ਤੋਂ ਬਿਨਾਂ ਕੋਈ ਅਕਾਲੀ ਪਾਰਟੀ ਦਾ ਮੈਂਬਰ ਇਥੇ ਹਾਜ਼ਰ ਨਹੀਂ ਸੀ। ਅਸੀਂ ਬਾਹਰ ਨਿਕਲੇ ਤਾਂ ਸਾਰੇ ਲਾਬੀ ਵਿਚ ਖੜੇ ਸੀ। ਜਦੋਂ ਅਸੀਂ ਇਸ ਦਾ ਕਾਰਨ ਪੁਛਿਆ ਤਾਂ ਉਹ ਕਹਿਣ ਲਗੇ ਕਿ ਅਸੀਂ ਹੜਤਾਲ ਕੀਤੀ ਹੋਈ ਹੈ ਕਿ ਮੈਂਬਰਾਂ ਦੀਆਂ ਤਨਖਾਹਾਂ ਤੇ ਅਲਾਉਂਸ ਵਧਾਉਣ ਲਈ ਇਸੇ ਹੀ ਇਜਲਾਸ ਵਿਚ ਬਿਲ ਲਿਆਉ। (ਵਿਘਨ) ਹੋ ਸਕਦਾ ਹੈ ਕਿ ਹੁਣ ਵੀ ਉਨ੍ਹਾਂ ਮੈਂਬਰਾਂ ਨੇ ਇਹੀ ਕਿਹਾ ਹੋਵੇ ਕਿ ਆਰਡੀਨੈਂਸ ਲਿਆਉ ਨਹੀਂ ਤਾਂ ਅਸੀਂ ਚਲੇ ਜੇ ਗੁਰਨਾਮ ਸਿੰਘ ਵਲ, ਅਸੀਂ ਡਿਫੈਕਟ ਹੋ ਚਲੇ ਹਾਂ, ਅਸੀਂ ਨੀਲਾਮੀ ਤੇ ਚੜ੍ਹਨ ਲਗੇ ਹਾਂ (ਵਿਘਨ) ਇਸ ਤੋਂ ਬਿਨਾਂ ਹੋਰ ਕੀ ਜ਼ਰੂਰਤ ਹੋ ਸਕਦੀ ਹੈ ? ਜਿਸ ਵੀ ਮਨਿਸਟਰ ਨੇ ਜਵਾਬ ਦੇਣਾ ਹੋਵੇ ਮੈਂ ਉਸ ਤੋਂ ਇਹ ਸਮਝਣਾ ਚਾਹਵਾਂਗਾ ਕਿ ਇਸ ਦੀ ਹੋਰ ਕੀ ਜ਼ਰੂਰਤ ਸੀ ?

ਇਸ ਦੇ ਮੈਰਿਟਸ ਉਤੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ। ਇਹ ਮਾਮਲਾ ਬੜੀ ਦੇਰ ਦਾ ਚਲਦਾ ਹੈ। ਜਦੋਂ ਪਹਿਲਾਂ ਅਕਾਲੀ ਜਨਸੰਘ ਮਨਿਸਟਰੀ ਸੀ ਉਦੋਂ ਇਹ ਸਵਾਲ ਆਇਆ ਅਤੇ ਉਦੋਂ ਦੇ ਫਾਈਨੈਂਸ ਮਨਿਸਟਰ ਨੇ ਇਕ ਮੀਟਿੰਗ ਬੁਲਾਈ। ਉਸ ਵਿਚ ਇਹ ਸਵਾਲ ਆਇਆ ਕਿ ਆਇਆ ਕੰਪੈਨਸੇਟਰੀ ਅਲਾਉਂਸ ਵਧਣਾ ਚਾਹੀਦਾ ਹੈ ਜਾਂ ਨਹੀਂ, ਅਤੇ ਆਇਆ ਡੇਲੀ ਅਲਾਉਂਸ ਵਧਣਾ ਚਾਹੀਦਾ ਹੈ ਜਾਂ ਨਹੀਂ। ਉਦੋਂ ਦੇ ਚੀਫ਼ ਮਨਿਸਟਰ ਨੇ ਇਹ ਸਟੈਂਡ ਲੈ ਲਿਆ ਕਿ ਜਿਸ ਤਰ੍ਹਾਂ ਸਾਰੀਆਂ ਪਾਰਟੀਆਂ ਸਹਿਮਤ ਹੋਣਗੀਆਂ ਉਸੇ ਤਰ੍ਹਾਂ ਮੈਂ ਕਰ ਦਿਆਂਗਾ। ਮੈਂ, ਚੇਅਰਮੈਨ ਸਾਹਿਬ, ਸਮਝਦਾ ਹਾਂ ਕਿ ਇਹ ਬੜੀ ਸਿਆਸਤ ਦੀ ਗਲ ਹੈ ਔਰ ਉਸ ਗਲ ਉਤੇ ਅਮਲ ਹੋਣਾ ਚਾਹੀਦਾ ਸੀ। ਉਸ ਵੇਲੇ ਕੁਝ ਗਲਾਂ ਉਤੇ ਸਹਿਮਤੀ ਸੀ ਅਤੇ ਕੁਝ ਉਤੇ ਨਹੀਂ ਸੀ। ਆਰਡੀਨੈਂਸ ਨੰ: 1 ਜੋ ਹੈ, ਇਸ ਵਿਚ ਦੋ ਗਲਾਂ ਹਨ; ਇਕ ਇਹ ਹੈ ਕਿ ਟੈਲੀਫੂਨ ਲਗਾਇਆ ਜਾਵੇ, ਚਾਹੇ ਘਰ ਲਗਾਇਆ ਜਾਵੇ। ਉਸ ਦਾ ਖਰਚ ਸਰਕਾਰ ਦੇਵੇ ਅਤੇ ਟਰੰਕ ਕਾਲਾਂ ਕਰਨ ਦਾ ਖਰਚ 50 ਰੁਪਏ ਤਕ ਸਰਕਾਰ

Original with;
Punjab Vidhan Sabha
Digitized by;
Panjab Digital Library

ਦੇਵੇ ਅਤੇ ਇਸ ਤੋਂ ਵਧ ਹੋਵੇ ਤਾਂ ਉਹ ਐਮ. ਐਲ. ਏ. ਦੇਵੇ। ਪੈਪਸੂ ਅਤੇ ਪੰਜਾਬ ਰੋਡਵੇਜ਼ ਵਿਚ ਐਮ. ਐਲ. ਏਜ਼ ਸਫਰ ਮੁਫਤ ਕਰਨ ਜਾਂ ਉਹਦਾ ਬਿਲ ਪੰਜਾਬ ਗੌਰਮੈਂਟ ਨੂੰ ਦੇ ਦੇਣ।

ਇਸ ਬਾਰੇ, ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਯਾਦ ਦਿਲਾਉਂਦਾ ਹਾਂ ਕਿ ਜਦੋਂ ਗਿਲ ਸਾਹਿਬ ਵੇਲੇ ਤਿੰਨ ਸੌ ਤੋਂ ਚਾਰ ਸੌ ਰੁਪਏ ਹੋਏ ਸਨ ਤਾਂ ਉਸ ਵੇਲੇ ਉਸ ਦੀ ਵਿਰੋਧਤਾ ਕਰਦਿਆਂ ਹੋਇਆਂ ਮੈਂ ਕਿਹਾ ਸੀ ਕਿ ਉਸ ਵਿਚ ਵਾਧਾ ਕਰਨਾ ਵਾਜਿਬ ਨਹੀਂ। ਇਹ ਸਹੂਲਤ ਦਿਉ ਕਿ ਐਮ. ਐਲ. ਏਜ਼. ਪੰਜਾਬ ਭਰ ਵਿਚ ਬਿਨਾ ਕਰਾਇਆ ਖਰਚੇ ਫਿਰ ਸਕਣ। ਜਿਹੜੀਆਂ ਸਹੂਲਤਾਂ ਇਸਤੇਮਾਲ ਹੋ ਸਕਦੀਆਂ ਹਨ ਅਤੇ ਕੈਸ਼ ਨਹੀਂ ਹੋ ਸਕਦੀਆਂ, ਉਨ੍ਹਾਂ ਨੂੰ ਨਕਦੀ ਵਿਚ ਤਬਦੀਲ ਨਹੀਂ ਕੀਤਾ ਜਾਣਾ ਚਾਹੀਦਾ। (ਵਿਘਨ) ਤਾਂ ਜੋ ਐਮ. ਐਲ. ਏ. ਜਨਤਾ ਦੀ ਵਧ ਤੋਂ ਵਧ ਸੇਵਾ ਕਰ ਸਕੇ, ਇਹੋ ਜਿਹੀਆਂ ਅਗਰ ਸਹੂਲਤਾਂ ਹੋਣਗੀਆਂ ਤਾਂ ਅਸੀਂ ਇਸ ਦੇ ਹਕ ਵਿਚ ਹਾਂ। ਲੇਕਿਨ ਅਗਰ ਤਨਖਾਹ, ਕੰਪੈਨਸੇਟਰੀ ਅਲਾਊਂਸ ਅਤੇ ਡੇਲੀ ਅਲਾਊਂਸ ਵਧਾ ਦਿਤਾ ਜਾਵੇ ਤਾਂ ਉਸ ਦਾ ਕੋਈ ਸਬੂਤ ਨਹੀਂ ਕਿ ਇਸ ਨਾਲ ਐਮ. ਐਲ. ਏ. ਜਨਤਾ ਦੀ ਵਧ ਸੇਵਾ ਕਰ ਸਕੇਗਾ। ਇਸ ਲਈ ਇਹ ਨਹੀਂ ਹੋਣਾ ਚਾਹੀਦਾ। ਜਿਹੜੀ ਮੀਟਿੰਗ ਸੱਦੀ ਗਈ ਸੀ ਉਸ ਮੀਟਿੰਗ ਵਿਚ ਅਸੀਂ ਸਹਿਮਤੀ ਪਰਗਟ ਕੀਤੀ ਸੀ ਕਿ ਬਸ ਸਰਵਿਸ ਫਰੀ ਹੋਣੀ ਚਾਹੀਦੀ ਹੈ (ਵਿਘਨ) ਜਿਹੜੀਆਂ ਸਹੂਲਤਾਂ ਉਤੇ ਸਰਬਸੰਮਤੀ ਸੀ। ਉਨ੍ਹਾਂ ਤੇ ਮੈਂ ਕਾਇਮ ਹਾਂ। ਇਸ ਲਈ ਮੈਂ ਇਸ ਆਰਡੀਨੈਂਸ ਦੀ ਵਿਰੋਧਤਾ ਕਰਦਾ ਹਾਂ।

ਦੂਜੀ ਗਲ ਇਸ ਆਰਡੀਨੈਂਸ ਵਿਚ ਕਮਪੈਨਸੇਟਰੀ ਅਤੇ ਡੇਲੀ ਅਲਾਊਂਸ ਵੀ ਹੈ। ਜਿਸ ਚੀਜ਼ ਦੀ ਮੈਂ ਮੀਟਿੰਗ ਵਿਚ ਵਿਰੋਧਤਾ ਕੀਤੀ ਸੀ ਉਸ ਦੀ ਮੈਂ ਹੁਣ ਵੀ ਵਿਰੋਧਤਾ ਕਰਦਾ ਹਾਂ ਕਿ ਕੰਪੈਨਸੇਟਰੀ ਅਲਾਊਂਸ ਚਾਰ ਸੌ ਤੋਂ ਵਧਾ ਕੇ ਪੰਜ ਸੌ ਕੀਤਾ ਜਾਵੇ ਅਤੇ ਡੇਲੀ ਅਲਾਊਂਸ 25 ਰੁਪਏ ਤੋਂ ਵਧਾਕੇ 35 ਕੀਤਾ ਜਾਏ। ਮੈਂ ਕਹਿੰਦਾ ਹਾਂ ਕਿ ਇਹ ਠੀਕ ਨਹੀਂ ਹੈ। ਚੇਅਰਮੈਨ ਸਾਹਿਬ, ਜਦੋਂ ਦਿੱਲੀ ਸਾਰੇ ਐਮ. ਐਲ. ਏਜ਼. ਗਏ ਸਨ, ਉਥੇ ਧਰਨੇ ਮਾਰੇ ਸਨ (ਵਿਘਨ) ਜਿਹੜੇ ਲੋਕ ਦਸਖਤ ਕਰਾਉਣ ਗਏ ਸਨ ਮੈਂ ਉਦੋਂ ਵੀ ਇਸ ਚੀਜ਼ ਦੀ ਵਿਰੋਧਤਾ ਕੀਤੀ ਸੀ। ਇਸ ਚੀਜ਼ ਦਾ ਸਾਰੀ ਦੁਨੀਆਂ ਨੂੰ ਪਤਾ ਹੈ ਕਿ ਕਮਿਊਨਿਸਟ ਪਾਰਟੀ ਦੇ ਮੈਂਬਰ ਆਪਣੇ ਕੋਲ ਕੁਝ ਨਹੀਂ ਰਖਦੇ ਅਤੇ ਪਾਰਟੀ ਨੂੰ ਦੇ ਦਿੰਦੇ ਹਨ, ਤਾਕਿ ਚੰਗੇ ਕੰਮ ਲਈ ਪੈਸੇ ਵਰਤੇ ਜਾਣ। ਇਸ ਤੇ ਮੈਨੂੰ ਕਿਹਾ ਗਿਆ ਕਿ ਤੁਹਾਡੀ ਪਾਰਟੀ ਕੋਲ ਫੰਡਜ਼ ਵਧ ਜਾਣਗੇ, ਤੁਸੀਂ ਦਸਖਤ ਕਰ ਦਿਉ। ਮੈਂ ਨਾਂਹ ਕਰ ਦਿਤੀ। (ਵਿਘਨ) ਇਸ ਤਰ੍ਹਾਂ ਦੀ ਚੀਪ ਦਲੀਲ ਨਹੀਂ ਹੋਣੀ ਚਾਹੀਦੀ। ਚੇਅਰਮੈਨ ਸਾਹਿਬ, ਮੈਂ ਆਖਰ ਵਿਚ ਅਰਜ਼ ਕਰਾਂ ਕਿ ਸਾਡੇ ਮੁਲਕ ਵਿਚ ਸਿਆਸਤ ਨੂੰ ਅਛੀ ਪਧਰ ਤੇ ਲਿਆਉਣ ਲਈ ਕੋਈ ਅਸੂਲ ਹੋਣਾ ਚਾਹੀਦਾ ਹੈ। ਜਦੋਂ ਗਿਲ ਸਾਹਿਬ ਨੇ ਤਿੰਨ ਸੌ ਤੋਂ ਚਾਰ ਸੌ ਰੁਪਏ ਵਧਾਉਣੇ ਚਾਹੇ ਤਾਂ ਅਕਾਲੀ ਪਾਰਟੀ ਅਤੇ ਜਨ ਸੰਘ ਪਾਰਟੀ ਨੇ ਸਾਡੇ ਨਾਲ ਮਿਲ ਕੇ ਉਸ ਦੀ ਵਿਰੋਧਤਾ ਕੀਤੀ। ਕਾਂਗਰਸ ਪਾਰਟੀ ਦੇ ਕੁਝ ਸਜਣ ਉਸ ਦੀ ਹਮਾਇਤ ਵਿਚ ਸਨ ਅਤੇ ਕੁਝ ਨੇ ਉਸ ਦੀ ਵਿਰੋਧਤਾ ਕੀਤੀ ਸੀ। ਲੇਕਿਨ ਅਕਾਲੀ ਪਾਰਟੀ ਅਤੇ ਜਨ ਸੰਘ ਨੇ ਸੌਲਿਡਲੀ ਮਿਲਕੇ ਸਾਡੇ ਨਾਲ ਉਸਦੀ ਵਿਰੋਧਤਾ ਕੀਤੀ ਸੀ। ਜੇ ਤਿੰਨ ਸੌ ਤੋਂ ਚਾਰ ਸੌ ਕਰਨਾ ਗਲਤੀ ਸੀ ਤਾਂ ਕੀ ਹੁਣ ਚਾਰ ਸੌ ਤੋਂ ਪੰਜ ਸੌ ਕਰਨਾ ਠੀਕ ਹੈ? (ਵਿਘਨ) ਮੈਂ ਬਾਜਵਾ ਸਾਹਿਬ ਨੂੰ ਅਰਜ਼ ਕਰਦਾ ਹਾਂ ਕਿ ਕੋਈ ਐਮ. ਐਲ. ਏ. ਜੋ ਪਹਿਲਾਂ ਵਕਾਲਤ ਕਰਦਾ ਸੀ, ਵਪਾਰ ਕਰਦਾ ਸੀ, ਟਰੈਕਟਰ ਰਖਦਾ ਸੀ, ਜੇ ਹੁਣ ਉਹ ਇਹ ਕੰਮ ਨਹੀਂ ਕਰਦਾ ਤਾਂ ਮੈਂ ਮੰਨ ਜਾਂਦਾ ਹਾਂ। (ਵਿਘਨ) ਇਕ ਦੋ ਦੇ ਸਿਵਾਏ ਹੁਣ ਕੋਈ ਐਮ. ਐਲ. ਏ. ਇਧਰ ਹੋਲ ਟਾਈਮ ਕੰਮ ਨਹੀਂ ਕਰਦਾ। ਇਸ ਕਰਕੇ ਇਹ ਕਹਿਣਾ ਕਿ ਹੁਣ ਮਹਿੰਗਾਈ ਵਧ ਗਈ ਹੈ, ਇਸ ਲਈ ਇਹ ਅਲਾਊਂਸ ਚਾਰ ਸੌ ਤੋਂ ਪੰਜ ਸੌ ਕਰ ਦਿਤਾ ਹੈ, ਇਹ ਠੀਕ ਨਹੀਂ ਹੈ। (ਵਿਘਨ) ਇਸ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਦੀ ਚੌਧਰੀ ਸਾਹਿਬ ਨੇ ਵਿਰੋਧਤਾ ਕੀਤੀ, ਸਰਦਾਰ ਕਿਰਪਾਲ ਸਿੰਘ ਨੇ ਵਿਰੋਧਤਾ ਕੀਤੀ। ਪਹਿਲਾਂ ਤਿੰਨ ਸੌ ਤੋਂ ਚਾਰ ਸੌ ਕੀਤਾ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਤੋਂ ਬਾਅਦ ਹੁਣ ਕਿੰਨੀ ਮਹਿੰਗਾਈ ਵਧ ਗਈ ਹੈ ਕਿ ਇਹ ਅਲਾਊਂਸ ਹੁਣ ਪੰਜ ਸੌ ਕਰਨਾ ਪਿਆ ਹੈ ? ਬਾਜਵਾ ਸਾਹਿਬ ਨਾਲ ਚਪੜਾਸੀ ਜਾਂਦਾ ਹੈ, ਜਦ ਇਹ ਟੂਰ ਤੇ ਜਾਂਦੇ ਹਨ । ਇਨ੍ਹਾਂ ਨੂੰ ਪਤਾ ਹੈ ਕਿ ਉਸ ਨੂੰ ਕੀ ਮਿਲਦਾ ਹੈ । ਉਸ ਨੂੰ ਡੇਢ ਰੁਪਿਆ ਰੋਜ਼ ਦਾ ਮਿਲਦਾ ਹੈ। ਤੁਸੀਂ ਮੈਨੂੰ ਦਸੋ ਅੰਮ੍ਰਿਤਸਰ ਜਾਂ ਜਲੰਧਰ ਜਾਂ ਕਿਤੇ ਹੋਰ ਜਦ ਉਹ ਚਪੜਾਸੀ ਮਨਿਸਟਰਾਂ ਨਾਲ ਦੌਰੇ ਤੇ ਜਾਂਦੇ ਹਨ ਤਾਂ ਉਨ੍ਹਾਂ ਦਾ ਡੇਢ ਰੁਪਏ ਵਿਚ ਕੀ ਬਣਦਾ ਹੈ। (ਵਿਘਨ)

ਸ੍ਰੀ ਸਭਾਪਤੀ : ਜਿਹੜੇ 35/- ਹੁੰਦੇ ਹਨ ਉਸ ਵਿਚ ਹਿਸਾ ਵੰਡਾਉਣ ਵਾਲੇ ਬਹੁਤ ਹੁੰਦੇ ਹਨ। (There are so many others who also get share out of this sum of Rs. 35/-)

ਕਾਮਰੇਡ ਸੱਤ ਪਾਲ ਡਾਂਗ : ਮੈਂ ਅਰਜ਼ ਕਰ ਰਿਹਾ ਸੀ ਕਿ ਜੇ ਮਹਿੰਗਾਈ ਵਧੀ ਹੈ ਤਾਂ ਇਸ ਬਾਰੇ ਪਹਿਲਾਂ ਪਬਲਿਕ ਦਾ ਅਤੇ ਐਂਪਲਾਈਜ਼ ਦਾ ਸੋਚਣਾ ਚਾਹੀਦਾ ਹੈ ਨਾ ਕਿ ਆਪਣਾ ਪਹਿਲਾਂ ਸੋਚਣਾ ਹੈ। ਇਸ ਵੇਲੇ ਡੇਲੀ ਅਲਾਊਂਸ ਜਿਹੜਾ 25 ਰੁਪਏ ਤੋਂ 35 ਕੀਤਾ ਜਾ ਰਿਹਾ ਹੈ, ਇਸ ਬਾਰੇ ਮੈਂ ਅਰਜ਼ ਕਰਾਂ ਕਿ ਕਲਾਸ ਫੋਰ ਨੂੰ ਡੇਢ ਰੁਪਏ ਰੋਜ਼ ਦਾ ਮਿਲਦਾ ਹੈ। 100/- ਰੁ: ਤਨਖਾਹ ਤੋਂ ਹੇਠਾਂ ਅਤੇ ਕਲਾਸ ਫੋਰ ਤੋਂ ਉਪਰ ਇਹ ਡੇਲੀ ਅਲਾਊਂਸ ਦੋ ਰੁਪਏ ਪਰ ਡੇ ਦੇ ਹਿਸਾਬ ਨਾਲ ਮਿਲਦਾ ਹੈ। ਇਸੇ ਤਰ੍ਹਾਂ 100 ਤੋਂ 175/- ਰੁਪਏ ਤਕ ਢਾਈ ਰੁਪਏ ਅਤੇ 175 ਤੋਂ 250 ਰੁਪਏ ਤਕ ਤਿੰਨ ਰੁਪਏ ਮਿਲਦੇ ਹਨ। ਇਸ ਲਈ ਮੈਂ, ਬਾਜਵਾ ਸਾਹਿਬ, ਨੂੰ ਬੇਨਤੀ ਕਰਾਂਗਾ ਕਿ ਉਹ ਇਸ ਪਾਸੇ ਵੀ ਧਿਆਨ ਕਰਨ। (ਵਿਘਨ) ਐਮ. ਐਲ. ਏ. ਨੂੰ ਚਾਰ ਸੌ ਤੋਂ ਪੰਜ ਸੌ ਚਾਹੀਦਾ ਹੈ ਕਿਉਂਕਿ ਮਹਿੰਗਾਈ ਵਧ ਗਈ ਹੈ। ਇਹ ਠੀਕ ਨਹੀਂ। ਚੇਅਰਮੈਨ ਸਾਹਿਬ, ਮਿਨੀਮਮ ਵੇਜਿਜ਼ ਐਕਟ ਦੇ ਹੇਠਾਂ ਘਟੋ ਘਟ ਤਨਖਾਹ 90 ਰੁਪਏ ਜਾਂ 100/- ਰੁਪਏ ਮਹੀਨਾ ਮੁਕੱਰਰ ਕਰੋ। ਮਜ਼ਦੂਰ ਦੇ ਬੱਚੇ ਅਤੇ ਬੀਵੀ ਨੇ ਵੀ ਜੀਊਣਾ ਹੈ। ਸਾਡੇ ਜਿੰਨੇ ਮਨਿਸਟਰਾਂ ਦੇ ਆਪਣੇ ਕਾਰਖਾਨੇ ਹਨ ਅਤੇ ਜੋ ਸਿਲਕ ਦੀ ਇੰਡਸਟਰੀ ਹੈ, ਉਸ ਨੂੰ ਛੇ ਮਹੀਨੇ ਲਈ ਇਸ ਗਲ ਤੋਂ ਮੁਸਤਸਨਾ ਕਰਾਰ ਦੇ ਦਿਤਾ ਹੈ। ਅਨ-ਸਕਿਲਡ ਵਰਕਰ 60/- ਉਤੇ ਅਜ ਵੀ ਭਰਤੀ ਕੀਤੇ ਜਾਂਦੇ ਹਨ। ਜਦੋਂ ਗੌਰਮੈਂਟ ਦੇ ਪੀਅਨ ਨੂੰ 141/- ਰੁਪਏ ਮਿਲਦੇ ਹਨ ਤਾਂ ਇਸ ਤੋਂ ਘਟ ਪੈਸੇ ਪ੍ਰਾਈਵੇਟ ਸੈਕਟਰ ਵਿਚ ਕਿਸੇ ਵਰਕਰ ਨੂੰ ਵੀ ਨਹੀਂ ਮਿਲਣੇ ਚਾਹੀਦੇ। (ਵਿਘਨ)

ਚੇਅਰਮੈਨ ਸਾਹਿਬ, ਜਿਹੜੀਆਂ ਫੈਸਿਲੇਟੀਜ਼ ਕੈਸ਼ ਨਹੀਂ ਹੋ ਸਕਦੀਆਂ ਉਨ੍ਹਾਂ ਦਾਂ ਤਾਂ ਕੋਈ ਨਾਜਾਇਜ਼ ਫਾਇਦਾ ਉਠਾ ਨਹੀਂ ਸਕਦਾ। ਲੇਕਿਨ ਕੰਪੈਨਸੇਟਰੀ ਅਲਾਊਂਸ ਚਾਰ ਸੌ ਤੋਂ ਪੰਜ ਸੌ ਕੀਤਾ ਜਾਵੇ ਅਤੇ ਡੇਲੀ ਅਲਾਊਂਸ 25 ਰੁਪਏ ਤੋਂ 35 ਰੁਪਏ ਕੀਤਾ ਜਾਵੇ, ਇਹ ਗਲ ਠੀਕ ਨਹੀਂ ਮੈਂ ਇਸ ਦੀ ਵਿਰੋਧਤਾ ਕਰਦਾ ਹਾਂ।

ਚੇਅਰਮੈਨ ਸਾਹਿਬ, ਤੁਸੀਂ ਪਰੈਸੀਡੈਂਟ ਦੀ ਗਲ ਕੀਤੀ ਸੀ। ਮੈਂ ਆਖਰ ਵਿਚ ਇਕ ਗਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਹ ਜਿਹੜੀ ਸਾਰਿਆਂ ਨਾਲੋਂ ਵਡੀ ਦਲੀਲ ਦਿਤੀ ਜਾਂਦੀ ਹੈ, ਕਿ ਹਰਿਆਣਾ ਵਿਚ ਇਹ ਗਲ ਹੋ ਗਈ ਹੈ ; ਇਸ ਬਾਰੇ, ਚੇਅਰਮੈਨ ਸਾਹਿਬ, ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਹਰਿਆਣਾ ਵਿਚ ਇਹ ਗੱਲ ਹੋ ਗਈ। ਹਰਿਆਣੇ ਵਾਲਿਆਂ ਨੇ ਬੁਰਾ ਕੰਮ ਕੀਤਾ ਕਿਉਂਕਿ ਬੰਸੀ ਲਾਲ ਦੀ ਮਨਿਸਟਰੀ ਰਹਿੰਦੀ ਨਹੀਂ ਸੀ (ਵਿਘਨ) ਉਨ੍ਹਾਂ ਨੇ ਰਿਸਟ੍ਰਿਕਸ਼ਨ ਉੜਾ ਦਿਤੀ ਅਤੇ ਇਹ ਪਾਸ ਕਰ ਦਿਤਾ ਕਿ ਇਮਪਰੂਵਮੈਂਟ ਟਰਸਟਾਂ ਦੇ ਚੇਅਰਮੈਨ, ਐਮ. ਐਲ. ਏਜ਼ ਨੂੰ ਬਣਾ ਦਿਉ।

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੇ ਕਿਹਾ ਸੀ ਕਿ ਜਾਂ ਤਾਂ ਸਾਨੂੰ ਮਨਿਸਟਰ ਬਣਾਉ ਜਾਂ ਮਨਿਸਟਰੀ ਦੇ ਬਰਾਬਰ ਅਹੁਦਾ ਦਿਉ ਨਹੀਂ ਤਾਂ ਦੂਜੇ ਪਾਸੇ ਲਾਉ। ਇਸ ਕਰਕੇ ਹਰਿਆਣਾ ਗੌਰਮਿੰਟ ਨੇ ਇਹ ਕੰਮ ਕੀਤਾ। ਚੇਅਰਮੈਨ ਸਾਹਿਬ, ਇਥੇ ਇਕ ਸੈਮੀਨਾਰ ਹੋਇਆ, ਉਨ੍ਹਾਂ ਦੀ ਦਿਤੀ ਹੋਈ ਇਨਫਰਮੇਸ਼ਨ ਮੈਂ ਤੁਹਾਨੂੰ ਦੱਸਦਾ ਹਾਂ। 1969 ਤਕ ਸਾਰੇ ਹਿੰਦੁਸਤਾਨ ਵਿਚ ਕੀ ਪੁਜ਼ੀਸ਼ਨ ਸੀ।

A Member of Parliament at present gets Rs. 500/- as monthly salary and Rs. 31/- per diam as Daily Allowance.

1969 ਤਕ ਪਾਰਲੀਮੈਂਟ ਦੇ ਮੈਂਬਰਾਂ ਨੂੰ 5 ਸੌ ਰੁਪਏ ਮਹੀਨਾ ਔਰ 31 ਰੁਪਏ ਰੋਜ਼ ਦਾ ਡੀ. ਏ. ਮਿਲਦਾ ਸੀ। ਇਸ ਸੂਚਨਾ ਦੇ ਵਿਚ ਦੱਸਿਆ ਹੈ ਕਿ ਬਹੁਤ ਸਾਰੀਆਂ ਸਟੇਟਸ ਦੇ ਵਿਚ ਐਮ. ਐਲ. ਏ. ਨੂੰ 2 ਸੌ ਰੁਪਏ ਤੋਂ 4 ਸੌ ਰੁਪਏ ਮਿਲਦਾ ਸੀ। ਇਸ ਤੋਂ ਬਾਅਦ ਵਧਾਇਆ ਗਿਆ। ਇਹ ਹਰਿਆਣਾ ਸਟੇਟ ਵਿਚ ਹੋਇਆ ਜਿਥੇ ਕਿ 4 ਸੌ ਤੋਂ 5 ਸੌ ਰੁਪਏ ਹੋਇਆ। ਜਨਰਲ ਪੈਟਰਨ ਅੱਜ ਵੀ ਸਾਰੇ ਹਿੰਦੁਸਤਾਨ ਵਿਚ 2 ਸੌ ਤੋਂ 4 ਸੌ ਰੁਪਏ ਹੈ। ਕਿਤੇ ਇਸ ਨੂੰ ਤਨਖਾਹ ਕਹਿੰਦੇ ਹਨ ਅਤੇ ਕਿਤੇ ਇਸ ਨੂੰ ਕੰਪੈਨਸੇਟਰੀ ਅਲਾਉਂਸ ਕਹਿੰਦੇ ਹਨ, ਲੇਕਿਨ, ਜਨਰਲ ਪੈਟਰਨ ਜਿਹੜਾ ਸਾਰੇ ਹਿੰਦੁਸਤਾਨ ਵਿਚ ਹੈ, ਉਹ 2 ਸੌ ਤੋਂ 4 ਸੌ ਰੁਪਏ ਹੈ। ਅਕਾਲੀ ਪਾਰਟੀ ਨੇ ਆਉਂਦਿਆਂ ਹੀ ਕਲੇਮ ਕੀਤਾ ਸੀ ਕਿ ਅਸੀਂ ਵਿਧਾਨ ਪਰੀਸ਼ਦ ਉਡਾ ਦਿਆਂਗੇ, ਉਹ ਉਡਾ ਦਿਤੀ। ਉਸਦਾ ਖ਼ਰਚਾ ਪੰਜਾਬ ਦੇ ਟੈਕਸ ਪੇਅਰਜ਼ ਤੋਂ ਹਟਾ ਦਿਤਾ। ਲੇਕਿਨ ਜਿਹੜੇ ਇਹ ਬਿਲ ਲਿਆਏ ਹਨ, ਇਨ੍ਹਾਂ ਨਾਲ ਕੀ ਇਨ੍ਹਾਂ ਨੂੰ ਪਤਾ ਹੈ ਕਿ ਕਿੰਨਾ ਪੈਸਾ ਵਾਧੂ ਖਰਚ ਆਵੇਗਾ? ਇਕ ਸਬਸਟੈਂਸ਼ੀਅਲ ਅਮਾਊਂਟ ਜਿਹੜੀ ਟੈਕਸ ਪੇਅਰਜ਼ ਤੇ ਪਵੇਗੀ——(ਵਿਘਨ)

ਡਾ: ਸਾਧੂ ਰਾਮ : ਯੂ. ਪੀ. ਅਤੇ ਰਾਜਸਥਾਨ ਦਾ ਵੀ ਦੱਸ ਦਿਉ।

ਕਾਮਰੇਡ ਸੱਤ ਪਾਲ ਡਾਂਗ : ਯੂ. ਪੀ. ਅਤੇ ਰਾਜਸਥਾਨ ਦਾ ਇਹ ਦੱਸ ਦੇਣਗੇ। ਅਗਰ ਹਰਿਆਣਾ ਗਲਤੀ ਕਰਦਾ ਹੈ ਅਤੇ ਦੂਜੇ ਸੂਬੇ ਗਲਤੀ ਕਰਦੇ ਹਨ ਤਾਂ ਇਹ ਪਰੈਸੀਡੈਂਟ ਨਹੀਂ ਬਣਦਾ। ਮਹਿੰਗਾਈ ਦੀ ਕੋਈ ਆਰਗੂਮੈਂਟ ਲਾਗੂ ਨਹੀਂ ਹੁੰਦੀ। ਜਿਹੜਾ ਬਿਲ ਵਿਚ ਕਿਹਾ ਗਿਆ ਹੈ ਕਿ ਅਸੀਂ ਬੱਸ ਤੇ ਆਵਾਂਗੇ, ਗੱਡੀ ਤੇ ਆਵਾਂਗੇ ਅਤੇ ਐਨੇ ਕਿਲੋਮੀਟਰ ਦੀ ਫਰੀ ਫੈਸਿਲਿਟੀ ਮਿਲੇਗੀ ਅਤੇ ਫਿਰ ਡਿਊਢਾ ਕਿਰਾਇਆ ਵੀ ਫਸਟ ਕਲਾਸ ਦਾ ਲੈ ਲਵਾਂਗੇ, ਇਹ ਸਾਰਾ ਮੈਂ ਸਮਝਦਾ ਹਾਂ ਕਿ ਜਨਤਾ ਤੇ ਬਰਡਨ ਹੈ। ਸਰਕਾਰ ਅਜਿਹਾ ਕਰਕੇ ਮੈਂਬਰਾਂ ਨੂੰ ਜਨਤਾ ਤੋਂ ਹੋਰ ਦੂਰ ਲਿਜਾ ਰਹੀ ਹੈ। ਮੈਂ ਕਹਿੰਦਾ ਹਾਂ ਕਿ ਇਹ ਐਨਾ ਬਰਡਨ ਪਬਲਿਕ ਦੇ ਉਤੇ ਪਾਉਣ ਦੀ ਕੋਈ ਲੋੜ ਨਹੀਂ। ਮੈਂ ਕਹਿੰਦਾ ਹਾਂ ਕਿ ਲੈਜਿਸਲੇਟਰਜ਼ ਲੋਕਾਂ ਦੇ ਸਾਹਮਣੇ ਇਕ ਮਿਸਾਲ ਬਣਨ। ਲੈਜਿਸਲੇਟਰਜ਼ ਦਾ ਸਭ ਥਾਂ ਤੇ ਲੋਕਾਂ ਵਿਚ ਮਾਨ ਕਿਉਂ ਉਡ ਗਿਆ ਹੈ? ਇਸ ਤਰ੍ਹਾਂ ਦੀਆ ਗਲਾਂ ਕਰਕੇ ਹੀ ਉਡ ਗਿਆ ਹੈ। ਸੋ ਇਹ ਟੈਕਸ ਪੇਅਰਜ਼ ਤੇ ਵਾਧੂ ਖਰਚਾ ਹੈ।

ਮੈਂ ਇਨ੍ਹਾਂ ਦੇ ਕਾਰਣਾਂ ਕਰਕੇ 4 ਸੌ ਤੋਂ 5 ਸੌ ਰੁਪਏ ਜਿਹੜੇ ਕੀਤੇ ਹਨ ਔਰ 25 ਰੁਪਏ ਤੋਂ 35 ਰੁਪਏ ਜਿਹੜੇ ਕੀਤੇ ਹਨ। ਕਹਿੰਦਾ ਹਾਂ ਕਿ ਇਨ੍ਹਾਂ ਸਾਰੇ ਸਵਾਲਾਂ ਉਤੇ ਕਦੇ ਵੀ ਆਰਡੀਨੈਂਸ ਨਹੀਂ ਹੋਣਾ ਚਾਹੀਦਾ। ਇਹ ਆਰਡੀਨੈਂਸ ਕਰਕੇ ਪਾਵਰਜ਼ ਨੂੰ ਮਿਸਯੂਜ਼ ਕੀਤਾ ਗਿਆ। ਇਸ ਕਰਕੇ ਮੈਂ ਇਸ ਦੇ ਵਿਰੁਧ ਹਾਂ। ਮੈਨੂੰ ਉਮੀਦ ਹੈ ਕਿ ਅਸੂਲ ਦੇ ਮੁਤਾਬਿਕ ਜਿਹੜੇ ਵੀ ਮੈਂਬਰ ਬੋਲਣ ਲਈ ਖੜੇ ਹੋਣਗੇ, ਉਹ ਇਹੀ ਪੁਜ਼ੀਸ਼ਨ ਲੈਣਗੇ ਕਿ ਇਹ ਪਾਵਰਜ਼ ਨੂੰ ਮਿਸਯੂਜ਼ ਕੀਤਾ ਜਾ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

Minister For Finance : Sir, I beg to introduce the Punjab Legislative Assembly (Allowances of Members) Amendment Bill.

Minister for Finance : Sir, I beg to move—

That the Punjab Legislative Assembly (Allowances of Members) Amendment Bill be taken into consideration at once.

ਇਹ ਜਿਹੜਾ ਬਿਲ ਹੈ ਇਸ ਬਾਰੇ ਬੇਨਤੀ ਹੈ ਕਿ ਪਿੱਛੇ ਜਦ ਵਿਧਾਨ ਸਭਾ ਦਾ ਸੈਸ਼ਨ ਸੀ ਅਤੇ ਸਰਦਾਰ ਗੁਰਨਾਮ ਸਿੰਘ ਮੁੱਖ ਮੰਤਰੀ ਸਨ, ਉਦੋਂ ਇਸ ਸਦਨ ਦੇ ਬਹੁਤ ਸਾਰੇ ਮੈਂਬਰਾਂ ਨੇ ਕੋਈ 80 ਦੇ ਕਰੀਬ ਦਸਖਤ ਕਰਕੇ ਗੌਰਮਿੰਟ ਨੂੰ ਦਿਤੇ ਕਿ ਉਨ੍ਹਾਂ ਦੀਆਂ ਫੈਸਿਲਿਟੀਜ਼ ਔਰ ਕੰਪੈਨਸੇਟਰੀ ਅਲਾਊਂਸ ਵਧਾਉਣਾ ਚਾਹੀਦਾ ਹੈ, ਮੈਂਬਰਾਂ ਦੀ ਤਨਖਾਹ ਵਧਾਉਣੀ ਚਾਹੀਦੀ ਹੈ। ਉਨ੍ਹਾਂ ਨੇ ਰੀਜ਼ਨਜ਼ ਦਿਤੇ ਕਿ ਮਹਿੰਗਾਈ ਬਹੁਤ ਵਧ ਗਈ ਹੈ। ਇਸ ਦੇ ਨਾਲ ਹੀ ਇਹ ਰੀਜ਼ਨਜ਼ ਵੀ ਸਨ, ਕਿ ਐਮ. ਐਲ. ਏਜ਼. ਦੀਆਂ ਨੇਚਰ ਆਫ ਡਿਊਟੀਜ਼ ਐਸੀਆਂ ਹਨ ਕਿ ਉਨ੍ਹਾਂ ਨੂੰ ਬਹੁਤ ਤੁਰਨਾ ਫਿਰਨਾ ਪੈਂਦਾ ਹੈ। ਇਸ ਲਈ ਉਨ੍ਹਾਂ ਨੂੰ ਟੈਲੀਫੋਨ ਅਤੇ ਹੋਰ ਫੈਸਿਲਿਟੀਜ਼ ਨਾ ਹੋਣ ਤਾਂ ਇਸ ਜਮਹੂਰੀ ਰਾਜ ਦੇ ਵਿਚ ਉਹ ਲੋਕਾਂ ਦੀ ਅੱਛੀ ਸੇਵਾ ਨਹੀਂ ਕਰ ਸਕਦੇ। ਇਸ ਲਈ ਉਨ੍ਹਾਂ ਨੂੰ ਉਤਸ਼ਾਹ ਅਤੇ ਪਰੇਰਨਾ ਦੇਣ ਵਾਸਤੇ, ਤਾਕਿ ਉਹ ਅੱਛੀ ਸੇਵਾ ਕਰ ਸਕਣ, ਇਹ ਸਾਰੀਆਂ ਚੀਜ਼ਾਂ ਮਿਲਣੀਆਂ ਚੀਹੀਦੀਆਂ ਹਨ। ਇਸ ਚੀਜ਼ ਨੂੰ ਮੁੱਖ ਰੱਖ ਕੇ ਇਸ ਹਾਊਸ ਦੇ ਸਾਰੇ ਵੱਖ ਵੱਖ ਪਾਰਟੀਆਂ ਦੇ ਲੀਡਰਾਂ ਦੀ ਮੀਟਿੰਗ ਕੀਤੀ ਗਈ। ਉਸ ਮੀਟਿੰਗ ਵਿਚ ਸਰਦਾਰ ਉਮਰਾਓ ਸਿੰਘ, ਕੈਪਟਨ ਰਤਨ ਸਿੰਘ,ਕਾਮਰੇਡ ਸੱਤ ਪਾਲ ਡਾਂਗ, ਜਿਨ੍ਹਾਂ ਨੇ ਕਿ ਐਡੀ ਵੱਡੀ ਸਪੀਚ ਕੀਤੀ ਹੈ (ਵਿਘਨ) ਸਨ। ਚੌਧਰੀ ਬਲਬੀਰ ਸਿੰਘ, ਸਰਦਾਰ ਕਿਰਪਾਲ ਸਿੰਘ (ਚੌਧਰੀ ਬਲਬੀਰ ਸਿੰਘ ਵੱਲੋਂ ਵਿਘਨ) ਸਾਥੀ ਰੂਪ ਲਾਲ ਵੀ ਸ਼ਾਮਿਲ ਸਨ। (ਵਿਘਨ) ਸਾਰੀਆਂ ਪਾਰਟੀਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਹੋਈ ਉਸ ਮੀਟਿੰਗ ਦੇ ਵਿਚ ਜਨਰਲ ਕਨਸੈਂਨਸਸ ਦੇ ਮੁਤਾਬਿਕ ਹੀ ਫੈਸਲਾ ਹੋਇਆ। ਡਾਂਗ ਸਾਹਿਬ ਨੇ ਜ਼ਿਕਰ ਕੀਤਾ ਹੈ ਆਰਡੀਨੈਂਸ ਦਾ ਕਿ ਕੰਪੈਨਸੇਟਰੀ ਅਲਾਊਂਸ ਨਹੀਂ ਸੀ ਵਧਾਉਣਾ ਚਾਹੀਦਾ। ਇਹ ਗੱਲ ਸਹੀ ਹੈ ਕਿ ਡਾਂਗ ਸਾਹਿਬ ਕਹਿੰਦੇ ਸਨ ਕਿ ਫੈਸਿਲਿਟੀਜ਼ ਵਧਾਉ। ਉਨ੍ਹਾਂ ਨੇ ਕਿਹਾ ਸੀ ਕਿ ਡੀਅਰਨੈਸ ਅਲਾਊਂਸ ਭਾਵੇਂ 35 ਦੀ ਬਜਾਏ 40 ਰੁਪਏ ਕਰ ਦਿਉ। (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਇਟ ਇਜ਼ ਐਬਸੋਲਿਊਟਲੀ ਰਾਂਗ। ਮੈਂ 25 ਰੁਪਏ ਤੋਂ ਇਕ ਪੈਸਾ ਵੀ ਵਧਾਉਣ ਦੀ ਮੁਖ਼ਾਲਫਤ ਕੀਤੀ ਸੀ। ਇਹ ਬੇਸ਼ੱਕ ਉਸਨੂੰ ਦੇਖ ਲੈਣ।

ਵਿੱਤ ਮੰਤਰੀ : ਆਈ ਐਮ ਸ਼ੁਅਰ, ਆਈ ਐਮ ਕੁਰੈਕਟ। (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਸਾਰੀਆਂ ਪਾਰਟੀਆਂ ਔਰ ਸਾਰਿਆਂ ਲੈਜਿਸਲੇਟਰਾਂ ਦੀ ਇਸ ਮੰਗ ਨੂੰ ਮੁੱਖ ਰੱਖਦੇ ਹੋਏ ਪਿਛਲੀ ਦਫਾ ਵੀ ਜਦ ਅਸੈਂਬਲੀ ਦਾ ਸੈਸ਼ਨ ਚਲ ਰਿਹਾ ਸੀ, ਤਾਂ ਉਦੋਂ ਇਹ ਮੰਗਾਂ ਬਿਲ ਦੀ ਸ਼ਕਲ ਵਿਚ ਪੇਸ਼ ਕੀਤੀਆਂ ਗਈਆਂ ਸੀ। ਲੇਕਿਨ ਕੁਝ ਹਾਲਾਤ ਹੋਣ ਕਰਕੇ ਇਹ ਅਸੈਂਬਲੀ ਵਿਚ ਪੇਸ਼ ਨਹੀਂ ਕਰ ਸਕੇ ਬਿਲ ਪਾਸ ਨ ਸਕਿਆ। ਇਸ ਲਈ ਗੌਰਮਿੰਟ ਨੇ ਉਸ ਨੂੰ ਆਰਡੀਨੈਂਸ ਦੀ ਸ਼ਕਲ ਵਿਚ ਲਿਆਂਦਾ ਅਤੇ ਹੁਣ ਦੇ ਸੈਸ਼ਨ ਵਿਚ, ਰੂਲਜ਼ ਦੇ ਮੁਤਾਬਿਕ ਬਿੱਲ ਦੀ ਸ਼ਕਲ ਵਿਚ ਲਿਆਂਦਾ ਹੈ। ਇਸ ਬਿੱਲ ਦਾ ਮੰਤਵ ਇਹ ਹੈ ਕਿ ਲੈਜਿਸਲੇਟਰਜ਼ ਨੂੰ ਪਬਲਿਕ ਵਰਕ ਵਿਚ ਜ਼ਿਆਦਾ ਸਹੂਲਤਾਂ ਦੇ ਕੇ ਜ਼ਿਆਦਾ ਇਫੈਕਟਿਵ ਬਣਾਇਆ ਜਾਵੇ ਤਾਕਿ ਉਹ ਇਸ ਜਮਹੂਰੀ ਰਾਜ ਵਿਚ ਜ਼ਿਆਦਾ ਕਾਮਯਾਬੀ ਨਾਲ ਕੰਮ ਕਰ ਸਕਣ, ਉਤਸ਼ਾਹ ਦੇ ਨਾਲ ਕੰਮ ਕਰ ਸਕਣ। ਇਸ ਮਕਸਦ ਦੇ ਲਈ ਇਹ ਬਿਲ ਲਿਆਂਦਾ ਹੈ ਮੈਂ ਬੇਨਤੀ ਕਰਦਾ ਹਾਂ ਕਿ

Original with;
Punjab Vidhan Sabha
Digitized by;
Punjab Digital Library

ਇਸ ਬਿਲ ਨੂੰ ਲਾਈਟ ਵਿਚ ਕਨਸਿਡਰ ਕੀਤਾ ਜਾਵੇ ਨਾ ਕਿ ਨੈਗੇਟਿਵ ਅਪਰੋਚ ਨੂੰ ਸਾਹਮਣੇ ਰਖਕੇ ਇਸ ਨੂੰ ਕਨਸਿਡਰ ਕੀਤਾ ਜਾਵੇ।

Mr. Chairman : Motions moved—

That this House disapproves the Punjab Legislative Assembly (Allowances of Members) Amendment Ordinance 1970 (Punjab Ordinance No. 1 of 1970.)

That Punjab Legislative Assembly (Allowances of Members) Amendment Bill be taken into consideration at once.

Both these motions will be discussed together.

ਸਿਰਦਾਰ ਕਪੂਰ ਸਿੰਘ (ਸਮਰਾਲਾ) : ਪ੍ਰਧਾਨ ਜੀ ਜਿਹੜਾ ਮਤਾ ਮੇਰੇ ਮਿੱਤਰ ਸ੍ਰੀ ਡਾਂਗ ਸਾਹਿਬ ਨੇ ਪੇਸ਼ ਕੀਤਾ ਹੈ, ਮੈਂ ਉਸ ਦੀ ਵਿਰੋਧਤਾ ਕਰਦਾ ਹਾਂ। (ਤਾੜੀਆਂ) ਜਿਹੜਾ ਬਿੱਲ ਵਿੱਤ ਮੰਤਰੀ ਜੀ ਨੇ ਪੇਸ਼ ਕੀਤਾ ਹੈ, ਮੈਂ ਉਸ ਦੀ ਪ੍ਰੋੜਤਾ ਕਰਦਾ ਹਾਂ (ਤਾੜੀਆਂ)

ਮੇਰੇ ਮਿਤਰ ਡਾਂਗ ਸਾਹਿਬ ਨੇ ਦੋ ਤਿੰਨ ਦਲੀਲਾਂ ਦਿਤੀਆਂ ਹਨ, ਮਤੇ ਦੇ ਹੱਕ ਵਿਚ। ਇਕ ਤਾਂ ਇਹ ਹੈ ਕਿ ਇਹ ਆਰਡੀਨੈਂਸ ਨਹੀਂ ਸੀ ਲਿਆਉਣਾ ਚਾਹੀਦਾ, ਇਹ ਆਰਡੀਨੈਂਸ ਜਿਸ ਤਰੀਕੇ ਨਾਲ ਹੋਇਆ ਹੈ, ਇਹ ਤਰੀਕਾ ਠੀਕ ਨਹੀਂ। ਇਸਦੀ ਤਾਂ ਕੋਈ ਸਬੰਧਤ ਥਾਂ, ਜਿਹੜਾ ਮਤਾ ਇਨ੍ਹਾਂ ਨੇ ਪੇਸ਼ ਕੀਤਾ ਹੈ, ਮੈਨੂੰ ਨਜ਼ਰ ਨਹੀਂ ਆਉਂਦਾ। ਆਰਡੀਨੈਂਸ ਦੀ ਬਾਬਤ, ਜਿਥੋਂ ਤੱਕ ਮੈਨੂੰ ਜਾਣਕਾਰੀ ਹੈ, ਉਸ ਦਾ ਅਸੂਲ ਤਾਂ ਸਿਰਫ ਐਨਾ ਹੀ ਹੈ ਕਿ ਜਿਸ ਵੇਲੇ ਅਸੈਂਬਲੀ ਬੈਠੀ ਹੋਈ ਨਾ ਹੋਵੇ, ਲੇਕਿਨ ਕੋਈ ਐਸੀ ਲੋੜ ਪੈ ਜਾਵੇ ਜਿਹੜੀ ਕਿ ਰਾਜਕਾਜ ਦਾ ਪ੍ਰਬੰਧ ਚਲਾਉਣ ਵਾਸਤੇ ਜ਼ਰੂਰੀ ਹੋਵੇ ਤਾਂ ਉਥੇ ਗਵਰਨਰ ਨੂੰ ਹੀ ਅਧਿਕਾਰ ਹੈ ਕਿ ਉਹ ਆਰਡੀਨੈਂਸ ਜਾਰੀ ਕਰ ਦੇਵੇ। ਜੇ ਆਰਡੀਨੈਂਸ ਇਹਨਾਂ ਹਾਲਾਤ ਵਿਚ ਜਾਰੀ ਕਰ ਦਿਤਾ ਗਿਆ ਹੋਵੇ, ਤਾਂ ਫਿਰ ਇਸ ਦੇ ਜਾਰੀ ਹੋਣ ਬਾਰੇ ਮੈਂ ਸਮਝਦਾ ਹਾਂ ਕਿ ਗੁਣ, ਦੋਸ਼ ਵਿਚ ਹੋਰ ਜਾਣ ਦੀ ਲੋੜ ਨਹੀਂ। ਇਸ ਲਈ ਜਿਹੜੇ ਨੁਕਤੇ ਉਨ੍ਹਾਂ ਨੇ ਉਠਾਏ ਹਨ, ਉਹ ਬੁਨਿਆਦੀ ਤੌਰ ਤੇ ਠੀਕ ਨਹੀਂ। ਉਹ ਕੱਚੇ ਮਲੂਮ ਹੁੰਦੇ ਹਨ। ਇਕ ਨੁਕਤਾ ਇਨ੍ਹਾਂ ਨੇ ਇਹ ਕਿਹਾ ਸੀ ਕਿ ਉਹ ਅਸੂਲ ਦਾ ਸਵਾਲ ਹੈ ਕਿਹੜੇ ਅਸੂਲ ਦਾ ਸਵਾਲ ਹੈ ਇਹ ਉਨ੍ਹਾਂ ਨਹੀਂ ਦੱਸਿਆ।

ਦੂਸਰੀ ਗੱਲ ਇਨ੍ਹਾਂ ਨੇ ਇਹ ਕਹੀ ਹੈ ਕਿ ਮਹਿੰਗਾਈ ਦਾ ਵਧ ਜਾਣਾ, ਵੇਤਨ ਭੱਤਾ ਵਧਾਉਣ ਦੇ ਹਕ ਵਿਚ ਕੋਈ ਦਲੀਲ ਨਹੀਂ ਹੈ। ਇਨ੍ਹਾਂ ਨੇ ਭੱਤਾ ਵਧਾਉਣ ਦੇ ਵਿਰੁਧ ਇਹ ਗਲ ਕਹਿ ਦਿਤੀ ਹੈ ਪਰ ਇਸ ਗਲ ਦੀ ਪ੍ਰੋੜਤਾ, ਵਿਆਖਿਆ ਦੀ ਦਲੀਲ ਇਨ੍ਹਾਂ ਨੇ ਨਹੀਂ ਦਿਤੀ।

ਜਿੰਨਾਂ ਚਿਰ ਮੈਂਬਰਾ ਨੂੰ ਇੰਨਾ ਭੱਤਾ, ਇੰਨਾ ਵੇਤਨ ਨਹੀਂ ਦਿਤਾ ਜਾਂਦਾ ਜਿਸ ਨਾਲ ਉਹ ਆਪਣਾ ਸੁਖੈਨ ਜੀਵਨ ਬਤੀਤ ਕਰ ਸਕਣ ਉਨਾਂ ਚਿਰ ਇਹ ਨਿਸਚੇ ਜਾਣੋ ਕਿ ਇਸ ਰਿਆਸਤ ਵਿਚ, ਇਸ ਦੇਸ਼ ਵਿਚ, ਕਦੇ ਵੀ ਇਸ ਕਿਸਮ ਦਾ ਰਾਜ ਪ੍ਰਬੰਧ ਚਾਲੂ ਤੇ ਸਥਿਰ ਨਹੀਂ ਹੋਵੇਗਾ ਜਿਸ ਨੂੰ ਕਿ ਸਾਫ਼ ਸੁਥਰਾ ਕਿਹਾ ਜਾ ਸਕੇ। (ਥੰਪਿੰਗ) ਇਸ ਅਸੂਲ ਨੂੰ ਸਭ ਸੋਝੀਵਾਨ ਲੋਕ ਸਮਝਦੇ ਹਨ, ਲੇਕਿਨ ਮੇਰੇ ਕੁਝ ਭਰਾ ਪ੍ਰਾਪੇਗੰਡਾ ਕਰਨ ਲਈ, ਜਾਂ ਪਾਰਟੀ ਦਾ ਇਕ ਖਾਸ ਕਿਸਮ ਦਾ ਤਸੱਵਰ ਬਾਹਰ ਜਨਤਾ ਨੂੰ ਦੇਣ ਲਈ ਕਹਿੰਦੇ ਹਨ ਕਿ ਮਹਿੰਗਾਈ ਭੱਤਾ ਵਧਾਉਣ ਨਾਲ ਕੋਈ ਸਬੰਧ ਨਹੀਂ ਹੈ ਅਤੇ ਮੈਂਬਰਾਂ ਦਾ ਭੱਤਾ ਨਹੀਂ ਵਧਣਾ ਚਾਹੀਦਾ ਇਨ੍ਹਾਂ ਦਾ ਵੇਤਨ ਨਹੀਂ ਵਧਣਾ ਚਾਹੀਦਾ। ਡਾਂਗ ਸਾਹਿਬ ਨੇ ਇਹ ਗੁਲ ਕਹੀ ਕਿ ਸਾਡੇ ਦੇਸ਼ ਵਿਚ ਇਕ ਮਜ਼ਦੂਰ 60/- ਰੁਪਏ ਮਹੀਨਾ ਲੈਂਦਾ ਹੈ, ਮੈਂਬਰਾਂ ਨੂੰ 500/-

Original with;
Punjab Vidhan Sabha
Digitized by;
Panjab Digital Library

[ਸਿਰਦਾਰ ਕਪੂਰ ਸਿੰਘ]

ਰੁਪਏ ਮਹੀਨਾ ਲੈਣ ਦੀ ਕੀ ਲੋੜ ਹੈ । ਮੈਨੂੰ ਤਾਂ ਪਤਾ ਨਹੀਂ ਕਿ ਅੱਜ ਕੱਲ੍ਹ ਕਿਹੜਾ ਮਜ਼ਦੂਰ ਹੈ ਜਿਹੜਾ 60/- ਰੁਪਏ ਮਹੀਨਾ ਲੈਂਦਾ ਹੈ ਯਾ ਇਸ ਤਨਖਾਹ ਉਤੇ ਮਿਲ ਸਕਦਾ ਹੈ । ਸਾਡੇ ਜਿਹੜੇ ਚਪੜਾਸੀ ਹਨ ਉਹ ਵੀ ਸਵਾ ਸੌ ਜਾਂ ਡੇਢ ਸੌ ਰੁਪਏ ਮਹੀਨਾ ਤਨਖਾਹ ਆਦਿ ਲੈਂਦੇ ਹਨ । ਉਸ ਦਾ ਮੁਕਾਬਲਾ ਕਰੋ ਅਸੈਂਬਲੀ ਦੇ ਮੈਂਬਰਾਂ ਨਾਲ ਜਿਹੜੇ ਰਾਜ ਪ੍ਰਬੰਧ ਦੇ ਸਵਾਮੀ ਹਨ ।ਇਹ ਤਨਾਸਬ ਇਕ ਤੇ ਚਾਰ ਦਾ ਬਣਦਾ ਹੈ । ਚੇਅਰਮੈਨ ਸਾਹਿਬ, ਰੂਸ ਵਿਚ, ਜਿਹੜੀ ਇਨ੍ਹਾਂ ਦੀ (ਡਾਂਗ ਸਾਹਿਬ ਵਲ ਇਸ਼ਾਰਾ ਕਰਦੇ ਹੋਏ) ਤੀਰਥ ਭੂਮੀ ਹੈ, ਪੁੰਨ ਭੂਮੀ ਹੈ । ਉਥੇ ਕਾਮਿਆਂ ਤੇ ਰਾਜ ਪ੍ਰਬੰਧ ਚਲਾਉਣ ਦੇ ਜੋ ਉਚ ਅਧਿਕਾਰੀ ਹਨ ਉਨ੍ਹਾਂ ਦਾ ਤਨਾਸਬ ਇਕ ਅਤੇ ਇਕ ਹਜ਼ਾਰ ਦਾ ਹੈ । ਇਹ ਤਨਾਸਬ ਕਾਇਮ ਕਰਕੇ ਦੇਖ ਲਉ ਕਿ ਇਸ ਅਸੈਂਬਲੀ ਦੇ ਮੈਂਬਰਾਂ ਦੀ ਤਨਖਾਹ ਕਿੰਨੀ ਹੋਣੀ ਚਾਹੀਦੀ ਹੈ । ਇਕ ਨੂੰ ਹਜ਼ਾਰ ਨਾਲ ਜ਼ਰਬ ਦੇ ਕੇ ਦੇਖ ਲਉ ਮੈਨੂੰ ਤਾਂ ਹਿਸਾਬ ਨਹੀਂ ਆਉਂਦਾ । (ਹਾਸਾ) ਇਨ੍ਹਾਂ ਨੇ (ਡਾਂਗ ਸਾਹਿਬ ਵਲ ਇਸ਼ਾਰਾ ਕਰਦੇ ਹੋਏ) ਇਹ ਕਿਹਾ ਕਿ ਸਾਡੇ ਆਪਣੇ ਦੇਸ਼ ਵਿਚ ਸੂਬਿਆਂ ਦੇ ਜਿਹੜੇ ਪਰਚਲਤ ਰਿਵਾਜ ਹਨ ਉਹ ਇੰਨੇ ਵੇਤਨ, ਇਨੇ ਭੱਤੇ ਦੇ ਹੱਕ ਵਿਚ ਨਹੀਂ । ਇਸ ਪਰਗਤੀ ਦਾ ਇਕ ਖਾਸ ਪਿਛੋਕੜ ਹੈ । ਸਾਡੇ ਮੁਲਕ ਵਿਚ ਆਜ਼ਾਦ ਹੋਣ ਉਤੇ ਵੇਤਨਾਂ ਦੀ ਗੱਲ ਚਲੀ ਸੀ, ਇਹ 1930-32 ਦੀ ਗਲ ਹੈ । ਮਹਾਤਮਾ ਗਾਂਧੀ ਜੀ ਨੇ ਕਿਹਾ ਸੀ ਕਿ ਰਾਜ ਪ੍ਰਬੰਧ ਚਲਾਉਣ ਵਾਲਾ ਸਭ ਤੋਂ ਵਡਾ ਅਧਿਕਾਰੀ, 500/-ਰੁਪਏ ਮਹੀਨਾ ਲਵੇਗਾ । ਜਿਨ੍ਹਾਂ ਹਾਲਾਤ ਵਿਚ ਇਹ ਗਲ ਕਹੀ ਗਈ ਸੀ ਉਹ ਹੁਣ ਹਾਲਾਤ ਨਹੀਂ ਰਹੇ । ਚੇਅਰਮੈਨ ਸਾਹਿਬ, ਜਿਸ ਵੇਲੇ ਮੈਂ ਆਈ ਸੀ. ਐਸ. ਅਫ਼ਸਰ ਬਣ ਕੇ ਆਇਆ ਸੀ, ਤਾਂ ਉਸ ਵੇਲੇ ਮੈਂ ਸਾਢੇ ਪੰਜ ਸੌ ਰੁਪਏ ਮਹੀਨਾ ਲੈਂਦਾ ਸੀ । ਉਸ ਵੇਲੇ ਮੇਰੇ ਪੰਜ ਚਾਰ ਨੌਕਰ, ਘੋੜੇ, ਗੱਡੀ, ਖਾਨਸਾਮੇ, ਕਾਰ ਆਦਿ ਸਭ ਕੁਝ ਸੀ ਪਰ ਫਿਰ ਵੀ ਪੈਸੇ ਖਤਮ ਨਹੀਂ ਸੀ ਹੁੰਦੇ । ਇੰਨਾਂ ਕੁਝ ਉਦੋਂ ਸੀ ਜਦੋਂ ਮਹਾਤਮਾ ਗਾਂਧੀ ਜੀ ਨੇ ਕਿਹਾ ਸੀ ਕਿ ਪੰਜ ਸੌ ਰੁਪਏ ਤੋਂ ਵੱਧ ਤਨਖਾਹ ਨਹੀਂ ਹੋਵੇਗੀ । ਉਸ ਵੇਲੇ ਦੇ ਰੁਪਏ ਦੀ ਕੀਮਤ ਤੇ ਹੁਣ ਦੇ ਰੁਪਏ ਦੀ ਕੀਮਤ ਦਾ ਅਨੁਮਾਨ ਲਾਓ ਤਾਂ ਸਾਡਾ ਤਿੰਨ ਜਾਂ ਸਾਢੇ ਤਿੰਨ ਹਜ਼ਾਰ ਰੁਪਏ ਮਹੀਨੇ ਤੋਂ ਘੱਟ ਨਹੀਂ ਹੋਣਾ ਚਾਹੀਦਾ । (ਵਿਘਨ)

ਹੁਣ ਮੈਂ, ਚੇਅਰਮੈਨ ਸਾਹਿਬ, ਤੁਹਾਡਾ ਧਿਆਨ ਇਸ ਨੁਕਤੇ ਵੱਲ ਦੁਆਉਣਾ ਚਾਹੁੰਦਾ ਹਾਂ ਕਿ ਇਥੇ ਤਨਖਾਹਾਂ ਘੱਟ ਹਨ, ਭੱਤੇ ਘੱਟ ਹਨ, ਵੇਤਨ ਘੱਟ ਹਨ ਅਤੇ ਸਾਡੇ ਰਾਜ ਪ੍ਰਬੰਧ ਵਿਚ ਜਿਹੜੀ ਗਿਰਾਵਟ ਆਈ ਹੈ, ਜਿਹੜਾ ਪਤਨ ਆਇਆ ਹੈ, ਉਸ ਦਾ ਇਸ ਨਾਲ ਕੀ ਸਬੰਧ ਹੈ । ਇਹ ਵਿਚਾਰਵਾਨ ਅਤੇ ਸੋਝੀਵਾਨ ਸੱਜਣ ਭਾਂਪ ਰਹੇ ਹਨ । ਇਸ ਦਾ ਸਬੰਧ ਸਿਧਾ ਇਸ ਘਟ, ਨਗੁਣੇ ਵੇਤਨ, ਭੱਤੇ ਨਾਲ ਹੈ । ਸਾਡੇ ਮੈਂਬਰ ਜਿਹੜੇ ਹਨ, ਚਾਹੇ ਉਹ ਅਸੈਂਬਲੀ ਦੇ ਮੈਂਬਰ ਹਨ, ਚਾਹੇ ਉਹ ਪਾਰਲੀਮੈਂਟ ਦੇ ਮੈਂਬਰ ਹਨ, ਸਰਕਾਰ ਉਨ੍ਹਾਂ ਦੇ ਸੁਖੈਣ ਤੇ ਯੋਗ ਰਹਿਣ ਸਹਿਣ ਬਾਰੇ ਪੂਰਾ ਪ੍ਰਬੰਧ ਨਹੀਂ ਕਰਦੀ ਜਿਸ ਕਰਕੇ ਸਰਵਪੱਖੀ ਗਿਰਾਵਟ ਆਈ ਹੈ ਜਿਸ ਕਰਕੇ ਰਾਜਸੀ ਪੱਧਰ ਵਿਚ ਪਤਨ ਆਇਆ ਹੈ । ਚੇਅਰਮੈਨ ਸਾਹਿਬ, ਇਕ 'ਦੀ ਪਾਰਲੀਮੈਨਟੇਰੀਅਨ' ਨਾਮੀ ਪਰਚਾ ਨਿਕਲਦਾ ਹੈ ਲੰਡਨ ਤੋਂ । ਇਸ ਦੇ ਚਾਲੂ ਅੰਕ ਵਿਚ ਸਭ ਤੋਂ ਵਡੀ ਪਾਰਲੀਮੈਂਟ, ਅੰਗਰੇਜ਼ਾਂ ਦੀ ਪਾਰਲੀਮੈਂਟ ਬਾਰੇ ਇਕ ਛੋਟਾ ਜਿਹਾ ਪੈਰਾਗਰਾਫ ਨਿਕੀ ਜਿਹੀ ਟੂਕ ਛਪੀ ਹੈ ਉਹ ਮੈਂ ਤੁਹਾਡੀ ਆਗਿਆ ਨਾਲ ਸਦਨ ਨੂੰ ਪੜ੍ਹ ਕੇ ਸੁਣਾਉਂਦਾ ਹਾਂ—

MPs SECRETARIAL EXPENSES

Financial aid for MPs to meet secretarial expenses was announced by the Leader of the House Rt. Hon. T. F. PEART, on 11th December.

Original with;
Punjab Vidhan Sabha
Digitized by;
Panjab Digital Library

Members are to get up to £ 500 a year for secretarial expenses, while the Lords' maximum daily attendance allowance will be increased by £ 1. 15s. 6d. from £4. 14s. 6d. to £ 6. 10s. Additionally, the car allowance for Members of both Houses will rise from 4½d. to 6d. a mile.

The £ 500 is liable to tax. MPs receive a salary of £3,250 but no tax free allowances."

ਇਹ ਪੱਧਰ ਹੈ ਅਸਾਡੀ ਪੱਧਰ ਦੇ ਲੋਕਾਂ ਦੇ ਵੇਤਨ ਦਾ । ਬਾਕੀ ਸਾਰੇ ਸੰਸਾਰ ਵਿਚ ਦੇਖ ਲਉ । ਇਹ ਸਿਰਫ ਇੰਗਲੈਂਡ ਵਿਚ ਹੀ ਨਹੀਂ, ਜਿਹੜੇ ਹੋਰ ਏਸ਼ੀਆ ਦੇ ਮੁਲਕ ਹਨ ਉਨ੍ਹਾਂ ਦੇ ਅੰਕੜੇ ਦੇਖ ਲਉ, ਸਾਰਿਆਂ ਦੀਆਂ ਤਨਖਾਹਾਂ, ਵੇਤਨ, ਭੱਤੇ ਜਿਹੜੇ ਹਨ, ਉਹ ਇਸੇ ਨਿਸਬਤ ਨਾਲ ਹਨ ਜਿਸ ਨਿਸਬਤ ਨਾਲ ਲੰਦਨ ਦੀ ਪਾਰਲੀਮੈਂਟ ਵਿਚ ਹਨ । ਮੈਂ ਫਿਰ ਇਸ ਗਲ ਨੂੰ ਦੁਹਰਾਉਂਦਾ ਹਾਂ ਕਿ ਜਿੰਨਾ ਚਿਰ ਇਸ ਦੇਸ਼ ਵਿਚ, ਜਿਨ੍ਹਾਂ ਦੇ ਹੱਥ ਵਿਚ ਕਾਨੂੰਨ ਬਣਾਉਣ ਦੀ ਸ਼ਕਤੀ ਹੈ, ਰਾਜ ਪ੍ਰਬੰਧ ਚਲਾਉਣ ਦੀ ਸ਼ਕਤੀ ਹੈ ਭਾਵੇਂ ਉਹ ਅਸੈਂਬਲੀ ਦੇ ਮੈਂਬਰ ਹਨ, ਚਾਹੇ ਉਹ ਪਾਰਲੀਮੈਂਟ ਦੇ ਮੈਂਬਰ ਹਨ, ਉਨ੍ਹਾਂ ਨੂੰ ਇੰਨਾ ਵੇਤਨ, ਇੰਨੇ ਭੱਤੇ ਨਹੀਂ ਦਿਤੇ ਜਾਂਦੇ ਜਿਸ ਨਾਲ ਕਿ ਉਹ ਉਚਾ ਤੇ ਸੁਖੈਨ ਜੀਵਨ ਬਤੀਤ ਕਰ ਸਕਣ, ਉਨ੍ਹਾਂ ਨੂੰ ਹੋਰ ਲੋਕਾਂ ਦਾ ਉਚਾ ਜੀਵਨ ਦੇਖ ਕੇ ਮਨ ਵਿਚ ਹਸਰਤ (ਈਰਖਾ) ਨਾ ਆਵੇ, ਮਨ ਵਿਚ ਇਹ ਨਾ ਆਵੇ ਕਿ ਅਸੀਂ ਪਿਛੇ ਰਹਿ ਗਏ ਹਾਂ, ਉਨਾਂ ਚਿਰ ਦੇਸ਼ ਵਿਚੋਂ ਭਰਿਸ਼ਟਾਚਾਰ ਨਹੀਂ ਘਟੇਗਾ । ਰਾਜ ਪ੍ਰਬੰਧ ਠੀਕ ਨਹੀਂ ਚਲ ਸਕੇਗਾ । ਡਾਂਗ ਸਾਹਿਬ ਚਾਹੁੰਦੇ ਹਨ ਕਿ ਮੈਂਬਰਾਂ ਦੇ ਭੱਤੇ ਨਾ ਵਧਣ, ਮੈਂਬਰਾਂ ਦੇ ਵੇਤਨ ਨਾ ਵਧਣ, ਮੈਂਬਰ ਗਰੀਬ ਰਹਿਣ ਅਤੇ ਭਰਿਸ਼ਟਾਚਾਰ ਵਧਦਾ ਜਾਏ ਤਾਕਿ ਇਸ ਦੇਸ਼ ਵਿਚ ਰਾਜ ਪ੍ਰਬੰਧ ਖਤਮ ਹੋ ਜਾਵੇ ਤੇ ਅਰਾਜਕਤਾ ਫੈਲ ਜਾਏ । ਜਿੰਨਾ ਚਿਰ ਅਰਾਜਕਤਾ ਨਹੀਂ ਹੋ ਜਾਵੇਗੀ, ਕਮਿਊਨਿਸਟਾਂ ਦਾ ਰਾਜ ਨਹੀਂ ਆ ਸਕਦਾ । (ਥੰਪਿੰਗ) ਇਹ ਸਿਧੀ ਦਲੀਲ ਦੇਣ । ਇਹ (ਡਾਂਗ ਸਾਹਿਬ ਵਲ ਇਸ਼ਾਰਾ ਕਰਦੇ ਹੋਏ) ਚਾਹੁੰਦੇ ਹਨ ਕਿ ਭਰਿਸ਼ਟਾਚਾਰ ਵੱਧ ਜਾਏ ਤੇ ਐਸੇ ਹਾਲਾਤ ਪੈਦਾ ਹੋ ਜਾਣ ਜਿਨ੍ਹਾਂ ਦਾ ਸਹਾਰਾ ਲੈ ਕੇ ਡਾਂਗ ਸਾਹਿਬ ਤੇ ਉਨ੍ਹਾਂ ਦੇ ਸਾਥੀ ਰਾਜ ਪ੍ਰਬੰਧ ਸੰਭਾਲ ਕੇ ਸਾਨੂੰ 'ਨੁਕਰੇ ਲਗਾ ਦੇਣ, ਜਿਸ ਨੁਕਰੇ ਨਾ ਮੇਰੀ ਲੱਗਣ ਦੀ ਸਲਾਹ ਹੈ ਤੇ ਨਾ ਮੇਰਾ ਖਿਆਲ ਹੈ, ਚੇਅਰਮੈਨ ਸਾਹਿਬ, ਤੁਹਾਡੀ ਸਲਾਹ ਹੀ ਹੋਵੇਗੀ ।

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਅੱਜ ਤੋਂ ਛੇ ਮਹੀਨੇ ਪਹਿਲਾਂ ਸਿਰਦਾਰ ਕਪੂਰ ਸਿੰਘ ਨੇ ਕਿਹਾ ਸੀ ਕਿ ਜੇ ਕਮਿਊਨਿਸਟ ਪਾਰਟੀ ਸਿੱਖ ਹੋਮ ਲੈਂਡ ਮੰਨ ਲਵੇ ਤਾਂ ਅਸੀਂ ਸਿੱਖ ਹੋਮ ਲੈਂਡ ਵਿਚ ਕਮਿਊਨਿਜ਼ਮ ਲੈ ਆਵਾਂਗੇ ।

(ਵਿਘਨ)

ਸਿਰਦਾਰ ਕਪੂਰ ਸਿੰਘ : ਚੇਅਰਮੈਨ ਸਾਹਿਬ, ਮੈਂ ਉਦੋਂ ਇਹ ਕਿਹਾ ਸੀ ਕਿ ਸਿੱਖ ਹੋਮ ਲੈਂਡ ਵਿਚ ਸਿੱਖ ਕਮਿਊਨਿਜ਼ਮ ਹੋਵੇਗਾ । ਡਾਂਗ ਸਾਹਿਬ ਵਾਲਾ ਕਮਿਊਨਿਜ਼ਮ ਨਹੀਂ । (ਵਿਘਨ)

चौधरी बलबीर सिंह (होशयारपुर) : चेयरमैन साहिब, कामरेड सत्यापाल डांग जी ने जो मता पेश किया है मैं उस की हिमायत करता हूं । जिस ढंग से इस के साथ का बिल पेश किया है उस के बारे में मैं कहूंगा कि कांग्रेस सरकार ने लगातार . . . (विघ्न)

Original with;
Punjab Vidhan Sabha
Digitized by;
Panjab Digital Library

[चौधरी बलबीर सिह]

चेयरमैन साहिब, इन की ज़बान बन्द करा दें। (विघ्न) गद्दी छिन गई है अब तकलीफ होती है (विघ्न) (शोर)

जब तक कांग्रेस सरकार रही तब तो सब आपोज़ीशन पार्टियां कांग्रेस सरकार की निन्दा करती थीं। उस वक्त आपोज़ीशन में डांग साहिब भी थे, मैं भी था, बादल साहिब भी थे और भी मेरे कई यहां बैठे हुए साथी भी थे। यह कहा जाता था कि कांग्रेस वाले आर्डीनैंसिज़ के ज़रिये राज करते हैं, हालांकि इस वक्त साल में 2 या 3 आर्डीनैंस होते थे। आज अब जो यह सरकार बनी है, जिस को कि आपोज़ीशन की सरकार कहा जाता है, इसके राज्य में तो सारा कारोबार ही आर्डीनैंसिज़ के ज़रिये किया जाता है। (विघ्न) मैं अर्ज़ करना चाहता हूं कि अगर तो कोई अच्छी बात करने वाली होती है उस के बारे में या तो सरकारी पार्टी का दिमाग ही समय पर नहीं चलता या उनको पता ही नहीं चलता कि आर्डीनैंस की बजाये बिल की शक्ल में असैंबली में ला कर कानून पास कराया जा सकता है अथवा जो कानून पास करवाने वाले सैक्रेट्री हैं वे ठीक तरह से इनको गाईड नहीं करते। यह जो मैम्बरों के अलाऊंसिज़ का बिल है इस पर पिछले साल भी इस हाऊस में डिसकशन हुई थी और इस बार भी असैम्बली बुलाई जाने वाली थी और यह बिल भी पास हो सकता था, लेकिन इन्हों ने उस का इन्तज़ार नहीं किया। इन्होंने यह कह कर आर्डीनैंस जारी कर दिया कि मैम्बरों को बडी तकलीफ होती है क्योंकि मैम्बरों को एक जगह से दूसरी जगह जाना पड़ता है। लेकिन मैं यह कहना चाहता हूं कि इनके आर्डीनैंस के जारी होने से मैम्बरों को कोई फायदा नहीं हुआ, क्योंकि अगर हम अब भी बसों में आये हैं तो किराया दे कर ही आये हैं। अगर कोई मैम्बर साहिबान बजरिया रेल आये हैं, तो वे भी रेल का किराया दे कर ही आये हैं। इस लिये मेरे कहने का मतलब यह है कि आर्डीनैंस पास किया जे गया, वह इतना जल्दी से किया गया है कि उस पर अमल नहीं हो सका। आर्डीनैंस इस लिये पास किया कि मैम्बर्ज़ बसों में फ्री सफर करेंगे लेकिन मैम्बर्ज़ ने किराया दिया है। मैं पूछता हूं कि अब उन को किराया कौन देगा? आर्डीनैंस मौजूद है लेकिन उसका उल्लंघन किया गया है। मैं यह कहना चाहता हूं कि जब आर्डीनैंस जारी किया था तो उसके साथ ही मैम्बरों को पासिज़ भी इशू कर देने चाहियें थे और साथ ही पंजाब रोड़वेज़, पैप्सू रोड़वेज आदि को यह हिदायतें जारी करनी थीं कि अगर कोई भी असैंबली का मैम्बर सफर करता है, तो उससे किराया न लिया जाये। आर्डीनैंस से मैम्बर्ज़ को कोई फायदा न हुआ। (विघ्न) और न ही उनकी कोई तकलीफ दूर हुई। (विघ्न) जिस ढंग से यह आर्डीनैंस पास किया है यह बहुत गलत तरीका है। इस ढंग से सरकार को काम नहीं करना चाहिए (विघ्न)

सभापति महोदय, मैं कहना चाहता हूं कि इस तरह रिश्वत के रूप में मैम्बरों के अलाऊंसिज़ के पैसे बढ़ाने से कोई फायदा नहीं है। इनको मैम्बरों के वकार को बढ़ाने की कोशिश करनी चाहिए। जिस ढंग से दफतरों में मैम्बरों के साथ आफीसर्ज सलूक करते है वह ढंग ठीक नहीं है और मैम्बरों की शान के खिलाफ है। मैम्बर्ज़ का जो दर्जा होना चाहिए वह कायम करने की कोशिश करें। जिस तरीका से मैंबरों के साथ वे लोग बात करते हैं उस को ठीक करने की जरूरत है। सिर्फ पच्चीस रुपये की बजाये पैंतीस रुपये रोज़ाना भत्ता कर

Original with;
Punjab Vidhan Sabha
Digitized by;
Panjab Digital Library

देना या चार सौ की बजाये पांच सौ रुपया माहवारी भत्ता कर देना, इस से मैम्बरों को कोई फर्क नहीं पड़ता। मैं तो यह कहना चाहता हूं कि जिस तरह मिनिस्टरों के साथ आफीसर्ज पेश आते हैं उसी तरह मैम्बरों को भी दर्जा मिलना चाहिए। लेकिन मैंबरों के साथ ऐसा ट्रीटमैंट नहीं होता। उनके साथ बहुत बुरे ढंग से सलूक किया जाता है। (विघ्न)

जिस ढंग से यह जारी करके मैंबर्ज को जो सहूलतें दी जा रही हैं या उनका कम्पैनसेटरी अलाऊंस बढ़ाया जा रहा है, मैं इसकी मुखालफत करता हूं। (विघ्न)

ਸਰਦਾਰ ਬਸੰਤ ਸਿੰਘ (ਡਕਾਲਾ) : ਚੇਅਰਮੈਨ ਸਾਹਿਬ, ਜਿਹੜਾ ਮਤਾ ਕਾਮਰੇਡ ਸਾਹਿਬ ਨੇ ਪੇਸ਼ ਕੀਤਾ ਹੈ ਮੈਂ ਉਸ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ ਅਤੇ ਫਾਈਨੈਂਸ ਮਨਿਸਟਰ ਸਾਹਿਬ ਨੇ ਜਿਹੜਾ ਮਤਾ ਪੇਸ਼ ਕੀਤਾ ਹੈ, ਉਸ ਦੀ ਹਿਮਾਇਤ ਕਰਨ ਲਈ ਖੜ੍ਹਾ ਹੋਇਆ ਹਾਂ। ਕਾਮਰੇਡ ਸਾਹਿਬ ਦੇ ਸਾਰੇ ਆਰਗੂਮੈਂਟਸ ਸਮਝ ਵਿਚ ਆ ਜਾਂਦੇ ਅਤੇ ਸਾਰੀਆਂ ਦਲੀਲਾਂ ਘਰ ਕਰ ਜਾਂਦੀਆਂ, ਜੇ ਕਰ ਉਹ ਸਪੀਚ ਕਰਨ ਤੋਂ ਪਹਿਲਾਂ ਜਾਂ ਸਪੀਚ ਖਤਮ ਕਰਨ ਵੇਲੇ ਇਹ ਕਹਿ ਦਿੰਦੇ ਕਿ ਮੈਂ ਆਪਣਾ ਭੱਤਾ ਅਲਾਊਂਸ ਪੁਰਾਣੇ ਰੇਟ ਤੇ ਲਵਾਂਗਾ। (ਵਿਘਨ) ਇਹ ਇਕ ਰਿਵਾਇਤ ਚਲ ਪਈ ਹੈ (ਵਿਘਨ) ਇਹ ਇਕ ਹੋਰ ਗਲਤ ਤਰੀਕਾ ਚਲ ਪਿਆ ਹੈ ਕਿ ਸਹੂਲਤਾਂ ਨੂੰ ਸਮਝਦੇ ਹੋਏ ਵੀ ਇਕ ਐਸਾ ਮਾਹੌਲ ਪੈਦਾ ਕੀਤਾ ਜਾਂਦਾ ਹੈ ਜਿਸ ਦਾ ਕਿ ਕੋਈ ਸਬੰਧ ਹੀ ਨਹੀਂ ਹੁੰਦਾ। ਮੈਂ ਅਰਜ਼ ਕਰਦਾ ਹਾਂ ਇਥੇ ਅਸਲ ਗਲ ਸਹੂਲਤਾਂ ਦੀ ਨਹੀਂ, ਸਹੂਲਤਾਂ ਤਾਂ ਪਾਸੇ ਰਹਿ ਜਾਂਦੀਆਂ ਹਨ, ਅਸਲ ਪ੍ਰੈਕਟੀਕਲ ਫ਼ੀਲਡ ਪਾਸੇ ਰਹਿ ਜਾਂਦਾ ਹੈ, ਫਿਰ ਜੇ ਕੋਈ ਚੀਜ਼ ਰਹਿ ਜਾਂਦੀ ਹੈ ਤਾਂ ਆਪਣੀ ਪਾਰਟੀ ਦਾ ਮੌਜੂ ਰਹਿ ਜਾਂਦਾ ਹੈ।

ਦੂਸਰੀ ਗਲ ਮੈਂ ਅਰਜ਼ ਕਰਦਾ ਹਾਂ ਕਿ ਜਿਸ ਤਰੀਕੇ ਨਾਲ ਕਾਮਰੇਡ ਸਾਹਿਬ ਨੇ ਮੈਂਬਰਜ਼ ਦੇ ਕਰੈਕਟਰਜ਼ ਨੂੰ ਕ੍ਰਿਟੀਸਾਈਜ਼ ਕੀਤਾ ਹੈ ਮੇਰਾ ਖਿਆਲ ਹੈ ਕਿ ਇਸ ਤਰ੍ਹਾਂ ਦੇ ਕਲਚਰਡ ਆਦਮੀ ਨੂੰ ਜ਼ੇਬ ਨਹੀ ਦਿੰਦਾ। ਉਨ੍ਹਾਂ ਕਿਹਾ ਕਿ ਮੈਂਬਰਾਂ ਨੂੰ ਇਸ ਤਰੀਕੇ ਨਾਲ ਰਿਸ਼ਵਤ ਦਿਤੀ ਜਾਂਦੀ ਹੈ, ਮੈਂਬਰਾਂ ਨੂੰ ਮਨਿਸਟਰੀਆਂ ਦਿਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਇਕ ਮਤੇ ਉਤੇ ਬੋਲਦੇ ਹੋਏ ਮੈਂਬਰਾਂ ਉਤੇ ਐਸਪਰਸ਼ਨ ਕਰਨਾ ਮੈਂ ਸਮਝਦਾ ਹਾਂ, ਕਿ ਉਨ੍ਹਾਂ ਨੂੰ ਜ਼ੇਬ ਨਹੀਂ ਦਿੰਦਾ। ਚੇਅਰਮੈਨ ਸਾਹਿਬ, ਮੈਂ ਇਸ ਬਾਰੇ ਜ਼ਬਰਦਸਤ ਪ੍ਰੋਟੈਸਟ ਕਰਦਾ ਹਾਂ ਕਿ ਇਹ ਲੈਂਗੂਏਜ ਉਨ੍ਹਾਂ ਨੂੰ ਵਾਪਸ ਲੈਣੀ ਚਾਹੀਦੀ ਹੈ।

ਤੀਸਰੇ ਦਰਜੇ ਤੇ ਮੈਂ ਅਰਜ਼ ਕਰਦਾ ਹਾਂ, ਜਿਸ ਤਰੀਕੇ ਨਾਲ ਮੇਰੇ ਮੋਹਤਰਿਮ ਦੋਸਤ ਸਿਰਦਾਰ ਕਪੂਰ ਸਿੰਘ ਜੀ ਨੇ ਕਿਹਾ ਹੈ, ਕਿ ਕਿਸ ਤਰੀਕੇ ਨਾਲ ਮੈਂਬਰ ਸਾਹਿਬਾਨ ਨੂੰ ਦਿਮਾਗੀ ਕੰਮ ਕਰਨਾ ਪੈਂਦਾ ਹੈ। ਕਿਸੇ ਨੇ ਬਿਲ ਪ੍ਰੋਡਿਊਸ ਕਰਨਾ ਹੁੰਦਾ ਹੈ, ਕੋਈ ਮਤਾ ਪੇਸ਼ ਕਰਨਾ ਹੁੰਦਾ ਹੈ, ਕੋਈ ਸਪੀਚ ਲਿਖਣੀ ਹੁੰਦੀ ਹੈ, ਜੇ ਉਸ ਨੂੰ ਪਰਾਪਰ ਮਾਹੌਲ ਨਾ ਮਿਲੇ, ਠੀਕ ਸਹੂਲਤਾਂ ਨਾ ਮਿਲਣ ਤਾਂ ਉਹ ਕਿਸ ਤਰ੍ਹਾਂ ਆਪਣੇ ਦਿਮਾਗ ਦਾ ਤਵਾਜ਼ਨ ਠੀਕ ਰਖ ਸਕਦਾ ਹੈ ਅਤੇ ਕਿਸ ਤਰ੍ਹਾਂ ਉਹ ਇਹ ਫੰਕਸ਼ਨ ਪੂਰੇ ਕਰ ਸਕਦਾ। ਮੈਂ ਉਨ੍ਹਾਂ ਕੋਲੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਚੌਕ ਵਿਚ ਜਾ ਕੇ ਮੰਜੀ ਡਾਹ ਕੇ ਆਪਣਾ ਦਿਮਾਗੀ ਤਵਾਜ਼ਨ ਕਾਇਮ ਕਰੇਗਾ? ਮੈਂ ਨਹੀਂ ਸਮਝਦਾ ਕਿ ਬਿਨਾਂ ਜ਼ਰੂਰੀ ਸਹੂਲੀਆਤ ਦੇ ਕੋਈ ਭੀ ਮੈਂਬਰ ਆਪਣੀ ਡਿਊਟੀ ਨੂੰ ਸਰਅੰਜਾਮ ਦੇਣ ਦੇ ਕਾਬਲ ਹੋ ਸਕਦਾ ਹੈ। ਇਸ ਦੇ ਲਈ ਮੈਂ ਸਮਝਦਾ ਹਾਂ ਕਿ ਸਾਰੀਆਂ ਚੀਜ਼ਾਂ ਦੀ ਜ਼ਰੂਰਤ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ ਡਕਾਲਾ]

ਚੇਅਰਮੈਨ ਸਾਹਿਬ, ਮੈਂ ਤੁਹਾਡੀ ਇਜਾਜ਼ਤ ਦੇ ਨਾਲ ਦੋ ਤਿੰਨ ਅਮੈਂਡਮੈਂਟਸ ਪੇਸ਼ ਕਰਦਾ ਹਾਂ ਕਿ ਇਹ ਜਿਹੜਾ ਬਿਲ ਪੇਸ਼ ਹੋਇਆ ਹੈ ਇਸ ਵਿਚ ਜਿਹੜੀਆਂ ਜ਼ਰੂਰੀ ਚੀਜ਼ਾਂ ਰਹਿ ਗਈਆਂ ਹਨ ਉਹ ਸ਼ਾਮਲ ਕਰਨੀਆਂ ਚਾਹੀਦੀਆਂ ਹਨ। ਪਹਿਲੀ ਅਰਜ਼ ਤਾਂ ਮੇਰੀ ਇਹ ਹੈ ਕਿ ਮੈਂਬਰਜ਼ ਨੂੰ ਕਾਰਸਪੌਂਡੈਂਸ ਅਲਾਉਂਸ ਮਿਲਣਾ ਚਾਹੀਦਾ ਹੈ। ਅਗਰ ਕਿਸੇ ਖਾਸ ਵਜੂਹਾਤ ਦੇ ਕਾਰਣ ਕਾਰਸਪੌਂਡੈਂਸ ਅਲਾਉਂਸ ਨਹੀਂ ਦੇਣਾ ਤਾਂ ਕਮ-ਅਜ਼-ਕਮ ਇੰਨਾਂ ਜ਼ਰੂਰ ਕਰੋ ਕਿ ਸੈਸ਼ਨ ਦੇ ਦੌਰਾਨ ਕੋਈ ਨਾ ਕੋਈ ਟਾਈਪਿਸਟ ਜਾਂ ਸਟੈਨੋ ਮੈਂਬਰਜ਼ ਦੀ ਡਿਸਪੋਜ਼ਲ ਤੇ ਹੋਣਾ ਚਾਹੀਦਾ ਹੈ ਤਾਕਿ ਅਸੀਂ ਆਪਣੀਆਂ ਚਿਠੀਆਂ ਪੱਤਰ ਆਦਿ ਟਾਈਪ ਕਰਵਾ ਸਕੀਏ। ਕੋਈ ਨਾ ਕੋਈ ਕਲਰਕ ਵੀ ਜ਼ਰੂਰ ਹੋਣਾ ਚਾਹੀਦਾ ਹੈ ਜਿਹੜਾ ਸਾਨੂੰ ਐਸਿਸਟ ਕਰ ਸਕੇ। ਅਸੀਂ ਇਸ ਸਾਰੇ ਕੰਮ ਨੂੰ ਕਿਸ ਤਰ੍ਹਾਂ ਨਾਲ ਜਸਟੀਫਾਈ ਕਰ ਸਕਦੇ ਹਾਂ ? ਇਸ ਲਈ ਮੈਂ ਮੂਵ ਕਰਦਾ ਹਾਂ ਕਿ ਮੈਂਬਰਜ਼ ਨੂੰ ਇਹ ਸਹੂਲੀਅਤ ਜ਼ਰੂਰ ਮਿਲਣੀਆਂ ਚਾਹੀਦੀਆਂ ਹਨ। (ਵਿਘਨ)

ਦੂਸਰੀ ਜਿਹੜੀ ਮੈਂ ਅਰਜ਼ ਕਰਨੀ ਹੈ, ਉਹ ਹੈ ਮੈਂਬਰਜ਼ ਨੂੰ ਮੇਡੀਕਲ ਏਡ ਦੇ ਬਾਰੇ ਵਿਚ। ਮੈਨੂੰ ਨਹੀਂ ਖਿਆਲ ਕਿ ਇਸ ਤਰ੍ਹਾਂ ਦੀ ਮੈਡੀਕਲ ਏਡ ਦਾ ਕਿਸੇ ਮੈਂਬਰ ਨੂੰ ਕੋਈ ਫਾਇਦਾ ਪਹੁੰਚ ਸਕਦਾ ਹੋਵੇ। ਪਹਿਲਾਂ ਤਾਂ ਡਾਕਟਰਜ਼ ਦੇ ਪਿਛੇ-ਪਿਛੇ ਫਿਰੀ ਜਾਉ ਔਰ ਬਾਅਦ ਵਿਚ ਮੈਡੀਕਲ ਬਿਲ ਤੇ ਦਸਤਖਤ ਕਰਾਉਣ ਲਈ ਚਾਰ ਚਾਰ ਦਿਨ ਕੰਪਾਊਡਰ ਦੇ ਮਗਰ ਭਜਣਾ ਪੈਂਦਾ ਹੈ। ਜਦੋਂ ਇਕ ਮੈਂਬਰ ਦੂਸਰੇ ਲੋਕਾਂ ਦੀਆਂ ਐਟੈਸਟੇਸ਼ਨਜ਼ ਕਰ ਸਕਦਾ ਹੈ ਤਾਂ ਉਹ ਆਪਣੇ ਬਿਲ ਤੇ ਕਿਉਂ ਨਹੀਂ ਦਸਤਖਤ ਕਰ ਸਕਦਾ ? ਇਸ ਲਈ ਮੇਰੀ ਅਮੈਂਡਮੈਂਟ ਇਹ ਹੈ ਕਿ ਮੈਂਬਰ ਨੂੰ ਇਹ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਮੈਡੀਕਲ ਬਿਲ ਤੇ ਆਪ ਦਸਤਖਤ ਕਰ ਸਕੇ। ਕੀ ਇਹ ਚੰਗਾ ਲਗਦਾ ਹੈ ਕਿ ਉਹ ਸੈਕੰਡ ਗਰੇਡ ਦੇ ਐਮਪਲਾਈ ਕੋਲੋਂ ਸਾਈਨ ਕਰਵਾਉਂਦਾ ਫਿਰੇ ? (ਵਿਘਨ)

ਤੀਜੀ ਗੱਲ ਜੋ ਮੈਂ ਕਹਿਣੀ ਹੈ ਉਹ ਹੈ ਕਿ ਮੈਂਬਰਜ਼ ਨੂੰ ਕੁਝ ਨਾ ਕੁਝ ਐਂਟਰਟੇਨਮੈਂਟ ਐਲਾਉਂਸ ਜ਼ਰੂਰ ਮਿਲਣਾ ਚਾਹੀਦਾ ਹੈ। ਅਸੀਂ ਦੇਖਦੇ ਹਾਂ ਕਿ 10-20 ਬੰਦੇ ਹਰ ਮੈਂਬਰ ਦੇ ਘਰ ਆਏ ਰਹਿੰਦੇ ਹਨ। ਸਾਡੀ ਮਹਿਮਾਨ ਨਵਾਜ਼ੀ ਦੀ ਪ੍ਰਥਾ ਹੈ, ਮੇਜ਼ਬਾਨੀ ਦਾ ਰਿਵਾਜ਼ ਹੈ ਜਿਸ ਕਰਕੇ ਲੋਕ ਦੂਰੋਂ ਦੂਰੋਂ ਆਉਂਦੇ ਹਨ ਅਤੇ ਉਨ੍ਹਾਂ ਦੀ ਸੇਵਾ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਇਹ ਨਹੀਂ ਕਿਹਾ ਜਾ ਸਕਦਾ ਕਿ ਬਜ਼ਾਰੋਂ ਜਾ ਕੇ ਰੋਟੀ ਖਾਉ। ਇਸ ਲਈ ਇਹ ਐਲਾਉਂਸ ਮੈਂਬਰਾਂ ਨੂੰ ਮਿਲਣਾ ਚਾਹੀਦਾ ਹੈ। ਸਰਦਾਰ ਸਾਹਿਬ ਨੇ ਫਿਗਰਜ਼ ਕੋਟ ਕੀਤੀਆਂ ਹਨ। ਮੈਂ ਵੀ ਬਾਹਰ ਜਾ ਕੇ ਅਮਰੀਕਾ, ਇੰਗਲੈਂਡ ਅਤੇ ਹੋਰ ਮੁਲਕਾਂ ਵਿਚ ਦੇਖਿਆ ਹੈ ਕਿ ਉਥੋਂ ਦੇ ਲੈਜਿਸਲੇਟਰਜ਼ ਨੂੰ ਇਹ ਸਹੂਲਤਾਂ ਦਿਤੀਆਂ ਜਾਂਦੀਆਂ ਹਨ। ਅਸੀਂ ਅਗਰ ਉਨ੍ਹਾਂ ਦੀ ਬਰਾਬਰੀ ਦਾ ਨਾਅਰਾ ਲਾਉਂਦੇ ਹਾਂ ਤਾਂ ਇਹ ਸਹੂਲਤਾਂ ਵੀ ਦੇਣੀਆਂ ਚਾਹੀਦੀਆਂ ਹਨ। ਰੂਸ ਅਤੇ ਚੀਨ ਵਿਚ ਵੀ, ਭਾਵੇਂ ਬਦਕਿਸਮਤੀ ਨਾਲ ਉਥੇ ਲੈਜਿਸਲੇਟਰਜ਼ ਸਹੀ ਮਾਅਨਿਆਂ ਵਿਚ ਨਹੀਂ ਹਨ ਪਰ ਫਿਰ ਵੀ ਜੋ ਅਧਿਕਾਰੀ ਹੁੰਦੇ ਹਨ ਉਨ੍ਹਾਂ ਨੂੰ ਬਹੁਤ ਫੈਸਿਲਿਟੀਜ਼ ਦਿਤੀਆਂ ਜਾਂਦੀਆਂ ਹਨ। ਇਸ ਲਈ ਮੈਂ, ਡਾਂਗ ਸਾਹਿਬ ਨੇ ਜੋ ਮਤਾ ਦਿਤਾ ਹੈ, ਉਸ ਦੀ ਵਿਰੋਧਤਾ ਕਰਦਾ ਹਾਂ ਅਤੇ ਵਜ਼ੀਰ ਸਾਹਿਬ ਨੇ ਜੋ ਬਿਲ ਪੇਸ਼ ਕੀਤਾ ਹੈ ਉਸ ਦੀ ਹਿਮਾਇਤ ਕਰਦਾ ਹਾਂ।

ਸਰਦਾਰ ਉਮਰਾਓ ਸਿੰਘ (ਬੜਾ ਪਿੰਡ) ਚੇਅਰਮੈਨ ਸਾਹਿਬ, ਇਸ ਵੇਲੇ ਇਹ ਜੋ ਬਿਲ ਅਤੇ ਡਾਂਗ ਸਾਹਿਬ ਦਾ ਰੈਜ਼ੋਲਯੂਸ਼ਨ ਹਾਊਸ ਦੇ ਸਾਹਮਣੇ ਹੈ ਇਸ ਤੇ ਵਿਚਾਰ ਹੋ ਰਿਹਾ ਹੈ। ਜਿਥੇ ਤਕ ਆਰਡੀਨੈਂਸ ਦੀ ਨਿਖੇਧੀ ਕਰਨ ਦੇ ਮਤੇ ਦਾ ਤੱਲਕ ਹੈ ਇਸ ਬਾਰੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮੈਂ ਸ਼ੁਰੂ ਤੋਂ ਹੀ ਆਰਡੀਨੈਂਸ ਲਿਆਉਣ ਦੇ ਖਿਲਾਫ਼ ਰਿਹਾ ਹਾਂ। ਮੈਂ ਇਸ ਨੂੰ ਚੰਗੀ

Original with;
Punjab Vidhan Sabha
Digitized by;
Panj

ਗਲ ਨਹੀਂ ਸਮਝਦਾ। ਇਹ ਡੈਮੋਕਰੇਸੀ ਲਈ ਠੀਕ ਨਹੀਂ ਹੈ। ਅਗਰ ਬਹੁਤ ਹੀ ਲੋੜ ਹੋਵੇ ਤਾਂ ਆਰਡੀਨੈਂਸ ਕਰਨਾ ਚਾਹੀਦਾ ਹੈ। (ਵਿਘਨ) ਮੈਂਬਰਜ਼ ਨੇ ਕਿਹਾ ਹੈ ਕਿ ਇਸ ਆਰਡੀਨੈਂਸ ਤੇ ਅਮਲ ਨਹੀਂ ਹੋ ਸਕਿਆ ਕਿਉਂਕਿ ਉਹ ਕਿਰਾਇਆ ਦੇ ਕੇ ਆਏ ਹਨ। ਇਸ ਲਈ ਇਹ ਇਨਇਫੈਕਟਿਵ ਆਰਡੀਨੈਂਸ ਸੀ ਜਿਸ ਕਰਕੇ ਇਸ ਬਾਰੇ ਕੁਝ ਜ਼ਿਆਦਾ ਕਹਿਣ ਦੀ ਲੋੜ ਨਹੀਂ ਹੈ। ਇਸ ਬਾਰੇ ਬਿਲ ਹੁਣ ਹਾਊਸ ਵਿਚ ਪੇਸ਼ ਹੋ ਗਿਆ ਹੈ ਅਤੇ ਆਰਡੀਨੈਂਸ ਦੀ ਬਜਾਏ ਇਸ ਤਰ੍ਹਾਂ ਦੀਆਂ ਗਲਾਂ ਹਾਊਸ ਵਿਚ ਲੈਜਿਸਲੇਸ਼ਨ ਲਿਆ ਕੇ ਕਰਨੀਆਂ ਚਾਹੀਦੀਆਂ ਹਨ।

ਜਿਥੇ ਤਕ ਬਿਲ ਦੇ ਮੈਰਿਟਸ ਦਾ ਤੱਲਕ ਹੈ, ਇਸ ਹਾਊਸ ਦੇ ਮੈਂਬਰਾਂ ਦੀ ਇਕ ਬਹੁਤ ਵਡੀ ਗਿਣਤੀ ਨੇ ਬਾਵਾ ਜੀ ਦੀ ਅਗਵਾਈ ਹੇਠਾਂ ਇਸ ਬਾਰੇ ਇਕ ਰੀਪਰਜ਼ੈਂਟੇਸ਼ਨ ਦਿਤਾ ਸੀ, ਜਿਸ ਤੇ ਸਾਰੀਆਂ ਪਾਰਟੀਆਂ ਦੇ ਮੈਂਬਰਾਂ ਨੇ ਦਸਖਤ ਕੀਤੇ ਸਨ। ਇਸ ਸਬੰਧੀ ਇਕ ਕਮੇਟੀ ਬਣੀ ਸੀ ਜਿਸ ਵਿਚ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਸ਼ਾਮਿਲ ਸਨ। ਡਾਂਗ ਸਾਹਿਬ ਵੀ ਉਸ ਦੇ ਮੈਂਬਰ ਸਨ। ਉਸ ਕਮੇਟੀ ਨੇ ਕੁਝ ਰੀਕਮੈਨਡੇਸ਼ਨਜ਼ ਕੀਤੀਆਂ ਸਨ, ਕੁਝ ਯੂਨਾਨੀਮਸ ਤੇ ਕੁਝ ਬਾਰੇ ਪੂਰਾ ਐਗਰੀਮੈਂਟ ਨਹੀਂ ਸੀ। ਪਰ ਉਸ ਕਮੇਟੀ ਨੇ ਜੋ ਯੂਨਾਨੀਮਸ ਰੀਕਮੈਨਡੇਸ਼ਨਜ਼ ਕੀਤੀਆਂ ਸਨ, ਸਰਕਾਰ ਨੇ ਉਨ੍ਹਾਂ ਵਿਚ ਵੀ ਤਬਦੀਲੀਆਂ ਕੀਤੀਆਂ ਹਨ। ਮਿਸਾਲ ਦੇ ਤੌਰ ਤੇ ਉਸ ਕਮੇਟੀ ਨੇ ਮੈਂਬਰਾਂ ਨੂੰ 10,000 ਕਿਲੋ ਮੀਟਰ ਦਾ ਰੇਲਵੇ ਪਾਸ ਦੇਣ ਦੀ ਸਿਫਾਰਿਸ਼ ਕੀਤੀ ਸੀ। ਤਾਕਿ ਪੰਜਾਬ ਅਸੈਂਬਲੀ ਦੇ ਮੈਂਬਰ ਦੂਜੀਆਂ ਸਟੇਟਸ ਦੇ ਹਾਲਾਤ ਦੇਖ ਕੇ ਇਥੇ ਜ਼ਿਆਦਾ ਕਨਟਰੀਬਿਊਸ਼ਨ ਕਰ ਸਕਣ। ਪਰ ਉਸ ਵਿਚੋਂ 2,000 ਕਿਲੋ ਮੀਟਰ ਘਟਾ ਦਿਤਾ ਗਿਆ ਹੈ। ਫਿਰ, ਚੇਅਰਮੈਨ ਸਾਹਿਬ, ਬਸਾਂ ਦਾ ਪਾਸ ਦਿਤਾ ਹੈ, ਇਹ ਬੜੀ ਚੰਗੀ ਗਲ ਹੈ। ਇਹ ਬਾਕੀ ਸਟੇਟਾਂ ਵਿਚ ਵੀ ਹੈ। ਪਰ ਇਹ ਪਾਸ ਸਿਰਫ ਮੀਆਂ ਲਈ ਹੀ ਹੈ, ਬੀਵੀ ਲਈ ਨਹੀਂ ਹੈ। ਕੀ ਗਲ ਬੀਵੀ ਚੰਡੀਗੜ੍ਹ ਨਹੀਂ ਆ ਸਕਦੀ? (ਵਿਘਨ) ਇਹ ਪਾਸ ਮੈਂਬਰਜ਼ ਦੀਆਂ ਬੀਵੀਆਂ ਨੂੰ ਵੀ ਦੇਣਾ ਚਾਹੀਦਾ ਹੈ ਤਾਕਿ ਦੋਵੇਂ ਇਕਠੇ ਸਫਰ ਕਰ ਸਕਣ। ਇਕ ਗਲ ਇਹ ਵੀ ਕਹਿਣੀ ਹੈ ਜੋ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਨਹੀਂ ਆਈ। ਉਹ ਅਤੇ ਮੈਂਬਰ 8000 ਕਿਲੋਮੀਟਰ ਸਫਰ ਕਰਕੇ ਹਿੰਦੁਸਤਾਨ ਦੀ ਸੇਵਾ ਕਰ ਸਕਦੇ ਹਨ ਪਰ ਉਨ੍ਹਾਂ ਦੀਆਂ ਬੀਵੀਆਂ ਦੇ ਸਫਰ ਦਾ ਕੋਈ ਪਰਬੰਧ ਨਹੀਂ ਕੀਤਾ। ਇਨ੍ਹਾਂ ਲਈ ਵੀ ਕੋਈ ਨਾ ਕੋਈ ਪ੍ਰੋਵਿਯਨ ਹੋਣਾ ਚਾਹੀਦਾ ਹੈ ਤਾਕਿ ਉਹ ਉਨ੍ਹਾਂ ਨੂੰ ਵੀ ਨਾਲ ਲੈ ਜਾ ਸਕਣ। (ਵਿਘਨ)

ਚੌਧਰੀ ਜਗਤ ਰਾਮ ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਇਨ੍ਹਾਂ ਨੂੰ ਮੈਂਬਰਾਂ ਦੀਆਂ ਬੀਵੀਆਂ ਦਾ ਬੜਾ ਫਿਕਰ ਪਿਆ ਹੋਇਆ ਹੈ। ਅਗਰ ਕਿਸੇ ਦੇ ਪਾਸ ਇਹ ਨਾ ਹੋਵੇ ਤਾਂ ਕੀ ਸਰਕਾਰ ਇਸ ਦਾ ਵੀ ਇੰਤਜ਼ਾਮ ਕਰੇਗੀ? (ਹਾਸਾ)

ਸਰਦਾਰ ਉਮਰਾਓ ਸਿੰਘ : ਸਾਨੂੰ ਇਨ੍ਹਾਂ ਨਾਲ ਹਮਦਰਦੀ ਕਰਨੀ ਚਾਹੀਦੀ ਹੈ, ਜੇ ਪਾਸ ਡਬਲ ਮਿਲ ਜਾਵੇ ਤਾਂ ਵੀ ਇਹ ਸਫਰ ਇਕਲੇ ਹੀ ਕਰਨਗੇ। ਇਸ ਲਈ ਇਨ੍ਹਾਂ ਨੇ ਗਵਰਨਮੈਂਟ ਪਾਸ ਅਪੀਲ ਕੀਤੀ ਹੈ ਕਿ ਗਵਰਨਮੈਂਟ ਕੁਝ ਪਰਬੰਧ ਕਰੇ।

ਸ੍ਰੀ ਸਭਾਪਤੀ : ਚੌਧਰੀ ਸਾਹਿਬ ਦਾ ਪਰਬੰਧ ਤਾਂ ਹੁਣ ਤਾਈਂ ਕੋਈ ਸਰਕਾਰ ਵੀ ਨਹੀਂ ਕਰ ਸਕੀ, ਇਹ ਕਿਥੋਂ ਕਰੇਗੀ? (ਵਿਘਨ) (No previous Government was able to make necessary provision for Chaudhri Jagat Ram; where from will this Government now make such a provision?)

ਸਰਦਾਰ ਉਮਰਾਓ ਸਿੰਘ : ਹੁਣ ਮੈਂ, ਚੇਅਰਮੈਨ ਸਾਹਿਬ, ਇਸ ਤੇ ਸੁਝਾਉ ਦੇਣੇ ਹਨ। ਚੇਅਰਮੈਨ ਸਾਹਿਬ, ਅਗਰ ਕੋਈ ਇਸ ਹਾਊਸ ਦਾ ਮੈਂਬਰ ਕਿਸੇ ਕਮੇਟੀ ਵਿਚ ਜਾਂ ਕਾਨਫਰੈਂਸ ਵਿਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਉਮਰਾਓ ਸਿੰਘ]

ਜਾਂਦਾ ਹੈ, ਜੋ ਕਿ ਗਵਰਨਮੈਂਟ ਆਫ ਇੰਡੀਆ ਨੇ ਕਾਇਮ ਕੀਤੀ ਹੋਵੇ ਅਤੇ ਜਿਸ ਵਿਚ ਹਿਸਾ ਲੈਣ ਲਈ ਸਾਡੇ ਕਿਸੇ ਮੈਂਬਰ ਨੂੰ ਬੁਲਾਇਆ ਜਾਵੇ ਤਾਂ ਉਹ ਮੈਂਬਰ, ਭਾਵੇਂ ਉਸ ਨੇ ਕਿੰਨੀ ਹੀ ਦੂਰ ਜਾਣਾ ਹੋਵੇ, ਬਾਈ ਏਅਰ ਨਹੀਂ ਟਰੈਵਲ ਕਰ ਸਕਦਾ। ਉਸ ਨੂੰ ਟੀ. ਏ. ਫਸਟ ਕਲਾਸ ਦਾ ਹੀ ਮਿਲੇਗਾ ਇਹ ਸਾਡੇ ਰੂਲਜ਼ ਵਿਚ ਇਕ ਡੀਫੈਕਟ ਕਰਕੇ ਹੈ। ਦੂਜਿਆਂ ਸੂਬਿਆਂ ਦੇ ਰੂਲਜ਼ ਵਿਚ ਇਸ ਗਲ ਦਾ ਪ੍ਰੋਵਿਯਨ ਹੈ। ਹੁਣੇ ਜਿਹੇ ਮਦਰਾਸ ਵਿਚ ਆਲ ਇੰਡੀਆ ਵ੍ਹਿਪਸ ਕਾਨਫਰੈਂਸ ਹੋਈ। ਸਰਕਾਰ ਵਲੋਂ ਸ਼੍ਰੀ ਕ੍ਰਿਸ਼ਨ ਲਾਲ ਹੋਰੀ ਅਤੇ ਇਕ ਹੋਰ ਸਾਥੀ ਅਤੇ ਆਪੋਜ਼ੀਸ਼ਨ ਵਲੋਂ ਮੈਂ ਇਥੋਂ ਗਏ ਸੀ। ਅਸੀਂ ਤਿੰਨਾਂ ਨੇ ਹੀ ਹਵਾਈ ਜਹਾਜ਼ ਵਿਚ ਸਫਰ ਕੀਤਾ। ਇਨ੍ਹਾਂ ਨੂੰ ਤਾਂ ਹਵਾਈ ਜਹਾਜ਼ ਦਾ ਕਿਰਾਇਆ ਮਿਲ ਗਿਆ ਮਗਰ ਮੈਨੂੰ ਫਸਟ ਕਲਾਸ ਦਾ ਹੀ ਮਿਲਿਆ। ਜਿਥੇ ਇੰਨੇ ਲੰਬੇ ਲੰਬੇ ਸਫਰ ਕਰਨੇ ਪੈਣ ਉਥੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਸਾਡੇ ਰੂਲਜ਼ ਵਿਚ ਏਅਰ ਟਰੈਵਲ ਦਾ ਪ੍ਰੋਵਿਯਨ ਹੋਣਾ ਚਾਹੀਦਾ ਹੈ ਤਾਕਿ ਟਾਈਮ ਦੀ ਬਚਤ ਹੋ ਸਕੇ। ਅਗਰ ਹਿੰਦ ਸਰਕਾਰ ਦੀ ਕੋਈ ਕਾਨਫਰੰਸ ਹੋਵੇ ਤਾਂ ਕਿਰਾਇਆ ਭਾਵੇਂ ਹਿੰਦ ਸਰਕਾਰ ਨੇ ਹੀ ਦੇਣਾ ਹੁੰਦਾ ਹੈ ਪਰ ਅਸੀਂ ਬਾਈ ਏਅਰ ਕਿਰਾਇਆ ਨਹੀਂ ਲੈ ਸਕਦੇ। ਇਹ ਪ੍ਰੋਵਿਯਨ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਅਸੀਂ ਕਾਰ ਅਲਾਊਂਸ ਨਹੀਂ ਲੈ ਸਕਦੇ ਭਾਵੇਂ ਅਸੀਂ ਆਪਣੀ ਕਾਰ ਵਿਚ ਹੀ ਸਫਰ ਕਰੀਏ ਸਾਨੂੰ ਫਸਟ ਕਲਾਸ ਦਾ ਕਿਰਾਇਆ ਹੀ ਮਿਲਣਾ ਹੈ। ਜਿਹੜੇ ਦੂਜੇ ਅਦਾਰਿਆਂ ਦੇ ਨਾਨ ਆਫੀਸ਼ਲ ਮੈਂਬਰਜ਼ ਹੁੰਦੇ ਹਨ ਉਨ੍ਹਾਂ ਨੂੰ 40 ਪੈਸੇ ਫੀ ਕਿਲੋਮੀਟਰ ਦੇ ਹਿਸਾਬ ਨਾਲ ਕਾਰ ਅਲਾਊਂਸ ਮਿਲਦਾ ਹੈ। ਪਰ ਜੇ ਉਸੇ ਕਮੇਟੀ ਵਿਚ ਕੋਈ ਐਮ. ਐਲ. ਏ. ਹੋਵੇ ਤਾਂ ਉਸ ਨੂੰ ਫਸਟ ਕਲਾਸ ਦਾ ਕਿਰਾਇਆ ਮਿਲਦਾ ਹੈ ਯਾਨੀ ਐਮ. ਐਲ. ਏ. ਨੂੰ ਕਿਰਾਇਆ ਘਟ ਮਿਲਦਾ ਹੈ। ਇਸ ਲਈ ਮੈਂ ਕਹਾਂਗਾ ਕਿ ਕਾਰ ਅਲਾਊਂਸ ਵੀ ਟਰੈਵਲਿੰਗ ਅਲਾਊਂਸ ਦੀ ਤਰ੍ਹਾਂ ਹੀ ਜਾਇਜ਼ ਨਸੈਸਿਟੀ ਹੈ। ਸਰਕਾਰੀ ਅਫਸਰਾਂ ਦੀ ਤਰ੍ਹਾਂ ਹੀ ਇਹ ਐਮ. ਐਲ. ਏਜ਼ ਨੂੰ ਮਿਲਣਾ ਚਾਹੀਦਾ ਹੈ।

ਇਕ ਗਲ ਮੈਂ ਹੋਰ ਕਹਿਣਾ ਚਾਹੁੰਦਾ ਹਾਂ। ਕੁਝ ਸਜਣਾਂ ਨੇ ਇਸ ਬਿਲ ਦਾ ਵਿਰੋਧ ਕੀਤਾ ਹੈ। ਮੈਂ ਇਕ ਅਮੈਂਡਮੈਂਟ ਦਿਤੀ ਹੈ ਕਿ ਅਗਰ ਕੋਈ ਮੈਂਬਰ ਪਹਿਲੇ ਹਿਸਾਬ ਨਾਲ ਹੀ ਖਰਚਾ ਲੈਣਾ ਚਾਹੁੰਦਾ ਹੈ, ਵਧ ਨਹੀਂ ਲੈਣਾ ਚਾਹੁੰਦਾ ਤਾਂ ਸਰਕਾਰ ਨੂੰ ਮੇਰੀ ਅਮੈਂਡਮੈਂਟ ਮਨਜ਼ੂਰ ਕਰਕੇ ਉਸ ਨੂੰ ਪਹਿਲੇ ਹਿਸਾਬ ਨਾਲ ਹੀ ਅਲਾਊਂਸ ਲੈਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ।

ਮੈਂ ਸਮਝਦਾ ਹਾਂ ਕਿ ਇਸ ਬਿਲ ਦਾ ਇਕ ਹੈਲਦੀ ਇਫੈਕਟ ਹੋਵੇਗਾ। ਸਾਡੇ ਸਦਨ ਵਿਚ ਬਹੁਤ ਸਾਰੀਆਂ ਡਿਫੈਕਸ਼ਨਜ਼ ਹੋ ਰਹੀਆਂ ਹਨ। ਹੁਣ ਇਥੇ ਇਸ ਤਰ੍ਹਾਂ ਦੀ ਸਿਚੂਏਸ਼ਨ ਆ ਗਈ ਹੈ ਜਿਸ ਵਿਚ ਕਿਹਾ ਜਾਂਦਾ ਹੈ ਕਿ ਫਲਾਨੇ ਨੂੰ ਮਨਿਸਟਰੀ ਦਾ ਲਾਲਚ ਦਿਤਾ ਗਿਆ, ਫਲਾਨੇ ਨੂੰ ਇਹ ਲਾਲਚ ਦਿਤਾ ਗਿਆ। ਮੈਂ ਸਮਝਦਾ ਹਾਂ ਕਿ ਇਸ ਨਾਲ ਇਹ ਲਾਲਚ ਘਟੇਗਾ, ਅਗਰ ਮੈਂਬਰਜ਼ ਦੀਆਂ ਜ਼ਰੂਰਤਾਂ ਸੈਟਿਸਫਾਈ ਹੋ ਜਾਣ।

ਜਿਥੇ ਤਕ ਫੈਸਿਲਿਟੀਜ਼ ਦਾ ਤੁਅੱਲਕ ਹੈ, ਇਹ ਮੈਂਬਰ ਸਾਹਿਬਾਨ ਦੇ ਕੰਮ ਕਾਜ ਨੂੰ ਸੌਖਾ ਬਨਾਣ ਲਈ ਜ਼ਰੂਰੀ ਹਨ। ਜਿਥੇ ਤਕ ਟੈਲੀਫੋਨ ਦਾ ਸਬੰਧ ਹੈ, ਇਸ ਵਿਚ 50 ਰੁਪਏ ਮਹੀਨਾ ਰਖੇ ਗਏ ਹਨ; ਇਹ ਥੋੜ੍ਹੇ ਹਨ ਅਤੇ ਇਸ ਰਕਮ ਨਾਲ ਗੁਜ਼ਾਰਾ ਨਹੀਂ ਹੋ ਸਕਦਾ। ਇਹ ਤਾਂ ਆਪ ਸਾਰਿਆਂ ਨੂੰ ਹੀ ਪਤਾ ਹੈ ਕਿ ਟੈਲੀਫੋਨ ਦਾ ਖਰਚਾ 300 ਰੁਪਏ ਪਰ ਕੁਆਟਰ ਤੋਂ ਘਟ ਨਹੀਂ ਆਉਂਦਾ। ਇਸ ਤੋਂ ਭਾਵ ਹੈ ਕਿ 100 ਰੁਪਿਆ ਮਹੀਨਾ, ਜਦ ਕਿ ਇਸ ਬਿਲ ਵਿਚ ਸਿਰਫ 50 ਰੁਪਏ ਮਹੀਨੇ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਨਾਲ ਮੈਂਬਰ ਨੂੰ ਆਪਣੇ ਪੱਲੇ ਤੋਂ 50 ਰੁਪਏ ਮਹੀਨਾ ਦੇਣੇ ਪੈਣਗੇ, ਅਤੇ ਇਹ ਤਾਂ ਨੁਕਸਾਨ ਹੋਵੇਗਾ। ਇਸ ਲਈ ਮੇਰੀ ਇਹ ਤਜਵੀਜ਼ ਹੈ ਕਿ ਟੈਲੀਫੋਨ ਦਾ

Original with;
Punjab Vidhan Sabha
Digitized by;
Panjab Digital Library

ਐਕਚੂਅਲ ਖਰਚ ਦਿਤਾ ਜਾਣਾ ਚਾਹੀਦਾ ਹੈ । ਐਕਚੂਅਲ ਐਕਸਪੈਂਸਜ਼ ਮੈਂਬਰਾਂ ਨੂੰ ਮਿਲਣੇ ਚਾਹੀਦੇ ਹਨ ।

ਇਸ ਤੋਂ ਇਲਾਵਾ ਮੈਂ ਇਕ ਅਰਜ਼ ਹੋਰ ਕਰਨਾ ਚਾਹੁੰਦਾ ਹਾਂ ਕਿ ਮੈਂਬਰਾਂ ਨੂੰ ਆਪਣੇ ਹਲਕੇ ਦੇ ਵੋਟਰਾਂ ਨਾਲ ਲਿਖਾ ਪੜ੍ਹੀ ਵੀ ਕਰਨੀ ਪੈਂਦੀ ਹੈ । ਇਸ ਲਈ ਪੋਸਟੇਜ ਦੀ ਲੋੜ ਹੁੰਦੀ ਹੈ । ਇਸ ਬਿਲ ਵਿਚ ਪੋਸਟੇਜ ਅਲਾਊਂਸ ਕਾਰਸਪਾਡੈਂਸ ਲਈ ਕੋਈ ਵੀ ਨਹੀਂ ਰਖਿਆ ਗਿਆ, ਜਿਹੜਾ ਕਿ ਬਹੁਤ ਜ਼ਰੂਰੀ ਹੈ । ਇਹ ਵੀ ਹੋਣਾ ਚਾਹੀਦਾ ਹੈ । ਜਾਂ ਤਾਂ ਟਿਕਟਾਂ ਦੀ ਸ਼ਕਲ ਵਿਚ ਜਾਂ 10 ਰੁਪਏ ਜਾਂ 50 ਰੁਪਏ, ਜਿਸ ਤਰ੍ਹਾਂ ਕਿ ਸਰਕਾਰੀ ਦਫ਼ਤਰਾਂ ਵਿਚ ਹੁੰਦਾ ਹੈ, ਮੈਂਬਰ ਸਾਹਿਬਾਨ ਨੂੰ ਡਾਕ ਖਰਚ ਲਈ ਦਿਤੇ ਜਾਣ ਤਾਕਿ ਵਿਧਾਨ ਸਭਾ ਦੇ ਮੈਂਬਰ ਆਪਣੇ ਹਲਕੇ ਦੇ ਵੋਟਰਾਂ ਦੀਆਂ ਚਿਠੀਆਂ ਦਾ ਜਵਾਬ ਦੇ ਸਕਣ ਅਤੇ ਇਲੈਕਟੋਰੇਟ ਨੂੰ ਖਤ ਪੱਤਰ ਭੇਜ ਸਕਣ ।

ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਜਿਥੇ ਤਕ ਇਸ ਬਿਲ ਦਾ ਤੁਅੱਲਕ ਹੈ, ਬਹੁਤ ਸਾਰੇ ਮੈਂਬਰਾਂ ਨੇ ਇਹ ਕਿਹਾ ਹੈ ਕਿ ਬਹੁਤ ਸਾਰੇ ਹਾਲਾਤ ਬਦਲ ਗਏ ਹਨ; ਇਸ ਤੇ ਆਪੋਜ਼ੀਸ਼ਨ ਦੇ ਵੀ ਕਈ ਮੈਂਬਰ ਬੋਲੇ ਹਨ ਅਤੇ ਕਿਹਾ ਹੈ ਕਿ ਹਾਲਾਤ ਬਦਲ ਗਏ ਹਨ, ਪਰ ਕਿਸੇ ਨੇ ਵੀ ਕਾਂਗਰਸ ਰਾਜ ਦੀ ਸ਼ਲਾਘਾ ਨਹੀਂ ਕੀਤੀ । ਕਾਂਗਰਸ ਰਾਜ ਵਿਚ ਮੈਂਬਰਾਂ ਨੂੰ 300 ਰੁਪਏ ਮਹੀਨਾ ਦਿਤਾ ਜਾਂਦਾ ਸੀ ਅਤੇ ਇਹ ਰਕਮ 1936 ਵਿਚ ਫਿਕਸ ਕੀਤੀ ਗਈ ਸੀ । ਮਾਸਟਰ ਜੀ ਅਤੇ ਚੌਧਰੀ ਸੁੰਦਰ ਸਿੰਘ ਜੀ ਪੁਰਾਣੇ ਮੈਂਬਰ ਇਸ ਗਲ ਨੂੰ ਜਾਣਦੇ ਹਨ ਅਤੇ ਇਹ 300 ਰੁਪਏ ਮਹੀਨੇ ਦੀ ਰਕਮ 1967 ਤਕ ਕਾਇਮ ਰਖੀ ਗਈ ਅਤੇ ਭੱਤਾ ਮੈਂਬਰਾਂ ਦਾ ਜ਼ਿਆਦਾ ਨਹੀਂ ਵਧਾਇਆ ਗਿਆ । ਮੇਰਾ ਖਿਆਲ ਸੀ ਕਿ ਡਾਂਗ ਸਾਹਿਬ ਵਰਗੇ ਮੈਂਬਰ ਜਦ ਬੋਲਣਗੇ ਤਾਂ ਕਾਂਗਰਸ ਰਾਜ ਦੀ ਪ੍ਰਸ਼ੰਸਾ ਕਰਨਗੇ ਅਤੇ ਦੂਜੇ ਸਾਥੀ ਵੀ ਸ਼ਲਾਘਾ ਕਰਨਗੇ ਕਿ ਇਹ ਕੰਮ ਚੰਗਾ ਕਾਂਗਰਸ ਸਰਕਾਰ ਨੇ ਕੀਤਾ ਸੀ । ਵੈਸੇ ਇਹ ਠੀਕ ਹੈ ਕਿ ਮੈਂਬਰਾਂ ਨੇ ਡਿਊਟੀ ਪੂਰੀ ਤਰ੍ਹਾਂ ਸਰ ਅੰਜਾਮ ਦੇਣੀ ਹੁੰਦੀ ਹੈ ਅਤੇ ਨੇਕ ਨੀਤੀ ਨਾਲ ਕੰਮ ਕਰਨਾ ਹੁੰਦਾ ਹੈ ਤਾਕਿ ਲੋਕਾਂ ਤੇ ਪ੍ਰਭਾਵ ਪਏ । ਲੋਕ ਵੀ ਉਨ੍ਹਾਂ ਤੋਂ ਹੋਲ ਟਾਈਮ ਕੰਮ ਐਕਸਪੈਕਟ ਕਰਦੇ ਹਨ; ਇਸ ਲਈ ਇਸ ਤਰ੍ਹਾਂ ਦੀਆਂ ਸੇਵਾ ਕਰਦਿਆਂ ਜਿਹੜੀਆਂ ਮੈਂਬਰਾਂ ਦੀਆਂ ਲੋੜਾਂ ਹੋਣ, ਉਨ੍ਹਾਂ ਨੂੰ ਜ਼ਰੂਰ ਪੂਰਾ ਕੀਤਾ ਜਾਣਾ ਚਾਹੀਦਾ ਹੈ ।

ਇਸ ਬਿਲ ਵਿਚ ਜਿਹੜੀਆਂ ਤਰੁੱਟੀਆਂ ਰਹਿ ਗਈਆਂ ਹਨ ਉਨ੍ਹਾਂ ਦੇ ਬਾਰੇ ਵਿਚ ਮੈਂ ਫਿਨਾਂਸ ਮਨਿਸਟਰ ਸਾਹਿਬ ਨਾਲ ਡਿਸਕਸ ਵੀ ਕੀਤਾ ਹੈ । ਅਤੇ ਮੈਂ ਕਹਾਂਗਾ ਕਿ ਉਹ ਉਨ੍ਹਾਂ ਨੂੰ ਪੂਰਾ ਕਰ ਦੇਣ । ਪਰ ਇਸ ਵਿਚ ਕਈ ਔਕੜਾਂ ਉਨ੍ਹਾਂ ਦਸੀਆਂ ਹਨ । ਸਾਰਿਆਂ ਤੋਂ ਵਡੀ ਇਹ ਹੈ ਕਿ ਮਨੀ ਬਿਲ ਵਿਚ ਕਿਸੇ ਕਿਸਮ ਦੀ ਅਮੈਂਡਮੈਂਟ ਨਹੀਂ ਲਿਆਂਦੀ ਜਾ ਸਕਦੀ । ਬੀਵੀ ਲਈ ਕਿਰਾਏ ਦਾ ਪ੍ਰਬੰਧ ਕਰਨਾ ਜਾਂ 8000 ਤੋਂ 10 ਹਜ਼ਾਰ ਕਿਲੋਮੀਟਰ ਸਫ਼ਰ ਦੀ ਹਦ ਮੁਕਰਰ ਕਰਨੀ ਜਾਂ ਫੋਨ ਲਈ 50 ਰੁਪਏ ਤੋਂ ਵਧਾ ਕੇ 100 ਰੁਪਏ ਤਕ ਖਰਚ ਦੇਣ ਦਾ ਪ੍ਰਬੰਧ ਕਰਨਾ, ਇਨ੍ਹਾਂ ਤਰਮੀਮਾਂ ਲਈ ਗਵਰਨਰ ਸਾਹਿਬ ਦੀ ਰਿਕੁਮੈਂਡੇਸ਼ਨਜ਼ ਦੀ ਲੋੜ ਜ਼ਰੂਰੀ ਹੈ । ਇਸ ਲਈ ਉਚਿਤ ਪ੍ਰਬੰਧ ਕਰਨਾ ਚਾਹੀਦਾ ਹੈ ਜਾਂ ਤਾਂ ਅਮੈਂਡਮੈਂਟ ਲਿਆ ਕੇ ਜਾਂ ਫਰੈਸ਼ ਬਿਲ ਲਿਆ ਕੇ ਜਾਂ ਅਮੈਂਡਿੰਗ ਬਿਲ ਲਿਆ ਕੇ । ਜੇਕਰ ਇਹ ਸਾਰੀਆਂ ਗਲਾਂ ਨੂੰ ਮੰਨਦੇ ਹਨ ਤਾਂ ਉਨ੍ਹਾਂ ਨੂੰ ਅਮਲੀ ਸ਼ਕਲ ਦੇਣੀ ਚਾਹੀਦੀ ਹੈ ਤਾਂ ਜੋ ਮੈਂਬਰ ਸਾਹਿਬਾਨ ਨੂੰ ਪੂਰੀਆਂ ਸਹੂਲਤਾਂ ਮਿਲ ਸਕਣ ।

ਜਥੇਦਾਰ ਹਰਦਿਤ ਸਿੰਘ ਭੱਠਲ (ਧਨੌਲਾ) : ਚੇਅਰਮੈਨ ਸਾਹਿਬ, ਇਹ ਜਿਹੜਾ ਮੈਂਬਰਾਂ ਦੀਆਂ ਤਨਖਾਹਾਂ ਦੇ ਵਧਾਉਣ ਦੇ ਬਾਰੇ ਬਿਲ ਇਸ ਸਦਨ ਵਿੱਚ ਪੇਸ਼ ਕੀਤਾ ਗਿਆ ਹੈ, ਮੈਂ ਆਪਣੀ ਪਾਰਟੀ ਵਲੋਂ ਇਸ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ । ਮੈਂਬਰਾਂ ਦਾ ਅਲਾਊਂਸ

Original with;
Punjab Vidhan Sabha
Digitized by;
Panjab Digital Library

[ਜਥੇਦਾਰ ਹਰਦਿੱਤ ਸਿੰਘ ਭੱਠਲ]

ਜਦ 300 ਰੁਪਏ ਮਹੀਨੇ ਤੋਂ 400 ਰੁਪਏ ਮਹੀਨਾ ਕੀਤਾ ਗਿਆ ਸੀ ਤਾਂ ਵੀ ਮੈਂ ਆਪਣੀ ਪਾਰਟੀ ਵੱਲੋਂ ਇਸ ਦੀ ਮੁਖਾਲਫਿਤ ਕੀਤੀ ਸੀ ਅਤੇ ਜਦ ਦੈਨਿਕ ਭੱਤਾ 10 ਤੋਂ 25 ਰੁਪਏ ਰੋਜ਼ਾਨਾ ਕੀਤਾ ਗਿਆ ਸੀ ਤਾਂ ਵੀ ਮੈਂ ਆਪਣੀ ਪਾਰਟੀ ਵੱਲੋਂ ਵਿਰੋਧਤਾ ਕੀਤੀ ਅਤੇ ਹੁਣ ਵੀ ਮੈਂ ਇਸ ਦੀ ਮੁਖਲਾਫਿਤ ਕਰਨ ਲਈ ਖੜ੍ਹਾ ਹੋਇਆ ਹਾਂ। ਇਹ ਜਿਹੜੇ ਲੋਕਾਂ ਦੀਆਂ ਵੋਟਾਂ ਲੈ ਕੇ ਮੈਂਬਰ ਸਾਹਿਬਾਨ ਇਥੇ ਆਉਂਦੇ ਹਨ ਵੋਟਾਂ ਲਈ ਉਨ੍ਹਾਂ ਦੇ ਤਰਲੇ ਕਢਦੇ ਰਹਿੰਦੇ ਹਨ ਅਤੇ ਕਈ ਕਿਸਮ ਦੀਆਂ ਤਸਲੀਆਂ ਅਤੇ ਵਾਅਦੇ ਉਨ੍ਹਾਂ ਨਾਲ ਕਰ ਕੇ ਇਥੇ ਆਉਂਦੇ ਹਨ ਕਿ ਅਸੀਂ ਤੁਹਾਡੀ ਬਿਹਤਰੀ ਲਈ ਕੰਮ ਕਰਾਂਗੇ, ਇਥੇ ਆਣ ਕੇ ਆਪਣੇ ਭੱਤੇ ਵਧਾਉਣ ਅਤੇ ਹੋਰ ਸਹੂਲਤਾਂ ਦਿਤੇ ਜਾਣ ਦੀ ਮੰਗ ਕਰਦੇ ਹਨ ; ਅਤੇ ਉਨ੍ਹਾਂ ਦਾ ਕੋਈ ਖਿਆਲ ਇਨ੍ਹਾਂ ਨੂੰ ਨਹੀਂ ਰਹਿੰਦਾ। ਕੀ ਇਸ ਨਾਲ ਗਰੀਬ ਲੋਕਾਂ ਦਾ ਕੁਝ ਸੰਵਾਰਿਆ ਜਾਣਾ ਹੈ ? ਕੀ ਇਸ ਨਾਲ ਕਿਸੇ ਗਰੀਬ ਦੀ ਬਿਹੱਤਰੀ ਹੋ ਰਹੀ ਹੈ ? ਕੀ ਇਨ੍ਹਾਂ ਨੇ ਇਸ ਤਰ੍ਹਾਂ ਭੱਤੇ ਵਧਾਉਣ ਤੋਂ ਪਹਿਲਾਂ ਮਜ਼ਦੂਰ ਦੀ ਹਾਲਤ ਨੂੰ ਚੰਗਾ ਬਣਾ ਲਿਆ ਹੈ ? ਕੀ ਜਿਸ ਤੋਂ ਇਹ ਵੋਟਾਂ ਲੈ ਕੇ ਆਏ ਹਨ ਉਸ ਦੀ ਹਾਲਤ ਚੰਗੀ ਹੋ ਗਈ ਹੈ ? ਕੀ ਛੋਟੇ ਮੁਲਾਜ਼ਮ ਦੀ ਹਾਲਤ ਚੰਗੀ ਕਰ ਦਿਤੀ ਗਈ ਹੈ ? ਜੇ ਕਰ ਇਨ੍ਹਾਂ ਦਾ ਢਿਡ 400 ਰੁਪਏ ਨਾਲ ਨਹੀਂ ਭਰਦਾ ਤਾਂ 500 ਰੁਪਏ ਨਾਲ ਵੀ ਨਹੀਂ ਭਰਨ ਲਗਾ। ਇਹੀ ਗਲਾਂ ਇਨ੍ਹਾਂ ਦੇ ਆਪਣੇ ਅਗੇ ਫਿਰ ਵੋਟਾਂ ਲੈਣ ਵੇਲੇ ਆਉਣਗੀਆਂ। ਇਸ ਲਈ ਇਸ ਬਿਲ ਦੀ ਇਨ੍ਹਾਂ ਨੂੰ ਹਿਮਾਇਤ ਨਹੀਂ ਕਰਨੀ ਚਾਹੀਦੀ।

ਦੂਜੀ ਗਲ ਇਹ ਹੈ ਕਿ ਇਥੇ ਆ ਕੇ ਸਾਨੂੰ ਆਪਣੀ ਗੱਲ ਛਡਕੇ ਦੂਜੇ ਲੋਕਾਂ ਦੀ ਗੱਲ ਸਾਹਮਣੇ ਲਿਆਉਣੀ ਚਾਹੀਦੀ ਹੈ, ਜਿਨ੍ਹਾਂ ਪਾਸੋਂ ਕਲ੍ਹ ਵੋਟਾਂ ਲੈਣੀਆਂ ਹਨ । ਕਿਸਾਨ, ਮਜ਼ਦੂਰ, ਛੋਟਾ ਮੁਲਾਜ਼ਮ ਅਤੇ ਛੋਟਾ ਦੁਕਾਨਦਾਰ ਜੇਕਰ ਇਨ੍ਹਾਂ ਦੀ ਹਾਲਤ ਚੰਗੀ ਨਹੀਂ ਕਰਨੀ ਅਤੇ ਜੇਕਰ ਆਪਣੇ ਢਿੱਡ ਭਰਨੇ ਹਨ ਤਾਂ ਅਗਲੀਆਂ ਵੋਟਾਂ ਵਿੱਚ ਆਪਦੇ ਸਾਰਿਆਂ ਦੇ ਸਿੰਗ ਚੋਪੜਨਗੇ ਮੈਂ ਤਾਂ ਕਹਾਂਗਾ ਕਿ ਕਿਸਾਨ ਦੀ ਹਾਲਤ ਸੋਚੋ, ਮਜ਼ਦੂਰ ਦੀ ਹਾਲਤ ਨੂੰ ਸੋਚੋ ਕਿ ਕਿਸ ਤਰ੍ਹਾਂ ਟੁਕੜੇ ਤੇ ਗੁਜ਼ਾਰਾ ਕਰਦਾ ਹੈ। ਉਸ ਦੀਆਂ ਬੀਮਾਰੀਆਂ ਦਾ ਕਿਸ ਤਰ੍ਹਾਂ ਇਲਾਜ ਹੁੰਦਾ ਹੈ । ਕਿਸ ਤਰ੍ਹਾਂ ਉਸ ਦੇ ਬਚੇ ਦੀ ਪੜ੍ਹਾਈ ਕਰਾਈ ਜਾ ਸਕਦੀ ਹੈ। ਆਪਣੀ ਨਾ ਸੋਚੋ। ਜੇਕਰ ਤੁਹਾਡਾ ਢਿਡ 300 ਰੁਪਏ ਨਾਲ ਨਹੀਂ ਭਰਿਆ, 400 ਰੁਪਏ ਨਾਲ ਨਹੀਂ ਭਰਿਆ ਅਤੇ 25 ਰੁਪਏ ਰੋਜ਼ ਨਾਲ ਨਹੀਂ ਭਰਿਆ ਤਾਂ ਹੋਰ ਵਧਾ ਲੈਣ ਨਾਲ ਵੀ ਨਹੀਂ ਭਰਿਆ ਜਾਣਾ। ਇਸ ਲਈ ਮੈਂ ਇਸ ਬਿਲ ਦੇ ਖਿਲਾਫ਼ ਹਾਂ।

ਇਸ ਵਿੱਚ ਦੂਜਾ ਪੱਖ ਹੈ ਕਿਰਾਇਆਂ ਦਾ, ਕਿ ਬਸ ਦਾ ਕਿਰਾਇਆ ਜਾਂ ਰੇਲ ਦਾ ਕਿਰਾਇਆ ਦਿਤਾ ਜਾਵੇ। ਇਸ ਵਿੱਚ ਲੋਕਾਂ ਦਾ ਨੁਕਸਾਨ ਨਹੀਂ ਹੋਣਾ । ਇਸੇ ਤਰ੍ਹਾਂ ਟੈਲੀਫੋਨ ਨਾਲ ਨੁਕਸਾਨ ਨਹੀਂ ਹੋਣ ਲਗਾ। ਫੋਨ ਤਾਂ ਲੋਕਾਂ ਦੀ ਬਿਹਤਰੀ ਲਈ ਹੋ ਸਕਦਾ ਹੈ। ਅਤੇ ਅਗੇ ਤੋ ਜ਼ਿਆਦਾ ਭਲੇ ਦਾ ਕੰਮ ਹੋ ਸਕਦਾ ਹੈ ਅਤੇ ਲੋਕਾਂ ਦੀ ਮਦਦ ਇਸ ਨਾਲ ਕੀਤੀ ਜਾ ਸਕਦੀ ਹੈ। ਪਰ ਜਿਥੇ ਤਕ 25 ਤੋਂ 35 ਰੁਪਏ ਰੋਜ਼ ਕਰਨ ਦਾ ਸਬੰਧ ਹੈ ਜਾਂ 400 ਤੋਂ 500 ਰੁਪਏ ਮਹੀਨਾ ਕਰਨ ਦਾ ਸਬੰਧ ਹੈ, ਇਸ ਦੀ ਮੈਂ ਆਪਣੀ ਪਾਰਟੀ ਵਲੋਂ ਸਖਤ, ਵਿਰੋਧਤਾ ਕਰਦਾ ਹਾਂ। ਇਸ ਦੀ ਵਿਰੋਧਤਾ ਕਰਦਾ ਹਾਂ ਅਤੇ ਇਹ ਕਹਿੰਦਾ ਹਾਂ ਕਿ ਕਿਸਾਨਾਂ ਅਤੇ ਮਜ਼ਦੂਰਾਂ ਦੀ ਅਤੇ ਛੋਟੇ ਮੁਲਾਜ਼ਮਾਂ ਦੀ ਹਾਲਤ ਬਿਹਤਰ ਹੋਣੀ ਚਾਹੀਦੀ ਹੈ।

ਸਰਦਾਰ ਕਿਰਪਾਲ ਸਿੰਘ : (ਅੰਮ੍ਰਿਤਸਰ ਦਖਣ) ਚੇਅਰਮੈਨ ਸਾਹਿਬ, ਮੈਂ ਇਕ ਦੋ ਗਲਾਂ ਇਸ ਬਿਲ ਦੇ ਸਬੰਧ ਵਿਚ ਕਰਨੀਆਂ ਹਨ। (ਵਿਘਨ)

(ਇਸ ਸਮੇਂ ਸਰਦਾਰ ਕਿਰਪਾਲ ਸਿੰਘ, ਜੋ ਬੋਲ ਰਹੇ ਸਨ, ਅਤੇ ਚੇਅਰ ਵਿਚੋਂ ਸਰਦਾਰ ਗੁਰਮੀਤ ਸਿੰਘ (ਰਾਜ ਮੰਤਰੀ ਖੁਰਾਕ ਅਤੇ ਸਪਲਾਈ) ਨੇ ਕਰਾਸ ਕੀਤਾ।)

ਸਰਦਾਰ ਦਲੀਪ ਸਿੰਘ ਪਾਂਧੀ : ਆਨ ਏ ਪੁਆਇੰਟ ਆਫ ਆਰਡਰ, ਸਰ। ਭਾਵੇਂ ਇਹ

Original with;
Punjab Vidhan Sabha
Digitized by;
Panjab Digital Library

ਸਾਡੇ ਆਪਣੇ ਹੀ ਵਜ਼ੀਰ ਸਾਹਿਬ ਹਨ ; ਮੈਂ ਇਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਚੇਅਰ ਅਤੇ ਬੋਲਦੇ ਮੈਂਬਰ ਵਿਚੋਂ ਫਲੋਰ ਕਰਾਸ ਕੀਤਾ ਹੈ । ਇਸ ਤਰ੍ਹਾਂ ਪਹਿਲਾਂ ਵੀ ਇਤਰਾਜ਼ ਕੀਤਾ ਜਾਂਦਾ ਰਿਹਾ ਹੈ । ਮੇਰੀ ਬੇਨਤੀ ਇਹ ਹੈ ਕਿ ਸਾਨੂੰ ਅਜਿਹੀਆਂ ਕਨਵੈਨਸ਼ਜ਼ ਕਾਇਮ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਨਾਲ ਹਾਉਸ ਦਾ ਵਕਾਰ ਵਧੇ । ਅਤੇ ਇਹ ਠੀਕ ਨਹੀਂ ਸੀ ਫਲੋਰ ਕਰਾਸ ਕਰਨਾ ।

ਸ਼੍ਰੀ ਸਭਾਪਤੀ : ਮੈਂ ਆਨਰੇਬਲ ਮੈਂਬਰ ਨਾਲ ਐਗਰੀ ਕਰਦਾ ਹਾਂ ਅਤੇ ਇਹ ਕਹਾਂਗਾ ਕਿ ਮਨਿਸਟਰ ਸਾਹਿਬ ਅਗੇ ਤੋਂ ਇਸ ਤਰ੍ਹਾਂ ਨਾ ਕਰਨ । (I agree with the hon. Member and would request the hon. Minister not to do it again.)

ਰਾਜ ਮੰਤਰੀ ਖ਼ੁਰਾਕ ਅਤੇ ਸਪਲਾਈ : ਮੇਰੀ ਅਰਜ਼ ਇਹ ਸੀ ਕਿ ਇਹ ਤਾਂ ਆਮ ਰਸਤਾ ਮੈਂਬਰ ਸਾਹਿਬਾਨ ਦੇ ਜਾਣ ਦਾ ਹੈ, ਇਸ ਲਈ ਇਸ ਤੋਂ ਹਾਊਸ ਵਿਚ ਦੂਜੀ ਸਾਈਡ ਤੇ ਜਾਣ ਲਈ ਕਰਾਸ ਕੀਤਾ ਜਾ ਸਕਦਾ ਹੈ ।

ਸ਼੍ਰੀ ਸਭਾਪਤੀ : ਨਹੀਂ ਜੀ । (No please)

ਸਰਦਾਰ ਕਿਰਪਾਲ ਸਿੰਘ : (ਅੰਮ੍ਰਿਤਸਰ ਦੱਖਣ) ਚੇਅਰਮੈਨ ਸਾਹਿਬ, ਮੇਰਾ ਮਾਈਕ ਠੀਕ ਨਹੀਂ ਜੇਕਰ ਆਗਿਆ ਦਿਉ ਤਾਂ ਕਿਸੇ ਦੂਜੇ ਮਾਈਕ ਤੋਂ ਬੋਲ ਲਵਾਂ ।

ਸ਼੍ਰੀ ਸਭਾਪਤੀ : ਜੀ ਹਾਂ, ਤੁਸੀਂ ਕਿਸੇ ਹੋਰ ਮਾਈਕ ਤੋਂ ਬੋਲ ਸਕਦੇ ਹੋ । (Yes, the hon. Member can speak from some other mike.)

ਸਰਦਾਰ ਕਿਰਪਾਲ ਸਿੰਘ : ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਿਥੇ ਤਕ ਅਮੈਨੇਟੀਜ਼ ਦਾ ਤਅਲੁਕ ਹੈ, ਜਿਨ੍ਹਾਂ ਵਾਸਤੇ ਇਹ ਬਿਲ ਸਾਡੇ ਸਾਹਮਣੇ ਪੇਸ਼ ਕੀਤਾ ਗਿਆ ਹੈ, ਇਸ ਦੇ ਲਈ ਆਰਡੀਨੈਂਸ ਜਾਰੀ ਕਰਨ ਦੀ ਜ਼ਰੂਰਤ ਨਹੀਂ ਸੀ । ਆਰਡੀਨੈਂਸ ਜਾਰੀ ਕਰ ਕੇ ਕਾਹਲੀ ਕੀਤੀ ਗਈ ਹੈ । ਇਹ ਆਰਡੀਨੈਂਸ ਬੇਲੋੜਾ ਸੀ । ਸੈਸ਼ਨ ਹੋਣ ਤਕ ਇਸ ਨੂੰ ਰੋਕਿਆ ਜਾ ਸਕਦਾ ਸੀ । ਇਹ ਇਕਲੀ ਗਲ ਹੀ ਸਾਬਤ ਕਰਦੀ ਹੈ ਕਿ ਇਸ ਸਬੰਧ ਵਿਚ ਆਰਡੀਨੈਂਸ ਜਾਰੀ ਕਰਨਾ ਬੇਲੋੜਾ ਸੀ ।

ਦੂਜੀ ਬੇਨਤੀ ਇਹ ਹੈ ਕਿ ਜਿੰਨੀਆਂ ਅਮੈਨੇਟੀਜ਼ ਇਸ ਵਿਚ ਪ੍ਰੋਵਾਈਡ ਕੀਤੀਆਂ ਗਈਆਂ ਹਨ ਇਨ੍ਹਾਂ ਵਿਚ ਸਬ-ਕਮੇਟੀ ਵਿਚ ਕਈ ਗਲਾਂ ਤੇ ਡਿਫਰੈਂਸ ਆਫ ਓਪੀਨੀਅਨ ਸੀ ਅਤੇ ਕਈ ਗਲਾਂ ਤੇ ਐਗਰੀ ਨਹੀਂ ਸੀ ਕੀਤਾ ਗਿਆ, ਪਰ ਉਹ ਆ ਗਈਆਂ ਹਨ ਅਤੇ ਜਿਨਾਂ ਤੇ ਐਗਰੀ ਕੀਤਾ ਸੀ ਉਹ ਨਹੀਂ ਆਈਆਂ। ਇਕ ਗਲ ਮੈਡੀਕਲ ਏਡ ਦੇ ਬਾਰੇ ਵਿਚ ਮੈਂ ਕਹਿਣਾ ਚਾਹੁੰਦਾ ਹਾਂ । ਇਸ ਦੇ ਬਾਰੇ ਵਿਚ ਇਹ ਸੀ ਕਿ ਜਿਹੜਾ ਮੈਡੀਕਲ ਪ੍ਰੈਕਟੀਸ਼ਨਰ ਪਾਸੋਂ ਇਲਾਜ ਕਰਵਾਏਗਾ ਉਸਨੂੰ ਆਪਣੇ ਸਰਟੀਫਿਕੇਟ ਨਾਲ ਹੀ ਸਾਰਾ ਮੈਡੀਕਲ ਦਾ ਖਰਚ ਪੇ ਕਰ ਦਿਤਾ ਜਾਵੇ, ਪਰ ਇਹ ਚੀਜ਼ ਇਸ ਵਿਚ ਨਹੀਂ ਆਈ । ਇਸ ਵਿਚ ਤਾਂ ਉਹੀ ਹੈ ਕਿ ਸਿਵਲ ਹਸਪਤਾਲ ਤੋਂ ਸਰਟੀਫ਼ਾਈ ਕਰਾਏ, ਪਰ ਇਸ ਵਿਚ ਦਿੱਕਤ ਆਉਂਦੀ ਹੈ। ਹਸਪਤਾਲ ਕਈ ਥਾਵਾਂ ਤੇ ਦੂਰ ਹਨ ਅਤੇ ਆਉਣਾ ਜਾਣਾ ਮੁਸ਼ਕਲ ਹੋ ਜਾਂਦਾ ਹੈ ਅਤੇ ਨਾ ਹੀ ਉਥੇ ਜਾਕੇ ਬਚਿਆਂ ਨੂੰ ਦਿਖਾਇਆ ਜਾ ਸਕਦਾ ਹੈ । ਅਤੇ ਫਿਰ ਇਕ ਦਿਨ ਖਰਾਬ ਕਰਨਾ ਪੈਂਦਾ ਹੈ, ਉਥੇ ਜਾ ਕੇ ਇਲਾਜ ਕਰਾਉਣ ਵਿਚ ਇਸ ਲਈ ਇਸ ਫੈਸਲਿਟੀ ਦਾ ਫਾਇਦਾ ਸਹੀ ਮਾਅਨਿਆਂ ਵਿਚ ਨਹੀਂ ਉਠਾਇਆ ਜਾ ਸਕਦਾ । ਬਹੁਤ ਘਟ ਬੈਨੀਫਿਟ ਉਠਾ ਸਕਦੇ ਹਨ । ਇਸ ਲਈ ਜਿਹੜੀ ਗਲ ਤੈ ਕੀਤੀ ਸੀ ਉਹ ਵਿਚ ਆ ਜਾਣੀ ਚਾਹੀਦੀ ਸੀ ਤਾਕਿ ਸਹੀ ਮਾਅਨਿਆਂ ਵਿਚ ਇਸ ਫੈਸਲਿਟੀ ਤੋਂ ਫਾਇਦਾ ਉਠਾਇਆ ਜਾ ਸਕੇ । ਇਹ ਆਈਟਮ ਛੱਡ ਗਏ ਹਨ ।

ਇਸ ਤੋਂ ਅਗੇ ਦੋ ਹੋਰ ਆਈਟਮਾਂ ਹਨ । ਇਕ ਤਾਂ 100 ਰੁਪਿਆ ਮਹੀਨਾ ਭੱਤਾ ਵਧਾਉਣ

Original with: Punjab Vidhan Sabha
Digitized by: Panjab Digital Library

[ਸਰਦਾਰ ਕਿਰਪਾਲ ਸਿੰਘ]
ਦੀ ਅਤੇ ਦੂਜੀ 10 ਰੁਪਏ ਰੋਜ਼ ਵਧਾਉਣ ਦੀ। ਇਸ ਤੋਂ ਅਗੇ ਇਕ ਲਫਜ਼ 'ਸਪਾਊਜ਼' ਦਾ ਇਸਤੇਮਾਲ ਕੀਤਾ ਗਿਆ ਹੈ; ਇਸ ਦੀ ਵਿਆਖਿਆ ਕਰਨੀ ਜ਼ਰੂਰੀ ਹੈ ਅਤੇ ਸਪਸ਼ਟ ਸ਼ਬਦ ਲਿਖ ਦੇਣੇ ਚਾਹੀਦੇ ਹਨ।

ਜਦੋਂ ਵੀ ਕੋਈ ਮੈਂਬਰ, ਪੁਲਿਟੀਕਲ ਅਫੇਅਰਜ਼ ਦੇ ਵਾਸਤੇ ਜਾਂਦਾ ਹੈ ਤਾਂ ਇਮਾਨਦਾਰੀ ਦਾ ਤਕਾਜ਼ਾ ਤਾਂ ਇਹੋ ਹੈ ਕਿ ਬੀਵੀ ਦੇ ਪਾਸ ਦੀ ਕੋਈ ਜ਼ਰੂਰਤ ਨਹੀਂ; ਹਾਂ ਸਰਕਾਰ ਵੱਲੋਂ ਕੋਈ ਰਿਆਇਤ ਹੋ ਜਾਵੇ ਤਾਂ ਇਹ ਜੁਦਾ ਗਲ ਹੈ। ਇਥੇ ਬੀਵੀ ਦਾ ਜ਼ਿਕਰ ਕੀਤਾ ਗਿਆ ਹੈ, ਪਰ ਇਹ ਜੁਦਾ ਗਲ ਹੈ। ਇਥੇ ਵੇਖਣ ਵਾਲੀ ਜੋ ਗਲ ਹੈ ਉਹ ਇਹੋ ਹੈ ਕਿ ਲਫਜ਼ 'ਸਪਾਊਜ਼' ਤੋਂ ਇਲਾਵਾ ਜਿਹੜਾ ਇਸ ਬਿਲ ਵਿਚ ਦਿੱਤਾ ਗਿਆ ਹੈ, ਕੋਈ ਹੋਰ ਵੀ ਸ਼ਬਦ ਇਸਤੇਮਾਲ ਕੀਤਾ ਜਾ ਸਕਦਾ ਸੀ? 'ਸਾਥੀ' ਦਾ ਸ਼ਬਦ ਸ਼ਾਮਲ ਹੋ ਸਕਦਾ ਸੀ, ਕੋਈ ਹੋਰ ਟੈਕਨੀਕਲ ਅਤੇ ਢੁਕਵਾਂ ਸ਼ਬਦ ਇਸਤੇਮਾਲ ਹੋ ਸਕਦਾ ਸੀ। ਇਹ ਸਹੂਲਤ ਕਿਉਂ ਦਿੱਤੀ ਗਈ ਹੈ ਜਾਂ ਇਸ ਦੇ ਪਿਛੇ ਕਿਤਨੇ ਕੁ ਲੋਕਾਂ ਨੂੰ ਸਹੂਲਤ ਦੇਣੀ ਮਕਸੂਦ ਹੈ, ਇਹ ਤਾਂ ਉਨ੍ਹਾਂ ਦੋਸਤਾਂ ਵਿਚੋਂ ਹੀ ਜਾਣਦੇ ਹਨ ਕਿ ਇਸ ਦਾ ਕੌਣ ਕੌਣ ਫਾਇਦਾ ਉਠਾਏਗਾ। ਇਹ ਤਾਂ ਇਕ ਕਾਬਲੇ ਇਤਰਾਜ਼ ਜੁਮਲਾ ਹੋਵੇਗਾ ਜਦੋਂ ਕਿ 'ਸਪਾਊਜ਼' ਦਾ ਸ਼ਬਦ ਵਰਤਿਆ ਜਾਵੇਗਾ। ਇਸ ਦੀ ਜਗ੍ਹਾ ਜੇ ਬੀਵੀ, ਫੈਮਿਲੀ, ਸਾਥੀ ਜਾਂ ਬਲੱਡ ਰੀਲੇਸ਼ਨ ਦੇ ਬਚਿਆਂ ਨੂੰ ਦੇ ਦਿੱਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਕੋਈ ਪੁਰਮਾਨੀ ਲਫਜ਼ ਹੈ। ਪਰ ਜਦੋਂ ਕੋਈ ਇਸ ਤਰ੍ਹਾਂ ਦਾ ਲਫਜ਼ ਹੋਵੇ ਜੋ ਬੀਵੀ ਵਾਸਤੇ ਇਸਤੇਮਾਲ ਨਾ ਹੋਵੇ ਤਾਂ ਮੁਨਾਸਿਬ ਮਾਲੂਮ ਨਹੀਂ ਦੇਂਦਾ। (ਵਿਘਨ) ਇਹ ਇਸ ਦੀ ਸਾਰੀ ਡੈਫੀਨੀਸ਼ਨ ਪੁਛ ਕੇ ਹੀ ਕਹਿ ਰਿਹਾ ਹਾਂ। ਇਸ ਦਾ ਸਹੀ ਤਰੀਕੇ ਨਾਲ ਇਸਤੇਮਾਲ ਹੋਵੇ। ਇਸ ਦੇ ਲਈ ਮੈਂ ਇਹੋ ਕਹਾਂਗਾ ਕਿ ਲਫਜ਼ 'ਸਪਾਊਜ਼' ਦੀ ਬਜਾਏ ਕੋਈ ਵਾਜ਼ਿਹ ਲਫਜ਼ ਲਿਖ ਦੇਣਾ ਚਾਹੀਦਾ ਹੈ।

ਜਿਥੋਂ ਤੱਕ 100/- ਰੁਪਏ ਦੇ ਵਧਾਉਣ ਦਾ ਅਤੇ ਹੋਰ ਸਹੂਲਤਾਂ ਦੇਣ ਦਾ ਤੱਅਲੁਕ ਹੈ, ਇਸ ਬਾਰੇ ਬਹੁਤ ਸਾਰੇ ਦੋਸਤਾਂ ਨੇ ਕਿਹਾ ਹੈ ਕਿ ਇਹ ਵਧਣੇ ਉਚਿਤ ਨਹੀਂ। ਮੈਂਬਰਾਂ ਨੂੰ ਆਪਣੇ ਦੇਸ਼ ਦੇ ਸਟੈਂਡਰਡ ਦੇ ਮੁਤਾਬਿਕ ਹੀ ਘਟ ਕੀਮਤਾਂ ਤੇ ਗੁਜ਼ਰ ਕਰਨਾ ਚਾਹੀਦਾ ਹੈ। ਇਥੇ ਕੁਝ ਨੇ ਇਹ ਵੀ ਕਿਹਾ ਹੈ ਕਿ ਜਿਨ੍ਹਾਂ ਨੂੰ ਇਹ ਰੁਪਏ ਨਹੀਂ ਸੂਟ ਕਰਦੇ, ਬਾਰੋਜ਼ਗਾਰ ਹਨ, ਚੰਗੀ ਔਕਾਤ ਹੈ, ਉਨ੍ਹਾਂ ਨੂੰ ਨਹੀਂ ਲੈਣੇ ਚਾਹੀਦੇ, ਦੂਸਰਿਆਂ ਨੂੰ ਬੇਸ਼ੱਕ ਲੈ ਲੈਣੇ ਚਾਹੀਦੇ ਹਨ। ਪਰ ਮੈਂ ਉਨ੍ਹਾਂ ਨੂੰ ਦਸਾਂ ਉਹ ਕਿਉਂ ਤੁਹਾਡੇ ਵਾਸਤੇ ਛਡਣ, ਉਹ ਕਿਉਂ ਨਾ ਤੁਹਾਡੇ ਤੋਂ ਲੈ ਕੇ ਕਿਸੇ ਚੰਗੀ ਥਾਂ ਇਸਤੇਮਾਲ ਕਰਨ ਜਦੋਂ ਕਿ ਇਹ ਦੇਣ ਹੀ ਲਗੇ ਹੋ। ਉਹ ਤੁਹਾਡੇ ਨਾਲੋਂ ਚੰਗੀ ਥਾਂ ਇਸਤੇਮਾਲ ਹੀ ਕਰਨਗੇ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਜਿਥੇ 100 ਰੁ: ਤਨਖਾਹ ਦੇ ਵਿਚ ਅਤੇ 10 ਰੁ: ਡੇਲੀ ਅਲਾਊਂਸ ਦੇ ਵਿਚ ਇਜ਼ਾਫਾ ਕਰਨ ਦਾ ਜ਼ਿਕਰ ਕੀਤਾ ਗਿਆ ਹੈ, ਉਥੇ ਨਾਲ ਹੀ ਮੈਡੀਕਲ ਏਡ ਦੇਣ ਦਾ ਵੀ ਜ਼ਿਕਰ ਕੀਤਾ ਜਾਵੇ। ਮੈਂਬਰਜ਼ ਨੂੰ ਇਹ ਫੈਸਿਲਿਟੀ ਵੀ ਮਿਲਣੀ ਚਾਹੀਦੀ ਹੈ ਕਿ ਸਰਕਾਰੀ ਡਾਕਟਰ ਜਾਂ ਆਪਣੇ ਫੈਮਿਲੀ ਡਾਕਟਰ ਤੋਂ ਸਾਰੀਆਂ ਸਹੂਲਤਾਂ ਉਹ ਅਵੇਲ ਕਰ ਸਕਣ। ਇਸ ਨੂੰ ਇਸ ਵੇਲੇ ਪਾਸ ਨਹੀਂ ਕਰਨਾ ਚਾਹੀਦਾ, ਇਹ ਬਿਲ ਅਜੇ ਬੈਕ ਰੈਫਰ ਕਰਨਾ ਚਾਹੀਦਾ ਹੈ ਅਤੇ ਅਮੈਂਡਿਡ ਸ਼ਕਲ ਵਿਚ ਮੁੜਕੇ ਪੇਸ਼ ਕਰਨਾ ਚਾਹੀਦਾ ਹੈ। ਇਨ੍ਹਾਂ ਲਫਜ਼ਾਂ ਨਾਲ ਮੈਂ ਆਪਣੀ ਰਾਏ ਪੇਸ਼ ਕਰਕੇ ਬੈਠਦਾ ਹਾਂ।

ਚੌਧਰੀ ਜਗਤ ਰਾਮ (ਬੰਗਾ ਐਸ. ਸੀ.) : ਚੇਅਰਮੈਨ ਸਾਹਿਬ, ਇਹ ਜੋ ਬਿਲ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਹੈ, ਜੇਕਰ ਇਸ ਦੇ ਮੁਤਾਲਿਕ ਇਮਾਨਦਾਰੀ ਦੇ ਨਾਲ ਵੇਖਿਆ ਜਾਵੇ ਤਾਂ ਇਹ ਬਿਲਕੁਲ ਵਾਜਬ ਹੈ, ਠੀਕ ਹੈ, ਇਹ ਹੋਣਾ ਹੀ ਚਾਹੀਦਾ ਸੀ। ਜਿਸ ਵੇਲੇ ਮਾਸਕ ਤਨਖਾਹ 300 ਰੁ: ਤੋਂ ਵਧਾ ਕੇ 400 ਰੁ: ਕੀਤੀ ਸੀ ਉਸ ਵੇਲੇ ਸਚਮੁਚ ਇਸ ਦੀ ਮੁਖਾਲਫਤ ਕੀਤੀ ਸੀ।

Original with;
Punjab Vidhan Sabha
Digitized by;
Panjab Digital Library

ਪਰ ਜਦੋਂ ਵੇਖਿਆ ਕਿ ਲੋਕ ਕਿਵੇਂ ਪੈਸਾ ਕਮਾਉਣ ਲਈ ਤੁਰੇ ਫਿਰਦੇ ਹਨ ਤਾਂ ਖਿਆਲ ਆਇਆ ਕਿ ਸੇਵਾ ਜੇ ਕਰਨੀ ਹੋਵੇ ਤਾਂ ਇਮਾਨਦਾਰੀ ਦਾ ਤਕਾਜ਼ਾ ਇਹੋ ਹੈ ਕਿ ਜਿਸ ਨੇ ਵੀ ਕੋਈ ਕੰਮ ਕਰਨਾ ਹੈ ਉਸ ਨੂੰ ਆਪਣੇ ਬਾਲ ਬਚੇ ਦਾ ਅਤੇ ਉਨ੍ਹਾਂ ਦੀ ਰੋਟੀ ਦਾ ਅਤੇ ਪਾਲਣ ਪੋਸ਼ਣ ਦਾ ਕੋਈ ਫਿਕਰ ਨਹੀਂ ਹੋਣਾ ਚਾਹੀਦਾ। ਕਈ ਗਲਾਂ ਇਸ ਬਿਲ ਦੇ ਵਿਚ ਬਹੁਤ ਚੰਗੀਆਂ ਹਨ। (ਵਿਘਨ)

ਕਾਮਰੇਡ ਬਾਬੂ ਸਿੰਘ ਮਾਸਟਰ : ਕਾਂਗਰਸ ਵਾਲੇ ਕਿਤਨੇ ਕੁ ਹਨ ਜਿਨ੍ਹਾਂ ਨੇ ਪੈਸੇ ਕਮਾਏ ਹਨ ?

ਚੌਧਰੀ ਜਗਤ ਰਾਮ : ਇਹ ਵੀ ਮੈਂ ਦਸਦਾ ਹਾਂ। ਇਸ ਦੇ ਵਿਚ ਜਿਹੜੀ ਫਰੀ ਸਫਰ ਦੇ ਲਈ ਸਹੂਲਤ ਦਿੱਤੀ ਗਈ ਹੈ, ਇਹ ਬਹੁਤ ਚੰਗੀ ਗਲ ਹੈ। ਪਹਿਲਾਂ ਸਾਨੂੰ ਕੰਡਕਟਰ ਹੀ ਪੁਛਦਾ ਨਹੀਂ ਸੀ ਹੁੰਦਾ ਅਤੇ 'ਪਿਛੇ ਹਟ ਜਾ' ਕਹਿਕੇ ਹਤਕ ਕਰ ਦੇਂਦਾ ਸੀ। ਹੁਣ ਜਦੋਂ ਕਿ ਇਕ ਐਮ. ਐਲ. ਏ. ਦੇ ਪਾਸ ਫਰੀ ਸਫਰ ਕਰਨ ਦਾ ਪਾਸ ਹੋਵੇਗਾ ਤਾਂ ਇਸ ਨਾਲ ਸਾਰੇ ਸੇਵਾ ਕਰਨ ਵਾਲਿਆਂ ਦੀ ਇਕ ਤਰ੍ਹਾਂ ਨਾਲ ਸ਼ਾਨ ਹੋਵੇਗੀ, ਇਜ਼ਤ ਹੋਵੇਗੀ। ਜਿਹੜੇ ਨਾਲ ਚਾਰ ਬੰਦੇ ਸਫਰ ਕਰਨਗੇ ਉਹ ਬੇਸ਼ਕ ਆਪ ਟਿਕਟ ਲੈਣ ਪਰ ਇਕ ਨਾਲ ਸੇਵਾ ਕਰਨ ਵਾਲਾ ਖੁਸ਼ੀ ਖੁਸ਼ੀ ਬਗੈਰ ਕਿਸੇ ਬੋਝ ਦੇ ਉਨ੍ਹਾਂ ਨਾਲ ਹੋਵੇਗਾ। ਇਕ, ਚੇਅਰਮੈਨ ਸਾਹਿਬ, ਇਥੇ ਬੀਵੀ ਜਾਂ ਧਰਮ-ਪਤਨੀ ਦੀ ਜਗ੍ਹਾ 'ਸਪਾਊਜ਼' ਦਾ ਜੋ ਸ਼ਬਦ ਲਿਖਿਆ ਹੈ ਇਸ ਬਾਰੇ ਮੈਂ ਇਹ ਅਰਜ਼ ਕਰਾਂਗਾ ਕਿ ਸਾਡੇ ਵਰਗੇ ਐਸੇ ਹਨ ਜਿਨ੍ਹਾਂ ਦੇ ਧਰਮ ਪਤਨੀ ਨਹੀਂ ਤਾਂ ਉਥੇ ਨਿਆਣਿਆਂ ਵਾਸਤੇ ਇਹ ਸਹੂਲਤ ਹੋਣੀ ਚਾਹੀਦੀ ਹੈ। (ਇਕ ਆਵਾਜ਼ : ਜਦੋਂ ਧਰਮ ਪਤਨੀ ਨਹੀਂ ਤਾਂ ਫੇਰ ਨਿਆਣਿਆਂ ਦਾ ਕੀ ਸਵਾਲ) (ਹਾਸਾ)। ਮੈਂ, ਚੇਅਰਮੈਨ ਸਾਹਿਬ, ਰੰਡਾ ਹਾਂ, ਧਰਮ ਪਤਨੀ ਨਹੀਂ ਤਾਂ ਨਿਆਣੇ ਤਾਂ ਜ਼ਰੂਰ ਹਨ, ਹਾਂ, ਛੜਾ ਨਹੀਂ ਹਾਂ। ਪਰ ਜੇ ਇਹ 'ਸਪਾਊਜ਼' ਦਾ ਲਫਜ਼ ਰਿਹਾ ਤਾਂ ਇਹ ਗਲ ਮੇਰੀ ਯਾਦ ਰਖਣਾ ਇਸ ਦਾ ਗਲਤ ਇਸਤੇਮਾਲ ਹੋਵੇਗਾ। ਆਪਣੀ ਵਾਈਫ ਕਿਸੇ ਨੇ ਨਾਲ ਨਹੀਂ ਲੈ ਜਾਣੀ। ਮੈਂ ਸਮਝਦਾ ਹਾਂ ਇਸ ਤਰ੍ਹਾਂ ਗੰਦ ਘੁਲ ਜਾਣਾ ਹੈ, ਇਹਦੇ ਵਿਚ ਦਰੁਸਤੀ ਹੋਣੀ ਚਾਹੀਦੀ ਹੈ। ਹੋਸਟਲ ਵਿਚ ਵੀ ਸਾਰੀਆਂ ਰਿਆਇਤਾਂ ਐਮ. ਐਲ. ਏਜ਼. ਨੂੰ ਮਿਲਣੀਆਂ ਚਾਹੀਦੀਆਂ ਹਨ। ਟੈਲੀਫੋਨ ਅਤੇ ਸਫਰ ਦੀਆਂ ਜਿਹੜੀਆਂ ਰਿਆਇਤਾਂ ਮਿਲੀਆਂ ਹਨ ਇਨ੍ਹਾਂ ਦੇ ਨਾਲ ਕਾਫੀ ਆਰਾਮ ਐਮ. ਐਲ. ਏਜ਼. ਨੂੰ ਲੋਕ ਸੇਵਾ ਵਿਚ ਹੋ ਜਾਵੇਗਾ। ਇਸ ਬਿਲ ਰਾਹੀਂ ਸਰਕਾਰ ਵੱਲੋਂ ਜਿਹੜੀ ਰਿਆਇਤ ਦਿੱਤੀ ਗਈ ਹੈ ਇਸ ਦੇ ਲਈ ਮੈਂ ਆਪ ਦਾ ਬਹੁਤ ਬਹੁਤ ਸ਼ੁਕਰੀਆ ਅਦਾ ਕਰਦਾ ਹਾਂ। (ਵਿਘਨ)

(ਇਸ ਵੇਲੇ ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, ਮੈਂ ਸਿਰਫ ਦੋ ਮਿੰਟ ਲਈ ਬੋਲਣਾ ਹੈ। ਸਾਡੇ ਕੋਲੋਂ ਹੋਸਟਲ ਦੇ ਕਮਰੇ ਦੇ ਤਿੰਨ ਰੁਪਏ ਰੋਜ਼ ਦੇ ਕਟੇ ਜਾਂਦੇ ਹਨ ਜਦੋਂ ਕਿ ਹਿਮਾਚਲ ਵਿਚ ਅਤੇ ਬੰਬਈ ਵਿਚ ਇਕ ਰੁਪਿਆ ਰੋਜ਼ ਦਾ ਕਟਿਆ ਜਾਂਦਾ ਹੈ ਅਤੇ ਉਹ ਕਮਰੇ ਵੀ ਵੈਲ ਡੈਕੋਰੇਟਿਡ ਹੁੰਦੇ ਹਨ। ਉਨ੍ਹਾਂ ਦੇ ਵਿਚ ਟੈਲੀਫੂਨ ਵੀ ਲਗਾ ਹੁੰਦਾ ਹੈ। ਗੌਰਮਿੰਟ ਨੂੰ ਇਸ ਚੀਜ਼ ਵਲ ਵੀ ਖਿਆਲ ਕਰਨਾ ਚਾਹੀਦਾ ਹੈ ਕਿ ਕਮਰੇ ਦਾ ਕਿਰਾਇਆ ਇਕ ਰੁਪਿਆ ਹੋਵੇ ਅਤੇ ਉਹ ਵੈਲ ਡੈਕੋਰੇਟਿਡ ਹੋਵੇ।

ਫਿਰ ਦੂਸਰੀ ਗਲ, ਸਪੀਕਰ ਸਾਹਿਬ, ਮੈਂ ਖਾਣੇ ਦੇ ਮੁਤਾਲਕ ਗਲ ਕਰਨਾ ਚਾਹੁੰਦਾ ਹਾਂ। ਸਾਨੂੰ ਮੈਂਬਰਜ਼ ਨੂੰ ਹੋਸਟਲ ਦੇ ਵਿਚ ਬੜੀ ਮਾੜੀ ਕਿਸਮ ਦਾ ਖਾਣਾ ਦਿਤਾ ਜਾਂਦਾ ਹੈ। ਕਿਉਂਕਿ ਫਰਜ਼ ਕਰੋ ਕਿ ਉਥੇ ਖਾਣੇ ਦੀ ਵਿਕਰੀ 5 ਹਜ਼ਾਰ ਰੁਪਿਆ ਹੋਵੇ ਤਾਂ ਉਹ ਦੋ ਹਜ਼ਾਰ ਤਾਂ ਪ੍ਰਾਫਿਟ ਦੇ ਹੋ ਜਾਣਗੇ ਅਤੇ 2 ਹਜ਼ਾਰ ਅਮਲੇ ਤੇ ਖਰਚ ਕਰ ਦਿਤਾ ਜਾਵੇਗਾ, ਜਿਸ ਕਰਕੇ ਐਮ. ਐਲ. ਏਜ਼. ਨੂੰ ਖੁਰਾਕ ਬੜੀ ਘਟੀਆ ਮਿਲਦੀ ਹੈ। ਮੈਂਬਰਾਂ ਦੇ ਖਾਣੇ ਤੋਂ ਪ੍ਰਾਫਿਟ ਨਹੀਂ ਲਿਆ ਜਾਣਾ ਚਾਹੀਦਾ। ਮੈਨੂੰ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਤ ਰਾਮ]

ਉਮੀਦ ਹੈ ਕਿ ਗੌਰਮਿੰਟ ਇਨ੍ਹਾਂ ਦੋਹਾਂ ਗਲਾਂ ਵਲ ਧਿਆਨ ਦੇਵੇਗੀ ਔਰ ਇਸ ਗਲ ਦੀ ਜਾਂਚ ਪੜਤਾਲ ਕਰਵਾਏਗੀ ਕਿ ਮੈਂਬਰਾਂ ਨੂੰ ਖਾਣਾ ਘਟੀਆ ਨਾ ਮਿਲੇ ਤੇ ਕਮਰਿਆਂ ਵਿਚ ਟੈਲੀਫੂਨ ਅਤੇ ਹੋਰ ਡੈਕੋਰੇਸ਼ਨ ਦਾ ਸਮਾਨ ਸਪਲਾਈ ਕੀਤਾ ਜਾਵੇਗਾ।

ਵਿੱਤ ਮੰਤਰੀ : ਸਪੀਕਰ ਸਾਹਿਬ, ਜਿਸ ਬਿਲ ਤੇ ਅਜ ਬਹਿਸ ਹੋ ਰਹੀ ਹੈ, ਮੈਂ ਹਾਊਸ ਦੇ ਸਾਰੇ ਮੈਂਬਰਾ ਦੇ ਖਿਆਲਾਤ ਬੜੇ ਧਿਆਨ ਨਾਲ ਸੁਣੇ ਹਨ। ਸਾਰੇ ਹਾਊਸ ਦੀ ਜਨਰਲ ਕੰਨਸੈਂਸ ਇਹ ਸੀ ਕਿ ਮੈਂਬਰਾਂ ਨੂੰ ਇਫੈਕਟਿਵਲੀ ਕੰਮ ਕਰਨ ਵਾਸਤੇ ਫੈਸਿਲਿਟੀਜ਼ ਦੇਣੀਆਂ ਚਾਹੀਦੀਆਂ ਹਨ। ਅਸੀਂ ਕੁਝ ਫੈਸਿਲਿਟੀਜ਼ ਦੇਣ ਦੀ ਕੋਸ਼ਿਸ਼ ਕੀਤੀ ਹੈ। ਮੈਂਬਰਾਂ ਦੀਆਂ ਡਿਮਾਂਡਜ਼ ਤਾਂ ਬਹੁਤ ਸੀ, ਜਿਵੇਂ ਕਿ ਜਦੋਂ ਕੋਈ ਮੈਂਬਰ ਕੰਸਟੀਚੂਐਂਸੀ ਵਿਚ ਪਬਲਿਕ ਦਾ ਕੋਈ ਫੰਕਸ਼ਨ ਅਟੈਂਡ ਕਰਨ ਜਾਵੇ ਤਾਂ ਉਸ ਨੂੰ ਜੀਪ ਆਦਿ ਦੀ ਕਨਵੀਐਂਸ ਦੀ ਸਹੂਲਤ ਵੀ ਮਿਲਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਮੈਂਬਰਾਂ ਦੀਆਂ ਸਾਰੀਆਂ ਡਿਮਾਂਡਜ਼ ਠੀਕ ਹਨ ਪਰ ਸਾਡੇ ਕੋਲ ਫਾਈਨੈਂਸ਼ਲੀ ਇਤਨੇ ਰਿਸੋਰਸਿਜ਼ ਨਹੀਂ ਹਨ ਕਿ ਅਸੀਂ ਉਨ੍ਹਾਂ ਸਾਰੀਆਂ ਡਿਮਾਂਡਜ਼ ਨੂੰ ਪੂਰੀਆਂ ਕਰ ਸਕੀਏ। ਪਰ ਫਿਰ ਜਿਤਨਾ ਅਸੀਂ ਕਰ ਸਕੇ ਹਾਂ ਇਸ ਬਿਲ ਦੇ ਰਾਹੀਂ ਕਰਨ ਦਾ ਯਤਨ ਕੀਤਾ ਹੈ। ਜੇ ਅਸੀਂ ਡੈਮੋਕਰੇਸੀ ਨੂੰ ਇਥੇ ਚਲਾਉਣਾ ਹੈ ਤਾਂ ਸਾਨੂੰ ਮੈਂਬਰ ਸਾਹਿਬਾਨ ਨੂੰ ਸਹੂਲਤਾਂ ਦੇਣੀਆਂ ਹੀ ਪੈਣਗੀਆਂ। ਜੋ ਫੈਸਿਲਿਟੀਜ਼ ਅਸੀਂ ਦਿੱਤੀਆਂ ਹਨ ਉਹ ਮੈਂ ਇਥੇ ਹਾਊਸ ਦੇ ਵਿਚ ਦਸਣਾ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਇਸ ਵਿਚ ਅਸੀਂ ਟੈਲੀਫੂਨ ਦੀ ਸਹੂਲੀਅਤ ਦਿਤੀ ਹੈ। ਇਸ ਲਈ ਅਸੀਂ ਇਹ ਕਰ ਰਹੇ ਹਾਂ ਕਿ ਐਨੂਅਲ ਰੈਂਟ ਤੋਂ ਇਲਾਵਾ 50 ਰੁਪਏ ਕਾਲਾਂ ਲਈ ਵੀ ਹਰ ਇਕ ਮੈਂਬਰ ਨੂੰ ਦਿਤੇ ਜਾਣਗੇ। (ਵਿਘਨ) ਇਹ 50 ਰੁਪਏ ਲੋਕਲ ਅਤੇ ਟ੍ਰੰਕ ਕਾਲਾਂ ਲਈ ਵਖਰੇ ਹਨ ਅਤੇ ਸਾਲਾਨਾ ਰੈਂਟ ਵਖਰਾ ਹੈ। ਹੁਣ ਜੋ ਫੈਸਿਲਿਟੀਜ਼ ਐਗਜ਼ਿਸਟ ਕਰਦੀਆਂ ਹਨ ਉਹ ਟੈਲੀਫੂਨ ਦੇ ਬਾਰੇ ਇਹ ਹਨ ਕਿ ਇਹ ਟੈਲੀਫੂਨ ਦੇ 8 ਕਿਲੋਮੀਟਰ ਭਾਵ 5 ਮੀਲ ਦੇ ਰੇਡੀਅਸ ਵਿਚ ਹੀ ਹਨ। (ਵਿਘਨ) ਪਹਿਲਾਂ ਰੈਂਟ ਹੀ ਦਿੰਦੇ ਹਾਂ ਕੋਈ ਹੋਰ ਵਖਰੇ 50 ਰੁਪਏ ਕਾਲਾਂ ਲਈ ਨਹੀਂ ਦਿੰਦੇ। ਸੋ, ਸਪੀਕਰ ਸਾਹਿਬ, ਜੇ 50 ਰੁਪਏ ਤੋਂ ਜ਼ਿਆਦਾ ਖਰਚ ਹੋਵੇ ਤਾਂ ਉਹ ਲੈਜਿਸਲੇਟਰ ਨੂੰ ਆਪ ਬੇਅਰ ਕਰਨਾ ਪਏਗਾ। ਮੈਂ ਆਪ ਵੀ ਇਹ ਮਹਿਸੂਸ ਕਰਦਾ ਹਾਂ ਕਿ 50 ਰੁਪਏ ਬਹੁਤ ਥੋੜ੍ਹੇ ਹਨ ਕਿਉਂਕਿ ਕਈ ਸ਼ਹਿਰ ਐਸੇ ਹਨ ਜਿਵੇਂ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਬਠਿੰਡਾ ਆਦਿ ਜਿਥੇ ਕਿ ਲੋਕਲ ਕਾਲਾਂ ਹੀ 2 .0, 200 ਰੁਪਏ ਦੀਆਂ ਹੋ ਜਾਂਦੀਆਂ ਹਨ। ਇਸ ਬਾਰੇ ਮੈਂ ਮੈਂਬਰਾਂ ਨੂੰ ਐਸ਼ੋਅਰ ਕਰਦਾ ਹਾਂ ਕਿ ਲੋੜ ਪੈਣ ਤੇ ਗੌਰਮਿੰਟ ਇਸ ਤੇ ਰੀਕੰਸਿਡਰ ਕਰੇਗੀ। (ਥੰਪਿੰਗ)

ਦੂਜੀ ਚੀਜ਼ ਹੈ ਇਸ ਵਿਚ ਟਰੈਵਲਿੰਗ ਦੇ ਬਾਰੇ ਸਰਦਾਰ ਉਮਰਾਓ ਸਿੰਘ ਜੀ ਨੇ ਕਿਹਾ ਹੈ ਕਿ ਅਸੀਂ ਸ਼ਬਦ 'ਸਪਾਊਜ਼' ਕਿਉਂ ਵਰਤਿਆ ਹੈ। ਮੈਂ ਅਰਜ਼ ਕਰਦਾ ਹਾਂ ਕਿ ਕਈ ਵਾਰ ਇਥੇ ਲੇਡੀ ਮੈਂਬਰਜ਼ ਵੀ ਆ ਜਾਂਦੀਆਂ ਹਨ ਅਤੇ ਉਹ ਆਪਣੇ ਨਾਲ ਆਪਣੇ ਹਸਬੈਂਡ ਨੂੰ ਲਿਆਉਣਾ ਚਾਹੁੰਦੀਆਂ ਹਨ। ਇਸ ਲਈ ਜੇ ਅਸੀਂ ਇਥੇ ਸ਼ਬਦ ਹਸਬੈਂਡ ਐਂਡ ਵਾਈਫ ਲਿਖਦੇ ਤਾਂ ਚੰਗਾ ਨਹੀਂ ਸੀ ਲਗਦਾ। ਇਸ ਲਈ ਅਸੀਂ ਸ਼ਬਦ 'ਸਪਾਊਜ਼' ਵਰਤਿਆ ਹੈ ਕਿਉਂਕਿ ਇਸ ਨਾਲ ਦੋਵੇਂ ਕਵਰ ਹੋ ਜਾਂਦੇ ਹਨ। ਇਸ ਫੈਸਿਲਿਟੀ ਦੇ ਨਾਲ ਦੋਨਾਂ ਨੂੰ ਇਕ ਸਾਲ ਦੇ ਵਿਚ 8000 ਕਿਲੋ ਮੀਟਰ ਸਫ਼ਰ ਕਰਨ ਦੀ ਸਹੂਲਤ ਮਿਲ ਜਾਂਦੀ ਹੈ। ਇਸ ਤੋਂ ਬਿਨਾਂ ਅਸੀਂ ਅਲਾਊਂਸਿਜ਼ ਵਧਾਏ ਹਨ। ਡੇਲੀ ਅਲਾਊਂਸ 25 ਰੁਪਏ ਤੋਂ ਵਧਾ ਕੇ 35 ਰੁਪਏ ਕੀਤਾ ਹੈ। ਮੈਂ ਸਮਝਦਾ ਹਾਂ ਕਿ ਜਦੋਂ ਕੋਈ ਮੈਂਬਰ ਕਿਸੇ ਮੀਟਿੰਗ ਲਈ ਚੰਡੀਗੜ੍ਹ ਆਉਂਦਾ ਹੈ ਜਾਂ ਸ਼ਿਮਲੇ ਜਾਂਦਾ ਹੈ ਤਾਂ ਉਸ ਦਾ ਖਰਚ 35 ਰੁਪਏ ਨਾਲ

Original with;
Punjab Vidhan Sabha
Digitized by;
Panjab Digital Library

ਪੂਰਾ ਨਹੀਂ ਹੁੰਦਾ; ਉਸ ਦਾ ਖਰਚ ਜ਼ਿਆਦਾ ਹੋ ਜਾਂਦਾ ਹੈ । ਉਨ੍ਹਾਂ ਪਾਰਟੀਆਂ ਦਾ ਖਰਚ ਘਟ ਹੁੰਦਾ ਹੋਵੇਗਾ ਜਿਨ੍ਹਾਂ ਦੇ ਉਥੇ ਆਫਿਸਜ਼ ਬਣੇ ਹੋਏ ਹਨ ਅਤੇ ਸਾਂਝੇ ਲੰਗਰ ਲਗੇ ਹੋਏ ਹਨ । (ਹਾਸਾ) (ਵਿਘਨ) ਨਹੀਂ ਤਾਂ ਆਮ ਤੌਰ ਤੇ ਜ਼ਿਆਦਾ ਖਰਚ ਆਉਂਦਾ ਹੈ ਜੇ ਕੋਈ ਮੈਂਬਰ ਰਿਸਪੈਕਟਫੁਲੀ ਉਥੇ ਰਹਿਣਾ ਚਾਹੇ ਤਾਂ, 35 ਰੁਪਏ ਪੂਰੇ ਨਹੀਂ ਹੁੰਦੇ । ਫਿਰ ਅਸੀਂ ਮੰਥਲੀ ਅਲਾਉਂਸ 400 ਰੁਪਏ ਤੋਂ 500 ਰੁਪਏ ਕਰ ਦਿਤਾ ਹੈ । ਕਈ ਮੈਂਬਰਾਂ ਨੇ ਇਸ ਤੇ ਇਤਰਾਜ਼ ਕੀਤਾ ਹੈ । ਇਸ ਲਈ ਮੈਂ ਇਹ ਅਰਜ਼ ਕਰਦਾ ਹਾਂ ਕਿ ਜਿਸ ਤਰ੍ਹਾਂ ਅਸੀਂ 25 ਰੁਪਏ ਤੋਂ 35 ਰੁਪਏ ਵਾਲੀ ਕਲਾਜ਼ ਨਾਲ ਇਹ ਲੇਬਰਿੰਗ ਕਲਾਜ਼ ਪਾ ਦਿਤੀ ਹੈ ਕਿ ਜੇ ਕੋਈ ਮੈਂਬਰ ਲੈਣਾ ਚਾਹੇ ਤਾਂ ਲਵੇ, ਇਸੇ ਤਰ੍ਹਾਂ ਜੇ ਉਹ ਇਹ ਚਾਹੁਣ ਤਾਂ ਅਸੀਂ ਇਸ ਵਿਚ ਵੀ ਅਜਿਹੀ ਕਲਾਜ਼ ਪਾ ਦਿੰਦੇ ਹਾਂ । (ਹਾਸਾ) (ਵਿਘਨ) ਤਾਂ ਕਿ ਜੇ ਕੋਈ ਮੈਂਬਰ ਘਟ ਲੈਣਾ ਚਾਹੇ ਤਾਂ ਘਟ ਲੈ ਲਵੇ ।

ਇਥੇ ਡਾਂਗ ਸਾਹਿਬ ਨੇ ਪੁਆਇੰਟ ਆਊਟ ਕੀਤਾ ਹੈ ਕਿ ਆਰਡੀਨੈਂਸ...(ਵਿਘਨ)

ਇਕ ਮਾਨਯੋਗ ਮੈਂਬਰ : ਮੈਂਬਰਾਂ ਦਾ ਸਟੇਟਸ ਵਧਾਉ ।

ਵਿੱਤ ਮੰਤਰੀ : ਮੈਂ ਸਮਝਦਾ ਹਾਂ ਕਿ ਸਟੇਟਸ ਜ਼ਰੂਰ ਵਧਾਉਣਾ ਚਾਹੀਦਾ ਹੈ । ਪਰ ਮੇਰੀ ਅਰਜ਼ ਇਹ ਹੈ ਕਿ ਇਸ ਲਈ ਲੈਜਿਸਲੇਟਰਾਂ ਨੂੰ ਵੀ ਆਪਣੇ ਅੰਦਰ ਖੂਬੀਆਂ ਪੈਦਾ ਕਰਨੀਆਂ ਚਾਹੀਦੀਆਂ ਹਨ । (ਵਿਘਨ) ਤਾਂ ਮੈਂ ਅਰਜ਼ ਕਰ ਰਿਹਾ ਸੀ ਕਿ ਅਸੀਂ ਇਹ ਸਹੂਲਤਾਂ ਦੇ ਦਿਤੀਆਂ ਹਨ । (ਇਕ ਅਵਾਜ਼ : ਨਹੀਂ ਮਿਲੀਆਂ ।) ਮੈਂ ਅਰਜ਼ ਕਰਦਾ ਹਾਂ ਕਿ ਅਸੀਂ ਇਹ ਸਹੂਲਤਾਂ ਇਕ ਅਪਰੈਲ ਤੋਂ ਦਿਆਂਗੇ । ਇਸ ਸਬੰਧੀ ਅਸੀਂ ਸਾਰਾ ਮੈਟੀਰੀਅਲ, ਸਪੀਕਰ ਸਾਹਿਬ, ਦੇ ਸੈਕਟੇਰੀਏਟ ਨੂੰ ਦੇ ਰਹੇ ਹਾਂ, ਕਿਉਂਕਿ ਮੈਂਬਰ ਸਾਹਿਬ ਦਾ ਸਿਧਾ ਸਬੰਧ ਅਸੈਂਬਲੀ ਸੈਕਟੇਰੀਏਟ ਨਾਲ ਹੁੰਦਾ ਹੈ, ਗੌਰਮਿੰਟ ਨਾਲ ਨਹੀਂ । ਅਸੀਂ ਸਪੀਕਰ ਸਾਹਿਬ ਨੂੰ ਕਹਿ ਦਿਤਾ ਹੈ ਕਿ ਇਨ੍ਹਾਂ ਸਹੂਲਤਾਂ ਕਰਕੇ ਜਿਤਨਾ ਵੀ ਖਰਚ ਆਵੇਗਾ, ਉਹ ਗੌਰਮਿੰਟ ਦੇਵੇਗੀ ਪਰ ਇਹ ਸਹੂਲਤਾਂ ਸਪੀਕਰ ਸਾਹਿਬ ਦੇ ਸੈਕਟੇਰੀਏਟ ਨੇ ਹੀ ਦੇਣੀਆਂ ਹਨ । ਮੈਂ ਸਪੀਕਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਇਹ ਸਹੂਲਤਾਂ ਮੈਂਬਰਾਂ ਨੂੰ ਦੇਣ ਲਈ ਛੇਤੀ ਤੋਂ ਛੇਤੀ ਕਦਮ ਚੁਕੇ ਜਾਣੇ ਚਾਹੀਦੇ ਹਨ । ਇਨ੍ਹਾਂ ਨੂੰ ਇੰਪਲੀਮੈਂਟ ਕਰਨਾ ਇਨ੍ਹਾਂ ਦਾ ਹੀ ਕੰਮ ਹੈ ।

ਸਰਦਾਰ ਉਮਰਾਓ ਸਿੰਘ : ਜਿਹੜੇ 20, 20 ਸਾਲਾਂ ਤੋਂ ਲਗਾਤਾਰ ਮੈਂਬਰ ਤੁਰੇ ਆਉਂਦੇ ਹਨ ਉਨ੍ਹਾਂ ਦੀ ਪੈਨਸ਼ਨ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ । (ਹਾਸਾ)

ਸ੍ਰੀ ਗਿਆਨ ਚੰਦ ਖਰਬੰਦਾ . ਜਿਨ੍ਹਾਂ ਕੋਲ ਐਗਜ਼ਿਸਟਿੰਗ ਟੈਲੀਫੂਨ ਹਨ, ਉਨ੍ਹਾਂ ਬਾਰੇ ਵੀ ਕਲੀਅਰ ਕਰ ਦਿਉ ।

ਵਿੱਤ ਮੰਤਰੀ : ਉਨ੍ਹਾਂ ਨੂੰ ਵੀ ਪਹਿਲੀ ਅਪਰੈਲ ਤੋਂ ਸਾਲਾਨਾ ਰੈਂਟ ਦੇ 50 ਰੁਪਏ ਮਿਲਣਗੇ ।

Mr. Speaker : Question is—

That this House disapproves the Punjab Legislative Assembly (Allowances of Members) Amendment Ordinance, 1970 (Punjab Ordinance No. 1 of 1970).

The motion was lost.

Mr. Speaker : Question is—

That the Punjab Legislative Assembly (Allowances of Members) Amendment Bill be taken into consideration at once.

The motion was carried.

Original with;
Punjab Vidhan Sabha
Digitized by;
Panjab Digital Library

[Mr. Speaker]

Mr. Speaker : Now the House will proceed to consider the Bill clause by clause. Clause 2 is before the House.

Clause 2

Sardar Umrao Singh : (Bara Pind)Sir, I beg to move—

That after the proposed clause (iii), the following proviso be added :—

"Provided that a Member who does not wish to draw the Compensatory Allowance at the rate of five hundred rupees per mensem may draw it at the rate admissible immediately before the first day of April, 1970.

ਡਾਂਗ ਸਾਹਿਬ ਨੇ ਅਤੇ ਹੋਰ ਕੁਝ ਮੈਂਬਰਾਂ ਨੇ ਕਿਹਾ ਕਿ ਪੰਜ ਸੌ ਰੁਪਏ ਕਿਉਂ ਕੀਤੇ ਗਏ ਹਨ। ਮੈਂ ਸਮਝਦਾ ਹਾਂ ਕਿ ਉਨ੍ਹਾਂ ਮੈਂਬਰਾਂ ਨੂੰ ਨਹੀਂ ਲੈਣੇ ਚਾਹੀਦੇ। ਇਸ ਵਾਸਤੇ ਪਰੋਵੀਜ਼ਨ ਹੋਣੀ ਚਾਹੀਦੀ ਹੈ ਚਾਹੇ ਕੋਈ ਲਵੇ ਚਾਹੇ ਨਾ ਲਵੇ ਤਾਕਿ ਪਤਾ ਲਗ ਜਾਵੇ ਕਿ ਮੈਂਬਰਾਂ ਦੀ ਕਥਨੀ ਅਤੇ ਕਰਨੀ ਵਿਚ ਕਿੰਨਾ ਫਰਕ ਹੈ।

ਚੌਧਰੀ ਬਲਬੀਰ ਸਿੰਘ : 2, 3 ਅਤੇ 4 ਕਲਾਜ਼ਿਜ਼ ਠੀਕ ਹਨ ਪਰ ਬਸ ਦੇ ਕਿਰਾਏ ਵਾਲੀ ਕਲਾਜ਼ ਵਿਚ ਇਹ ਅਮੈਂਡਮੈਂਟ ਕੀਤੀ ਜਾਵੇ ਕਿ ਬਸ ਵਿਚ ਵੀ 'ਕੰਪੈਨੀਅਨ' ਨਾਲ ਜਾਵੇਗਾ।

ਸ੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ, ਕੀ ਕਲਾਜ਼ 2 ਤੇ ਅਮੈਂਡਮੈਂਟ ਮੂਵ ਕਰ ਦਿਤੀ ਹੈ ? (*Addressing Sardar Umrao Singh* : Have you moved your amendment to clause 2 ?)

ਸਰਦਾਰ ਉਮਰਾਓ ਸਿੰਘ : ਹਾਂ ਜੀ।

ਚੌਧਰੀ ਬਲਬੀਰ ਸਿੰਘ : 'ਸਪਾਊਜ਼' ਦੀ ਥਾਂ 'ਕੰਪੈਨੀਅਨ' ਲਫਜ਼ ਆ ਜਾਵੇ। 'ਕੰਪੈਨੀਅਨ' ਇਜ਼ ਐਨੀ ਵਨ। ਬਸ ਵਿਚ ਵੀ 'ਕੰਪੈਨੀਅਨ' ਹੋਵੇ।

Mr. Speaker : Motion moved—

That after the proposed Clause (iii), the following proviso be added :

"Provided that a Member who does not wish to draw the Compensatory Allowance at the rate of five hundred rupees per mensem may draw it at the rate admissible immediately before the first day of April, 1970."

(Interruptions)

Chaudhri Balbir Singh : Sir, the hon. Member has withdrawn his proviso.

Mr. Speaker : Sardar Umrao Singh, have you withdrawn it ?

ਸਰਦਾਰ ਉਮਰਾਓ ਸਿੰਘ : ਨਹੀਂ ਜੀ। (ਵਿਘਨ)

ਸ੍ਰੀ ਸਪੀਕਰ : ਕੀ ਹੋਰ ਕਿਸੇ ਆਨਰੇਬਲ ਮੈਂਬਰ ਨੇ ਇਸ ਅਮੈਂਡਮੈਂਟ ਤੇ ਬੋਲਣਾ ਹੈ ? (Has any other hon. Member to speak on this amendment ?)

ਸ੍ਰੀ ਸਪੀਕਰ : (ਕੋਈ ਮੈਂਬਰ ਸਾਹਿਬ ਬੋਲਣ ਲਈ ਖੜੇ ਨਹੀਂ ਹੋਏ) ਸਰਦਾਰ ਬਲਵੰਤ ਸਿੰਘ ਜੀ, ਕੀ ਤੁਸੀਂ ਇਹ ਅਮੈਂਡਮੈਂਟ ਐਕਸੈਪਟ ਕਰਦੇ ਹੋ ? (Is this amendment acceptable to you, Sardar Balwant Singh ?)

ਵਿੱਤ ਮੰਤਰੀ : ਹਾਂ ਜੀ।

Original with;
Punjab Vidhan Sabha
Digitized by;
Panjab Digital Library

Mr. Speaker ; Question is—

That after the proposed Clause (iii), the following proviso be added—

"Provided that a Member who does not wish to draw the Compensatory Allowance at the rate of five hundred rupees per mensem may draw it at the rate admissible immediately before the first day of April, 1970."

The motion was carried

Mr. Speaker : Question is—

That Clause 2, as amended, stand part of the Bill.

The motion was carried

Clause 3

Mr. Speaker : Question is—

That Clause 3 stand part of the Bill.

The motion was carried

Clause 4

Mr. Speaker : Question is—

That Clause 4 stand part of the Bill

The motion was carried

Clause 5

ਚੌਧਰੀ ਬਲਬੀਰ ਸਿੰਘ : ਕਲਾਜ਼ ਪੰਜ ਵਿਚ 'ਸਪਾਊਜ਼' ਦੀ ਥਾਂ 'ਕੰਪੈਨੀਅਨ ਕਰ ਦਿਉ ।

ਸ਼੍ਰੀ ਜੋਗਿੰਦਰ ਪਾਲ ਪਾਂਡੇ : ਇਸ ਦਾ ਮਿਸਯੂਜ਼ ਹੋਵੇਗਾ (ਸ਼ੋਰ) (ਵਿਘਨ)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਅਮੈਂਡਮੈਂਟ ਪਰਾਪਰਲੀ ਮੂਵ ਕਰਾਉ । (ਸ਼ੋਰ) (ਵਿਘਨ)

ਸਿਰਦਾਰ ਕਪੂਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । (ਸ਼ੋਰ) ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਜਿਹੜੀਆਂ ਸਹੂਲਤਾਂ ਬਸਾਂ ਲਈ ਅਤੇ ਗਡੀ ਲਈ ਦੇਣਾ ਚਾਹੁੰਦੇ ਹਨ, ਉਹ ਦੋਹਾਂ ਥਾਵਾਂ ਤੇ ਦੋ ਆਦਮੀਆਂ ਲਈ ਕਰ ਦੇਣ ਅਤੇ "ਸਪਾਊਜ਼" ਦੀ ਥਾਂ "ਕੰਪੈਨੀਅਨ" ਕਰ ਦੇਣ। ਐਨੀ ਬੇਨਤੀ ਹੀ ਮੇਰੀ ਹੈ ।

ਕਾਮਰੇਡ ਬਾਬੂ ਸਿੰਘ ਮਾਸਟਰ : 'ਕੰਪੈਨੀਅਨ' ਲਫਜ਼ ਦਾ ਮਿਸਯੂਜ਼ ਹੋਵੇਗਾ । ਇਹ ਲਾਜ਼ਮੀ ਤੌਰ ਤੇ ਦੂਸਰਾ ਆਦਮੀ ਸਿਫਾਰਸ਼ੀ ਤੌਰ ਤੇ ਹੋਇਆ ਕਰੇਗਾ । 'ਸਪਾਊਜ਼' ਲਫਜ਼ ਠੀਕ ਹੈ ।

ਚੌਧਰੀ ਕੇਵਲ ਕ੍ਰਿਸ਼ਨ : ਕਲਾਜ਼ ਪੰਜ ਵਿਚ ਅਮੈਂਡਮੈਂਟ ਕਰਨੀ ਚਾਹੀਦੀ ਹੈ । ਜਿਥੇ ਲਿਖਿਆ ਹੈ ਰੇਲ ਸਫਰ ਵਿਚ 'ਸਪਾਊਜ਼' ਜਾ ਸਕਦੇ ਹਨ, ਚਾਹੇ ਹਸਬੈਂਡ ਹੋਵੇ, ਚਾਹੇ ਵਾਈਫ ਹੋਵੇ, ਉਹਦੇ ਨਾਲ ਮੈਂ ਤਜਵੀਜ਼ ਕਰਾਂਗਾ ਕਿ 12 ਸਾਲ ਤੋਂ ਘਟ ਉਮਰ ਦੇ ਬਚੇ ਅਗਰ ਹੋਣ ਤਾਂ ਉਹ ਵੀ ਨਾਲ ਫਰੀ ਜਾ ਸਕਣ । ਇਹ ਪਰੋਵੀਜ਼ਨ ਚਾਹੀਦੀ ਹੈ । ਕਿਉਂਕਿ 12 ਸਾਲ ਤੋਂ ਵਡੇ ਬਚੇ ਵੀ ਹੋ ਸਕਦੇ ਹਨ । ਅਨਜਾਣ ਛੋਟੇ ਬਚਿਆਂ ਲਈ ਅਮੈਂਡਮੈਂਟ ਚਾਹੀਦੀ ਹੈ । (ਸ਼ੋਰ) (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਐਸੇ ਤਰੀਕੇ ਨਾਲ, ਜਿਹੜੀਆਂ ਓਰਲ ਅਮੈਂਡਮੈਂਟਸ ਹੋਣ ਰਿਟਨ ਅਮੈਂਡਮਟ ਨਾ ਹੋਣ, ਕੀ ਉਨ੍ਹਾਂ ਤੇ ਡਿਸਕਸ਼ਨ ਅਲਾਊ ਹੋ ਸਕਦੀ ਹੈ ?

Mr. Speaker : No amendment to Clause 5 has been moved formally so far.

Original with;
Punjab Vidhan Sabha
Digitized by;
Panjab Digital Library

चौधरी बलबीर सिंह : मैं ने अमैंडमैंट बाकायदा मूव की है । यह हाऊस का तरीका रहा है कि इस हाऊस में ओरल अमैंडमैंट्स मूव हुई हैं, गवर्नमैंट ने मान लीं और वह पार्ट आफ बिल बन गई । ऐसी अमैंडमैंट्स पास भी होती रही हैं । गवर्नमैंट ने जिनको मन्जूर कर लिया वह पास होती रही हैं । (शोर) (विघ्न) मैं लिख कर भेज देता हूं । (विघ्न)

ਵਿੱਤ ਮੰਤਰੀ : ਮੈਂ ਤਾਂ ਇਹ ਕਹਾਂਗਾ ਕਿ 'ਸਪਾਊਜ਼' ਵਾਲਾ ਲਫਜ਼ ਬੜਾ ਸੋਚ ਵਿਚਾਰ ਕੇ ਰਖਿਆ ਗਿਆ ਸੀ । ਦੂਸਰੇ ਵਰਡ ਦੀ ਜਸਟੀਫਿਕੇਸ਼ਨ ਬਣ ਨਹੀਂ ਰਹੀ । ਮੈਂ ਤਾਂ ਰੀਕੁਐਸਟ ਕਰਾਂਗਾ ਜੇ ਹਾਊਸ ਦੀ ਕੋਟੀ ਹੋਰ ਸਲਾਹ ਹੋਵੇ ਤਾਂ ਮੈਂ ਬਾਹਰ ਨਹੀਂ ਜਾ ਸਕਦਾ । ਜਿਥੋਂ ਤਕ ਬਸਾਂ ਦਾ ਤਾਲੁਕ ਹੈ ਇਕ ਦੀ ਬਜਾਏ ਦੋ ਹੋ ਜਾਣ (ਸ਼ੋਰ) (ਵਿਘਨ)

ਸ੍ਰੀ ਸਪੀਕਰ : ਮੈਂ, ਸਰਦਾਰ ਉਮਰਾਓ ਸਿੰਘ ਜੀ, ਬੇਨਤੀ ਕਰਾਂਗਾ ਕਿ ਤੁਸੀਂ ਲੈਜਿਸਲੇਟਰਜ਼ ਨੂੰ ਫੈਸਿਲਿਟੀਜ਼ ਦੇ ਰਹੇ ਹੋ ਜਾਂ ਉਨ੍ਹਾਂ ਦੇ ਕੰਪੈਨੀਅਨਜ਼ ਨੂੰ ਦੇ ਰਹੇ ਹੋ ? (I would like to ask hon. Member Sardar Umrao Singh, whether the House is giving facilities to the legislators or their companions ?)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਜਿਥੋਂ ਤੱਕ ਪਾਰਲੀਮੈਂਟ ਦੇ ਮੈਂਬਰਜ਼ ਦੀ ਫੈਸਿਲਟੀਜ਼ ਦਾ ਤੁਅੱਲਕ ਹੈ, ਤੁਹਾਨੂੰ ਵੀ ਪਤਾ ਹੈ (ਵਿਘਨ)

ਸ੍ਰੀ ਸਪੀਕਰ ; ਚੌਧਰੀ ਸਾਹਿਬ, ਤੁਸੀਂ ਇਸ ਨੂੰ ਰੀਕਨਸਿਡਰ ਕਰ ਲਉ । I would request the hon. Member Chaudhri Balbir Singh to reconsider his stand).

चौधरी बलबीर सिंह : यह जो साथ बीवी जा सकने वाली बात है, इस से कोई फायदा नहीं है । आप जो मैंम्बज़ को सहूलतें दे रहे हैं, यह पुलीटीकल सहायता दे रहे हैं ताकि मैंबर्ज़ को फैसिलटीज़ हों । हम बसों में किसी काम को करवाने जा रहे हैं तो अगर हम बैठ जाएं तो दूसरा आदमी जिसका काम है वह कहां बैठेगा ? (विघ्न) इस लिए companions को भी पास देना चाहिए । यह बात बड़ी साधारण है । पुलीटीकल आदमी जो काम करते हैं, वह महसूस करते हैं कि उनको कितनी दिक्कतें हैं ।

ਸੰਤ ਲੱਖਾ ਸਿੰਘ : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਕ ਸੱਜਣ ਨਾਲ ਜ਼ਰੂਰ ਚਾਹੀਦਾ ਹੈ । ਰਸਤੇ ਵਿਚ ਜੇ ਬੀਮਾਰ ਹੋ ਜਾਵੇ ਤਾਂ ਬੜੀ ਮੁਸ਼ਕਲ ਹੈ । ਅਸੀਂ ਅੰਮ੍ਰਿਤਸਰ ਜਾਂਦੇ ਹਾਂ । ਕਈ ਗਰੀਬ ਉਥੇ ਹੁੰਦੇ ਹਨ, ਅੌਰ ਉਹ ਕਹਿੰਦੇ ਹਨ ਕਿ ਸਾਡੇ ਕੋਲ ਕਿਰਾਇਆ ਨਹੀਂ, ਉਨ੍ਹਾਂ ਨੂੰ ਫਿਰ ਨਾਲ ਲੈਣਾ ਪੈਂਦਾ ਹੈ । (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਤੁਸੀਂ ਡਿਸਕਸ਼ਨ ਅਲਾਉ ਕਰ ਦਿਤੀ ਹੈ । ਮੈਂ ਕਹਿੰਦਾ ਹਾਂ ਕਿ ਇਹ ਬਹੁਤਾ ਡਿਸਕਸ਼ਨ ਵਾਲਾ ਮਸਲਾ ਨਹੀਂ ਹੈ । ਸਰਦਾਰ ਬਲਵੰਤ ਸਿੰਘ ਨੇ ਠੀਕ ਕਿਹਾ ਹੈ ਕਿ ਇਹ ਲਫਜ਼ ਸੋਚ ਸਮਝ ਕੇ ਪਾਏ ਗਏ ਹਨ । (ਮੈਂ ਕਹਿੰਦਾ ਹਾਂ ਕਿ, ਜਿਸ ਤਰ੍ਹਾਂ ਚੌਧਰੀ ਸਾਹਿਬ ਨੇ ਕਿਹਾ ਹੈ ਕਿ 'ਸਪਾਊਜ਼' ਦਾ ਲਫਜ਼ ਕੱਟਕੇ 'ਕੰਪੈਨੀਅਨ' ਕਰ ਦਿਤਾ ਜਾਵੇ, ਉਸਦਾ ਮਤਲਬ ਇਹ ਹੋਵੇਗਾ ਕਿ ਜਿਸ ਵੇਲੇ ਤੁਸੀਂ ਰੇਲਵੇ ਵਿਚ ਟਰੈਵਲ ਕਰਦੇ ਹੋ ਤਾਂ ਤੁਸੀਂ ਇਕ ਬੰਦੇ ਨੂੰ ਨਾਲ ਬਿਠਾ ਸਕਦੇ ਹੋ । ਅਗਰ ਤੁਸੀਂ ਉਨ੍ਹਾਂ ਨੂੰ ਪਾਸ ਲੈ ਕੇ ਦਿੰਦੇ ਹੋ ਤਾਂ 'ਐਨੀ ਅਦਰ ਪਰਸਨ ਟੂ ਬੀ ਸਪੈਸੀਫਾਈਡ' ਕਰ ਦੇਣਾ ਚਾਹੀਦਾ ਹੈ । ਇਸ ਵੇਲੇ ਜਿਹੜੀ ਪਰੋਵੀਜ਼ਨ ਹੈ, ਉਸਦੇ ਮੁਤਾਬਿਕ ਲੈਜਿਸਲੇਟਰ ਦੀ ਬੀਵੀ ਜਾਂ ਹਸਬੈਂਡ ਲਿਖਿਆ ਹੋਇਆ ਹੈ । ਜਿਸ ਵੇਲੇ ਕੋਈ ਲੈਜਿਸਲੇਟਰ ਕਿਧਰੇ ਜਾਂਦਾ ਹੈ ਅੌਰ ਉਸ ਦੇ

Original with;
Punjab Vidhan Sabha
Digitized by;
Pan

ਨਾਲ ਕੋਈ ਦੂਸਰਾ ਆਦਮੀ ਜਾਵੇ, ਜਿਸਦਾ ਹਸਬੈਂਡ ਜਾਂ ਵਾਈਫ ਨਾ ਹੋਵੇ ਤਾਂ ਫਿਰ 'ਕੰਪੈਨੀਅਨ' ਵਾਲੀ ਗੱਲ ਠੀਕ ਹੈ। ਤੇ ਜੋ ਇਹ ਚਾਹੁੰਦੇ ਹਨ ਕਿ ਪਾਸ ਇਕ ਦੂਜੇ ਦਾ ਅੱਡ ਅੱਡ ਹੋਵੇ ਤਾਂ ਫਿਰ ਇਸਦੇ ਵਿਚ ਇਹ ਲਿਖਣਾ ਪਵੇਗਾ ਕਿ 'any other person to be specified'

ਐਫ. ਐਮ. ਨੇ ਜਿਵੇਂ ਕਿਹਾ ਸੀ ਕਿ ਜੇ ਇਹ ਪਾਸ ਅੱਡ ਅੱਡ ਕਰ ਦਿਤੇ ਤਾਂ ਇਸ ਪਰੋਵਿਯਨ ਦਾ ਮਿਸਯੂਜ਼ ਹੋਵੇਗਾ, ਇਸ ਲਈ ਮੇਰੀ ਬੇਨਤੀ ਹੈ ਕਿ ਇਸ ਵੇਲੇ ਜੋ ਪਰੋਵਿਯਨ ਕੀਤਾ ਹੈ, ਇਹੀ ਠੀਕ ਹੈ। ਕਿਉਂਕਿ ਜਿਹੜਾ ਨਾਲ ਜਾਏਗਾ ਉਸਦਾ ਵੱਖਰਾ ਪਾਸ ਬਣਾਉਣਾ ਠੀਕ ਨਹੀਂ ਰਹੇਗਾ ਇਸ ਲਈ ਇਸ ਨੂੰ ਇਸੇ ਤਰ੍ਹਾਂ ਹੀ ਰਹਿਣ ਦਿਤਾ ਜਾਵੇ।

ਬੱਸਾਂ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਬਹਿਸ ਹੋਈ ਸੀ। ਉਦੋਂ ਸਰਦਾਰ ਉਮਰਾਓ ਸਿੰਘ ਵੀ ਵਿਚ ਮੌਜੂਦ ਸਨ। ਕਾਫੀ ਡਿਸਕਸ਼ਨ ਤੋਂ ਬਾਅਦ ਇਹ ਯੂਨੈਨੀਮਸਲੀ ਫੈਸਲਾ ਹੋਇਆ ਸੀ ਕਿ ਬੱਸਾਂ ਵਿਚ ਟਰੈਵਲ ਕਰਨ ਲਈ ਲੈਜਿਸਲੇਟਰਜ਼ ਨੂੰ ਫੈਸਿਲਿਟੀ ਹੋਵੇ। ਜੇ ਇਹ ਕਹਿੰਦੇ ਹਨ ਕਿ ਐਮ. ਐਲ. ਏ. ਦੇ ਨਾਲ ਕੋਈ ਹੋਰ ਬੰਦਾ ਵੀ ਟਰੈਵਲ ਕਰੇ ਤਾਂ ਫਿਰ ਤੁਸੀਂ ਇਕ ਪਾਸ ਕਿਉਂ ਦਿੰਦੇ ਹੋ ਪੰਜ, ਦਸ ਦਿਉ।

ਸਰਦਾਰ ਉਮਰਾਓ ਸਿੰਘ : ਚੌਧਰੀ ਸਾਹਿਬ ਨੇ ਜਿਹੜੀ 'ਕੰਪੈਨੀਅਨ' ਵਾਲੀ ਤਜਵੀਜ਼ ਦਿਤੀ ਹੈ ਇਸਦੇ ਨਾਲ ਕੰਪਲੀਕੇਸ਼ਨਜ਼ ਹੋਣਗੀਆਂ। ਇਸ ਸਟੇਜ ਤੇ ਇਹ ਨਹੀਂ ਹੋਣਾ ਚਾਹੀਦਾ। ਬੱਸਾਂ ਦੇ ਬਾਰੇ ਵਿਚ ਡਾਂਗ ਸਾਹਿਬ ਨੇ ਠੀਕ ਕਿਹਾ ਹੈ ਕਿ ਅਸੀਂ ਉਦੋਂ ਇਕ ਦੇ ਵਾਸਤੇ ਫੈਸਲਾ ਕੀਤਾ ਸੀ। ਪਰ ਹੁਣ ਇਥੇ ਮੈਂਬਰਜ਼ ਦੀ ਰਾਏ ਹੈ ਕਿ ਦੋ ਹੋਣੇ ਚਾਹੀਦੇ ਹਨ—ਮੀਆਂ ਬੀਵੀ ਜਾਂ ਵਾਈਫ ਹਸਬੈਂਡ। ਕੰਪਲੀਕੇਸ਼ਨ ਇਹ ਹੈ ਕਿ ਮਨੀ ਬਿਲ ਵਿਚ ਗਵਰਨਰ ਦੀ ਰੀਕੂਮੈਂਡੇਸ਼ਨ ਤੋਂ ਬਗੈਰ ਖਰਚ ਵਾਲੀ ਅਮੈਂਡਮੈਂਟ ਨਹੀਂ ਲਿਆ ਸਕਦੇ। ਇਸ ਲਈ ਮੈਂ ਫਾਈਨੈਂਸ ਮਨਿਸਟਰ ਸਾਹਿਬ ਨੂੰ ਰੀਕੁਐਸਟ ਕਰਾਂਗਾ ਕਿ ਉਹ ਹਾਊਸ ਦੀ ਰਾਏ ਲੈ ਲੈਣ ਅਤੇ ਇਸ ਅਮੈਂਡਮੈਂਟ ਲਈ ਦੁਬਾਰਾ ਬਿਲ ਲਿਆਂਦਾ ਜਾ ਸਕਦਾ ਹੈ। ਮਗਰ ਇਸ ਸਟੇਜ ਤੇ ਅਸੀਂ ਐਸੀ ਹੋਰ ਕਲਾਜ਼ ਗਵਰਨਰ ਦੀ ਰੀਕੂਮੈਂਡੇਸ਼ਨ ਤੋਂ ਬਗੈਰ ਨਹੀਂ ਪਾ ਸਕਦੇ। ਇਸ ਨੂੰ ਐਜ਼ ਇਟ ਇਜ਼ ਪਾਸ ਕਰਨਾ ਚਾਹੀਦਾ ਹੈ।

ਸ੍ਰੀ ਸਰਦਾਰੀ ਲਾਲ ਕਪੂਰ : ਇਹ ਜਿਹੜਾ ਬਿਲ ਪੇਸ਼ ਕੀਤਾ ਗਿਆ ਹੈ, ਇਸ ਦੇ ਵਿਚ ਅਗਰ ਕੋਈ ਹੋਰ ਫਾਈਨੈਂਸ਼ੀਅਲ ਬਰਡਨ ਐਡ ਕਰਨਾ ਚਾਹੁੰਦੇ ਹੋਵੋ ਤਾਂ ਉਹ ਗਵਰਨਰ ਦੀ ਇਜਾਜ਼ਤ ਤੋਂ ਬਗੈਰ ਨਹੀਂ ਕਰ ਸਕਦੇ। ਜੇ ਇਕ ਵੀ ਪਾਸ ਹੋਰ ਵਧਾਉਗੇ ਤਾਂ ਪੈਸੇ ਹੋਰ ਵਧਣਗੇ। ਜੇ ਵਧਾਉਗੇ ਤਾਂ ਫਿਰ ਉਸਦੀ ਮਨਜ਼ੂਰੀ ਕਿਸ ਤਰ੍ਹਾਂ ਲਵੋਗੇ ? ਇਸ ਲਈ ਜਿਸ ਤਰ੍ਹਾਂ ਇਹ ਪੇਸ਼ ਕੀਤੀ ਹੈ, ਐਜ਼ ਇਟ ਇਜ਼, ਪਾਸ ਹੋਣੀ ਚਾਹੀਦੀ ਹੈ।

ਕਾਮਰੇਡ ਬਾਬੂ ਸਿੰਘ ਮਾਸਟਰ : ਸਪੀਕਰ ਸਾਹਿਬ, ਜਿਹੜੇ ਮੈਂਬਰ ਵਾਈਫ ਨਹੀਂ ਰਖਦੇ, ਜਿਸ ਤਰ੍ਹਾਂ ਕਿ ਸੰਤ ਲੱਖਾ ਸਿੰਘ ਹਨ, ਉਨ੍ਹਾਂ ਨੂੰ 'ਸਪਾਊਜ਼' ਦੀ ਬਜਾਏ ਭੁਝੰਗੀ ਦੀ ਆਗਿਆ ਹੋਣੀ ਚਾਹੀਦੀ ਹੈ। (ਹਾਸਾ)

ਸੰਤ ਲੱਖਾ ਸਿੰਘ : ਸਪੀਕਰ ਸਾਹਿਬ, ਇਹ ਵੀ ਭੁਝੰਗੀ ਹੋਕੇ ਕਿਸੇ ਪਾਸ ਪੜ੍ਹਦੇ ਰਹੇ ਹੋਣਗੇ। (ਹਾਸਾ)

ਵਿੱਤ ਮੰਤਰੀ : ਅੰਡਰ ਰੂਲ 207 ਆਫ ਦੀ ਕੰਸਟੀਚਿਊਸ਼ਨ ਮਨੀ ਬਿਲ ਵਿਚ ਖਰਚਾ ਇਨਕਰੀਜ਼ ਕਰਨ ਵਾਲੀ ਅਮੈਂਡਮੈਂਟ ਨਹੀਂ ਆ ਸਕਦੀ ਜੇ ਪੈਸੇ ਘਟਾਉਣੇ ਹੋਣ ਤਾਂ ਅਮੈਂਡਮੈਂਟ ਹੋ ਸਕਦੀ ਹੈ ਪਰ ਜੇ ਪੈਸੇ ਵਧਾਉਣੇ ਹੋਣ ਤਾਂ ਫਿਰ ਅਮੈਂਡਮੈਂਟ ਗਵਰਨਰ ਦੀ ਇਜਾਜ਼ਤ ਨਾਲ ਹੀ ਹੋ ਸਕਦੀ ਹੈ, ਵੈਸੇ ਨਹੀਂ ਹੋ ਸਕਦੀ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜਾ ਬਿਲ ਹੈ

Original with;
Punjab Vidhan Sabha
Digitized by;
Panjab Digital Library

ਇਸ ਨੂੰ ਐਜ਼ ਇਟ ਇਜ਼ ਪਾਸ ਕਰ ਦਿਤਾ ਜਾਵੇ । ਮੈਂਬਰਜ਼ ਦੇ ਖਿਆਲਾਤ ਹਾਊਸ ਦੇ ਸਾਹਮਣੇ ਆ ਗਏ ਹਨ । ਉਨ੍ਹਾਂ ਨੂੰ ਮੁੱਖ ਰਖਦੇ ਹੋਏ ਫਿਰ ਕਿਸੇ ਵੇਲੇ ਹੋਰ ਅਮੈਂਡਮੈਂਟ ਇਸ ਸਿਲਸਿਲੇ ਵਿਚ ਕਰ ਦਿਤੀ ਜਾਵੇਗੀ ।

Mr. Speaker : Question is—

That Clause 5 stand part of the Bill .

The motion was carried

Clause 6

Mr. Speaker : Question is—

That Clause 6 stand part of the Bill.

The motion was carried.

Clause 1

Mr. Speaker : Question is—

That Clause 1 stand part of the Bill.

The motion was carried.

Title

Mr. Speaker : Question is—

That Title be the Title of the Bill.

The motion was carried.

Minister for Finance : Sir, I beg to move—

That the Punjab Legislative Assembly (Allowances of Members) Amendment Bill, as amended, be passed.

Mr. Speaker : Motion moved—

That the Punjab Legislative Assembly (Allowances of Members) Amendment Bill, as amended, be passed.

Mr. Speaker : Question is

That the punjab Legislative Assemby (Allowances of Members] Amendment Bill, as amended be passed.

The motion was carried.

THE EAST PUNJAB MINISTERS' SALARIES (Amendment) Bill 1970

Minister for Finance : I beg to introduce the East Punjab Ministers' Salaries (Amendment) Bill.

Minister for Finance : Sir, I beg to move—

That the East Punjab Ministers' Salaries (Amendment) Bill be taken into consideration at once.

ਇਸ ਦੇ ਉਤੇ ਬਹਿਸ ਕਰਨ ਦੀ ਲੋੜ ਨਹੀਂ । ਇਸ ਵਿਚ ਮਨਿਸਟਰਜ਼, ਮੈਂਬਰਜ਼ ਨੂੰ ਟੈਲੀਫੋਨ ਆਦਿ ਦੀਆਂ ਉਨ੍ਹਾਂ ਦੀ ਕਨਸਟੀਚੁਐਂਸੀ ਜਾਂ ਉਨ੍ਹਾਂ ਦੀ ਕੋਠੀ ਵਿਚ ਫੈਸਿਲਿਟੀਜ਼ ਦੇਣ ਬਾਰੇ ਪ੍ਰੋਵਿਯਨ ਹੈ ।

Mr. Speaker : Motion moved—

That the East Punjab Ministers' Salaries (Amendment) Bill be taken into con sideration atonce

Original with;
Punjab Vidhan Sabha
Digitized by;
Panjab Digital Library

Mr. Speaker ; Question is

That the East Punjab Ministers' Salaries (Amendment) Bill be taken into consideration atonce.

The motion was carried

Mr. Speaker : Now the House will proceed to consider the Bill clause by clause.

Now Clause 2 is before the House.

Voices ; All the Clauses be put together

Mr. Speaker : If there is no objection all the clauses will be put to gether to the vote of the House.

(*Voices, Yes, Yes*)

Clauses 2, 3 and 1.

Mr. Speaker : Question is—

That clauses 2, 3 and 1 stand part of the Bill

The motion was carried.

Title

Minister for Finance : Sir, I beg to move—

That the East Punjab Ministers' Salaries (Amendment) Bill, be passed.

Mr. Speaker : Motion moved—

That the East Punjab Ministers' Salaries (Amendment) Bill be passed.

Mr. Speaker : Question is

That the East Punjab Ministers' Salaries (Amendment) Bill be passed.

The motion was carried.

THE PUNJAB LEGISLATIVE ASSEMBLY SPEAKER'S AND DEPUTY SPEAKER'S SALARIES (Amendment) Bill, 1970

Minister for Finance : Sir, I beg to introduce the Punjab Legislative Assembly Speaker's and Deputy Speaker's Salaries (Amendment) Bill.

Minister for Finance : Sir, I beg to move—

That the Punjab Legislative Assembly Speaker's and Deputy Speaker's Salaries (Amendment) Bill be taken into consideration atonce

Mr. Speaker : Motion moved—

That the Punjab Legislative Assembly Speaker's and Deputy Speaker's Salaries (Amendment) Bill be taken into consideration at once.

Mr. Speaker : Question is—

That the Punjab Legislative Assembly Speaker's and Deputy Speaker's Salaries (Amendment) Bill be taken into consideration at once.

The motion wascarried.

Mr. Speaker : Now the House will proceed to consider the Bill, clause by clause.

A Voice : ll the caluses be put together.

Mr. Speaker : If the House approves, all the clauses will be put together to the vote of the House.

(*Voices* : *Yes, Yes*)

Original with;
Punjab Vidhan Sabha
Digitized by;
Punjab Digital Library

Clauses 2, 3 and 1

Mr. Speaker : Question is—

That Clauses 2, 3 and 1 stand part of the Bill.

The motion was carried

Title

Mr. Speaker : Question is—

That Title be the Title of the Bill.

The motion was carried.

Minister for Finance : Sir, I beg to move

That the Punjab Legislative Assembly Speaker's and Deputy Speaker's Salaries (Amendment) Bill be passed.

Mr. Speaker : Motion moved—

That the Punjab Legislative Assembly Speaker's and Deputy Speaker's Salaries (Amendment) Bill be passed.

Mr. Speaker : Question is—

That the Punjab Legislative Assembly Speaker's and Deputy Speaker's Salaries (Amendment) Bill be passed.

The motion was carried.

AMENDING THE FIRST REPORT OF THE BUSINESS ADVISORY COMMITTEE

Chief Minister : Sir, as the Members of the House are aware Brig. Bikarmajit Singh Bajwa has resigned from the office of the Deputy Speaker w.e.f. 24th July, 1970.

Under Clause (ii) of Rule 10, the Speaker is to fix the date for the election of the Deputy Speaker not later than seven days from the date of the first meeting of the Assembly after the occurrence of the vacancy. Since the current session is likely to terminate shortly, I move that the aforesaid provision may be waived and the election of the Deputy Speaker may be held on Monday, the 27th July, 1970.

Sir, there is a general agreement on the variation of the order of the House as already made for the day.

Mr. Speaker. To that extent the Report of the Business dvisory Committee, as adopted by the House today, shall stand amended. I hope it has the approval of the House.

(Voices ; Yes, yes)

Comrade Satya Pal Dang : Sir, the provision of Rule 10 (ii) is-

'In the case of an election at any other time when a vacancy occurs not later than seven days from the date of the first meeting of the Assembly after the occurrence of the vacancy."

ਸੱਤ ਦਿਨਾਂ ਤੋਂ ਬਾਅਦ ਨਹੀਂ ਹੋ ਸਕਦਾ। ਸੋਮਵਾਰ ਫਿਕਸ ਕਰਨ ਲਈ ਰੂਲ ਵੇਵ ਕਰਨ ਦੀ ਲੋੜ ਨਹੀਂ (ਵਿਘਨ)

Original with;
Punjab Vidhan Sabha
Digitized by;
Panj...

ਸ੍ਰੀ ਸਪੀਕਰ : ਰੂਲ ਵੇਵ ਨਹੀਂ ਕਰਨਾ । (ਵਿਘਨ) ਸਿਰਫ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਜਿਹੜੀ ਅਡਾਪਟ ਹੋ ਚੁਕੀ ਹੈ ਉਹ ਟੂ ਦੈਟ ਐਕਸਟੈਂਟ ਅਮੈਂਡ ਕਰਨੀ ਹੈ । (The rule is not being waived (Interruption) Only the Report of the Business Advisory Committee, which has already been adopted by the House is to be amended to that extent.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਰੂਲ ਵੇਵ ਕਰਾਉ । (ਵਿਘਨ)

ਸ੍ਰੀ ਬਲਰਾਮ ਦਾਸ ਟੰਡਨ : ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਅਮੈਂਡ ਹੋਣੀ ਚਾਹੀਦੀ ਹੈ, ਰੂਲ ਵੇਵ ਕਰਾਉਣ ਦੀ ਕੋਈ ਲੋੜ ਨਹੀਂ ।

Mr. Speaker : The hon. Member has not heard me. I had said that the Report of the Business dvisory Committee to that extent would stand amended.

THE SALARIES AND ALLOWANCES OF DEPUTY MINISTERS PUNJAB (Amendment) Bill, 1970.

Minister for Finance : Sir, I beg to introduce the Salaries and Allowances of Deputy Ministers, Punjab (Amendment) Bill.

Minister for Finance : Sir, I beg to move—

That the Salaries and Alowances of Deputy Ministers, Punjab (Amendment) Bill be taken into considration atonce.

Mr. Speaker : Motion moved—

That the Salaries and Allowances of Deputy Ministers Punjab (Amendment) Bill be taken into consideration atonce.

Mr. Speaker : Question is...

That the Salaries and Allowances of Deputy Ministers Punjab (Amendment) Bill be taken into consideration atonce.

The motion was carried.

Mr. Speaker : Now the House will proceed to consider the Bill clause by clause.

(A voice ll the clauses be put together)

Mr. Speaker : If there is no objection, all the clauses will be put together to the vote of the House.

(*Voices : Yes, yes*)

Clauses 2, 3 and 1.

Mr. Speaker : Question is—

That clauses 2, 3 and 1 stand part of the Bill

The motion was carried.

Title

Mr. Speaker : Question is—

That Title be the Title of the Bill.

The motion was carried.

Original with;
Punjab Vidhan Sabha
Digitized by;
Panjab Digital Library

Minister for Finance : Sir I beg to move—

That the Salaries and Allowances of Deputy Ministers, Punjab (Amendment) Bill, be passed.

Mr. Speaker ; Motion moved—

That the Salaries and Allowances of Deputy Ministers Punjab (Amendment) Bill, be passed.

Mr. Speaker : Question is—

That the Salaries and Allowances of Deputy Ministers Punjab (Amendment) Bill, be passed.

The motion was carried.

Mr. Speaker : The House stands adjourned till 2.00 p.m. on Monday the 27th July, 1970.

6.00 P.M.

The Sabha then adjourned till 2.00 p.m. on Monday the 27th, July 1970)

Original with;
Punjab Vidhan Sabha
Digitized by;
Panjab Digital Library

APPANDIX

to

Panjab Vidhan Sabha Debates

Dated, the 24th July, 1970

Vol. II—No. 1

STARRED QUESTIONS AND ANSWERS

INSTRUCTIONS REGARDING COLLECTION OF WEALTH TAX ISSUED TO THE REVENUE STAFF

*1887. **Shri Gian Chand Kharbanda** : Will the Chief Minister be pleased to state whether any instructions have been issued by the Government to the Revenue staff in the State that it should not be a party to the collection of wealth tax imposed by the Central Government ; if so, a copy of these instructions be laid on the Table of the House, together with the reasons for issuing these instructions ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਪੰਜਾਬ ਸਰਕਾਰ ਦੇ ਵਿਚਾਰ ਵਿਚ ਐਗਰੀਕਲਚਰਲ ਵੈਲਥ ਟੈਕਸ ਜੋ ਭਾਰਤ ਸਰਕਾਰ ਨੇ ਲਗਾਇਆ ਸੀ ਉਹ ਖੇਤੀ ਬਾੜੀ ਦੀ ਉੱਨਤੀ ਅਤੇ ਵਿਕਾਸ ਵਿਚ ਇਕ ਵੱਡੀ ਰੁਕਾਵਟ ਸੀ, ਅਤੇ ਇਸ ਬਾਰੇ ਕੇਂਦਰੀ ਸਰਕਾਰ ਨੂੰ ਪੰਜਾਬ ਸਰਕਾਰ ਵਲੋਂ ਇਕ ਵਿਸਥਾਰ ਪੂਰਬਕ ਪ੍ਰਤੀਬੇਨਤੀ ਕੀਤੀ ਜਾ ਰਹੀ ਸੀ । ਇਸ ਲਈ ਰੈਵੀਨਿਊ ਅਫ਼ਸਰਾਂ ਨੂੰ ਅਨਉਪਚਾਰਕ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਉਹ ਭਾਰਤ ਸਰਕਾਰ ਦੇ ਫ਼ੈਸਲੇ ਤਕ ਇਸ ਟੈਕਸ ਬਾਰੇ ਕੋਈ ਕਾਰਵਾਈ ਨਾ ਕਰਨ ।

2. ਪੰਜਾਬ ਸਰਕਾਰ ਨੇ ਇਸ ਬਾਰੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਇਕ ਰਿੱਟ ਵੀ ਦਾਇਰ ਕੀਤੀ ਸੀ ਜਿਸ ਦਾ ਥੋੜ੍ਹੀ ਦੇਰ ਹੋਇਆਂ ਫ਼ੈਸਲਾ ਹੋ ਚੁੱਕਾ ਹੈ ਅਤੇ ਹਾਈ ਕੋਰਟ ਨੇ ਵੈਲਥ ਟੈਕਸ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ ਹੈ ।

———

UNSTARRED QUESTIONS AND ANSWERS

GOVERNMENT BUSES PLYING ON INTER-STATE ROUTES

680 : **Shri Gian Chand Kharbanda** : Will the Chief Minister be pleased to :—

a) lay on the Table of the House (i) a statement showing the number of Government buses being run on different inter-State routes, and the distance covered by them ; (ii) a statement showing the number of buses of other States running in the Punjab on inter-State routes and the distance covered by them ;

b) state whether there is any proposal under the consideration of the

Original with;
Punjab Vidhan Sabha
Digitized by;
Panjab Digital Library

[Shri Gian Chand Kharabanda]—

Government to start more buses on inter-State routes ; if so, the details thereof be placed on the Table of the House ?

Sardar Parkash Singh Badal ; (a) (i) A statement giving the requisite information is enclosed.

(ii) A statement giving the requisite information is enclosed.

(b) There is a proposal to start buses on the Inter-State routes like Chandigarh-Dehra Dun, Ludhiana-Hardwar and Patiala-Dehra Dun.

[(ੳ) (1) ਲੋੜੀਂਦੀ ਸੂਚਨਾ ਅੰਕਤ ਕਰਦੀ ਸਾਰਨੀ ਨਾਲ ਨਥੀ ਹੈ ।

(2) ਲੋੜੀਂਦੀ ਸੂਚਨਾ ਅੰਕਤ ਕਰਦੀ ਸਾਰਨੀ ਨਾਲ ਨਥੀ ਹੈ ।

(ਅ) ਇੰਟਰ-ਸਟੇਟ ਰੂਟਾਂ ਤੇ ਸਰਵਿਸਾਂ ਚਲਾਉਣ ਸਬੰਧੀ, ਜਿਵੇਂ ਕਿ ਚੰਡੀਗੜ੍ਹ-ਡੇਹਰਾਦੂਨ, ਲੁਧਿਆਣਾ-ਹਰਦਵਾਰ ਅਤੇ ਪਟਿਆਲਾ-ਡੇਹਰਾਦੂਨ, ਦੀ ਤਜਵੀਜ਼ ਹੈ ।]

List of Inter-State routes operated by Punjab Roadways

S.No.	Name of the route	Distance covered	Buses
1.	Amritsar—Karnal—Delhi	554	2
2.	Amritsar—Hissar	502	2
3.	Amritsar—Jullundur—Chandigarh	864	6
4.	Amritsar—Ludhiana—Ambala Cantt.	306	2
5.	Amritsar—Moga—Chandigarh	332	2
6.	Tarn Taran—Patti—Chandigarh	306	2
7.	Abohar—Ganga Nagar	108	4
8.	Abohar—Hanumangarh	86	2
9.	Fazilka—Sirsa	198	2
10,	Fazilka—Chutala	160	2
11.	Hoshiarpur—Kalka	204	1
12.	Hoshiarpur—Chandigarh	210	1
13.	Hoshiarpur—Dharamsala	144	2
14.	Hoshiarpur—Baij Nath	200	2
15.	Hoshiarpur—Nangal	420	3
16.	Hoshiarpur—Nangal—Kirtpur	106	1
17.	Hoshiarpur—Jawala ji	104	1
18.	Dharamsala—Chandigarh	310	2
19.	Jullundur—Nangal	504	6
20.	Ludhiana—Hissar	298	2
21.	Ludhiana—Chandigarh	128	1
22.	Moga—Chandigarh	816	4
23,	Abohar—Ganga Nagar	390	5
24.	Abohar—Hanumangarh	129	1
25.	Abohar—Sangria	330	1
26.	Fazilka—Sirsa	182	1
27.	Dabwali—Hissar	188	1

Original with;
Punjab Vidhan Sabha
Digitized by;
Panjab Digital Library

28.	Dabwali—Sirsa	152	1
29.	Pathankot—Jammu	840	2
30.	Pathankot—Jullundur—Delhi	602	2
31.	Pathankot—Hoshiarpur—Delhi	602	2
32.	Pathankot—Kalka	336	2
33.	Pathankot—Dalhousie	100	1
34.	Pathankot—Baij Nath	176	2
35.	Pathankot—Dharamsala	224	2
36.	Pathankot—Nurpur	32	1
37.	Pathankot—Namial	120	1
38.	Amritsar—Dalhousie	234	2
39.	Dharamsala—Chandigarh	310	2
40.	Jammu—Delhi	494	2
41.	Chandigarh—Ambala	280	2
42.	Chandigarh—Jammu	476	2
43.	Chandigarh—Simla	450	3
44.	Chandigarh—Ganga Nagar	864	4
45.	Chandigarh—Manali	390	2
46.	Chandigarh—Kalka	32	1
47.	Chandigarh—Una	148	1
48.	Ludhiana—Ambala	213	2
49.	Rupar—Nalagarh—Kalka	64	1
50.	Kharar—Banur—Ambala	148	1
51.	Jullundur—Delhi (Ordinary)	458	2
52.	Jullundur—Delhi (De-lux)	458	2
53.	Rupar—Chandigarh—Ambala	336	3
54.	Jullundur—Abohar—Ganga Nagar	420	2
55.	Jullundur—Rupar—Kalka	220	2
56.	Jullundur—Chandigarh	1568	8
57.	Jullundur—Dharamsala	208	2
58.	Jullundur—Jammu	282	2
59.	Jullundur—Dalhousie	242	2
60.	Ludhiana—Jammu	356	2
61.	Kapurthala—Chandigarh	220	2

List of Inter-State routes operated by Pepsu Road Transport Corporation.

1.	Patiala—Chandigarh	1760	13
2.	Patiala—Chandigarh (De-luxe)	172	1
3.	Patiala—Chandigarh—Kalka	1116	3
4.	Patiala—Kalka	204	1
5.	Patiala—Ambala.	648	5
6.	Patiala—Jind	528	4
7.	Patiala—Jind—Hissar	798	6
8.	Patiala—Tohana—Hissar	440	4
9.	Patiala—Delhi (De-luxe)	620	2

Original with;
Punjab Vidhan Sabha
Digitized by;
Panjab Digital Library

[Chfef Minister]

10.	Patiala—Dadri	628	4
11.	Patiala—Hardwar	155	1
12.	Patiala—Kaithal	188	2
13.	Chandigarh—Hissar	708	4
14.	Sangrur——Chandiga	160	1
15.	Sangrur—Jind	1064	8
16.	Bhatinda—Hissar	416	4
17.	Bhatinda—Sirsa	158	1
18.	Bhatinda—Chandigarh (De-luxe)	286	2
19.	Bhatinda—Kharar (Via Chandigrh) (De-luxe)	320	2
20.	Faridkot—Chandigarh	324	2
21.	Faridkot—Dera Bassi	302	2
22.	Ludhiana—Jind	254	2
23.	Nabha—Chandigarh	120	1
24.	Nabha—Kharar (Via Chandigarh)	408	3
25.	Nabha—Chandigarh—Banur	316	2
26.	Ludhiana—Hissar	882	6
27.	Samana—Narwana	588	4
28.	Rajpura—Chandigarh	112	1
29.	Jakhal—Hissar	122	1
30.	Kalka—Chail	159	1
31.	Ambala—Hoshiarpur	468	4
32.	Banur—Chandigarh	114	1
33.	Sirsa—Chandigarh	648	4
34.	Barnala—Sirsa	150	1
35.	Mansa—Ratia	90	1

Statement Showing No. of Buses Operated by other States

Name of route	No. of return trips operated by other States.	Length of route.	Distance covered.
1. Ganganagar-Sadhuwala—Abohar.	6	44 k. m.	264 k. m. x2= 528 k. m.
2. Hanumangarh—Abohar	24	68. 8 k. m.	1651. 2 k. m. x 2=3302.4
3. Sangria—Abohar	6	65. 6 k. m.	393.6 k. m.x2= 786.12
4. Ganganagar—Hindumalkot—Fazilka	2	72 k. m.	144 k. m. x2= 288
5. Pathankot—Jammu	70	107 k. m.	7490 k. m. x2 15980
6. Jammu—Jullundur	2	221 k. m.	442 k. m. x2= 884
7 Jummu—Delhi	1	603 k. m.	603x2=1206

Original with;
Punjab Vidhan Sabha
Digitized by;
Panjab Digital Library

(a) (ii) Statement Showing the number of buses of Other States running in Punjab State on Inter-State routes & the distances covered by them.

S. No.	Name of the Tpt. Undertaking.	Name of Route	No. of per—mits (Pb,-- Har—yana)	No. of R/tps.	Mileage	Pb.	Hr.	Chg.	Total mileage.	Total no.of buses Appro xima—tely.	Total mileage operated in Punjab
1	2	3	4	5	6	7	8	9	10	11	12
1.	Haryana Road—ways, Rohtak.	Hissar-Bhatinda	2	1	117	17	100	—	234	2	34
		Ambala-Rupar	9	11	60	41	5	14	1320	13	902
		Ambala Nangal	2	2	95	76	5	14	380	3	304
		Ambala-Cantt-Sohna.	1	1	45	23	10	14	94	1	46
2.	Haryana Road—ways, Ambala.	Ambala-Cantt-Kalka	7	10	42	14	28	—	840	8	280
		Ambala-Cantt-Kalka Via-Chandigarh.	1	1	51	20	19	12	102	1	40
		Ambala-D-Bassi	2	2	17	12	5	—	68	1	48
		Ambala-Raipur Rani Via Dehra Bassi.	1	2	30	12	18	—	120	1	48
		Ambala Kharar Via Banur	2	2	37	34	3	—	148	2	136
		Ambala-Kharar-Rupar Via Banur.	1	2	54	51	3	—	216	2	204
		Ambala-Ludhiana.	2	2	72	64	8	—	288	2	256
					(4 permits with permission to operate four return trips issued by R. T. A. Jullundur).						
		Ambala-Patiala	4	6	34	26	8	—	408	4	312
		Ambala Cantt-Simla Via Chandigarh.	1	1	112	20	22		224	2	40
		Kalka-Sonepat Via Chandigarh.	2	1	149	20	111		298	2	40
		Yamuna Nagar-Chandigarh Via Sadhaura.	1	1	76	10	61	5	152	1	20
		Yamuna Nagar D. Bassi Via Sadhaura-Naraingarh.	3	3	62		59	—	372	3	18
		Kalka-Dera Bassi	1	1	20	4	16	—	40	1	8
		Chandigarh-Ambala (Kalka-Delhi link Service)	1	1	33	19	6	8	66	1	38

(P. T. O.)

Original with;
Punjab Vidhan Sabha
Digitized by;
Panjab Digital Library

[Chief Minister]—

2	3	4	5	6	7	8	9	10	11	12
	Chandigarh-Yamunanagar Via-Naraingarh.	1	1	76	10	66	—	152	1	20
	Chandigarh-Ambala	2	2	33	19	8	6	132	1	76
	—do—	2	2	33	19	8	6	132	1	76
								5786	'53	2946
3. Haryana Roadways, Chandigarh.	Chandigarh-Delhi		9	155	19	111	9	2790	27	342
	Chandigarh-Hodel		3	230	10	172	9	920	9	60
	Chandigarh-Narnaul.		1	255		227	9	510	5	38
	Chandigarh-Rewari		1	205		177	9	410	4	38
	Chandigarh-Delhi		2	188		160	9	336	3	76
	Chandigarh-Hissar.		1	175		147	9	350	3	38
	Chandigarh-Karnal		1	79		51	9	158	1	38
	Chandigarh-Rohtak		1	145	19	117	9	290	2	38
	Chandigarh-Jagadhari		1		19					38
	Chandigarh-Ambala Cantt.		1	33	19	5	9	66	1	38
	Chandigarh-Fatehbad-Sirsa.	2	1	159	20	=132	7	318	2	40
	Chandigarh-Bhiwani-Pilani.	2	1	183	20	156	7	366	3	40
	Chandigarh-Panipat Via Kaithal.	2	1	135	20	108	7	270	2	40
	Chandigarh-Jind.	2	1	134	20	107	7	268	2	40
	Chandigarh-Ambala	1	1	33	20	8	5	66	1	40
	Chandigarh-Hissar Via Narwana.	2	1	153	20	126	7	306	2	40
	Chandigarh-Dabwali	2	1	230	20	203	7	460	3	40
	Chandigarh-Bhiwani.	2	1		20				1	40
	Chandigarh-Kaithal Via Dhand.	1	1		10				1	40
	Chandigarh-Hissar Via Kaul Asandh.	2	1		20				1	40
	Chandigarh-Delhi	2	2		20				4	40
	Hissar-Chandigarh Via Uklana, Daulpur, Kaithal.	2	1		20				4	40

(P.T.O.)

Original with;
Punjab Vidhan Sabha
Digitized by;
Panjab Digital Library

1	2	3	4	5		7	8	9	10	11	12
		Chandigarh-Punhana.	2	1	—	20	—	—	—	1	40
4.	Haryana Roadways, Hissar.	Chandigarh-Hissar Via Kaithal Uklana	2	1	—	20	—	—	—	2	40
5.	Haryana Roadways, Rohtak.	Chandigarh-Rohtak Via Gohana.	2	1	145	20	118	7	290	2	40
6.	Haryana Roadways, Gurgaon.	Ambala-Chandigarh-Kalka	2	2	33	20	8	5	132	2	80
		Sonepat-Delhi.	1	1	—	20	—	—	—	—	40
		Punjab-Haryana-Delhi									
1.	Haryana Roadways, Ambala.	Patiala-Delhi	1	1	154	26Pb	114	14	308	2	52
							Delhi Total			90	1516
		Punjab-Himachal-Pradesh									
1.	Himachal Govt. Transport Bilaspur Region, Bilaspur.	Chandigarh-Manali	2	1	202	50Pb	112Him	—	404	3	100
		Bilaspur-Bassi-Guruka	1	1	54	14	40	—	108	1	28
		Lahora, Bilaspur-Rupar.	6	6	58	24	34	—	696	6	288
		Naina Devi-Kiratpur.	1	1	22	6	16	—	44	1	12
										11	428
		Punjab-Haryana-Himachal-Pradesh									
1.	Haryana Roadways, Chandigarh.	Rupar-Nalagarh-Kalka.	1	1	42	7	21 14Hr.	—	84	1	14
2.	Himachal Govt. Tpt. Simla.	-do-	1	1	42	7	21 14Hr.	—	84	1	14
										2	28
		Punjab-Haryana-U. P.									
.	U. P. Roadways, Tpt. Undertaking.	Patiala-Haridwar	1	2	158	26	68U.P. 64Hr.	—	158	1	26
										1	26

Original with;
Punjab Vidhan Sabha
Digitized by;
Panjab Digital Library

TELEPHONE BILLS IN RESPECT OF CIRCUIT HOUSE AMRITSAR.

682. **Shri Gian Chand Kharbanda ;** Will the Chief Minister be pleased to state the total amount of telephone bills received in respect of Circuit House, Amritsar, and the amouut paid by the Government against them during the period (i, 1-4-68 to 31. 3. 69 ; (ii) 1-4-69 to 31-3-70 and (iii) 1-4-70 upto date ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਲੋੜੀਂਦੀ ਸੂਚਨਾ ਹੇਠ ਦਿੱਤੀ ਜਾਂਦੀ ਹੈ :—

ਸੀਰੀਅਲ ਨੰ :	ਪੀਰੀਅਡ	ਟੈਲੀਫੋਨ ਬਿਲਾਂ ਦੀ ਰਕਮ	ਰਕਮ ਜਿਹੜੀ ਅਦਾ ਕੀਤੀ ਗਈ
1.	1968-69	2877.55 ਰੁ:	2877.55 ਰੁ:
2.	1969-70	13485.05 ਰੁ:	13485.05 ਰੁ:
3.	1970-71 (7/70 ਤਕ)	3301.10 ਰੁ:	3301.10 ਰੁ:

———

STUDENTS APPEARED IN MIDDLE STANDARD EXAMINATION.

687. **Shri Gian Chand Kharbanda,** Will the Minister for Education be pleased to :—

(a) lay on the Table of the House a statement showing the total number of students who appeared in the Middle Standard Examination this year district-wise in the State and the number of students who passed in the said examination stating the pass percentage alongwith the comparative statement giving similar information for the last two years ;

(b) state whether the pass percentage is less this year, as compared to the preceding two years. if so, the reasons therefor ;

(c) state the number of students from amongst those referred to in para (a) above whose result was not declared and the time taken to declare the result of those students whose result in the first instance was declared as 'Later on' ;

(d) state the nnmber of students, districtwise, who were declared pass but in whose cases it was stated that their marks will be declared 'Later on' ;

(e) state the time taken to declare the result of the Middle Standard Examination this year ;

(f) state the reasons for keeping the result pending as mentioned in paras (c), (d) & (e) above.

ਸਰਦਾਰ ਸੁਰਜੀਤ ਸਿੰਘ, (ਏ) ਲੋੜੀਂਦੀ ਸੂਚਨਾ ਨਾਲ ਨੱਥੀ ਅਨੁਲਗ 1 ਵਿਚ ਦਿੱਤੀ ਗਈ ਹੈ ।

(ਬੀ) ਹਾਂ ਜੀ । ਪਾਸ ਪ੍ਰਤੀਸ਼ਤ ਵਿਚ ਕਮੀ ਦੇ ਕਾਰਨ ਇਹ ਹਨ :—

Original with;
Punjab Vidhan Sabha
Digitized by;
Panjab Digital Library

(1) ਅਯੋਗ ਢੰਗਾਂ ਦੀ ਵਰਤੋਂ ਨੂੰ ਰੋਕਣ ਲਈ ਨਿਗਰਾਨ ਅਮਲੇ ਨੂੰ ਵਿਭਾਗੀ ਹਦਾਇਤਾਂ ਕਰਨੀਆਂ ਅਤੇ ਉਨ੍ਹਾਂ ਦਾ ਸਖਤੀ ਨਾਲ ਪਾਲਣ ਕਰਨਾ।

(2) ਅਧਿਆਪਕਾਂ ਦਾ ਆਪਣੇ ਕੰਮ ਵੱਲ ਠੀਕ ਧਿਆਨ ਨਾਂ ਦੇਣਾ।

(ਸੀ) ਅਨੁਲਗ ਨੰਬਰ 2 ਵਿਚ ਦਿੱਤੀ ਗਈ ਹੈ।

(ਡੀ) ਲੋੜੀਂਦੀ ਸੂਚਨਾ ਨਾਲ ਨੱਥੀ ਅਨੁਲਗ (3) ਵਿਚ ਦੱਸੀ ਗਈ ਹੈ।

(ਈ) 30 ਦਿਨ ਤੋਂ 52 ਦਿਨ ਤਕ।

(ਐਫ) ਇਸ ਸਬੰਧ ਵਿਚ ਸਥਿਤੀ ਇਸ ਪ੍ਰਕਾਰ ਹੈ: -

(1) ਜਿਹੜੇ ਮੁੱਖ/ਉਪ ਪ੍ਰੀਖਿਅਕਾਂ ਦੀ ਸਿਹਤ, ਉੱਤਰ ਪਤਰੀਆਂ ਦਾ ਮੁੱਲ ਅੰਕਣ/ਨਤੀਜਾ ਸੂਚੀਆਂ ਤਿਆਰ ਕਰਦੇ ਸਮੇਂ/ਭੇਜਦੇ ਸਮੇਂ ਠੀਕ ਨਾ ਹੋਵੇ, ਉਨ੍ਹਾਂ ਨੂੰ ਵਾਧੂ ਸਮਾਂ ਦੇਣਾ ਪੈਂਦਾ ਹੈ ਜਿਸ ਦੇ ਫਲ ਸਰੂਪ ਕੁਝ ਇਕ ਪ੍ਰੀਖਿਆਰਥੀਆਂ ਦੀਆਂ ਨਤੀਜਾ ਸੂਚੀਆਂ ਲੇਟ ਹੋ ਜਾਂਦੀਆਂ ਹਨ।

(2) ਜਿਹੜੇ ਪ੍ਰੀਖਿਆਰਥੀ ਪ੍ਰੀਖਿਆ ਵਿਚ ਅਯੋਗ ਢੰਗ ਵਰਤਦੇ ਹਨ, ਉਨ੍ਹਾਂ ਬਾਰੇ ਫੈਸਲਾ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੀ ਪੂਰੀ ਪੂਰੀ ਸਥਿਤੀ ਬਿਆਨ ਕਰਨ ਅਤੇ ਨਿਜੀ ਪੱਧਰ ਤੇ ਮਿਲਣ ਦਾ ਮੌਕਾ ਦਿੱਤਾ ਜਾਂਦਾ ਹੈ ਤਾਂ ਕਿ ਬੇਇਨਸਾਫੀ ਨਾ ਹੋ ਜਾਵੇ।

(3) ਬਹੁਤ ਸਾਰੇ ਪ੍ਰੀਖਿਆਰਥੀਆਂ ਪਾਸੋਂ ਫੀਸ ਆਦਿ ਨਹੀਂ ਆਈ ਹੁੰਦੀ। ਜੇਕਰ ਆਈ ਹੁੰਦੀ ਹੈ, ਤਾਂ ਪੂਰੀ ਨਹੀਂ ਹੁੰਦੀ। ਜਿਸ ਦੇ ਫਲਸਰੂਪ ਉਨ੍ਹਾਂ ਦੇ ਨਤੀਜੇ ਨਹੀਂ ਕੱਢੇ ਜਾਂਦੇ। ਨਤੀਜੇ ਕੇਵਲ ਫੀਸ ਆਉਣ ਤੇ ਘੋਸ਼ਿਤ ਕੀਤੇ ਜਾਂਦੇ ਹਨ।

(4) ਕਈ ਪ੍ਰੀਖਿਆਰਥੀਆਂ ਦੀਆਂ ਹਾਜ਼ਰੀਆਂ ਪੂਰੀਆਂ ਨਾ ਹੋਣ ਕਾਰਨ ਉਨ੍ਹਾਂ ਦੇ ਨਤੀਜੇ ਉਤਨਾ ਚਿਰ ਨਹੀਂ ਕੱਢੇ ਜਾਂਦੇ ਜਿਤਨੇ ਸਮੇਂ ਤਕ ਉਹ ਆਪਣੀਆਂ ਹਾਜ਼ਰੀਆਂ ਮੁਆਫ (ਕਨਡੋਨ) ਨਾ ਕਰਵਾ ਲੈਣ।

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]—

ਅਨੁਲਗ ਨੰਬਰ 1

ਵਾਰਸ਼ਿਕ ਮਿਡਲ ਸਤਰ ਪ੍ਰੀਖਿਆ, 1970 ਅਤੇ ਪਿਛਲੇ ਦੋ ਸਾਲਾਂ ਦੀਆਂ ਵਾਰਸ਼ਿਕ ਪ੍ਰੀਖਿਆਵਾਂ ਵਿਚ ਪ੍ਰਵੇਸ਼ ਹੋਏ ਪ੍ਰੀਖਿਆਰਥੀਆਂ ਦੀ ਗਿਣਤੀ, ਪਾਸ ਹੋਏ ਵਿਦਿਆਰਥੀਆਂ ਦੀ ਗਿਣਤੀ ਅਤੇ ਪਾਸ ਪ੍ਰਤੀਸ਼ਤ ਦਾ ਤੁਲਨਾਤਮਕ ਅਧਿਐਨ ਹੇਠ ਦਿਤਾ ਜਾਂਦਾ ਹੈ।

ਲੜੀ ਨੰ:	ਜ਼ਿਲ੍ਹੇ ਦਾ ਨਾਂ	ਵਾਰਸ਼ਿਕ ਮਿਡਲ ਸਤਰ ਪ੍ਰੀਖਿਆ 1968		ਪਾਸ ਪ੍ਰਤੀਸ਼ਤ	ਵਾਰਸ਼ਿਕ ਮਿਡਲ ਸਤਰ ਪ੍ਰੀਖਿਆ 1969		ਪਾਸ ਪ੍ਰਤੀਸ਼ਤ	ਵਾਰਸ਼ਿਕ ਮਿਡਲ ਸਤਰ ਪ੍ਰੀਖਿਆ 1970		ਪਾਸ ਪ੍ਰਤੀਸ਼ਤ
		ਪ੍ਰੀਖਿਆਰਥੀਆਂ ਦੀ ਪਰਵੇਸ਼ ਹੋਏ	ਗਿਣਤੀ ਜੋ ਪਾਸ ਹੋਏ		ਪ੍ਰੀਖਿਆਰਥੀਆਂ ਦੀ ਪਰਵੇਸ਼ ਹੋਏ	ਗਿਣਤੀ ਜੋ ਪਾਸ ਹੋਏ		ਪ੍ਰੀਖਿਆਰਥੀਆਂ ਦੀ ਪਰਵੇਸ਼ ਹੋਏ	ਗਿਣਤੀ ਜੋ ਪਾਸ ਹੋਏ	
1.	ਅੰਮ੍ਰਿਤਸਰ	18363	13114	71.41%	23052	14495	62.87%	25644	13459	52.48%
2.	ਫਿਰੋਜ਼ਪੁਰ	14215	10331	72.67%	17378	11168	64.26%	19658	10325	52.52%
3.	ਗੁਰਦਾਸਪੁਰ	12673	9012	71.1 %	16513	11327	68.5 %	18233	10473	57. 4%
4.	ਜਲੰਧਰ	19436	12019	61. 8%	23077	13429	58.1 %	28055	14781	52. 6%
5.	ਕਪੂਰਥਲਾ	5283	3607	68.27%	5919	3296	55.68%	6852	3743	54.62%
6.	ਹੁਸ਼ਿਆਰਪੁਰ	13819	11149	80.67%	17715	11728	66.20%	19546	10867	55.59%
7.	ਲੁਧਿਆਣਾ	17108	12167	71.11%	20432	14040	68.71%	23537	13256	56.31%
8.	ਪਟਿਆਲਾ	11014	7670	69. 6%	14690	9107	61. 9%	16229	7914	48. 7%
9.	ਸੰਗਰੂਰ	7876	5706	72.44%	9601	6125	63.78%	12347	6744	54.62%
10.	ਬਠਿੰਡਾ	8267	5717	69.15%	10625	6591	62.03%	12358	6301	50.98%
11.	ਰੋਪੜ	5185	3773	72.76%	7321	4604	62.88%	8429	4330	51.37%

Original with;
Punjab Vidhan Sabha
Digitized by;
Pan

ਅਨੁਲਗ ਨੰਬਰ 2

ਲੜੀ ਨੰ :	ਪ੍ਰੀਖਿਆ ਦਾ ਨਾਂ		ਪ੍ਰੀਖਿਆਰਥੀਆਂ ਦੀ ਗਿਣਤੀ ਜਿਨ੍ਹਾਂ ਦੇ ਨਤੀਜੇ ਬਾਅਦ ਵਿਚ ਕੱਢੇ ਗਏ ।	ਨਤੀਜਾ ਕੱਢਣ ਤੋਂ ਬਾਅਦ ਕਿਤਨਾਂ ਸਮਾਂ ਪ੍ਰੀਖਿਆਰਥੀਆਂ, ਜਿਨ੍ਹਾਂ ਦੇ ਨਤੀਜੇ ਬਾਅਦ ਵਿਚ ਕੱਢੇ ਗਏ, ਦੇ ਨਤੀਜੇ ਤੇ ਲੱਗਾ ।
1.	ਵਾਰਸ਼ਿਕ ਮਿਡਲ ਸਤਰ ਪ੍ਰੀਖਿਆ	1968	5846	6 ਦਿਨ ਤੋਂ 72 ਦਿਨ ਤਕ
2.	,, ,, ,,	1969	6081	10 ਦਿਨ ਤੋਂ 67 ਦਿਨ ਤਕ
3.	,, ,, ,,	1970	12629	12 ਦਿਨ ਤੋਂ 90 ਦਿਨ ਤਕ

ਅਨੁਲਗ ਨੰਬਰ 3

ਲੋੜੀਂਦੀ ਸੂਚਨਾ ਇਸ ਪ੍ਰਕਾਰ ਹੈ :

ਲੜੀ ਨੰਬਰ	ਜ਼ਿਲ੍ਹੇ ਦਾ ਨਾਂ	ਜਿਨ੍ਹਾਂ ਪ੍ਰੀਖਿਆਰਥੀਆਂ ਦੇ ਨਤੀਜੇ ਕੱਢ ਦਿੱਤੇ ਗਏ ਸਨ, ਪਰੰਤੂ ਨੰਬਰ ਬਾਅਦ ਵਿਚ ਦੱਸੇ ਗਏ, ਦੀ ਗਿਣਤੀ ਸਾਲ ਵਾਰ ਇਸ ਪ੍ਰਕਾਰ ਹੈ :—		
		1968	1969	1970
1.	ਅੰਮ੍ਰਿਤਸਰ	869	987	1019
2.	ਫਿਰੋਜ਼ਪੁਰ	1004	1811	110
3.	ਗੁਰਦਾਸਪੁਰ	58	185	140
4.	ਜਲੰਧਰ	1162	525	2412
5.	ਕਪੂਰਥਲਾ	327	156	936
6.	ਹੁਸ਼ਿਆਰਪੁਰ	357	465	507
7.	ਲੁਧਿਆਣਾ	1050	1307	1279
8.	ਪਟਿਆਲਾ	170	200	300
9.	ਸੰਗਰੂਰ	1426	15	889
10.	ਬਠਿੰਡਾ	1137	1374	1758
11.	ਰੋਪੜ			890

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Di

© 1970
Published under the authority of the Punjab Vidhan Sabha.
Printed by : The Jullundur Workmen Co-op. Printing Press, Ltd., Adda Hoshiarpur, Jullundur City.

Original with;
Punjab Vidhan Sabha
Digitized by;
Panjab Digital Library

PUNJAB VIDHAN SABHA

DEBATES

27th July, 1970.

Vol. II—No. 2.

OFFICIAL REPORT

CONTENTS

Monday, the 27th July, 1970.

	Pages
Starred Questions and Answers.	(2)1
Answers to Starred Questions laid on the Table of the House under Rule 45.	(2)34
Unstarred Questions and Answers.	(2)51
Question of Privilege.	(2)63
Adjournment Motions.	(2)63
Call Attention Notices under Rule 73.	(2)65
Reply to Call Attention Notice laid on the Table of the House.	(2)73
Announcement by the Secretary.	(2)74
Statement by Shri Balram Dass Tandon, an Ex. Minister	(2)77
Walk Out.	(2)102
Reply by a Minister to the Statement by Shri Balram Dass Tandon, Ex-Minister.	(2)102
Obituary References.	(2)111
Appendix.	i—xix

Punjab Vidhan Sabha Secretariat, Chandigarh.

Price Rs 1-41

Original with;
Punjab Vidhan Sabha
Digitized by;
Panj

Original with;
Punjab Vidhan Sabha
Digitized by;
Panjab Digital Library

ERRATA

To

Punjab Vidhan Sabha Debates

Dated the 27th July, 1970

Vol. II—No. 2

Read	*For*	*Page*	*Line*
ਚਾਲੂ	ਚਾ	(2)4	6th from below
Engineer	Enginee	(2)7	14
ਕੋਟਾ	ਕਟਾ	(2)20	3rd from below
alleging	allegin	(2)22	12th from below
construction	constructioh	(2)46	23rd from below
Government	Governa-ment	2)51	14th, 15th from below
have	havie	(2)52	12
and the	abd The	(2)52	last
during	dur-ng	(2)53	3, 4
New Delhi	New Delh	(2)57	15
requirement	requirbmen	(2)57	16
Rs.	R	(2)57	17
which	whic	(2)60	5th from below
obtain	obta	(2)60	4th from below
ਸੁਣ	ਣ	(2)96	18
(ਸਰਦਾਰ ਬਲਵੰਤ ਸਿੰਘ)	(ਸਰਦਾਰ ਬਲਵੰਭ ਸੰਘ)	(2)102	15th from below
ਪੇਸ਼	ਪਸ਼ੇ	(2)103	5

Original with;
Punjab Vidhan Sabha
Digitized by;
Panjab Digital Library

Read	*For*	*Page*	*Line*
ਟਰਾਵਨਕੋਰ	ਟਰਾਵਨਕੋਟ	(2)111	13
ਟਰਾਵਨਕੋਰ	ਟਰਾਵਨਕੋਟ	(2)111	12th from below
27th July, 1970	27th July, 1971	(2)112	Head Line
ਪਾਵਰ	ਪਾਵੀ	(2)112	15th from below
ਪਾਰਟੀ	ਪਾਰਰ	(2)112	14th from below
precisely	precisele	(2)112	3rd from below
the	thy	(2)112	2nd from below
ਮਜਰ ਜਨਰਲ ਅਮੀਰ ਚੰਦ	ਮੋਜਰ ਜਨਰਲ ਅਮੀਰ ਚਦ	(2)114	8, 9
ਫੈਸਲਾ-ਕੁਨ	ਫੈਸਲਾ-ਕੁਲ	Appendix (iii)	3

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Monday, the 27th July, 1970

The Vidhan Sabha met in the Punjab Vidhan Sabha Hall of 'he Vidhan Bhavan, Sector-1, Chandigarh at 2-00 P. M. of the Clock. Mr. Speaker (Sardar Darbara Singh) in the Chair.

STARRED QUESTIONS AND ANSWERS

THEIN DAM

***1958. (1) Chaudhri Sunder Singh, (2) Chaudhri Ram Singh, (3) Shri Sardari Lal Kapur, (4) Bhagat Guran Dass Hans**: Will the Minister for Irrigation and Power be pleased to state:—

(a) the approximate date by which Thein Dam on Ravi River is expected to be completed in the State;

(b) whether the State Government has urged the Central Government to expedite the completion of this ninety crore Thein Dam; if so, the result thereof, and if not, the reasons thereof ?

ਸਰਦਾਰ ਸੋਹਣ ਸਿੰਘ ਬਾਸੀ: (ੲ) ਅਜੇ ਤਕ ਕੇਂਦਰੀ ਪਾਣੀ ਅਤੇ ਬਿਜਲੀ ਕਮਿਸ਼ਨ ਭਾਰਤ ਸਰਕਾਰ) ਨੇ ਥਈਂ ਡੈਮ ਪ੍ਰਾਜੈਕਟ ਦੀ ਕਲੀਅਰੈਂਸ ਨਹੀਂ ਦਿਤੀ ਹੈ । ਪ੍ਰਾਜੈਕਟ ਦੀ ਼ਸਾਰੀ ਦਾ ਕੰਮ ਤਦ ਹੀ ਚਾਲੂ ਕੀਤਾ ਜਾਵੇਗਾ ਜਦੋਂ ਭਾਰਤ ਸਰਕਾਰ ਕਲੀਅਰੈਂਸ ਦੇਵੇਗੀ ਤੇ ਇਸ ਲਈ ਇਸ ਅਵਸਥਾ ਵਿੱਚ ਇਹ ਦਸਣਾ ਮੁਸ਼ਕਲ ਹੈ ਕਿ ਪ੍ਰਾਜੈਕਟ ਕਦੋਂ ਕਮਲ ਹੋਵੇਗੀ ।

(ਬੀ) ਹਾਂ ਜੀ । ਪ੍ਰਦੇਸ਼ ਸਰਕਾਰ ਕੇਂਦਰੀ ਪਾਣੀ ਅਤੇ ਬਿਜਲੀ ਕਮਿਸ਼ਨ (ਭਾਰਤ ਸਰਕਾਰ) ਪ੍ਰਾਜੈਕਟ ਦੀ ਕਲੀਅਰੈਂਸ ਲਈ ਜ਼ੋਰ ਦੇਂਦੀ ਰਹੀ ਹੈ । ਕਲੀਅਰੈਂਸ ਅਜੇ ਤਕ ਪ੍ਰਾਪਤ ਨਹੀਂ ਹੋਈ ।

[(a) Clearance of Thein Dam Project has not yet been given by the entral Water and Power Commission (Government of India). The ›nstruction of the Project will be started when clearance is given by overnment of India,and therefore, it cannot be indicated at this stage ; to when this project will be completed .

(b) Yes, The State Government has been urging Central Water ıd Power Commission (Government of India) to expedite the clear- .ce of this project. Clearance has not yet been received.]

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਨਾਮ ਸਿੰਘ: ਕੀ ਮੰਤਰੀ ਸਾਹਿਬ ਦਸਣਗੇ ਕਿ ਮਨਿਸਟਰ ਸਾਹਿਬ ਨੇ ਬਿਆਨ ਦਿੱਤਾ ਸੀ ਕਿ ਚਾਹੇ ਸੈਂਟਰਲ ਗੌਰਮਿੰਟ ਇਸ ਕੰਮ ਲਈ ਮੰਨੇ ਜਾਂ ਨਾ ਮੰਨੇ, ਅਸੀਂ ਹਰ ਸੂਰਤ ਵਿਚ ਇਹ ਥੀਨ ਡੈਮ ਬਣਾਵਾਂਗੇ, ਕੀ ਗੌਰਮਿੰਟ ਦੀ ਇਹ ਪੋਜ਼ੀਸ਼ਨ ਹੈ ?

ਮੰਤਰੀ : ਮੇਰੀ ਨਾਲਿਜ ਵਿੱਚ ਤਾਂ ਨਹੀਂ ਕਿ ਕੋਈ ਐਸਾ ਬਿਆਨ ਦਿੱਤਾ ਹੋਵੇ, ਲੇਕਿਨ ਸਾਡੇ ਪਹਿਲੇ ਚੀਫ਼ ਮਨਿਸਟਰ ਸਾਹਿਬ ਇਹ ਕਹਿੰਦੇ ਰਹੇ ਸਨ ਕਿ ਅਸੀਂ ਥੀਨ ਡੈਮ ਬਣਾਉਣਾ ਹੈ, ਇਹ ਸਾਡੀ ਜਿੰਦ ਜਾਨ ਹੈ ਅਤੇ ਇਸ ਲਈ ਸੈਂਟਰਲ ਗੌਰਮਿੰਟ ਨੂੰ ਵੀ ਕਹਿੰਦੇ ਰਹੇ ਕਿ ਇਸ ਦੀ ਮਨਜ਼ੂਰੀ ਦਿੱਤੀ ਜਾਵੇ......(ਵਿਘਨ)

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਸਾਫ਼ ਜਵਾਬ ਦੇਣ । ਗਲ ਬੜੀ ਸਿਧੀ ਹੈ ਕਿ ਕੀ ਇਨ੍ਹਾਂ ਨੇ ਕਿਹਾ ਸੀ ਕਿ ਨਹੀਂ, ਸੈਂਟਰਲ ਗੌਰਮਿੰਟ ਇਜਾਜ਼ਤ ਦੇਵੇ ਜਾਂ ਨਾ ਦੇਵੇ ਅਸੀਂ ਥੀਨ ਡੈਮ ਜ਼ਰੂਰ ਬਣਾਵਾਂਗੇ ।

ਸ੍ਰੀ **ਸਪੀਕਰ** : ਸਾਫ਼ ਗੱਲ ਤਾਂ ਚੌਧਰੀ ਸਾਹਿਬ ਇਹ ਹੈ ਕਿ ਜਦ ਤਕ ਤੁਸੀਂ ਜਾ ਕੇ ਉਥੇ ਧਰਨਾ ਨਹੀਂ ਮਾਰੋਗੇ, ਤਦ ਤਕ ਉਨ੍ਹਾਂ ਨੇ ਥੀਨ ਡੈਮ ਦੀ ਉਸਾਰੀ ਦੀ ਇਜਾਜ਼ਤ ਨਹੀਂ ਦੇਣੀ... (ਵਿਘਨ) (*Addressing Chaudhri Sunder Singh*: It is obvious that unless the hon. Member sits in Dharna there the Central Government is not going to grant permission for the construction of Thein Dam.) (*Interruption*)

चौधरी बलबीर सिंह : स्पीकर साहिब, मन्त्री महोदय ने बताया है कि भारत सरकार इस सिलसिले में कोई ज्यादा हौसला अफ़ज़ाई नहीं कर रही । क्या इस सिलसिले में पंजाब सरकार कोई स्पैशल लोन्ज़ हासिल करने की तरफ ध्यान देगी ताकि पंजाब इस सिलसिले में आगे बढ़ सके ?

ਮੰਤਰੀ : ਮੈਨੂੰ ਪੂਰਾ ਵਿਸ਼ਵਾਸ ਹੈ ਕਿ ਸੈਂਟਰ ਦੀ ਗੌਰਮਿੰਟ ਸਾਨੂੰ ਜ਼ਰੂਰ ਇਜਾਜ਼ਤ ਦੇਵੇਗੀ ਔਰ ਉਸ ਨੂੰ ਇਜਾਜ਼ਤ ਦੇਣੀ ਪਵੇਗੀ । ਹੁਣ ਹਾਲਾਤ ਬਦਲ ਗਏ ਹਨ, ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਜਲਦੀ ਤੋਂ ਜਲਦੀ ਇਜਾਜ਼ਤ ਦੇਵਾਂਗੇ । ਇਸ ਦੇ ਲਈ ਕਈ ਮੁਸ਼ਕਲਾਤਾਂ ਸਨ । ਇਹ ਇਕ ਬਹੁਤ ਵੱਡਾ ਪ੍ਰਾਜੈਕਟ ਹੈ । ਇਸ ਤੇ 10, 20 ਜਾਂ 30 ਕਰੋੜ ਰੁਪਏ ਖਰਚ ਨਹੀਂ ਆਉਣੇ ਸਗੋਂ ਇਸ ਤੇ ਕੋਈ 150 ਕਰੋੜ ਰੁਪਏ ਖ਼ਰਚ ਆਉਣੇ ਹਨ । ਇਤਨਾ ਰੁਪਿਆ ਤਾਂ ਕਿਸੇ ਬੈਂਕ ਨੇ ਵੀ ਕਰਜ਼ ਨਹੀਂ ਦੇਣਾ । ਇਹ ਤਾਂ ਸੈਂਟਰਲ ਗੌਰਮਿੰਟ ਦੇ ਰੁਪਏ ਨਾਲ ਹੀ ਸਿਰੇ ਚੜ੍ਹੇਗਾ । ਅਸੀਂ ਇਹ ਰੁਪਿਆ ਜ਼ਰੂਰ ਹਾਸਲ ਕਰਾਂਗੇ ਅਤੇ ਇਹ ਪ੍ਰਾਜੈਕਟ ਬਣੇਗਾ ਅਤੇ ਜ਼ਰੂਰ ਬਣੇਗਾ ।

ਚੌਧਰੀ ਰਾਮ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਿਛਲੇ ਸੈਸ਼ਨ ਵਿੱਚ ਕਿਹਾ ਸੀ ਕਿ ਅਸੀਂ 10 ਕਰੋੜ ਰੁਪਿਆ ਇਧਰੋਂ ਉਧਰੋਂ ਕੱਢ ਕੇ ਇਹ ਪ੍ਰਾਜੈਕਟ ਜ਼ਰੂਰ ਚਾਲੂ ਕਰ ਦਿਆਂਗੇ । ਕੀ ਇਨ੍ਹਾਂ ਨੇ ਆਪਣਾ ਇਹ ਇਰਾਦਾ ਬਦਲ ਲਿਆ ਹੈ ? ਨੈਕਸਟ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਪਾਰਲੀਮੈਂਟ ਦੇ ਮੈਂਬਰਾਂ ਦੀ ਅਤੇ ਪੰਜਾਬ ਸਰਕਾਰ ਦੇ ਮੈਂਬਰਾਂ ਦੀ ਇਸ ਬਾਰੇ ਵਿੱਚ ਇਕ ਮੀਟਿੰਗ ਹੋਈ ਸੀ ਜਿਸ ਵਿੱਚ ਸੈਂਟਰ ਦੇ ਮਨਿਸਟਰ ਰਾਉ ਸਾਹਿਬ ਵੀ ਮੌਜੂਦ ਸਨ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਜਲਦੀ ਹੀ ਮਨਜ਼ੂਰੀ ਦੇ ਦੇਵਾਂਗੇ । ਕੀ ਇਨ੍ਹਾਂ ਨੇ ਉਨ੍ਹਾਂ ਦੀ ਇਹ ਗੱਲ ਮਨਜ਼ੂਰ ਕਰ ਲਈ ਸੀ ਜਾਂ ਨਹੀਂ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਅਗਰ ਸਾਡੇ ਕੋਲ ਰੁਪਿਆ ਹੋਵੇ ਅਤੇ ਸਾਡਾ ਬਣਾਉਣ ਦਾ ਵਿਚਾਰ ਵੀ ਹੋਵੇ ਤਦ ਵੀ ਸੈਂਟਰਲ ਗੌਰਮਿੰਟ ਦੀ ਜਿਹੜੀ ਟੈਕਨੀਕਲ ਐਡਵਾਈਜ਼ਰੀ ਕਮੇਟੀ ਹੈ ਉਸ ਦੀ ਮਨਜ਼ੂਰੀ ਦੀ ਲੋੜ ਹੈ । ਸਾਡੀ ਗੌਰਮਿੰਟ ਉਸ ਦੀ ਮਨਜ਼ੂਰੀ ਤੋਂ ਬਗੈਰ ਇਹ ਡੈਮ ਨਹੀਂ ਬਣਾ ਸਕਦੀ । ਸਾਨੂੰ ਅਜੇ ਤਕ ਸੈਂਟਰਲ ਗੌਰਮਿੰਟ ਦੀ ਟੈਕਨੀਕਲ ਐਡਵਾਈਜ਼ਰੀ ਕਮੇਟੀ ਨੇ ਕਲੀਅਰੈਂਸ ਨਹੀਂ ਦਿੱਤੀ, ਇਸ ਲਈ ਅਸੀਂ ਕੰਮ ਸ਼ੁਰੂ ਨਹੀਂ ਕਰ ਸਕਦੇ ।

ਸ੍ਰੀ ਗਿਆਨ ਚੰਦ ਖਰਬੰਦਾ: ਮੰਤਰੀ ਸਾਹਿਬ ਨੇ ਫ਼ਰਮਾਇਆ ਹੈ ਕਿ ਹਾਲਾਤ ਬਦਲੇ ਹੋਏ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਉਹ ਬਦਲੇ ਹੋਏ ਹਾਲਾਤ ਕਿਹੜੇ ਹਨ ਅਤੇ ਨਵੇਂ ਬਦਲੇ ਹੋਏ ਹਾਲਾਤ ਵਿਚ ਸਾਡੀ ਗੌਰਮਿੰਟ ਇਜਾਜ਼ਤ ਲੈਣ ਵਾਸਤੇ ਕੀ ਕਾਰਵਾਈ ਕਰ ਰਹੀ ਹੈ ?

ਮੰਤਰੀ : ਮੇਰੇ ਬਦਲੇ ਹੋਏ ਹਾਲਾਤ ਤੋਂ ਇਹ ਭਾਵ ਹੈ ਕਿ ਪਹਿਲਾਂ ਕਸ਼ਮੀਰ ਗੌਰਮਿੰਟ ਨਹੀਂ ਮੰਨ ਰਹੀ ਸੀ ਅਤੇ ਹੁਣ ਕਸ਼ਮੀਰ ਗੌਰਮਿੰਟ ਨੇ ਵੀ ਮੰਨ ਲਿਆ ਹੈ। ਮੈਂ ਅਰਜ਼ ਕਰਾਂ ਕਿ ਇਸ ਡੈਮ ਦੇ ਨਾਲ ਕਸ਼ਮੀਰ ਗੌਰਮਿੰਟ, ਹਿਮਾਚਲ ਗੌਰਮਿੰਟ ਦਾ ਵੀ ਸਬੰਧ ਸੀ ਹੁਣ ਕਸ਼ਮੀਰ ਗੌਰਮਿੰਟ ਮੰਨ ਗਈ ਹੈ । ਇਸ ਵਾਸਤੇ ਮੈਂ ਬਦਲੇ ਹੋਏ ਹਾਲਾਤ ਕਹੇ ਸਨ । ਮੇਰੇ ਬਦਲੇ ਹੋਏ ਹਾਲਾਤ ਤੋਂ ਹੋਰ ਭਾਵ ਕੋਈ ਨਹੀਂ ।

ਕਾਮਰੇਡ ਸੱਤਪਾਲ ਡਾਂਗ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਕਸ਼ਮੀਰ ਗੌਰਮਿੰਟ ਨੇ ਅਤੇ ਹਿੰਦ ਸਰਕਾਰ ਨੇ ਮੰਨ ਲਿਆ ਹੈ, ਇਹ ਪੰਜਾਬ ਅਸੈਂਬਲੀ ਵਿੱਚ ਕਾਂਗਰਸ ਅਤੇ ਅਕਾਲੀ ਪਾਰਟੀ ਦੀ ਤਾਲਮੇਲ ਤੋਂ ਪਹਿਲਾਂ ਮੰਨਿਆ ਸੀ ਜਾਂ ਬਾਅਦ ਵਿੱਚ ?

ਮੰਤਰੀ : ਇਹ ਬਹੁਤ ਦੇਰ ਪਹਿਲਾਂ ਹੀ ਮੰਨ ਲਿਆ ਸੀ । (ਵਿਘਨ)

ਸਰਦਾਰ ਗੁਰਨਾਮ ਸਿੰਘ : ਬਾਸੀ ਸਾਹਿਬ ਮਰਨ ਵਰਤ ਰੱਖ ਲੈਣ... (ਵਿਘਨ)...

ਸ੍ਰੀ ਸਪੀਕਰ : ਮੇਰੀ ਸੁਜੈਸ਼ਨ ਹੈ ਕਿ ਮਰਨ ਵਰਤ ਤਾਂ ਸਭ ਤੋਂ ਅਜ਼ੀਮ ਹਸਤੀਆਂ ਹੀ ਰਖਦੀਆਂ ਹਨ ਅਤੇ ਸਰਦਾਰ ਗੁਰਨਾਮ ਸਿੰਘ ਜੀ ਨਾਲੋਂ ਬਰਗਜ਼ੀਦਾ ਹਸਤੀ ਹੋਰ ਕਿਹੜੀ ਹੋ ਸਕਦੀ ਹੈ......ਵਿਘਨ। (Generally, it is the great personalities who undertake fasts unto death, and the hon. Member, Sardar Gurnam Singh is the most appropriate person for this purpose.) (*Interruptions*)

ਸਰਦਾਰ ਗੁਰਨਾਮ ਸਿੰਘ : ਮੈਂ ਤਾਂ ਇਨ੍ਹਾਂ ਨੂੰ ਜੂਸ ਪਿਆ ਦਿਆਂਗਾ......(ਵਿਘਨ) ।

ਸਰਦਾਰ ਕਿਰਪਾਲ ਸਿੰਘ : ਇਹ ਮਾਮਲਾ ਅੱਗੇ ਹੀ ਬਹੁਤ ਲੇਟ ਹੋ ਗਿਆ ਹੈ ਅਤੇ ਸੈਂਟਰਲ ਗੌਰਮਿੰਟ ਇਸ ਵਲੋਂ ਬਹੁਤ ਹੀ ਬੇਧਿਆਨ ਹੈ । ਇਸ ਦੇ ਨਾਲ ਹੀ ਸਾਡੇ ਹਾਊਸ ਦੇ ਸਾਰੇ ਮੈਂਬਰਾਂ ਦੀ ਇਹ ਖ਼ਾਹਿਸ਼ ਹੈ ਕਿ ਇਹ ਪਰਾਜੈਕਟ ਜਲਦੀ ਤੋਂ ਜਲਦੀ ਬਣਨਾ ਚਾਹੀਦਾ ਹੈ । ਕੀ ਪੰਜਾਬ ਗੌਰਮਿੰਟ ਸੈਂਟਰ ਦੀ ਸਰਕਾਰ ਪਾਸ ਪੁਰ ਅਸਰ ਪ੍ਰੋਟੈਸਟ ਕਰਨ ਲਈ ਤਿਆਰ ਹੈ ਕਿਉਂਕਿ ਸਾਰੇ ਪ੍ਰਦੇਸ਼ ਦੀਆਂ ਖੇਤੀਆਂ ਸੜ ਰਹੀਆਂ ਹਨ ਅਤੇ ਪ੍ਰਦੇਸ਼ ਦੀ ਅਕਾਨਮੀ ਦਾ ਨੁਕਸਾਨ ਹੋ ਰਿਹਾ ਹੈ ?......(ਵਿਘਨ)

ਮੰਤਰੀ : ਮੈਨੂੰ ਤਾਂ ਕੋਈ ਇਤਰਾਜ਼ ਨਹੀਂ, ਪਰ ਇਹ ਮਾਮਲਾ 1960 ਤੋਂ ਚਲ ਰਿਹਾ ਹੈ । ਲੇਕਿਨ ਹੁਣ ਇਹ ਬੜੀ ਤੇਜ਼ੀ ਨਾਲ ਚਲ ਰਿਹਾ ਹੈ । ਇਸ ਦੇ ਇਲਾਵਾ ਡਾਕਟਰ ਰਾਓ ਨੇ ਵੀ

Original with;
Punjab Vidhan Sabha
Digitized by;
Panjab Digital Library

[ਸਿੰਜਾਈ ਅਤੇ ਬਿਜਲੀ ਮੰਤਰੀ]

ਕਿਹਾ ਹੈ ਕਿ ਹੁਣ ਇਸ ਦੀ ਇਜਾਜ਼ਤ ਜਲਦੀ ਤੋਂ ਜਲਦੀ ਦੇ ਦਿਆਂਗੇ......(ਵਿਘਨ) ਇਹ ਜਿਹੜਾ ਸਾਡੇ ਐਕਸ ਚੀਫ਼ ਮਨਿਸਟਰ ਸਾਹਿਬ ਨੇ ਵਰਤ ਬਾਰੇ ਕਿਹਾ ਹੈ, ਮੈਂ ਅਰਜ਼ ਕਰਾਂ ਕਿ 'ਜਿਧਰ ਗਿਆ ਬਾਣੀਆ, ਉਧਰ ਗਿਆ ਬਾਜ਼ਾਰ''...... (ਵਿਘਨ) ।

ਚੌਧਰੀ ਬਲਬੀਰ ਸਿੰਘ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਬਦਲੇ ਹੋਏ ਹਾਲਾਤ ਕਿਹਾ ਹੈ ਕੀ ਇਹ ਸਾਰਾ ਕੰਮ ਇਥੇ ਮਾਵਾਂ ਧੀਆਂ ਵਿੱਚ ਹੀ ਤਾਂ ਨਹੀਂ ਰਹਿ ਜਾਏਗਾ ?

(ਕੋਈ ਉਤਰ ਨਾ ਆਇਆ).

ਸਰਦਾਰ ਦਲੀਪ ਸਿੰਘ ਪਾਂਧੀ : ਵਜ਼ੀਰ ਸਾਹਿਬ ਨੇ ਫ਼ਰਮਾਇਆ ਹੈ ਕਿ ਥੀਨ ਡੈਮ ਪੰਜਾਬ ਦੀ ਜ਼ਿੰਦਗੀ ਅਤੇ ਮੌਤ ਦਾ ਸੁਆਲ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਹਾਊਸ ਵਿੱਚ ਇਕ ਰੈਜ਼ੋਲਿਊਸ਼ਨ ਪਾਸ ਕਰਾਕੇ ਸੈਂਟਰਲ ਗੌਰਮਿੰਟ ਨੂੰ ਭੇਜਣ ਲਈ ਤਿਆਰ ਹਨ ਕਿ ਇਹ ਡੈਮ ਛੇਤੀ ਤੋਂ ਛੇਤੀ ਬਣਾਇਆ ਜਾਵੇ ? (ਵਿਘਨ)

(ਕੋਈ ਉਤਰ ਨਾ ਆਇਆ) ।

SETTING UP A TUBE-WELL CORPORATION IN THE STATE

*1964 (1) **Sardar Darshan Singh K.P.**
(2) **Shri Sardari Lal Kapur**
(3) **Bhagat Guran Dass Hans**
(4) **Doctor Sadhu Ram**

Will the Minister for Irrigation and Power be pleased to state: —

(a) whether the Government has decided to set up a Tube-well Corporation with a view to increasing the irrigation potential in the State;

(b) if the reply to part (a)above be in the affirmative, whether a survey of the tubewell potential in the entire State has been carried out ; if so, the result thereof ?

ਸਰਦਾਰ ਸੋਹਣ ਸਿੰਘ ਬਾਸੀ : (ੳ) ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

(ਅ) ਨਹੀਂ ਜੀ ।

[(a) The matter is under consideration of Government .
(b) No.]

ਸਰਦਾਰ ਦਲੀਪ ਸਿੰਘ ਪਾਂਧੀ : ਗੋਬਿੰਦ ਸਾਗਰ ਵਿੱਚ ਪਾਣੀ ਪੂਰਾ ਨਹੀਂ ਹੈ ਜਿਸ ਨਾਲ ਬਿਜਲੀ ਦੀ ਸਪਲਾਈ ਫੇਲ੍ਹ ਹੋਈ ਹੈ । ਕੀ ਇਸ ਗੱਲ ਨੂੰ ਦੇਖਦੇ ਹੋਏ ਇਹ ਟਿਊਬਵੈਲ ਸਿਸਟਮ ਨੂੰ ਚਾ ਕਰਨਗੇ ? (ਵਿਘਨ) ਟਿਊਬਵੈਲਜ਼ ਨੂੰ ਬਿਜਲੀ ਦੇਣ ਲਈ ਬਿਜਲੀ ਨਹੀਂ ਹੈ, ਸਾਰੀ ਬਿਜਲੀ ਸੈਂਟਰਲ ਗੌਰਮਿੰਟ ਲੈ ਗਈ ਹੈ । ਕੀ ਇਹ ਬਿਜਲੀ ਦਾ ਇੰਤਜ਼ਾਮ ਕਰਨਗੇ ?

(No reply)

Dr. Amir Singh Kalkat: Sir, I have stood many times to catch your eye for putting supplementary question, but I have not been given the time for that and I must protest against this. I stage a walk out.

Original with;
Punjab Vidhan Sabha
Digitized by;
Panjab Digital Library

Mr. Speaker: I am very sorry the hon. Member could not catch my eye.

(*At this stage Dr. Amir Singh Kalkat started walking out but was prevented by Sardar Umrao Singh*)

Mr. Speaker: Dr. Amir Singh Kalkat.

ਸਰਦਾਰ ਗੁਰਨਾਮ ਸਿੰਘ : ਇਸ ਦਾ ਮਤਲਬ ਹੈ ਕਿ ਜਿਹੜਾ ਮੈਂਬਰ ਵਾਕ ਆਊਟ ਕਰੇਗਾ ਆਪ ਉਸ ਨੂੰ ਇਜਾਜ਼ਤ ਦਿਉਗੇ । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਕੀ ਪੰਜਾਬ ਦੇ ਅਜਿਹੇ ਇਲਾਕਿਆਂ ਲਈ ਜਿੱਥੇ ਕਿ ਵਾਟਰ ਲੇਬਲ ਲੋ ਹੋਵੇ ਸਰਕਾਰ ਕਾਰਪੋਰੇਸ਼ਨ ਬਣਾ ਕੇ ਜ਼ਿਮੀਂਦਾਰਾਂ ਨੂੰ ਟਿਊਬਵੈਲ ਲਾਉਣ ਵਿੱਚ ਮਦਦ ਦੇਣ ਲਈ ਪ੍ਰਾਇਰਟੀ ਦੇਵੇਗੀ ?

ਮੰਤਰੀ : ਇਸ ਬਾਰੇ ਜ਼ਰੂਰ ਸੋਚਿਆ ਜਾਵੇਗਾ ।

ਸ਼੍ਰੀ ਗਿਆਨ ਚੰਦ ਖਰਬੰਦਾ : ਬਿਜਲੀ ਦੀ ਕਮੀ ਕਰਕੇ ਇਰੀਗੇਸ਼ਨ ਤੇ ਜੋ ਬੁਰਾ ਅਸਰ ਪੈ ਰਿਹਾ ਹੈ ਕੀ ਸਰਕਾਰ ਇਸ ਸਬੰਧ ਵਿੱਚ ਸਕੀਮ ਬਣਾ ਰਹੀ ਹੈ ਜਾਂ ਕਿਸੇ ਸਕੀਮ ਤੇ ਵਿਚਾਰ ਕਰ ਰਹੀ ਹੈ ?

(ਮੰਤਰੀ ਸਾਹਿਬ ਦੇ ਕਹਿਣ ਤੇ ਮੈਂਬਰ ਸਾਹਿਬ ਨੇ ਸਵਾਲ ਦੋਬਾਰਾ ਕੀਤਾ)

ਮੰਤਰੀ : ਬਿਜਲੀ ਬਣਾਉਣ ਦਾ ਸਿਰਫ ਇਕ ਹੀ ਤਰੀਕਾ ਨਹੀਂ; ਜਾਂ ਤਾਂ ਕੋਇਲੇ ਨਾਲ ਬਿਜਲੀ ਪੈਦਾ ਕਰੀਏ ਜਾਂ ਫਿਰ ਹਾਈਡਰਇਲੈਕਟ੍ਰਿਕ ਬਿਜਲੀ ਲਈ ਵੱਡੇ ਵੱਡੇ ਪ੍ਰਾਜੈਕਟ ਬਣਾਉਣੇ ਪੈਂਦੇ ਹਨ । ਇਸ ਕਰਕੇ ਡੀਜ਼ਲ ਜੈਨਰੇਟਿੰਗ ਸੈਟਸ ਲਾਉਣ ਦੀ ਕੋਸ਼ਿਸ਼ ਕਰ ਰਹੇ ਹਾਂ । ਇਸ ਤਰੀਕੇ ਨਾਲ ਹੀ ਇਹ ਬਿਜਲੀ ਦੀ ਕਮੀ ਜਲਦੀ ਦੂਰ ਹੋ ਸਕਦੀ ਹੈ ।

ਸਾਥੀ ਰੂਪ ਲਾਲ : ਜਦ ਆਪ ਨੂੰ ਪਤਾ ਸੀ ਕਿ 3–4 ਮਹੀਨੇ ਤੋਂ ਪਾਣੀ ਦੀ ਕਮੀ ਚਲੀ ਆ ਰਹੀ ਹੈ ਅਤੇ ਇਸ ਨਾਲ ਬਿਜਲੀ ਦੀ ਕਮੀ ਹੋ ਜਾਵੇਗੀ ਤਾਂ ਇਸ ਦੌਰਾਨ ਆਪ ਨੇ ਹਰਿਆਣੇ ਦੀ ਤਰ੍ਹਾਂ ਡੀਜ਼ਲ ਸੈਟਸ ਲਾਉਣ ਦਾ ਪਰਬੰਧ ਕਿਉਂ ਨਾ ਕੀਤਾ ? ਤੁਸੀਂ ਵਜ਼ੀਰੀਆਂ ਦੀ ਭੁਖ ਵਿੱਚ ਵਕਤ ਗੁਜ਼ਾਰ ਦਿੱਤਾ । ਇਸ ਨੁਕਸਾਨ ਦੀ ਜ਼ਿੰਮੇਦਾਰੀ ਆਪ ਤੇ ਪੈਂਦੀ ਹੈ, ਕੀ ਤੁਸੀਂ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਤਿਆਰ ਹੋ ? (ਵਿਘਨ)

ਮੰਤਰੀ : ਅੱਜ 9 ਮਹੀਨੇ ਹੋ ਗਏ ਹਨ ਸਾਨੂੰ ਬਾਹਰੋਂ ਡੀਜ਼ਲ ਜੈਨਰੇਟਿੰਗ ਸੈਟਸ ਇਮਪੋਰਟ ਕਰਨ ਦੀ ਕੋਸ਼ਿਸ਼ ਕਰਦਿਆਂ ਨੂੰ । ਇਹ ਇਕ ਦੋ ਮਹੀਨਿਆਂ ਵਿੱਚ ਤਾਂ ਆ ਨਹੀਂ ਜਾਂਦੇ । ਇਸ ਲਈ ਇਮਪੋਰਟ ਲਾਇਸੈਂਸ ਲੈਣਾ ਹੁੰਦਾ ਹੈ, ਫਿਰ ਫਾਰੇਨ ਐਕਸਚੇਂਜ ਦਾ ਵੀ ਸਵਾਲ ਹੁੰਦਾ ਹੈ । ਇਹ ਸੈਂਟਰਲ ਗੌਰਮਿੰਟ ਦੇ ਇਖਤਿਆਰ ਦੀ ਗੱਲ ਹੈ । ਇਨ੍ਹਾਂ ਗੱਲਾਂ ਵਿੱਚ ਟਾਈਮ ਲਗਦਾ ਹੈ, ਸਾਡੀ ਜੇਬ੍ਹ ਵਿੱਚ ਤਾਂ ਹੈ ਨਹੀਂ ਕਿ ਲਾ ਦਈਏ । ਅਸੀਂ ਜਲਦੀ ਤੋਂ ਜਲਦੀ ਕਰਨ ਲਈ ਹਰ ਮੁਮਕਿਨ ਕੋਸ਼ਿਸ਼ ਕਰ ਰਹੇ ਹਾਂ ।

ਭਗਤ ਗੁਰਾਂਦਾਸ ਹੰਸ : ਪਹਿਲਾਂ ਹੁਸ਼ਿਆਰਪੁਰ ਵਿਚ ਬਿਜਲੀ ਦੇ ਇੰਜਨ ਚਲਦੇ ਸਨ । ਦੂਜੀ ਬਿਜਲੀ ਆਉਣ ਨਾਲ ਉਹ ਬੰਦ ਕਰ ਦਿੱਤੇ ਗਏ ਅਤੇ ਉਹ ਉਥੇ ਹੀ ਪਏ ਹਨ । ਹੁਣ ਜਦ ਕਿ ਬਿਜਲੀ ਦੀ ਕਮੀ ਹੈ ਤਾਂ ਕੀ ਸਰਕਾਰ ਉਨ੍ਹਾਂ ਨੂੰ ਚਲਾਉਣ ਦਾ ਇਰਾਦਾ ਰਖਦੀ ਹੈ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਉਹ ਜੈਨਰੇਟਿੰਗ ਸੈਟਸ ਬਹੁਤ ਛੋਟੇ ਹਨ ਅਤੇ ਉਨ੍ਹਾਂ ਨੂੰ ਰੀਪੇਅਰ ਦੀ ਲੋੜ ਹੈ, ਇਸ ਕਰਕੇ ਉਹ ਚਾਲੂ ਨਹੀਂ ਹੋ ਸਕਦੇ ।

ਸਰਦਾਰ ਕਿਰਪਾਲ ਸਿੰਘ : ਜਿਨ੍ਹਾਂ ਇਲਾਕਿਆਂ ਵਿੱਚ ਪਾਣੀ ਦੀ ਕਮੀ ਹੈ ਕੀ ਸਰਕਾਰ ਉਥੇ ਡੀਜ਼ਲ ਇੰਜਨ ਲਾ ਕੇ ਉਨ੍ਹਾਂ ਲੋਕਾਂ ਨੂੰ ਸਹੀ ਤੌਰ ਤੇ ਪਾਣੀ ਦੇਣ ਦੀ ਸਕੀਮ ਬਣਾਉਣ ਲਈ ਸੋਚੇਗੀ ?

ਮੰਤਰੀ : ਇਹੀ ਸੋਚ ਰਹੇ ਹਾਂ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਕਈ ਇਲਾਕਿਆਂ ਵਿੱਚ 3 ਮਹੀਨੇ ਤੋਂ ਬਿਜਲੀ ਨਹੀਂ ਗਈ ਅਤੇ ਇਸ ਕਰਕੇ ਕਿਸਾਨਾਂ ਦਾ ਨੁਕਸਾਨ ਹੋ ਰਿਹਾ ਹੈ । ਫਿਰ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਤੋਂ ਬਿਲ ਵਸੂਲ ਕੀਤੇ ਜਾ ਰਹੇ ਹਨ । ਕੀ ਇਹ ਪੈਸਾ ਉਨਾਂ ਲੋਕਾਂ ਨੂੰ ਵਾਪਸ ਦਿੱਤਾ ਜਾਵੇਗਾ ?

(ਕੋਈ ਜਵਾਬ ਨਾ ਦਿੱਤਾ ਗਿਆ) ।

चौधरी बलबीर सिंह : जो ट्यूबवैल इस वक्त तक लग चुके हैं लेकिन बिजली की कमी के कारण चालू नहीं हो सके, क्या उनके लिये डीज़ल इंजनों का इन्तजाम करके उनको चालू करने की कोशिश करेंगे ?

(उत्तर नहीं आया)

ਕਾਮਰੇਡ ਦਰਸ਼ਨ ਸਿੰਘ ਝਬਾਲ: ਮੇਰੇ ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

ਮੰਤਰੀ : ਕੀ ਜਵਾਬ ਦੇ ਸਕਦੇ ਹਾਂ । ਕੀ ਮੁਆਵਜ਼ਾ ਦੇ ਸਕਦੇ ਹਾਂ । ਬਾਰਿਸ਼ ਨਹੀਂ ਹੋਈ, ਪਾਣੀ ਦੀ ਕਮੀ ਹੋ ਗਈ (ਵਿਘਨ) ਇਹ ਬੀਯੌਂਡ ਹਯੂਮਨ ਕੰਟਰੋਲ ਹੈ । (ਵਿਘਨ) ਅਸੀਂ ਤਾਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਜਿਨ੍ਹਾਂ ਨੇ ਫ਼ਸਲ ਬੀਜਣੀ ਹੈ ਸੋਚ ਸਮਝ ਕੇ ਬੀਜਣ, ਪਾਣੀ ਦੀ ਕੋਈ ਉਮੀਦ ਨਹੀਂ ਹੈ ।

ਸਰਦਾਰ ਗੁਰਮੇਜ ਸਿੰਘ: ਸਪੀਕਰ ਸਾਹਿਬ, ਮੈਂ ਆਪ ਦੇ ਜ਼ਰੀਏ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਬਿਜਲੀ ਬੋਰਡ ਨੇ ਇਕ ਫਲੈਟ ਰੇਟ ਮੁਕੱਰਰ ਕੀਤਾ ਹੋਇਆ ਹੈ । ਅਗਰ ਬਿਜਲੀ ਦੀ ਸਪਲਾਈ ਪੂਰੀ ਨਾ ਹੋਵੇ ਤਾਂ ਕੀ ਜ਼ਿਮੀਂਦਾਰਾਂ ਨੂੰ ਛੋਟ ਦਿਉਗੇ ?

ਸ਼੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਬਿਜਲੀ ਦੇ ਸੰਕਟ ਬਾਰੇ ਇਕ ਐਡਜਰਨਮੈਂਟ ਮੋਸ਼ਨ ਆ ਰਹੀ ਹੈ ਜਿਸ ਤੇ ਡਿਸਕਸ਼ਨ ਹੋਵੇਗੀ । ਉਸ ਵਿੱਚ ਆਪ ਵਿਸਥਾਰ ਨਾਲ ਸੁਝਾਓ ਲੈ ਆਉਣਾ ਅਤੇ ਸਰਕਾਰ ਦਾ ਜਵਾਬ ਵੀ ਆ ਜਾਵੇਗਾ । ਇਸ ਤਰ੍ਹਾਂ ਵਧ ਸਵਾਲ ਡੀਲ ਕਰ ਸਕਾਂਗੇ । (I would like to point out that an Adjournment Motion about the scarcity of Power is to be discussed in the House. The hon. Members can then deal with these matters in detail and the reply from the Government will also come. In this way the House can cover more questions).

Original with;
Punjab Vidhan Sabha
Digitized by;
Panjab Digital Library

चौधरी बलबीर सिंह : क्या वज़ीर साहिब बतायेंगे कि जो ट्यूबवैल सरकार ने खुद लगाए हैं मगर बिजली की कमी के कारण चालू नहीं किये जा सके क्या सरकार उनके लिये बिजली का प्रबन्ध करने के लिये डीज़ल इंजन लगाएगी ?

ਮੰਤਰੀ : ਜਿਹੜੇ ਸਰਕਾਰ ਦੇ ਟਿਊਬਵੈਲ ਹਨ ਉਨ੍ਹਾਂ ਤੇ ਅਗਰ ਡੀਜ਼ਲ ਸੈਟ ਲਾਉਣੇ ਪਏ ਤਾਂ ਉਹ ਅਸੀਂ ਲਾਵਾਂਗੇ । ਇਸ ਸਿਲਸਿਲੇ ਵਿੱਚ ਅਗਰ ਕੋਈ ਆਦਮੀ ਤਕਾਵੀ ਲੈਣਾ ਚਾਹੇਗਾ ਤਾਂ ਉਸ ਨੂੰ ਸਰਕਾਰ ਪੈਸਾ ਦੇਵੇਗੀ ।

REPRESENTATION FROM THE FARMERS OF VILLAGE, KHALRA AND DODE DISTRICT AMRITSAR REGARDING BETTERMENT LEVY

*2016 **Sardar Kirpal Singh :** Will the Minister for Irrigation and Power with reference to the reply to Unstarred Question No. 326 included in the list of Unstarred Questions for 6th November, 1969 be pleased to state ;

(a) whether the matter which , according to part (d) of the said reply, was under investigation by the Superintending Enginee Upper Bari Doab Canal Circle has since been investigated; if so, with what results;

(b) the final decision taken by the Government in this case ?

ਸਰਦਾਰ ਸੋਹਣ ਸਿੰਘ ਬਾਸੀ ; (ੲ) ਹਾਂ ਜੀ, ਪਰਚਲਤ ਰੂਲਾਂ ਦੇ ਅਨੁਸਾਰ ਨਿਰਧਾਰਨ ਠੀਕ ਹੈ ।

(ਬੀ) ਸਵਾਲ ਪਦਾ ਨਹੀਂ ਹੁੰਦਾ ।

[(a) Yes, the assessment as made is correct according to the rules in force.

(b) Question does not arise .]

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ) ਕੀ ਵਜ਼ੀਰ ਸਾਹਿਬ ਦਸਣਗੇ ਕਿ ਇਹ ਜੋ ਓਨਰਜ਼ ਰੇਟ ਖਾਲੜਾ, ਦੋਦੇ ਜਲਸੀਆਂ ਖੁਰਦ ਆਦਿ ਪਿੰਡਾਂ ਵਿੱਚ ਲਾਇਆ ਗਿਆ ਹੈ ਉਸ ਆਰਡਰ ਦੇ ਅਧੀਨ ਲਾਇਆ ਗਿਆ ਹੈ ਜਿਸ ਵਿੱਚ ਇਹ ਸੀ ਕਿ ਇਸ ਮਾਈਨਰ ਦੇ ਤਹਿਤ ਜਿਨਾਂ ਪਿੰਡਾਂ ਨੂੰ ਪਾਣੀ ਮਿਲੇਗਾ ਉਨ੍ਹਾਂ ਤੇ ਇਹ ਲਗੇਗਾ, ਜਿਨ੍ਹਾਂ ਵਲੋਂ ਕਿ ਇਸ ਸਿਲਸਿਲੇ ਵਿੱਚ ਅਰਜ਼ਦਾਸਤ ਕੀਤੀ ਗਈ ? ਉਨ੍ਹਾਂ ਨੂੰ ਤਾਂ ਪਾਣੀ1948–49 ਤੋਂ ਮਿਲ ਰਿਹਾ ਹੈ । ਉਨ੍ਹਾਂ ਲੋਕਾਂ ਵਲੋਂ ਜੋ ਅਰਜ਼ਦਾਸ਼ਤ ਆਈ ਸੀ ਕੀ ਉਸ ਬਾਰੇ ਡਿਪਾਰਟਮੈਂਟ ਤੋਂ ਡੀਟੇਲਡ ਰਿਪੋਰਟ ਆਈ ਹੈ ਅਤੇ ਕੀ ਇਹ ਇਸ ਦਾ ਜਵਾਬ ਦੇਣ ਦੀ ਪੋਜ਼ੀਸ਼ਨ ਵਿੱਚ ਹਨ । ਕਿਉਂ ਕਿ ਇਹ ਜੋ ਟੈਕਸ ਉਨ੍ਹਾਂ ਲੋਕਾਂ ਤੇ ਲਾਇਆ ਗਿਆ ਸੀ ਇਹ 1959 ਦੀ ਨੋਟੀਫਿਕੇਸ਼ਨ ਦੇ ਮੁਤਾਬਿਕ ਲਾਇਆ ਗਿਆ ਸੀ ਕਿ ਇਹ ਉਨ੍ਹਾਂ ਮਾਈਨਰਜ਼ ਤੇ ਲਗੇਗਾ ਜਿਨ੍ਹਾਂ ਦਾ ਉਸ ਨੋਟੀਫਿਕੇਸ਼ਨ ਵਿੱਚ ਜ਼ਿਕਰ ਕੀਤਾ ਗਿਆ ਹੈ, ਜਦ ਕਿ ਉਹ ਪਾਣੀ 1949 ਤੋਂ ਉਨ੍ਹਾਂ ਨੂੰ ਮਿਲ ਰਿਹਾ ਹੈ । ਇਹ ਫਰਕ ਹੈ । ਕਿੰਨੀ ਬਾਰ ਹੀ ਸਵਾਲ ਨੂੰ ਦੁਹਰਾਣ ਦੇ ਬਾਵਜੂਦ ਇਨ੍ਹਾਂ ਨੇ ਇਸ ਦਾ ਜਵਾਬ ਨਹੀਂ ਦਿੱਤਾ ।

ਮੰਤਰੀ : ਜਵਾਬ ਤਾਂ ਬਿਲਕੁਲ ਠੀਕ ਦਿੱਤਾ ਗਿਆ ਹੈ । (ਵਿਘਨ)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਹਾਲਾਤ ਦੇ ਅਨੁਸਾਰ ਜਵਾਬ ਨਹੀਂ ਦਿਤਾ । ਇਨ੍ਹਾਂ ਨੇ ਸਵਾਲ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ । ਇਹ ਜਿਹੜਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਵਾਟਰ ਐਡਵਾਂਟੇਜ ਰੇਟ ਹੈ ਇਸ ਦੇ ਬਾਰੇ ਵਿੱਚ ਨੋਟੀਫਿਕੇਸ਼ਨ 1954-55 ਵਿੱਚ ਹੋਇਆ ਸੀ ਅਤੇ ਉਸ ਵਿੱਚ ਖਾਸ ਰਾਜਬਾਹ ਅਤੇ ਮਾਈਨਰ ਦਾ ਜ਼ਿਕਰ ਸੀ ਕਿ ਉਨ੍ਹਾਂ ਤੋਂ ਜਿਹੜੇ ਪਿੰਡ ਪਾਣੀ ਲੈਣਗੇ ਉਨ੍ਹਾਂ ਤੇ ਇਹ ਰੇਟ ਲਗਾਇਆ ਜਾਵੇਗਾ ਪਰ ਜਿਨ੍ਹਾਂ ਪਿੰਡਾਂ ਦਾ ਮੇਰੇ ਪਿਛਲੇ ਸਵਾਲ ਨੰ: 326 ਵਿੱਚ ਜ਼ਿਕਰ ਸੀ ਉਨ੍ਹਾਂ ਨੂੰ ਤਾਂ ਪਾਣੀ ਇਸ ਨੋਟੀਫਿਕੇਸ਼ਨ ਤੋਂ ਪੰਜ ਸਾਲ ਪਹਿਲਾਂ ਤੋਂ ਮਿਲ ਰਿਹਾ ਸੀ ਪਰ ਇਹ ਕਿਸ ਤਰ੍ਹਾਂ ਕਹਿ ਸਕਦੇ ਹਨ ਆਪਣੇ ਇਸ ਜਵਾਬ ਵਿੱਚ ਕਿ ਅਸੈਸਮੈਂਟ ਪਰਚਲਤ ਰੂਲਾਂ ਅਨੁਸਾਰ ਨਿਰਧਾਰਤ ਕੀਤੀ ਗਈ ਹੈ, ਇਸ ਦੀ ਕੀ ਵਜ਼ੀਰ ਸਾਹਿਬ ਵਜ਼ਾਹਿਤ ਕਰਨਗੇ ?

ਮੰਤਰੀ : ਪਾਣੀ ਜ਼ਿਆਦਾ ਮਿਲਣ ਕਾਰਨ ਜ਼ਮੀਨ ਦੀ ਵੈਲਯੂ ਵਧ ਜਾਂਦੀ ਹੈ ਇਸ ਲਈ ਟੈਕਸ ਵੱਧ ਲਗਾਇਆ ਜਾਂਦਾ ਹੈ । (ਵਿਘਨ)

ਸਰਦਾਰ ਕਿਰਪਾਲ ਸਿੰਘ : ਪਰ ਨੋਟੀਫਿਕੇਸ਼ਨ ਵਿੱਚ ਤਾਂ ਕਿਤੇ, ਇਨ੍ਹਾਂ ਪਿੰਡਾਂ ਦਾ ਜ਼ਿਕਰ ਨਹੀਂ ਸੀ । ਇਹ ਠੀਕ ਜਵਾਬ ਨਹੀਂ ਦੇ ਰਹੇ ਸਪੀਕਰ ਸਾਹਿਬ, ਤੁਸੀਂ ਆਪ ਹੀ ਇਨ੍ਹਾਂ ਪਾਸੋਂ ਸਹੀ ਇਨਫ਼ਰਮੇਸ਼ਨ ਲੈ ਕੇ ਦਿਉ । (ਵਿਘਨ)

ਸ੍ਰੀ ਸਪੀਕਰ : ਮੈਂ ਮਨਿਸਟਰ ਸਾਹਿਬ ਪਾਸ ਬੇਨਤੀ ਕਰਾਂਗਾ ਕਿ ਜਿਹੜੀਆਂ ਡੀਟੇਲਜ਼ ਆਨਰੇਬਲ ਮੈਂਬਰ ਨੇ ਮੰਗੀਆਂ ਹਨ ਉਨ੍ਹਾਂ ਦੀ ਰੋਸ਼ਨੀ ਵਿੱਚ ਤੁਸੀਂ ਆਪਣੇ ਮਹਿਕਮੇ ਤੋਂ ਜਵਾਬ ਮੰਗਵਾ ਦਿਓ ਕਿ ਕੀ ਬੈਟਰਮੈਂਟ ਲੈਵੀ ਲਾਗੂ ਹੋਣ ਤੋਂ ਪਹਿਲਾਂ ਇਨ੍ਹਾਂ ਪਿੰਡਾਂ ਨੂੰ ਪਾਣੀ ਮਿਲਦਾ ਸੀ ਅਤੇ ਇਹ ਪਿੰਡ ਨੋਟੀਫਿਕੇਸ਼ਨ ਵਿੱਚ ਆਉਂਦੇ ਹਨ ਜਾਂ ਨਹੀਂ, ਇਹ ਜਵਾਬ ਮੰਗਵਾ ਕੇ ਦੇ ਦਿਉ (ਵਿਘਨ)

(I would request the hon. Minister to obtain correct information from his Department about the points raised by the hon. Member viz. whether these villages were getting water before the levy of the betterment levy; and whether these villages were also covered under that notification).

(*Interruption*)

ਮੰਤਰੀ : ਸਪੀਕਰ ਸਾਹਿਬ, ਇਸ ਸਾਰੇ ਸਰਕਲ ਵਿੱਚ ਬੈਟਰਮੈਂਟ ਲੈਵੀ ਤਾਂ ਲਗਦੀ ਹੀ ਨਹੀਂ ਇਹ ਤਾਂ ਭਾਖੜਾ ਕੈਨਾਲਜ਼ ਤੇ ਲਗਦੀ ਹੈ, ਯੂ. ਬੀ. ਡੀ.ਸੀ. ਤੇ ਨਹੀਂ ਲਗਦੀ । (ਵਿਘਨ)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ , ਸੰਨ 1954-55 ਵਿਚ ਨੋਟੀਫਿਕੇਸ਼ਨ ਰਾਹੀਂ $1\frac{1}{2}$ ਰੁਪਏ ਏਕੜ ਦੇ ਹਿਸਾਬ ਨਾਲ ਟੈਕਸ ਲਗਾ ਦਿਤਾ ਗਿਆ ਹਾਲਾਂ ਕਿ ਇਨ੍ਹਾਂ ਪਿੰਡਾਂ ਵਿਚ ਸੰਨ1949 ਵਿਚ ਵੀ ਪਾਣੀ ਮਿਲਦਾ ਸੀ ਅਤੇ ਜਿਸ ਰਾਜਬਾਹ ਅਤੇ ਮਾਈਨਰ ਦਾ ਇਸ ਵਿਚ ਜ਼ਿਕਰ ਹੈ ਉਸ ਤੋਂ ਇਹ ਪਿੰਡ ਸੈਰਾਬ ਨਹੀਂ ਹੁੰਦੇ ਅਤੇ ਫ਼ਿਰ ਜਿਹੜਾ ਪਹਿਲਾ ਰੇਟ ਸੀ $4\frac{1}{2}$ ਰੁ. ਦਾ ਉਹ ਵੀ ਰਹਿਣ ਦਿਤਾ ਗਿਆ ਹੈ ।

ਮੰਤਰੀ: ਨੋਟੀਫਿਕੇਸ਼ਨ ਤਾਂ ਬੜੀ ਕਲੀਅਰ ਹੈ ਕਿ ਰੇਟ ਵਧਾ ਦਿਤਾ ਗਿਆ ਹੈ— ਪੈਰੀਨੀਅਲ ਇਰੀਗੇਸ਼ਨ ਤੇ 3 ਰੁਪਏ ਅਤੇ ਨਾਨ-ਪੈਰੀਨੀਅਲ ਤੇ $1\frac{1}{2}$ ਰੁਪਏ ਏਕੜ ਦੇ ਹਿਸਾਬ ਨਾਲ (ਵਿਘਨ)

ਸ੍ਰੀ ਸਪੀਕਰ : ਆਨਰੇਬਲ ਮੈਂਬਰ ਦੀ ਕਨਟੈਨਸ਼ਨ ਇਹ ਹੈ ਕਿ ਜਿਸ ਰਾਜਬਾਹ ਬਾਰੇ ਨੋਟੀਫਿਕੇਸ਼ਨ ਵਿਚ ਜ਼ਿਕਰ ਕੀਤਾ ਗਿਆ ਹੈ ਉਸ ਵਿਚ ਇਹ ਪਿੰਡ ਨਹੀਂ ਆਉਂਦੇ ਅਤੇ ਇਨ੍ਹਾਂ ਪਿੰਡਾਂ ਤੋਂ ਨਾਜਾਇਜ਼ ਤੌਰ ਤੇ ਵਾਧੂ ਟੈਕਸ ਵਸੂਲ ਕੀਤਾ ਜਾ ਰਿਹਾ ਹੈ। ਇਸ ਲਈ ਮੈਂ ਵਜ਼ੀਰ ਸਾਹਿਬ ਪਾਸ ਫਿਰ ਬੇਨਤੀ ਕਰਾਂਗਾ ਕਿ ਉਹ ਇਸ ਸਾਰੀ ਗਲ ਦੀ ਪੜਤਾਲ ਆਪਣੇ ਮਹਿਕਮੇ ਪਾਸੋਂ ਕਰਵਾ ਲੈਣ

Original with;
Punjab Vidhan Sabha
Digitized by;
Panjab Digital Library

ਅਤੇ ਆਨਰੇਬਲ ਮੈਂਬਰ ਨੂੰ ਜਵਾਬ ਦੇ ਦੇਣ ਤਾਂ ਕਿ ਉਨ੍ਹਾਂ ਦੀ ਤਸੱਲੀ ਹੋ ਜਾਵੇ । (The contention of the hon. Member is that the Rajbah mentioned in the Notification does not cover the villages referred to by him and the tax is being collected illegally. I would, therefore, once again request the hon. Minister to verify the position from his department and a reply sent to the hon. Member so that he may feel satisfied.)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ ,ਇਨ੍ਹਾਂ ਨੇ ਪਹਿਲੇ ਰੇਟ ਨੂੰ ਕੈਂਸਲ ਨਹੀ ਕੀਤਾ ਅਤੇ ਹੋਰ ਡੇਢ ਰੁਪਿਆ ਲਗਾ ਦਿਤਾ ਹੈ । (ਵਿਘਨ)

ਮੰਤਰੀ : ਜਿਸ ਤਰ੍ਹਾਂ ਸਪੀਕਰ ਸਾਹਿਬ ਆਪ ਹੁਕਮ ਕਰੋ ਠੀਕ ਹੈ । ਵੈਸੇ ਇਹ ਅਪਰ ਬਾਰੀ ਦੁਆਬ ਕੈਨਾਲ ਵਿਚ ਐਪਲੀਕੇਬਲ ਟੂ ਆਲ ਹੈ । (ਵਿਘਨ)

ਸ਼੍ਰੀ ਸਪੀਕਰ : ਤੁਸੀਂ ਆਪਣੇ ਮਹਿਕਮੇ ਨੂੰ ਰੈਫਰ ਕਰਕੇ ਠੀਕ ਜਵਾਬ ਆਨਰੇਬਲ ਮੈਂਬਰ ਨੂੰ ਮੰਗਵਾ ਦਿਉ। (Please refer back this question to the department and get a correct reply for the hon. Member.)

ਮੰਤਰੀ : ਨੋਟੀਫਿਕੇਸ਼ਨ ਬਾਰੇ ਤਾਂ ਸਾਰੀਆਂ ਡੀਟੇਲਜ਼ ਮੇਰੇ ਪਾਸ ਮੌਜੂਦ ਹਨ, and I will give that in writing to the hon. Member.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਹ ਤਿਆਰੀ ਕਰਕੇ ਨਹੀਂ ਆਏ ਅਤੇ ਆਨਰੇਬਲ ਮੈਂਬਰ ਨੂੰ ਸਹੀ ਜਵਾਬ ਨਹੀਂ ਮਿਲ ਰਿਹਾ। ਕੀ ਇਨ੍ਹਾਂ ਦੇ ਮਹਿਕਮੇ ਦੀ ਇਹ ਇਨਐਫੀਸ਼ੈਂਸੀ ਨਹੀਂ ਕਿ ਜਵਾਬ ਸਹੀ ਨਹੀਂ ਦਿਤਾ ਜਾ ਰਿਹਾ ?(ਵਿਘਨ)

ਸਰਦਾਰ ਕਿਰਪਾਲ ਸਿੰਘ : ਮੇਰੇ ਸਵਾਲ ਦਾ ਜਵਾਬ ਕਲੀਅਰ ਨਹੀਂ ਹੋਇਆ, ਸਪੀਕਰ ਸਾਹਿਬ । ਇਹ ਤਾਂ ਉਲਝ ਕੇ ਰਹਿ ਗਏ । ਸਵਾਲ ਬਿਲਕੁਲ ਸਪਸ਼ਟ ਸੀ ਕਿ ਨੋਟੀਫਿਕੇਸ਼ਨ 1954–55 ਵਿਚ ਕੀਤੀ ਗਈ ਅਤੇ ਉਸ ਵਿਚ ਰਾਜਬਾਹ ਅਤੇ ਮਾਈਨਰ ਦਾ ਜ਼ਿਕਰ ਸੀ ਅਤੇ ਉਸ ਵਿਚ ਇਹ ਪਿੰਡ ਸ਼ਾਮਲ ਨਹੀਂ ਸਨ ? (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ: ਜਵਾਬ ਤਾਂ ਰੈਲੇਵੈਂਟ ਦੇਣਾ ਚਾਹੀਦਾ ਸੀ ਜਿਹੜਾ ਕਿ ਨਹੀਂ ਦਿਤਾ ਗਿਆ । (ਵਿਘਨ)

Minister: Sir, whatever it is ,it is a correct reply. I can give guarantee. I have myself consulted all the (books) relevant records. Whatever is being said by the hon. Member, is all humbug.

ਸਰਦਾਰ ਕਿਰਪਾਲ ਸਿੰਘ : ਜਵਾਬ, ਸਪੀਕਰ ਸਾਹਿਬ, ਗਲਤ ਦਿਤਾ ਜਾ ਰਿਹਾ ਹੈ। (ਵਿਘਨ)

ਸਰਦਾਰ ਗੁਰਨਾਮ ਸਿੰਘ : ਸਾਨੂੰ ਤਾਂ ਨਾ ਸਵਾਲ ਦੀ ਸਮਝ ਆ ਰਹੀ ਹੈ ਤੇ ਨਾ ਹੀ ਜਵਾਬ ਦੀ (ਹਾਸਾ)

ਸਰਦਾਰ ਕਿਰਪਾਲ ਸਿੰਘ : ਤੁਹਾਡੇ ਪਾਸ ਡੀਟੇਲਜ਼ ਤਾਂ ਹੈ ਨਹੀਂ । ਜਵਾਬ ਸਹੀ ਨਹੀਂ ਆ ਰਿਹਾ । (ਵਿਘਨ)

Original with;
Punjab Vidhan Sabha
Digitized by;
Panjab Digital Library

ਮੰਤਰੀ : ਮੇਰੇ ਪਾਸ ਸਾਰੀਆਂ ਡੀਟੇਲਜ਼ ਹਨ ਜਿਹੜਾ ਜਿਹੜਾ ਸਵਾਲ ਪੁਛੋ ਮੈਂ ਤੁਹਾਨੂੰ ਜਵਾਬ ਦੇਣ ਨੂੰ ਤਿਆਰ ਹਾਂ । I am prepared to satisfy everybody and even the hon. Member.

Mr. Speaker: I would request the hon. Minister to kindly address the Chair and not the hon. Member(s).

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਬੈਟਰ-ਮੈਂਟ ਲੇਵੀ ਤਾਂ 1967 ਵਿਚ ਮਾਫ਼ ਕਰ ਦਿਤੀ ਗਈ ਸੀ ਤਾਂ ਕੀ ਹੁਣ ਵੀ ਇਸ ਨੂੰ ਉਗਰਾਹਿਆ ਜਾ ਰਿਹਾ ਹੈ ?

ਮੰਤਰੀ : ਨਹੀਂ ਜੀ, ਹੁਣ ਨਹੀਂ ਉਗਰਾਹਿਆ ਜਾ ਰਿਹਾ ।

ਸ੍ਰੀ ਸਪੀਕਰ : ਤੁਸੀਂ ਵਜ਼ੀਰ ਸਾਹਿਬ ਇਸ ਨੂੰ ਦੁਬਾਰਾ ਐਗਜ਼ਾਮਿਨ ਕਰਵਾ ਲਉ । (I would request the hon. Minister to get it re-examined.)

ਮੰਤਰੀ : ਜੋ ਕੁਝ, ਸਪੀਕਰ ਸਾਹਿਬ, ਮੈਂ ਕਹਿ ਰਿਹਾ ਹਾਂ ਇਹ ਠੀਕ ਹੈ ।

(ਵਿਘਨ)

ਸ੍ਰੀ ਸਪੀਕਰ : ਜੇਕਰ ਆਨਰੇਬਲ ਮੈਂਬਰ ਇਹ ਸਮਝਦੇ ਹਨ ਕਿ ਜਵਾਬ ਗਲਤ ਆ ਰਿਹਾ ਹੈ ਤਾਂ ਉਸ ਦੇ ਬਾਰੇ ਵਿਚ ਪਰੋਸੀਜਰ ਦਿਤਾ ਹੋਇਆ ਹੈ। He may follow that procedure (If the hon. Member feels that a wrong reply is being given then there is a set procedure to cope with that situation He may follow that procedure.)

COMPLAINT FROM TEJA SINGH AND OTHER RESIDENTS OF VILLAGE UBOKA DISTT. AMRITSAR

*2017 **Sardar Kirpal Singh** : Will the Minister for Irrigation and Power with reference to part (b) of the reply to starred question No.139 appearing in the Punjab Vidhan Sabha debate dated 1st April, 1969 be pleased to state:—

(a) whether the Deputy Commissioner had complied with the orders regarding the digging of the concerned drain during the stipulated period; if so, when; if not, the reasons therefor ;

(b) the action being taken or proposed to be taken by the Government in connection with the digging out of the said drain ?

Sardar Sohan Singh Bassi :(a) The voluntary drain has not been dug so far . The inhabitants of village Bahminiwala are not allowing the digging of the drain, which passes through their village boundary.

(b) As the voluntary drain is to be dug by the Civil Authorities the Deputy Commissioner has been persuading Zamindars to allow the digging of the drain .

[(ੳ) ਹੁਣ ਤਕ ਵਾਲੰਟਰੀ ਡਰੇਨ ਦੀ ਖੁਦਾਈ ਨਹੀਂ ਹੋਈ । ਪਿੰਡ ਬਹਿਮਨੀਵਾਲਾ ਦੇ ਵਸਨੀਕ ਇਸ ਡਰੇਨ ਦੀ ਖੁਦਾਈ ਦੀ ਇਜਾਜ਼ਤ ਨਹੀਂ ਦਿੰਦੇ, ਜਿਹੜੀ ਕਿ ਉਸ ਪਿੰਡ ਦੀ ਬਾਊਂਡਰੀ ਵਿੱਚੋਂ ਲੰਘਦੀ ਹੈ ।

Original with;
Punjab Vidhan Sabha
Digitized by;
Panjab Digital Library

(ਅ) ਕਿਉਂ ਜੋ ਇਸ ਵਾਲੰਟਰੀ ਡਰੇਨ ਦੀ ਖੁਦਾਈ ਸਿਵਲ ਮਹਿਕਮੇ ਨੇ ਕਰਨੀ ਹੈ ਇਸ ਲਈ ਡਿਪਟੀ ਕਮਿਸ਼ਨਰ ਜ਼ਿਮੀਦਾਰਾਂ ਨੂੰ ਇਸ ਦੀ ਖੁਦਾਈ ਲਈ ਪਰੇਰ ਰਹੇ ਹਨ।]

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਜਿਸ ਸਵਾਲ ਨੰ : 139 ਦਾ ਹਵਾਲਾ ਇਸ ਸਵਾਲ ਵਿਚ ਦਿਤਾ ਗਿਆ ਹੈ, ਉਹ ਸਵਾਲ 1.4.69 ਨੂੰ ਟੇਕ ਅਪ ਕੀਤਾ ਗਿਆ ਸੀ ਅਤੇ ਉਸ ਵਿਚ ਇਹ ਜਵਾਬ ਦਿਤਾ ਗਿਆ ਸੀ ਕਿ ਇਸ ਡਰੇਨ ਦੀ ਖੁਦਾਈ 1969 ਵਿਚ ਹੀ ਖਤਮ ਹੋ ਜਾਵੇਗੀ, ਪਰ ਨਹੀਂ ਹੋਈ ਅਤੇ ਹੁਣ ਹਾਲਤ ਇਹ ਹੈ ਕਿ ਇਹ ਡਰੇਨ ਪਿੰਡ ਉਬੋਕੀ ਤੇ ਜਾ ਕੇ ਖ਼ਤਮ ਹੋ ਜਾਂਦੀ ਹੈ ਤੇ ਅਗਲੇ ਪਿੰਡ ਬਹਿਮਨੀਵਾਲਾ ਦੇ ਵਸਨੀਕ ਡਰੇਨ ਦੀ ਅਗੋਂ ਖੁਦਾਈ ਨੂੰ ਰਜ਼ਿਸਟ ਕਰਦੇ ਹਨ। ਇਸ ਨਾਲ ਪਿੰਡ ਬਰਬਾਦ ਹੋ ਰਹੇ ਹਨ। ਤਾਂ ਕੀ ਸਰਕਾਰ ਉਨ੍ਹਾਂ ਨੂੰ ਆਏ ਸਾਲ ਉਨ੍ਹਾਂ ਦੇ ਹੋਣ ਵਾਲੇ ਨੁਕਸਾਨ ਦਾ ਮੁਆਵਜ਼ਾ ਦੇਣ ਲਈ ਗਰੰਟੀ ਕਰਦੀ ਹੈ ਜਾਂ ਨਹੀ ?

ਮੰਤਰੀ : ਇਹ ਕੰਮ ਫੀਲਡ ਦਾ ਹੈ ਅਤੇ ਡੀ.ਸੀ. ਸਾਹਿਬ ਨੇ ਵਾਲੰਟਰੀ ਲੇਬਰ ਰਾਹੀ ਕਰਵਾਉਣਾ ਹੈ। ਇਸ ਡਰੇਨ ਨੂੰ ਬਹਿਮਨੀਵਾਲਾ ਦੇ ਵਸਨੀਕ ਨਿਕਲਣ ਨਹੀਂ ਦਿੰਦੇ। ਪਿਛਲੇ ਸਾਲ ਵੀ ਅਤੇ ਇਸ ਸਾਲ ਵੀ ਉਨ੍ਹਾਂ ਨੇ ਇਜਾਜ਼ਤ ਨਹੀਂ ਦਿਤੀ, ਇਸ ਲਈ ਇਸ ਡਰੇਨ ਨੂੰ ਅਗਾਂਹ ਨਹੀਂ ਕਢਵਾਇਆ ਜਾ ਸਕਿਆ।

चौधरी बलबीर सिंह : क्या मंत्री महोदय बताएंगे कि इस सिलसिले में जिन गांव में ड्रेन नहीं निकाली जा रही, उनकी जमीन का अगर झगड़ा है तो क्या उस जमीन को ऐक्वायर करने की कार्रवाई पूरी हो गई है, और जो आदमी ड्रेन की खुदाई को रोक रहे हैं क्या उनको हटाने के लिये कोई कार्रवाई सरकार नहीं कर रही ताकि ड्रेन की खुदाई का काम ठीक ढंग से चल सके ?

ਮੰਤਰੀ : ਕਿਉਂਕਿ ਇਹ ਕੰਮ ਵਾਲੰਟਰੀ ਡਰੇਨ ਦਾ ਹੈ ਇਸ ਲਈ ਇਸ ਵਿਚ ਡਰੇਨੇਜ ਡਿਪਾਰਟਮੈਂਟ ਦਾ ਕੰਮ ਨਹੀਂ। ਡੀ.ਸੀ. ਸਾਹਿਬ ਨੇ ਕੰਮ ਕਰਵਾਉਣਾ ਹੁੰਦਾ ਹੈ। ਉਨ੍ਹਾਂ ਨੇ ਇਹ ਲਿਖਿਆ ਹੈ ਕਿ ਅਸੀਂ ਡਰੇਨ ਖੁਦਵਾਉਣ ਲਈ ਕੋਸ਼ਿਸ਼ ਕਰ ਰਹੇ ਹਾਂ ਪਰ ਅਜੇ ਤਕ ਕੋਈ ਕਾਮਯਾਬੀ ਨਹੀਂ ਹੋਈ, ਨਾ ਹੀ ਪਿੰਡ ਵਾਲੇ ਜ਼ਮੀਨ ਦਿੰਦੇ ਹਨ ਤੇ ਨਾ ਹੀ ਡਰੇਨ ਖੋਦਣ ਦਿੰਦੇ ਹਨ। ਡੀ. ਸੀ. ਸਾਹਿਬ ਨੇ ਆਪਣੀ ਇਨਏਬਿਲਿਟੀ ਸ਼ੋ ਕੀਤੀ ਹੈ।

ਸ੍ਰੀ ਸਪੀਕਰ : ਇਕ ਪਾਸੇ ਤੁਸੀਂ ਕਹਿੰਦੇ ਹੋ ਕਿ ਡੀ.ਸੀ. ਨੇ ਇਨਏਬਿਲਿਟੀ ਸ਼ੋ ਕੀਤੀ ਹੈ ਅਤੇ ਦੂਜੇ ਪਾਸੇ ਤੁਸੀਂ ਇਹ ਜਵਾਬ ਦਿਤਾ ਹੈ ਕਿ The Deputy Commissioner has been persuading Zamindars to allow the digging of the drain. ਇਹ ਦੋਵੇਂ ਗਲਾਂ ਕੰਟ੍ਰੇਡਿਕਟਰੀ ਹਨ। Why are you misleading the House? (*Addressing the Irrigation and Power Minister*. On the one hand you say that the Deputy Commissioner has regretted his inability while on the other hand you have given the reply to this question that "the Deputy Commissioner has been persuading Zamindars to allow the digging of the drain." These two replies are contradictory. Why are you misleading the House?)

चौधरी बलबीर सिंह : मेरा सवाल यह था कि जो लोग जमीन नहीं दे रहे क्या उनको जमीन को ऐक्वेयर करने की सरकार की तरफ से कार्रवाई की गई है; और अगर

Original with;
Punjab Vidhan Sabha
Digitized by;
Panjab Digital Library

[चौधरी बलबीर सिंह]

किसी गांव के लोगों के रोकने से ड्रेन का काम रुका पड़ा है तो क्यों उनके खिलाफ सरकार कारवाई नहीं कर रही क्योंकि इस रुकावट से दूसरे दिहातों को नुकसान हो रहा है ?

ਮੰਤਰੀ : ਇਸ ਤਰ੍ਹਾਂ ਦੇ ਕੇਸਾਂ ਵਿਚ ਸੈਕਸ਼ਨ 4 ਅਤੇ 6 ਹੇਠ ਕਾਰਵਾਈ ਕੀਤੀ ਜਾ ਸਕਦੀ ਹੈ ਪਰ ਇਸ ਕੇਸ ਵਿਚ ਕੋਈ ਇਸ ਤਰ੍ਹਾਂ ਦੀ ਕਾਰਵਾਈ ਨਹੀਂ ਕੀਤੀ ਗਈ ।

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਕ੍ਰਿਪਾ ਕਰਨਗੇ ਕਿ ਇਕ ਪਾਸੇ ਤਾਂ ਉਹ ਕਹਿੰਦੇ ਹਨ ਕਿ ਜਦੋਂ ਤਾਈਂ ਵਾਲੰਟੈਰੇਲੀ ਪਿੰਡ ਵਾਲੇ ਡਰੇਨ ਦੇ ਕੰਮ ਨੂੰ ਹੱਥ ਵਿਚ ਨਹੀਂ ਲੈਂਦੇ ਓਦੋਂ ਤਾਈਂ ਇਹ ਡਰੇਨ ਪੁਟੀ ਨਹੀਂ ਜਾਣੀ । ਦੂਸਰੇ ਪਾਸੇ ਕਹਿੰਦੇ ਹਨ ਕਿ ਸੈਕਸ਼ਨ 4-6 ਦੇ ਤਹਿਤ ਜ਼ਮੀਨ ਐਕੁਆਇਰ ਨਹੀਂ ਕੀਤੀ । ਇਨ੍ਹਾਂ ਵਿਚੋਂ ਕਿਹੜਾ ਜਵਾਬ ਠੀਕ ਹੈ ?

(ਕੋਈ ਉੱਤਰ ਨਾ ਦਿਤਾ ਗਿਆ)

ਡਾਕਟਰ ਅਮੀਰ ਸਿੰਘ ਕਲਕਟ : ਕੀ ਸਰਕਾਰ ਇਨ੍ਹਾਂ ਸੜਕਾਂ ਅਤੇ ਡਰੇਨਾਂ ਬਾਰੇ ਜਿਹੜੀਆਂ ਕਿ ਵਾਲੰਟੈਰੇਲੀ ਬਣਈਆਂ ਜਾਣੀਆਂ ਹੋਣ ਅਤੇ ਉਸ ਸੂਰਤ ਵਿਚ ਜਦ ਕਿ ਖੁਦਾਈ ਸ਼ੁਰੂ ਕਰ ਦਿਤੀ ਜਾਵੇ ਜੇ ਇਕ ਪਿੰਡ ਜਾਂ ਦੂਸਰਾ ਉਸ ਕੰਮ ਦੇ ਵਿਚ ਰਕਾਵਟ ਪਾਉਂਦਾ ਹੈ, ਕੀ ਅਜਿਹੇ ਹਾਲਾਤ ਬਾਰੇ ਸਰਕਾਰ ਕੋਈ ਪਾਲਸੀ ਬਿਆਨ ਦੇਣ ਲਈ ਤਿਆਰ ਹੈ ?

ਮੰਤਰੀ : ਇਸ ਤਰ੍ਹਾਂ ਹਜ਼ਾਰਾਂ ਮੀਲ ਲੰਮੀਆਂ ਡਰੇਨਜ਼ ਬਣਦੀਆਂ ਹਨ । ਜਿਥੇ ਕੋਈ ਰੁਕਾਵਟ ਪੈਂਦੀ ਹੈ ਉਥੇ ਡੀ.ਸੀ. ਸਾਰੇ ਮੁਆਮਲੇ ਦੀ ਜਾਂਚ ਪੜਤਾਲ ਕਰਕੇ ਜ਼ਮੀਨ ਐਕੁਆਇਰ ਕਰਦਾ ਹੈ । ਜੇ ਫੇਰ ਵੀ ਕੋਈ ਰੁਕਾਵਟ ਪੈਂਦਾ ਹੋਵੇ ਤਾਂ ਸੈਕਸ਼ਨ 4 ਦੇ ਤਹਿਤ ਸਾਰਾ ਕੰਮ ਆਪਣੇ ਹੱਥ ਵਿਚ ਲੈ ਲੈਂਦਾ ਹੈ । ਜੇ ਫੇਰ ਵੀ ਰੋਕਣ ਤਾਂ ਜ਼ਬਰਦਸਤੀ ਮੁਆਮਲਾ ਆਪਣੇ ਹੱਥ ਵਿਚ ਲੈ ਕੇ ਸਾਰੀ ਕਾਰਵਾਈ ਕੀਤੀ ਜਾਂਦੀ ਹੈ ।

ਸਰਦਾਰ ਕਿਰਪਾਲ ਸਿੰਘ : ਕੀ ਡਰੇਨ ਬਨਾਉਣ ਵੇਲੇ ਡੀ. ਸੀ. ਨੂੰ ਗੌਰਮਿੰਟ ਦਾ ਪਾਰਟ ਐਂਡ ਪਾਰਸਲ ਨਹੀਂ ਸਮਝਿਆ ਜਾਂਦਾ ?

(ਕੋਈ ਉੱਤਰ ਨਾ ਦਿਤਾ ਗਿਆ)

ਸ੍ਰੀ ਸਪੀਕਰ : ਮੈਂ ਸਿੰਚਾਈ ਮੰਤਰੀ ਨੂੰ ਕਹਾਂਗਾ ਕਿ ਇਕ ਪਾਸੇ ਤਾਂ ਡੀ. ਸੀ. ਨੇ ਤੁਹਾਡੇ ਜਵਾਬ ਦੇ ਵਿਚ ਇਹ ਗਲ ਸਪੈਸਿਫਿਕਲੀ ਕਹਿ ਦਿਤੀ ਹੈ ਕਿ ਡਰੇਨ ਵਾਲੰਟੈਰੇਲੀ ਕਢੀ ਨਹੀਂ ਜਾ ਸਕਦੀ, ਦੂਸਰੀ ਤਰਫ ਤੁਸੀਂ ਹਾਊਸ ਨੂੰ ਅਵੇਅਰ ਕਰਾਇਆ ਹੈ ਕਿ ਜ਼ਮੀਨ ਐਕੁਆਇਰ ਕਰਕੇ ਦੂਸਰੇ ਢੰਗ ਨਾਲ ਡਰੇਨ ਕਢਵਾਈ ਜਾ ਸਕਦੀ ਹੈ ਇਹ ਸਟੇਟਮੈਂਟ ਕੰਟਰਾਡਿ-ਕਟਰੀ ਹੈ । (*Addressing the Minister for Irrigation and Power*: On one side the D.C. has, according to your reply, specifically stated that the drain cannot be got dug out voluntarily. On the other hand you have informed the House that by acquiring the land the drain can be got dug out. Both the statements are contradictory.)

ਮੰਤਰੀ : ਇਸ ਨੂੰ ਐਗਜ਼ਾਮਿਨ ਕਰ ਲਵਾਂਗੇ ।

चौधरी बलबीर सिंह : क्या मन्त्री महोदय बतायेंगे कि यह ड्रेन निकालने का काम मौजूदा सरकार के वक्त से शुरू हुआ है या इससे पहले की सरकार ने शुरु किया था ?

(कोई उत्तर न दिया गया)

Original with;
Punjab Vidhan Sabha
Digitized by;
Panjab Digital Library

INSTRUCTIONS REGARDING SALE OF LOTTERY TICKETS BY OFFICIALS

***1947. Shri Sardari Lal Kapur** : Will the Minister for Finance be pleased to state:-

(a) whether it is a fact that the Government has issued general instructions to all its departmental officers and district officers to sell lottery tickets to the members of the public by every possible means with a view to augmenting the funds of the State;

(b) if the reply to part (a) above be in the affirmative whether any instances of coercion alleged to have been done in the sale of such tickets have come to the notice of the Government;

(c) whether it has also come to the notice of the Government that the officers of the Sales Tax Department, Ludhiana, are being coerced to sell a large number of lottery tickets; if so, the reasons therefor and the action, if any, taken or proposed to be taken in the matter ?

Sardar Balwant Singh : (a) No general instructions have been issued. However, with a view to raising funds from within the State for the State Rural Development Board, Punjab Government decided to launch a special campaign for the sale of lottery tickets of the 19th Bumper Draw only, and officials were permitted to sell lottery tickets for this purpose. it was however, to be ensured that the sale of tickets should be voluntary without exerting any pressure.

(b) No such specific complaint has come to the notice of Government. However, in view of some criticism in the Press, it was decided that, in future Government agencies should not be associated with the sale of lottery, tickets

(c) No.

[(ੳ) ਕੋਈ ਆਮ ਹਦਾਇਤਾਂ ਜਾਰੀ ਨਹੀਂ ਕੀਤੀਆਂ ਗਈਆਂ । ਤਾਹਮ ਰਾਜ ਪੇਂਡੂ ਉਸਾਰੂ ਬੋਰਡ ਵਾਸਤੇ ਪੰਜਾਬ ਰਾਜ ਵਿੱਚੋਂ ਹੀ ਧਨ ਇਕੱਤਰ ਕਰਨ ਦੇ ਮੰਤਵ ਲਈ ਪੰਜਾਬ ਸਰਕਾਰ ਨੇ ਕੇਵਲ 19ਵੇਂ ਬੰਪਰ ਡਰਾ ਦੀਆਂ ਲਾਟਰੀ ਟਿਕਟਾਂ ਦੀ ਵਿਕਰੀ ਲਈ ਵਿਸ਼ੇਸ਼ ਮੁਹਿਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਅਤੇ ਰਾਜ ਦੇ ਕਰਮਚਾਰੀਆਂ ਨੂੰ ਇਸ ਮੰਤਵ ਦੀ ਪੂਰਤੀ ਲਈ ਟਿਕਟਾਂ ਵੇਚਣ ਦੀ ਆਗਿਆ ਦਿੱਤੀ ਗਈ ਸੀ । ਫਿਰ ਵੀ ਇਸ ਗੱਲ ਦਾ ਖਿਆਲ ਰੱਖਣਾ ਜ਼ਰੂਰੀ ਸੀ ਕਿ ਟਿਕਟਾਂ ਦੀ ਵਿੱਕਰੀ ਸਵੈ-ਇੱਛਾ ਨਾਲ ਅਤੇ ਬਿਨਾ ਕਿਸੇ ਦਬਾਉ ਤੋਂ ਕੀਤੀ ਜਾਵੇ ।

(ਅ) ਇਹੋ ਜਿਹੀ ਕੋਈ ਖਾਸ ਸ਼ਿਕਾਇਤ ਰਾਜ ਸਰਕਾਰ ਦੇ ਧਿਆਨ ਵਿਚ ਨਹੀਂ ਆਈ । ਫਿਰ ਵੀ ਅਖਬਾਰਾਂ ਵਿਚ ਪ੍ਰਕਾਸ਼ਤ ਆਲੋਚਨਾ ਨੂੰ ਮੁੱਖ ਰੱਖਦੇ ਹੋਏ ਸਰਕਾਰ ਨੇ ਇਹ ਫੈਸਲਾ ਕੀਤਾ ਕਿ ਭਵਿੱਖ ਵਿਚ ਲਾਟਰੀ ਦੀ ਵਿੱਕਰੀ ਸਰਕਾਰੀ ਏਜੰਸੀਆਂ ਰਾਹੀਂ ਨਾ ਕੀਤੀ ਜਾਵੇ ।

(ੲ) ਨਹੀਂ ।]

ਸ੍ਰੀ ਸਰਦਾਰੀ ਲਾਲ ਕਪੂਰ : ਮੰਤਰੀ ਜੀ ਨੇ ਦੱਸਿਆ ਹੈ ਕਿ ਕਪਲੇਂਟਸ ਆਈਆਂ ਸਨ । ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਉਹ ਕੰਪਲੇਂਟਸ ਕਿਸ ਕਿਸਮ ਦੀਆਂ ਸਨ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਇਹ ਸ਼ਿਕਾਇਤਾਂ ਇਸ ਤਰ੍ਹਾਂ ਦੀਆਂ ਸਨ ਕਿ ਸਰਕਾਰੀ ਅਫ਼ਸਰ ਲੋਕਾਂ ਨੂੰ ਜ਼ਬਰਦਸਤੀ ਟਿਕਟਾਂ ਵੇਚਦੇ ਹਨ ।

ਸ੍ਰੀ ਗਿਆਨ ਚੰਦ ਖਰਬੰਦਾ : ਮੈਂ ਮੰਤਰੀ ਮਹੋਦੇ ਦੇ ਨੋਟਿਸ ਵਿਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਜਦੋਂ ਤੱਕ ਲੋਕਾਂ ਨੇ ਲਾਟਰੀ ਦੀਆਂ ਟਿਕਟਾਂ ਨਹੀ ਖਰੀਦੀਆਂ ਉਨ੍ਹਾਂ ਦੀਆਂ ਰਜਿਸਟਰੀਆਂ ਨਹੀਂ ਹੋਈਆਂ । ਇਹ ਟਿਕਟਾਂ ਸੇਲਜ਼ ਟੈਕਸ ਇਨਸਪੈਕਟਰ ਘਰੋਂ ਘਰੀ ਚੁਕੀ ਫਿਰਦੇ ਰਹੇ ਹਨ ।

ਮੰਤਰੀ : ਜੇ ਕੋਈ ਸਪੈਸੀਫਿਕ ਕੰਪਲੇਂਟਸ ਹੋਣ ਤਾਂ ਸਰਕਾਰ ਜ਼ਰੂਰ ਇਨਕੁਆਇਰੀ ਕਰੇਗੀ ।

ਸ੍ਰੀ ਮਨਮੋਹਨ ਕਾਲੀਆ : ਜਿਹੜੀਆਂ ਟਿਕਟਾਂ ਸਰਕਾਰੀ ਮੁਲਾਜ਼ਮਾਂ ਨੇ ਵੇਚੀਆਂ ਹਨ ਉਨ੍ਹਾਂ ਨੂੰ ਕਿਤਨਾ ਕਮਿਸ਼ਨ ਮਿਲਿਆ ਹੈ ?

Minister : No commission.

ਸ੍ਰੀ ਮਨਮੋਹਨ ਕਾਲੀਆ : ਜਨਾਬ ਮੇਰੇ ਕੁਐਸਚਨ ਦਾ ਆਨਸਰ ਨਹੀਂ ਦਿੱਤਾ ਗਿਆ । ਸਰਕਾਰੀ ਕਰਮਚਾਰੀਆਂ ਨੇ ਜਿਹੜੇ ਟਿਕਟ ਵੇਚੇ ਹਨ, ਮੈਂ ਤਾਂ ਉਨ੍ਹਾਂ ਦੇ ਕਮਿਸ਼ਨ ਬਾਰੇ ਪੁਛਿਆ ਸੀ ।

Mr. Speaker : No discussion.

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਇਹ ਗੱਲ ਵਜ਼ੀਰ ਸਾਹਿਬ ਦੀ ਨਾਲਿਜ ਵਿਚ ਹੈ ਕਿ ਜਿਤਨੀਆਂ ਟਿਕਟਾਂ ਵੇਚੀਆਂ ਗਈਆਂ ਹਨ, ਉਹ ਮਿਉਂਸਪਲ ਏਰੀਆ ਦੀ ਨਿਸਬਤ ਪਿੰਡਾਂ ਦੇ ਲੋਕਾਂ ਨੂੰ ਦੁਗਣੀਆਂ ਦਿੱਤੀਆਂ ਗਈਆਂ ਹਨ ?

ਮੰਤਰੀ: ਇਹ ਗੱਲ ਬਿਲਕੁਲ ਗਲਤ ਹੈ ।

ਡਾਕਟਰ ਸਾਧੂ ਰਾਮ : ਜਿਹੜੀ ਇਹ ਕਮਿਸ਼ਨ ਦੀ ਗੱਲ ਕਰਦੇ ਹਨ ਇਹ ਗਵਰਨਮੈਂਟ ਨਹੀਂ ਲੈਂਦੀ ਸਗੋਂ ਇਹ ਜਨ ਸੰਘ ਵਾਲੇ ਲੈ ਜਾਂਦੇ ਹਨ । ਮੇਰੇ ਆਪਣੇ ਹਲਕੇ ਵਿਚ ਈ.ਓ. ਨੇ 500 ਰੁਪਿਆ ਜਨ ਸੰਘ ਵਾਲਿਆਂ ਨੂੰ ਦਿੱਤਾ ਹੈ ... (ਵਿਘਨ)

[ਇਸ ਵੇਲੇ ਸ੍ਰੀ ਮਨਮੋਹਨ ਕਾਲੀਆ ਅਤੇ ਡਾਕਟਰ ਸਾਧੂ ਰਾਮ ਵਿਚਕਾਰ ਬਹਿਸ ਸ਼ੁਰੂ ਹੋ ਗਈ ....(ਸ਼ੋਰ)]

ਡਾਕਟਰ ਸਾਧੂ ਰਾਮ : [* × × × × ×]

ਸ੍ਰੀ ਮਨਮੋਹਨ ਕਾਲੀਆ : [* × × × ×]

ਸ੍ਰੀ ਸਪੀਕਰ : ਜੋ ਕੁਝ ਇਹ ਕਹਿੰਦੇ ਹਨ ਉਹ ਰੀਕਾਰਡ ਨਾ ਕੀਤਾ ਜਾਵੇ । It should not form part of the proceedings. (ਵਿਘਨ) (Whatever is being said by the hon. Members should not be recorded (*Interruptions*) It should not form part of the proceedings).

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

चौधरी बलबीर सिंह : क्या मंत्री महोदय के पास कोई शिकायत आई है कि जिन अफ़सरान ने लाटरी टिकटें फ़रोखत की हैं उनका जो प्राफ़िट बनता था, वह सरकार को नहीं दिया, खुद ही बांट लिया ?

ਮੰਤਰੀ : ਇਸ ਕਿਸਮ ਦੀ ਕੋਈ ਸ਼ਿਕਾਇਤ ਨਹੀਂ ਹੈ । ਸਰਕਾਰੀ ਅਫਸਰਾਂ ਨੂੰ ਕੋਈ ਪ੍ਰਾਫਿਟ ਨਹੀਂ ਦਿੱਤਾ ਜਾਂਦਾ ਜੇ 100 ਰੁਪਏ ਦੀਆਂ ਟਿਕਟਾਂ ਵਿਕਦੀਆਂ ਹਨ ਤਾਂ ਉਹ ਸਾਰੇ ਪੈਸੇ ਖਜ਼ਾਨੇ ਵਿਚ ਹੀ ਜਾਂਦੇ ਹਨ ।

ਸ੍ਰੀ ਗਿਆਨ ਚੰਦ ਖਰਬੰਦਾ : ਇਹ ਗੱਲਾਂ ਖੁਲ੍ਹਮ ਖੁੱਲ੍ਹਾ ਹੁੰਦੀਆਂ ਹਨ । ਪਿੰਡਾਂ ਵਾਲੇ ਲੋਕਾਂ ਨੂੰ ਜ਼ਬਰਦਸਤੀ ਟਿਕਟਾਂ ਦਿੱਤੀਆਂ ਜਾਂਦੀਆਂ ਹਨ, ਅਦਾਲਤਾਂ ਵਿਚ ਰਜਿਸਟਰੀਆਂ ਨਹੀਂ ਹੁੰਦੀਆਂ, ਸੇਲਜ਼ ਟੈਕਸ ਇਨਸਪੈਕਟਰ ਜੁਦਾ ਟਿਕਟਾਂ ਚੁਕੀ ਫਿਰਦੇ ਹਨ । ਸਰਕਾਰ ਇਸ ਪਾਸੇ ਕੀ ਸਟੈਪਸ ਲੈ ਰਹੀ ਹੈ ? ਲਿਖਤੀ ਸ਼ਕਲ ਵਿਚ ਵੀ ਕੋਈ ਪੁੱਛ ਆਈ ਹੈ ?

ਮੰਤਰੀ : ਉਨ੍ਹਾਂ ਵੱਲੋਂ ਇਕ ਚਿੱਠੀ ਆਈ ਹੈ ਜਿਸ ਵਿਚ ਲਿਖਿਆ ਹੈ ਕਿ ਚਾਰਜਿਜ਼ ਜਨਰਲ ਨੇਚਰ ਦੇ ਹਨ । ਜੇ ਕੋਈ ਸਪੈਸਿਫਿਕ ਨੇਚਰ ਦੇ ਚਾਰਜਿਜ਼ ਹੋਣਗੇ ਤਾਂ ਜ਼ਰੂਰ ਇਨ-ਕੁਆਇਰੀ ਕੀਤੀ ਜਾਵੇਗੀ ।

ਸ੍ਰੀ ਗਿਆਨ ਚੰਦ ਖਰਬੰਦਾ : ਸੇਲਜ਼ ਟੈਕਸ ਦੇ ਇਨਸਪੈਕਟਰ ਜ਼ਬਰਦਸਤੀ ਲਾਟਰੀ ਦੀਆਂ ਟਿਕਟਾਂ ਵੇਚਦੇ ਹਨ । ਕੀ ਵਪਾਰ ਮੰਡਲ ਨੇ ਇਸਦੇ ਖਿਲਾਫ ਸ਼ਿਕਾਇਤ ਕੀਤੀ ਸੀ ? ਕੀ ਇਸਦੀ ਇਨਕੁਆਇਰੀ ਗੌਰਮਿੰਟ ਨੇ ਕਰਾਈ ਹੈ ? ਕੀ ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਗਵਰਨਮੈਂਟ ਦੇ ਨੋਟਸ ਵਿਚ ਆਈਆਂ ਹਨ ?

ਮੰਤਰੀ : ਜੀ ਹਾਂ, ਸ਼ਿਕਾਇਤ ਆਈ ਸੀ, ਜਿਸ ਤਰ੍ਹਾਂ ਮੈਂ ਪਹਿਲਾਂ ਦੱਸਿਆ ਹੈ ਕਿ ਸ਼ਿਕਾਇਤ ਜਨਰਲ ਨੇਚਰ ਦੀ ਸੀ । ਅਸੀਂ ਉਨਾਂ ਚਿਰ ਕਿਸੇ ਦੇ ਖਿਲਾਫ ਕੋਈ ਐਕਸ਼ਨ ਨਹੀਂ ਲੈ ਸਕਦੇ ਜਦੋਂ ਤੱਕ ਕਿ ਕਿਸੇ ਦੇ ਖਿਲਾਫ ਸ਼ਿਕਾਇਤ ਸਪੈਸੇਫਿਕ ਨੇਚਰ ਦੀ ਨਾ ਹੋਵੇ ।

SCHOLARSHIP FOR STUDENTS STUDYING IN RURAL AREAS OF THE STATE.

*1962 (1) **Chaudhri Ram Singh**
(2) **Shri Sardari Lal Kapur**
(3) **Sardar Darshan Singh K.P.**
(4) **Bhagat Guran Dass Hans**
(5) **Doctor Sadhu Ram**

Will the Minister for Education be pleased to state—

(a) the number of scholarships each of the value of Rs. one thousand per annum, instituted by the Government for the students studying in the rural areas of the State block-wise;

(b) the basis on which the students on their passing in Middle School Examination are selected for the scholarship;

(c) the number of such scholarships reserved for girls and Harijan students separately ;

Original with;
Punjab Vidhan Sabha
Digitized by;
Panjab Digital Library

[Chaudhri Ram Singh]

(d) whether the funds for these scholarships will be provided by the Central Government or the State Government ;

(e) if the funds will be provided by the Central Government the conditions on which these funds will be given to the State Government, be laid on the Table of the House ?

Sardar Balwant Singh (Minister for Finance) :-

(a)
(b)
(c) The scheme is still under formulation.
(d)
(e)

ਚੌਧਰੀ ਰਾਮ ਸਿੰਘ : ਜਿਹੜੀ ਸਕੀਮ ਰੂਰਲ ਏਰੀਆ ਦੇ ਬਚਿਆਂ ਲਈ ਇਨ੍ਹਾਂ ਨੇ ਦੱਸਿਆ ਹੈ ਕਿ ਅੰਡਰ ਕੰਸਿਡਰੇਸ਼ਨ ਹੈ ਮੈਂ ਵਜ਼ੀਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਆਇਆ ਇਹ ਸਕਾਲਰਸ਼ਿਪ ਦਿਹਾਤੀ ਬੱਚਿਆਂ ਨੂੰ ਦਿੱਤੇ ਵੀ ਜਾਣਗੇ ਜਾਂ ਨਹੀਂ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸਰਦਾਰ ਸਰੂਪ ਸਿੰਘ : ਕੀ ਵਜ਼ੀਰ ਸਾਹਿਬ ਕੋਈ ਐਸਾ ਪ੍ਰਬਧ ਕਰਨਗੇ ਕਿ ਇਹ ਗਰਾਂਟਾਂ ਪਰਾਈਵੇਟ ਸਕੂਲਾਂ ਦੇ ਗਰੀਬ ਬੱਚਿਆਂ ਨੂੰ ਅਤੇ ਹਰੀਜਨ ਬੱਚਿਆਂ ਨੂੰ ਵੀ ਦਿੱਤੀਆਂ ਜਾਣ ?

ਮੰਤਰੀ : ਇਸ ਸਵਾਲ ਦਾ ਜ਼ੇਰ ਬਹਿਸ ਸਵਾਲ ਨਾਲ ਕੋਈ ਤਅਲੁਕ ਨਹੀਂ ਹੈ । ਵੈਸੇ ਅਸੀਂ ਪ੍ਰਬੰਧ ਕਰ ਰਹੇ ਹਾਂ ਜਿਸ ਨਾਲ ਕਿਸੇ ਨੂੰ ਕੋਈ ਦਿੱਕਤ ਨਹੀਂ ਹੋਵੇਗੀ ।

ਡਾਕਟਰ ਸਾਧੂ ਰਾਮ : ਕੀ ਕਾਲਜ ਅਤੇ ਸਕੂਲਾਂ ਨੂੰ 95 ਪ੍ਰਤੀਸ਼ਤ ਗਰਾਂਟ ਦੇਣ ਦੀ ਸਕੀਮ, ਆਰਟ ਸਕੂਲਾਂ ਅਤੇ ਪਰਾਈਵੇਟ ਸਕੂਲਾਂ ਨੂੰ 100/- ਰੁਪਏ ਤੱਕ ਵਜ਼ੀਫੇ ਦੇਣ ਦਾ ਅਤੇ ਟੀਚਰਾਂ ਦੇ ਬੱਚਿਆਂ ਨੂੰ 50 ਰੁਪਏ ਤੱਕ ਵਜ਼ੀਫੇ ਦੇਣ ਦੀ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ?

ਵਿਦਿਆ ਮੰਤਰੀ : ਇਸ ਸਪਲੀਮੈਂਟਰੀ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ।

ਸਟਾਰਡ ਸੁਆਲ ਨੰਬਰ 1978*

ਅ.ਸ. ਨੰ: 361-ਸਿ 3(2ਸ)70/19513

ਮੰਤਰੀ,
ਸਿਖਿਆ ਵਿਭਾਗ, ਪੰਜਾਬ,
ਚੰਡੀਗੜ੍ਹ ।

ਮਿਤੀ 24/25 ਜੁਲਾਈ, 1970

ਪਿਆਰੇ ਸਰਦਾਰ ਦਰਬਾਰਾ ਸਿੰਘ ਜੀ

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 1978, ਜੋ ਮਿਤੀ 27 ਜੁਲਾਈ, 1970 ਲਈ ਸੁਆਲਾਂ ਦੀ ਸੂਚੀ ਵਿਚ ਸ਼੍ਰੀ ਗਿਆਨ ਚੰਦ ਖਰਬੰਦਾ, ਐਮ.ਐਲ.ਏ. ਦੇ ਵੱਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕੀਤਾ ਜਾਵੇ ਅਤੇ ਇਸ ਸੁਆਲ ਨੂੰ ਮਿਤੀ 17 ਅਗਸਤ, 1970 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸ ਪਾਤਰ,
ਸਹੀ/-(ਸੁਰਜੀਤ ਸਿੰਘ)

*For starred question No. 1978 and reply thereto please see appendix to this Debate.

Original with;
Punjab Vidhan Sabha
Digitized by;
Panjab Digital Library

CHAIRMAN, PUNJAB MARKETING FEDERATION

*1951. (1) **Chaudhri Ram Singh**
(2) **Shri Sardari Lal Kapur**
(3) **Bhagat Guran Dass Hans**
} Will the Minister for Agriculture be pleased to state —

(a) the name of the present Chairman, Punjab Marketing Federation and the date of his appointment as such ;

(b) the name of predecessor of the present Chairman ;

(c) the reason for removing the Chairman, referred to in part (b) above ?

Sardar Sarjit Singh (Minister of State for Co-operation and Civil Aviation): (a) Sh. M.S. Gill, Registrar Co-operative Societies, Punjab was appointed Chairman of the Federation on 6th May, 1970

(b) Shri Mohinder Singh Sidhwan, who was elected as Chairman on 12th March, 1970.

(c) The Registrar, Co-operative Societies, Punjab has been appointed as Chairman of the Federation.under the provisions of section 26 of the Punjab Co-operative Societies Act, 1961. As a result thereof his predecessor ceased to hold office of the Chairman under section 26 (2A) of the Act.

[(ੳ) ਸ੍ਰੀ ਐਮ. ਐਸ. ਗਿਲ ਰਜਿਸਟਰਾਰ, ਸਹਿਕਾਰੀ ਸਭਾਵਾਂ ਨੂੰ ਫ਼ੈਡਰੇਸ਼ਨ ਦਾ ਚੇਅਰਮੈਨ 6 ਮਈ, 1970 ਨੂੰ ਨਿਯੁਕਤ ਕੀਤਾ ਸੀ ।

(ਅ) ਸ੍ਰੀ ਮਹਿੰਦਰ ਸਿੰਘ ਸਿਧਵਾਂ, ਜੋ 12 ਮਾਰਚ, 1970 ਨੂੰ ਚੇਅਰਮੈਨ ਚੁਣੇ ਗਏ ਸਨ ।

(ੲ) ਰਜਿਸਟਰਾਰ ਸਹਿਕਾਰੀ ਸਭਾਵਾਂ ਦੀ ਚੇਅਰਮੈਨ ਦੀ ਅਸਾਮੀ ਤੇ ਨਿਯੁਕਤੀ ਪੰਜਾਬ ਕੋਆਪਰੇਟਿਵ ਸੋਸਾਈਟੀਜ਼ ਐਕਟ, 1961 ਦੀ ਧਾਰਾ 26 ਦੇ ਤਹਿਤ ਕੀਤੀ ਗਈ ਸੀ । ਐਕਟ ਦੇ ਅੰਦਰ ਧਾਰਾ 26(2-ਏ) ਦੇ ਹੇਠ ਜ਼ਰੂਰੀ ਉਪਬੰਧ ਹੋਣ ਕਾਰਨ ਪਿਛਲਾ ਚੇਅਰਮੈਨ ਆਪਣੇ ਆਪ ਹੀ ਹੱਟ ਜਾਂਦਾ ਹੈ ।]

Sardar Gurnam Singh: Will the Minister of State be pleased to state as to how long Mr. Mohinder Singh remained Chairman and what were the reasons for his removal ?

ਰਾਜ ਮੰਤਰੀ : ਇਸ ਦੇ ਲਈ ਨੋਟਿਸ ਦੇ ਦਿਉ । ਵੈਸੇ 26(2ਏ) ਦੇ ਥਲੇ ਕੀਤਾ ਹੈ ।

ਸਰਦਾਰ ਗੁਰਨਾਮ ਸਿੰਘ : 26 (2-ਏ) ਤਾਂ ਅਲਾਉ ਕਰਦਾ ਹੈ ਪਰ ਉਸਨੂੰ ਰੀਮੂਵ ਕਰਨ ਦੇ ਰੀਜ਼ਨ ਕੀ ਹਨ ? (ਵਿਘਨ)

Minister of State : Government have subscribed to the share capital of the Federation to the extent of 83 lakhs of rupees. In addition to it. Government every year stands guarantee on behalf of the Federation for obtaining cash credit limits from the commercial Banks in connection with the distribution of fertilizers

Original with;
Punjab Vidhan Sabha
Digitized by;
Panjab Digital Library

[Minister of State for Co-operation and Civil Aviation]

and procurement of wheat under foodgrains procurement scheme of the State Government . For the year 1970-71 Government, have stood guarantee to the extent of Rs. 70 crores. Also Government have stood guarantee on behalf of the Federation for obtaining a loan for about Rs. 116 lakhs from the Agriculture Refinance Corporation through the Punjab State Co-operative Bank Ltd.for construction of godown in the State. In order, therefore, to safe-guard the interest of the State Government, and also to see that the working of the Federation is in accordance with the interests of the State Government it was felt necessary that a Government nominee on the Committee of the Federation should be appointed as Chairman of the Committee. Consequently the Registrar Co-operative Societies was appointed as Chairman of the Committee.

ਸਰਦਾਰ ਗੁਰਨਾਮ ਸਿੰਘ : ਕੀ ਮੰਤਰੀ ਸਾਹਿਬ ਦੱਸਣਗੇ ਕਿ ਕੀ ਉਨ੍ਹਾਂ ਨੂੰ ਸਿਰਫ ਕੈਪੀਟਲ ਸ਼ੇਅਰ ਨੂੰ ਸੇਫ ਕਰਨ ਵਾਸਤੇ ਰੀਮੂਵ ਕੀਤਾ ਹੈ ਜਾਂ ਉਨ੍ਹਾਂ ਦੇ ਪਰਸਨ ਦੇ ਖਿਲਾਫ ਵੀ ਕੋਈ ਚੀਜ਼ ਸੀ ?

ਰਾਜ ਮੰਤਰੀ : ਗੌਰਮਿੰਟ ਆਪਣਾ ਇੰਟਰੈਸਟ ਸੇਫ ਕਰਨਾ ਚਾਹੁੰਦੀ ਸੀ ।

ਸਰਦਾਰ ਗੁਰਨਾਮ ਸਿੰਘ : ਪਰ ਤੁਸੀਂ ਇਹ ਤਾਂ ਦੱਸੋ ਕਿ ਉਨ੍ਹਾਂ ਦੇ ਪਰਸਨ ਦੇ ਖਿਲਾਫ ਵੀ ਕੋਈ ਚੀਜ਼ ਸੀ ?

ਚੌਧਰੀ ਬਲਬੀਰ ਸਿੰਘ : ਇਹ ਕਾਨੂੰਨ ਕਿਸ ਨੇ ਬਣਾਇਆ ਸੀ । (ਹਾਸਾ)

ਸਰਦਾਰ ਗੁਰਨਾਮ ਸਿੰਘ : ਗੌਰਮਿੰਟ ਨੇ ਬਣਾਇਆ ਸੀ । (ਹਾਸਾ)

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਕਿਰਪਾ ਕਰਕੇ ਦਸਣਗੇ ਕਿ ਮਹਿੰਦਰ ਸਿਘ ਜਿਸ ਨੂੰ ਕਿ ****ਦਾ ਖਿਤਾਬ ਮਿਲਿਆ ਹੋਇਆ ਹੈ, (ਹਾਸਾ) ਨੂੰ ਸਾਬਕਾ ਚੀਫ ਮਨਿਸਟਰ ਨੇ ਰਿਆਇਤੀ ਤੌਰ ਤੇ ਚੇਅਰਮੈਨ ਬਣਾਇਆ ਸੀ ?

ਸਰਦਾਰ ਗੁਰਨਾਮ ਸਿੰਘ : ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਇਲੈਕਟ ਹੰਦਾ ਹੈ ਬਣਾਇਆ ਨਹੀਂ ਜਾਂਦਾ।

ਸ੍ਰੀ **ਸਪੀਕਰ** : ਉਨ੍ਹਾਂ ਨੇ ਜਵਾਬ ਮਨਿਸਟਰ ਸਾਹਿਬ ਤੋਂ ਮੰਗਿਆ ਸੀ । (He wants the Minister concerned to give reply.)

ਸ੍ਰੀ **ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, × × ਸ਼ਬਦ ਇਕ ਅਜਿਹੇ ਬੰਦੇ ਲਈ ਵਰਤਿਆ ਗਿਆ ਹੈ ਜਿਹੜਾ ਕਿ ਹਾਊਸ ਵਿਚ ਨਹੀਂ ਹੈ । ਇਸ ਲਈ ਇਸ ਨੂੰ ਐਕਸਪੰਜ ਕਰ ਦੇਣਾ ਚਾਹੀਦਾ ਹੈ ।

ਸ੍ਰੀ **ਸਪੀਕਰ** : ਇਸ ਸ਼ਬਦ ਨੂੰ ਐਕਸਪੰਜ ਕਰ ਦਿੱਤਾ ਜਾਵੇ । (This word should be expunged.)

ਕਾਮਰੇਡ ਸੱਤਪਾਲ ਡਾਂਗ: ਕੀ ਮਨਿਸਟਰ ਸਾਹਿਬ ਦਸਣਗੇ ਕਿ ਹੁਣ ਜਦੋਂ ਕਿ ਸਰਕਾਰ ਨੇ ਮਹਿਸੂਸ ਕਰ ਲਿਆ ਹੈ ਕਿ ਅਜਿਹੇ ਅਦਾਰਿਆਂ ਵਿਚ ਜਿਥੇ ਕਿ ਸਰਕਾਰ ਦਾ ਐਨਾ ਪਸਾ ਲਗਾ ਹੋਇਆ ਹੈ, ਸਰਕਾਰ ਦਾ ਇਨਟਰੈਸਟ ਸੇਫ ਰਖਣ ਲਈ ਚੇਅਰਮੈਨ ਕੋਈ ਸਰਕਾਰੀ ਅਫ਼ਸਰ ਹੋਣਾ

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਚਾਹੀਦਾ ਹੈ, ਸਰਕਾਰ ਕੋਈ ਅਜਿਹੀ ਤਰਮੀਮ ਇਸ ਕਾਨੂੰਨ ਵਿਚ ਕਰੇਗੀ ਜਿਸ ਨਾਲ ਕਿ ਅਜਿਹੇ ਅਦਾਰਿਆਂ ਦਾ ਚੇਅਰਮੈਨ ਸਰਕਾਰੀ ਅਫ਼ਸਰ ਹੀ ਹੋਵੇ ?

ਰਾਜ ਮੰਤਰੀ : ਇਹ ਕਾਨੂੰਨ ਸਰਕਾਰ ਦੀ ਮਰਜ਼ੀ ਦੇ ਮੁਤਾਬਿਕ ਹੀ ਹੈ ।

ਡਾਕਟਰ ਅਮੀਰ ਸਿੰਘ ਕਲਕਟ : ਕੀ ਸਰਕਾਰ ਇਸ ਗੱਲ ਲਈ ਤਿਆਰ ਹੈ ਕਿ ਜਿਨ੍ਹਾਂ ਅਦਾਰਿਆਂ ਵਿਚ ਸਰਕਾਰੀ ਪੈਸਾ ਜ਼ਿਆਦਾ ਲਗਾ ਹੋਇਆ ਹੋਵੇ, ਉਨ੍ਹਾਂ ਦਾ ਚੇਅਰਮੈਨ ਕੋਈ ਅਫ਼ਸਰ ਹੀ ਹੋਵੇ ?

ਰਾਜ ਮੰਤਰੀ : ਆਮ ਤੌਰ ਤੇ ਇਹੋ ਹੀ ਪ੍ਰਸੀਜਰ ਹੈ ।

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਹਕੀਕਤ ਇਹ ਤਾਂ ਨਹੀਂ ਕਿ ਇਹ ਕਿਸੇ ਅਜਿਹੇ ਆਦਮੀ ਨੂੰ ਚੇਅਰਮੈਨ ਬਣਾਉਣਾ ਚਾਹੁੰਦੇ ਹਨ ਜਿਹੜਾ ਜਾਇਜ਼ ਨਾਜਾਇਜ਼ ਗੱਲ ਇਨ੍ਹਾਂ ਦੇ ਕਹਿਣ ਤੇ ਕਰਨ ਲਗ ਜਾਵੇ ? (ਵਿਘਨ)

ਰਾਜ ਮੰਤਰੀ: ਅਜਿਹੀ ਕੋਈ ਗੱਲ ਨਹੀਂ , ਹੋਰ ਜੇ ਕੋਈ ਖਾਸ ਗੱਲ ਹੈ ਤਾਂ ਦਸ ਦਿਉ ।

Starred Question No. 2018†

ਮੰਤਰੀ,
ਖੇਤੀ ਬਾੜੀ ਵਿਭਾਗ, ਪੰਜਾਬ,
ਚੰਡੀਗੜ੍ਹ ।

ਅ.ਸ. ਨੰ: 4647–ਖਬ1(4)–70/11851
ਚੰਡੀਗੜ੍ਹ, ਮਿਤੀ 23 ਜੁਲਾਈ, 1970

ਪਿਆਰੇ

ਪੰਜਾਬ ਵਿਧਾਨ ਸਭਾ ਦੇ ਸਵਾਲ ਨੰ: 2018 (ਸਟਾਰਡ) ਜੋ ਮਿਤੀ 27 ਜੁਲਾਈ, 1970 ਲਈ ਸਵਾਲਾਂ ਦੀ ਸੂਚੀ ਵਿਚ ਸ: ਕਿਰਪਾਲ ਸਿੰਘ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 10 ਅਗਸਤ, 1970 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸਪਾਤਰ,
ਸਹੀ/–
(ਰਾਧਾ ਕ੍ਰਿਸ਼ਨ)

---

†For starred question No. 2018 and reply thereto please see appendix to this Debate.

Original with;
Punjab Vidhan Sabha
Digitized by;
Panjab Digital Library

ESCAPE OF PRISONERS FROM THE JAILS.

*1963 1. Sardar Darshan Singh K.P.
2. Shri Sardari Lal Kapur
3. Bhagat Guran Dass Hans
4. Chaudhri Ram Singh
5. Doctor Sadhu Ram

Will the Minister of State for Jails and Transport be pleased to state—

(a) the number of prisoners who escaped from Jails/Sub-Jails in the State, month-wise, during the last 12 months and the factors which facilitated their escape;

(b) whether the officials incharge of such prisoners were adequately punished for their laxity resulting in the escape of the said prisoners?

ਸਰਦਾਰ ਜਗਦੇਵ ਸਿੰਘ : (ੳ) ਜੂਨ, 1969 ਤੋਂ ਜੇਲ੍ਹ ਸਟਾਫ਼ ਦੀ ਅਨਗਹਿਲੀ ਕਰਕੇ ਪੰਜਾਬ ਦੀਆਂ ਜੇਲ੍ਹਾਂ ਵਿਚੋਂ ਕੇਵਲ ਛੇ ਕੈਦੀ ਫਰਾਰ ਹੋਏ । ਫਰਾਰੀਆਂ ਦੇ ਮਾਹਵਾਰੀ ਅੰਕੜੇ ਹੇਠ ਦਿੱਤੇ ਜਾਂਦੇ ਹਨ :—

ਅਗਸਤ ,1969 = 1
ਨਵੰਬਰ, 1969 = 1
ਜਨਵਰੀ, 1970 = 1
ਮਾਰਚ, 1970 = 1
ਅਪਰੈਲ, 1970 = 1
ਮਈ, 1970 = 1

(ਅ) ਜ਼ੁਮੇਵਾਰ 8 ਕਰਮਚਾਰੀਆਂ ਵਿਚੋਂ 5 ਦੇ ਵਿਰੁਧ ਅਦਾਲਤੀ ਜਾਂਚ ਹੋ ਰਹੀ ਹੈ । ਬਾਕੀ ਦੇ ਤਿੰਨਾਂ ਦੇ ਵਿਰੁਧ ਵਿਭਾਗੀ ਕਾਰਵਾਈ ਕਰਨ ਦਾ ਵਿਚਾਰ ਹੈ ।

[(a) Since June, 1969 only 6 prisoners have escaped from the State Jails due to the slackness of jail staff. The month-wise figures of these escapes are as under :-

August, 1969	..	1
November, 1969	..	1
January, 1970	..	1
March, 1970	..	1
April, 1970	..	1
May, 1970	..	1

(b) Out of the 8 officials held responsible for these escapes, 5 have been sent up for judicial trial. It is proposed to take departmental action against the remaining three officials.]

ਸ੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਕਿਰਪਾ ਕਰਕੇ ਦੱਸਣਗੇ ਕਿ ਕਿਤੇ ਇਹ ਕਟਾ ਤਾਂ ਮੁਕਰਰ ਨਹੀਂ ਕੀਤਾ ਹੋਇਆ (ਹਾਸਾ) ਹਰ ਮਹੀਨੇ ਇਕ ਭਜ ਜਾਂਦਾ ਹੈ । ਕਿਤੇ ਇਹ ਕੋਟਾ ਵਧ ਤਾਂ ਨਹੀਂ ਹੈ । (ਹਾਸਾ)

(ਕੋਈ ਉੱਤਰ ਨਾ ਦਿਤਾ ਗਿਆ)

Original with;
Punjab Vidhan Sabha
Digitized by;
Panja

CASES OF TRANSFERS OF GOVERNMENT EMPLOYEES IN THE HEALTH DEPARTMENT IN BHATINDA DISTRICT

*1949 **1. Shri Sardari Lal Kapur**
2. Bhagat Guran Dass Hans } Will the Minister of State for Industries and Health be pleased to state —

(a) whether it is a fact that certain transfers of Government employees in the Health Department in Bhatinda District have recently been made ;

(b) whether it is also a fact that the President of class IV Employees Union, Bhatinda District, went on four days' fast in front of the Punjab Health Directorate at Chandigarh in connection with the said transfers;

(c) if the reply to parts (a) and (b) above be in the affirmative, whether the Government has sympathetically considered the cases of alleged vindictive transfers, if so, the result thereof?

ਸਰਦਾਰ ਤੇਜਾ ਸਿੰਘ : (ੳ) ਹਾਂ ਜੀ ।

(ਅ) ਹਾਂ ਜੀ ।

(ੲ) ਬਠਿੰਡਾ ਜ਼ਿਲ੍ਹੇ ਦੇ ਚੌਥੀ ਸ਼੍ਰੇਣੀ ਦੇ ਮੁਲਾਜਮਾਂ ਦੇ ਪ੍ਰਧਾਨ ਦੀਆਂ ਮੰਗਾਂ ਨੂੰ ਮੁੱਖ ਰਖਦੇ ਹੋਏ ਸ੍ਰੀ ਮੁਖਤਿਆਰ ਸਿੰਘ ਖੁੱਲਾ, ਗੈਂਗਮੈਨ ਦੀ ਤਬਦੀਲੀ ਦੇ ਹੁਕਮ ਪ੍ਰਾਇਮਰੀ ਹੈਲਥ ਸੈਂਟਰ, ਦੱਬਵਾਲੀ ਕਲਾਂ (ਫਿਰੋਜ਼ਪੁਰ) ਤੋਂ ਪ੍ਰਾਇਮਰੀ ਹੈਲਥ ਸੈਂਟਰ, ਖਿਆਲਾ ਕਲਾਂ (ਜ਼ਿਲ੍ਹਾ ਬਠਿੰਡਾ) ਵਿਖੇ ਕਰ ਦਿੱਤੇ ਗਏ ਹਨ, ਜੋ ਉਸ ਨੇ ਮੰਨ ਲਏ ਸਨ ਕਿਉਂ ਜੋ ਇਹ ਤਬਦੀਲੀ ਪ੍ਰਸ਼ਾਸਨੀ ਕਾਰਨਾਂ ਕਰਕੇ ਕੀਤੀ ਗਈ ਸੀ ਇਸ ਲਈ ਇਸ ਨੂੰ ਬਦਲਾ ਲਊ ਨੀਤੀ ਨਾਲ ਕੀਤੀ ਤਬਦੀਲੀ ਨਹੀਂ ਕਿਹਾ ਜਾ ਸਕਦਾ ।

[(a) Yes
(b) Yes.

(c) Taking into consideration the demands put forth by the President Class IV Employees Union, District Bhatinda the transfer of Shri Mukhtiar Singh Khulla, Gangman was ordered from P.H.C. Dabwali Kalan (Ferozepur) to P.H.C. Khiala Kalan (District Bhatinda) which was accepted by him. As he was transferred on administrative grounds so it cannot be called a vindictive transfer.]

CASES OF BEGAR

*1956. **1. Chaudhri Kewal Krishan**
2. Shri Sardari Lal Kapur } Will the Chief Minister be pleased to state—

(a) whether the Government propose to take any steps for checking Begar in the State; if so, the details thereof;

Original with;
Punjab Vidhan Sabha
Digitized by;
Panjab Digital Library

[Chaudhri Kewal Krishan]

(b) whether the Government propose to form district-wise committees consisting of M.L.As. and the representatives of class IV employees Unions to find out cases of Begar prevalent in the districts?

ਸਰਦਾਰ ਬਲਵੰਤ ਸਿੰਘ (ਵਿੱਤ ਮੰਤਰੀ) (ਏ)ਬੇਗਾਰ ਲੈਣ ਵਾਲੇ ਸਰਕਾਰੀ ਕਰਮਚਾਰੀਆਂ ਵਿਰੁਧ ਕੜੀ ਕਾਰਵਾਈ ਕਰਨ ਸਬੰਧੀ 1957–58 ਵਿਚ ਵਿਸਥਾਰ ਪੂਰਬਕ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ, ਜਿਨ੍ਹਾਂ ਦੀਆਂ ਨਕਲਾਂ ਸਦਨ ਦੀ ਮੇਜ਼ ਤੇ ਰੱਖੀਆਂ ਜਾਂਦੀਆਂ ਹਨ । ਸਰਕਾਰ ਨੇ ਮਈ, 1970 ਵਿਚ ਮੁੜ ਸਾਰਿਆਂ ਦੇ ਧਿਆਨ ਵਿਚ ਇਹ ਹਦਾਇਤਾਂ ਲਿਆਂਦੀਆਂ ਹਨ ਅਤੇ ਇਹ ਤਾੜਨਾ ਕੀਤੀ ਹੈ ਕਿ ਇਨ੍ਹਾਂ ਦੀ ਪਾਲਣਾ ਕੀਤੀ ਜਾਵੇ । ਇਨ੍ਹਾਂ ਹਦਾਇਤਾਂ ਅਨੁਸਾਰ ਬੇਗਾਰ ਲੈਣ ਦੀ ਰੁਚੀ ਨੂੰ ਇਕ ਬਦ–ਦਿਆਨਤੀ ਦਾ ਕਰਮ ਸਮਝਿਆ ਜਾਵੇਗਾ ਅਤੇ ਸਖਤ ਸਜ਼ਾ ਦਿੱਤੀ ਜਾਵੇਗੀ ।

ਇਨ੍ਹਾਂ ਹਦਾਇਤਾਂ ਨੂੰ ਮੁੱਖ ਰਖਦੇ ਹੋਏ ਸਰਕਾਰ ਦੇ ਵਿਚਾਰ ਅਧੀਨ ਬੇਗਾਰ ਨੂੰ ਰੋਕਣ ਸਬੰਧੀ ਕੋਈ ਹੋਰ ਸੁਝਾਓ ਨਹੀਂ ਹਨ ।

(ਬੀ) ਨਹੀਂ ਜੀ ।

GOVERNMENT INSTRUCTIONS AGAINST BEGAR

No. 4540-GII-57/12538

FROM

Shri Nakul Sen, I.C.S.
Chief Secretary to Government, Punjab.

To

All Heads of Departments, the Registrar, High Court of Punjab, Commissioners of Divisions, All District and Sessions Judges, Deputy Commissioners and Sub-Divisional Officers in the Punjab.

Dated, Chandigarh, the 15th July, 1957.

SUBJECT :— Use of Government servants for private work.

Sir,

Government frequently receive complaints against individual officers allegin that they take private work from Government servants under their control. I am directed to address you in order to clarify the policy of Government on this subject.

2. The extent to which Government servants are used for private work varies in the different departments. The attitude of the average officer, is, however, more or less the same in all departments, viz. that using Government servants for private work is a practice which has the sanction of wide-spread and old usage. The possibility of this practice amounting, in certain circumstances to dishonesty, is neither taken into account by the officers indulging in it, nor by their departmental heads. For dishonesty, there is the firm rule that dismissal is the only right of punishment and it is, therefore, a matter of importance to clarify whether use of Government servants for private work does amount to dishonesty (merit dismissal) or not.

Original with;
Punjab Vidhan Sabha
Digitized by;
Panjab Digital Library

"A member who has resigned office of Minister may, with the consent of the Speaker, make a personal statement in explanation of his resignation ."

ਇਸ ਗੱਲ ਵਿਚ ਨਹੀਂ ਜਾਣਾ ਚਾਹੀਦਾ ਕਿ ਅਕਾਲੀ ਦਲ ਦਾ ਪਿਛੇ ਕੀ ਸਿਧਾਂਤ ਸੀ ਅਤੇ ਇਹ ਕੀ ਕਰਦੇ ਰਹੇ ਹਨ ਅਤੇ ਕਿਸ ਤਰ੍ਹਾਂ ਇਹ ਅਕਾਲੀ ਦਲ ਦੇ ਬਾਰੇ ਕਹਿੰਦੇ ਰਹੇ ਹਨ (ਵਿਘਨ) (ਸ਼ੋਰ) ।

चौधरी बलबीर सिंह : यहां पर किसी पार्टी के सिद्धांतों का संबंध नहीं । इन्होंने अस्तीफा दिया उसके मुताल्लिक ही बात आ सकती है । (विघ्न)

कैप्टन रत्न सिंह : आन ए प्वायंट आफ़ आर्डर, सर । (विघ्न)

चौधरी बलबीर सिंह : मेरा निवेदन इस लिये यह है कि इन्हें पुराने इतिहास का जिक्र करने से रोक देना चाहिए । (विघ्न)

ਸ੍ਰੀ ਮਨਮੋਹਨ ਕਾਲੀਆ : ਕੀ ਕਿਸੇ ਮੈਂਬਰ ਨੂੰ ਬਿਨਾਂ ਤੁਹਾਡੀ ਇਜਾਜ਼ਤ ਦੇ ਬੋਲਣ ਦੀ ਖੁਲ੍ਹੀ ਇਜਾਜ਼ਤ ਹੈ ?

Mr. Speaker : Please resume your seat.(*Interruptions*)

Shri Manmohan Kalia : But Sir, he has no right to speak without your permission. (*noise*) (*Interruptions*)

ਸ੍ਰੀ ਸਪੀਕਰ : ਤੁਸੀਂ ਆਪ ਵਜ਼ੀਰ ਰਹੇ ਹੋ, please resume your seat. (The hon. Member has himself been a Minister, he may please resume his seat.)

Captain Rattan Singh : Sir, I refer to Rule 62 and it is very clear. Under the rule a Member who has resigned the office of Minister has a right to make a statement but he can make only a personal statement explaining the reasons which led to his resignation. So far whatever, my hon. friend Shri Tandon has said he has not mentioned any personal reasons which led to his resignation. He is talking about the past policies and views of the Jan Sangh and Akalis. Is he required to do that? Under the rules he has a right to make only a personal statement. Even Shri Kalia and other Members who have resigned from the Ministry can give personal statements. They can give reasons which led to their resignation but the reasons should be personal. So my submission is that Mr. Tandon can make only a personal statement.

चौधरी बलबीर सिंह : मेरा प्वायंट आफ आर्डर है कि सफा 36 पर एक रूल 62 यह है कि:—

"A member who has resigned the office of Minister may, with the consent of the Speaker make a personal statement in explanation of his resignation."

Original with;
Punjab Vidhan Sabha
Digitized by;
Panjab Digital Library

और उसके साथ ही दूसरा यह है कि :—

"A copy of the statement shall be forwarded to the Speaker and the Leader of the House one day in advance of the day on which it is proposed to be made.

आगे चल कर इसमें लिखा है कि :—

'Provided that in the absence of a written statement the points or the gist of such statement shall be conveyed to the Speaker and the Leader of the House one day in advance of the day on which it is proposed to be made.

फिर थोड़ी सी रियायत और मिल गई है कि :—

'Such statement shall ordinarily be made after question hour and before the business on the list for the day is entered upon.'

क्या आपको इनका कोई रिटन स्टेटमैंट मिल गया है जिस पर यह बोल रहे हैं ? लीडर आफ दी हाऊस देखें कि आया उनको बोलने का कोई हक है ?

Sirdar Kapur Singh : Mr Speaker, we have been at this point for quite a time now. The Rules are quite clear that when Minister resigns he has right to make a statement about the reasons which led to his resignation.The relevant rule has been read out by my hon. friend Sardar Gurnam Singh. The hon. Ex -Minister that now he is on his feet to apprise the House of the reasons which led to his resignation, if he makes a few introductory remarks and does not dilate too much on the thesis and principle involved ,then it is absolutory in order and it is only graceful and in keeping with the dignity of the House that he should be allowed to make his statement without interruption. This is my submission.

ਰਾਜ ਮੰਤਰੀ ਕਰ ਅਤੇ ਆਬਕਾਰੀ (ਸਰਦਾਰ ਨਰਿੰਦਰ ਸਿੰਘ) : ਮੈਂ ਸਪੀਕਰ ਸਾਹਿਬ, ਇਹ ਜਾਣਨਾ ਚਾਹੁੰਦਾ ਹਾਂ ਕਿ ਸਰਦਾਰ ਗੁਰਨਾਮ ਸਿੰਘ ਹੋਰਾਂ ਨੇ ਕਿਹੜੇ ਅਕਾਲੀ ਦਲ ਦਾ ਜ਼ਿਕਰ ਕੀਤਾ ਹੈ, ਆਪਣੇ ਦਾ ਯਾ ਏਧਰ ਦੇ ਅਕਾਲੀ ਦਲ ਦਾ ?

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਇਹ ਸ਼ਾਇਦ ਓਦੋਂ ਸੁਤੇ ਪਏ ਸੀ ਜਦੋਂ ਮੈਂ ਇਹ ਗਲ ਕਹੀ ਸੀ—ਇਸੇ ਕਰਕੇ ਮੈਨੂੰ ਫੇਰ ਬੋਲਣਾ ਪਿਆ ਹੈ । (ਹਾਸਾ)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਤੁਹਾਡੀ ਇਜਾਜ਼ਤ ਨਾਲ ਮੈਂ ਘੱਟ ਤੋਂ ਘੱਟ ਸਮੇਂ ਵਿਚ ਬੜੇ ਥੋੜ੍ਹੇ ਲਫਜ਼ਾਂ ਦੇ ਵਿਚ ਆਪਣਾ ਪੁਆਇੰਟ ਆਫ ਵਿਊ ਰਖਣ ਦੀ ਕੋਸ਼ਿਸ਼ ਕਰਾਂਗਾ। ਮੇਰੇ ਮੁਤਾਲਿਕ ਕੁਝ ਮੈਂਬਰ ਸਾਹਿਬਾਨ ਨੇ ਬਹੁਤ ਸਾਰੀਆਂ ਗੱਲਾਂ ਕਹੀਆਂ ਹਨ ਪਰ ਇਹ ਸਾਰੀਆਂ ਹੀ ਪਰਸਨਲ ਗਰਾਊਂਡ ਤੇ ਕਹੀਆਂ ਹਨ । ਪਰ ਮੈਂ ਹਾਊਸ ਦੀ ਵਾਕਫੀਅਤ ਲਈ ਅਰਜ਼ ਕਰ ਦੇਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਇਕ ਇਸ਼ੂ ਤੇ ਰੀਜ਼ਾਈਨ ਕੀਤਾ ਉਹ ਸਾਰੇ ਦੇ ਸਾਰੇ ਨਾ-ਅਹਿਲ ਨਹੀਂ ਕਹੇ ਜਾ ਸਕਦੇ। ਇਕ ਦੋ ਹੁੰਦੇ ਤਾਂ ਵਖਰੀ ਗੱਲ ਸੀ, ਪਰ ਸਾਰੀ ਦੀ ਸਾਰੀ ਪਾਰਟੀ ਨੇ ਰੀਜ਼ਾ-ਈਨ ਕੀਤਾ। ਮੈਂ ਤਾਂ ਹੈਰਾਨ ਹਾਂ ਇਸ ਤਰ੍ਹਾਂ ਦੀਆਂ ਗੱਲਾਂ ਸੁਣਕੇ ਕਿ ਕਿਸ ਤਰ੍ਹਾਂ ਦਾ ਰਵੱਈਆ ਧਾਰਨ ਕੀਤਾ ਜਾ ਰਿਹਾ ਹੈ ਇਸ ਹਾਊਸ ਦੇ ਵਿਚ ਕਿ ਪੂਰੀ ਗਲ ਕਹਿਣ ਲਈ ਮੌਕਾ ਵੀ ਨਹੀਂ ਦਿੱਤਾ ਜਾ ਰਿਹਾ (ਸ਼ੋਰ)

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਟੰਡਨ ਸਾਹਿਬ, ਇਸ ਵਿਚ ਹੈਰਾਨੀ ਦੀ ਕੋਈ ਗੱਲ ਨਹੀਂ, ਅਜਿਹੀ ਸਟੇਟ-ਮੈਂਟ ਦੇ ਬਾਰੇ ਰੂਲਜ਼ ਬੜੇ ਹੀ ਸਟਰਿਕਟ ਹਨ, ਜੇ ਕਹੋ ਮੈਂ ਹਾਊਸ ਵਿਚ ਪੜ੍ਹ ਕੇ ਸੁਣਾ ਦੇਂਦਾ ਹਾਂ ਕਿ ਰੂਲਜ਼ ਇਸ ਦੇ ਮੁਤਲਿਕ ਕੀ ਕਹਿੰਦੇ ਹਨ। (*Addressing Shri Balram Dass Tandon* : There is nothing to feel surprised. Rules are very strict with regard to such a statement. If the hon. Member desires, I can read them in the House.)

ਸ੍ਰੀ ਬਲਰਾਮ ਦਾਸ ਟੰਡਨ : ਠੀਕ ਹੈ ਜੀ ਤੁਹਾਡਾ ਫੁਰਮਾਣਾ, ਇਹ ਕਲੀਅਰ ਹਨ। ਪਰ ਮੈਂ ਉਨ੍ਹਾਂ ਗੱਲਾਂ ਦੇ ਬਾਰੇ ਏਥੇ ਕੁਝ ਅਰਜ਼ ਕਰ ਦੇਣੀ ਚਾਹੁੰਦਾ ਹਾਂ ਜਿਨ੍ਹਾਂ ਰਾਹੀਂ ਅਸੀਂ ਇਕਠੇ ਹੋਏ ਅਤੇ ਉਹ ਗੱਲਾਂ ਕੀ ਹਨ ਜਿਨ੍ਹਾਂ ਕਰਕੇ ਅਸੀਂ ਅਲਗ ਹੋ ਗਏ।

Mr. Speaker : Please confine your remarks to the scope of your personal explanation.

ਸਰਦਾਰ ਸੰਤ ਸਿੰਘ : ਕੀ ਤੁਹਾਡੀ ਯੱਗਦੱਤ ਦੇ ਬਿਆਨ ਨਾਲ ਅਜੇ ਤਸੱਲੀ ਨਹੀਂ ਹੋਈ ?

ਸ੍ਰੀ ਬਲਰਾਮ ਦਾਸ ਟੰਡਨ : ਉਹ ਵੀ ਸਾਰਾ ਕੁਝ ਦਸ ਦੇਂਦਾ ਹਾਂ। ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਬੜੇ ਆਰਾਮ ਦੇ ਨਾਲ ਸੁਣਿਆ ਹੈ, ਹੁਣ ਉਹ ਮੇਰੀ ਗੱਲ ਵੀ ਆਰਾਮ ਨਾਲ ਹੀ ਸੁਣਨ। ਮੈਂ ਬਾਸੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀ ਪਾਰਟੀ ਦੇ ਮੈਂਬਰਾਂ ਤੇ ਕੰਟਰੋਲ ਕਰਨ ਦੀ ਕੋਸ਼ਿਸ਼ ਕਰਨ। ਮੈਂ, ਸਪੀਕਰ ਸਾਹਿਬ, ਆਪਦੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਪ ਇਨ੍ਹਾਂ ਨੂੰ ਕਹੋ ਕਿ ਉਹ ਮੇਰੀ ਗੱਲ ਸੁਣਨ ਦੀ ਹਿੰਮਤ ਕਰਨ। ਮੇਰੇ ਲਈ ਇਹ ਵਾਜਬ ਨਹੀਂ ਹੋਵੇਗਾ ਕਿ ਮੈਂ ਆਪਣੇ ਵਿਚਾਰ ਛੇਤੀ ਛੇਤੀ ਰੱਖਾਂ ਅਤੇ ਪੂਰੀ ਗਲ ਵੀ ਨਾ ਸਮਝਾ ਸਕਾਂ।

ਸਰਦਾਰ ਗੁਰਨਾਮ ਸਿੰਘ : ਜਿਸ ਦਿਨ, ਸਪੀਕਰ ਸਾਹਿਬ, ਇਕ ਇਸੇ ਤਰ੍ਹਾਂ ਦਾ ਮੈਂ ਬਿਆਨ ਦੇਣ ਲਗਾ ਸੀ ਤਾਂ ਉਸ ਦਿਨ ਟੰਡਨ ਸਾਹਿਬ ਬੜਾ ਇਤਰਾਜ਼ ਕਰਦੇ ਸਨ, ਅਜ ਕਹਿੰਦੇ ਹਨ ਕਿ ਆਪਣੀਆਂ ਪਾਰਟੀਆਂ ਨੂੰ ਕੰਟਰੋਲ ਕਰੋ।

ਸ੍ਰੀ ਬਲਰਾਮ ਦਾਸ ਟੰਡਨ: ਮੈਂ ਇਹ ਗਲ ਕਹਿਣੀ ਤਾਂ ਨਹੀਂ ਸੀ ਚਾਹੁੰਦਾ ਪਰ ਏਥੇ ਮੇਰੇ ਇਕ ਬਜ਼ੁਰਗ ਦੋਸਤ ਨੇ ਇਹ ਗਲ ਕਹਿਕੇ ਇਕ ਡਿਫੀਟ ਨੂੰ ਰੈਜ਼ਿਗਨੇਸ਼ਨ ਦੇ ਨਾਲ ਜੋੜਿਆ ਹੈ। ਜਿਹੜਾ ਕਿ ਜੋੜਿਆ ਨਹੀਂ ਜਾ ਸਕਦਾ।

ਸ੍ਰੀ ਸਪੀਕਰ : ਟੰਡਨ ਸਾਹਿਬ, ਇਹ ਵੀ ਹਾਲਾਤ ਦੀ ਸਿਤਮ ਜ਼ਰੀਫੀ ਹੈ ਉਦੋਂ ਤੁਸੀਂ ਵੀ ਉਸ ਗੌਰਮਿੰਟ ਦੇ ਨਾਲ ਸੀ। (It is rather strange that the hon. Member was also associated with that Government.)

ਕਾਮਰੇਡ ਸਤਪਾਲ ਡਾਂਗ : ਸਪੀਕਰ ਸਾਹਿਬ, ਜਦੋਂ ਸਰਦਾਰ ਗੁਰਨਾਮ ਸਿੰਘ ਨੂੰ ਹਾਰ ਹੋਈ ਸੀ, ਉਸ ਵੇਲੇ ਤੁਸੀਂ ਵੀ ਆਪਣੀ ਰੂਲਿੰਗ ਦੇ ਦਿੱਤੀ ਸੀ ਕਿ ਉਹ ਸਟੇਟਮੈਂਟ ਦੇ ਨਹੀਂ ਸਕਦੇ ਅਤੇ ਕਈ ਗੱਲਾਂ ਵਿਚ ਬੜੀ ਕਾਂਟਾ ਛਾਂਟੀ ਕੀਤੀ ਸੀ। ਉਸ ਵੇਲੇ ਤੁਸੀਂ ਵੀ ਬੜੇ ਸਖਤ ਸੌ ਪਰ ਹੁਣ ਬੜੇ ਲਿਬਰਲ ਨਜ਼ਰ ਆਉਂਦੇ ਹੋ।

ਸ੍ਰੀ ਸਪੀਕਰ : ਮੈਂ ਉਸ ਵੇਲੇ ਇਹੋ ਗਲ ਕਹੀ ਸੀ ਕਿ ਜਿਹੜਾ ਸ਼ਖ਼ਸ ਹਾਊਸ ਵਿਚ ਆਪਣੇ ਆਪ ਨੂੰ ਡਿਫੈਂਡ ਨਹੀਂ ਕਰ ਸਕਦਾ ਉਸ ਦਾਜ਼ਿਕਰ ਨਹੀਂ ਹੋਣਾ ਚਾਹੀਦਾ। ਹੁਣ ਵੀ ਮੈਂ

Original with;
Punjab Vidhan Sabha
Digitized by;
Panjab Digital Library

ਇਹੋ ਹੀ ਕਹਾਂਗਾ । (I had stated at that time that a person who could not defend himself in the House should not be referred to here, and I would say so even now.)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਜੋ ਵੀ ਤੁਸੀਂ ਕਹਿੰਦੇ ਹੋ ਮੈਂ ਉਸ ਤੇ ਜ਼ਰੂਰ ਅਮਲ ਕਰਾਂਗਾ ਪਰ ਮੈਨੂੰ ਬੋਲਣ ਲਈ ਤਾਂ ਆਖਿਰ ਮੌਕਾ ਮਿਲੇ ।

ਸਰਦਾਰ ਕਿਰਪਾਲ ਸਿੰਘ : ਜਨਾਬ ਨੇ ਹੁਣੇ ਹੁਕਮ ਕੀਤਾ ਸੀ ਕਿ ਜਨਾਬ ਨੇ ਸਰਦਾਰ ਗੁਰਨਾਮ ਸਿੰਘ ਨੂੰ ਸਟੇਟਮੈਂਟ ਅਮੈਂਡ ਕਰਕੇ ਦੇਣ ਨੂੰ ਕਿਹਾ ਸੀ । ਪਰ ਜਨਾਬ ਏਥੇ ਕੋਈ ਸਟੇਟਮੈਂਟ ਤਾਂ ਮੌਜੂਦ ਨਹੀਂ ਹੈ, ਇਨ੍ਹਾਂ ਦੇ ਜੋ ਮੂੰਹ ਵਿਚ ਆਵੇਗਾ ਉਹ ਕਹਿ ਛੱਡਣਗੇ । ਇਸ ਲਈ ਇਨ੍ਹਾਂ ਦਾ ਸਟੇਟਮੈਂਟ ਦੇਣ ਦਾ ਇਹ ਤਰੀਕਾ ਤੁਹਾਡੇ ਆਪਣੇ ਪੁਆਇੰਟ ਆਫ ਵਿਯੂ ਤੋਂ ਹੀ ਗਲਤ ਹੈ । ਜਦੋਂ ਕਿ ਪਾਰਲੀਮੈਂਟਰੀ ਰੂਲਜ਼ ਦੇ ਮੁਤਾਬਿਕ 24 ਘੰਟੇ ਪਹਿਲਾਂ ਰਿਟਨ ਸਟੇਟਮੈਂਟ ਲਏ ਤੋਂ ਬਗੈਰ ਇਜਾਜ਼ਤ ਦਿੱਤੀ ਨਹੀਂ ਜਾ ਸਕਦੀ । ਇਸ ਲਈ ਬਗੈਰ ਸਟੇਟਮੈਂਟ ਦੀ ਕਾਪੀ ਦੇ ਇਹ ਇਜਾਜ਼ਤ ਇਲਲੀਗਲ ਹੈ ।

ਸ੍ਰੀ ਬਲਰਾਮ ਦਾਸ ਟੰਡਨ : ਤੁਸੀਂ ਕਹਿ ਲਓ ਮੈਂ ਫਿਰ ਖੜਾ ਹੋ ਜਾਵਾਂਗਾ (ਵਿਘਨ) ਇਨ੍ਹਾਂ ਦਾ ਪਹਿਲਾ ਨੰਬਰ ਹੈ ਮੈਂ ਦੂਸਰੇ ਤੇ ਆਉਂਦਾ ਹਾਂ । (ਵਿਘਨ) (ਹਾਸਾ) ਸਪੀਕਰ ਸਾਹਿਬ, ਮੈਂ ਦਸ ਰਿਹਾ ਸੀ ਕਿ 1967 ਦੀਆਂ ਇਲੈਕਸ਼ਨਜ਼ ਤੋਂ ਬਾਦ ਅਸੀਂ ਇਕਠੇ ਹੋਏ ਅਤੇ ਕੁਝ ਪ੍ਰੋਗਰਾਮ ਬਣਾਇਆ । ਅਸੀਂ ਖੰਨੇ ਵਿਚ ਫਰਵਰੀ, 1967 ਵਿਚ ਇਕਠੇ ਹੋਏ ਸੀ । (ਵਿਘਨ) ਉਸ ਵੇਲੇ ਕੁਝ ਮੋਟੀਆਂ ਗੱਲਾਂ ਤੇ ਕੀਤੀਆਂ ਗਈਆਂ ਸਨ ਅਤੇ ਇਨ੍ਹਾਂ ਵਿਚੋਂ ਮੋਟੀਆਂ ਗਲਾਂ ਇਹ ਸਨ ਕਿ ਕਿਸੇ ਕਿਸਮ ਦੀ ਕੋਈ ਰਿਆਇਤ ਕਿਸੇ ਨੂੰ ਕਾਸਟ, ਕਰੀਡ ਜਾਂ ਰਿਲੀਜਨ ਦੇ ਅਧਾਰ ਤੇ ਨਹੀਂ ਦਿੱਤੀ ਜਾਵੇਗੀ। ਹਿੰਦੀ ਨੂੰ ਨੈਸ਼ਨਲ ਲੈਂਗੁਏਜ ਮੰਨਿਆ ਅਤੇ ਇਹ ਫੈਸਲਾ ਹੋਇਆ ਕਿ ਕਿਸੇ ਵੀ ਪ੍ਰਕਾਰ ਦੀ ਹੋਮ ਲੈਂਡ ਦੀ ਮੰਗ ਨੂੰ ਸਨਬ ਕੀਤਾ ਜਾਵੇਗਾ । ਔਰ ਫਿਰ ਪੰਜਾਬ ਨੂੰ ਪ੍ਰੋਗਰੈਸਿਵ ਬਣਾਉਣ ਵਾਸਤੇ, ਇਸ ਨੂੰ ਇਕ ਅੱਛੀ ਐਡਮਨਿਸਟਰੇਸ਼ਨ ਮੁਹਈਆ ਕਰਨ ਵਾਸਤੇ, ਦੋਨਾਂ ਪਾਰਟੀਆਂ ਦੀ ਸਰਕਾਰ ਬਣੀ ।

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, 1967 ਵਿਚ ਦੋ ਪਾਰਟੀਆਂ ਦੀ ਸਰਕਾਰ ਨਹੀਂ ਸੀ ਬਣੀ ਸਗੋਂ ਸਾਰੀਆਂ ਪਾਰਟੀਆਂ ਦੀ ਸਾਂਝੀ ਸਰਕਾਰ ਬਣੀ ਸੀ ।

ਸ੍ਰੀ ਬਲਰਾਮ ਦਾਸ ਟੰਡਨ : ਜੀ ਹਾਂ ਇਕ ਸਾਂਝੀ ਸਰਕਾਰ ਬਣੀ ਸੀ ।(ਆਵਾਜ਼ਾਂ: ਸਤ ਅਨਾਜਾਂ ਸਰਕਾਰ ਬਣੀ ਸੀ ।) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੇਜਰ ਸਾਹਿਬ ਅਤੇ ਕੈਪਟਨ ਸਾਹਿਬ ਨੂੰ ਇਹ ਬੇਨਤੀ ਕਰਾਂਗਾ ਕਿ ਉਹ ਆਪਣੇ ਮੈਂਬਰਾਂ ਨੂੰ ਕੰਟਰੋਲ ਕਰਨ । (ਵਿਘਨ) ਸਪੀਕਰ ਸਾਹਿਬ, ਮੈਂ ਦਸ ਰਿਹਾ ਸੀ ਕਿ ਇਹ ਸਾਂਝੀ ਸਰਕਾਰ ਸਰਦਾਰ ਗੁਰਨਾਮ ਸਿੰਘ ਦੇ ਮਾਤਹਿਤ ਕੰਮ ਕਰਦੀ ਰਹੀ । ਮੈਂ ਕਹਿ ਸਕਦਾ ਹਾਂ ਕਿ ਉਹ ਸਰਕਾਰ ਉਸ ਵੇਲੇ ਦੇਸ਼ ਦੇ ਵਿਚ ਜਿਤਨੀਆਂ ਸਰਕਾਰਾਂ ਸੀ ਭਾਵੇਂ ਉਹ ਕਾਂਗਰਸੀ ਸਨ ਜਾਂ ਗੈਰ ਕਾਂਗਰਸੀ, ਉਨ੍ਹਾਂ ਸਾਰੀਆਂ ਵਿਚੋਂ ਐਫੀਸ਼ੈਂਟ ਸਰਕਾਰ ਸੀ। ਪੰਜਾਬ ਨੂੰ ਇਕ ਐਫੀਸ਼ੈਂਟ ਸਰਕਾਰ ਮੁਹਈਆ ਕੀਤੀ ਗਈ । ਜਿਸ ਤੋਂ ਪੰਜਾਬ ਦੇ ਲੋਕਾਂ ਨੂੰ ਇਕ ਨਵਾਂ ਤਜਰਬਾ ਹੋਇਆ ਕਿ ਕੋਈ ਗੈਰ ਕਾਂਗਰਸੀ ਸਰਕਾਰ ਵੀ ਕਿਤਨਾ ਚੰਗਾ ਕੰਮ ਕਰ ਸਕਦੀ ਹੈ । ਲੋਕਾਂ ਨੂੰ ਇਹ ਇਕ ਨਵਾਂ ਨਮੂਨਾ ਦੇਖਣ ਦਾ ਮੌਕਾ ਮਿਲਿਆ । ਸਪੀਕਰ ਸਾਹਿਬ, ਜਿਸ ਵੇਲੇ ਇਹ ਸਰਕਾਰ ਕੰਮ ਕਰ ਰਹੀ ਸੀ ਤਾਂ ਰੂਲਿੰਗ ਗਰੁਪ ਵਿਚ ਡੀਫੈਕਸ਼ਨ ਹੋ ਗਈ ਤਾਂ ਇਸ ਸਰਕਾਰ ਨੂੰ ਅਸਤੀਫਾ ਦੇਣਾ ਪਿਆ । ਡਿਫੈਕਟਰਜ਼ ਦੀ ਇਕ ਸਰਕਾਰ ਇਸ ਪਾਰਟੀ (ਕਾਂਗਰਸ) ਦੀ ਮਦਦ ਨਾਲ ਬਣੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਬਲਰਾਮ ਦਾਸ ਟੰਡਨ]

ਤਾਂ ਅਕਾਲੀ ਦਲ ਅਤੇ ਜਨਸੰਘ ਦੋਵੇਂ ਪਾਰਟੀਆਂ ਆਪੋਜ਼ੀਸ਼ਨ ਦੇ ਵਿਚ ਇਕਠੀਆਂ ਬੈਠੀਆਂ। ਸਪੀਕਰ ਸਾਹਿਬ, ਪੰਜਾਬ ਦੇ ਵਿਚ ਹਾਲਾਤ ਠੀਕ ਰਖਣੇ ਚਾਹੁੰਦੇ ਸੀ। ਕਿਉਂਕਿ ਪੰਜਾਬ ਇਕ ਬਾਰਡਰ ਦਾ ਸੂਬਾ ਹੈ ਅਤੇ ਇਸ ਬਾਰਡਰ ਤੇ ਇਕ ਉਹ ਦੁਸ਼ਮਨ ਬੈਠਾ ਹੋਇਆ ਹੈ ਜਿਸ ਬਾਰੇ ਕੋਈ ਪ੍ਰਿਡਿਕਟ ਨਹੀਂ ਕਰ ਸਕਦਾ ਕਿ ਉਹ ਕਲ ਨੂੰ ਕੀ ਕਰੇਗਾ। ਪੰਜਾਬ ਸਾਰੇ ਦੇਸ਼ ਦੀ ਢਾਲ ਹੈ, ਇਸ ਗਲ ਨੂੰ ਸਾਹਮਣੇ ਰਖਦੇ ਹੋਇਆਂ ਅਸੀਂ ਇਕਠੇ ਰਹੇ ਅਤੇ ਕਦਮ ਨਾਲ ਕਦਮ ਮਿਲਾ ਕੇ ਚਲੇ। ਫਿਰ 1969 ਦੀਆਂ ਮਿਡ ਟਰਮ ਇਲੈਕਸ਼ਨਜ਼ ਹੋਈਆਂ। ਉਹ ਇਲੈਕਸ਼ਨਜ਼ ਵੀ ਇਨ੍ਹਾਂ ਦੋਨਾਂ ਪਾਰਟੀਆਂ ਨੇ ਇਕੱਠੀਆਂ ਹੀ ਲੜੀਆਂ। ਇਨ੍ਹਾਂ ਚੋਣਾਂ ਵਿਚ ਕਾਂਗਰਸ ਨੂੰ ਹੋਰ ਵੀ ਜ਼ਿਆਦਾ ਸ਼ਿਕਸਤ ਹੋਈ (ਵਿਘਨ) ਜਿੰਨੀਆਂ ਸੀਟਾਂ ਇਸ ਨੂੰ 1967 ਵਿਚ ਮਿਲੀਆਂ ਸੀ ਉਸ ਤੋਂ ਵੀ ਘਟ ਹੁਣ ਮਿਲੀਆਂ (ਵਿਘਨ) (ਆਵਾਜ਼ਾਂ: ਆਪਣੇ ਵਲ ਵੀ ਦੇਖ ਲਓ) ਸੁਣ ਤਾਂ ਲਓ ਸਹੀ ਗਲ ਹੀ ਕਰਾਂਗਾ। ਮੈਨੂੰ ਗਲਤ ਗਲ ਕਰਨ ਦੀ ਆਦਤ ਨਹੀਂ ਹੈ। (ਵਿਘਨ) ਸਪੀਕਰ ਸਾਹਿਬ (ਵਿਘਨ) ਸੁਣ ਤਾਂ ਲਓ ਜ਼ਰਾ ਧੀਰਜ ਨਾਲ। (ਵਿਘਨ)

ਵਿਤ ਮੰਤਰੀ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ ਰੂਲ 62 ਜਿਸ ਦੇ ਥੱਲੇ ਕਿ ਇਹ ਬੋਲ ਰਹੇ ਹਨ, ਪ੍ਰੋਵਾਈਡ ਕਰਦਾ ਹੈ ਕਿ ਲਿਖਤੀ ਸਟੇਟਮੈਂਟ ਸਪੀਕਰ ਨੂੰ ਭੇਜ ਦੇਣੀ ਚਾਹੀਦੀ ਹੈ। ਜੇ ਲਿਖਤੀ ਸਟੇਟਮੈਂਟ ਨਾ ਹੋਵੇ ਤਾਂ ਪੁਆਇੰਟ ਸਪੀਕਰ ਅਤੇ ਲੀਡਰ ਆਫ਼ ਦੀ ਹਾਊਸ ਨੂੰ ਭੇਜ ਦੇਣੇ ਚਾਹੀਦੇ ਹਨ। ਉਹ ਪੁਆਇੰਟ ਇਨ੍ਹਾਂ ਨੇ 4 ਦਿੱਤੇ ਸਨ। ਸਪੀਕਰ ਸਾਹਿਬ, ਉਹ ਤੁਹਾਡੇ ਕੋਲ ਵੀ ਹਨ ਅਤੇ ਜੋ ਬਾਦਲ ਸਾਹਿਬ ਨੂੰ ਇਨ੍ਹਾਂ ਨੇ ਭੇਜੇ ਸੀ ਉਹ ਮੇਰੇ ਕੋਲ ਹਨ। ਮੈਂ ਤੁਹਾਡੀ ਇਜਾਜ਼ਤ ਨਾਲ ਉਹ ਇਥੇ ਪੜ੍ਹ ਦਿੰਦਾ ਹਾਂ। ਸਭ ਤੋਂ ਪਹਿਲਾਂ ਪੁਆਇੰਟ ਇਨ੍ਹਾਂ ਨੇ ਇਹ ਲਿਖਿਆ ਹੈ ਕਿ —

1. Law and order position in the State -

2. Extreme corruption prevalent in the State both at the administrative level and above.

3. Complete breakdown of the administrative structure in the State and communal overtone made in the administrative structure of the State by the Akali Government.

4. Pledges given by the Akali Party regarding position of Hindi in the State Jurisdiction of Guru Nanak University, Amritsar. Complete extinction of Hindi from the Punjabi University, Patiala.

So, Sir, these are the four points on which Mr. Tandon should make his personal statement.

ਚੌਧਰੀ ਬਲਬੀਰ ਸਿੰਘ : ਇਹ ਜ਼ਰਾ ਬਲਦੇਵ ਪ੍ਰਕਾਸ਼ ਦਾ ਬਿਆਨ ਪੜ੍ਹ ਲੈਣ ਜੋ ਉਨ੍ਹਾਂ ਨੇ ਦਿੱਤਾ ਸੀ ਕਿ ਪੰਜਾਬ ਵਿਚ ਹਿੰਦੀ ਦਾ ਮਸਲਾ ਬਿਲਕੁਲ ਸਦਾ ਵਾਸਤੇ ਹਲ ਹੋ ਗਿਆ ਹੈ। ਜੋ ਇਸ ਨੂੰ ਨਹੀਂ ਮੰਨਦੇ ਉਹ ਬਾਹਰ ਚਲੇ ਜਾਣ। (ਵਿਘਨ)

ਡਾਕਟਰ ਸਾਧੂ ਰਾਮ : ਕੋਈ ਪੁਆਇੰਟ ਹਰੀਜਨਾਂ ਦੇ ਬਾਰੇ ਵੀ ਲਿਖਿਆ ਹੈ ਕਿ ਨਹੀਂ, ਇਹ ਵੀ ਦਸ ਦਿਓ। (ਵਿਘਨ)

ਸ਼੍ਰੀ ਬਲਰਾਮ ਦਾਸ ਟੰਡਨ: ਸਪੀਕਰ ਸਾਹਿਬ ਮੈਂ ਤੁਹਾਡੇ ਸਾਹਮਣੇ ਕੁਝ ਗੱਲਾਂ ਰਖ ਰਿਹਾ ਸੀ ਕਿ ਦੋਨਾਂ ਪਾਰਟੀਆਂ ਦੀ ਸਾਂਝੀ ਸਰਕਾਰ ਬਣੀ। (ਵਿਘਨ)

Original with;
Punjab Vidhan Sabha
Digitized by;
Panjab Digital Library

चौधरी बलबीर सिंह : व्यवस्था का प्रश्न । अध्यक्ष महोदय, 1969 के चुनाव के बाद 1970 तक यह गुरनाम सिंह की सरकार में रहे । वहां तक की बात यह नहीं कर सकते । इस मौजदा सरकार में तो यह एक अप्रैल, 1970 को शामिल हुए थे, उसके बाद की बात यह कर सकते हैं, पहले की नहीं । (थंपिंग)

ਸ੍ਰੀ ਬਲਰਾਮ ਦਾਸ ਟੰਡਨ: ਜ਼ਰਾ ਧੀਰਜ ਨਾਲ ਸੁਣੋ ਤਾਂ ਸਹੀ । ਸਪੀਕਰ ਸਾਹਿਬ, ਜੇ ਕੁਝ ਮਿਹਰਬਾਨ ਮੈਨੂੰ ਬੋਲਣ ਦੇਣ ਤਾਂ ਮੈਂ ਹੁਣੇ ਹੀ ਸਪੀਚ ਖਤਮ ਕਰ ਦਿੰਦਾ ਹਾਂ । (ਵਿਘਨ) ਮੈਂ ਸਾਰੀਆਂ ਗੱਲਾਂ ਉਨ੍ਹਾਂ ਪੁਆਇੰਟਸ ਦੇ ਮੁਤਾਬਿਕ ਹੀ ਰਖ ਰਿਹਾ ਹਾਂ ।

ਸ੍ਰੀ ਸਪੀਕਰ : ਤੁਸੀਂ ਹੋਰ ਕਿਤਨਾ ਸਮਾਂ ਲਓਗੇ ? (How much more time will the hon. Member take ?)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਜੇ ਇਹ ਮੈਨੂੰ ਇੰਟਰਪਟ ਨਾ ਕਰਨ ਤਾਂ ਮੈਂ ਅੱਧੇ ਘੰਟੇ ਵਿਚ ਹੀ ਗੱਲ ਮੁਕਾ ਦਿੰਦਾ ਹਾਂ ਪਰ ਹੁਣ ਤਾਂ ਇਹ ਹਾਲਤ ਹੈ ਕਿ ਕੁਝ ਇਧਰੋਂ ਬੋਲ ਰਹੇ ਹਨ ਕੁਝ ਉਧਰੋਂ ਬੋਲ ਰਹੇ ਹਨ । (ਵਿਘਨ) ਸਪੀਕਰ ਸਾਹਿਬ, ਚੌਧਰੀ ਬਲਬੀਰ ਸਿੰਘ ਹੁਣ ਵੀ ਬੈਠੇ ਬੈਠੇ ਬੋਲੀ ਜਾਂਦੇ ਹਨ ।

Mr Speaker : Order, Order please (Noise and interruptions in the House.)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਉਸ ਇਕਠੀ ਸਰਕਾਰ ਨੇ ਆਪਣੀ ਪਾਲਿਸੀ ਸਟੇਟਮੈਂਟ ਦਿੱਤੀ ਔਰ ਉਸ ਵਿਚ ਉਹ ਜਿਹੜੀਆਂ ਗਲਾਂ ਹਨ ਉਹ ਸਾਰੀਆਂ ਦੀਆਂ ਸਾਰੀਆਂ ਗਲਾਂ ਬਾਤਾਂ ਕੀਤੀਆਂ । ਜਿਥੋਂ ਤਕ ਇਸ ਗਲ ਦਾ ਤਾਲੁਕ ਹੈ ਪਾਰਟੀ-ਤੌਰ ਤੇ ਇਕਠੇ ਹੋਏ । ਇਸ ਵਿਚ ਵਿਅਕਤੀ ਦਾ ਸਵਾਲ ਨਹੀਂ ਹੈ । ਵਿਅਕਤੀ ਇਕ ਹੋ ਸਕਦਾ ਹੈ, ਮਨਿਸਟਰ ਇਕ ਹੋ ਸਕਦਾ ਹੈ, ਚੀਫ ਮਨਿਸਟਰ ਇਕ ਹੋ ਸਕਦਾ ਹੈ । ਉਹ ਬੰਦੇ ਬਦਲ ਸਕਦੇ ਹਨ । ਪਰ ਪਾਰਟੀ ਦੇ ਤੌਰ ਤੇ ਕੁਝ ਗੱਲਾਂ ਤਹਿ ਕੀਤੀਆਂ । ਇਨ੍ਹਾਂ ਤੇ ਅਮਲ ਕਿੰਨਾ ਹੋਇਆ ਕਿੰਨਾ ਨਹੀਂ ਹੋਇਆ, ਇਸ ਦੇ ਮੁਤਾਬਿਕ ਉਹ ਗੌਰਮਿੰਟ ਕਿੰਨੀ ਚਲੀ ਹੈ, ਕਿਨ੍ਹਾਂ ਹਾਲਾਤ ਵਿਚ ਸਾਨੂੰ ਬਾਹਰ ਆਉਣਾ ਪਿਆ, ਮੈਂ ਇਸ ਦੇ ਮੁਤਾਲਿਕ ਕਹਿੰਦਾ ਹਾਂ । (ਸ਼ੋਰ) (ਵਿਘਨ, ਚੌਧਰੀ ਬਲਬੀਰ ਸਿੰਘ ਵੱਲੋਂ) ਇਨ੍ਹਾਂ ਨੂੰ ਸਾਰਾ ਜ਼ਮਾਨਾ ਨਜ਼ਰ ਨਹੀਂ ਆਉਂਦਾ, ਉਹ ਇਨ੍ਹਾਂ ਨੂੰ ਨਜ਼ਰ ਨਾ ਆਵੇ । ਸਪੀਕਰ ਸਾਹਿਬ, ਤੁਸੀਂ ਹੀ ਦੱਸੋ ਦਿਨ ਵੇਲੇ ਇਨ੍ਹਾਂ ਨੂੰ ਨਜ਼ਰ ਨਹੀਂ ਆਉਂਦਾ (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਸ ਦੇ ਵਿੱਚ ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਥੋੜ੍ਹੀ ਦੇਰ ਦੇ ਬਾਅਦ ਇਹ ਸਾਰੀਆਂ ਗੱਲਾਂ ਬਾਤਾਂ ਜਿਨ੍ਹਾਂ ਨੂੰ ਤਹਿ ਕਰਕੇ ਅਸੀਂ ਇਕਠੇ ਹੋਏ ਸੀ ਉਨ੍ਹਾਂ ਗੱਲਾਂ ਦੇ ਬਾਰੇ ਵਿਚ ਇਹ ਸੀਰੀਅਸਨੈਸ ਲੈਕੇ ਚਲੇ ਨਹੀਂ । ਜਿਸ ਭਾਵਨਾ ਨਾਲ ਅਸੀਂ ਆਪਸ ਵਿਚ ਇਕਠੇ ਹੋਕੇ ਚਲੇ ਸੀ ਉਨ੍ਹਾਂ ਵਿਚ ਥੋੜਾ ਜਿੰਨਾ ਫਰਕ ਸਾਡੇ ਸਾਹਮਣੇ ਆਉਣਾ ਸ਼ੁਰੂ ਹੋਇਆ । ਇਸ ਦੇ ਵਿਚ ਮੀਡੀਅਮ ਆਫ ਇਨਸਟਰਕਸ਼ਨ ਦਾ ਸਵਾਲ ਆਇਆ । ਸਾਰੇ ਪੰਜਾਬ ਦੇ ਸਕੂਲਾਂ ਅਤੇ ਪਰਾਈਵੇਟ ਸਕੂਲਾਂ ਵਿਚ, ਇਹ ਸਮਸਿਆ ਜਿਸ ਵੇਲੇ ਸਾਹਮਣੇ ਆਈ ਤਾਂ ਇਸ ਤੇ ਵਿਚਾਰ ਹੋਇਆ ਲੇਕਿਨ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਨ੍ਹਾਂ ਸਾਰੀਆਂ ਗਲਾਂ ਬਾਰੇ ਜਿਸ ਸਪਿਰਟ ਨਾਲ, ਜਿਸ ਭਾਵਨਾ ਨਾਲ ਇਹ ਗੱਲਾਂ ਕੀਤੀਆਂ ਸਨ ਉਸ ਸਪਿਰਟ ਉਸ ਭਾਵਨਾ ਨਾਲ ਅਮਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ । ਉਸ ਦੇ ਨਤੀਜੇ ਦੇ ਤੌਰ ਤੇ ਜਿਸ ਵੇਲੇ ਅਸੀਂ ਇਸ ਗੱਲ ਨੂੰ ਸਾਹਮਣੇ ਰਖਦੇ ਗਏ (ਸ਼ੋਰ) (ਚੌਧਰੀ ਬਲਬੀਰ ਸਿੰਘ

Original with;
Punjab Vidhan Sabha
Digitized by;
Panj

[ਸ੍ਰੀ ਬਲਰਾਮ ਦਾਸ ਟੰਡਨ]

ਵਲੋਂ ਵਿਘਨ) ਇਨ੍ਹਾਂ ਨੂੰ ਤੁਸੀਂ ਸਮਝਾਉ (ਸ਼ੋਰ) (ਵਿਘਨ) ਸਪੀਕਰ ਸਾਹਿਬ, ਉਸ ਮਾਮਲੇ ਦੇ ਬਾਰੇ ਵਿਚ ਹਮੇਸ਼ਾਂ ਇਹ ਗੱਲ ਸਾਡੇ ਸਾਹਮਣੇ ਆਈ ...

Mr. Speaker : Please be brief. You have taken too much time of the House. ਐਕਸਪਲੇਨੇਸ਼ਨ ਤੁਸੀਂ ਕੋਈ ਦਿੱਤਾ ਨਹੀਂ, ਆਪਣੇ ਪੁਆਇੰਟ ਤੇ ਹੁਣ ਤਕ ਨਹੀਂ ਆਏ । (Please be brief. You have taken too much time of the House. You have not given any explanation. You have not even touched your points so far.)

ਸ੍ਰੀ ਬਲਰਾਮ ਦਾਸ ਟੰਡਨ : ਮੈਂ ਇਕ ਲਫਜ਼ ਕਹਿੰਦਾ ਹਾਂ ਤਾਂ ਪੁਆਇੰਟ ਆਫ ਆਰਡਰ ਰੇਜ਼ ਕਰ ਦਿੱਤਾ ਜਾਂਦਾ ਹੈ । (ਸ਼ੋਰ) (ਵਿਘਨ)

Sardar Gurnam Singh : Mr. Speaker, Sir, the hon. Member has given you definite points on which he wants to render explanation for his resignation. He is going wide off the mark. What happened in 1967, 1968 and 1969 or whatever the hon. Member is saying about the agreement between the parties is totally irrelevant. (*Interruptions*) I wish he had given his statement in writing and that could be read in the House. Sir, the points regarding his statement as mentioned by the Treasury Benches, are four and they are as under :-

1. Law and order.
2. Corruption in the State.
3. Complete breakdown of the administration.
4. Pledges regarding Hindi and Guru Nanak University.

I do not relish hon. Members interrupting him, but I wish to request the hon. Member to restrict himself to the four points given by him in writing to the Speaker for giving his explanation.

ਸ੍ਰੀ ਸਪੀਕਰ : ਮੈਂ ਆਨਰੇਬਲ ਮੈਂਬਰ ਦੇ ਇਸ ਰਿਮਾਰਕਸ ਨਾਲ ਲਫਜ਼ ਬਲਫਜ਼ ਸਹਿਮਤ ਹਾਂ । ਹੁਣ ਤਕ ਜੋ ਟੰਡਨ ਸਾਹਿਬ ਨੇ ਕਿਹਾ ਬਿਲਕੁਲ ਇਰਰੈਲੇਵੇਂਟ ਹੈ (ਥੰਪਿੰਗ) ਉਨ੍ਹਾਂ ਨੂੰ ਬਿਲਕੁਲ ਸਪਸ਼ਟ ਇਨ੍ਹਾਂ ਪੁਆਇੰਟਸ ਤੇ ਆਉਣਾ ਚਾਹੀਦਾ ਹੈ ਕਿਉਂਕਿ ਸਕੋਪ ਬੜਾ ਲਿਮਿਟਿਡ ਹੈ ਇਸ ਰੂਲ ਦੇ ਥੱਲੇ । (I am in complete agreement with this that whatever Mr. Tandon has said so far is quite irrelevant. (Thumping). He should confine himself strictly to the points stated by him as the scope of speech under this rule is very limited.)

ਸ੍ਰੀ ਬਲਰਾਮ ਦਾਸ ਟੰਡਨ : ਮੈਂ ਜੋ ਕੁਝ ਕਿਹਾ ਹੈ ਤੁਹਾਡੀ ਪਰੇਜ਼ੈਂਸ ਵਿਚ ਕਿਹਾ ਹੈ; ਮੈਨੂੰ ਬੜਾ ਅਫਸੋਸ ਹੈ ਜਿਹੜੀ ਆਬਜ਼ਰਵੇਸ਼ਨ ਮੈਨੂੰ ਸੁਣਨ ਦਾ ਮੌਕਾ ਮਿਲਿਆ ਹੈ (ਵਿਘਨ) (ਸ਼ੋਰ)

ਸਰਦਾਰ ਗੁਰਮੀਤ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ ।

ਸ੍ਰੀ ਬਲਰਾਮ ਦਾਸ ਟੰਡਨ : ਹੁਣ ਤੁਸੀਂ ਵੇਖੀ ਜਾਵੋ ।

ਸਰਦਾਰ ਗੁਰਮੀਤ ਸਿੰਘ : ਸਪੀਕਰ ਸਾਹਿਬ ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਬੜੀ ਚੰਗੀ ਤਰ੍ਹਾਂ ਸਰਦਾਰ ਗੁਰਨਾਮ ਸਿੰਘ ਹੋਰਾਂ ਉਸ ਪਾਰਟੀ ਦੇ ਮੈਂਬਰ ਨੂੰ ਦਸ ਦਿੱਤਾ ਹੈ । (ਵਿਘਨ)

Original with;
Punjab Vidhan Sabha
Digitized by;
Panjab Digital Library

ਚਾਰ ਪੁਆਇੰਟਸ ਤੁਹਾਡੇ ਸਾਹਮਣੇ ਆਏ ਹਨ । ਇਸ ਤੇ ਅਕਾਲੀ ਪਾਰਟੀ, ਫਰੀਡਮ ਫ਼ਾਈਟਰਾਂ ਦੀ ਪਾਰਟੀ ਤੇ ਇਲਜ਼ਾਮ ਤਰਾਸ਼ੀ ਕਰਨ । (ਵਿਘਨ) ਇਸ ਦਾ ਸਾਰਾ ਪੁਰਾਣਾ ਇਤਿਹਾਸ 1919 ਤੋਂ ਅਕਾਲੀ ਪਾਰਟੀ ਤੇ ਅਟੈਕ ਕਰਨ ਹਿੰਦੀ, ਹਿੰਦੂ, ਹਿੰਦੁਸਤਾਨ, ਇਕ ਕਮਿਊਨਿਟੀ, ਇਕ ਫਿਰਕੇ ਦੇ ਰਾਜ ਦਾ ਨਾਹਰਾ ਦੇਣ ਵਾਲੀ ਪਾਰਟੀ ਵੱਲੋਂ ਇਲਜ਼ਾਮ ਤਰਾਸ਼ੀ ਇਹ ਇਰਰੈਲੇਵੈਂਟ ਹੈ। ਜੋ ਕੁਝ ਇਨ੍ਹਾਂ ਨੇ ਇਰਰੈਲੇਵੈਂਟ ਆਖਿਆ ਹੈ, ਉਹ ਐਕਸਪੰਜ ਹੋਣਾ ਚਾਹੀਦਾ ਹੈ ।

Mr. Speaker : Tandon Sahib, please be relevant.

ਸ੍ਰੀ ਬਲਰਾਮ ਦਾਸ ਟੰਡਨ : ਮੈਂ ਬਿਲਕੁਲ ਜੋ ਚੀਜ਼ਾਂ ਕਹੀਆਂ ਹਨ ਉਥੇ ਹੀ ਆ ਰਿਹਾ ਹਾਂ । (ਵਿਘਨ) ਮੈਂ ਉਥੇ ਰੈਫਰ ਕੀਤਾ ਪਾਰਟੀਆਂ ਇਕਠੀਆਂ ਹੋਈਆਂ (ਵਿਘਨ) ਜੋ ਗੱਲਾਂ ਹਨ ਉਹੀ ਮੇਰਾ ਐਕਸਪਲੇਨੇਸ਼ਨ ਹੈ ਹੋਰ ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਵਿਚ ਇਰਰੈਲੇਵੈਂਟ ਕੀ ਹੈ। ਜੇ ਕੋਈ ਬੰਦੇ ਸਮਝ ਨਹੀਂ ਸਕਦੇ ਤਾਂ ਮੈਂ ਮਜਬੂਰ ਹਾਂ । (ਸ਼ੋਰ) (ਵਿਘਨ) ਸਪੀਕਰ ਸਾਹਿਬ, ਮੈਂ ਦਸ ਰਿਹਾ ਸੀ (ਵਿਘਨ) ਜੇ ਤੁਸੀਂ ਹਾਊਸ ਠੀਕ ਤਰ੍ਹਾਂ ਨਾਲ ਚਲਾ ਸਕਦੇ ਹੋ ਤਾਂ ਮੈਨੂੰ ਇਜਾਜ਼ਤ ਦਿਉ ।

ਸ੍ਰੀ ਸਪੀਕਰ : ਥੋੜ੍ਹਾ ਜਿਹਾ ਸਹਿਯੋਗ ਦਿਉ, ਬਰੀਫ ਹੋ ਜਾਉ । (Please give some co-operation and be brief.)

ਸ੍ਰੀ ਬਲਰਾਮ ਦਾਸ ਟੰਡਨ : ਤੁਹਾਡੇ ਹੁਕਮ ਬਗੈਰ ਮੈਂ ਕੁਝ ਨਹੀਂ ਕਰਨਾ ਚਾਹੁੰਦਾ । You are master of the House. (ਚੌਧਰੀ ਬਲਬੀਰ ਸਿੰਘ ਵੱਲੋਂ ਵਿਘਨ)

Mr. Speaker : No interruption please.

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ,...... (ਵਿਘਨ)

ਸ੍ਰੀ ਸਪੀਕਰ: ਤੁਸੀਂ ਪਰੋਵੋਕੇਟ ਤਾਂ ਹੋਣਾ ਨਹੀਂ । (The hon. Member should not get provoked.)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਬ, ਮੈਂ ਦਸ ਰਿਹਾ ਸੀ ਕਿ ਜਿਥੋਂ ਤਕ ਮੀਡੀਅਮ ਆਫ ਇਨਸਟਰਕਸ਼ਨ ਦਾ ਤਾਲੁਕ ਹੈ ਉਸਦੇ ਬਾਰੇ ਪਰਾਈਵੇਟ ਸਕੂਲਾਂ ਦਾ ਸਵਾਲ ਜਦ ਆਇਆ ਤਾਂ ਉਸ ਵੇਲੇ ਇਹ ਗਲ ਕਹੀ ਗਈ ਕਿ ਤੁਸੀਂ ਹਾਲੇ ਠਹਿਰ ਜਾਉ (ਵਿਘਨ) ਹਾਲੇ ਅਸੀਂ ਕਰ ਨਹੀਂ ਸਕਦੇ । ਉਹ ਗਲ ਉਸ ਵੇਲੇ ਨਾ ਕਰਕੇ ਇਕ ਪਾਲਿਸੀ ਸਟੇਟਮੈਂਟ ਦੇ ਤੌਰ ਤੇ ਲੋਕਾਂ ਦੇ ਸਾਹਮਣੇ ਆਈ । ਉਸ ਵੇਲੇ ਸਾਨੂੰ ਮਜਬੂਰ ਹੋਕੇ ਇਸ ਹਦ ਤਕ ਜਾਣਾ ਪਿਆ ਕਿ ਅਸੀਂ ਇਕਠੇ ਨਹੀਂ ਚਲਾ ਸਕਦੇ । ਸਪੀਕਰ ਸਾਹਿਬ, ਅਗਰ ਗਲ ਬਾਤ ਦੋ ਬੰਦਿਆਂ ਦੇ ਵਿਚ ਜਾਂ ਦੋ ਪਾਰਟੀਆਂ ਦੇ ਵਿਚ ਹੋਈ ਹੋਵੇ ਅਤੇ ਉਹਦੇ ਵਿਚ ਜਿਹੜੀਆਂ ਗਲਾਂ ਤਹਿ ਕੀਤੀਆਂ ਗਈਆਂ ਹੋਣ ਅਗਰ ਉਹ ਉਸ ਬਿਨਾ ਉੱਤੇ ਜੇ ਕਰ ਪਾਰਟੀ ਨੂੰ ਕਨਸੀਡ ਕਰਨਾ ਹੈ (ਵਿਘਨ) ਤਾਂ ਮੈਂ ਨਹੀਂ ਸਮਝਦਾ ਕਿ ਉਹਦੇ ਨਾਲ ਸਿਚੂਏਸ਼ਨ ਠੀਕ ਰਹਿ ਸਕਦੀ ਹੈ । ਜਿਥੋਂ ਤਕ ਪੰਜਾਬ ਵਿਚ ਪੰਜਾਬੀ ਦਾ ਤਾਲੁਕ ਹੈ, ਇਸ ਬਾਰੇ ਪੰਜਾਬ ਜਨਸੰਘ ਨੇ ਬੜੀ ਮਜ਼ਬੂਤੀ ਨਾਲ ਪੰਜਾਬੀ ਨੂੰ ਪੰਜਾਬ ਦੀ ਭਾਸ਼ਾ ਮੰਨਿਆ ਸੀ। ਲੇਕਿਨ ਅਸੀਂ ਹਿੰਦੀ ਵਾਸਤੇ ਜੋ, ਨੈਸ਼ਨਲ ਲੈਂਗੁਏਜ਼ ਹੈ, ਲਿੰਕ ਲੈਂਗੁਏਜ ਦੇ ਤੌਰ ਤੇ ਕਿਹਾ ਸੀ, ਅਸੀਂ ਸਮਝਿਆ ਕਿ ਜਦੋਂ ਇਥੇ ਵੱਡੀਆਂ ਗਲਾਂ ਜਿਵੇਂ ਕਿ ਰਿਆਰਗੇਨਾਈਜ਼ੇਸ਼ਨ ਵਰਗੀਆਂ ਤਹਿ ਹੋ ਗਈਆਂ ਹਨ ਤਾਂ ਇਹ ਵੀ ਆਰਾਮ ਨਾਲ ਤਹਿ ਹੋ ਜਾਣਗੀਆਂ । ਬਾਕੀ ਦੀਆਂ ਸਾਰੀਆਂ ਗੱਲਾਂ, ਸਾਰੇ ਪੁਆਇੰਟਸ ਬੜੇ ਆਰਾਮ ਨਾਲ ਤੈ ਕੀਤੀਆਂ ਗਈਆਂ । ਪਰ ਬੜੀ ਬਦਕਿਸਮਤੀ ਦੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਬਲਰਾਮ ਦਾਸ ਟੰਡਨ]

ਗਲ ਹੈ ਕਿ ਇਸ ਤਰ੍ਹਾਂ ਦਾ ਅੱਛਾ ਮਾਹੌਲ ਪੰਜਾਬ ਵਿਚ ਐਨੀ ਮਿਹਨਤ ਨਾਲ ਕਾਇਮ ਕੀਤਾ ਹੋਇਆ ਸੀ, ਪਰ ਉਸ ਨੂੰ ਇਨ੍ਹਾਂ ਨੇ ਨਾ ਰਹਿਣ ਦਿੱਤਾ। (ਵਿਘਨ) (ਸ਼ੋਰ)

1967 ਵਿਚ ਜਿਸ ਭਾਵਨਾ ਦੇ ਆਧਾਰ ਤੇ ਇਲੈਕਸ਼ਨ ਹੋਏ ਉਸ ਦੇ ਮੁਤਾਬਕ ਅਸੀਂ ਚਾਹੁੰਦੇ ਸੀ ਕਿ ਪੰਜਾਬ ਦੇ ਵਿਚ ਮੁੜਕੇ ਜਾਗ੍ਰਿਤੀ ਲਿਆਈਏ ਅਤੇ ਉਹ ਚੰਗੀ ਭਾਵਨਾ ਕਾਇਮ ਰਹੇ ਲੇਕਿਨ ਉਹ ਸਭ ਖਟਾਈ ਵਿਚ ਪੈ ਗਈਆਂ। ਕਿਉਂਕਿ ਜਿਹੜੀਆਂ ਗੱਲਾਂ ਜਿਸ ਚੰਗੇ ਵਾਤਾਵਰਣ ਵਿਚ ਤਹਿ ਕੀਤੀਆਂ ਗਈਆਂ ਸਨ, ਉਨ੍ਹਾਂ ਨੂੰ ਸਿਰੇ ਨਾ ਚਾੜ੍ਹਿਆ ਗਿਆ। ਇਹ ਸਾਰੀਆਂ ਗੱਲਾਂ ਬੜੇ ਗਰੇਸ ਦੇ ਨਾਲ ਤਹਿ ਹੋਣੀਆਂ ਸਨ (ਵਿਘਨ) ਇਨ੍ਹਾਂ ਗੱਲਾਂ ਦੇ ਬਾਰੇ ਬਹਿਸ ਵਿਚ ਪੈਣਾ, ਕੰਟਰੋਵਰਸੀ ਸ਼ੁਰੂ ਕਰ ਦੇਣੀ ਔਰ ਪੰਜਾਬ ਵਿਚ ਅਜਿਹੇ ਹਾਲਾਤ ਪੈਦਾ ਕਰਕੇ, ਇਹ ਕੋਈ ਚੰਗੀ ਗਲ ਨਹੀਂ ਸੀ। (ਵਿਘਨ) (ਸ਼ੋਰ)

ਸਾਨੂੰ ਇਲੈਕਸ਼ਨ ਵਿਚ ਲਾਸ ਵੀ ਝੱਲਣਾ ਪਿਆ। ਸਾਡੀਆਂ ਸੀਟਾਂ ਵੀ ਘੱਟ ਆਈਆਂ, ਵੋਟ ਵੀ ਘੱਟ ਮਿਲੇ। ਸਾਡੇ ਵੱਡੇ ਵੱਡੇ ਆਗੂ ਵੀ ਡੀਫੀਟ ਹੋਏ। ਪਰ, ਸਪੀਕਰ ਸਾਹਿਬ, ਅਸੀਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਸਹਿਣ ਕੀਤਾ। (ਵਿਘਨ) ਸਪੀਕਰ ਸਾਹਿਬ, ਇਸ ਬਾਰਡਰ ਦੀ ਸਟੇਟ ਪੰਜਾਬ ਦੀ ਖਾਤਰ ਅਗਰ ਸਾਨੂੰ ਕੋਈ ਵੀ ਕੀਮਤ ਦੇਣੀ ਪਵੇ ਤਾਂ ਅਸੀਂ ਦੇਣ ਲਈ ਤਿਆਰ ਹਾਂ। ਪਰ ਜੇ ਫਿਰ ਵੀ ਅਜਿਹੀਆਂ ਗੱਲਾਂ ਵਾਸਤੇ ਮਜਬੂਰ ਕੀਤਾ ਜਾਵੇ ਤਾਂ ਇਹ ਠੀਕ ਨਹੀਂ। (ਵਿਘਨ) ਉਸ ਦੇ ਬਾਅਦ ਫਿਰ ਕੁਝ ਹੋਰ ਗਲਾਂ ਵੀ ਹੋਈਆਂ। (ਵਿਘਨ)

ਜਿਸ ਤਰੀਕੇ ਦੇ ਨਾਲ ਸਰਵਿਸਿਜ਼ ਵਿਚ ਰਿਕਰੂਟਮੈਂਟ ਦੇ ਬਾਰੇ ਇਨ੍ਹਾਂ ਨੇ ਸ਼ਰਤਾਂ ਮੁਕਰਰ ਕੀਤੀਆਂ, ਇਹ ਤੁਹਾਡੇ ਸਾਹਮਣੇ ਹਨ। ਇਸ ਤਰ੍ਹਾਂ ਦੀ ਹਾਲਤ ਕਰ ਦਿੱਤੀ ਕਿ ਜਿੰਨੀ ਵੀ ਰਿਕਰੂਟਮੈਂਟ ਪੰਜਾਬ ਦੇ ਵਿਚ ਹੋਵੇ, ਸਾਰੇ ਦੇ ਸਾਰੇ ਪੰਜਾਬੀ ਨੋਇੰਗ ਆਦਮੀ ਲਏ ਜਾਣ। (ਵਿਘਨ) (ਸ਼ੋਰ) ਅੱਜ ਕੋਈ ਬੀ.ਏ. ਪਾਸ ਹੈ, ਜਾਂ ਕੋਈ ਡਾਕਟਰ ਹੈ ਜਾਂ ਇੰਜੀਨੀਅਰ ਹੈ ਅਤੇ ਕੁਆਲੀਫਾਈਡ ਹੈ, ਤਾਂ ਉਸ ਦੀ ਰਿਕਰੂਟਮੈਂਟ ਲਈ ਇਹ ਸਵਾਲ ਪੇਸ਼ ਕਰ ਦਿੱਤਾ ਅਤੇ ਕੰਡੀਸ਼ਨ ਲਾ ਦਿੱਤੀ ਕਿ ਉਹ ਪੰਜਾਬੀ ਜ਼ਰੂਰ ਜਾਣਦਾ ਹੋਵੇ। (ਵਿਘਨ) ਜਿਸ ਵੇਲੇ ਇਹ ਸਰਵਿਸਿਜ਼ ਖੁਲੀਆਂ ਸਨ ਤਾਂ ਕੋਈ ਅਜਿਹੀ ਸ਼ਰਤ ਨਹੀਂ ਸੀ (ਵਿਘਨ) ਸਗੋਂ ਇਹ ਸੀ ਕਿ ਉਹ ਲੈਂਗੂਏਜ ਟੈਸਟ ਨੂੰ ਇਕ ਸਾਲ ਵਿਚ ਪਾਸ ਕਰ ਲਵੇ, ਜਿਹੜਾ ਵੀ ਡੀਪਾਰਟਮੈਂਟਲ ਟੈਸਟ ਉਸ ਲੈਂਗੂਏਜ ਲਈ ਰੱਖਿਆ ਜਾਵੇ। ਜਿਸ ਵੇਲੇ ਉਨ੍ਹਾਂ ਨੂੰ ਪ੍ਰੋਫੈਸ਼ਨਲ ਡਿਗਰੀਆਂ ਮਿਲੀਆਂ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਉਨ੍ਹਾਂ ਨੇ ਕਿਸ ਸਰਕਾਰ ਪਾਸ ਸਰਵਿਸ ਕਰਨੀ ਹੈ। (ਸ਼ੋਰ) ਇਸ ਕਰਕੇ ਕੋਈ ਕੰਡੀਸ਼ਨ ਲੈਂਗੂਏਜ ਦੇ ਬਾਰੇ ਵਿਚ ਨਹੀਂ ਸੀ ਲਗਾਈ ਹੋਈ (ਵਿਘਨ) ਭਾਵੇਂ ਉਹ ਪਬਲਿਕ ਸਰਵਿਸ ਕਮਿਸ਼ਨ ਦੇ ਤੌਰ ਤੇ ਹੋਵੇ ਜਾਂ ਬਿਜਲੀ ਬੋਰਡ ਦੇ ਤੌਰ ਤੇ ਹੋਵੇ, ਉਸ ਦੇ ਵਿਚ ਫਰੀ ਰਿਕਰੂਟਮੈਂਟ ਸੀ। (ਸ਼ੋਰ) ਪਰ ਇਨ੍ਹਾਂ ਨੇ ਲੈਂਗੂਏਜ ਦੀ ਪਾਲਿਸੀ ਇਸ ਤਰ੍ਹਾਂ ਬਣਾ ਕੇ ਇਕ ਵਰਗ ਦੇ ਵਰਗ ਨੂੰ ਇਗਨੋਰ ਕਰਨ ਦੀ ਕੋਸ਼ਿਸ਼ ਕੀਤੀ। ਇਹ ਠੀਕ ਨਹੀਂ ਸੀ (ਸ਼ੋਰ)

ਪੰਜਾਬ ਦੀ ਸਰਕਾਰੀ ਭਾਸ਼ਾ ਪੰਜਾਬੀ ਅਤੇ ਹਿੰਦੀ ਰਾਸ਼ਟਰ ਭਾਸ਼ਾ ਹੈ। ਜਿਹੜੇ ਵੀ ਬੰਦੇ ਸਰਵਿਸ ਵਿਚ ਆਉਣ ਜਾਂ ਜੁਆਇਨ ਕਰਨ, ਤਾਂ ਉਨ੍ਹਾਂ ਲਈ ਇਹ ਜ਼ਰੂਰੀ ਸੀ ਕਿ 6 ਮਹੀਨਿਆਂ ਦੇ ਅੰਦਰ ਅੰਦਰ ਉਹ ਉਸ ਲੈਂਗੂਏਜ ਦਾ ਡੀਪਾਰਟਮੈਂਟਲ ਟੈਸਟ ਪਾਸ ਕਰਨ ਜਾਂ ਉਸਦੀ ਵਰਕਿੰਗ ਨਾਲਜ ਐਕੁਆਇਰ ਕਰ ਲੈਣ ਅਤੇ ਅਫਸਰ ਦੀ ਤਸੱਲੀ ਕਰਾ ਦੇਣ ਕਿ ਇਨ੍ਹਾਂ ਪਾਸ ਵਰਕਿੰਗ ਨਾਲਿਜ ਹੈ। (ਵਿਘਨ)(ਸ਼ੋਰ) ਅੱਜ ਸਾਡੇ ਸਾਹਮਣੇ ਸੈਕਟਰੀ, ਹੈਡ ਆਫ ਦੀ ਡੀਪਾਰਟਮੈਂਟਸ ਬੈਠੇ ਹਨ— ਚਾਹੇ ਉਹ ਕੋਈ ਕੇਸ਼ਾਧਾਰੀ ਸਿਖ ਹੈ ਜਾਂ ਕੋਈ ਹੋਰ ਹੈ ਸਾਰਾ ਕੰਮ ਪੰਜਾਬੀ ਵਿਚ ਹੁੰਦਾ ਹੈ। ਲੇਕਿਨ ਉਸਦੇ ਬਾਵਜੂਦ ਉਨ੍ਹਾਂ ਦੇ ਸਾਹਮਣੇ ਲੈਂਗੂਏਜ ਦਾ ਟੈਸਟ ਰੱਖਣਾ ਭਾਵੇਂ ਉਹ ਛੋਟਾ ਕਲਰਕ ਹੈ, ਅਫਸਰ ਹੈ ਜਾਂ ਕਿਸੇ ਹੋਰ ਪੋਸਟ ਤੇ ਕੰਮ ਕਰਦਾ ਹੈ, ਅਗਰ ਉਸਦੇ ਵਾਸਤੇ ਟੈਸਟ ਰਖਿਆ ਜਾਵੇਗਾ ਤਾਂ ਠੀਕ ਨਹੀਂ।

Original with;
Punjab Vidhan Sabha
Digitized by;
Panjab Digital Library

(ਵਿਘਨ) ਸੈਕਟਰੀ ਜਾਂ ਹੈਡ ਆਫ ਦੀ ਡੀਪਾਰਟਮੈਂਟ ਨੂੰ ਕਹੋ ਕਿ ਟੈਸਟ ਦੇਵੇ ਤਾਂ ਉਹ ਉਸ ਪਰਚੇ ਵਿਚੋਂ ਇਕ ਸਵਾਲ ਵੀ ਨਹੀਂ ਕਰ ਸਕਦਾ, ਪਰ ਇਹ ਸਰਕਾਰੀ ਕੰਮ ਚਲਦਾ ਰਿਹਾ। (ਵਿਘਨ) ਭਾਵੇਂ ਉਹ ਥਲੇ ਦੇ ਛੋਟੇ ਕਰਮਚਾਰੀਆਂ ਦੀ ਭਰਤੀ ਸੀ ਜਾਂ ਉਪਰ ਦੇ ਅਫਸਰ ਦੀ ਗੱਲ ਸੀ, ਹੈਰਾਨੀ ਦੀ ਗਲ ਹੈ ਕਿ ਕੋਈ ਕਿਸੇ ਦੀ ਵੀ ਰਿਕਰੂਟਮੈਂਟ ਵਿਚ ਇਹ ਸ਼ਰਤ ਲਗਾ ਦੇਣੀ ਸਿਰਫ ਇਸ ਲਈ ਕਿ ਕਿਸੇ ਇਕ ਸੈਕਸ਼ਨ ਨੂੰ ਰਿਕਰੂਟਮੈਂਟ ਵਿਚ ਇਗਨੋਰ ਕੀਤਾ ਜਾ ਸਕੇ, ਇਹ ਠੀਕ ਨਹੀਂ ਸੀ। ਸੋ ਇਸ ਤਰ੍ਹਾਂ ਦਾ ਵਿਤਕਰਾ ਹੋਇਆ, ਜੋ ਠੀਕ ਨਹੀਂ ਸੀ। (ਵਿਘਨ) ਲੇਕਿਨ ਜਿਸ ਤਰ੍ਹਾਂ ਕਿ ਕਿਸੇ ਪਾਰਟੀ ਦਾ ਆਪਣਾ ਹੀ ਹਿਤ ਹੁੰਦਾ ਹੈ ਅਤੇ ਤੰਗ ਨਜ਼ਰੀਆ ਲੈਂਗੂਏਜ ਦੇ ਬਾਰੇ ਵਿਚ ਹੁੰਦਾ ਹੈ। ਉਸੇ ਤਰ੍ਹਾਂ ਜ਼ੋਰ ਸ਼ੋਰ ਨਾਲ ਇਨ੍ਹਾਂ ਨੇ ਕਮ ਕੀਤਾ। (ਸ਼ੋਰ) ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਪਾਰਟੀ ਦੇ ਵਿਚ ਕੁਝ ਐਕਸਟਰੀਮਿਸਟਸ ਸਨ ਜਿਨ੍ਹਾਂ ਨੇ ਇਹ ਬੜੀ ਕੋਸ਼ਿਸ਼ ਕੀਤੀ ਕਿ ਸੂਬੇ ਵਿਚ ਅੱਛਾ ਮਾਹੌਲ ਨਾ ਰਹੇ। (ਵਿਘਨ) (ਸ਼ੋਰ) ਉਹ ਮਹੌਲ ਨੂੰ ਚੰਗਾ ਨਹੀਂ ਰਖਣਾ ਚਾਹੁੰਦੇ ਸਨ। ਉਹ ਐਕਸਟਰੀਮਿਸਟ ਇਨ੍ਹਾਂ ਦੇ ਲੀਡਰ ਬਣੇ ਬੈਠੇ ਸਨ ਹਾਲਾਂ ਕਿ ਸਾਡੀ ਕੋਸ਼ਿਸ਼ ਇਹ ਸੀ ਕਿ ਮਾਹੌਲ ਚੰਗਾ ਰਹੇ। (ਸ਼ੋਰ) ਉਨ੍ਹਾਂ ਨੇ ਬੜੇ ਜ਼ੋਰ ਨਾਲ, ਬੜੀ ਹਿੰਮਤ ਨਾਲ ਅਤੇ ਬੜੀ ਮਜ਼ਬੂਤੀ ਨਾਲ ...... (ਵਿਘਨ)

ਸ੍ਰੀ ਸਪੀਕਰ : ਤੁਸੀਂ ਤਾਂ ਇਕ ਪੁਆਇੰਟ ਨੂੰ ਹੀ ਐਨਾ ਡਿਸਕਰਾਈਬ ਕੀਤਾ ਹੈ ਬਾਕੀ ਪੁਆਇੰਟਸ ਤੇ ਕਿੰਨਾ ਟਾਈਮ ਲਵੋਗੇ ? (ਸ਼ੋਰ) ਕੀ ਤੁਸੀਂ ਅੱਧੇ ਘੰਟੇ ਵਿਚ ਖਤਮ ਕਰ ਦਿਉਗੇ ? (The hon. Member has taken so much time to explain only one point; how much time is he likely to take to cover other points. (Interruption) Will the hon. Member be able to finish his personal explanation within half an hour ?)

ਸ੍ਰੀ ਬਲਰਾਮ ਦਾਸ ਟੰਡਨ : ਮੈਂ ਕੋਸ਼ਿਸ਼ ਕਰਾਂਗਾ ਪਰ ਜੇ ਰਹਿ ਗਿਆ ਤਾਂ ਮੈਂ ਕਹਿ ਨਹੀਂ ਸਕਦਾ (ਸ਼ੋਰ) (ਵਿਘਨ)

ਸਰਦਾਰ ਬਸੰਤ ਸਿੰਘ (ਡਕਾਲਾ) : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਨੂੰ ਟੰਡਨ ਸਾਹਿਬ ਨਾਲ ਬੜੀ ਹਮਦਰਦੀ ਹੈ ਮਗਰ ਮੈਨੂੰ ਡਰ ਹੈ ਕਿ ਪ੍ਰੋਸੀਡਿੰਗਜ਼ ਵਿਚ ਇਕ ਰਾਂਗ ਪ੍ਰੈਸੀਡੈਂਟ ਨਾ ਕਾਇਮ ਹੋ ਜਾਵੇ। ਪਾਰਟੀ ਪਾਲਿਸੀ ਤੋਂ ਲੈਕੇ ਪਾਰਟੀ ਡਿਫਰੈਂਸਿਜ਼ ਦੀ ਅਤੇ ਇਕ ਪਾਰਟੀ ਨੇ ਦੂਸਰੀ ਪਾਰਟੀ ਨੂੰ ਕਿਉਂ ਛੱਡਿਆ, ਰੂਲਜ਼ ਦੇ ਵਿਚ ਇਸ ਦੇ ਬਾਰੇ ਕਿਤੇ ਜ਼ਿਕਰ ਨਹੀਂ। ਇਕ ਇੰਡਿਵਿਜੁਅਲ ਮਨਿਸਟਰ ਨੇ ਰੀਜ਼ਾਈਨ ਕਰ ਦਿੱਤਾ, ਉਸ ਦੇ ਬਾਰੇ ਰੂਲ ਹੈ.........

The rule says :-

"A member who has resigned the office of Minister may with the consent of the Speaker, make a personal statement in explanation of his resignation.

Sir, the hon. Member Shri Balram Dass Tandon is making a statement Justifying the separation of his party from the coalition.

ਇਹ ਕਿਸੇ ਜਗ੍ਹਾ ਵੀ ਨਹੀਂ ਦਿੱਤਾ ਹੋਇਆ। ਜ਼ਰਾ ਇਸ ਨੂੰ ਗੌਰ ਨਾਲ ਪੜ੍ਹ ਲਵੋ। ਮੈਂ ਇਸ ਕਰਕੇ ਕਹਿੰਦਾ ਹਾਂ ਕਿ ਕਿਤੇ ਇਹ ਰਾਂਗ, ਪ੍ਰੈਸੀਡੈਂਟ ਨਾ ਹੋ ਜਾਵੇ। ਤੁਹਾਡੇ ਸਾਹਮਣੇ ਸ੍ਰੀ ਕ੍ਰਿਸ਼ਨਾ ਮੈਨਨ ਦਾ ਕੇਸ ਹੈ।

Mr. Krishna Menon was an individual. He did not choose to make a statement. Shri Tandon can only make a personal statement about his resignation. He cannot give justification of his party.

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ]

ਮੈਂ ਅਰਜ਼ ਕਰਦਾ ਹਾਂ ਕਿ ਇਹ ਸਾਰੀ ਚੀਜ਼ ਇਰਰੈਲੇਵੈਂਟ ਬਣਦੀ ਹੈ। Rather it is not consistent with the Rules. ਜਾਂ ਇਹ ਦਸਣ ਕਿ ਕਿਸ ਤਰ੍ਹਾਂ ਦੋਨਾਂ ਪਾਰਟੀਆਂ ਦਾ ਫੈਸਲਾ ਹੋਇਆ, ਕਿਸ ਤਰ੍ਹਾਂ ਦੋਨਾਂ ਦਾ ਐਗਰੀਮੈਂਟ ਹੋਇਆ ਅਤੇ ਫਿਰ ਟੁੱਟਿਆ। ਇਹ ਲੈਂਗੂਏਜ ਦਾ ਕੁਐਸਚਨ ਕਿਸ ਤਰ੍ਹਾਂ ਵਿਚ ਆ ਗਿਆ। Is it no-confidence in the Ministry ? It is not.

ਸਿਰਦਾਰ ਕਪੂਰ ਸਿੰਘ : ਅਧਿਅਕਸ਼ ਸਾਹਿਬ, ਸਿਖ ਹੋਮ ਲੈਂਡ ਦਾ ਵਿਰੋਧ ਵੀ ਨਿਯਮਾਂ ਅਨੁਸਾਰ ਨਹੀਂ ਹੋ ਸਕਦਾ, ਪਰ ਇਹ ਕਰ ਰਹੇ ਹਨ।

ਸ਼੍ਰੀ ਬਲਰਾਮ ਦਾਸ ਟੰਡਨ : ਮੈਂ ਇਹ ਵੀ ਦਸਦਾ ਹਾਂ ਕਿ (ਵਿਘਨ) ਹਾਲਾਂ ਵੀ ਪਬਲਿਕ ਸਰਵਿਸ ਕਮਿਸ਼ਨ ਅਤੇ ਹੋਰ ਬਹੁਤ ਸਾਰੇ ਅਦਾਰੇ ਇਨ੍ਹਾਂ ਗਲਾਂ ਨੂੰ ਉਸੇ ਸਪਿਰਟ ਵਿਚ ਲੈ ਗਏ ਹਨ ਜਿਸ ਤਰ੍ਹਾਂ ਕਿ ਤਹਿ ਕੀਤੀਆਂ ਪਾਲਿਸੀਆਂ ਦੇ ਉਲਟ ਜਾਣਾ ਹੋਵੇ। ਸਰਕਾਰ ਨੇ ਇਨ੍ਹਾਂ ਤਹਿ ਸ਼ੁਦਾ ਪਾਲਿਸੀਆਂ ਨੂੰ ਸਿਰੇ ਨਹੀਂ ਚੜ੍ਹਾਇਆ। (ਵਿਘਨ) (ਸ਼ੋਰ)

ਸਪੀਕਰ ਸਾਹਿਬ, ਜਿਥੋਂ ਤਕ ਲਾਐਂਡ ਆਰਡਰ ਦੀ ਪੁਜ਼ੀਸ਼ਨ ਦਾ ਤੁਆਲਕ ਹੈ ਉਸ ਦੇ ਬਾਰੇ ਵਿਚ ਬਹੁਤ ਸਾਰੀਆਂ ਗੱਲਾਂ ਬਾਤਾਂ ਹਨ।(ਵਿਘਨ) ਅਸੀਂ ਫਰਾਮ ਟਾਈਮ ਟੂ ਟਾਈਮ ਕਹਿੰਦੇ ਰਹੇ ਕਿ ਚਾਹੇ ਕੈਬਨਿਟ ਵਿਚ ਜਾਂ ਬਾਹਰ ਪਾਰਟੀ ਦੇ ਲੀਡਰ ਜੋ ਕਹਿੰਦੇ ਹਨ, ਉਨ੍ਹਾਂ ਗੱਲਾਂ ਬਾਰੇ ਸੋਚ ਵਿਚਾਰ ਕੇ ਫੈਸਲਾ ਕੀਤਾ ਜਾਵੇ ਪਰ ਇਸ ਪਾਸੇ ਇਨ੍ਹਾਂ ਨੇ ਕੋਈ ਧਿਆਨ ਨਹੀਂ ਦਿੱਤਾ। (ਵਿਘਨ) ਬੜੇ ਅਫਸੋਸ ਦੀ ਗੱਲ ਇਹ ਹੈ ਕਿ ਜਿਸ ਵੇਲੇ ਇਸ ਤਰ੍ਹਾਂ ਦੇ ਹਾਲਾਤ ਹੋਣ ਕਿ ਐਡਮਿਨਿਸਟਰੇਸ਼ਨ ਇਸ ਹੱਦ ਤਕ ਲੂਜ਼ ਹੋ ਜਾਵੇ ਔਰ ਚੀਫ ਮਨਿਸਟਰ ਸਾਹਿਬ ਦਾ ਸੋਚਣ ਦਾ ਤਰੀਕਾ ਇਹ ਹੋ ਜਾਵੇ ਕਿ ਮੈਂ ਹਰ ਇਕ ਐਮ.ਐਲ.ਏ., ਹਰ ਇਕ ਆਪਣੇ ਜਥੇਦਾਰ ਨੂੰ ਖੁਸ਼ ਕਰਕੇ ਚਲਣਾ ਹੈ ਤਾਂ ਐਡਮਿਨਿਸਟ੍ਰੇਸ਼ਨ ਠੀਕ ਢੰਗ ਨਾਲ ਨਹੀਂ ਚਲ ਸਕਦੀ। (ਵਿਘਨ) (ਸ਼ੋਰ)

ਜਿਥੋਂ ਤਕ ਚੀਫ ਮਨਿਸਟਰ ਸਾਹਿਬ ਦੀ ਜ਼ਾਤ ਦਾ ਤੁਆਲਕ ਹੈ, ਮੇਰੇ ਦਿਲ ਵਿਚ ਉਨ੍ਹਾਂ ਲਈ ਬੜੀ ਰਿਸਪੈਕਟ ਹੈ, ਬੜਾ ਪਿਆਰ ਹੈ। ਮੇਰੇ ਦਿਲ ਵਿਚ ਉਨ੍ਹਾਂ ਲਈ ਬੜੀ ਇੱਜ਼ਤ ਹੈ। ਉਨ੍ਹਾਂ ਨੇ ਬੜੇ ਪਿਆਰ ਦੇ ਨਾਲ ਇਹ ਸਾਰਾ ਕਾਰ ਵਿਹਾਰ ਕਰਨ ਦੀ ਕੋਸ਼ਿਸ਼ ਕੀਤੀ। (ਵਿਘਨ)

ਮੈਨੂੰ ਚੀਫ ਮਨਿਸਟਰ ਸਾਹਿਬ ਦੀ ਈਮਾਨਦਾਰੀ ਤੇ ਬੜਾ ਵਿਸ਼ਵਾਸ ਹੈ। (ਇਨਟਰੱਪਸ਼ਨਜ਼)

Mr. Speaker : No interruptions, please.

ਸ਼੍ਰੀ ਬਲਰਾਮ ਦਾਸ ਟੰਡਨ : ਹਾਲਤ ਇਹ ਹੋਈ ਕਿ ਨਾ ਸਿਰਫ ਉਹ ਆਪ ਸਗੋਂ ਉਨ੍ਹਾਂ ਦੇ ਕੁਝ ਹੋਰ ਕੁਲੀਗਜ਼ ਨੇ ਵੀ ਯਤਨ ਕੀਤਾ ...... (ਵਿਘਨ) (ਸ਼ੋਰ) ਮੇਰੇ ਦਿਲ ਵਿਚ ਉਨ੍ਹਾਂ ਲਈ ਬੜੀ ਰਿਸਪੈਕਟ ਹੈ। ਇਸ ਢੰਗ ਨਾਲ ਸਾਨੂੰ ਸੈਪਰੇਟ ਹਣਾ ਪਿਆ (ਵਿਘਨ) ਲੇਕਿਨ ਮੇਰੇ ਦਿਲ ਵਿਚ ਉਨ੍ਹਾਂ ਲਈ ਬੜੀ ਰੈਸਪੈਕਟ ਹੈ। (ਵਿਘਨ) ਲੇਕਿਨ ਸਿਚੂਏਸ਼ਨ ਇਹ ਬਣੀ......(ਵਿਘਨ)

ਸਰਦਾਰ ਕਿਰਪਾਲ ਸਿੰਘ : ਜੇਕਰ ਤਹਾਡੀ ਹਾਲਾਂ ਵੀ ਮੁਹੱਬਤ ਕਾਇਮ ਹੈ ਤਾਂ ਝਗੜਾ ਖਤਮ ਹੋ ਸਕਦਾ ਹੈ (ਹਾਸਾ) (ਵਿਘਨ)

Original with;
Punjab Vidhan Sabha
Digitized by;
Panjab Digital Library

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਜਿਸ ਵੇਲੇ ਇਹ ਗੱਲ ਹੋ ਜਾਏ ਕਿ ਹਰ ਐਮ. ਐਲ. ਏ. ਦੇ ਕਹਿਣ ਦੇ ਉੱਤੇ, ਹਰ ਵਰਕਰ ਦੇ ਕਹਿਣ ਦੇ ਉਤੇ ਜਾਂ ਕਿਸੇ ਜਥੇਦਾਰ ਦੇ ਕਹਿਣ ਦੇ ਉਤੇ ਇਹ ਸਾਰਾ ਕੁਝ ਕੀਤਾ ਜਾਵੇ ਤਾਂ ਕੀ ਹਾਲਤ ਹੋਵੇਗੀ ? ਜਿਥੋਂ ਤਕ ਸਪੀਕਰ ਸਾਹਿਬ, ਟਰਾਂਸਫਰਜ਼ ਦਾ ਤੱਲਕ ਹੈ, ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਅਗਰ ਅਸੀਂ ਕਿਸੇ ਮਹਿਕਮੇ ਵਿਚ ਸੌ ਟਰਾਂਸਫਰਜ਼ ਕੀਤੀਆਂ ਤਾਂ ਉਸਦੇ ਵਾਸਤੇ ਸਵਾ ਸੌ ਸਟੇ ਆਰਡਰ ਨਿਕਲਿਆ ਹੋਵੇਗਾ । ਇਸ ਤਰੀਕੇ ਦੇ ਨਾਲ ਕੋਈ ਇਕ ਇਕ ਟਰਾਂਸਫਰ ਵਾਸਤੇ, ਇਕ ਇਕ ਆਦਮੀ ਦੇ ਵਾਸਤੇ ਚਾਰ ਚਾਰ ਆਰਡਰ ਜਾਰੀ ਕੀਤੇ ਹਨ । ਸਪੀਕਰ ਸਾਹਿਬ, ਇਸ ਐਡਮਿਨਿਸਟਰੇਸ਼ਨ ਦੇ ਵਿਚ ਕਿਸੇ ਆਰਡਰ ਨੂੰ ਇਮਪਲੀਮੈਂਟ ਨਹੀਂ ਕਰਵਾਇਆ ਜਾ ਸਕਦਾ, ਕਿਸੇ ਆਰਡਰ ਤੇ ਅਮਲ ਨਹੀਂ ਕਰਵਾਇਆ ਜਾ ਸਕਦਾ । ਹਰ ਇਕ ਆਦਮੀ ਆਪਣੀ ਮਰਜ਼ੀ ਦੇ ਨਾਲ ਆਰਡਰ ਕਰਵਾ ਕੇ ਲੈ ਜਾਂਦਾ ਰਿਹਾ, ਜਿਥੇ ਮਰਜ਼ੀ ਕੋਈ ਦਸਖ਼ਤ ਕਰਵਾ ਕੇ ਲੈ ਜਾਏ ਔਰ ਇਹੋ ਜਿਹੇ ਹਾਲਾਤ ਹੋ ਗਏ ਜਿਨ੍ਹਾਂ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ । (ਵਿਘਨ) ।

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਟੰਡਨ ਸਾਹਿਬ ਦੀ ਸਪੀਚ ਨੂੰ ਇਨਟਰੱਪਟ ਨਹੀਂ ਕਰਨਾ ਚਾਹੁੰਦਾ ਲੇਕਿਨ ਇਨ੍ਹਾਂ ਨੇ ਮੁੜ ਮੁੜ ਕੇ ਇਕੋ ਗੱਲ ਨੂੰ ਪੁਆਇੰਟ ਆਊਟ ਕੀਤਾ ਹੈ। ਜਿਹੜੀ ਇਹ ਸਟੇਟਮੈਂਟ ਦੇ ਰਹੇ ਹਨ ਉਸ ਦੇ ਵਾਸਤੇ ਅਸੀਂ ਕਾਗਜ਼ ਪੈਨਸਿਲ ਲੈ ਕੇ ਬੈਠੇ ਹੋਏ ਹਾਂ ਕਿ ਪੁਆਇੰਟ ਕੋਈ ਨੋਟ ਕਰੀਏ ਪਰ ਇਹ ਕੋਈ ਠੋਸ ਗਲ ਨਹੀਂ ਕਰ ਰਹੇ । ਹੁਣ ਇਹ ਜਿਹੜੀ ਕੁਰਪਸ਼ਨ ਦੇ ਮੁਤਲਕ ਗੱਲ ਕਰ ਰਹੇ ਹਨ ਕੋਈ ਪਰਟੀਕੁਲਰ ਕੇਸ ਦਸਣ ਤਾਂ ਕਿ ਅਸੀਂ ਕੋਈ ਇਨਕੁਆਇਰੀ ਵਗੈਰਾ ਦੀ ਮੰਗ ਕਰ ਸਕੀਏ (ਵਿਘਨ) ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਲਈ ਇਨ੍ਹਾਂ ਨੇ ਸਰਟੀਫੀਕੇਟ ਦੇ ਦਿੱਤਾ ਹੈ, ਉਨਾਂ ਲਈ ਪਿਆਰ ਸਾਬਤ ਕਰ ਦਿੱਤਾ ਹੈ । ਜੇ ਚੀਫ਼ ਮਨਿਸਟਰ ਸਾਹਿਬ ਨਾਲ ਪਿਆਰ ਕਰਦੇ ਹਨ ਤਾਂ ਝਗੜਾ ਕੀ ਹੈ ? (ਵਿਘਨ)

ਸਰਦਾਰ ਉਮਰਾਓ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੈਂ ਕੌਲ ਐਂਡ ਸ਼ਕਧਰ ਦੀ ਕਿਤਾਬ ਵਿਚੋਂ ਕੁਝ ਲਾਈਨਾਂ ਪੜ੍ਹ ਕੇ ਸੁਣਾਉਣਾ ਚਾਹੁੰਦਾ ਹਾਂ ਜਿਸ ਵਿਚ ਪਰਸਨਲ ਐਕਸਪਲੇਨੇਸ਼ਨ ਬਾਰੇ ਕਲੀਅਰ ਲਿਖਿਆ ਹੋਇਆ ਹੈ। ਉਸ ਦੇ ਮੁਤਾਬਿਕ ਹੀ ਟੰਡਨ ਸਾਹਿਬ ਆਪਣੀ ਪਰਸਨਲ ਐਕਸਪਲੇਨੇਸ਼ਨ ਦੇਣ ......(ਵਿਘਨ)

Sir, I would refer to page 543 of 'Practice and Pocedure in Parliament' by Kaul and Shakdher. It says.

> 'When a Minister resigns on account of differences of opinion with his colleagues and chooses to make a statement in the House reference to his differences likely to involve disclosure of Cabinet secrets or of such information which might be prejudicial to the security of the country cannot be made by him. However, if he feels that it is necessary for him to make incidental references to such matters he has to obtain the permission of the Prime Minister and inform the Speaker in advance of such permission having been obtained by him.

ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਕੈਬੀਨਿਟ ਵਿਚ ਜੋ ਗਲ ਹੋਈ ਜਾਂ ਜੋ ਗੌਰਮਿੰਟ ਚਲਦੀ ਰਹੀ—(ਵਿਘਨ) ਚੀਫ਼ ਮਨਿਸਟਰ ਸਾਹਿਬ ਦੀ ਪਰਮਿਸ਼ਨ ਹੋਣੀ ਚਾਹੀਦੀ ਸੀ ਉਨ੍ਹਾਂ ਗਲਾਂ ਵਿਚ ਜਿਹੜੀ ਕੈਬੀਨਿਟ ਦੀ ਰਿਸਪੋਂਸੀਬਿਲਟੀ ਵਿਚ ਹਨ । ਲਾਂ ਐਂਡ ਆਰਡਰ ਵਿਚ ਕੈਬੀਨਿਟ ਦੀ ਰਿਸਪੋਂਸੀਬਿਲਟੀ ਆਉਂਦੀ ਹੈ । (ਵਿਘਨ)

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਟੰਡਨ ਸਾਹਿਬ ਨੇ ਓਥ ਆਫ ਸੀਕਰੇਸੀ ਲਈ ਸੀ । ਮੈਂ ਸਮਝਦਾ ਹਾਂ ਕਿ ਉਹ ਬੜੇ ਜ਼ਿੰਮੇਵਾਰ ਆਦਮੀ ਹਨ ਔਰ ਆਪਣੀ ਜ਼ਿੰਮੇਵਾਰੀ ਨੂੰ ਚੰਗੀ ਤਰ੍ਹਾਂ ਨਿਭਾਉਣਗੇ । (Shri Tandon had taken the oath of secrecy and I feel that he is a responsible person and will discharge his duties in a responsible manner.) (*Interruptions*)

ਸਰਦਾਰ ਉਮਰਾਓ ਸਿੰਘ : ਸੌਂਹ , ਸਪੀਕਰ ਸਾਹਿਬ, ਉਨ੍ਹਾਂ ਨੇ ਵੀ ਖਾਧੀ ਸੀ, ਇਨ੍ਹਾਂ ਨੇ ਵੀ ਖਾਧੀ ਹੈ। (ਵਿਘਨ)

ਸ੍ਰੀ ਬਲਰਾਮ ਦਾਸ ਟੰਡਨ : ਤੋਂ ਸਪੀਕਰ ਸਾਹਿਬ, ਮੈਂ ਕੁਰੱਪਸ਼ਨ ਦੀ ਗੱਲ ਕਰ ਰਿਹਾ ਸੀ । ਇਨ੍ਹਾਂ ਵਿਚੋਂ (ਸਰਕਾਰੀ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਹਰ ਇਕ ਨੇ ਆਪਣੇ ਹਲਕੇ ਵਿਚ ਥਾਣੇਦਾਰ, ਏ.ਐਸ.ਆਈ. ਤੇ ਇਥੋਂ ਤਕ ਕਿ ਥਲੇ ਦੇ ਅਫਸਰ ਵੀ ਆਪਣੇ ਬੰਦੇ ਲਾਏ ਔਰ ਐਸੇ ਬੰਦੇ ਲਏ ਗਏ ਜੋ ਇਨ੍ਹਾਂ ਦਾ ਕੋਈ ਰਿਸ਼ਤੇਦਾਰ ਸੀ, ਕੋਈ ਦੋਸਤ ਨਜ਼ਦੀਕੀ ਜਾਂ ਕੋਈ ਵਾਕਫਕਾਰ ਸੀ । ਇਥੋਂ ਤਕ ਕਿ ਰੈਵੀਨਿਊ ਵਿਚ ਤਹਿਸੀਲਦਾਰ, ਨਾਇਬ ਤਹਿਸੀਲਦਾਰ ਔਰ ਪਟਵਾਰੀ ਆਦਿ ਆਪਣੇ ਬੰਦੇ ਲਾਏ ਗਏ । ਜਗ੍ਹਾਂ ਜਗ੍ਹਾਂ ਇਸ ਢੰਗ ਨਾਲ ਕੁਰੱਪਸ਼ਨ ਦਾ ਮਾਹੌਲ ਬਣਿਆ ਕਿ ਕੰਮ ਨਹੀਂ ਹੋ ਸਕਦਾ । ਲੋਕ ਰੋਂਦੇ ਚੀਕਦੇ ਰਹੇ ਕਿ ਸਾਡਾ ਕੋਈ ਕੰਮ ਨਹੀਂ ਹੁੰਦਾ...(ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੂੰ ਕਿਸੇ ਸੋਗ ਤੇ ਬਿਠਾ ਦਿਓ । (ਵਿਘਨ) (ਸ਼ੋਰ)

ਸਪੀਕਰ ਸਾਹਿਬ, ਲਾ ਐਂਡ ਆਰਡਰ ਦੀ ਜੋ ਹਾਲਤ ਹੋਈ ਮੈਂ ਤੁਹਾਨੂੰ ਇਕ ਮਿਸਾਲ ਦੇਣੀ ਚਾਹੁੰਦਾ ਹਾਂ । ਇਕ ਪੰਦਰਵਾੜਾ ਮਨਾਇਆ ਗਿਆ ਜਿਸ ਨੂੰ ਐਂਟੀ ਕਰਾਈਮ ਦਾ ਨਾਮ ਦਿੱਤਾ ਜਾਂਦਾ ਹੈ । ਆਖਰੀ ਦਿਨਾਂ ਵਿਚ ਜੋ ਉਸਦੀ ਰਿਪੋਰਟ ਆਈ ਉਹ ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ 597 ਬੰਦੇ ਓਪੀਅਮ ਐਕਟ ਦੇ ਥਲੇ ਪਕੜੇ ਗਏ । ਜਿਸ ਵੇਲੇ ਇਹ ਇਨਫਰਮੇਸ਼ਨ ਪੁੱਛੀ ਗਈ ਕਿ ਓਪੀਅਮ ਕਿੰਨੀ ਪਕੜੀ ਗਈ ਤਾਂ ਕਿਹਾ ਗਿਆ ਕਿ ਸਾਢੇ ਚਾਰ ਕਿਲੋ ਓਪੀਅਮ ਪਕੜੀ ਗਈ । ਸਾਢੇ ਚਾਰ ਕਿਲੋ ਓਪੀਅਮ ਦੇ ਵਾਸਤੇ 597 ਆਦਮੀ ਪਕੜੇ ਗਏ । ਸਪੀਕਰ ਸਾਹਿਬ, ਹਾਲਤ ਇਹ ਹੈ ਕਿ ਜਿਹੜਾ ਆਦਮੀ ਵਿਚਾਰਾ ਇਕ ਇਕ ਰੁਪਏ ਦੀ ਓਪੀਅਮ ਆਪਣੇ ਖਾਣ ਵਾਸਤੇ ਕਿਧਰੋਂ ਲੈਂਦਾ ਹੈ ਤਾਂ ਉਸ ਨੂੰ ਫੜ ਲਿਆ ਜਾਂਦਾ ਹੈ ਪਰ ਜਿਹੜੇ ਲੋਕ ਸ਼ਾਪਸ ਚਲਾਉਂਦੇ ਹਨ, ਜਿਹੜੇ ਇਹ ਕੰਮ ਕਰਦੇ ਹਨ ਉਨ੍ਹਾਂ ਨੂੰ ਕੋਈ ਪੁਛਣ ਵਾਲਾ ਤਕ ਨਹੀਂ । ਇਸ ਗਲ ਦੇ ਵਾਸਤੇ ਮੈਂ ਕਿਹਾ ਸੀ ਕਿ ਜਿਹੜੇ ਐਸ. ਪੀ ਜਾਂ ਹੋਰ ਕੋਈ ਅਫਸਰ ਜ਼ਿੰਮੇਵਾਰ ਹਨ ਜਿਨ੍ਹਾਂ ਨੇ ਇਹ ਰਿਪੋਰਟ ਭੇਜੀ ਉਨ੍ਹਾਂ ਦੇ ਖਿਲਾਫ ਸਖਤ ਐਕਸ਼ਨ ਲੈਣਾ ਚਾਹੀਦਾ ਹੈ। ਜਿਨ੍ਹਾਂ ਲੋਕਾਂ ਦਾ ਇਹ ਕੰਮ ਹੈ ਉਨ੍ਹਾਂ ਨੂੰ ਫੜਨ ਪਰ ਉਨ੍ਹਾਂ ਲੋਕਾਂ ਨੂੰ ਤਾਂ ਸ਼ੈਲਟਰ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਔਰ ਜਿਹੜੇ ਵਿਚਾਰੇ ਥੋੜ੍ਹੀ ਬਹੁਤ ਆਪਣੇ ਖਾਣ ਵਾਸਤੇ ਕਿਧਰੋਂ ਲੈਂਦੇ ਹਨ, ਉਨ੍ਹਾਂ ਨਾਲ ਇਸ ਤਰ੍ਹਾਂ ਕੀਤਾ ਜਾਂਦਾ ਹੈ । (ਵਿਘਨ) ਇਨ੍ਹਾਂ ਦੇ ਆਪਣੇ ਵਿਚੋਂ ਕੁਝ ਲੋਕ ਇਸ ਤਰ੍ਹਾਂ ਦੇ ਕਮ ਕਰਨ ਜਿਹੜੇ ਜਾਇਜ਼ ਨਾ ਹੋਣ ਜਿਹੜੇ ਪਬਲਿਕ ਇਨਟਰੱਸਟ ਵਿਚ ਨਾ ਹੋਣ ਤਾਂ ਤੁਸੀਂ ਅੰਦਾਜ਼ਾ ਲਗਾਓ ਕਿ ਕੀ ਹਾਲਤ ਹੋ ਸਕਦੀ ਹੈ (ਵਿਘਨ) ਉਨ੍ਹਾਂ ਗੱਲਾਂ ਨੂੰ ਮੈਂ ਚੀਫ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ । * * (ਵਿਘਨ)

Sirdar Kapur Singh : On a point of order, Mr. Speaker. Sir, the name of the Governor has been brought in and an aspersion has been caste. This is not in accordance with the practices and procedure of this House. I think that remark should be expunged.

*Expunged as ordered by the Chair.

Original with;
Punjab Vidhan Sabha
Digitized by;
Panjab Digital Library

Mr.Speaker : That is expunged.

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਜਿਸ ਵੇਲੇ ਇਸ ਤਰ੍ਹਾਂ ਦੇ ਹਾਲਾਤ ਹੋਏ ਤਾਂ.. .. (ਵਿਘਨ)

ਸ੍ਰੀ ਸਪੀਕਰ : ਟੰਡਨ ਸਾਹਿਬ, ਪੰਜ ਮਿੰਟਾਂ ਵਿਚ ਹੀ ਖ਼ਤਮ ਕਰ ਦਿਉ । (ਵਿਘਨ) (The hon. Member may please wind up now within five minutes.) (*Interruptions*)

ਸ੍ਰੀ ਬਲਰਾਮ ਦਾਸ ਟਡਨ : ਸਪੀਕਰ ਸਾਹਿਬ, ਪੰਜ ਮਿੰਟਾਂ ਵਿਚ ਕਿਸ ਤਰ੍ਹਾਂ ਖ਼ਤਮ ਹੋ ਜਾਣਗੀਆਂ, ਜਿਹੜੀਆਂ ਗੱਲਾਂ ਮੈਂ ਤੁਹਾਡੇ ਨੋਟਿਸ ਵਿਚ ਲਿਆਉਣੀਆਂ ਚਾਹੁੰਦਾ ਹਾਂ (ਵਿਘਨ) ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਇਸ ਤਰ੍ਹਾਂ ਦੇ ਹਾਲਾਤ ਪੁਲਿਸ ਮਸ਼ੀਨਰੀ ਨੇ ਜਗ੍ਹਾ ਜਗ੍ਹਾ ਤੇ ਪੈਦਾ ਕਰ ਦਿੱਤੇ ਕਿ ਹੱਦ ਤੋਂ ਬਾਹਰ ਹੋ ਗਏ । ਜਗ੍ਹਾ ਜਗ੍ਹਾ ਤੇ ਕਬਜ਼ੇ ਹੋਣ ਲਗ ਪਏ, ਕੋਈ ਧਰਮ ਦੇ ਨਾਂ ਤੇ ਅਤੇ ਕੋਈ ਕਿਸੇ ਹੋਰ ਨਾਂ ਤੇ, ਪਰ ਕੋਈ ਪੁਛਣ ਵਾਲਾ ਹੀ ਨਹੀਂ ਸੀ । ਹਰੀਜਨਾਂ ਦੀ ਪਿੰਡਾਂ ਵਿਚ ਬੜੀ ਭੈੜੀ ਹਾਲਤ ਹੋਈ, ਪਰ ਲਾ ਐਂਡ ਆਰਡਰ ਦੀ ਮਸ਼ੀਨਰੀ ਚੁਪ ਕਰਕੇ ਬੈਠੀ ਰਹੀ । ਮੈਂ ਅਰਜ਼ ਕਰਾਂ ਕਿ ਕਿਤੇ ਇਵਿਕਸ਼ਨ ਹੋ ਰਹੀ ਸੀ, ਕਿਤੇ ਹਰੀਜਨਾਂ ਦੀਆਂ ਜ਼ਮੀਨਾਂ ਤੇ ਕਬਜ਼ੇ ਹੋ ਰਹੇ ਸਨ ਅਤੇ ਕਿਤੇ ਉਨ੍ਹਾਂ ਦੀ ਇਜ਼ਤ ਤੇ ਹੱਥ ਪਾਇਆ ਗਿਆ, ਪਰ ਕੋਈ ਕਿਸੇ ਦੀ ਸੁਣਵਾਈ ਨਹੀਂ ਹੋਈ । ਉਹ ਪੁਲਿਸ ਮਸ਼ੀਨਰੀ ਜਿਸਦਾ ਕੰਮ ਇਮਪਾਰਸ਼ਲ ਹੋ ਕੇ ਕੰਮ ਕਰਨਾ ਹੁੰਦਾ ਹੈ, ਉਸ ਨੇ ਆਪਣੀ ਡਿਊਟੀ ਨੂੰ ਸਰਅੰਜਾਮ ਨਾ ਦਿੱਤਾ । ਹਾਲਾਤ ਇਹ ਹੋ ਗਏ ਕਿ ਵੱਡੇ ਲੋਕਾਂ ਨੂੰ ਸ਼ੈਲਟਰ ਦੇਣ ਦੀ ਕੋਸ਼ਿਸ਼ ਕੀਤੀ ਗਈ ਅਤੇ ਜਿਹੜੇ ਸਰਕਾਰੀ ਅਫ਼ਸਰ ਸਨ ਜਿਨ੍ਹਾਂ ਨੂੰ ਇਮਪਾਰਸ਼ਲ ਤੌਰ ਤੇ ਕੰਮ ਕਰਨਾ ਚਾਹੀਦਾ ਸੀ, ਉਨ੍ਹਾਂ ਨੇ ਉਸ ਤਰ੍ਹਾਂ ਨਾ ਕੀਤਾ ਅਤੇ ਉਨ੍ਹਾਂ ਦੇ ਅਜਿਹੇ ਕਮਾਂ ਤੋਂ ਤੰਗ ਆਕੇ ਲੋਕ ਸਾਡੇ ਕੋਲ ਚੀਖ ਪੁਕਾਰ ਕਰਦੇ ਆਉਂਦੇ, ਸਾਡੇ ਵਰਕਰ ਆਉਂਦੇ ਅਤੇ ਇਹ ਚੀਜ਼ ਕਹਿੰਦੇ ਕਿ ਕੀ ਤੁਸੀਂ ਸਾਨੂੰ ਇਹ ਤਬਦੀਲੀ ਲਿਆ ਕੇ ਦੇਣੀ ਸੀ ਅਤੇ ਸਾਨੂੰ ਅਜਿਹੀ ਚੀਜ਼ ਲਿਆ ਕੇ ਦੇਣੀ ਸੀ? ਐਡਮਿਨਿਸਟਰੇਸ਼ਨ ਦਾ ਕੋਈ ਢਾਂਚਾ ਨਾ ਰਹਿ ਗਿਆ ਅਤੇ ਜੇਕਰ ਚੰਦ ਆਦਮੀ ਜੋ ਮਰਜ਼ੀ ਆਏ ਕਰਨ ਤਾਂ ਕੋਈ ਆਦਮੀ ਸੇਫ਼ ਨਹੀਂ ਰਹਿ ਸਕਦਾ । ਸਪੀਕਰ ਸਾਹਿਬ, ਸਰਕਾਰੀ ਅਫ਼ਸਰਾਂ ਕੋਲੋਂ ਕੁਲੈਕਸ਼ਨ ਕਰਾਈ ਗਈ, ਉਨ੍ਹਾਂ ਰਾਹੀਂ ਲਾਟਰੀ ਦੇ ਟਿਕਟ ਵਿਕਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਇਸ ਤਰੀਕੇ ਨਾਲ ਸਾਰੀ ਸਰਕਾਰੀ ਮਸ਼ੀਨਰੀ ਗ਼ਲਤ ਤਰੀਕੇ ਨਾਲ ਚਲਾਉਣੀ ਸ਼ੁਰੂ ਹੋ ਗਈ । ਜਿਨ੍ਹਾਂ ਗੱਲਾਂ ਨੂੰ ਅਸੀਂ ਗ਼ਲਤ ਸਮਝਦੇ ਸੀ ਅਤੇ ਗ਼ਲਤ ਕਹਿੰਦੇ ਸੀ ਅਤੇ ਜਿਨ੍ਹਾਂ ਗੱਲਾਂ ਨੂੰ ਬੁਰਾ ਕਹਿੰਦੇ ਸੀ, ਉਹ ਗੱਲਾਂ ਸਾਰੀ ਸਰਕਾਰੀ ਮਸ਼ੀਨਰੀ ਵਿਚ ਸ਼ੁਰੂ ਹੋ ਗਈਆਂ । (ਵਿਘਨ) ਸਪੀਕਰ ਸਾਹਿਬ, ਮੈਂ ਇਸ ਦੀ ਤਫ਼ਸੀਲ ਵਿਚ ਬਹੁਤਾ ਨਹੀਂ ਜਾਣਾ ਚਾਹੁੰਦਾ, ਮੈਂ ਸਿਰਫ਼ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਬੜੇ ਹੀ ਕੁਰਪਸ਼ਨ ਦੇ ਕੇਸਿਜ਼ ਹੋਏ, ਉਹ ਉਹ ਗੱਲਾਂ ਹੋਈਆਂ ਜਿਹੜੀਆਂ ਸਾਡੀ ਬਰਦਾਸ਼ਤ ਤੋਂ ਬਾਹਰ ਸਨ । ਇਹੋ ਜਿਹੇ ਲੋਕ ਆ ਵੜੇ ਸਨ, ਮੈਂ ਕਹਿੰਦਾ ਹਾਂ ਕਿ ਜੇਕਰ ਉਨ੍ਹਾਂ ਨੂੰ ਲਹਿਰਾਂ ਗਿਣਨ ਤੇ ਲਾ ਦਿੱਤਾ ਜਾਵੇ ਤਾਂ ਉਹ ਉਸਦੇ ਵਿਚੋਂ ਹੀ ਕੁਝ ਨਾ ਕੁਝ ਕੱਢ ਲੈਣ, ਮੈਂ ਕਹਿਦਾ ਹਾਂ ਕਿ ਜੇ ਕਰ ਅਸੀਂ ਉਚੇ ਨਹੀਂ ਜਾਂ ਅਸੀਂ ਆਪ ਨੇਕ ਨਹੀਂ ਤਾਂ ਮੈਂ ਨਹੀਂ ਸਮਝਦਾ ਕਿ ਅਸੀਂ ਜਾ ਕੇ ਕਿਸੇ ਤਰ੍ਹਾਂ ਕੋਈ ਕੁਰਪਸ਼ਨ ਦੇ ਕੇਸਿਜ਼ ਪਕੜ ਸਕੀਏ । (ਵਿਘਨ)

ਸਿੰਚਾਈ ਅਤੇ ਬਿਜਲੀ ਮੰਤਰੀ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਟੰਡਨ ਸਾਹਿਬ, ਇਸ ਮਨਿਸਟਰੀ ਦੇ ਨਾਲ ਕਾਫ਼ੀ ਦੇਰ ਤਕ ਵਾਬਸਤਾ ਰਹੇ, ਇਨ੍ਹਾਂ ਨੂੰ ਉਹ ਪੁਆਇੰਟ ਰਖਣੇ ਚਾਹੀਦੇ ਹਨ, ਜਿਹੜੇ ਇਨ੍ਹਾਂ ਦੀ ਪਰਸਨਲ ਐਕਸਪਲੇਨੇਸ਼ਨ ਦੇ ਨਾਲ ਤਅੱਲੁਕ ਰਖਦੇ ਹੋਣ (ਵਿਘਨ)

Original with;
Punjab Vidhan Sabha
Digitized by;
Panjab Digital Library

[ਸਿੰਚਾਈ ਅਤੇ ਬਿਜਲੀ ਮੰਤਰੀ]

'ਦਰਦ ਮੀਠਾ ਹੋ ਤੋ ਰੁਕ ਰੁਕ ਕੇ ਹੋਤਾ ਹੈ,
ਯਾਦ ਗਹਿਰੀ ਹੋ ਤੋ ਥਮ ਥਮ ਕੇ ਕਰਾਰ ਆਤਾ ਹੈ ।

ਮੇਜਰ ਹਰਿੰਦਰ ਸਿੰਘ : ਸਪੀਕਰ ਸਾਹਿਬ, ਹਾਊਸ ਬੜੇ ਲਾਈਟ ਮੂਡ ਵਿਚ ਹੈ, ਜੇਕਰ ਇਜਾਜ਼ਤ ਹੋਵੇ ਤਾਂ ਮੈਂ ਵੀ ਇਸ ਦੇ ਨਾਲ ਢੁਕਵਾਂ ਇਕ ਸ਼ੇਅਰ ਸੁਣਾ ਦਿਆਂ :

'ਜੋ ਦਿਲ ਮੇਂ ਗ਼ਮ ਹੈ ਵੋਹ ਚਿਹਰੇ ਸੇ ਆਸ਼ਕਾਰ ਨਹੀਂ,
ਮੈਂ ਰੋ ਰਹਾ ਹੂੰ ਮਗਰ ਆਂਖ ਅਸ਼ਕਬਾਰ ਨਹੀਂ' । (ਥੰਪਿੰਗ)

'ਇਸੇ ਕਹਿਤੇ ਹੈਂ ਕਿਸਮਤ ਕੀ ਨਾਦਾਨੀਆਂ,
ਪਹਿਲੇ ਕਿਸ਼ਤੀ ਗਈ ਫਿਰ ਕਿਨਾਰਾ ਗਿਆ' । (ਥੰਪਿੰਗ)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਕਿਸ਼ਤੀ ਤਾਂ ਇਨ੍ਹਾਂ ਦੀ ਹੀ ਗਈ ਹੈ ਜਿਨ੍ਹਾਂ ਨੇ 20 ਸਾਲ ਹਕੂਮਤ ਕੀਤੀ (ਵਿਘਨ) ਅਸੀਂ ਤਾਂ ਛਡ ਕੇ ਆਏ ਹਾਂ, ਸਾਨੂੰ ਇਹ ਕੀ ਕਹਿ ਸਕਦੇ ਹਨ (ਵਿਘਨ)

ਸਪੀਕਰ ਸਾਹਿਬ, ਮੈਂ ਦਸ ਰਿਹਾ ਸੀ ਕਿ ਇਸ ਤਰ੍ਹਾਂ ਦੇ ਕੇਸਿਜ਼ ਹੋਏ, ਜਿਸ ਦੇ ਵਿਚ ਮਨਿਸਟਰ ਸਾਹਿਬਾਨ ਨੂੰ ਜੋ ਕੰਮ ਕਰਨੇ ਚਾਹੀਦੇ ਸਨ, ਉਹ ਨਾ ਕੀਤੇ ।

Mr. Speaker : Please resume your seat.

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਮੈਂ ਬਹੁਤੀ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ, ਕਈ ਗਲਾਂ ਐਸੀਆਂ ਹੋਈਆਂ ਹਨ, ਜਿਨ੍ਹਾਂ ਦਾ ਲੋਕਾਂ ਨੂੰ ਵੀ ਪਤਾ ਹੈ,ਲੇਕਿਨ ਮੈਂ ਤਾਂ ਸਿਰਫ ਇੰਨੀ ਗਲ ਕਰਨੀ ਚਾਹੁੰਦਾ ਹਾਂ ਕਿ ਉਹ ਜਿਹੜੀਆਂ ਗੱਲਾਂ ਹੋਈਆਂ ਹਨ, ਉਹ ਬੜੀਆਂ ਦੁਖਦਾਈ ਹਨ, ਉਹ ਗੱਲਾਂ ਠੀਕ ਨਹੀਂ ਔਰ ਜੇ ਕਰ ਇਹੋ ਜਿਹੀਆਂ ਗੱਲਾਂ ਹੋਣ, ਉਹ ਜਚਦੀਆਂ ਨਹੀਂ । ਉਹ ਗੱਲਾਂ ਮੈਂ ਉਨ੍ਹਾਂ ਦੇ ਨੋਟਿਸ ਵਿਚ ਲਿਆਂਦੀਆਂ, ਚੀਫ਼ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਂਦੀਆਂ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਲੋਕ ਜਿਨ੍ਹਾਂ ਦੇ ਕਿਰਦਾਰ ਠੀਕ ਨਾ ਹੋਣ, ਉਹ ਕੈਬਨਿਟ ਵਿਚ ਬੈਠੇ ਹੋਣ, ਤਾਂ ਉਨ੍ਹਾਂ ਦੇ ਖ਼ਿਲਾਫ਼ ਐਕਸ਼ਨ ਲੈਣਾ ਚਾਹੀਦਾ ਹੈ । (ਵਿਘਨ)

ਸਰਦਾਰ ਕਿਰਪਾਲ ਸਿੰਘ : ਇਹ ਕਿਸ ਮਨਿਸਟਰ ਦੇ ਬਾਰੇ ਵਿਚ ਗੱਲਾਂ ਕਰ ਰਹੇ ਹਨ, ਇਸ ਤਰ੍ਹਾਂ ਤਾਂ ਸਾਨੂੰ ਸਾਰੇ ਹੀ ਮਨਿਸਟਰ ਬੇਈਮਾਨ ਜਾਪਣ ਲਗ ਪਏ ਹਨ (ਵਿਘਨ)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਮੈਂ ਇਹ ਗੱਲ ਇਸ ਵਾਸਤੇ ਦੱਸੀ ਹੈ ਕਿ ਮੈਂ ਉਸ ਗੱਲ ਨੂੰ ਬਾਰ ਬਾਰ ਰਿਪੀਟ ਨਹੀਂ ਕਰਨਾ ਚਾਹੁੰਦਾ, ਉਹ ਸਾਰੀ ਗਲ ਬਾਤ ਲੋਕਾਂ ਨੂੰ ਪਤਾ ਹੈ । ਮੈਂ ਨਹੀਂ ਚਾਹੁੰਦਾ ਕਿ ਮੈਂ ਉਸ ਦੇ ਬਾਰੇ ਜ਼ਿਆਦਾ ਤਫ਼ਸੀਲ ਵਿਚ ਜਾਵਾਂ । ਮੈਨੂੰ ਅਫ਼ਸੋਸ ਇਸ ਗੱਲ ਦਾ ਹੈ ਕਿ ਚੀਫ਼ ਮਨਿਸਟਰ ਸਾਹਿਬ ਨੂੰ ਜਿਸ ਮਜ਼ਬੂਤੀ ਨਾਲ ਕਾਰਵਾਈ ਕਰਨੀ ਚਾਹੀਦੀ ਸੀ, ਕੀਤੀ ਨਹੀਂ । ਸਪੀਕਰ ਸਾਹਿਬ, ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਕਿਉਂ ਇਹ ਹਾਲਾਤ ਪੈਦਾ ਹੋਏ.........(ਵਿਘਨ)

ਸ੍ਰੀ ਸਪੀਕਰ : ਟੰਡਨ ਸਾਹਿਬ, ਇਸ ਦੇ ਬਾਅਦ ਵਾਈਂਡ ਅਪ ਕਰ ਦਿਉ । (The hon. Member may please wind up after that.)

Original with;
Punjab Vidhan Sabha
Digitized by;
Panjab Digital Library

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਮੈਂ ਜਲਦੀ ਹੀ ਖ਼ਤਮ ਕਰ ਦਿਆਂਗਾ (ਵਿਘਨ) ਸਪੀਕਰ ਸਾਹਿਬ, ਜਿਥੋਂ ਤਕ ਯੂਨੀਵਰਸਿਟੀ ਦਾ ਤਅੱਲੁਕ ਹੈ, ਉਸ ਦੇ ਬਾਰੇ ਵਿਚ ਦੋ ਗਲਾਂ ਹਨ ਇਕ ਗੱਲ ਤਾਂ ਇਹ ਹੈ ਕਿ ਗੁਰੂ ਨਾਨਕ ਯੂਨੀਵਰਸਿਟੀ ਬਣੀ । (ਵਿਘਨ) ਗੁਰੂਆਂ ਦੇ ਬਾਰੇ ਵਿਚ ਪਜ ਸੌ ਸਾਲਾ ਸ਼ਤਾਬਦੀ ਦੇ ਦੌਰਾਨ, ਜਿਹੜੀ ਕਿ ਸਾਰੇ ਹਿੰਦੁਸਤਾਨ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਵਿਚ ਮਨਾਈ ਗਈ, ਅਸੀਂ ਵੀ ਪੰਜਾਬ ਦੇ ਵਿਚ ਬੜੀ ਸ਼ਾਨ ਨਾਲ ਮਨਾਈ, ਸਾਡੇ ਹਿਰਦੇ ਵਿਚ ਗੁਰੂਆਂ ਵਾਸਤੇ ਬੜੀ ਸ਼ਰਧਾ ਹੈ ਔਰ ਅਸੀਂ ਉਨ੍ਹਾਂ ਦੇ ਵਾਸਤੇ ......(ਵਿਘਨ)

ਸ੍ਰੀ ਸਪੀਕਰ : ਟੰਡਨ ਸਾਹਿਬ, 2,3 ਮਿੰਟਾਂ ਵਿਚ ਹੀ ਹੁਣ ਖ਼ਤਮ ਕਰ ਦਿਉ । (The hon. Member may please wind up now within two three minutes.)

ਸ੍ਰੀ ਬਲਰਾਮ ਦਾਸ ਟਡਨ : ਸਪੀਕਰ ਸਾਹਿਬ, ਮੈਂ ਸਾਰੀ ਦੀ ਸਾਰੀ ਗਲ ਇਕ ਮਿੰਟ ਵਿਚ ਦਸ ਜਾਵਾਂ ਜੇ ਕਰ ...... (ਵਿਘਨ)

ਸਪੀਕਰ ਸਾਹਿਬ, ਜਿਥੋਂ ਤਕ ਗੁਰੂ ਸਾਹਿਬਾਨ ਦਾ ਤੱਲਕ ਹੈ ਸਾਡੇ ਦਿਲ ਵਿਚ ਉਨ੍ਹਾਂ ਲਈ ਅਪਾਰ ਸ਼ਰਧਾ ਹੈ, ਹਰ ਗੁਰੂ ਸਾਹਿਬ ਲਈ । ਇਸ ਵਿਚ ਸਿਖ ਸੰਪਰਦਾਏ ਦੀ ਹੀ ਗਲ ਨਹੀਂ ਹੈ, ਕੋਈ ਵੀ ਸਚਾ ਦੇਸ਼ ਭਗਤ ਗੁਰੂ ਸਾਹਿਬਾਨ ਦੇ ਚਰਨਾਂ ਵਿਚ ਸਿਰ ਝੁਕਾਏ ਬਗੈਰ ਨਹੀਂ ਰਹਿ ਸਕਦਾ । ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸ਼ਸਤਰ ਆਏ ਸਾਰਾ ਹਿੰਦੁਸਤਾਨ ਉਨ੍ਹਾਂ ਅਗੇ ਨਤਮਸਤਕ ਹੋਇਆ । ਸਪੀਕਰ ਸਾਹਿਬ, ਯੂਨੀਵਰਸਿਟੀ ਦਾ ਜੋ ਆਰਡੀਨੈਂਸ ਸੀ ਇਸਦੇ ਲਿਆਉਣ ਵਿਚ ਅਸੀਂ ਪਾਰਟੀ ਸਾਂ । ਸਾਨੂੰ ਬੜੀ ਖੁਸ਼ੀ ਹੋਈ ਕਿ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਇਹ ਬਣੇਗੀ । ਪਰ ਅਫਸੋਸ ਇਹ ਹੈ ਉਸ ਵੇਲੇ ਦੋ ਯੂਨੀਵਰਸਿਟੀਜ਼ ਬਣਾਉਣ ਦਾ ਸਵਾਲ ਸੀ । ਉਸ ਵੇਲੇ ਦੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਸਭ ਜਗ੍ਹਾ ਕਿਹਾ, ਉਸ ਤੋਂ ਪਹਿਲਾਂ ਗਵਰਨਰ ਸਾਹਿਬ ਨਾਲ ਅਤੇ ਸੈਂਟਰ ਨਾਲ ਵੀ ਇਹ ਗਲ ਹੋਈ ਕਿ ਦੋ ਯੂਨੀਵਰਸਿਟੀਜ਼ ਹੋਣਗੀਆਂ । (ਵਿਘਨ) ਉਸ ਵਿਚ ਦੋ ਤਿੰਨ ਗੱਲਾਂ ਸਨ । ਜਿਥੋਂ ਤਕ ਪਹਿਲੀ ਯੂਨੀਵਰਸਿਟੀ ਦਾ ਤਅੱਲਕ ਹੈ ਉਸ ਬਾਰੇ ਵਿਚ ਗੱਲ ਬਾਤ ਹੋਈ......

ਸਿਖਿੱਆ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਸ ਬਾਰੇ ਮਿਸਸਟੇਟਮੈਂਟ ਕੀਤੀ ਗਈ ਹੈ ਕਿ ਦੋ ਯੂਨੀਵਰਸਿਟੀਜ਼ ਬਣਾਉਣ ਬਾਰੇ ਐਜੂਕੇਸ਼ਨ ਮਨਿਸਟਰ ਨੇ ਐਗਰੀ ਕੀਤਾ ਸੀ ਜਾਂ ਇਸ ਤਰ੍ਹਾਂ ਦੀ ਪਰੋਪੋਜ਼ਲ ਸੀ... (ਵਿਘਨ) ਇਹ ਗਲਤ ਕਹਿ ਰਹੇ ਹਨ ।

Captain Rattan Singh: Sir, Sub rule (4) of Rule 62 of the Rules of Procedure and Conduct of Business in the Punjab Legislative Assembly reads as under—

> "On such statement no debate shall be allowed: provided that a Minister shall be entitled after the member has made his statement to make a statement pertinent thereto."

ਇਸ ਲਈ ਮੈਂ ਇਨ੍ਹਾਂ ਨੂੰ ਆਪ ਦੇ ਜ਼ਰੀਏ ਇਕ ਸਵਾਲ ਕਰਨਾ ਚਾਹੁੰਦਾ ਹਾਂ ਕਿ ਜਿਸ ਵਕਤ ਗੁਰੂ ਨਾਨਕ ਯੂਨੀਵਰਸਿਟੀ ਦੀ ਅਫਿਲੀਏਸ਼ਨ ਬਾਰੇ ਗਜ਼ਟ ਨੋਟੀਫੀਕੇਸ਼ਨ ਹੋ ਗਈ ਸੀ ਉਸ ਵੇਲੇ ਸ੍ਰੀ ਟੰਡਨ ਜੀ ਮਨਿਸਟਰ ਸਨ, ਸਰਦਾਰ ਗੁਰਨਾਮ ਸਿੰਘ ਚੀਫ ਮਨਿਸਟਰ ਸੀ ਉਸ ਵੇਲੇ ਇਹ ਸਵਾਲ ਮੈਂ ਅਸੈਂਬਲੀ ਵਿਚ ਉਠਾਇਆ ਸੀ । ਅਗਰ ਇਨ੍ਹਾਂ ਦੇ ਉਸ ਵੇਲੇ ਇਸ ਤਰ੍ਹਾਂ ਦੇ ਡਿਫਰੈਂਸਿਜ਼ ਸਨ ਤਾਂ ਉਸ ਵੇਲੇ ਇਨ੍ਹਾਂ ਨੇ ਅਸਤੀਫਾ ਕਿਉਂ ਨਾ ਦਿੱਤਾ ?

Original with;
Punjab Vidhan Sabha
Digitized by;
Panjab Digital Library

ਸ੍ਰੀ ਬਲਰਾਮ ਦਾਸ ਟੰਡਨ : ਇਹ ਤਾਂ ਇਸ ਨੂੰ ਕੁਅਸਚਨ ਆਵਰ ਬਣਾ ਕੇ ਬੈਠ ਗਏ ਹਨ। ਮੈਂ ਸਮਝਦਾ ਸੀ ਕਿ ਆਪੋਜ਼ੀਸ਼ਨ ਦੇ ਡਿਪਟੀ ਲੀਡਰ ਪੁਆਇੰਟ ਆਫ ਆਰਡਰ ਤੇ ਖੜੇ ਹੋਏ ਹਨ ਕਿਸੇ ਰੂਲ ਦੀ ਗੱਲ ਕਰਨਗੇ ਮਗਰ ਮੈਂ ਹੈਰਾਨ ਹਾਂ......

ਸ੍ਰੀ ਸਪੀਕਰ : ਆਪ ਆਪਣੀ ਸਟੇਟਮੈਂਟ ਤਕ ਮਹਿਦੂਦ ਰਹੋ। (Please confine yourself to your statement.)

ਸ੍ਰੀ ਬਲਰਾਮ ਦਾਸ ਟੰਡਨ : ਮੈਂ ਸਟੇਟਮੈਂਟ ਤੇ ਹੀ ਆ ਰਿਹਾ ਹਾਂ। (ਵਿਘਨ) ਸਪੀਕਰ ਸਾਹਿਬ, ਯੂਨੀਵਰਸਿਟੀ ਦੇ ਸਵਾਲ ਵਿਚ ਦੋ ਤਿੰਨ ਗੱਲਾਂ ਦਾ ਤੱਲਕ ਹੈ। ਇਕ ਤਾਂ ਇਹ ਕਿ ਪੰਜਾਬ ਯੂਨੀਵਰਸਿਟੀ ਇਕ ਬਹੁਤ ਵੱਡੀ ਯੂਨੀਵਰਸਿਟੀ ਮੰਨੀ ਜਾਂਦੀ ਹੈ, ਉਸ ਨੇ ਆਪਣਾ ਸਥਾਨ ਬਣਾਇਆ ਹੈ, ਉਸ ਦੀ ਰੈਪੂਟੇਸ਼ਨ ਹੈ ਮਗਰ, ਸਪੀਕਰ ਸਾਹਿਬ, ਸਾਰੀ ਗਲ ਇਸ ਤਰੀਕੇ ਨਾਲ ਕੀਤੀ ਗਈ ਮਾਨੋ ਕਿ ਇਹ ਯੂਨੀਵਰਸਿਟੀ ਆਪਣੀ ਹੈ ਹੀ ਨਹੀਂ, ਪਰਾਈ ਹੈ। ਇਸ ਦਾ ਨਾਮ ਪੰਜਾਬ ਤੇ ਹੈ, ਇਸ ਦੀ ਇਜ਼ਤ ਪੰਜਾਬ ਨਾਲ ਜੁੜੀ ਹੋਈ ਹੈ। ਇਸਦੇ ਬਾਵਜੂਦ ਜਿਸ ਢੰਗ ਨਾਲ ਸਾਰੀ ਗੱਲ ਹੋਈ ਉਹ ਕੋਈ ਚੰਗਾ ਨਹੀਂ ਸੀ। ਪਹਿਲਾਂ 3–4 ਜ਼ਿਲ੍ਹੇ ਇਸ ਤੋਂ ਲਏ ਤਾਂ ਉਹ ਨੋਟੀਫੀਕੇਸ਼ਨ ਕੈਬਨਿਟ ਸਾਹਮਣੇ ਪੇਸ਼ ਨਾ ਕੀਤੀ ਗਈ, ਬਾਅਦ ਵਿਚ 4 ਜ਼ਿਲ੍ਹੇ ਲਏ ਉਸ ਦੀ ਨੋਟੀਫੀਕੇਸ਼ਨ ਵੀ ਕੈਬਨਿਟ ਸਾਹਮਣੇ ਨਹੀਂ ਲਿਆਂਦੀ ਗਈ। ਸਵਾਲ ਇਹ ਹੈ ਕਿ ਇਹ ਇਸ ਯੂਨੀਵਰਸਿਟੀ ਨੂੰ ਆਪਣੀ ਸਮਝਦੇ ਹਨ ਜਾਂ ਪਰਾਈ ? ਇਸ ਨੂੰ ਖ਼ਤਮ ਕਰਨ ਦੀ ਗਲ ਸੋਚ ਰਹੇ ਹਨ ਜਾਂ ਇਸ ਨੂੰ ਹਰਿਆਣਾ ਜਾਂ ਕਿਸੇ ਹੋਰ ਸਟੇਟ ਦੀ ਯੂਨੀਵਰਸਿਟੀ ਬਣਾ ਦੇਣਾ ਹੈ ? (ਵਿਘਨ)

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ ਇਸ ਗਲ ਦਾ ਕੁਝ ਇੰਤਜ਼ਾਮ ਹੋਣਾ ਚਾਹੀਦਾ ਹੈ, (ਵਿਘਨ) ਸਾਡੇ ਸਾਹਮਣੇ ਕੁਝ ਹੋਰ ਗਲਾਂ ਵੀ ਆਣੀਆਂ ਹਨ।

Mr. Speaker : Please resume your seat.

ਸ੍ਰੀ ਬਲਰਾਮ ਦਾਸ ਟੰਡਨ : ਆਪ ਦੇਖ ਲਓ, ਅਗਰ ਮੈਨੂੰ ਪੂਰੀ ਗਲ ਨਹੀਂ ਕਰਨ ਦੇਣੀ ਤਾਂ ਅਲਗ ਗਲ ਹੈ।

ਸ੍ਰੀ ਸਪੀਕਰ : ਪਰ ਟਾਈਮ ਦੀ ਕੋਈ ਲਿਮਿਟ ਹੁੰਦੀ ਹੈ। (But there has to be some limit on the time to be allowed.)

ਸ੍ਰੀ ਬਲਰਾਮ ਦਾਸ ਟੰਡਨ : ਰੂਲ ਵਿਚ ਟਾਈਮ ਦੀ ਕੋਈ ਹਦ ਨਹੀਂ ਦਿੱਤੀ ਹੋਈ। ਮੈਂ ਜੋ ਗੱਲਾਂ ਲਿਖ ਕੇ ਦਿੱਤੀਆਂ ਹਨ ਉਨ੍ਹਾਂ ਦਾ ਹੀ ਜ਼ਿਕਰ ਕਰ ਰਿਹਾ ਹਾਂ। ਮੇਰਾ ਸਾਰਾ ਟਾਈਮ ਤਾਂ ਇੰਟਰਪ–ਸ਼ਨਜ਼ ਵਿਚ ਗਿਆ ਹੈ ਮੈਂ ਹੁਣ ਅਨਇੰਟਰਪਟਿਡ ਰਹਾਂ ਤਾਂ ਚੰਦ ਮਿੰਟਾਂ ਵਿਚ ਖਤਮ ਕਰ ਦਿਆਂਗਾ।

ਸ੍ਰੀ ਸਪੀਕਰ : ਆਪ ਦੋ ਮਿੰਟਾਂ ਵਿਚ ਸਾਰੀ ਗਲ ਮੁਕਾਉ। (Please wind up within two minutes.)

ਸ੍ਰੀ ਬਲਰਾਮ ਦਾਸ ਟੰਡਨ : ਮੈਂ ਤਾਂ ਉਹੀ ਗਲਾਂ ਕਰ ਰਿਹਾ ਹਾਂ ਅਗਰ ਆਪ ਦੀ ਇਜਾਜ਼ਤ ਹੋਵੇ ਤਾਂ ਮੈਂ ਗਲ ਕਰਾਂ। ਸਪੀਕਰ ਸਾਹਿਬ, ਪੰਜਾਬੀ ਯੂਨੀਵਰਸਿਟੀ ਨੇ ਰੀਸੈਂਟਲੀ ਇਕ ਆਰਡਰ ਕੀਤਾ। ਉਸ ਵਿਚ ਇਹ ਕਿਹਾ ਹੈ ਕਿ ਸਾਰੀ ਪੜ੍ਹਾਈ ਪੰਜਾਬੀ ਮੀਡੀਅਮ ਵਿਚ ਹੋਵੇਗੀ।

Sardar Gurnam Singh : Sir, the Punjabi University does not figure in the points given to you by the hon. Member.

Original with;
Punjab Vidhan Sabha
Digitized by;
Panjab Digital Library

ਸ੍ਰੀ ਬਲਰਾਮ ਦਾਸ ਟੰਡਨ : ਹੈ ਜੀ। ਮੈਂ ਐਵੇਂ ਹੀ ਕੋਈ ਗਲ ਨਹੀਂ ਕਰ ਰਿਹਾ। ਮੈਂ ਅਰਜ਼ ਕਰ ਰਿਹਾ ਸੀ ਕਿ ਉਥੇ ਰੀਸੈਂਟਲੀ ਇਹ ਕੀਤਾ ਗਿਆ ਹੈ ਕਿ ਪੰਜਾਬੀ ਕੰਮਪਲਸਰੀ ਸਬਜੈਕਟ ਹੈ ਅਤੇ ਇਹ ਮੀਡੀਅਮ ਆਫ ਇਨਸਟ੍ਰਕਸ਼ਨ ਹੋਵੇਗਾ। ਇਸ ਬਾਰੇ ਮੈਂ ਨਹੀਂ ਸਮਝਦਾ ਕਿ ਕਿਸੇ ਪੰਜਾਬੀ ਦੀਆਂ ਜੋ ਰਾਵਾਂ ਹੋ ਸਕਦੀਆਂ ਹਨ, ਹਰ ਕੋਈ ਇਸ ਨੂੰ ਵੈਲਕਮ ਕਰੇਗਾ ਕਿ ਉਸ ਦੀ ਰਿਜਨਲ ਭਾਸ਼ਾ ਵਿਚ ਹਾਈਐਸਟ ਐਜੂਕੇਸ਼ਨ ਦਿੱਤੀ ਜਾਵੇ। ਉਸ ਦਾ ਇਹ ਮਾਧਿਅਮ ਬਣੇ। ਮਗਰ ਅਫਸੋਸ ਇਸ ਗਲ ਦਾ ਹੈ ਕਿ ਅਕਾਲੀ ਦਲ ਇਸ ਗਲ ਨੂੰ ਮੰਨ ਕੇ ਚਲਿਆ ਹੈ ਕਿ ਹਿੰਦੀ ਮੁਲਕ ਦੀ ਨੈਸ਼ਨਲ ਲੈਂਗੂਏਜ ਹੈ, ਦੇਸ਼ ਦੀ ਸੰਪਰਕ ਭਾਸ਼ਾ ਹੈ ਤਾਂ ਫਿਰ ਇਹ ਕਿਉਂ ਕਿ ਅੰਗਰੇਜ਼ੀ ਤਾਂ ਕਮਪਲਸਰੀ ਵੀ ਹੋਵੇ ਅਤੇ ਉਸ ਨੂੰ ਮਾਧਿਅਮ ਬਣਾਉਣ ਦੀ ਖੁਲ੍ਹ ਵੀ ਹੋਵੇ ਪਰ ਇਸ ਗਲ ਦੀ ਹਿੰਦੀ ਲਈ ਇਜਾਜ਼ਤ ਨਾ ਹੋਵੇ। ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਆਖਿਰ ਇਹ ਪੰਜਾਬ ਦਾ ਬਣਾਉਣਾ ਕੀ ਚਾਹੁੰਦੇ ਹਨ, ਇਸ ਦੇ ਫਾਇਦੇ ਵਿਚ ਕਿਹੜੀ ਗਲ ਹੈ। ਪੰਜਾਬ ਵਿਚ ਬਹੁਤ ਸਾਰੇ ਲੋਕ ਆਕੇ ਸਰਵਿਸ ਵਿਚ ਲਗੇ ਹੋਏ ਹਨ, ਮਿਲਿਟਰੀ ਵਿਚ ਹਨ, ਕਸਟਮ ਦੇ ਮਹਿਕਮੇ ਵਿਚ ਹਨ, ਦੂਜੀਆਂ ਸਰਵਿਸਿਜ਼ ਵਿਚ ਹਨ, ਆਲ ਇੰਡੀਆ ਸਰਵਿਸਿਜ਼ ਵਾਲੇ ਬੈਠੇ ਹਨ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਹੈ ਜਦੋਂ ਉਨ੍ਹਾਂ ਨੇ ਤਬਦੀਲ ਹੋਕੇ ਇਥੇ ਆਉਣਾ ਹੈ। ਕੀ ਉਨ੍ਹਾਂ ਦਾ ਖਿਆਲ ਨਹੀਂ ਰਖਣਾ ਚਾਹੀਦਾ? ਕੀ ਉਹ ਫਿਰ ਇਥੇ ਆਕੇ 3–4 ਸਾਲ ਲਾਕੇ ਫਿਰ ਦੂਜੀ ਭਾਸ਼ਾ ਸਿਖਣ ? ਫਿਰ 5–7 ਸਾਲ ਵਿਚ ਹਿੰਦੀ ਨੇ ਨੈਸ਼ਨਲ ਲੈਂਗੂਏਜ ਦੇ ਤੌਰ ਤੇ ਆਪਣੀ ਜਗ੍ਹਾ ਲੈਣੀ ਹੈ। ਹਿੰਦੁਸਤਾਨ ਉਚ ਸਰਵਿਸਿਜ਼ ਲਈ,ਆਈ.ਏ. ਐਸ. ਲਈ, ਆਈ. ਐਫ. ਐਸ. ਲਈ, ਆਈ. ਪੀ. ਐਸ. ਲਈ ਅਤੇ ਹੋਰ ਸਰਵਿਸਿਜ਼ ਲਈ ਕਮਪੀਟੀਸ਼ਨ ਵਿਚ ਪੰਜਾਬੀ ਬੱਚਿਆਂ ਨੇ ਬੈਠਣਾ ਹੈ......

Mr. Speaker: Please resume your seat.

ਸ੍ਰੀ ਬਲਰਾਮ ਦਾਸ ਟੰਡਨ : ਬਸ ਜੀ ਥੋੜੀ ਜਿਹੀ ਗਲ ਕਹਿ ਕੇ ਖਤਮ ਕਰ ਦਿੰਦਾ ਹਾਂ। (ਵਿਘਨ)

ਇਹੀ ਨਹੀ, ਟ੍ਰਾਂਸਫਰਜ਼ ਦੀ ਗਲ ਹੈ......(ਵਿਘਨ)

Mr. Speaker: No interruption please.

ਸ੍ਰੀ ਬਲਰਾਮ ਦਾਸ ਟੰਡਨ : ਆਲ ਇੰਡੀਆ ਜੋ ਕੰਪੀਟੀਸ਼ਨਜ਼ ਹੋਣਗੇ ਉਨ੍ਹਾਂ ਵਿਚ ਕਿਸ ਦਾ ਨੁਕਸਾਨ ਹੋਵੇਗਾ, ਉਹ ਪੰਜਾਬ ਦੇ ਬੱਚਿਆਂ ਦਾ ਹੋਵੇਗਾ ਭਾਵੇਂ ਉਹ ਕਿਸੇ ਵੀ ਧਰਮ ਜਾਂ ਕਮਿਊਨਿਟੀ ਦੇ ਹੋਣ। ਫਿਰ ਉਨ੍ਹਾਂ ਦੀ ਇੰਪਲਾਈਮੈਂਟ ਦਾ ਵੀ ਸਵਾਲ ਹੈ......(ਵਿਘਨ) ਮੈਂ ਕਹਿੰਦਾ ਹਾਂ ਕਿ ਜਿਨ੍ਹਾਂ ਬੱਚਿਆਂ ਨੂੰ ਇਥੇ ਨੌਕਰੀ ਨਹੀਂ ਮਿਲਦੀ ਕੀ ਉਹ ਹਿੰਦੁਸਤਾਨ ਦੇ ਕਿਸੇ ਹੋਰ ਹਿੱਸੇ ਵਿਚ ਹਿਮਾਚਲ, ਹਰਿਆਣੇ ਜਾਂ ਰਾਜਿਸਥਾਨ ਵਿਚ ਜਾ ਕੇ ਨੌਕਰੀ ਕਰ ਸਕਣਗੇ ਅਗਰ ਉਨ੍ਹਾਂ ਨੂੰ ਹਿੰਦੀ ਨਹੀਂ ਆਉਂਦੀ ? ਇੰਪਲਾਈਮੈਂਟ ਅਤੇ ਸਰਵਿਸਿਜ਼ ਵਿਚ ਜਾਣ ਲਈ ਜ਼ਰੂਰੀ ਹੈ ਕਿ ਹਿੰਦੀ ਦੀ ਤਾਲੀਮ ਪਾਸ ਹੋਵੇ। (ਵਿਘਨ)

Mr, Speaker: Please resume your seat.

ਸ੍ਰੀ ਬਲਰਾਮ ਦਾਸ ਟੰਡਨ: ਮੈਂ ਤਾਂ ਉਨ੍ਹਾਂ ਹਾਲਾਤ ਦਾ ਜ਼ਿਕਰ ਕਰ ਰਿਹਾ ਹਾਂ ਜਿਹੜੇ ਕਿ ਹੋਏ ਅਤੇ ਸਾਨੂੰ ਇਸ ਵਜ਼ਾਰਤ ਨੂੰ ਛੱਡਣਾ ਪਿਆ। ਮੈਂ ਸਾਰੇ ਹਾਲਾਤ ਦਸ ਰਿਹਾ ਹਾਂ। (ਵਿਘਨ)

Mr. Speaker: Please resume your seat. (*Interruption*)

ਸ੍ਰੀ ਬਲਰਾਮ ਦਾਸ ਟੰਡਨ : ਜੇਕਰ, ਸਪੀਕਰ ਸਾਹਿਬ, ਤੁਸੀਂ ਇਹ ਚਾਹੁੰਦੇ ਹੋ ਕਿ ਮੈਂ ਇਹ ਨਾ ਦਸਾਂ ਤਾਂ ਇਹ ਵਖਰੀ ਗਲ ਹੈ ਪਰ ਮੈਨੂੰ ਰੂਲਜ਼ ਦੇ ਅਨੁਸਾਰ ਬੋਲਣ ਤੋਂ ਰੋਕਿਆ ਨਹੀਂ ਜਾ ਸਕਦਾ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਤੁਹਾਨੂੰ ਤਾਂ ਡੇਢ ਘੰਟਾ ਹੋ ਗਿਆ ਹੈ ਬੋਲਦਿਆਂ ਨੂੰ ਕੋਈ ਲਿਮਟ ਵੀ ਹੋਣੀ ਚਾਹੀਦੀ ਹੈ । (The hon. Member has been speaking for the last one and a half hours. There must be some limit.)

ਸ੍ਰੀ ਬਲਰਾਮ ਦਾਸ ਟੰਡਨ : ਜੇਕਰ ਆਪ ਨਹੀਂ ਚਾਹੁੰਦੇ ਕਿ ਮੈਂ ਕੁਝ ਕਹਾਂ ਅਤੇ ਮੈਨੂੰ ਬੋਲਣ ਨਹੀਂ ਦੇਣਾ ਚਾਹੁੰਦੇ ਤਾਂ ਮੈਂ ਨਹੀਂ ਕਹਿੰਦਾ ਅਤੇ ਜੇਕਰ ਆਪ ਚਾਹੁੰਦੇ ਹੋ ਕਿ ਮੈਂ ਨਾ ਬੋਲਾਂ ਅਤੇ ਚਲਾ ਜਾਵਾਂ ਤਾਂ ਮੈਂ ਚਲਾ ਜਾਂਦਾ ਹਾਂ । (ਵਿਘਨ)

Mr. Speaker: Please resume your seat. (Interruption)

(ਇਸ ਸਮੇਂ ਸ੍ਰੀ ਟੰਡਨ ਅਤੇ ਸ੍ਰੀ ਮਨਮੋਹਨ ਕਾਲੀਆ ਖੜੇ ਹੋ ਗਏ) (ਸ਼ੋਰ)

Walk-Out

ਸ੍ਰੀ ਬਲਰਾਮ ਦਾਸ ਟੰਡਨ : ਮੈਂ, ਸਪੀਕਰ ਸਾਹਿਬ, ਤੁਹਾਡਾ ਸਨਮਾਨ ਕਰਦਾ ਹਾਂ ਅਤੇ ਕੋਈ ਗਲ ਉਸ ਤਰ੍ਹਾਂ ਦੀ ਨਹੀਂ ਕਹਿਣੀ ਚਾਹੁੰਦਾ ਪਰ ਮੈਨੂੰ ਇਸ ਗਲ ਦਾ ਦੁਖ ਜ਼ਰੂਰ ਹੈ ਕਿ ਤੁਸੀਂ ਮੈਨੂੰ ਬੋਲਣ ਦੀ ਇਜਾਜ਼ਤ ਨਹੀਂ ਦੇ ਰਹੇ ਅਤੇ ਰੋਕ ਰਹੇ ਹੋ ਅਤੇ ਮੈਨੂੰ ਆਪਣੀ ਗਲ ਕਹਿਣ ਨਹੀਂ ਦੇ ਰਹੇ । ਇਸ ਗਲ ਤੇ ਪ੍ਰੋਟੈਸਟ ਕਰਦੇ ਅਸੀਂ ਵਾਕ ਆਊਟ ਕਰਦੇ ਹਾਂ ।

(ਇਸ ਸਮੇਂ ਜਨ ਸੰਘ ਪਾਰਟੀ ਦੇ ਸਾਰੇ ਮੈਂਬਰ ਹਾਊਸ ਵਿਚੋਂ ਬਾਹਰ ਚਲੇ ਗਏ)

(ਸਰਕਾਰੀ ਬੈਂਚਾਂ ਵੱਲੋਂ ਸ਼ੇਮ, ਸ਼ੇਮ ਦੀਆਂ ਆਵਾਜ਼ਾਂ ।)

(ਜਨ ਸੰਘ ਪਾਰਟੀ ਦੇ ਮੈਂਬਰ ਅਜੇ ਬਾਹਰ ਜਾ ਹੀ ਰਹੇ ਸਨ)

ਚੌਧਰੀ ਜਗਤ ਰਾਮ : ਕੀ ਟੰਡਨ ਜੀ ਤੁਸੀਂ ਸ਼ਿਵ ਸ਼ੰਕਰ ਦੇ ਦਰਸ਼ਨ ਕਰਨ ਚਲੇ ਹੋ (ਵਿਘਨ) । (ਸ਼ੋਰ)

(Interruptions and noise in the House)

REPLY BY A MINISTER TO THE STATEMENT BY SH. BALRAM DASS TANDON EX-MINISTER

ਵਿਤ ਮੰਤਰੀ : (ਸਰਦਾਰ ਬਲਵੰਤ ਸਿੰਘ) ਸਪੀਕਰ ਸਾਹਿਬ, ਮੈ ਟੰਡਨ ਸਾਹਿਬ ਨੂੰ ਬੜੇ ਧਿਆਨ ਨਾਲ ਸੁਣਿਆ ਹੈ । ਮੈਨੂੰ ਇਸ ਗਲ ਦੀ ਖੁਸ਼ੀ ਹੁੰਦੀ ਜੇਕਰ ਉਹ ਕੋਈ ਖਾਸ ਨੁਕਤੇ ਸਾਹਮਣੇ ਰਖਦੇ ਅਤੇ ਉਨ੍ਹਾਂ ਦਾ ਜ਼ਿਕਰ ਕਰਦੇ ਜਿਨ੍ਹਾਂ ਕਾਰਨਾਂ ਕਰਕੇ ਉਨ੍ਹਾਂ ਨੂੰ ਮੰਤਰੀ ਮੰਡਲ ਵਿਚੋਂ ਕੱਢਿਆ ਗਿਆ ਅਤੇ ਮੇਰਾ ਖਿਆਲ ਸੀ ਕਿ ਇਸ ਸਪੈਸ਼ਲ ਸਟੇਟਮੈਂਟ ਵਿਚ ਇਸ ਤਰ੍ਹਾਂ ਦਾ ਜ਼ਿਕਰ ਕਰਨਗੇ ਪਰ (ਵਿਘਨ ਸਾਥੀ ਰੂਪ ਲਾਲ ਵੱਲੋਂ) ਮੈਂ ਇਹ ਸਮਝਦਾ ਸਾਂ ਕਿ ਰਿਜ਼ਾਇਨ ਕਰਨ ਦੀਆਂ ਖਾਸ ਵਜੂਹਾਤ ਦੇਣਗੇ ਪਰ ਖੋਦਿਆ ਪਹਾੜ ਤੇ ਨਿਕਲਿਆ ਚੂਹਾ ।' ਇਸ ਦੇ ਬਾਰੇ ਵਿਚ ਮਿਸਾਲ ਦਿੰਦੇ ਹੁੰਦੇ ਨੇ, ਕਿ 'ਤਾਲੋ ਖੁੰਜੀ ਡੂਮਣੀ ਗਾਵੇ ਆਲ ਪਤਾਲ' । (ਵਿਘਨ ਵੱਲੋਂ ਸਰਦਾਰ ਕਿਰਪਾਲ ਸਿੰਘ) ਇਨ੍ਹਾਂ ਨੇ ਇਸ ਸਟੇਟਮੈਂਟ ਦੇਣ ਬਾਰੇ ਨੋਟਿਸ ਦਿਤਾ ਸੀ ਅਤੇ ਉਸ ਵਿਚ ਪੁਆਇੰਟਸ ਲਿਖ ਕੇ ਭੇਜੇ ਸਨ ਅਤੇ ਮੇਰਾ ਖਿਆਲ ਸੀ ਕਿ ਉਨ੍ਹਾਂ ਪੁਆਇੰਟਸ ਦੇ ਬਾਰੇ ਵਿਚ ਜ਼ਿਕਰ ਕਰਨਗੇ ਪਰ ਇਨ੍ਹਾਂ ਨੇ ਆਪਣੀ ਸਪੀਚ ਵਿਚ ਉਸ ਦਾ ਜ਼ਿਕਰ ਨਹੀਂ ਕੀਤਾ ਹਾਲਾਂਕਿ ਜਿਹੜੇ ਪੁਆਇੰਟਸ ਦਿੱਤੇ ਗਏ ਸਨ ਉਨ੍ਹਾਂ ਵਿਚ ਕਿਹਾ ਸੀ ਕਿ ਐਡਮਿਨਿਸਟ੍ਰੇਸ਼ਨ ਦਾ ਭਠਾ ਬੈਠ ਗਿਆ ਹੈ ਅਤੇ ਕੁਰਪਸ਼ਨ ਹਦ ਤੋਂ ਜ਼ਿਆਦਾ ਵੱਧ ਗਈ ਹੈ ਅਤੇ ਯੂਨੀਵਰਸਿਟੀ ਵਿਚ ਇਹ ਹੋ ਗਿਆ ਅਤੇ ਉਹ ਹੋ ਗਿਆ ਹੈ । ਮੈਂ ਸਮਝਦਾ ਸਾਂ ਕਿ ਉਨ੍ਹਾਂ ਦੇ ਬਾਰੇ ਵਿਚ ਗਲ ਕਰਨਗੇ ਪਰ ਇਹ ਹੋਰ ਪਾਸੇ ਚਲੇ ਗਏ । ਮੈਨੂੰ ਅਫਸੋਸ ਹੈ ਕਿ ਉਹ ਹੁਣ ਇਥੇ ਨਹੀਂ ਤਾਂ ਕਿ ਸੁਣਦੇ । ਮੈਂ, ਸਪੀਕਰ ਸਾਹਿਬ, ਆਪ ਦੀ ਰਾਹੀਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਵੇਲੇ ਐਡਮਿਨਿਸਟ੍ਰੇਸ਼ਨ ਵਿਚ ਕਿੰਨੀਆਂ ਗਲਤ ਗਲਾਂ ਹਇਆ ਹਨ ਅਤੇ ਕਿਥੇ ਕਿਥੇ ਹੋਈਆਂ ਹਨ ।

Original with;
Punjab Vidhan Sabha
Digitized by;
Panjab Digital Library

ਅਤੇ ਕਿਥੇ ਕਿਥੇ ਭਰਿਸ਼ਟਾਚਾਰ ਵਧਿਆ ਹੈ ਅਤੇ ਕਿਥੇ ਰੂਲਜ਼ ਅਤੇ ਰੈਗੂਲੇਸ਼ਨਾਂ ਦੀ ਉਲੰਘਣਾ ਕੀਤੀ ਗਈ ਹੈ ਇਹ ਸਾਰੀਆਂ ਗਲਾਂ ਇੰਡਸਟਰੀ ਡਿਪਾਰਟਮੈਂਟ ਵਿਚ ਕੀਤੀਆਂ ਗਈਆਂ ਜਿਨ੍ਹਾਂ ਦੇ ਟੰਡਨ ਸਾਹਿਬ ਇੰਚਾਰਜ ਸਨ (ਵਿਘਨ) (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਆਪ ਸੁਣ ਕੇ ਹੈਰਾਨ ਹੋਵੋਗੇ ਅਤੇ ਮੈਨੂੰ ਦਸਦਿਆਂ ਵੀ ਸ਼ਰਮ ਮਹਿਸੂਸ ਹੁੰਦੀ ਹੈ ਕਿ ਕਿਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਗਈਆਂ। ਪਟਿਆਲੇ ਵਿਚ ਇਕ ਡੀ. ਆਈ., ਓ. ਲਗਾਇਆ ਗਿਆ ਹਾਲਾਂ ਕਿ ਜਿਹੜੇ ਹੋਰ ਉਸ ਪਸਟ ਲਈ ਕੰਪੀਟੈਂਟ ਸਨ ਉਨ੍ਹਾਂ ਨੂੰ ਨਹੀਂ ਲਗਾਇਆ ਗਿਆ ਅਤੇ ਜਿਸ ਨੂੰ ਲਗਾਇਆ ਗਿਆ ਉਹ ਕੰਪੀਟੈਂਟ ਉਸ ਪੋਸਟ ਲਈ ਨਹੀਂ ਸੀ ਅਤੇ ਉਸ ਦੇ ਖਿਲਾਫ਼ ਇਨਕੁਆਇਰੀ ਸੀ। ਹਾਲਾਂਕਿ ਡਿਪਾਰਟਮੈਂਟ ਨੇ ਇਹ ਕਿਹਾ ਸੀ ਕਿ ਇਸ ਆਦਮੀ ਨੂੰ ਨਹੀਂ ਲਗਾਇਆ ਜਾਣਾ ਚਾਹੀਦਾ।

ਇਥੇ ਹੀ ਬਸ ਨਹੀਂ ਪੰਜਾਬ ਸਟੇਟ ਇੰਡਸਟਰੀਅਲ ਕਾਰਪੋਰੇਸ਼ਨ ਵਿਚ ਆਰ. ਐਸ.ਐਸ. ਦੇ ਵਰਕਰ ਲਗਾ ਦਿਤੇ ਗਏ ਅਤੇ ਸ਼ਾਪ ਕੀਪਰਾਂ ਨੂੰ ਲਗਾ ਦਿਤਾ ਗਿਆ ਰੂਲਜ਼ ਅਤੇ ਰੈਗੂਲੇਸ਼ਨਾਂ ਦੀ ਕੋਈ ਪਰਵਾਹ ਨਹੀਂ ਕੀਤੀ ਗਈ ਅਤੇ ਡਸਟ ਬਿਨ ਵਿਚ ਸੁਟ ਦਿੱਤੇ ਗਏ। ਇਸ ਕਾਰਪੋਰੇਸ਼ਨ ਵਿਚ ਡਾਇ-ਰੈਕਟਰ ਆਰ.ਐਸ.ਐਸ. ਦੇ ਵਰਕਰ ਨੂੰ ਲਗਾ ਦਿੱਤਾ ਗਿਆ। ਇਸ ਤੇ ਨਾਲ ਹੀ ਇਕ ਹੋਰ ਆਰ.ਐਸ. ਐਸ. ਵਰਕਰ ਨੂੰ ਪੰਜਾਬ ਖਾਦੀ ਬੋਰਡ ਦਾ ਚੇਅਰਮੈਨ ਲਗਾ ਦਿੱਤਾ ਗਿਆ। ਇਹ ਸਭ ਪੋਲੀਟੀਕਲ ਪਰਪਜ਼ ਨੂੰ ਸਾਹਮਣੇ ਰਖ ਕੇ ਕੀਤਾ ਗਿਆ ਅਤੇ ਉਸ ਆਦਮੀ ਨੂੰ ਚੇਅਰਮੈਨ ਬਣਾ ਦਿੱਤਾ ਗਿਆ ਜਿਸ ਨੂੰ ਫਾਦਰ ਆਫ ਦੀ ਨੇਸ਼ਨ ਮਹਾਤਮਾ ਗਾਂਧੀ ਦੇ ਖਾਦੀ ਦੇ ਪ੍ਰਿੰਸੀਪਲ ਅਤੇ ਗਾਂਧੀਅਨ ਆਇਡਿਆਲੋਜੀ ਦਾ ਕੋਈ ਪਤਾ ਨਹੀਂ। ਆਰ.ਐਸ.ਐਸ. ਵਰਕਰ ਨੂੰ ਚੇਅਰਮੈਨ ਬਣਾ ਦਿਤਾ ਅਤੇ 3,000 ਰੁਪਏ ਮਹੀਨਾ ਦੇਣਾ ਮਨਜ਼ੂਰ ਕਰ ਦਿੱਤਾ। ਇਹ ਚੇਅਰਮੈਨ ਆਰ.ਐਸ.ਐਸ. ਦਾ ਸੰਚਾਲਕ ਸੀ। ਇਸ ਦੇ ਨਾਲ ਹੀ ਡਾਇਰੈਕਟਰਜ਼ ਵੀ. ਆਰ. ਐਸ.ਐਸ.ਦੇ ਵਰਕਰ ਲਗਾ ਦਿੱਤੇ ਗਏ। ਮੈਨੂੰ ਅਫਸੋਸ ਹੈ ਕਿ ਇਨ੍ਹਾਂ ਵੱਲੋਂ ਇਸ ਤਰ੍ਹਾਂ ਕੀਤਾ ਗਿਆ। ਮੈਂ ਇਕ ਗੱਲ ਇਥੇ ਹੋਰ ਵੀ ਦਸ ਦੇਣਾ ਚਾਹੁੰਦਾ ਹਾਂ ਕਿ ਸਰਦਾਰ ਗੁਰਨਾਮ ਸਿੰਘ ਜੀ ਜਦੋਂ ਮੁੱਖ-ਮੰਤਰੀ ਸਨ ਤਾਂ ਟੰਡਨ ਸਾਹਿਬ ਉਨ੍ਹਾਂ ਨਾਲ ਵੀ ਇੰਡਸਟਰੀ ਮਨਿਸਟਰ ਦੇ ਤੌਰ ਤੇ ਕੰਮ ਕਰਦੇ ਰਹੇ ਹਨ ਤੇ ਉਨਾਂ ਦੀ ਵੀ ਇਨਾਂ ਦੇ ਬਾਰੇ ਵਿਚ ਇਹੀ ਫੀਲਿੰਗਜ਼ ਸਨ। ਉਸ ਵੇਲੇ ਦੇ ਚੀਫ ਮਨਿਸਟਰ ਸਾਹਿਬ ਨਾਲ ਗਲ ਕਰਦਿਆਂ ਕਈ ਵੇਰ ਇਸ ਤਰ੍ਹਾਂ ਦੀਆਂ ਗਲਾਂ ਦਾ ਇਨ੍ਹਾਂ ਦੇ ਬਾਰੇ ਵਿਚ ਜ਼ਿਕਰ ਆਇਆ ਸੀ।

ਫਿਰ ਸਪੀਕਰ ਸਾਹਿਬ, ਐਪੁਆਇੰਟਮੈਂਟਸ ਅਤੇ ਰਿਕਰੂਟਮੈਂਟ ਲਈ ਖਾਸ ਪ੍ਰੋਸੀਜਰ ਮੁਕਰਰ ਕੀਤਾ ਹੋਇਆ ਹੈ ਪਰ ਇਸ ਦੀ ਵੀ ਕੋਈ ਪਰਵਾਹ ਨਹੀਂ ਕੀਤੀ ਗਈ। ਇੰਡਸਟਰੀ ਡਿਪਾਰਟਮੈਂਟ ਵਿਚ 14 ਜੂਨੀਅਰ ਇੰਨਸਪੈਕਟਰਾਂ ਦੀਆਂ ਪੋਸਟਾਂ ਸਨ ਅਤੇ ਇਨ੍ਹਾਂ ਨੂੰ ਲਗਾਣ ਵਿਚ ਜ਼ਾਬਤੇ ਅਤੇ ਰੂਲਜ਼ ਦੀ ਕੋਈ ਪਰਵਾਹ ਨਹੀਂ ਕੀਤੀ ਗਈ ਨਾ ਤਾਂ ਇੰਪਲਾਇਮੈਂਟ ਐਕਸਚੇਂਜ ਤੋਂ ਨਾਮ ਮੰਗਵਾਏ ਗਏ ਅਤੇ ਨਾ ਹੀ ਡਿਪਾਰਟਮੈਂਟਲ ਕਮੇਟੀ ਪਾਸੋਂ ਉਨ੍ਹਾਂ ਦੀ ਸਿਲੈਕਸ਼ਨ ਕਰਵਾਈ ਗਈ ਨਾ ਹੀ ਪੋਸਟਾਂ ਨੂੰ ਐਡਵਰਟਾਈਜ਼ ਕੀਤਾ ਗਿਆ। (ਵਿਘਨ)

ਚੌਧਰੀ ਬਲਬੀਰ ਸਿੰਘ : ਉਦੋਂ ਤੁਸੀਂ ਸੁਤੇ ਪਏ ਸੀ। (ਵਿਘਨ)

ਕਾਮਰੇਡ ਸਤਪਾਲ ਡਾਂਗ : ਪੋਲ ਖੁਲ੍ਹਣ ਦਿਓ, ਸਪੀਕਰ ਸਾਹਿਬ। (ਵਿਘਨ)

ਵਿੱਤ ਮੰਤਰੀ : ਨਾਰਮਲ ਪ੍ਰੋਸੀਜਰ ਫਾਲੋ ਨਹੀਂ ਕੀਤਾ ਗਿਆ ਐਡਵਰਟਾਈਜ਼ ਕਰਨ ਤੋਂ ਬਾਦ ਡਿਪਾਰਟਮੈਂਟਲ ਕਮੇਟੀ ਵੱਲ ਸਿਲੈਕਸ਼ਨ ਕੀਤੀ ਜਾਣੀ ਚਾਹੀਦੀ ਸੀ ਪਰ ਇਹ ਨਹੀਂ ਕੀਤਾ ਗਿਆ (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

Mr. Speaker : Order please.

ਵਿੱਤ ਮੰਤਰੀ : ਨਾ ਹੀ ਇਨਟਰਵਿਯੂ ਕਮੇਟੀ ਨੇ ਲਈ, ਟੰਡਨ ਸਾਹਿਬ ਨੇ ਇਸ ਸਾਰੇ ਪ੍ਰੋਸੀਜਰ ਨੂੰ ਬਾਲਾਏਤਾਕ ਰਖ ਦਿੱਤਾ ਅਤੇ ਸਾਰੀਆਂ ਐਡ ਹਾਕ ਅਪੁਆਇੰਟਮੈਂਟਸ ਕਰ ਦਿੱਤੀਆਂ ਅਤੇ ਸਾਰੇ ਹੀ ਆਰ.ਐਸ. ਐਸ. ਦੇ ਵਰਕਰ ਰਖ ਲਏ । ਅਤੇ ਇੰਡਸਟਰੀ ਡਿਪਾਰਟਮੈਂਟ ਵਿਚ ਇਸ ਤਰ੍ਹਾਂ ਦਾ ਢਾਂਚਾ ਖੜਾ ਕਰਕੇ ਰੱਖ ਦਿੱਤਾ ।

ਇਸ ਤੋਂ ਬਾਦ ਟੰਡਨ ਸਾਹਿਬ ਨੇ ਕੁਰਪਸ਼ਨ ਦਾ ਜ਼ਿਕਰ ਕੀਤਾ ਹੈ ਕਿ ਹੋਈ ਹੈ । ਇਸ ਦੇ ਬਾਰੇ ਵਿਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਸ ਤਰ੍ਹਾਂ ਕੀਤਾ ਹੈ ਕਿ ਸਾਰੇ ਰੂਲ ਅਤੇ ਰੈਗੂਲੇਸ਼ਨਾਂ ਨੂੰ ਲਾਂਭੇ ਰਖ ਦਿਤਾ ਅਤੇ ਇਕ ਪੋਸਟ ਇੰਡਸਟਰੀ ਡਿਪਾਰਟਮੈਂਟ ਵਿਚ 1300–1600 ਦੇ ਗਰੇਡ ਦੀ ਕਰੀਏਟ ਕਰ ਲਈ ਅਤੇ ਇਸ ਵਾਸਤੇ ਕੁਆਲੀਫਿਕੇਸ਼ਨਜ਼ ਇਹ ਚਾਹੀਦੀਆਂ ਸਨ ਕਿ ਗ੍ਰੈਜੂਏਟ ਫਸਟ ਕਲਾਸ ਜਾਂ ਪੋਸਟ ਗ੍ਰੈਜੂਏਟ ਫਰਾਮ ਏ ਰਿਕਗਨਾਈਜ਼ਡ ਯੂਨੀਵਰਸਿਟੀ । (ਵਿਘਨ)

ਸਾਥੀ ਰੂਪ ਲਾਲ : ਹਿੰਦੂ ਸਿਖ ਏਕਤਾ ਫਿਰ ਕਿਥੇ ਗਈ ? (ਵਿਘਨ)

ਇਕ ਆਵਾਜ਼ : ਭੋਲੇ ਨਾਥ ਭੰਡਾਰ ਭਰੇ । (ਸ਼ੋਰ)

ਵਿੱਤ ਮਤਰੀ : ਇਨ੍ਹਾਂ ਨੇ ਉਸ ਪੋਸਟ ਤੇ ਇਕ ਆਰਡੇਨਰੀ ਬੀ.ਐਸ.ਸੀ. ਇਨਜੀਨੀਰਿੰਗ ਲਗਾ ਦਿੱਤਾ । (ਸ਼ੇਮ, ਸ਼ੇਮ, ਦੀਆਂ ਆਵਾਜ਼ਾਂ) ਇਸ ਕਿਸਮ ਦੀਆਂ ਚੀਜ਼ਾਂ ਇਸ ਕਿਸਮ ਦਾ ਵਾਤਾਵਰਣ ਕਾਇਮ ਕਰ ਦਿਤਾ ਗਿਆ ਅਤੇ ਡਿਪਾਰਟਮੈਂਟ ਦੀ ਇਹ ਸ਼ਕਲ ਬਣਾ ਦਿਤੀ ਗਈ ਫਿਰ ਬੰਦਾ ਇਹ ਕਹੇ ਕਿ ਭ੍ਰਿਸ਼ਟਾਚਾਰ ਵਧਿਆ ਹੈ ਅਤੇ ਆਦਮੀ ਇਸ ਤਰ੍ਹਾਂ ਦੀਆਂ ਗੱਲਾਂ ਕਰੇ ਤਾਂ ਆਪ ਜਾਣ ਸਕਦੇ ਹੋ । ਅਸੀਂ ਇਕ ਵੇਰ ਜਲੰਧਰ ਗਏ ਤਾਂ ਅਫਸਰਾਂ ਨਾਲ ਅਤੇ ਲੋਕਾਂ ਨਾਲ ਇਨਫਾਰਮਲ ਗਲਾਂ ਹੋਈਆਂ ਅਤੇ ਉਨ੍ਹਾਂ ਪਾਸੋਂ ਇਹ ਪੁਛਿਆ ਕਿ ਕਿਸ ਤਰ੍ਹਾਂ ਕਲੀਨ ਐਡਮਿਨਿਸਟ੍ਰੇਸ਼ਨ ਲੋਕਾਂ ਨੂੰ , ਸੂਬੇ ਨੂੰ ਦਿੱਤੀ ਜਾ ਸਕਦੀ ਹੈ । ਇਸ ਦੌਰੇ ਤੇ ਟੰਡਨ ਸਾਹਿਬ ਵੀ ਨਾਲ ਹੀ ਸਨ, ਤਾਂ ਉਨ੍ਹਾਂ ਕਿਹਾ ਕਿ ਜਨ ਸੰਘ ਨੂੰ ਵਿਚੋਂ ਕਢਣ ਨਾਲ ਹੀ ਇਹ ਕਲੀਨ ਐਡਮਿਨਿਸਟ੍ਰੇਸ਼ਨ ਹੋ ਸਕਦੀ ਹੈ । ਇਸ ਲਈ ਇਨ੍ਹਾਂ ਨੂੰ ਕੱਢਣਾ ਪਿਆ ਅਤੇ ਹੁਣ ਇਹ ਔਖੇ ਹੋ ਗਏ ਹਨ । (ਵਿਘਨ) (ਸ਼ੋਰ)

Mr. Speaker : Order please.

ਵਿੱਤ ਮੰਤਰੀ : ਸਪੀਕਰ ਸਾਹਿਬ, ਟੰਡਨ ਸਾਹਿਬ ਨੇ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਲਾ ਐਂਡ ਆਰਡਰ ਦੀ ਹਾਲਤ ਬਹੁਤ ਭੈੜੀ ਹੋ ਗਈ ਸੀ । ਮੈਂ ਇਨ੍ਹਾਂ ਦੀ ਆਪਣੀ ਇਕ ਸਟੇਟਮੈਂਟ 13 ਜਨਵਰੀ, ਦੀ ਆਪ ਦੇ ਸਾਹਮਣੇ ਕੋਟ ਕਰਨੀ ਚਾਹੁੰਦਾ ਹਾਂ ਕਿ ਇਹ ਆਪ ਕੀ ਲਾ ਐਂਡ ਆਰਡਰ ਬਾਰੇ ਕਹਿੰਦੇ ਹਨ । ਮੈਨੂੰ ਇਹ ਦਸ ਕੇ ਵੀ ਖੁਸ਼ੀ ਹੁੰਦੀ ਹੈ ਕਿ ਇਨ੍ਹਾਂ ਨੇ ਇਸ ਕਿਸਮ ਦਾ ਕੋਈ ਜ਼ਿਕਰ ਕੈਬੀਨਿਟ ਵਿਚ ਰਹਿ ਕੇ ਅਸਾਡੇ ਨਾਲ ਨਹੀਂ ਕੀਤਾ । ਅਤੇ ਕਦੇ ਵੀ ਮੀਟਿੰਗਾਂ ਵਿਚ ਇਹ ਨਹੀਂ ਸੀ ਕਿਹਾ ਕਿ ਲਾ ਐਂਡ ਆਰਡਰ ਦੀ ਹਾਲਤ ਖਰਾਬ ਹੈ । ਹਰ ਗਲ ਤੇ ਇਹ ਸਹਿਮਤ ਹੁੰਦੇ ਸਨ ਅਤੇ ਇਕਠੇ ਹੀ ਸਨ ।

ਸਪੀਕਰ ਸਾਹਿਬ, ਇਕ ਪ੍ਰੋਪੋਜ਼ਲ ਚਲ ਰਹੀ ਸੀ ਕਿ ਐਮ.ਐਲ.ਏਜ਼ . ਨੂੰ ਸਟੈਚੂਟਰੀ ਕਾਰਪੋਰੇਸ਼ਨ ਦਾ ਚੇਅਰਮੈਨ ਬਣਾ ਦਿੱਤਾ ਜਾਵੇ ਅਤੇ ਉਸ ਸਬੰਧ ਵਿਚ ਆਰਡੀਨੈਂਸ ਜਾਰੀ ਕਰਨਾ ਸੀ । ਇਸ ਗਲਾ ਦੀ ਕੈਬਨਿਟ ਵਿਚ ਇਨ੍ਹਾਂ ਨੇ ਨਾਲ ਹੋਕੇ ਸਹਿਮਤੀ ਦਿੱਤੀ ਅਤੇ ਇਸ ਨੂੰ ਯੂਨਾਨੀਮਸਲੀ ਪਾਸ ਕੀਤਾ ਅਤੇ ਕਬਨਿਟ ਦੀ ਮਨਜ਼ੂਰੀ ਤੋਂ ਬਾਅਦ ਜਦ ਗਵਰਨਰ ਸਾਹਿਬ ਪਾਸ ਭੇਜਿਆ ਗਿਆ ਤਾਂ ਇਨ੍ਹਾਂ ਆਪ ਗਵਰਨਰ ਸਾਹਿਬ ਪਾਸ ਜਾ ਕੇ ਕਿਹਾ ਕਿ ਕੈਬਨਿਟ ਵਿਚ ਅਸਾਨੂੰ ਤਾਂ ਇਸ ਤਰ੍ਹਾਂ ਦੀਆਂ ਗਲਾਂ

Original with;
Punjab Vidhan Sabha
Digitized by;
Panjab Digital Library

ਕਰਨੀਆਂ ਹੀ ਪੈਂਦੀਆਂ ਹਨ ਤੁਸੀਂ ਇਸ ਤੇ ਦਸਖਤ ਨਾ ਕਰਨਾ ਇਹ ਇਨ੍ਹਾਂ ਦਾ ਆਪਣਾ ਕੈਰੈਕਟਰ ਹੈ । (ਵਿਘਨ)

ਲਾ ਐਂਡ ਆਰਡਰ ਦੇ ਬਾਰੇ ਵਿਚ ਇਨ੍ਹਾਂ ਦਾ ਆਪਣਾ ਬਿਆਨ 13 ਜਨਵਰੀ ਦੇ ਅਖ਼ਬਾਰ ਵਿੱਚੋਂ ਮੈਂ ਆਪ ਸਾਰਿਆਂ ਦੀ ਜਾਣਕਾਰੀ ਲਈ ਕੋਟ ਕਰਦਾ ਹਾਂ ।

Mr. Tandon said:—

„ There was no reason why anybody should be panicky. I do not think there is any threat to law and order situation in the Punjab. We shall deal with any situation firmly. "

ਜਿਸ ਆਦਮੀ ਦੀ ਆਪਣੀ ਇਸ ਕਿਸਮ ਦੀ ਸਟੇਟਮੈਂਟ ਹੋਵੇ ਉਹ ਮਨਿਸਟਰੀ ਵਿਚੋਂ ਨਿਕਲ ਜਾਣ ਤੇ ਦੋ ਮਹੀਨੇ ਬਾਦ ਆਣ ਕੇ ਚਾਰਜਿਜ਼ ਲਗਾ ਦੇਵੇ ਤਾਂ ਤੁਸੀਂ ਆਪ ਹੀ ਉਸ ਆਦਮੀ ਦਾ ਅੰਦਾਜ਼ਾ ਲਗਾ ਸਕਦੇ ਹੋ । (ਵਿਘਨ)

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਆਦਮੀ ਦਾ ਲਫ਼ਜ਼ ਇਸਤੇਮਾਲ ਨਹੀਂ ਕਰਨਾ ਚਾਹੀਦਾ ਆਨਰੇਬਲ ਮੈਂਬਰ ਲਫ਼ਜ਼ ਵਰਤਣਾ ਚਾਹੀਦਾ ਹੈ। (ਵਿਘਨ) ਇਹ ਵਜ਼ੀਰ ਰਹੇ ਹਨ ।

ਇਕ ਆਵਾਜ਼ : ਇਹ ਤਾਂ ਤੁਹਾਡੇ ਡੈਡੀ ਹਨ । (ਵਿਘਨ) (ਹਾਸਾ)

ਵਿਤ ਮੰਤਰੀ : ਡੈਡੀ ਅਸਾਨੂੰ ਛੋੜ ਗਏ ਹਨ ।

ਸਿੰਚਾਈ ਅਤੇ ਬਿਜਲੀ ਮੰਤਰੀ : ਅਜ ਡੈਡੀ ਇਨ੍ਹਾਂ ਨੂੰ ਕਿਸ ਕਰਨਗੇ ! (ਹਾਸਾ) (ਵਿਘਨ)

ਵਿਤ ਮੰਤਰੀ : ਆਪਾਂ ਨੇ ਡੈਡੀ ਨੂੰ ਛੱਡਿਆ ਨਹੀਂ ਪਰ ਡੈਡੀ ਸਾਨੂੰ ਛੱਡ ਗਿਆ ਹੈ । ਮੈਨੂੰ ਡੈਡੀ ਦੀ ਪੂਰੀ ਇਜ਼ਤ ਹੈ (ਹਾਸਾ)

ਸਪੀਕਰ ਸਾਹਿਬ, ਟੰਡਨ ਸਾਹਿਬ ਨੇ ਗੁਰੂ ਨਾਨਕ ਯੂਨੀਵਰਸਿਟੀ ਬਾਰੇ ਬਹੁਤ ਸਾਰੀਆਂ ਗੱਲਾਂ ਕਹੀਆਂ ਹਨ । ਮੈਂ ਉਨ੍ਹਾਂ ਨੂੰ ਉਸ ਵਕਤ ਦੀ ਯਾਦ ਦਿਲਾਉਣਾ ਚਾਹੁੰਦਾ ਹਾਂ ਜਦੋਂ ਕਿ ਕਾਲੀਆ ਸਾਹਿਬ ਮਨਿਸਟਰ ਨਹੀਂ ਸਨ ਬਣੇ, ਟੰਡਨ ਸਾਹਿਬ ਨੇ ਆਪ ਤਾਂ ਪਹਿਲਾਂ ਸੌਂਹ ਲੈ ਲਈ ਸੀ ਪਰ ਇਨ੍ਹਾਂ ਦੀ ਸੌਂਹ ਖਾਣ ਵੇਲੇ ਗੁਰੂ ਨਾਨਕ ਯੂਨੀਵਰਸਿਟੀ ਦਾ ਰਫੜ ਪਾ ਲਿਆ ਸੀ । ਇਹ ਜਦੋਂ ਮੈਂਬਰ ਦਾ ਵਜ਼ੀਰ ਬਣਨ ਦਾ ਵੇਲਾ ਆਉਂਦਾ ਹੈ ਉਸ ਵੇਲੇ ਹੀ ਰਫੜ ਪਾਉਂਦੇ ਹਨ, ਪਰ ਆਪਣੀ ਵਾਰੀ ਇਨ੍ਹਾਂ ਨੂੰ ਕੋਈ ਵੀ ਕਿਤੇ ਗਲਤੀ ਨਜ਼ਰ ਨਹੀਂ ਆਉਂਦੀ ਕਿਉਂਕਿ ਇਨ੍ਹਾਂ ਦੇ ਮਨ ਵਿਚ ਇਹ ਸੁਪੀਰੀਆਰਟੀ ਕੰਪਲੈਕਸ ਹਰ ਵਕਤ ਰਹਿੰਦਾ ਹੈ ਕਿ ਜਿਤਨਾ ਚਿਰ ਟੰਡਨ ਕੈਬਨਿਟ ਵਿਚ ਹੈ ਤਾਂ ਸਭ ਠੀਕ ਹੈ ਜੋ ਕੋਈ ਹੋਰ ਆ ਜਾਵੇ ਭਾਵੇਂ ਇਨ੍ਹਾਂ ਦੀ ਪਾਰਟੀ ਦਾ ਹੋਵੇ ਉਹ ਇਨ੍ਹਾਂ ਤੋਂ ਪਹਿਲਾਂ ਨਹੀਂ ਆਉਣਾ ਚਾਹੀਦਾ । ਭਾਵੇਂ ਜਨ ਸੰਘ ਦਾ ਕੋਈ ਆਵੇ ਯਾ ਨਾ ਆਵੇ । ਇਨ੍ਹਾਂ ਦਾ ਕੈਬਨਿਟ ਵਿਚ ਰਹਿਣਾ ਜ਼ਰੂਰੀ ਹੈ ।

ਜਦੋਂ ਟੰਡਨ ਸਾਹਿਬ ਗੁਰੂ ਨਾਨਕ ਯੂਨੀਵਰਸਿਟੀ ਐਫਿਲੀਏਸ਼ਨ ਕਮੇਟੀ ਦੇ ਚੇਅਰਮੈਨ ਸਨ ਤਾਂ ਇਸ ਦਾ ਮੈਂ ਵੀ ਮੈਂਬਰ ਸੀ ਅਤੇ ਸਰਦਾਰ ਸੁਰਜੀਤ ਸਿੰਘ ਹੋਰੀ ਵੀ ਮੈਂਬਰ ਸਨ । ਉਨ੍ਹਾਂ ਨੇ ਇਸ ਦੀ ਇਕ ਵੀ ਮੀਟਿੰਗ 4 ਮਹੀਨੇ ਤਕ ਨਹੀਂ ਬੁਲਾਈ । ਕਿਉਂਕਿ ਇਹ ਕੁਝ ਏਰੀਆਜ਼ ਦੇ ਕਾਲਜਿਜ਼ ਨੂੰ ਇਸ ਯੂਨੀਵਰਸਿਟੀ ਵਿਚ ਸ਼ਾਮਲ ਕਰਾਉਣ ਦੇ ਹੱਕ ਵਿਚ ਨਹੀਂ ਸਨ । ਹੋਰ ਇਹ ਵੀ ਕਹਿੰਦੇ ਰਹੇ

Original with;
Punjab Vidhan Sabha
Digitized by;
Panjab Digital Library

[ਵਿਤ ਮੰਤਰੀ]

ਕਿ ਫਲਾਂ ਫਲਾਂ ਕਾਲੇਜ ਇਸ ਵਿਚ ਨਹੀਂ ਹੋਣਾ ਚਾਹੀਦਾ । ਜਦੋਂ ਗੁਰੂ ਨਾਨਕ ਯੂਨੀਵਰਸਿਟੀ ਦਾ ਮੁਆਮਲਾ ਕੈਬਨਿਟ ਸਬ ਕਮੇਟੀ ਦੇ ਸਾਹਮਣੇ ਆਇਆ ਔਰ ਇਹ ਸਵਾਲ ਵਿਚਾਰ ਅਧੀਨ ਜਦੋਂ ਆਇਆ ਕਿ ਗੁਰੂ ਨਾਨਕ ਯੂਨੀਵਰਸਿਟੀ ਸਾਰਿਆਂ ਕਾਲੇਜਿਜ਼ ਦਾ ਜਿਹੜੇ ਕਿ ਇਸ ਦੇ ਸਫੀਅਰ ਵਿਚ ਆਉਂਦੇ ਹਨ ਉਨ੍ਹਾਂ ਦਾ ਇਮਤਿਹਾਨ ਲੈ ਸਕਦੀ ਹੈ ਯਾ ਨਹੀਂ ? ਟੰਡਨ ਸਾਹਿਬ ਇਹ ਕਹਿੰਦੇ ਸਨ ਕਿ ਜਾਲੰਧਰ ਦਾ ਜ਼ਿਲ੍ਹਾ ਇਸ ਦੇ ਵਿੱਚੋਂ ਕਢ ਦਿੱਤਾ ਜਾਵੇ । ਅਸੀਂ ਇਹ ਕਹਿੰਦੇ ਸੀ ਕਿ ਜਦੋਂ ਇਸ ਵਿਚ ਅੰਮ੍ਰਿਤਸਰ ਦਾ ਜ਼ਿਲ੍ਹਾ ਸ਼ਾਮਲ ਕੀਤਾ ਜਾ ਸਕਦਾ ਹੈ ਤਾਂ ਫਿਰ ਸਾਨੂੰ ਜਾਲੰਧਰ ਸ਼ਾਮਲ ਕਰਨ ਦੇ ਵਿਚ ਕੀ ਹਰਜ ਹੈ । (ਇਕ ਮਾਨਯੋਗ ਮੈਂਬਰ : ਜਾਲੰਧਰ ਕਢ ਕੇ ਫਿਰੋਜ਼ਪੁਰ ਲਾ ਦਿਓ, ਇਹ ਕੌਣ ਕਹਿੰਦਾ ਸੀ ?) (ਵਿਘਨ) ਜਿਹੜਾ ਵੀ ਸਵਾਲ ਉਨ੍ਹਾਂ ਤੇ ਕੈਬਨਿਟ ਸਬ ਕਮੇਟੀ ਵਿਚ ਹੋਇਆ ਇਨ੍ਹਾਂ ਨੇ ਕਿਸੇ ਇਕ ਦੀ ਜਸਟੀਫੀਕੇਸ਼ਨ ਵਿਚ ਕੋਈ ਆਰਗੂਮੈਂਟ ਨਹੀਂ ਦਿੱਤਾ । ਇਕ ਕੈਬਨਿਟ ਸਬ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਮੈਂ ਸੀ ਅਤੇ ਸਰਦਾਰ ਸੁਰਜੀਤ ਸਿੰਘ ਐਜੂਕੇਸ਼ਨ ਮਨਿਸਟਰ ਵੀ ਸੀ, ਅਸੀਂ ਉਨ੍ਹਾਂ ਨੂੰ ਇਹ ਵੀ ਰਾਏ ਦਿੱਤੀ ਕਿ ਜੇ ਤਹਾਨੂੰ ਕੋਈ ਪੁਲੀਟੀਕਲ ਪਾਰਟੀਆਂ ਦੇ ਬੰਦਿਆਂ ਦਾ ਕੋਈ ਫੈਸਲਾ ਮਨਜ਼ੂਰ ਨਹੀਂ ਤਾਂ ਤੁਸੀਂ ਇਹ ਮੁਆਮਲਾ ਐਜੂਕੇਸ਼ਨਿਸਟ ਤੇ ਹੀ ਛੱਡ ਦਿਉ ਅਤੇ ਪੰਜਾਬ ਦੀਆਂ ਚਾਰੇ ਯੂਨੀਵਰਸਿਟੀਆਂ ਦੇ ਚਾਂਸਲਰ, ਜਿਸ ਵਿਚ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਦੇ ਵਾਈਸ ਚਾਂਸਲਰ ਹੋਣ ਜੋ ਇਹ ਫੈਸਲਾ ਕਰ ਦੇਣ ਉਹ ਸਾਰਿਆਂ ਨੂੰ ਪ੍ਰਵਾਨ ਹੋਣਾ ਚਾਹੀਦਾ ਹੈ । ਪਰ ਇਹ ਕਹਿੰਦੇ ਸਨ ਕਿ ਸਾਨੂੰ ਕਨਸੈਸ਼ਨ ਮਿਲਣਾ ਚਾਹੀਦਾ ਹੈ । ਇਹ ਕਹਿੰਦੇ ਸਨ ਕਿ ਭਾਵੇਂ ਜਾਲੰਧਰ ਵੀ ਸ਼ਾਮਲ ਕਰ ਲਓ ਪਰ ਇਸ ਦੇ ਵਿਚ ਕੁਝ ਕਾਲਜਿਜ਼ ਸ਼ਾਮਲ ਨਹੀਂ ਹੋਣੇ ਚਾਹੀਦੇ । ਪਰ ਇਹ ਚੀਜ਼ ਸਾਨੂੰ ਕਿਸੇ ਕੀਮਤ ਤੇ ਵੀ ਮਨਜ਼ੂਰ ਨਹੀਂ ਸੀ ਕਿ ਇਸ ਯੂਨੀਵਰਸਿਟੀ ਦੇ ਸਟੂਡੈਂਟਸ ਦਾ ਨੰਬਰ ਇਤਨਾ ਘੱਟ ਹੋਵੇ ਕਿ ਇਹ ਮਹਿਜ਼ 50,000 ਤੱਕ ਹੀ ਮਹਿਦੂਦ ਰਹੇ । ਪੰਜਾਬੀ ਯੂਨੀਵਰਸਿਟੀ ਹੈ ਇਸ ਵਿਚ 36 ਕਾਲਜਿਜ਼ ਹਨ ਅਤੇ ਏਥੇ 23 ਹਜ਼ਾਰ ਤੋਂ ਵੱਧ ਸਟੂਡੈਂਟਸ ਹਨ । ਇਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਹੈ ਇਥੇ 189 ਕਾਲਜਿਜ਼ ਕੁਨੈਕਟਿਡ ਹਨ ਅਤੇ ਡੇਢ ਲੱਖ ਤੋਂ ਵੱਧ ਸਟੂਡੈਂਟਸ ਤਾਲੀਮ ਪਾ ਰਹੇ ਹਨ ਅਤੇ ਪੰਜਾਬ ਗਵਰਨਮੈਂਟ ਹਰ ਸਾਲ 23 ਲੱਖ ਰੁਪਿਆ ਇਸ ਯੂਨੀਵਰਸਿਟੀ ਨੂੰ ਬਤੌਰ ਐਜੂਕੇਸ਼ਨ ਗਰਾਂਟ ਦੇ ਦਿੰਦੀ ਹੈ । ਪਹਿਲਾਂ ਇਹ ਅਕਾਲੀ ਪਾਰਟੀ ਨੂੰ ਕਮਿਊਨਲ ਕਹਿਕੇ ਬਦਨਾਮ ਕਰਦੇ ਰਹੇ ਪਰ ਅਕਾਲੀ ਪਾਰਟੀ ਦੀ ਸਰਕਾਰ ਐਜੂਕੇਸ਼ਨ ਦੇ ਮੁਆਮਲੇ ਵਿਚ ਕਿਸੇ ਸਰਕਾਰ ਤੋਂ ਪਿੱਛੇ ਰਹਿਣ ਵਾਲੀ ਨਹੀਂ ਹੈ । ਪੰਜਾਬ ਸਰਕਾਰ ਹਰ ਸਾਲ 23 ਲੱਖ ਰੁਪਿਆ ਜਿਥੇ ਐਜੂ-ਕੇਸ਼ਨ ਦੇ ਲਈ ਪੰਜਾਬ ਯੂਨੀਵਰਸਿਟੀ ਨੂੰ ਦੇ ਰਹੀ ਹੈ ਉਥੇ ਹੋਰ ਵੀ ਬਹੁਤ ਸਾਰਾ ਰੁਪਿਆ ਐਜੂਕੇਸ਼ਨ ਦੇ ਲਈ ਖਰਚ ਕਰ ਰਹੀ ਹੈ । ਪਰ ਇਸ ਬੇਸ ਤੇ ਇਹ ਅਕਾਲੀ ਪਾਰਟੀ ਨੂੰ ਕਮਿਊਨਲ ਕਿਸ ਤਰ੍ਹਾਂ ਕਹਿ ਰਹੇ ਹਨ ਜਦੋਂ ਕਿ ਅਸੀਂ ਹਰ ਤਰ੍ਹਾਂ ਨਾਲ ਇਨ੍ਹਾਂ ਨੂੰ ਮਨਾਉਣ ਲਈ ਜ਼ੋਰ ਲਾਉਂਦੇ ਰਹੇ ਹਾਂ । ਮੈਂ ਇਸ ਪੁਆਇੰਟ ਤੇ ਹੋਰ ਕੁਝ ਨਹੀਂ ਕਹਿੰਦਾ ਸਿਰਫ 'ਟਰੀਬਿਊਨ' ਦਾ ਆਰਟੀਕਲ ਹੀ ਇਥੇ ਪੜ੍ਹ ਦਿੰਦਾ ਹਾਂ ਜਿਸ ਨੇ ਜਨਸੰਘ ਦੇ ਇਸ ਰੋਲੇ ਨੂੰ ਬੜੀ ਅਛੀ ਤਰ੍ਹਾਂ ਨਾਲ ਡਿਸਕਰਾਈਬ ਕੀਤਾ ਹੈ ।

> "The role of 7 member erstwhile partner of the Ministry has been curious and regrettable. For many months it was part and parcel of the administration and executed its policies. But like the Ministers out of office, it started maligning the very same Government from July 1. On Friday its spokesman moved one of the No-Confidence Motions, perhaps implying that Government deserve to remain in office only so long as small group functioned as its active ally."

ਸਾਰੀ ਗਲ ਇਹੋ ਹੈ ਕਿ ਜਿਸ ਦਿਨ ਤੋਂ ਟੰਡਨ ਸਾਹਿਬ ਕੋਲੋਂ ਮਰਸੀਡੀ ਕਾਰ ਅਤੇ ਬਾਦਲ ਸਾਹਿਬ ਦੇ ਨਾਲ ਵਾਲੀ ਕੋਠੀ ਖੁਸ ਗਈ ਉਸ ਦਿਨ ਤੋਂ ਅਸੀਂ ਕਮਿਊਨਲ ਹੋ ਗਏ । ਪਰ

Original with;
Punjab Vidhan Sabha
Digitized by;
Panjab Digital Library

ਮੈਂ ਉਨ੍ਹਾਂ ਨੂੰ ਦਸ ਦੇਣਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਦੀਆਂ ਬੜੀਆਂ ਲੰਮੀਆਂ ਚੌੜੀਆਂ ਟਰੈਡੀਸ਼ਨਜ਼ ਹਨ ਅਤੇ ਉਹ ਉਨ੍ਹਾਂ ਦੇ ਸਹਾਰੇ ਚਲਦੀ ਹੋਈ ਇਸ ਪੁਜ਼ੀਸ਼ਨ ਤੇ ਪੁੱਜੀ ਹੈ । ਹਾਂ ਇਹ ਜ਼ਰੂਰ ਹੈ ਕਿ ਅਸੀਂ ਉਸ ਦਿਨ ਤੋਂ ਕਮਿਊਨਲ ਜ਼ਰੂਰ ਹੋ ਗਏ ਜਦੋਂ ਦੇ ਕਿ ਅਸੀਂ ਪੰਡਤ ਜਵਾਹਰ ਲਾਲ ਨਹਿਰੂ ਦੇ ਕਥਨ ਅਨੁਸਾਰ ਮਹਾਤਮਾ ਗਾਂਧੀ ਦਾ ਆਤਮ ਘਾਤ ਕਰਨ ਵਾਲੀ ਪਾਰਟੀ ਦੇ ਨਾਲ ਸ਼ਾਮਲ ਹੋਕੇ ਇਕ ਕਮਿਊਨਲ ਪਾਰਟੀ ਨੂੰ ਨਾਲ ਲੈ ਕੇ ਸਰਕਾਰ ਚਲਾਉਣ ਦੀ ਕੋਸ਼ਸ਼ ਕੀਤੀ । ਉਹ ਸਾਨੂੰ ਕਮਿਊਨਲ ਕਹਿੰਦੇ ਹਨ ਦਰਅਸਲ ਉਹ ਆਪ ਕਮਿਊਨਲ ਹਨ ਜਿਹੜੇ ਹੁਣ ਤੱਕ ਹਿੰਦੂ ਸਿੱਖਾਂ ਨੂੰ ਆਪਸ ਵਿਚ ਫਾੜਨ ਵਾਲਾ ਵਾਤਾਵਰਣ ਪੈਦਾ ਕਰਦੇ ਰਹੇ ਹਨ । ਇਹ ਗਲ ਮੈਨੂੰ ਬੜੇ ਹੀ ਦੁਖ ਦੇ ਨਾਲ ਕਹਿਣੀ ਪੈਂਦੀ ਹੈ ਕਿ ਜਦੋਂ ਦੇ ਇਹ ਸਰਕਾਰ ਦੇ ਵਿਚ ਆਏ ਇਨ੍ਹਾਂ ਨੇ ਕਮਿਊਨਲ ਬੰਦਿਆਂ ਨੂੰ ਸਰਕਾਰੀ ਨੌਕਰੀਆਂ ਦੇ ਵਿਚ ਭਰਤੀ ਕਰਨ ਦੇਣ ਦੀ ਕੋਸ਼ਿਸ਼ ਕੀਤੀ, ਆਰ.ਐਸ. ਐਸ. ਦੇ ਵਰਕਰਜ਼ ਨੂੰ ਭਰਤੀ ਕਰਨ ਦੀ ਕੋਸ਼ਿਸ਼ ਕੀਤੀ । ਜੇ ਉਹ ਮੇਰੀ ਇਸ ਗੱਲ ਨੂੰ ਅਜੇ ਵੀ ਠੀਕ ਨਹੀਂ ਮੰਨਦੇ ਤਾਂ ਉਨ੍ਹਾਂ ਨੂੰ ਭੁਲੇਰ ਸਾਹਿਬ ਦੇ ਇਕ ਪੰਫਲੈਟ ਵਿਚ ਦਸੇ ਚਾਰਜਿਜ਼ ਨੂੰ ਚੈਲੰਜ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਸੈਂਕੜੇ ਚਾਰਜਿਜ਼ ਜਨ-ਸੰਘੀਆਂ ਦੇ ਖਿਲਾਫ ਲਾਏ ਹਨ । ਜੇ ਉਹ ਇਹ ਚਾਰਜਿਜ਼ ਕਲੀਅਰ ਨਹੀਂ ਕਰਦੇ ਤਾਂ ਭੁਲੇਰ ਸਾਹਿਬ ਦੇ ਕਹਿਣ ਦੇ ਮੁਤਾਬਿਕ ਉਹ ਨਾ-ਅਹਿਲ ਹਨ, ਨਾਲਾਇਕ ਹਨ......(ਵਿਘਨ)

ਸ਼੍ਰੀ ਸਪੀਕਰ : ਨਾਲਾਇਕ ਅਤੇ ਨਾਅਹਿਲ ਸ਼ਬਦ ਆਨਪਾਰਲੀਮੈਂਟਰੀ ਹਨ, ਇਹ ਨਹੀਂ ਯੂਜ਼ ਹੋਣੇ ਚਾਹੀਦੇ । (The words 'Naliak' and 'Na-ahal' are unparliamentary; these should be avoided.)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਨਾਅਹਿਲ ਸ਼ਬਦ ਤਾਂ ਅਨਪਾਰਲੀਮੈਂਟਰੀ ਨਹੀਂ ਹੈ ।

ਸ਼੍ਰੀ ਸਪੀਕਰ: ਪਰ ਜਿਸ ਭਾਵਨਾ ਦੇ ਨਾਲ ਕਹੇ ਗਏ ਹਨ ਉਹ ਤਾਂ ਅਨਪਾਰਲੀਮੈਂਟਰੀ ਹੀ ਹੈ। (But the intention with which these have been used shows that these are unparliamentary.)

ਸਰਦਾਰ ਕਿਰਪਾਲ ਸਿੰਘ : ਜਨਾਬ ਇਹ ਰੀਕਾਰਡ ਦੇ ਵਿਚੋਂ ਹਜ਼ਫ ਨਹੀਂ ਹੋਣਾ ਚਾਹੀਦਾ । ਇਹ ਮੌਕਾ ਅਤੇ ਮਾਹੌਲ ਦੇ ਮੁਤਾਬਿਕ ਹੀ ਹੈ ।

ਵਿੱਤ ਮੰਤਰੀ : ਇਥੇ ਹਾਊਸ ਵਿਚ ਵੀ ਹਿੰਦੀ ਦੇ ਮੁਤਾਲਿਕ ਸਵਾਲ ਆਇਆ ਹੈ, ਮੈਂ ਆਨਰੇਬਲ ਮੈਂਬਰਜ਼ ਦੀ ਗਿਆਤ ਵਾਸਤੇ ਦਸ ਦੇਣਾ ਚਾਹੁੰਦਾ ਹਾਂ ਕਿ ਅਸੀਂ ਥਰੀ ਲੈਂਗੁਏਜਿਜ਼ ਫਾਰਮੂਲਾ ਅਪਨਾਇਆ ਹੈ ਜਿਸ ਨੂੰ ਕਿ ਗਵਰਨਮੈਂਟ ਆਫ਼ ਇੰਡੀਆ ਨੇ ਵੀ ਅਪਣਾਇਆ ਹੈ । ਸਰਕਾਰ ਨੇ ਪੰਜਾਬ ਵਿਚ ਵੀ ਥਰੀ ਲੈਂਗੁਏਜ਼ਿਜ਼ ਫਾਰਮੂਲੇ ਨੂੰ ਲਾਗੂ ਕਰਨ ਵਾਸਤੇ ਕਿਹਾ ਹੈ। ਜਿਸਦੇ ਮੁਤਾਬਕ ਗੁਰਮੁਖੀ ਸਕੂਲਾਂ ਦੇ ਵਿਚ ਮੀਡੀਅਮ ਦੇ ਤੌਰ ਤੇ ਪ੍ਰਾਇਮਰੀ ਤੋਂ ਪੜ੍ਹਾਈ ਜਾਵੇਗੀ ਅਤੇ ਹਿੰਦੀ ਹਾਇਰ ਸੈਕੰਡਰੀ ਲੈਵਲ ਤੇ ਕੰਪਲਸਰੀ ਕਰ ਦਿੱਤੀ ਹੈ ਅਤੇ ਕਾਲਜਾਂ ਦੇ ਲੈਵਲ ਤੇ ਅੰਗਰੇਜ਼ੀ ਪੜ੍ਹਾਈ ਜਾਵੇਗੀ । ਇਸ ਤਰ੍ਹਾਂ ਸੈਂਟਰ ਦਾ ਬਣਾਇਆ ਹੋਇਆ ਥਿਰੀ ਲੈਂਗੁਏਜਿਜ਼ ਫਾਰਮੂਲਾ ਅਸੀਂ ਇਥੇ ਲਾਗੂ ਕਰ ਦਿੱਤਾ ਹੈ । ਇਥੇ ਹੀ ਬਸ ਨਹੀਂ, ਸਪੀਕਰ ਸਾਹਿਬ ਅਸੀਂ ਹਿੰਦੀ ਨੂੰ ਇਕ ਹੋਰ ਖਾਸ ਕੰਨਸੈਸ਼ਨ ਦਿੱਤਾ ਹੈ ਕਿ ਪ੍ਰਾਈਵੇਟ ਸਕੂਲਾਂ ਨੂੰ ਇਹ ਖੁਲ੍ਹ ਦੇ ਦਿਤੀ ਹੈ ਕਿ ਭਾਵੇਂ ਉਹ ਆਪਣੀ ਪੜ੍ਹਾਈ ਦਾ ਮੀਡੀਅਮ ਹਿੰਦੀ ਰਖਣ ਜਾਂ ਪੰਜਾਬੀ ਰਖਣ । ਇਸ ਲਈ, ਸਪੀਕਰ ਸਾਹਿਬ ਮੈਂ ਕਹਿ ਸਕਦਾ ਹਾਂ ਕਿ ਜਨਸੰਘ ਨੂੰ ਹਿੰਦੀ ਦੇ ਸਵਾਲ ਤੇ ਸਾਡੇ ਨਾਲ ਕੋਈ ਮਤ ਭੇਦ ਨਹੀਂ ਸੀ ।

Original with;
Punjab Vidhan Sabha
Digitized by:
Panjab Digital Library

[ਵਿੱਤ ਮੰਤਰੀ]

ਮਤਭੇਦ ਸਿਰਫ ਗੁਰੂ ਨਾਨਕ ਯੂਨੀਵਰਸਿਟੀ ਦੇ ਬਾਰੇ ਸੀ । ਇਹ ਲੋਕ ਬਰਦਾਸ਼ਤ ਨਹੀਂ ਸੀ ਕਰ ਸਕਦੇ ਕਿ ਗੁਰੂ ਨਾਨਕ ਦੇ ਨਾਮ ਤੇ ਬਣੀ ਹੋਈ ਯੂਨੀਵਰਸਿਟੀ ਵਧੇ ਫੁਲੇ। ਉਹ ਇਸ ਨੂੰ ਛੋਟੀ ਜਿਹੀ ਹੀ ਰਖਣੀ ਚਾਹੁੰਦੇ ਸੀ। ਸਪੀਕਰ ਸਾਹਿਬ, ਮੈਂ ਮੰਨਦਾ ਹਾਂ ਕਿ ਗੁਰੂ ਨਾਨਕ ਕੇਵਲ ਸਿਖਾਂ ਦੇ ਹੀ ਨਹੀਂ ਸੀ ਸਗੋਂ ਸਾਰੇ ਸੰਸਾਰ ਦੇ ਸਾਂਝੇ ਸੀ, ਉਨ੍ਹਾਂ ਨੇ ਸਾਰੇ ਧਰਮਾਂ ਨੂੰ ਇਕਠਾ ਕੀਤਾ। ਹਰ ਇਕ ਨੂੰ ਬਰਾਬਰ ਦੀ ਥਾਂ ਦਿੱਤੀ। ਸੋਸ਼ਲਿਜ਼ਮ ਲਿਆਉਣ ਦੀ ਕੋਸ਼ਿਸ਼ ਕੀਤੀ। ਪਰ ਜਿਹੜੇ ਲੋਕ ਗੁਰੂ ਨਾਨਕ ਦੇਵ ਦੇ ਨਾਂ ਉੱਤੇ ਬਣੀ ਹੋਈ ਯੂਨੀਵਰਸਿਟੀ ਨਹੀਂ ਸਹਾਰ ਸਕਦੇ ਤਾਂ ਮੈਂ ਕਹਿ ਸਕਦਾ ਹਾਂ ਕਿ ਉਹ ਸਭ ਤੋਂ ਵੱਡੇ ਕਮਿਊਨਿਲਿਸਟ ਹਨ । (ਵਿਘਨ)

ਸ੍ਰੀ ਗਿਆਨ ਚੰਦ ਖਰਬੰਦਾ : ਆਨ ਏ ਪੁਆਇੰਟ ਆਫ ਇਨਫਾਰਮੇਸ਼ਨ, ਸਰ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਮਹੋਦੇ ਤੋਂ ਇਹ ਪਤਾ ਕਰਨਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਜਨਸੰਘ ਨੇ ਜਲੰਧਰ ਨੂੰ ਗੁਰੂ ਨਾਨਕ ਯੂਨੀਵਰਸਿਟੀ ਵਿਚੋਂ ਕਢਣ ਲਈ ਜ਼ੋਰ ਦਿੱਤਾ ਸੀ ਇਸ ਤਰ੍ਹਾਂ ਕਦੇ ਅੰਮ੍ਰਿਤਸਰ ਨੂੰ ਵੀ ਕਢਣ ਤੇ ਜ਼ੋਰ ਦਿੱਤਾ ਸੀ । ?

ਵਿੱਤ ਮੰਤਰੀ : ਨਹੀਂ ਜੀ ਕਦੀ ਨਹੀਂ ।

ਕਾਮਰੇਡ ਸੱਤਪਾਲ ਡਾਂਗ : ਕੀ ਮੰਤਰੀ ਮਹੋਦੇ ਹਾਊਸ ਨੂੰ ਇਹ ਯਕੀਨ **ਦਿਵਾਉਣ** ਲਈ ਤਿਆਰ ਹਨ ਕਿ ਜਿਹੜੇ ਆਰ.ਐਸ. ਐਸ. ਦੇ ਵਰਕਰ ਐਡਮਿਨਿਸਟ੍ਰੇਸ਼ਨ ਵਿਚ ਘੁਸੇੜ ਦਿਤੇ ਗਏ ਹਨ, ਉਨ੍ਹਾਂ ਨੂੰ ਜਦੋਂ ਵੀ ਉਹ ਨਜ਼ਰ ਆਏ, ਕਢ ਦਿੱਤਾ ਜਾਵੇਗਾ ?

ਵਿੱਤ ਮੰਤਰੀ : ਯਕੀਨਨ ਅਸੀਂ ਉਨ੍ਹਾਂ ਨੂੰ ਕਢਾਂਗੇ । (ਥੰਪਿੰਗ)

ਸ੍ਰੀ ਗਿਆਨ ਚੰਦ ਖਰਬੰਦਾ : ਖਾਦੀ ਬੋਰਡ ਵਿਚੋਂ ਵੀ ਕਢੋਗੇ ?

ਸ੍ਰੀ ਜੁਗਿੰਦਰ ਪਾਲ ਪਾਂਡੇ : ਉਹ ਖਾਦੀ ਬੋਰਡ ਅਤੇ ਫਾਈਨੈਂਸ ਕਾਰਪੋਰੇਸ਼ਨ ਵਿਚੋਂ ਵੀ ਕਢ ਦਿੱਤੇ ਜਾਣੇ ਚਾਹੀਦੇ ਹਨ ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਂ ਪਿਛਲੇ ਇੰਡਸਟਰੀ ਮਨਿਸਟਰ ਦੇ ਖਿਲਾਫ ਲਿਖ ਕੇ ਦਿੱਤਾ ਹੋਇਆ ਹੈ। ਕੀ ਮਨਿਸਟਰ ਸਾਹਿਬ ਉਨ੍ਹਾਂ ਦੇ ਖਿਲਾਫ ਕੋਈ ਇਨਕੁਆਇਰੀ ਕਰਵਾਉਣ ਲਈ ਐਮ. ਐਲ. ਏਜ਼ ਦੀ ਕੋਈ ਹਾਈ ਪਾਵਰਡ ਕਮੇਟੀ ਬਣਾਉਣਗੇ ?(ਵਿਘਨ) ਇਹ ਜ਼ਰੂਰ ਬਣਨੀ ਚਾਹੀਦੀ ਹੈ । ਮੈਂ ਇਲਜ਼ਾਮ ਲਗਾਉਂਦਾ ਹਾਂ ਕਿ ਉਨ੍ਹਾਂ ਨੇ ਡੇਢ ਸਾਲ ਵਿਚ 10 ਲੱਖ ਰੁਪਏ ਵਖਰੀਆਂ 2 ਥਾਵਾਂ ਤੋਂ ਖਾਧੇ ਹਨ। ਮੈਂ ਇਹ ਸਾਬਤ ਕਰ ਸਕਦਾ ਹਾਂ । ਇਸ ਲਈ ਮੰਤਰੀ ਸਾਹਿਬ ਹਾਊਸ ਵਿਚ ਇਹ ਅਸ਼ੋਰੈਂਸ ਦੇਣ ਕਿ ਉਹ ਇਸ ਦੀ ਇਨਕੁਆਇਰੀ ਕਰਵਾਉਣਗੇ।

ਵਿੱਤ ਮੰਤਰੀ: ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਕੋਈ ਵੀ ਆਦਮੀ ਹੋਵੇ, ਭਾਵੇਂ ਉਹ ਐਕਸ ਮਨਿਸਟਰ ਹੋਵੇ ਜਾਂ ਐਗਜ਼ਿਸਟਿੰਗ ਮਨਿਸਟਰ ਜਾਂ ਐਮ. ਐਲ. ਏ., ਲਾਅ ਸਾਰਿਆਂ ਲਈ ਇਕੋ ਜਿਹਾ ਹੈ। ਕੋਈ ਸ਼ਿਕਾਇਤ ਕਿਸੇ ਦੇ ਵੀ ਖਿਲਾਫ ਆਵੇਗੀ ਤਾਂ ਉਸ ਦੀ ਇਨ-ਕੁਆਇਰੀ ਜ਼ਰੂਰ ਕਰਵਾਈ ਜਾਵੇਗੀ। ਟੰਡਨ ਦੇ ਖਿਲਾਫ ਜਿਹੜੀਆਂ ਸ਼ਿਕਾਇਤਾਂ ਆਈਆਂ ਹਨ ਉਨ੍ਹਾਂ ਤੇ ਵੀ ਇਨਕੁਆਇਰੀ ਹੋਵੇਗੀ ਅਤੇ ਜੋ ਵੀ ਰਿਜ਼ਲਟ ਹੋਵੇਗਾ ਉਹ ਤੁਹਾਡੇ ਸਾਹਮਣੇ ਆ ਜਾਵੇਗਾ । ਮੈਂ ਸਪੀਕਰ ਸਾਹਿਬ, ਅਖੀਰ ਵਿਚ ਇਹ ਕਹਿਣਾ ਚਾਹੁੰਦਾ ਹਾਂ (ਵਿਘਨ) ਅਸੀਂ ਨਾਂ [illegible] ਤਿਆਰ ਹਾਂ। (ਹਾਸਾ)

Original with;
Punjab Vidhan Sabha
Digitized by;
Panjab Digital Library

ਸਾਥੀ ਰੂਪ ਲਾਲ : ਕੀ ਤੁਹਾਡੇ ਖਿਲਾਫ ਵੀ ਕੋਈ ਸ਼ਿਕਾਇਤ ਆਈ ਹੈ ?

ਵਿੱਤ ਮੰਤਰੀ : ਜੇ ਆਈ ਤਾਂ ਫੇਸ ਕਰਾਂਗੇ, ਭਜਾਂਗੇ ਨਹੀਂ । (ਹਾਸਾ) ਸਪੀਕਰ ਸਾਹਿਬ, ਮੈਂ ਇਥੇ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਨਪੋਲੀਅਨ ਨੇ ਇਟਲੀ ਬਾਰੇ ਕੀ ਕਿਹਾ ਸੀ । ਜੋ ਕੁਝ ਵੀ ਮੈਂ ਕਹਿਣ ਲਗਾ ਹਾਂ ਉਹ ਕਿਸੇ ਨੇਸ਼ਨ ਜਾਂ ਦੇਸ਼ ਤੇ ਐਸਪਰਸ਼ਨ ਨਹੀਂ ਹੈ । ਤੇ ਨਪੋਲੀਅਨ ਨੇ ਕਿਹਾ ਸੀ ਕਿ ਜੇ ਇਟਲੀ ਨਾਲ ਦੁਸ਼ਮਣੀ ਹੋਵੇ ਤਾਂ ਉਸ ਦੇ ਲਈ ਦੋ ਡਿਵੀਜ਼ਨ ਫੌਜ ਕਾਫ਼ੀ ਹੈ, ਜੇ ਉਸ ਨਾਲ ਅਲਾਇਨਮੈਂਟ ਹੋਵੇ ਤਾਂ 4 ਡਿਵੀਜ਼ਨ ਰਖਣੇ ਪੈਣੇ ਹਨ ਅਤੇ ਜੇ ਉਸ ਨਾਲ ਦੋਸਤੀ ਹੋਵੇ ਤਾਂ 8 ਡਿਵੀਜ਼ਨ ਚਾਹੀਦੇ ਹਨ । ਸੋ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਲਈ ਸਾਨੂੰ 8 ਡਿਵੀਜ਼ਨ ਰਖਣੇ ਪੈਣੇ ਹਨ, ਜੇ ਇਹ ਦੋਸਤ ਹੋਣਗੇ ਤਾਂ । (ਥੰਪਿੰਗ) ਸਪੀਕਰ ਸਾਹਿਬ, ਜੋ ਕੁੱਝ ਟੰਡਨ ਸਾਹਿਬ ਨੇ ਕਿਹਾ ਹੈ ਇਹ ਆਫਟਰ ਥਾਟ ਹੈ । ਇਨ੍ਹਾਂ ਨੇ ਮਨਿਸਟਰੀ ਵਿਚ ਰਹਿੰਦੇ ਹੋਏ ਨਾ ਕਦੇ ਮਨਿਸਟਰੀ ਵਿਚ ਨਾ ਕਦੇ ਕੈਬਿਨਿਟ ਵਿਚ ਅਤੇ ਨਾ ਹੀ ਮੁੱਖ ਮੰਤਰੀ ਨੂੰ ਕਦੇ ਕੁਝ ਲਿਖ ਕੇ ਦਿੱਤਾ ਹੈ ਕਿ ਸਟੇਟ ਵਿਚ ਲਾਅ ਐਂਡ ਆਰਡਰ ਖਰਾਬ ਹੈ । ਮੈਨੂੰ ਅਫਸੋਸ ਹੈ ਕਿ ਮਨਿਸਟਰੀ ਵਿੱਚੋਂ ਨਿਕਲਣ ਜਾਂ ਕਢੇ ਜਾਣ ਤੋਂ ਬਾਦ ਉਹ ਇਹੋ ਜਿਹੀਆਂ ਗਲਾਂ ਕਰਦੇ ਹਨ ।

चौधरी बलबीर सिंह : अध्यक्ष महोदय, अभी यहां पर टंडन साहिब तथा सरदार बलवंत सिंह ने एक दूसरे पर चार्जिज़ और काऊंटर चार्जिज़ लगाए हैं । एक ऐक्स मिनिस्टर है तथा दूसरा अभी भी मिनिस्टर है । दोनों ज़िम्मेदार हैं । अगर आपने या इस हाऊस ने इस बात का कोई नोटिस न लिया तो लोगों का विश्वास उठ जायेगा । इसलिये स्पीकर साहिब, आप हाऊस के मैम्बरान की एक कमेटी बना दें जोकि इन इल्ज़ामों की जांच पड़ताल करे । (विघ्न) यहां का वातावरण खराब हो चुका है । इसलिये आप ऐम. ऐल. एज़ की एक इन्क्वायरी कमेटी बना दें ।

Mr. Speaker : It is for the House to decide. I am not over and above the House.

ਚੌਧਰੀ ਬਲਬੀਰ ਸਿੰਘ : ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ । ਤੁਸੀਂ ਹਾਊਸ ਦੇ ਰੂਲ ਸਸਪੈਂਡ ਕਰ ਸਕਦੇ ਹੋ । (ਵਿਘਨ)

ਸ੍ਰੀ ਸਪੀਕਰ : ਜੇ ਹਾਊਸ ਰਿਕੁਮੈਂਡ ਕਰੇ ਤਾਂ ਇਹ ਹੋ ਸਕਦਾ ਹੈ । ਮੇਰੇ ਕੋਲ ਪਾਵਰਜ਼ ਨਹੀਂ ਕਿ ਮੈਂ ਆਪਣੇ ਆਪ ਰੂਲਜ਼ ਨੂੰ ਸਸਪੈਂਡ ਕਰ ਸਕਾਂ । (It can be done, in case it is recommended by the House. I have no power to suspend the Rules.)

ਚੌਧਰੀ ਬਲਬੀਰ ਸਿੰਘ : ਸਪੀਕਰ ਸਾਹਿਬ, ਤੁਸੀਂ ਇਨੀਸ਼ੀਏਟਿਵ ਲਓ ਤਾਂ ਹਾਊਸ ਤੁਹਾਨੂੰ ਰਿਕੁਮੈਂਡ ਕਰ ਦਿੰਦਾ ਹੈ । (ਵਿਘਨ) ਇਹ ਬੜਾ ਸੀਰੀਅਸ ਮਸਲਾ ਹੈ ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਇਹ ਬੜਾ ਸੀਰੀਅਸ ਮਾਮਲਾ ਹੈ । ਮੈਂ ਤੁਹਾਨੂੰ ਹੁਣੇ ਹੀ ਇਕ ਫਾਰਮਲ ਮੋਸ਼ਨ ਲਿਖ ਕੇ ਭੇਜ ਦਿੰਦਾ ਹਾਂ । ਟੰਡਨ ਸਾਹਿਬ 14 ਮਹੀਨੇ ਮਨਿਸਟਰ ਰਹੇ ਹਨ । ਉਨ੍ਹਾਂ ਨੇ ਇਸ ਆਗਸਟ ਹਾਊਸ ਵਿਚ ਇਹ ਗਲ ਕਹੀ ਕਿ ਇਸ ਕੈਬਨਿਟ ਵਿਚ ਕੁਰਪਟ ਵਜ਼ੀਰ ਹਨ । ਹੁਣ ਦੇ ਮਨਿਸਟਰ ਸਾਹਿਬ ਨੇ ਉਨ੍ਹਾਂ ਤੇ ਕੁਰਪਸ਼ਨ ਦੇ ਚਾਰਜਿਜ਼ ਲਗਾਏ ਹਨ । ਉਨ੍ਹਾਂ ਕਿਹਾ ਹੈ ਕਿ ਕੁਰਪਸ਼ਨ ਹੁੰਦੀ ਤਾਂ ਜ਼ਰੂਰ ਸੀ ਪਰ ਹੁੰਦੀ ਇਕ ਮਨਿਸਟਰੀ ਦੇ ਮਹਿਕਮੇ ਵਿਚ ਸੀ । ਮੈਂ ਅਰਜ਼ ਕਰਦਾ ਹਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤਪਾਲ ਡਾਂਗ]

ਕਿ ਦੋਨਾਂ ਦੇ ਇਲਜ਼ਾਮਾਂ ਸਬੰਧੀ ਹਾਊਸ ਨੂੰ ਕਾਨਫੀਡੈਂਸ ਵਿਚ ਲੈ ਕੇ ਤੁਸੀਂ ਇਕ ਕਮੇਟੀ ਬਣਾ ਦਿਓ। ਜੇ ਸਪੀਕਰ ਸਾਹਿਬ, ਇਹੋ ਜਿਹੇ ਇਲਜ਼ਾਮਾਂ ਦਾ ਵੀ ਕੋਈ ਨੋਟਿਸ ਨਾ ਲਿਆ ਗਿਆ ਅਤੇ ਮੈਂਬਰ ਸਪੀਚਾਂ ਕਰਕੇ ਚਲੇ ਗਏ ਤਾਂ ਲੋਕਾਂ ਦਾ ਵਿਸ਼ਵਾਸ ਇਸ ਹਾਊਸ ਤੋਂ ਵੀ ਉਠ ਜਾਵੇਗਾ।

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਪਹਿਲਾਂ ਵੀ ਤੁਸੀਂ ਇਸ ਕਿਸਮ ਦੀ ਇਕ ਐਡਹਾਕ ਕਮੇਟੀ ਬਣਾਈ ਸੀ। ਇਸ ਲਈ ਮੈਂ ਇਹ ਅਰਜ਼ ਕਰਦਾ ਹਾਂ ਕਿ ਇਸ ਵੇਲੇ ਸਾਰੇ ਹਾਊਸ ਦੀ ਇਹ ਸੈਂਸ ਹੈ ਕਿ ਇਸ ਕਿਸਮ ਦੀ ਇਕ ਕਮੇਟੀ ਤੁਸੀਂ ਬਣਾ ਦਿਓ।

Mr Speaker: It was done after a motion had been moved.

Captain Rattan Singh: We will move such a motion if you permit us.

ਹਾਊਸ ਦੀ ਇਕ ਕਮੇਟੀ ਹੋਣੀ ਚਾਹੀਦੀ ਹੈ। ਐਡਹਾਕ ਕਮੇਟੀ ਜੋ ਤੁਸੀਂ ਬਣਾਈ ਸੀ ਉਹ ਮਾਮਲਾ ਅਜਿਹਾ ਮਾਮਲਾ ਸੀ ਜਿਸ ਬਾਰੇ ਕਿ ਸੁਪਰੀਮ ਕੋਰਟ ਵੀ ਆਪਣਾ ਫ਼ੈਸਲਾ ਦੇ ਚੁਕੀ ਸੀ। ਇਸ ਹਾਊਸ ਵਿਚ ਰਿਸਪਾਂਸੀਬਲ ਕਾਰਨਰਜ਼ ਤੋਂ ਚਾਰਜਿਜ਼ ਅਤੇ ਕਾਊਂਟਰ ਚਾਰਜਿਜ਼ ਲਗਾਏ ਗਏ ਹਨ, ਇਸ ਲਈ ਹਾਊਸ ਦੀ ਇਕ ਕਮੇਟੀ ਬਣਨੀ ਚਾਹੀਦੀ ਹੈ।

ਸ੍ਰੀ ਸਪੀਕਰ : ਅਜ ਆਫੀਸ਼ਲ ਡੇ ਹੈ। ਅਜ ਤਾਂ ਉਹੀ ਬਿਜ਼ਨੈਸ ਆ ਸਕਦਾ ਹੈ ਜੋ ਕਿ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਨੇ ਅਪਰੂਵ ਕੀਤਾ ਹੈ। (Today official business has to be conducted and only that business will be taken up today which has been approved by the Business Advisory Committee.)

ਚੌਧਰੀ ਬਲਬੀਰ ਸਿੰਘ : ਸਪੀਕਰ ਸਾਹਿਬ, ਤੁਹਾਡੀ ਇਜਾਜ਼ਤ ਦੇ ਨਾਲ ਮੋਸ਼ਨ ਆ ਰਹੀ ਹੈ ਜਿਸ ਦੇ ਅਨੁਸਾਰ ਤੁਸੀਂ ਰੂਲਜ਼ ਸਸਪੈਂਡ ਕਰ ਸਕਦੇ ਹੋ।

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ ਇਸ ਮੂਵ ਨੂੰ ਤਾਂ ਟਰੇਜ਼ਰੀ ਬੈਂਚਿਜ਼ ਵੀ ਅਪੋਜ਼ ਨਹੀਂ ਕਰਨਗੇ।

ਵਿੱਤ ਮੰਤਰੀ : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹਾਲੇ ਥੋੜੇ ਦਿਨ ਹੋਏ ਹਨ (ਵਿਘਨ) ਪਿਛੇ ਜਿਹੇ ਇਸ ਸਦਨ ਵਿਚ ਚੀਫ ਮਨਿਸਟਰ ਸਾਹਿਬ ਨੇ ਐਸ਼ੋਰੈਂਸ ਦਿਤੀ ਸੀ ਕਿ ਇਕ ਐਂਟੀ ਕੁਰਪਸ਼ਨ ਟਰੀਬਿਊਨਲ ਮੁਕੱਰਰ ਕੀਤਾ ਜਾ ਰਿਹਾ ਹੈ ਇਹ ਜਿਹੜੀਆਂ ਚੀਜ਼ਾਂ ਦਸੀਆਂ ਹਨ ਨੇਪੋਟਿਜ਼ਮ ਅਤੇ ਫੇਵਰੇਟਿਜ਼ਮ ਦੀਆਂ ਇਹਨਾਂ ਸਾਰੀਆਂ ਚੀਜ਼ਾਂ ਲਈ ਗੌਰਮਿੰਟ ਕੋਲ ਮਸ਼ੀਨਰੀ ਹੈ। (ਵਿਘਨ) ਗੌਰਮਿੰਟ ਕੋਲ ਮਸ਼ੀਨਰੀ ਹੈ ਜਿਸ ਦੇ ਮੁਤਾਬਿਕ ਅਸੀਂ ਵੇਖ ਰਹੇ ਹਾਂ। (ਵਿਘਨ) ਅਸੀਂ ਉਸ ਨੂੰ ਕਮਿਸ਼ਨ ਕੋਲ ਰਖ ਦਿਆਂਗੇ। (ਸ਼ੋਰ) (ਵਿਘਨ)

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਸ੍ਰੀ ਪਟਮ ਥਾਨੂ ਪਿਲੇ ਜਿਹੜੇ ਸਾਡੇ ਸਾਬਕਾ ਗਵਰਨਰ ਸਾਹਿਬ ਸਨ, ਉਨ੍ਹਾਂ ਦਾ ਸੁਰਗਵਾਸ ਹੋ ਗਿਆ ਹੈ। (ਵਿਘਨ) (I may inform the House that Shri Pattom Thanu Pillai, a former Governor of this State has expired.) (Interruption)

चौधरी बलबीर सिंह : यह बहुत अहम मसला है। पंजाब में एक नई बात होगी (विघ्न) और लोगों का विश्वास इस आगस्ट हाऊस पर बनेगा। वह समझेंगे कि यह हाऊस सुप्रीम है। किसी बात पर अमल करने से कभी नहीं चूकता और वह महसूस करेंगे कि इस हाऊस ने अच्छा काम किया है।

Original with;
Punjab Vidhan Sabha
Digitized by;
Panjab Digital Library

OBITUARY REFERENCES

ਸ੍ਰੀ ਸਪੀਕਰ : ਚੌਧਰੀ ਸਾਹਿਬ ਤਸ਼ਰੀਫ ਰੱਖੋ । ਇਹ ਮਹਾਨ ਸਦਨ ਦਾ ਜੋ ਵੀ ਹੁਕਮ ਹੋਵੇਗਾ ਉਹ ਮੇਰੇ ਸਿਰ ਮਥੇ ਤੇ ਹੋਵੇਗਾ। ਹੁਣ ਆਬੀਚਿਊਰੀ ਰੈਫਰੈਂਸਿਜ਼ ਸ੍ਰੀ ਪਟਮ ਥਾਨੂ ਪਿਲੇ ਬਾਰੇ ਹੋਣਗੀਆਂ । (*Addressing Chaudhri Balbir Singh*: The hon. Member may resume his seat. I will obey whatever decision is taken by this House. Now obituary references to late Shri Pattom Thanu Pillai will be made.)

ਸਿੰਚਾਈ ਅਤੇ ਬਿਜਲੀ ਮੰਤਰੀ : ਸ੍ਰੀ ਪਟਮ ਥਾਨੂ ਪਿਲੇ ਜੋ ਕਿ ਪੰਜਾਬ ਦੇ ਸਾਬਕਾ ਗਵਰਨਰ ਵੀ ਰਹਿ ਚੁਕੇ ਹਨ, ਇਹ ਬੜੇ ਸੱਚੇ ਦੇਸ਼ ਭਗਤ, ਬੜੇ ਭਾਰੀ ਮੁਦੱਬਰ ਅਤੇ ਪਾਰਲੀਮੈਂਟੇਰੀਅਨ ਸਨ, ਇਨ੍ਹਾਂ ਦਾ ਸੁਰਗਵਾਸ ਹੋਣਾ ਬੜਾ ਦੁਖ ਦਾਇਕ ਔਰ ਨੁਕਸਾਨ ਦੇਹ ਹੈ । ਇਹ 1885 ਵਿਚ ਟਰੀਵੇਂਡਰਮ ਵਿਚ ਪੈਦਾ ਹੋਏ ਸੀ । 1914 ਵਿਚ ਇਹ ਲਾਅ ਦੀ ਡਿਗਰੀ ਪਰਾਪਤ ਕਰਕੇ ਉਚਕੋਟੀ ਦੇ ਬੈਰਿਸਟਰ ਬਣੇ। ਇਨ੍ਹਾਂ ਨੇ ਜੰਗੇ ਆਜ਼ਾਦੀ ਵਿਚ ਬੜਾ ਨੁਮਾਇਆਂ ਹਿੱਸਾ ਲਿਆ। ਟਰਾਵਨਕੋਟ ਵਿਚ 1948 ਵਿਚ ਚੀਫ ਮਨਿਸਟਰ ਬਣੇ ਅਤੇ ਬਾਅਦ ਵਿਚ ਅਸਤੀਫਾ ਦੇ ਦਿੱਤਾ । 1954 ਵਿਚ ਉਹ ਫੇਰ ਦੁਬਾਰਾ ਚੀਫ ਮਨਿਸਟਰ ਬਣੇ ਅਤੇ ਇਸ ਮੁਲਕ ਵਿਚ ਸਭ ਤੋਂ ਪਹਿਲਾਂ ਉਨ੍ਹਾਂ ਨੇ ਸੋਸ਼ਲਿਸਟ ਪਾਰਟੀ ਦੀ ਗੌਰਮਿੰਟ ਬਣਾਈ ਅਤੇ ਫੇਰ ਦੁਬਾਰਾ ਉਹ ਆਪਣੀ ਸਟੇਟ ਦੇ ਚੀਫ ਮਨਿਸਟਰ ਚੁਣੇ ਗਏ। 1962 ਵਿਚ ਪੰਜਾਬ ਦੇ ਗਵਰਨਰ ਬਣਾਏ ਗਏ ਅਤੇ 1964 ਤੋਂ ਲੈ ਕੇ 1968 ਤਕ ਆਂਧਰਾ ਪਰਦੇਸ਼ ਦੇ ਗਵਰਨਰ ਦੇ ਮੁਮਤਾਜ਼ ਔਹਦੇ ਤੇ ਸਰਫਰਾਜ਼ ਰਹੇ । ਮੈਂ ਇਸ ਸ਼ੋਕ-ਮਈ ਮਤੇ ਨੂੰ ਉਨ੍ਹਾਂ ਦੇ ਪਰਿਵਾਰ ਨੂੰ ਭੇਜਣ ਦੀ ਬੇਨਤੀ ਕਰਦਾ ਹਾਂ।

ਮੇਜਰ ਹਰਿੰਦਰ ਸਿੰਘ (ਅਜਨਾਲਾ): ਸਪੀਕਰ ਸਾਹਿਬ, ਜੋ ਇਰੀਗੇਸ਼ਨ ਅਤੇ ਪਾਵਰ ਮਨਿਸਟਰ ਸਾਹਿਬ ਨੇ ਸ੍ਰੀ ਪਟਮ ਥਾਨੂ ਪਿਲੇ ਬਾਰੇ ਸ਼ੋਕ ਮਈ ਅਤੇ ਦੁਖ ਦਾਇਕ ਖਿਆਲਾਂ ਦਾ ਇਜ਼ਹਾਰ ਕੀਤਾ ਹੈ, ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਵਿਚ ਸ਼ਾਮਲ ਹੁੰਦਾ ਹਾਂ । ਸ੍ਰੀ ਪਟਮ ਥਾਨੂ ਪਿਲੇ ਜੀ ਨੇ ਟਰੀਵੇਂਡਰਮ ਵਿਚ ਜੁਲਾਈ, 1885 ਵਿਚ ਜਨਮ ਲਿਆ ਅਤੇ 85 ਸਾਲ ਦੀ ਉਮਰ ਵਿਚ ਉਨ੍ਹਾਂ ਦਾ ਦਿਹਾਂਤ ਹੋ ਗਿਆ । ਉਹ ਜੰਗੇ ਆਜ਼ਾਦੀ ਦੇ ਜਰਨੈਲ , ਸੱਚੇ ਦੇਸ਼ ਭਗਤ ਔਰ ਉਘੇ ਪਾਰਲੀਮੈਂਟੇਰੀਅਨ ਸਨ । ਇਨ੍ਹਾਂ ਨੇ ਵੱਖੋ ਵੱਖ ਖੇਤਰ ਵਿਚ ਵੱਖੋ ਵੱਖ ਪੁਜ਼ੀਸ਼ਨਾਂ ਵਿਚ ਹਿੰਦੁਸਤਾਨ ਵਿਚ ਔਰ ਆਪਣੀ ਰਿਆਸਤ ਟਰਾਵਨਕੋਟ ਵਿਚ ਬਤੌਰ ਇਕ ਚੰਗੇ ਐਡਮਿਨਿਸ-ਟਰੇਟਰ ਦੇ ਉਘਾ ਹਿੱਸਾ ਪਾਇਆ। ਉਸ ਤੋਂ ਬਾਅਦ ਉਨ੍ਹਾਂ ਨੇ ਗਵਰਨਰ ਦੀ ਪਦਵੀ ਸੰਭਾਲੀ ਔਰ ਪੰਜਾਬ ਦੇ ਗਵਰਨਰ ਰਹੇ । ਮੈਨੂੰ ਕੁਝ ਸਮਾਂ ਉਨ੍ਹਾਂ ਨਾਲ ਮੇਲ ਦਾ ਸਮਾਂ ਮਿਲਿਆ ਔਰ ਥੋੜਾ ਜਿਹਾ ਸਮਾਂ ਮਿਲਿਆਂ ਉਨ੍ਹਾਂ ਦੇ ਵਿਚਾਰ ਸੁਣਨ ਦਾ । ਇਹ ਪਰਜਾ ਸੋਸ਼ਲਿਸਟ ਪਾਰਟੀ ਦੀ ਗੌਰਮਿੰਟ ਦੇ ਚੀਫ ਮਨਿਸਟਰ ਰਹੇ । ਮੈਨੂੰ ਬਹੁਤ ਸੰਖੇਪ ਵਿਚ ਹੀ ਵਰਣਨ ਕਰਨਾ ਚਾਹੀਦਾ ਹੈ ਕਿਉਂਕਿ ਕਾਫੀ ਕੁਝ ਉਨ੍ਹਾਂ ਦੇ ਜੀਵਨ ਦੇ ਮੁਤਅੱਲਿਕ ਇਰੀਗੇਸ਼ਨ ਅਤੇ ਪਾਵਰ ਮਨਿਸਟਰ ਨੇ ਦੱਸ ਦਿੱਤਾ ਹੈ । ਉਨ੍ਹਾਂ ਚੀਜ਼ਾਂ ਨੂੰ ਦੁਹਰਾਣਾ ਕੇਵਲ ਰੈਪੀਟੀਸ਼ਨ ਹੀ ਹੋਵੇਗੀ । ਇਹ ਦਰੁਸਤ ਗਲ ਹੈ ਜੋ ਵੀ ਇਨਸਾਨੀ ਜਾਮੇ ਵਿਚ ਆਇਆ ਹੈ ਉਸ ਨੇ ਇਕ ਨਾ ਇਕ ਦਿਨ ਚਲਣਾ ਹੈ । ਜੋ ਆਉਂਦੇ ਨੇ ਉਹ ਜਾਂਦੇ ਵੀ ਜ਼ਰੂਰ ਨੇ ।

"ਜੋ ਆਇਆ ਸੋ ਚਲਸੀ ਸਭ ਕੋ ਆਈ ਵਾਰੀਐ"

ਹਮੇਸ਼ਾਂ ਇਨਸਾਨ ਦੀ ਪੂਜਾ ਕੁਝ ਅਸੂਲਾਂ ਕਰਕੇ ਹੁੰਦੀ ਹੈ ਨਾ ਕਿ ਇਸ ਕਰਕੇ ਹੁੰਦੀ ਹੈ ਕਿ ਕੋਈ ਪਦਵੀ ਸੰਭਾਲੀ ਹੋਈ ਸੀ । ਤੁਸੀਂ ਵੇਖਿਆ ਹੋਵੇਗਾ ਕਿ ਪਦਵੀ ਸੰਭਾਲਣ ਤੋਂ ਬਾਅਦ ਕਿਸ ਤਰ੍ਹਾਂ ਚਾਹਜਿਜ਼ ਅਤੇ

Original with;
Punjab Vidhan Sabha
Digitized by;
Panjab Digital Library

[ਮੇਜਰ ਹਰਿੰਦਰ ਸਿੰਘ]

ਕਾਊਂਟਰ ਚਾਰਜਿਜ਼ ਲਗਦੇ ਹਨ। ਜੋ ਪਰਉਪਕਾਰੀ ਹੁੰਦੇ ਹਨ, ਦੇਸ਼ ਭਗਤ ਹੁੰਦੇ ਹਨ ਅਤੇ ਦੇਸ਼ ਦੀ ਉਸਾਰੀ ਵਿਚ ਆਪਣਾ ਹਿੱਸਾ ਪਾਉਂਦੇ ਹਨ, ਉਨ੍ਹਾਂ ਦਾ ਸਿਰ ਹਮੇਸ਼ਾਂ ਉਚਾ ਰਹਿੰਦਾ ਹੈ:

"ਗੁਰਮੁਖ ਜਨਮ ਸੁਵਾਰ ਦਰਗਹਿ ਚਲਿਆ
ਸਚੀ ਦਰਗਾਹ ਜਾਇ ਸਚਾ ਪਿੜ ਮਲਿਆ"

ਇਥੋਂ ਜਾਣ ਤੋਂ ਬਾਅਦ ਉਥੇ ਦਰਗਾਹ ਵਿਚ ਬੜੀ ਢੁਕਵੀਂ ਜਗ੍ਹਾ ਮਿਲਦੀ ਹੈ। ਕਿਸੇ ਨੇ ਇਨਸਾਨ ਦੀ ਮੌਤ ਨੂੰ ਭਾਵ ਕਾਲ ਨੂੰ ਇਕ ਬਿਲੀ ਨਾਲ ਤਸ਼ਵੀਹ ਦਿੱਤੀ ਹੈ। ਭਾਵ ਜੋ ਕਾਲ ਰੂਪੀ ਬਿਲੀ ਹੈ ਇਹ ਕਿਸੇ ਦਾ ਲਿਹਾਜ਼ ਨਹੀਂ ਕਰਦੀ। ਜਿਹੜੇ ਮਨਮੁਖ ਹੁੰਦੇ ਹਨ ਜਿਵੇਂ ਬਿਲੀ ਚੂਹੇ ਨੂੰ ਮੂੰਹ ਵਿਚ ਫੜ ਕੇ ਲੈ ਜਾਂਦੀ ਹੈ ਅਤੇ ਉਸ ਦੀਆਂ ਹਡੀਆਂ ਚੱਬ ਦਿੰਦੀ ਹੈ ਉਸੇ ਤਰ੍ਹਾਂ ਇਨ੍ਹਾਂ ਮਨਮੁਖਾਂ ਦਾ ਹਾਲ ਇਹ ਕਾਲ ਰੂਪੀ ਬਿਲੀ ਕਰਦੀ ਹੈ ਅਤੇ ਉਨ੍ਹਾਂ ਦੇ ਅੜਾਟ ਕਢ ਦਿੰਦੀ ਹੈ। ਜਿਹੜੇ ਆਪਣੀ ਕੌਮ ਵਾਸਤੇ ਜੀਊਂਦੇ ਹਨ ਇਨ੍ਹਾਂ ਵਾਸਤੇ ਇਸ ਕਾਲ ਰੂਪੀ ਬਿਲੀ ਦਾ ਪਾਰਟ ਵਖਰਾ ਹੈ। ਜਿਸ ਤਰ੍ਹਾਂ ਬਿਲੀ ਆਮ ਤੌਰ ਤੇ ਆਪਣੇ ਬੱਚਿਆਂ ਨੂੰ ਸਤਾਂ ਘਰਾਂ ਵਿਚ ਫੇਰਦੀ ਹੈ, ਮੂੰਹ ਵਿਚ ਫੜ ਕੇ ਲੈ ਜਾਂਦੀ ਹੈ ਲੇਕਿਨ ਉਸ ਤੇ ਆਂਚ ਤਕ ਨਹੀਂ ਆਉਣ ਦਿੰਦੀ। ਇਸੇ ਤਰ੍ਹਾਂ ਜਿਹੜੇ ਆਪਣੇ ਦੇਸ਼ ਵਾਸਤੇ ਜੀਉਂਦੇ ਹਨ ਉਨ੍ਹਾਂ ਲਈ ਇਹ ਕਾਲ ਰੂਪੀ ਬਿਲੀ ਸਿਰਫ ਜਾਮਾਂ ਬਦਲਣ ਦਾ ਕੰਮ ਕਰਦੀ ਹੈ ਇਨ੍ਹਾਂ ਵਾਸਤੇ ਬਿਲੀ ਸਿਰਫ ਸਥਾਨ ਬਦਲਦੀ ਹੈ ਅਤੇ ਆਂਚ ਤਕ ਨਹੀਂ ਆਉਣ ਦਿੰਦੀ।

ਮੈਂ ਸਮਝਦਾ ਹਾਂ ਕਿ ਮੈਂ ਆਪਣੇ ਵੱਲੋਂ ਆਪਣੀ ਪਾਰਟੀ ਵੱਲੋਂ ਇਕ ਅਜਿਹੀ ਅਜ਼ੀਮ ਹਸਤੀ ਨੂੰ ਜਿਸਨੇ ਹਿੰਦੁਸਤਾਨ ਦੀ ਉਸਾਰੀ ਅਤੇ ਅਪਣੇ ਸੂਬੇ ਦੀ ਉਸਾਰੀ ਵਿਚ ਉਘਾ ਹਿੱਸਾ ਪਾਇਆ ਆਪਣੀ ਕਾਬਲੀਅਤ ਦੀ ਵਜ੍ਹਾ ਕਰਕੇ ਆਪਣਾ ਨਾਂ ਰੌਸ਼ਨ ਕੀਤਾ, ਮੈਂ ਉਸ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ। ਸਪੀਕਰ ਸਾਹਿਬ, ਸਾਰੇ ਹਾਊਸ ਦੇ ਜੋ ਖਿਆਲਾਤ ਹਨ, ਜੋ ਇਜ਼ਹਾਰੇ ਹਮਦਰਦੀ ਹੈ, ਉਸ ਦੇ ਮਤੇ ਦੀ ਨਕਲ, ਜੋ ਜੋ ਹਾਊਸ ਦੀਆਂ ਫੀਲਿੰਗਜ਼ ਹਨ, ਇਹ ਉਨ੍ਹਾਂ ਦੇ ਪਰਿਵਾਰ ਨੂੰ ਜ਼ਰੂਰ ਕਨਵੇ ਕਰ ਦਿੱਤੀਆਂ ਜਾਣ ਕਿਉਂਕਿ ਨਿਤ ਨਿਤ ਐਸੇ ਇਨਸਾਨ ਨਹੀਂ ਆਇਆ ਕਰਦੇ।

ਇਨ੍ਹਾਂ ਸ਼ਬਦਾਂ ਨਾਲ ਮੈਂ ਫੇਰ ਦੁਬਾਰਾ ਪਿਲੇ ਜੀ ਦੇ ਸੁਰਗਵਾਸ ਹੋਣ ਤੇ ਸ਼ਰਧਾਂਜਲੀ ਪੇਸ਼ ਕਰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਗੁਰੂ ਉਨ੍ਹਾਂ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ।

ਸਰਦਾਰ ਗੁਰਨਾਮ ਸਿੰਘ (ਕਿਲਾ ਰਾਇਪੁਰ): ਜੋ ਸ਼ੋਕ ਮਤਾ ਇਰੀਗੇਸ਼ਨ ਅਤੇ ਪਾਵਰ ਮਨਿਸਟਰ ਨੇ ਸ੍ਰੀ ਪਟਮ ਥਾਨੂ ਪਿਲੇ ਦੇ ਮੁਤਲਕ ਲਿਆਂਦਾ ਹੈ, ਮੈਂ ਆਪਣੇ ਆਪ ਨੂੰ, ਆਪਣੀ ਪਾਰਟੀ ਨੂੰ ਉਹਦੇ ਨਾਲ ਸ਼ਾਮਲ ਕਰਦਾ ਹਾਂ। ਸਿਆਸਤ ਵਿਚ ਉਨ੍ਹਾਂ ਦਾ ਬੜਾ ਤਜਰਬਾ ਸੀ। ਇਕ ਛੋਟੀ ਪਦਵੀ ਤੇ ਨੌਕਰ ਹੋਏ ਸੀ ਔਰ ਉਨਾਂ ਨੇ ਬੜੀ ਤਰਕੀ ਕੀਤੀ ਇਥੋਂ ਤਕ ਕਿ ਉਹ ਪੰਜਾਬ ਦੇ ਗਵਰਨਰ ਰਹੇ। ਪੰਜਾਬ ਦੇ ਗਵਰਨਰ ਹੋਣ ਦੀ ਹੈਸੀਅਤ ਵਿਚ ਮੈਨੂੰ ਉਨ੍ਹਾਂ ਨੂੰ ਮਿਲਣ ਦਾ ਵੀ ਮੌਕਾ ਮਿਲਿਆ ਉਹ ਨਿਹਾਇਤ ਅੱਛੇ ਸਜਣ ਸਨ। ਮੈਂ ਵੀ ਅਰਦਾਸ ਕਰਦਾ ਹਾਂ ਕਿ ਪਰਮਾਤਮਾ ਉਨ੍ਹਾਂ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

Sirdar Kapur Singh (Samrala): Mr. Speaker I beg to associate myself with the motion that has been moved by the Minister for Irrigaion and Power and the sentiments that have been expressed about the passing away of our Ex-Governor Shri PattomThanu Pillai. He came to us from a far off place Kerala-the land of greenery and the mild climate. The particular qualities with which he won the hearts of the Punjabis were precisele his mild manners and his reasonable approach towards problems of thy State.

Original with;
Punjab Vidhan Sabha
Digitized by;
Panjab Digital Library

I also associate myself with the suggestion that a copy of the motion and the sentiments expressed here should be conveyed to the members of bereaved family.

Thank you

चौधरी बलबीर सिंह (होशियारपुर) : अध्यक्ष महोदय, बासी साहिब ने जो शोक का प्रस्ताव पेश किया है उसके बारे में मैं अपने आपको और अपनी पार्टी को शामिल करता हूँ। पिल्ले जी मेरी पार्टी से ताल्लुक रखते थे और जब वह केरला में प्रजा सोशलिस्ट पार्टी की तरफ से चीफ़ मिनिस्टर थे उस वक्त लाठी चार्ज हुआ। तो उस वक्त इन्होंने पार्टी में एक बात चलाई और इन्होंने फैसला किया कि एक अवामी सरकार को लाठी चार्ज नहीं करना चाहिए और इन्होंने इस बात पर अस्तीफा दिया। (विघ्न) वह एक बहुत अच्छे पार्लीमैंटेरियन और ऐड मिनिस्ट्रेटर थे। सारी जिन्दगी इन्होंने मुल्क की जंगे आज़ादी में लगा दी। आज़ादी हासिल करने की लड़ाई भी वह लड़ते रहे।

मैं दोबारा फिर अपने और अपनी पार्टी की तरफ से उनको श्रद्धांजली पेश करते हुए परमात्मा से प्रार्थना करता हूँ कि उनके परिवार को यह दुख बर्दाश्त करने की शक्ति मिले।

ਕਾਮਰੇਡ ਬਾਬੂ ਸਿੰਘ ਮਾਸਟਰ (ਫੂਲ): ਸਪੀਕਰ ਸਾਹਿਬ, ਜੋ ਸ਼ੋਕ ਮਤਾ ਇਰੀਗੇਸ਼ਨ ਮਨਿਸਟਰ ਸਾਹਿਬ ਨੇ ਇਥੇ ਪੇਸ਼ ਕੀਤਾ ਹੈ ਮੈਂ ਆਪ ਅਤੇ ਆਪਣੀ ਪਾਰਟੀ ਵੱਲੋਂ ਉਸ ਦੇ ਨਾਲ ਸਹਿਮਤ ਹਾਂ। ਉਹ ਐਸੇ ਇਨਸਾਨ ਸਨ ਜਿਸ ਨੇ ਆਜ਼ਾਦੀ ਲਿਆਉਣ ਵਿਚ ਹਿਸਾ ਪਾਇਆ। ਉਹ ਇਕ ਸਿਪਾਹੀ ਦੀ ਤਰ੍ਹਾਂ ਲੜਦੇ ਰਹੇ। ਉਹ ਉਸ ਸੂਬੇ ਨਾਲ ਸਬੰਧ ਰਖਦੇ ਹਨ, ਜਿਥੇ ਕਿ ਸਾਰੇ ਹਿੰਦੁਸਤਾਨ ਵਿਚੋਂ ਤਾਲੀਮ ਜਿਆਦਾ ਹੈ। ਇਥੇ ਉਹ ਗਵਰਨਰ ਦੇ ਤੌਰ ਤੇ ਰਹੇ ਹਨ। ਉਨ੍ਹਾਂ ਨੇ ਬੜੀ ਅੱਛੀ ਤਰ੍ਹਾਂ ਆਪਣੇ ਔਹਦੇ ਨੂੰ ਨਿਭਾਇਆ। ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ ਅਤੇ ਆਪਣੇ ਤੇ ਆਪਣੀ ਪਾਰਟੀ ਦੀ ਤਰਫੋਂ ਅਰਦਾਸ ਕਰਦਾ ਹਾਂ ਕਿ ਪ੍ਰਮਾਤਮਾ ਉਨ੍ਹਾਂ ਦੇ ਪਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

ਸਰਦਾਰ ਬਸੰਤ ਸਿੰਘ (ਡਕਾਲਾ) : ਸਪੀਕਰ ਸਾਹਿਬ, ਜਿਹੜਾ ਸ਼ੋਕ ਪ੍ਰਸਤਾਵ ਬਾਸੀ ਸਾਹਿਬ ਨੇ ਪੇਸ਼ ਕੀਤਾ ਹੈ ਅਤੇ ਜਿਹੜੇ ਜਜ਼ਬਾਤ ਦਾ ਇਜ਼ਹਾਰ ਕੀਤਾ ਗਿਆ ਹੈ ਮੈਂ ਉਨ੍ਹਾਂ ਦੇ ਨਾਲ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ। ਪਟਮ ਥਾਨੂ ਪਿਲੇ ਇਕ ਬੜੇ ਨੈਸ਼ਨੇਲਿਸਟ ਸਨ। ਬੜੇ ਵੱਡੇ ਲੀਡਰ ਸਨ। ਜੰਗੇ ਆਜ਼ਾਦੀ ਵਿਚ ਉਨ੍ਹਾਂ ਨੇ ਬਹੁਤ ਵੱਡਾ ਹਿੱਸਾ ਪਾਇਆ। ਬੜੇ ਵੱਡੇ ਔਹਦੇ ਤੇ ਰਹਿ ਕੇ ਉਨ੍ਹਾਂ ਨੇ ਬੜੀਆਂ ਅੱਛੀਆਂ ਕਨਵੈਨਸ਼ਨਜ਼ ਲੇ ਕੀਤੀਆਂ ਹਨ। ਮੈਂ ਇਸ ਚੀਜ਼ ਦੇ ਨਾਲ ਵੀ ਸਹਿਮਤ ਹਾਂ ਕਿ ਉਨ੍ਹਾਂ ਦੇ ਪਰੀਵਾਰ ਨੂੰ ਹਾਊਸ ਦੇ ਜਜ਼ਬਾਤ ਭੇਜੇ ਜਾਣ।

ਇਸਤੋਂ ਬਾਅਦ ਮੈਂ ਇਹ ਵੀ ਸਜੈਸ਼ਨ ਦਿੰਦਾ ਹਾਂ ਕਿ ਉਨ੍ਹਾਂ ਦੀਂ ਯਾਦ ਦੇ ਨਾਲ ਅਜ ਹਾਊਸ ਬਗੈਰ ਕਿਸੇ ਹੋਰ ਕਾਰਵਾਈ ਕੀਤਿਆਂ ਸ਼ੋਕ ਮਤੇ ਨੂੰ ਪਾਸ ਕਰਕੇ, ਐਡਜਰਨ ਹੋ ਜਾਣਾ ਚਾਹੀਦਾ ਹੈ ਅਤੇ ਹੋਰ ਕੋਈ ਕਾਰਵਾਈ ਨਾ ਕੀਤੀ ਜਾਵੇ। ਕਿਉਂਕਿ ਉਹ ਇਸ ਸਟੇਟ ਦੇ ਗਵਰਨਰ ਰਹੇ ਹਨ (ਪ੍ਰਸ਼ੰਸਾ) ਇਸ ਲਈ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੂੰ ਖੜੇ ਹੋਕੇ ਸ਼ੋਕ ਪ੍ਰਸਤਾਵ ਪਾਸ ਕਰਨਾ ਚਾਹੀਦਾ ਹੈ ਅਤੇ ਫਿਰ ਹਾਊਸ ਨੂੰ ਐਡਜਰਨ ਕਰਨਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਣ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

ਜਥੇਦਾਰ ਹਰਦਿਤ ਸਿੰਘ ਭੱਠਲ (ਧਨੌਲਾ) : ਸਪੀਕਰ ਸਾਹਿਬ, ਇਹ ਜਿਹੜਾ ਬਾਸੀ ਸਾਹਿਬ ਨੇ ਸ਼ੋਕ ਦਾ ਮਤਾ ਪੇਸ਼ ਕੀਤਾ ਹੈ, ਇਸ ਦੇ ਵਿਚ ਮੈਂ ਆਪ ਅਤੇ ਆਪਣੀ ਪਾਰਟੀ ਨੂੰ ਸ਼ਾਮਿਲ ਕਰਦਾ ਹਾਂ। ਉਨ੍ਹਾਂ ਨੇ ਦੇਸ਼ ਦੀ ਬੜੀ ਭਾਰੀ ਸੇਵਾ ਕੀਤੀ ਹੈ ਅਤੇ ਦੇਸ਼ ਦੀ ਆਜ਼ਾਦੀ ਵਿਚ ਉਨ੍ਹਾਂ ਨੇ ਬੜਾ ਹਿੱਸਾ ਪਾਇਆ ਹੈ। ਇਤਨੇ ਮਹਾਨ ਆਦਮੀ ਦਾ ਵਿਛੜ ਜਾਣਾ ਦੇਸ਼ ਲਈ ਬੜਾ ਘਾਟਾ ਹੈ। ਮੈਂ ਆਪਣੀ ਅਤੇ ਆਪਣੀ ਪਾਰਟੀ ਦੀ ਤਰਫੋਂ ਉਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ। ਹੋਰ ਬਹੁਤ ਸਾਰੀਆਂ ਗੱਲਾਂ ਸਾਥੀਆਂ ਨੇ ਕਹਿ ਦਿੱਤੀਆਂ ਹਨ। ਇਸ ਲਈ ਇਹ ਸ਼ੋਕ ਪ੍ਰਸਤਾਵ ਪਾਸ ਕਰਕੇ ਉਨ੍ਹਾਂ ਦੇ ਘਰ ਵਾਲਿਆਂ ਅਤੇ ਰਿਸ਼ਤੇਦਾਰਾਂ ਨੂੰ ਭੇਜ ਦਿੱਤਾ ਜਾਵੇ।

ਸਿੰਜਾਈ ਅਤੇ ਬਿਜਲੀ ਮੰਤਰੀ : ਸਪੀਕਰ ਸਾਹਿਬ, ਮੈਂ ਭੁੱਲ ਗਿਆ ਹਾਂ, ਮੇਜਰ ਜਨਰਲ ਅਮੀਰ ਚੰਦ ਚਲਾਣਾ ਕਰ ਗਏ ਹਨ। ਉਹ ਬੜੇ ਭਾਰੀ ਡਾਕਟਰ ਸਨ। ਮੈਂ ਉਨ੍ਹਾਂ ਦਾ ਨਾਮ ਲੈਣਾ ਭੁੱਲ ਗਿਆ ਹਾਂ। ਮੇਜਰ ਜਨਰਲ ਅਮੀਰ ਚੰਦ, ਬੜੇ ਵੱਡੇ ਡਾਕਟਰ ਸਨ ਉਹ ਸਾਡੇ ਹਿੰਦੁਸਤਾਨ ਦੇ ਮੈਡੀਕਲ ਕਾਲਜ, ਲਾਹੌਰ ਦੇ ਪਹਿਲੇ ਇੰਡੀਅਨ ਪ੍ਰਿੰਸੀਪਲ ਸਨ। ਉਹ ਮੈਡੀਕਲ ਦੇ ਪ੍ਰੋਫੈਸਰ ਸਨ। ਪਹਿਲੇ ਮਿਲਟਰੀ ਵਿਚ ਸਨ। ਉਨ੍ਹਾਂ ਨੇ ਬੜੇ ਬੜੇ ਕੰਮ ਕੀਤੇ ਹਨ। ਉਹ ਸਾਰੇ ਹਿੰਦੁਸਤਾਨ ਵਿਚ ਬੜੀ ਚੋਟੀ ਦੇ ਡਾਕਟਰ ਸਨ। ਉਨ੍ਹਾਂ ਦੀ ਮੌਤ ਨਾਲ ਸਾਰੇ ਹਿੰਦੁਸਤਾਨ ਨੂੰ ਬੜਾ ਘਾਟਾ ਪਿਆ ਹੈ। ਉਹ ਬੜੇ ਉੱਚ ਕੋਟੀ ਦੇ ਡਾਕਟਰ ਸਨ। ਇਸ ਦੇ ਨਾਲ ਹੀ ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਣ ਕਰਦਾ ਹਾਂ।

ਸ੍ਰੀ ਸਪੀਕਰ : ਇਨ੍ਹਾਂ ਦੋ ਮਹਾਨ ਹਸਤੀਆਂ ਦੇ ਚਲਾਣਾ ਕਰ ਜਾਣ ਤੇ ਜੋ ਪ੍ਰਸਤਾਵ ਬਾਸੀ ਸਾਹਿਬ ਨੇ ਹਾਊਸ ਅੱਗੇ ਲਿਆਂਦਾ ਹੈ। ਮੈਂ ਸਮਝਦਾ ਹਾਂ ਕਿ ਸਾਰਾ ਹਾਊਸ ਦਿਲੀ ਤੌਰ ਤੇ ਉਸ ਦੇ ਨਾਲ ਸਹਿਮਤ ਹੈ। ਜੋ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ ਹੈ, ਹਾਊਸ ਦੇ ਇਸ ਮਤੇ ਦੁਆਰਾ ਉਹ ਉਨ੍ਹਾਂ ਦੇ ਪਰਿਵਾਰ ਨੂੰ ਭੇਜ ਦਿੱਤੇ ਜਾਣਗੇ। ਹੁਣ ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਇਸ ਗੱਲ ਦੀ ਬੇਨਤੀ ਕਰਾਂਗਾ ਕਿ ਉਹ ਇਨ੍ਹਾਂ ਦੋ ਮਹਾਨ ਆਤਮਾਵਾਂ ਨੂੰ ਸ਼ਰਧਾਂਜਲੀ ਵਜੋਂ ਉਠ ਕੇ ਦੋ ਮਿੰਟ ਲਈ ਮੌਨ ਧਾਰਨ ਕਰਨ। (I think that the House whole-heartedly agrees with the resolution of condolence moved by Sardar Sohan Singh Bassi regarding passing away of these two great personalities. A copy of the resolution passed by this House expressing the sentiments of sympathy with the members of the bereaved families will be sent to them. I would request all the hon. Members to stand in silence for two minutes in the memory of the two departed souls.)

(ਇਸ ਸਮੇਂ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਆਪਣੀ ਆਪਣੀ ਜਗ੍ਹਾ ਚੁਪ ਖੜੇ ਹੋ ਗਏ)

ਸਰਦਾਰ ਗੁਰਨਾਮ ਸਿੰਘ : ਹਾਉਸ ਐਡਜਰਨ ਹੋ ਜਾਣਾ ਚਾਹੀਦਾ ਹੈ। (ਵਿਘਨ)

ਆਵਾਜ਼ਾਂ : ਹਾਊਸ ਐਡਜਰਨ ਹੋ ਜਾਣਾ ਚਾਹੀਦਾ ਹੈ। ਸਵੇਰੇ ਨੌ ਵਜੇ ਕਰ ਲਓ।

चौधरी बलबीर सिंह : सैशन सवेरे 9 बजे बुला लें। सारा काम खत्म हो जायेगा वैसे भी ज्यादा काम नहीं है।

ਸ੍ਰੀ ਸਪੀਕਰ : ਮੈਂ ਸਮਝਦਾ ਹਾਂ ਕਿ ਸਾਰੇ ਹਾਊਸ ਦੀ ਰਾਏ ਹੈ ਕਿ ਇਸ ਸ਼ੋਕ ਪ੍ਰਸਤਾਵ ਤੋਂ ਬਾਅਦ ਹਾਉਸ ਐਡਜਰਨ ਕਰ ਦਿਤਾ ਜਾਵੇ। ਇਸ ਦੇ ਨਾਲ ਹੀ ਮੇਰੀ ਬੇਨਤੀ ਇਹ ਹੈ

Original with;
Punjab Vidhan Sabha
Digitized by;
Panjab Digital Library

ਕਿ ਇਕ ਐਡਜਰਨਮੈਂਟ ਮੋਸ਼ਨ ਜਿਹੜੀ ਚੌਧਰੀ ਬਲਬੀਰ ਸਿੰਘ ਨੇ ਦਿਤੀ ਸੀ, ਉਹ ਰੂਲਜ਼ ਦੇ ਅਧੀਨ ਅੱਜ ਆਉਣੀ ਸੀ....(I think it is the sense of the House that the sitting be adjourned after passing this condolence motion. An Adjournment Motion, given notice of by Ch. Balbir Singh had to be taken up today under the rules).

ਸਰਦਾਰ ਉਮਰਾਓ ਸਿੰਘ : ਉਹ ਰੂਲਜ਼ ਦੇ ਅਧੀਨ ਕਲ ਆ ਜਾਵੇਗੀ । (ਵਿਘਨ)

ਸ੍ਰੀ ਸਪੀਕਰ : ਉਹ ਅਜ ਨਹੀਂ ਆ ਸਕੀ, ਇਸ ਲਈ ਬਾਕੀ ਹਾਊਸ ਦਾ ਸਾਰਾ ਬਿਜ਼ਨੈਸ ਆਟੋਮੈਟੇਕਲੀ ਕਲ ਤੇ ਆ ਜਾਵੇਗਾ ।(That motion has not been taken up today. Thus all the remaining business on the agenda will automatically be postponed till the next sitting).

Is it the sense of the House.

Voices : Yes, Yes.

Ms. Speaker : The House stand adjourned till 9 A.M. on Tuesday the 28th July, 1970,

5.47 P.M.

The Sabha then adjourned till 9.00 *A.M. on Tuesday, the 28th July, 1970.*

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

APPENDIX

to

PUNJAB VIDHAN SABHA DEBATES

VOL. II—NO. 2

27TH JULY, 1970

CALL ATTENTION NOTICE UNDER RULE 73.

(Serial No. 14)

Chaudhri Balbir Singh : To draw the attention of the Government towards an urgent matter of public importance, namely, the employees of the Electricity Board gave a beating to Sathi Ajit Singh, Secretary Haryana SANSOPA at Haryana in District Hoshiarpur on the night of 22nd July, 1970 and when some members of the SANSOPA went to the Police Station for lodging a report, the police took Sathi Ajit Singh inside the Police Station, gave him a beating and took him into custody. They did not allow the remaining members of the S. S. P. to enter the Police Station premises. The M.L.A. from Hoshiarpur protested against the high-handedness of the police on the telephone at about 11.00 P.M. Thereupon Shri Ajit Singh was released. This matter was brought to the notice of Pandit Piare Lal, Inspector Police at about 7.00 in the morning on 23rd July, 1970 but no effective steps have so far been taken in the matter.

This has created a great unrest among the people. The Government may make a statement in this regard.

Sardar Parkash Singh Badal (Chief Minister) : It has been reported that on 22nd July, 1970 at about 8/9 P.M. H. C. Kabul Chand of Police Station Haryana, District Hoshiarpur noticed Shri Ajit Singh, a SSP Worker, and some Punjab State Electricity Board Employees quarrelling on the Hoshiarpur-Haryana road opposite the local Veterinary Hospital. The Head Constable intervened, separated both the parties and brought them to the Police Station. Shri Ajit Singh, SSP Worker, as well as the State Electricity Board Employees were got medically examined. According to the Medical Report Shri Ajit Singh had 5 simple injuries (Abrasions) caused by blunt weapons, whereas the Electricity Board Employees were found to have no injuries at all. Daily Diary report No. 29 dated 22nd July, 1970 was recorded at the instance of Shri Ajit Singh, SSP Worker, who later on refused to sign it in the presence of 7 notables of Haryana town. On the other hand one Ajit Singh, Lines Supdt, Electricity Board, also got recorded a report in the daily diary, No. 30 dated 22nd July, 1970 against the said Ajit Singh. The respectables of the town who were present at the Police Station tried their level best to bring about a compromise between the parties but failed. Meanwhile Shri Jagdev Singh, Sarpanch, Dadiana and Ajit Singh's son came to the Police Station alongwith 20/25 other persons at about 10 P.M. The local Police allowed both

Original with;
Punjab Vidhan Sabha
Digitized by;
Panjab Digital Library

these persons (i. e., Jagdev Singh Sarpanch and Ajit Singh's son) to enter the Police Station where the compromise was being discussed but others were not allowed ingress to avoid creating a scene.

It is reported to be absolutely incorrect that Ajit Singh SSP worker was taken into custody and given any beating by the Police. Thus the question of his release did not arise.

On 23rd July, 1970 the matter was brought to the notice of Shri Pyare Lal Inspector by Shri Balbir Singh M.L.A. The Inspector immediately went to the spot and carried out necessary enquiries as a result of which both the parties in the presence of notables compromised. Thus the matter which was of a non-cognizable nature was settled. Shri Ajit Singh SSP worker has himself recorded in writing in the compromise that he does not want any further action to be taken in the matter.

(ਸਹੀ ਵਾਕਿਆਤ ਇਸ ਪਰਕਾਰ ਪਾਏ ਗਏ ਹਨ ਕਿ ਮਿਤੀ 22 ਜੁਲਾਈ, 1970 ਕੋਈ 8/9 ਵਜੇ ਰਾਤ ਨੂੰ ਹੈਡ ਕੰਸਟੇਬਲ ਕਾਬਲ ਚੰਦ, ਥਾਨਾ ਹਰਿਆਨਾ, ਜ਼ਿਲ੍ਹਾ ਹੁਸ਼ਿਆਰਪੁਰ ਨੇ ਸਥਾਨਕ ਡੰਗਰਾਂ ਦੇ ਹਸਪਤਾਲ ਦੇ ਸਾਂਹਵੇ ਐਸ·ਐਸ.ਪੀ. ਵਰਕਰ ਸ੍ਰੀ ਅਜੀਤ ਸਿੰਘ ਅਤੇ ਪੰਜਾਬ ਬਿਜਲੀ ਬੋਰਡ ਦੇ ਕਰਮਚਾਰੀਆਂ ਦੇ ਵਿਚਾਲੇ ਇਕ ਦੂਜੇ ਨਾਲ ਝਗੜਾ ਹੁੰਦਾ ਡਿੱਠਾ । ਉਕਤ ਹੈਡ ਕੰਸਟੇਬਲ ਨੇ ਵਿਚ ਪੈ ਕੇ ਓਨ੍ਹਾਂ ਨੂੰ ਲੜਨੋਂ ਰੋਕਿਆ ਅਤੇ ਦੋਨਾਂ ਧਿਰਾਂ ਨੂੰ ਪੁਲਿਸ ਸਟੇਸ਼ਨ ਲੈ ਆਇਆ ਜਿਥੇ ਉਨ੍ਹਾਂ ਦਾ ਡਾਕਟਰੀ ਮੁਆਇਨਾ ਕਰਵਾਇਆ ਗਿਆ ਜਿਸ ਤੋਂ ਸ੍ਰੀ ਅਜੀਤ ਸਿੰਘ ਐਸ. ਐਸ. ਪੀ. ਵਰਕਰ ਨੂੰ 5 ਮਾਮੂਲੀ ਸੱਟਾਂ ਖੁੰਡੇ ਹਥਿਆਰਾਂ ਤੋਂ ਲਗੀਆਂ ਪਾਈਆਂ ਗਈਆਂ ਪਰ ਦੂਜੀ ਪਾਰਟੀ ਦੇ ਬਿਜਲੀ ਬੋਰਡ ਕਰਮਚਾਰੀਆਂ ਨੂੰ ਕੋਈ ਸੱਟ ਆਦਿ ਲਗਣੀ ਨਾ ਪਾਈ ਗਈ । ਸ੍ਰੀ ਅਜੀਤ ਸਿੰਘ ਸਾਥੀ ਦੇ ਕਹਿਣ ਤੇ ਇਲਾਕੇ ਦੇ 7 ਹੋਰ ਪਤਵੰਤਿਆਂ ਦੇ ਰੂਬਰੂ ਜੋ ਉੱਥੇ ਮੌਜੂਦ ਸਨ ਡੇਲੀ ਡਾਇਰੀ ਰਪੋਟ ਨੰ: 29 ਮਿਤੀ 22 ਜੁਲਾਈ, 1970 ਲਿਖੀ ਗਈ ਜਿਸ ਉੱਤੇ ਉਸ ਨੇ ਆਪਣੇ ਦਸਖਤ ਕਰਨ ਤੋਂ ਇਨਕਾਰ ਕਰ ਦਿੱਤਾ । ਦੂਜੇ ਪਾਸਿਓਂ ਇੱਕ ਅਜੀਤ ਸਿੰਘ ਲਾਈਨਜ਼ ਸੁਪਰਡੰਟ ਬਿਜਲੀ ਬੋਰਡ ਨੇ ਵੀ ਇਸ ਸਾਥੀ ਅਜੀਤ ਸਿੰਘ ਦੇ ਖਿਲਾਫ਼ ਡੇਲੀ ਡਾਇਰੀ ਨੰ:30 ਮਿਤੀ, 22 ਜੁਲਾਈ, 1970 ਦਰਜ ਕਰਵਾਈ। ਥਾਨੇ ਵਿੱਚ ਬੈਠੇ ਪਤਵੰਤਿਆਂ ਨੇ ਦੋਨਾਂ ਧਿਰਾਂ ਦੇ ਦਰਮਿਆਨ ਸਮਝੌਤਾ ਕਰਾਉਣ ਦੀ ਸਿਰ ਤੋੜ ਕੋਸ਼ਿਸ਼ ਕੀਤੀ ਪਰ ਉਸ ਵੇਲੇ ਗੱਲ ਸਿਰੇ ਨਾ ਚੜ੍ਹੀ । ਇਸ ਦੌਰਾਨ ਵਿਚ ਸ੍ਰੀ ਜਗਦੇਵ ਸਿੰਘ ਸਰਪੰਚ ਦਾਦਰਾਨਾ ਅਤੇ ਅਜੀਤ ਸਿੰਘ ਦਾ ਲੜਕਾ ਰਾਤ 10 ਵਜੇ ਦੇ ਕਰੀਬ ਪੁਲਿਸ ਸਟੇਸ਼ਨ ਪੁਜੇ ਜਿਨ੍ਹਾਂ ਦੇ ਨਾਲ ਕੋਈ 20/25 ਜਣੇ ਹੋਰ ਸਨ। ਉਨ੍ਹਾਂ ਦੋਨਾਂ ਨੂੰ ਤਾਂ ਪੁਲਿਸ ਸਟੇਸ਼ਨ ਦੇ ਅੰਦਰ ਜਿਥੇ ਦੋਨਾਂ ਪਾਰਟੀਆਂ ਦੇ ਵਿਚਾਲੇ ਸਮਝੌਤਾ ਕੀਤਾ ਜਾ ਰਿਹਾ ਸੀ, ਜਾਣ ਦਿੱਤਾ ਗਿਆ ਪਰ ਬਾਕੀ ਦਿਆਂ 20/25 ਨੂੰ* ਰੱਖਦਿਆਂ ਅੰਦਰ ਦਾਖਲ ਨਾ ਹੋਣ ਦਿੱਤਾ ਗਿਆ ।

ਇਹ ਗਲ ਅਸਲੋਂ ਗਲਤ ਹੈ ਕਿ ਸਾਥੀ ਅਜੀਤ ਸਿੰਘ ਨੂੰ ਪੁਲਿਸ ਕਸਟਡੀ ਵਿਚ ਰਖਿਆ ਗਿਆ ਅਤੇ ਬਾਦ ਵਿਚ ਛੱਡ ਦਿੱਤਾ ਗਿਆ । ਇਸ ਲਈ ਬਾਦ ਵਿੱਚ ਛੱਡਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ ।

ਮਿਤੀ 23 ਜੁਲਾਈ, 1970 ਨੂੰ ਬਲਬੀਰ ਸਿੰਘ ਐਮ. ਐਲ.ਏ. ਨੇ ਇੰਨਸਪੈਕਟਰ ਪਿਆਰੇ ਲਾਲ ਦਾ ਇਸ ਮਾਮਲੇ ਵਲ ਧਿਆਨ ਦਿਵਾਇਆ । ਉਹ ਉਸੇ ਵੇਲੇ ਮੌਕੇ ਤੇ ਪੁੱਜੇ ਅਤੇ ਇਸ ਮਾਮਲੇ

---

* MSS not legible.

Original with;
Punjab Vidhan Sabha
Digitized by;
Panjab Digital Library

ਸਬੰਧੀ ਪੁੱਛ–ਪੜਤਾਲ ਕੀਤੀ । ਇਸ ਦਾ ਫਲ ਸਰੂਪ ਇਹ ਨਿਕਲਿਆ ਕਿ ਦੋਨਾਂ ਧਿਰਾਂ ਦਾ ਆਪਸ ਵਿੱਚ ਰਾਜ਼ੀ ਨਾਵਾਂ ਹੋ ਗਿਆ ਅਤੇ ਇਸ ਮਾਮਲੇ ਦਾ ਜੋ 'ਕੋਅਗਨਿਜ਼ੇਬਲ' ਨਹੀਂ ਸੀ ਪਾਇਆ ਗਿਆ ਦਾ ਨਿਬੇੜਾ ਫੈਸਲਾ-ਕੁਲ ਹੋ ਗਿਆ । ਸਾਥੀ ਅਜੀਤ ਸਿੰਘ ਨੇ ਖੁਦ ਇਸ ਹੋਏ ਰਾਜ਼ੀਨਾਵੇਂ ਤੇ ਅਪਣੇ ਦਸਖਤ ਕੀਤੇ ਅਤੇ ਲਿਖ ਕੇ ਦਿੱਤਾ ਕਿ ਉਹ ਹੁਣ ਇਸ ਮਾਮਲੇ ਬਾਰੇ ਕੋਈ ਹੋਰ ਕਾਰਵਾਈ ਪੁਲਿਸ ਵੱਲੋਂ ਨਹੀਂ ਚਾਹੁੰਦਾ ।

CALL ATTENTION NOTICE UNDER RULE 73

(Serial No.15)

1. Comrade Satya Pal Dang
2. Comrade Dana Ram :To draw the attention of the Government towards an urgent matter of public importance namely, the non-payment of wages to the workers of Panipat Woollen Mills Kharar for the last 4 months. This has resulted in great hardship for the workers who have been forced to start an agitation. The workers have been sitting, Dharna near the Punjab Vidhan Sabha and may resort to other forms of direct action. In view of the urgent importance of the matter ,the Minister concerned be asked to make a statement in the House.

ਸਰਦਾਰ ਪਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) : ਕੁਝ ਸਾਲਾਂ ਤੋਂ ਮੈਸਰਜ਼ ਪਾਨੀਪਤ ਵੂਲਨ ਮਿਲਜ਼ ਖਰੜ ਦੀ ਮਾਲੀ ਹਾਲਤ ਕਮਜ਼ੋਰ ਹੁੰਦੀ ਜਾ ਰਹੀ ਸੀ ਤੇ ਬਹੁਤ ਸਾਰੇ ਕਰੈਡੀਟਰਾਂ ਨੇ ਆਪਣਾ ਪੈਸਾ ਵਾਪਸ ਲੈਣ ਦੀ ਮੰਗ ਕੀਤੀ ਤੇ ਇਸ ਦਾ ਫੈਸਲਾ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਇਹ ਕੀਤਾ ਕਿ ਮਾਲਕ ਸਾਰੇ ਕਰੈਡੀਟਰਾਂ ਨੂੰ ਕਿਸ਼ਤਾਂ ਵਿਚ ਪੈਸਾ ਵਾਪਸ ਕਰਨ । 1969 ਵਿਚ ਫੈਕਟਰੀ ਦੀ ਮਾਲੀ ਹਾਲਤ ਇਤਨੀ ਖਰਾਬ ਹੋ ਗਈ ਕਿ ਮਾਲਕ ਕਾਮਿਆਂ ਨੂੰ ਸਮੇਂ ਤੇ ਤਨਖਾਹ ਦੇਣ ਦੇ ਯੋਗ ਨਾ ਰਹੇ ਤੇ ਨਾ ਹੀ ਇੰਪਲਾਈਜ਼ ਸਟੇਟ ਇੰਸ਼ੋਰੈਂਸ ਤੇ ਪ੍ਰਾਵੀਡੈਂਟ ਫੰਡ ਦੇ ਮਹਿਕਮਿਆਂ ਵਿਚ ਆਪਣਾ ਹਿੱਸਾ ਜਮ੍ਹਾਂ ਕਰਾ ਸਕੇ । ਇਸ ਦੇ ਕਾਰਨ ਮਾਲਕਾਂ ਨੇ ਆਪਣੀ 208 ਕਾਮਿਆਂ ਦੀ ਵਾਲੰਟਰਲੀ ਰਿਟਰੇਂਚਮੈਂਟ 18 ਫਰਵਰੀ, 1969 ਨੂੰ ਮਨਜ਼ੂਰ ਕਰ ਲਈ ਜਿਸ ਕਰਕੇ ਕਾਮਿਆਂ ਨੂੰ ਤਕਰੀਬਨ 3,50,000 ਰੁਪਏ ਦੇਣੇ ਬਣਦੇ ਸਨ ਜੋ ਕਿ ਮਾਲਕ ਮਾਲੀ ਹਾਲਤ ਖਰਾਬ ਹੋਣ ਦੀ ਵਜਾ ਕਰਕੇ ਕਾਮਿਆਂ ਨੂੰ ਨਾ ਦੇ ਸਕੇ । ਉਪਰੋਕਤ ਰਕਮ ਵਿਚੋਂ ਕਾਮਿਆਂ ਨੇ ਰੁਪਏ 2,10,263.70 ਪੈਸੇ ਦੀ ਰਕਮ ਕਲੇਮ ਕੀਤੀ ਅਤੇ ਇਸੇ ਅਨੁਸਾਰ ਲੇਬਰ ਕਮਿਸ਼ਨਰ ਨੇ ਮਾਲਕਾਂ ਦੇ ਵਿਰੁਧ ਰੁਪਏ 2,10,263.70 ਪੈਸੇ ਦਾ ਰਿਕਵਰੀ ਸਰਟੀਫਿਕੇਟ ਜਾਰੀ ਕਰ ਦਿੱਤਾ । ਮਾਲਕਾਂ ਨੇ ਇਸ ਰਕਮ ਵਿਚ 2,09,564 ਰੁਪਏ ਕਿਸ਼ਤਾਂ ਰਾਹੀਂ, ਦੇ ਦਿੱਤੇ ਹਨ । ਹੁਣ ਕੇਵਲ ਰੁਪਏ 699.70 ਪੈਸੇ ਦੀ ਰੀਕਵਰੀ ਬਾਕੀ ਹੈ ।

ਉਪਰੋਕਤ ਰਕਮ ਵਿੱਚੋਂ ਕਾਮਿਆਂ ਨੇ ਰੁਪਏ 1,39,736.30 ਪੈਸੇ ਦੀ ਰਕਮ ਕਲੇਮ ਨਹੀਂ ਕੀਤੀ ਇਸ ਲਈ ਕਿਰਤ ਕਮਿਸ਼ਨਰ ਨੇ ਇਸ ਦੇ ਵਿਰੁੱਧ ਰਿਕਵਰੀ ਸਰਟੀਫੀਕੇਟ ਜਾਰੀ ਨਹੀਂ ਕਰ ਸਕਦਾ ।

Original with;
Punjab Vidhan Sabha
Digitized by;
Panjab Digital Library

ਧਿਆਨ ਦਿਵਾਊ ਨੋਟਿਸ ਨੰ: 16

ਗਿਆਨੀ ਕੁੰਦਨ ਸਿੰਘ ਪਤੰਗ: ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਵਾਉਣਗੇ ਅਰਥਾਤ ਸ਼ਰਾਬ ਦੇ ਠੇਕੇ ਬੱਸ ਅੱਡੇ, ਸਕੂਲਾਂ ਕਾਲਜਾਂ, ਜਾਂ ਧਾਰਮਕ ਮੰਦਰਾਂ ਦੇ ਲਾਗੇ ਨਹੀਂ ਹੋਣੇ ਚਾਹੀਦੇ, ਕਾਫੀ ਦੂਰ ਇਨਾ ਥਾਵਾਂ ਤੋਂ ਕਰ ਦੇਣੇ ਚਾਹੀਦੇ ਹਨ ਕਿਉਂਕਿ ਉਥੇ ਧੀਆਂ, ਭੈਣਾਂ ਤੇ ਮਾਈਆਂ ਦਾ ਵਿਸ਼ੇਸ਼ ਕਰਕੇ ਆਉਣ ਜਾਣ ਹੁੰਦਾ ਹੈ। ਬੱਚਿਆਂ ਦੀ ਪੜ੍ਹਾਈ ਵਿਚ ਵਿਘਨ ਪੈਂਦਾ ਹੈ ਤੇ ਉਨ੍ਹਾਂ ਦੇ ਜੀਵਨ ਤੇ ਭੈੜਾ ਅਸਰ ਪੈਂਦਾ ਹੈ। ਸ਼ਰਾਬੀ ਲੜਾਈ ਝਗੜੇ ਤੋਂ ਬਿਨਾਂ ਗੰਦੇ ਮੰਦੇ ਸ਼ਬਦ ਬੋਲਦੇ ਹਨ ਜਿਸਦਾ ਆਮ ਜਨਤਾ ਤੇ ਬਹੁਤ ਹੀ ਬੁਰਾ ਅਸਰ ਪੈ ਰਿਹਾ ਹੈ। ਸਰਕਾਰ ਇਸ ਬਾਰੇ ਆਪਣਾ ਧਿਆਨ ਦੇਵੇ।

ਮੁੱਖ ਮੰਤਰੀ : ਸ਼ਰਾਬ ਦੇ ਠੇਕੇ ਦੋ ਤਰ੍ਹਾਂ ਦੇ ਹੁੰਦੇ ਹਨ ਇਕ ਥੋਕ ਤੇ ਦੂਜੇ ਪਰਚੂਨ ਜਿਥੋਂ ਤਾਈਂ ਥੋਕ ਠੇਕਿਆਂ ਦਾ ਸਬੰਧ ਹੈ,ਇਨ੍ਹਾਂ ਠੇਕਿਆਂ ਤੋਂ ਸ਼ਰਾਬ ਪਰਚੂਨ ਵਿਚ ਨਹੀਂ ਵੇਚੀ ਜਾਂਦੀ ਬਲਕਿ ਪਰਚੂਨ ਠੇਕੇਦਾਰਾਂ ਨੂੰ ਥੋਕ ਵਿਚ ਬੰਦ ਤੇ ਸੀਲ ਕੀਤੀਆਂ ਬੋਰੀਆਂ ਆਦਿ ਵਿਚ ਹੀ ਵੇਚੀ ਜਾਂਦੀ ਹੈ। ਜਿਥੋਂ ਤਾਈਂ ਪਰਚੂਨ ਠੇਕਿਆਂ ਦਾ ਸਬੰਧ ਹੈ, ਇਸ ਬਾਰੇ ਸਾਡੀਆਂ ਨੀਲਾਮ ਸ਼ਰਤਾਂ ਵਿਚ ਇਹ ਸ਼ਰਤ ਹੁੰਦੀ ਸੀ ਕਿ ਇਹ ਠੇਕੇ ਧਾਰਮਕ, ਜਨ-ਮਨੋਰੰਜਨ, ਵਿਦਿਅਕ ਸੰਸਥਾਵਾਂ ਤੇ ਰੇਲਵੇ ਸਟੇਸ਼ਨਾਂ ਤੋਂ ਮੁਨਾਸਬ ਦੂਰੀ ਤੇ ਖੋਲੇ ਜਾਣਗੇ। ਇਨ੍ਹਾਂ ਸ਼ਰਤਾਂ ਦੀ ਮਹਿਕਮਾਂ ਚੰਗੀ ਤਰ੍ਹਾਂ ਪਾਲਣਾ ਕਰਾਉਂਦਾ ਰਿਹਾ ਹੈ। ਜਦੋਂ ਵੀ ਇਸ ਬਾਰੇ ਕੋਈ ਸ਼ਕਾਇਤ ਆਉਂਦੀ ਹੈ ਤਾਂ ਉਸ ਬਾਰੇ ਚੰਗੀ ਪੜਤਾਲ ਕਰਕੇ ਯੋਗ ਕਰਵਾਈ ਕੀਤੀ ਜਾਂਦੀ ਹੈ। ਜੇਕਰ ਕੋਈ ਠੇਕਾ ਇਤਰਾਜ਼ ਵਾਲੀ ਥਾਂ ਤੇ ਹੋਵੇ ਤਾਂ ਉਸ ਨੂੰ ਕਿਸੇ ਹੋਰ ਮੁਨਾਸਬ ਥਾਂ ਤੇ ਤਬਦੀਲ ਕਰਨ ਦਾ ਪ੍ਰਬੰਧ ਕੀਤਾ ਜਾਂਦਾ ਰਿਹਾ ਹੈ। ਹੁਣ ਤਾਂ ਇਸਦਾ ਉਪਬੰਧ ਪੰਜਾਬ ਇੰਟਾਕਸੀਕੇਂਟ ਲਾਈਸੈਂਸ ਐਂਡ ਸੇਲ ਆਰਡਰਜ਼, 1956 ਦੇ ਰੂਲ ਨੰ: 12 ਵਿਚ ਕਰ ਦਿਤਾ ਹੈ ਇਸ ਤਰਮੀਮ ਦੀ ਕਾਪੀ ਨਾਲ ਨੱਥੀ ਹੈ।

3. ਕੁਝ ਠੇਕੇ ਅਜਿਹੇ ਵੀ ਹਨ ਜਿਥੇ ਬੈਠ ਕੇ ਸ਼ਰਾਬ ਪੀਣ ਦੀ ਵੀ ਆਗਿਆ ਹੁੰਦੀ ਹੈ ਜਿਵੇਂ ਕਿ ਹੋਟਲਾਂ ਵਿਚ ਬਾਰ ਦੇ ਲਸੰਸ ਹਨ। ਇਸ ਤਰ੍ਹਾਂ ਦੇ ਠੇਕਿਆਂ ਦੇ ਲਸੰਸ ਦੇਣ ਤੋਂ ਪਹਿਲਾਂ ਆਸ ਪਾਸ ਦੇ ਵਸਨੀਕਾਂ ਆਦਿ ਤੋਂ ਇਤਰਾਜ਼ ਮਗੇ ਜਾਂਦੇ ਹਨ। ਉਨ੍ਹਾਂ ਇਤਰਾਜ਼ਾਂ ਨੂੰ ਸੁਣਕੇ ਅਤੇ ਪੂਰੀ ਤਰ੍ਹਾਂ ਗੌਰ ਕਰਕੇ ਜੇ ਕਰ ਠੇਕੇ ਦੀ ਥਾਂ ਮੁਨਾਸਬ ਸਮਝੀ ਜਾਵੇ ਤਾਂ ਹੀ ਲਸੰਸ ਦਿਤੇ ਜਾਂਦੇ ਹਨ।

4. ਕੋਈ ਵੀ ਨਵਾਂ ਪਰਚੂਨ ਠੇਕਾ ਖੋਲ੍ਹਣ ਤੋਂ ਪਹਿਲਾਂ ਸਬੰਧਤ ਨਗਰਪਾਲਿਕਾ ਗਰਾਮ ਪੰਚਾਇਤ ਆਦਿ ਅਤੇ ਪੁਲਿਸ ਕਪਤਾਨ ਤੋਂ ਰਜ਼ਾਮੰਦੀ ਲਈ ਜਾਂਦੀ ਹੈ। ਬਹੁ ਗਿਣਤੀ ਦੇ ਠੇਕੇ ਤਾਂ ਕੇਵਲ ਸੀਲ ਬੰਦ ਬੋਤਲਾਂ ਵਿਚ ਸ਼ਰਾਬ ਵੇਚਣ ਲਈ ਹੀ ਹੁੰਦੇ ਹਨ। ਉਨ੍ਹਾਂ ਠੇਕਿਆਂ ਤੇ ਸ਼ਰਾਬ ਪੀਣ ਦੀ ਆਗਿਆ ਨਹੀਂ ਹੁੰਦੀ ਹੈ। ਸ਼ਰਾਬ ਪੀਣ ਵਾਲੇ ਲੋਕਾਂ ਲਈ ਠੇਕੇ ਤੋਂ ਮੁਨਾਸਬ ਦੂਰੀ ਤੇ ਇਕ ਚੰਗੇ ਹੋਟਲ ਵਿਚ ਪ੍ਰਬੰਧ ਕੀਤਾ ਜਾਂਦਾ ਹੈ ਤਾਂ ਜੋ ਅਜਿਹੇ ਝਗੜੇ ਸੜਕ ਤੇ ਆਣ ਜਾਣ ਵਾਲੀਆਂ ਜਗ੍ਹਾ ਉਤੇ ਨਾ ਹੋਣ।

5. ਜਿਥੋਂ ਤਾਈਂ ਇਨ੍ਹਾਂ ਠੇਕਿਆਂ ਦਾ ਬੱਸ ਅੱਡਿਆਂ ਦੇ ਨੇੜੇ ਹੋਣ ਦਾ ਸਬੰਧ ਹੈ ਇਥੇ ਇਹ ਦਸਣਾ ਯੋਗ ਹੋਵੇਗਾ ਕਿ ਸ਼ਰਾਬ ਦੇ ਠੇਕਿਆਂ ਤੋਂ ਸਰਕਾਰ ਨੂੰ ਹੋਣ ਵਾਲੀ

Original with;
Punjab Vidhan Sabha
Digitized by;
Panjab Digital Library

ਆਮਦਨ ਦਾ ਕਾਫੀ ਦਾਰੋ ਮੁਦਾਰ ਠੇਕਿਆਂ ਦੀ ਥਾਂ ਉਤੇ ਹੁੰਦਾ, ਹੈ । ਠੇਕੇਦਾਰ ਬੋਲੀਆਂ ਦੇਣ ਵੇਲੇ ਇਸ ਗੱਲ ਦਾ ਖਾਸ ਧਿਆਨ ਰਖਦੇ ਹਨ । ਜੇਕਰ ਠੇਕੇ ਦੀ ਥਾਂ ਕਿਸੇ ਰੌਣਕਦਾਰ ਬਜ਼ਾਰ, ਬਸ ਸਟੈਂਡ ਆਦਿ ਦੇ ਨੇੜੇ ਹੋਵੇ ਤਾਂ ਉਨ੍ਹਾਂ ਠੇਕਿਆਂ ਤੇ ਸ਼ਰਾਬ ਦੀ ਵਿਕਰੀ ਕਾਫੀ ਜ਼ਿਆਦਾ ਹੋਣ ਦੀ ਸੰਭਾਵਨਾ ਹੁੰਦੀ ਹੈ ਅਤੇ ਠੇਕੇਦਾਰ ਇਨ੍ਹਾਂ ਠੇਕਿਆਂ ਨੂੰ ਲੈਣ ਵਾਸਤੇ ਕਾਫੀ ਵਧ ਚੜ੍ਹ ਕੇ ਬੋਲੀਆਂ ਦਿੰਦੇ ਹਨ । ਜੇਕਰ ਸ਼ਰਾਬ ਦੇ ਠੇਕੇ ਇਸ ਤਰ੍ਹਾਂ ਦੀਆਂ ਥਾਵਾਂ ਤੇ ਨਾ ਹੋਣ ਤਾਂ ਇਹ ਥਾਵਾਂ ਨਾਜਾਇਜ਼ ਸ਼ਰਾਬ ਦੇ ਅੱਡੇ ਬਣ ਜਾਂਦੇ ਹਨ ਤੇ ਸਰਕਾਰ ਵਲੋਂ ਨੀਲਾਮ ਕੀਤੇ ਗਏ ਠੇਕਿਆਂ ਤੇ ਵਿਕਰੀ ਘਟ ਜਾਂਦੀ ਹੈ ਜਿਸ ਨਾਲ ਸਰਕਾਰੀ ਆਮਦਨ ਨੂੰ ਬਹੁਤ ਘਾਟ ਪੈਂਦੀ ਹੈ ।

6. ਜੇਕਰ ਠੇਕੇ ਬਸ-ਸਟੈਂਡ ਤੋਂ ਦੂਰ ਵੀ ਕਰ ਦਿਤੇ ਜਾਣ ਤਾਂ ਜਿਹੜੇ ਲੋਕ ਸ਼ਰਾਬ ਪੀਂਦੇ ਹਨ ਉਹ ਹੋਰ ਕਿਸੀ ਥਾਂ ਦੇ ਠੇਕਿਆਂ ਤੋਂ ਸ਼ਰਾਬ ਲੈਕੇ ਤੇ ਪੀ ਕੇ ਕਿਸੇ ਵੀ ਥਾਂ ਤੇ ਸ਼ੋਰ ਸ਼ਰਾਬਾ ਕਰ ਸਕਦੇ ਹਨ ਅਤੇ ਹੁਲੜਬਾਜ਼ੀ ਕਰ ਸਕਦੇ ਹਨ । ਜਨਤਾ ਵਿਚ ਭੈੜਾ ਅਸਰ ਵੀ ਹੁੰਦਾ ਹੈ । ਇਸਨੂੰ ਰੋਕਣਾ ਸਾਧਾਰਨ ਪੁਲਸ ਦਾ ਕੰਮ ਹੈ । ਠੇਕਿਆਂ ਦਾ ਇਸ ਵਿਚ ਕੋਈ ਝਗੜਾ ਨਹੀਂ ਹੈ । ਕੋਈ ਅਜਿਹਾ ਠੇਕਾ ਜੋ ਬਸ ਸਟੈਂਡ ਦੇ ਨੇੜੇ ਹੋਵੇ ਉਸ ਨੂੰ ਕੁਝ ਦੂਰ ਥਾਂ ਲੈ ਜਾਣ ਦੇ ਨਾਲ ਸ਼ਰਾਬ ਪੀਣ ਵਾਲਿਆਂ ਨੂੰ ਕੋਈ ਫਰਕ ਨਹੀਂ ਪੈਂਦਾ ਹੈ । ਇਸ ਲਈ ਕਿਸੇ ਠੇਕੇ ਨੂੰ ਜਨਤਾ ਦੇ ਖਾਸ ਇਤਰਾਜ਼ ਤੋਂ ਬਿਨਾਂ ਆਪਣੀ ਥਾਂ ਤੋਂ ਬਦਲਣਾ ਯੋਗ ਨਹੀਂ ਹੋਵੇਗਾ । ਸਗੋਂ ਆਪ ਨੀਤੀ ਨਿਸਚਿਤ ਕਰ ਕੇ ਅਜਿਹਾ ਕਰਨਾ ਸਰਕਾਰ ਦੀ ਆਮਦਨ ਵਾਸਤੇ ਹਾਨੀਕਾਰਕ ਹੋ ਸਕਦਾ ਹੈ । ਇਹ ਸੰਭਾਵਨਾ ਬਣੀ ਹੀ ਰਹਿੰਦੀ ਹੈ ਕਿ ਜੇ ਇਕ ਠੇਕੇ ਨੂੰ ਆਪਣੀ ਵਰਤਮਾਨ ਥਾਂ ਤੋਂ ਬਦਲਿਆ ਜਾਵੇ ਤਾਂ ਕਿਸੀ ਹੋਰ ਇਤਰਾਜ਼ ਵਾਲੀ ਜਗ੍ਹਾ ਅਰਥਾਤ ਵਿਦਿਅਕ, ਧਾਰਮਕ, ਜਨ ਮਨੋਰੰਜਨ ਸੰਸਥਾਵਾਂ ਆਦਿ ਦੇ ਨੇੜੇ ਹੋ ਜਾਵੇਗਾ ਜਿਸ ਦਾ ਨਤੀਜਾ ਇਹ ਹੋਵੇਗਾ ਕਿ ਬਹੁਤ ਸਾਰੇ ਠੇਕੇ ਜੋ ਜਨਤਾ ਦੀ ਜਾਇਜ਼ ਸ਼ਰਾਬ ਦੀ ਮੰਗ ਨੂੰ ਪੂਰਾ ਕਰਦੇ ਹਨ, ਬੰਦ ਹੀ ਕਰਨੇ ਪੈਣਗੇ ਜਿਸ ਨਾਲ ਸਰਕਾਰ ਨੂੰ ਬਿਨਾ ਵਜ੍ਹਾ ਆਮਦਨ ਵਿਚ ਹਾਨੀ ਹੋਵੇਗੀ ।

7. ਜੇਕਰ ਕਿਸੇ ਖਾਸ ਠੇਕੇ ਵਿਰੁਧ ਕੋਈ ਸ਼ਕਾਇਤ ਹੋਵੇ ਤਾਂ ਉਸ ਦੀ ਥਾਂ ਨੂੰ ਬਦਲਣ ਬਾਰੇ ਮਹਿਕਮਾ ਵਿਚਾਰ ਕਰਕੇ ਯੋਗ ਕਾਰਵਾਈ ਕਰਨ ਦਾ ਪ੍ਰਯਤਨ ਕਰੇਗਾ ।

Original with;
Punjab Vidhan Sabha
Digitized by;
Panjab Digital Library

PUNJAB GOVERNMENT

Excise and Taxation Department

NOTIFICATION

The 7th October, 1970

No. G.S.R./P.A.I./14/S.S..5, 24, 58 (Amd)/70, In execise of the powers conferred by sections 5, 24 and 58 of the Punjab Excise Act, 1914 (1 of 1914) and all other powers enabling him in this behalf, the Governor of Punjab is pleased to make the following orders without previous publication, further to amend the Punjab Intoxicants License and Sale Orders, 1956, republished with Punjab Government Revenue Department (Excise and Taxation), Notification No. G.S.R. 190/P.A.I./S.S. 5 and 58/64 dated the 18th August, 1964 namely :—

1. (1) These orders may be called the Punjab Intoxicants License and Sale (First Amendment) Orders, 1970.

(2) They shall come into force at once.

2. In the Punjab Intoxicants License and Sale Orders, 1956 for order 12 the following shall be substituted namely :—

'12 If the site of the proposed License is near a Railway Station, Educational Institution, Hospital or any large factory, mill or work-shop, the Collector shall ask for the opinion of the railway, educational or Hospital authorities or commercial firms concerned."

HARI RAM

Deputy Secretary to Government, Punjab,
Excise and Taxation Department.

(REPLY TO CALL ATTENTION NOTICE NO. 18)

Sardar Parkash Singh Badal(Chief Minister):Shri Ajit Singh, Assistant Sub-Inspector of Police was shot dead on 12th July, 1970 at about 10 P.M. in Model town in the jurisdiction of Police Station Division No. 5, Ludhiana. The Police reached the spot at 10.10 P.M. and not at 11.30 P.M., as alleged. The Assistant Sub Inspector does not seem to have been murdered by Goondas but Naxalite conspiracy is suspected, as a Naxalite poster was found at the scene of the occurrence. Necessary arrangements to maintain law and order in district Ludhiana and other districts of the State have been made to meet the threat to law and order. Every effort to arrest the persons responsible for the murder is being made. Steps taken generally for meeting the Naxalite menace have already been communicated by me to the House.

(Serial No. 21).

Comrade Satya Pal Dang: To draw the attention of the Government towards an urgent matter of public importance, namely, wide spread discontentment among the Harijans in the rural areas and the serious situation prevailing in these are as because of the treatme of given to the landless agricultural labourers in a number villages when they demand increased rates for transplanting paddy.

Original with;
Punjab Vidhan Sabha
Digitized by;
Panjab Digital Library

They were confined to their houses. Neither men nor women nor children were allowed to go to fields to answer calls of nature. They were not allowed to get fodder for their cattle from any where. Often they were threatened with fire arms and there are also cases in which shopkeepers were forced to refuse to sell them anything.

These and many worse things happened in such villages as Village Adliwala, P.S. Majitha, District Amritsar. village Chabba. P. S. Sadar District Amritsar, village Shakkianwali, P.O. Jalapur Khera P. S. Veerowal District Amritsar village Mandh, P. S. Jhabbal District Amritsar, village Burj Dunna, P. S. Nihalsinghwala, Tehsil Moga etc. etc.

In view of the obvious and grave importance of the matter Government may please be asked to make a statement in the House.

Sardar Parkash Singh Badal (Chief Minister): Enquiries made in this connection have revealed that some minor disputes between the landowners and the Harijan labourers had cropped up in some villages in Amritsar, Ferozepur, and Sangrur Districts. The Harijan labourers had demanded substantial increase in their wages. These disputes were settled amicably on the intervention of the District Authorities and now the relations between both the parties are cordial in the villages concerned.

It is incorrect to say that there is wide-spread discontentment among the Harijans in the rural areas or elsewhere in the State because of the illtreatment given to them by the Zamindars, The allegations that the Harijans were confined to their houses and were not allowed to go to fields for answering calls of nature or to get fodder for their cattle or were threatened with fire arms have also been found to be incorrect

(ਕ੍ਰਮ ਨੰ: 27)

ਸਰਦਾਰ ਕਿਰਪਾਲ ਸਿੰਘ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ ਜੋ ਲਾਊਡ ਸਪੀਕਰ ਦੇ ਆਮ ਇਸਤੇਮਾਲ ਬਾਰੇ ਹੈ । ਪੰਜਾਬ ਵਿਚ ਸਿਨੇਮਾ ਵਾਲਿਆਂ ਵਲੋਂ ਲਾਊਡ ਸਪੀਕਰ ਤੇ ਸਿਨੇਮਾਂ ਦੇ ਪਰਾਪੇਗੰਡੇ ਨੇ ਨਾਕਾਬਲੇ ਬਰਦਾਸ਼ਤ ਸੂਰਤੇ ਹਾਲ ਪੈਦਾ ਕਰ ਦਿਤੀ ਹੈ । ਖਾਸ ਤੌਰ ਤੇ ਅੰਮ੍ਰਿਤਸਰ ਦੀ ਕਾਰੋਬਾਰੀ ਜ਼ਿੰਦਗੀ ਇਸ ਮੁਸੀਬਤ ਤੋਂ ਬੇਹੱਦ ਪੇਰੇਸ਼ਾਨ ਹੈ ਦਰਜਨ ਤੋਂ ਵੱਧ ਸਿਨੇਮਿਆਂ ਦੇ ਤਿੰਨ ਤਿੰਨ ਚਾਰ ਚਾਰ ਲਾਊਡਸਪੀਕਰ ਗੰਦੇ ਰਿਕਾਰਡ ਵਜਾਉਂਦੇ ਬਾਜ਼ਾਰ ਬਾਜ਼ਾਰ ਘੁਮਦੇ ਫਿਰਦੇ ਹਨ । ਦੁਕਾਨਦਾਰ ਦੀ ਗਾਹਕ ਨਾਲ ਗਲਬਾਤ ਵਿਚ ਲਾਊਡਸਪੀਕਰ ਦੀ ਕੰਨ ਪਾੜਵੀਂ ਆਵਾਜ਼ ਡਾਕੂਆਂ ਵਾਂਗ ਹਮਲਾਆਵਰ ਹੁੰਦੀ ਹੈ । ਟੈਲੀਫਨ ਟਰੰਕਕਾਲ ਦੂਰ ਦੂਰ ਦੇ ਸ਼ਹਿਰਾਂ ਨਾਲ ਚਲ ਰਹੀ ਹੁੰਦੀ ਹੈ ਕਿ "ਇਕ ਤਾਰਾ ਬੋਲੇ ਟੰਨ ਟੰਨ" ਹੋਰੀ ਆਪਣਾ ਪਹਿਲਾ ਹੱਕ ਸਮਝ ਕੇ ਆਵਾਰਦ ਹੁੰਦੇ ਨੇ । ਕਾਫੀ ਰਕਮ ਤੇ ਵਕਤ ਜ਼ਾਇਆ ਕਰਕੇ ਮਿਲੀ ਟਰੰਕਕਾਲ ਲਾਊਡਸਪੀਕਰ ਫ਼ਿਲਮੀ ਸਤਾਰਿਆਂ ਦੀ ਸ਼ਹਿਰ ਵਿਚ ਆਉਣ ਦੀ

Original with;
Punjab Vidhan Sabha
Digitized by;
Panjab Digital Library

ਖੁਸ਼-ਖਬਰੀ ਦੇ ਢੰਡੋਰੇ ਵਿਚ ਲਪੇਟ ਕੇ ਰਾਹ ਪੈਂਦੇ ਨੇ । ਤੰਗ ਬਾਜ਼ਾਰਾਂ ਵਿਚ ਰੁਕੇ ਹੋਏ ਟਰੈਫਕ ਦੇ ਦੋਹਾਂ ਪਾਸੀਂ ਦੋ ਲਾਊਡਸਪੀਕਰਾਂ ਵਾਲੇ ਟਾਂਗੇ ਅਖਾੜੇ ਵਿਚ ਉਤਰ ਆਉਂਦੇ ਹਨ । ਕੰਨ ਪਈ ਆਵਾਜ਼ ਸੁਣਾਈ ਨਹੀਂ ਦਿੰਦੀ । ਗ਼ਲਤ ਫਹਿਮੀ ਵਿਚ ਟਾਂਗਿਆਂ, ਠੇਲਿਆਂ, ਗਡਿਆਂ, ਸਾਈਕਲਾਂ, ਸਕੂਟਰਾਂ ਵਾਲਿਆਂ ਦਾ ਆਪਸ ਵਿਚ ਝਗੜਾ ਚਾਲੂ ਹੋ ਜਾਂਦਾ ਹੈ । ਇਥੇ ਤਕ ਪਦਲ ਔਰਤਾਂ ਬੱਚਿਆਂ ਨੂੰ ਰਾਹ ਮਿਲਣਾ ਮੁਸ਼ਕਲ ਹੋ ਜਾਂਦਾ ਹੈ । ਦਿਨ ਇਸ ਤਰ੍ਹਾਂ ਗੁਜ਼ਰ ਜਾਂਦਾ ਹੈ, ਰਾਤ ਰਸਮੀ ਧਰਮ ਦਿਆਂ ਸੰਤਾਂ, ਭਗਤਾਂ ਦੇ ਮੁਕਾਬਲੇ ਪੈ ਜਾਂਦੀ ਹੈ ਕਿਤੇ ਪਾਠ ਕਿਤੇ ਜੱਗਰਾਤਾ । ਬਿਮਾਰ ਸੌਂ ਨਹੀਂ ਸਕਦੇ, ਬੱਚੇ ਪੜ੍ਹ ਨਹੀਂ ਸਕਦੇ ਜਿਨਾਂ ਨੇ ਆਪਣੇ ਰੱਬ ਨਾਲ ਸਿਰਫ ਦਿਲ ਦੀ ਜ਼ਬਾਨ ਨਾਲ ਗਲ ਕਰਨੀ ਹੀ ਪਸੰਦ ਕਰ ਲਈ ਹੋਈ ਹੈ । ਉਨ੍ਹਾਂ ਦੀ ਹਸਰਤ ਸ਼ੋਰ ਵਿਚ ਗੁਮ ਹੋ ਜਾਂਦੀ ਹੈ । ਐਸਾ ਮਾਲੂਮ ਹੁੰਦਾ ਹੈ ਕਿ ਲਾਊਡਸਪੀਕਰ ਇਸਤੇਮਾਲ ਦਾ ਕੋਈ ਕਾਨੂੰਨ ਪੰਜਾਬ ਵਿਚ ਹੈ ਹੀ ਨਹੀਂ ਜਾਂ ਫਿਰ ਕਾਨੂੰਨ ਮਹਿਜ਼ ਸਿਆਸੀ ਲੋੜਾਂ ਵਾਸਤੇ ਹੈ ਸ਼ਹਿਰਾਂ ਦੇ ਅੱਵਾਮ ਵਿਚ ਦਿਨੋ ਦਿਨ ਇਹ ਖਿਆਲ ਜ਼ੋਰ ਪਕੜ ਰਿਹਾ ਹੈ ਕਿ ਸਰਕਾਰ ਦਾ ਧਿਆਨ ਲੋਕਾਂ ਨੂੰ ਸੁਖਾਵਾਂ ਵਾਤਾਵਰਨ ਦੇਣ ਵਿਚ ਨਹੀਂ ਹੈ । ਸਰਕਾਰ ਲਾਊਡਸਪੀਕਰ ਦੇ ਕਾਰੋਬਾਰੀ ਸੋਸ਼ਲ ਧਾਰਮਕ ਇਸਤੇਮਾਲ ਮੁਤਲਕ ਆਪਣੀ ਪੁਜੀਸ਼ਨ ਬਿਆਨ ਦੇ ਕੇ ਵਾਜਿਆ ਕਰੇ ਤੇ ਪੰਜਾਬ ਦੇ ਅਵਾਮ ਨੂੰ ਇਹ ਦੱਸੇ ਕਿ ਲਾਊਡਸਪੀਕਰ ਦੀ ਵਰਤੋਂ ਦਾ ਕਾਨੂੰਨ ਸਿਰਫ ਸਿਆਸੀ ਲੋੜਾਂ ਵਾਸਤੇ ਹੀ ਨਹੀਂ ਲੋਕਾਂ ਨੂੰ ਸੁਖ ਦੇਣ ਵਾਸਤੇ ਵੀ ਹੈ । ਸਰਕਾਰ ਆਪਣੀ ਪੁਜ਼ੀਸ਼ਨ ਸਦਨ ਦੇ ਸਾਹਮਣੇ ਬਿਆਨ ਕਰੇ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) : ਅੰਮ੍ਰਿਤਸਰ ਸ਼ਹਿਰ ਵਿਚ ਕਿਸੇ ਸਿਨੇਮਾ ਵਾਲੇ ਨੂੰ ਲਾਊਡਸਪੀਕਰ ਉਤੇ ਪ੍ਰਾਪੇਗੰਡਾ ਕਰਨ ਦੀ ਇਜਾਜ਼ਤ ਨਹੀਂ ਦਿਤੀ ਗਈ ਅਤੇ ਨਾ ਹੀ ਅਜਿਹੀ ਸ਼ਿਕਾਇਤ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ ਦੇ ਦਫਤਰ ਵਿਚ ਪੁਜੀ ਹੈ । ਫਿਰ ਵੀ ਜ਼ਿਲੇ ਦੇ ਸੁਪਰਡੰਟ ਪੁਲਿਸ ਨੂੰ ਕਿਹਾ ਗਿਆ ਹੈ ਕਿ ਉਹ ਅਜਿਹੀ ਫਜ਼ੂਲ ਗੱਲ ਨੂੰ ਚੈਕ ਕਰਨ ਅਤੇ ਕਾਨੂੰਨ ਦੀ ਉਲੰਘਣਾ ਕਰਕੇ ਬਿਨਾਂ ਇਜਾਜ਼ਤ ਲਾਊਡਸਪੀਕਰ ਦਾ ਇਸਤੇਮਾਲ ਕਰਨ ਵਾਲਿਆਂ ਦਾ ਚਲਾਨ ਕਰਨ ।

ਪੰਜਾਬ ਵਿਚ ਲਾਊਡਸਪੀਕਰ ਆਦਿ ਯੰਤਰਾਂ ਦੀ ਵਰਤੋਂ ਨੂੰ ਪੰਜਾਬ ਲਾਊਡਸਪੀਕਰ ਆਦਿ ਯੰਤਰ (ਸ਼ੋਰ ਯੰਤਰ) ਐਕਟ, 1956 ਦੇ ਅਧੀਨ ਨਿਯਮਤ ਕੀਤਾ ਜਾਂਦਾ ਹੈ । ਇਸ ਐਕਟ ਦੀ ਧਾਰਾ 3 ਦੇ ਹੇਠ ਕੋਈ ਵਿਅਕਤੀ ਜ਼ਿਲ੍ਹਾ ਮੈਜਿਸਟਰੇਟ ਜਾਂ ਉਸ ਦੁਆਰਾ ਇਸ ਸਬੰਧੀ ਅਧਿਕਾਰਤ ਕਿਸੇ ਅਫਸਰ ਦੀ ਲਿਖਤੀ ਮੰਨਜ਼ੂਰੀ ਅਤੇ ਅਜਿਹੀਆਂ ਸ਼ਰਤਾਂ ਦੀ ਪਾਲਣਾ ਕਰਨ ਤੋਂ ਬਿਨਾਂ ਜੋ ਕਿ ਉਸ ਦੁਆਰਾ ਲਾਈਆਂ ਜਾਣ, ਕਿਸੇ ਇਹਾਤੇ ਵਿਚ ਜਾਂ ਉਸ ਵਿਚ ਬਣੀ ਕਿਸੇ ਇਮਾਰਤ ਤੇ ਅਜਿਹੀ ਅਵਾਜ਼ ਰੱਖ ਕੇ ਜਿਹੜੀ ਕਿ ਉਸ ਦੀ ਹਦੂਦ ਤੋਂ ਬਾਹਰ ਸੁਣਦੀ ਹੋਵੇ, ਕਿਸੇ ਯੰਤਰ ਦੀ ਵਰਤੋਂ ਨਹੀਂ ਕਰੇਗਾ, ਜਾਂ ਉਹ ਨੂੰ ਨਹੀਂ ਚਲਾਏਗਾ । ਇਸ ਐਕਟ ਦੀ ਧਾਰਾ 4, ਇਹ ਪਾਬੰਧੀ ਲਾਂਦੀ ਹੈ ਕਿ ਕੋਈ ਵਿਅਕਤੀ ਜ਼ਿਲ੍ਹਾ ਮੈਜਿਸਟਰੇਟ, ਜਾਂ ਉਸ ਦੁਆਰਾ ਇਸ ਸਬੰਧੀ ਅਧਿਕਾਰਤ ਕਿਸੇ ਅਫਸਰ ਦੀ ਲਿਖਤੀ ਮਨਜ਼ੂਰੀ ਅਤੇ ਅਜਿਹੀਆਂ ਸ਼ਰਤਾਂ ਦੀ ਪਾਲਣਾ ਕਰਨ ਤੋਂ ਬਿਨਾਂ ਜੋ ਕਿ ਉਸ ਤੇ ਲਾਈਆਂ ਜਾਣ, ਦਸ ਵਜੇ ਰਾਤ ਤੋਂ ਛੇ ਵੱਜੇ ਸਵੇਰ ਤੱਕ ਦੇ ਸਮੇਂ ਵਿਚਕਾਰ ਕਿਸੇ ਯੰਤਰ ਦੀ ਵਰਤੋਂ ਨਹੀਂ ਕਰੇਗਾ ਜਾਂ ਉਸ ਨੂੰ ਨਹੀਂ

Original with;
Punjab Vidhan Sabha
Digitized by;
Panjab Digital Library

ਚਲਾਏਗਾ । ਲਾਊਡਸਪੀਕਰ ਦੀ ਵਰਤੋਂ ਕਰਨ ਦੀ ਆਗਿਆ ਲੈਣ ਲਈ ਪ੍ਰਾਰਥਨਾ ਪੱਤਰ ਤੇ 5 ਰੁਪਏ ਰੋਜ਼ ਦੇ ਹਿਸਾਬ ਨਾਲ ਕੋਰਟ ਫ਼ੀਸ ਲਈ ਜਾਂਦੀ ਹੈ । ਐਕਟ ਦੇ ਉਪਬੰਦੀ ਦੀ ਉਲੰਘਣਾ ਮੁਦਾਖਲਤ ਯੋਗ ਅਪਰਾਧ ਹੈ ਤੇ ਉਲੰਘਣਾ ਕਰਨ ਵਾਲੇ ਨੂੰ ਛੇ ਮਹੀਨਿਆਂ ਤੱਕ ਦੇ ਸਮੇ ਲਈ ਕਿਸੇ ਵੀ ਤਰ੍ਹਾਂ ਕੈਦ ਜਾਂ ਇਕ ਹਜ਼ਾਰ ਰੁਪਏ ਤੱਕ ਜੁਰਮਾਨੇ ਜਾਂ ਦੋਵਾਂ ਦੀ ਸਜ਼ਾ ਦਿੱਤੀ ਜਾ ਸਕਦੀ ਹੈ ।

ਉਪਰੋਕਤ ਕਾਨੂੰਨੀ ਵੇਰਵੇ ਤੋਂ ਇਹ ਸਪਸ਼ਟ ਹੈ ਕਿ ਲਾਊਡ ਸਪੀਕਰ ਆਦਿ ਯੰਤਰਾਂ ਦੀ ਵਰਤੋਂ ਬਿਨਾਂ ਸਮਰਥ ਅਧਿਕਾਰੀ ਦੀ ਮੰਨਜੂਰੀ ਤੋਂ ਨਹੀਂ ਕੀਤੀ ਜਾ ਸਕਦੀ ਤੇ ਉਨ੍ਹਾਂ ਸਭ ਸ਼ਰਤਾਂ ਦੀ ਪਾਲਣਾ ਅਵੱਸ਼ਕ ਹੈ ਜੋ ਇਸ ਦੇ ਨਾਲ ਲਾਈਆਂ ਜਾਣ, ਲਾਊਡਸਪੀਕਰ ਦੀ ਵਰਤੋਂ ਦੱਸ ਵਜੇ ਰਾਤ ਤੋਂ ਛੇ ਵਜੇ ਸਵੇਰ ਤੱਕ ਦੇ ਸਮੇਂ ਦੇ ਵਿਚਕਾਰ ਨਹੀਂ ਕੀਤੀ ਜਾ ਸਕਦੀ । ਇਹ ਸਭ ਪਾਬੰਦੀਆਂ ਇਸ ਲਈ ਲਾਈਆਂ ਗਈਆਂ ਹਨ ਕਿ ਆਵਾਜ਼ ਪੈਦਾ ਕਰਨ ਵਾਲੇ ਯੰਤਰਾਂ ਦੀ ਸੂਝ ਬੂਝ ਨਾਲ ਯਥਾ ਯੋਗ ਫਰਤੋਂ ਕੀਤੀ ਜਾ ਸਕੇ ਤੇ ਇਸ ਦੇ ਨਾਲ ਊਧਮ ਨਾ ਮਚਾਇਆ ਜਾਵੇ । ਵਿਦਿਆਰਥੀਆਂ ਦੀ ਪੜ੍ਹਾਈ ਤੇ ਆਮ ਜਨਤਾ ਨੂੰ ਅਰਾਮ ਰਹੇ । ਨਿਰਸੰਦੇਹ ਜੋ ਉਪਰੋਕਤ ਐਕਟ ਦੀ ਠੀਕ ਤਰ੍ਹਾਂ ਪਾਲਣਾ ਕੀਤੀ ਜਾਵੇ ਤਾਂ ਲਾਊਡ ਸਪੀਕਰ ਦੀ ਵਰਤੋਂ ਕਦਾਚਿਤ ਇਤਰਾਜ਼ ਯੋਗ ਨਤੀਜੇ ਪੈਦਾ ਨਹੀਂ ਕਰ ਸਕਦੀ । ਇਸ ਐਕਟ ਦੀ ਕੜੀ ਪਾਲਣਾ ਕਰਨ ਲਈ ਫਿਰ ਤੋਂ ਹਦਾਇਤਾਂ ਕੀਤੀਆਂ ਗਈਆਂ ਹਨ । ਹਾਲ ਵਿਚ ਜ਼ਿਲ੍ਹਾ ਮੈਜਿਸਟਰਟ ਨੂੰ ਮੁੜ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਜੋ ਲੋਕ ਰਾਤ ਨੂੰ 10 ਵਜੇ ਤੋਂ ਲੈ ਕੇ ਸਵੇਰੇ 6 ਵਜੇ ਤੱਕ ਲਾਊਡ ਸਪੀਕਰ ਵਜਾਣ ਉਨ੍ਹਾਂ ਦੀ ਲਿਖਤੀ ਮੰਜ਼ੂਰੀ ਬਗੈਰ ਵਜਾਉਣ ਉਨ੍ਹਾਂ ਵਿਰੁਧ ਕਾਨੂੰਨੀ ਕਾਰਵਾਈ ਕੀਤੀ ਜਾਵੇ ।

STARRED QUESTIONS AND ANSWERS

ALLEGED MISAPPROPRIATION AND MALDISTRIBUTION OF SEEDS BY AGRICULTURE INSPECTORS

*2018. **Sardar Kirpal Singh** : Will the Minister for Agriculture be pleased to state—

(a) whether any cases of misappropriation and maldistribution of Seeds by the Agriculture Inspectors came to the notice of Government during the years 1968-69; if so, a list of such cases be placed on the Table of the House;

(b) the names and full addresses of the officials involved in each of the said cases ;

(c) the quantity of the seed misappropriated and the amount involved in each of these cases ;

(d) the action taken by the Government in each case and the results thereof ;

(e) the action taken by the Government so far to make good the financial loss suffered by the Government in connection with each of the said cases together with the amount recovered in each case ;

(f) whether there is any proposal under the consideration of the Government to ask the officials employed for distributing the Seeds to furnish sureties with a view to avoid the recurrence of such losses in future ?

Original with;
Punjab Vidhan Sabha
Digitized by;
Panj

Minister for Agriculture : (a) to (f) A list is enclosed—

MALDISTRIBUTION OF SEEDS BY AGRICULTURE INSPECTORS

(a) and (b)	(c)	(d) and (e)	(f)
Sh. Ram Kishan, Agricultural Inspector, Valtona block Tehsil Patti, district Amritsar,	200 quintals of Kalyan wheat seed costing Rs. 38,000 approximately.	The case has been got registered with the police for investigation. The police has not so far submitted the report. The official has been placed under suspension.	The major portion of the seeds are to be distributed through the 'Marketing Federation. The seeds are supplied on cash payment. Only small quantity of foundation seed is to be sold through the field staff for which a surety of Rs. 750 is taken from each Agricultural Inspector.
Sh Pritam Singh, Agricultural Inspector, Tarn Taran, district Amritsar	200 quintals of wheat seed costing Rs. 20,000.	Ditto	
Sh. Jasbir Singh, Agricultural Inspector, Narot Jaimal Singh Block, district Gurdaspur.	925.40 quintals of wheat seed and 9 quintals of Barseam seed costing Rs. 58,772	Ditto	
Sh. Baldev Singh, Agricultural Inspector Bhatinda.	Hybrid Maize 84 bags, Bajra 19.52 quintals, S—308 wheat 27.80 quintals, Kalyan—227 wheat 413 quintal and gunny bags 3701 costing, Rs. 1,04762.	Ditto	
Sh. Manjit Singh, Agricultural Inspector, Amritsar.	A sum of Rs. 1,89,000 is reported to have been embezzled by this official on account of Sale/Purchase of different varieties of seed. The details can not be given as the relevant record is lying with the police authorities.	The offical was arrested by the police and is on bail. The case is still under investigation by the C.I.A. staff.	

X

Original with;
Punjab Vidhan Sabha
Digitized by;
Panjab Digital Library

Sh. Gurdev Singh, Agricultural Inspector, Talwandi Sabo, District Bhatinda.	A sum of Rs. 47,800 has been misappropriated by this official on account of purchase/sale of different varieties of seeds. Details cannot be given as the relevant record is with the police authorities,	The case has been got registered with the police and is still under investigation.
Sh. Hardev Singh, Agricultural Inspector, Amritsar.	A sum of Rs. 1080 has been embezzled by the offical on account of cost of 60 bags containing 6.50 quintals of Hybrid Maize seed.	The case has been got registered with the police and is still under investigation-

Original with;
Punjab Vidhan Sabha
Digitized by;
Panjab Digital Library

GOVERNMENT SCHOOLS IN RENTED BUILDINGS

*1978. **Sh. Gian Chand Kharbanda** : Will the Minister for Education be pleased to —

(a) lay on the table of the House (i) list of Government Schools, Primary, Middle, High and Higher Secondary which are housed at present in rented buildings together with the amount of rent paid monthly in each case; (ii) list of such Government Schools for which Government has constructed new buildings since 1st April, 1968; (iii) list of Government Schools which have been newly started at Amritsar City since 1st April, 1968 or have been upgraded;

(b) state whether any steps have been taken to construct buildings for Government Schools which are at present housed in rented buildings, if so the, details thereof ?

Sardar Surjit Singh : (a) (i) The requisite information is placed on the Table of the House (Annexure 'A')

(ii) The building of Government Primary School, Dhianpur (Gurdaspur) is under construction;

(iii) No new school has been started in Amritsar City since 1st April, 1968. However, Government Primary School, Gali Bhagatan Wali has been upgraded to Middle.

(b) Consequent upon the provincialisation of Local Body Schools, most of the Schools were in rented buildings. Due to the recent verdict of the Supreme Court, the matter regarding permanently taking over of these Schools is still under the consideration of the Government. However, steps are being taken to construct the new building of Government Girls High School, Nawankot, Amritsar, as soon as possible.

(ੲ) (i) ਸੂਚਨਾ ਸਦਨ ਦੀ ਮੇਜ਼ ਤੇ ਅਨੁਲਗ 'ੲ' ਅਨੁਸਾਰ ਰਖੀ ਜਾਂਦੀ ਹੈ ।

(ii) ਗੌਰਮਿੰਟ ਪ੍ਰਾਇਮਰੀ ਸਕੂਲ, ਧਿਆਨਪੁਰ (ਗੁਰਦਾਸਪੁਰ) ਦੀ ਇਮਾਰਤ ਬਣ ਰਹੀ ਹੈ ।

(iii) ਅੰਮ੍ਰਿਤਸਰ ਸ਼ਹਿਰ ਵਿਖੇ ਕੋਈ ਨਵਾਂ ਸਕੂਲ 1 ਅਪਰੈਲ, 1968 ਤੋਂ ਨਹੀਂ ਖੋਲ੍ਹਿਆ ਗਿਆ ਪਰੰਤੂ ਗੌਰਮਿੰਟ ਪ੍ਰਾਇਮਰੀ ਸਕੂਲ, ਗਲੀ ਭਗਤਾਂ ਵਾਲੀ ਦਾ ਪੱਧਰ ਉਚਾ ਕਰਕੇ ਮਿਡਲ ਬਣਾਇਆ ਹੈ ।

(ਬੀ) ਕਿਰਾਏ ਦੀਆਂ ਇਮਾਰਤਾਂ ਵਿਚ ਚਲ ਰਹੇ ਜ਼ਿਆਦਾ ਤਰ ਸਕੂਲ ਪ੍ਰਾਂਤੀਕਰਣ ਕਰਨ ਸਮੇਂ ਸਰਕਾਰ ਦੇ ਕੰਟਰੋਲ ਹੇਠ ਆਏ ਸਨ ਪਰ ਪ੍ਰਾਂਤੀਕਰਣ ਸਕੂਲਾਂ ਨੂੰ ਪੱਕੇ ਤੌਰ ਤੇ ਸਰਕਾਰ ਦੇ ਅਧੀਨ ਲੈਣ ਬਾਰੇ ਸੁਪਰੀਮ ਕੋਰਟ ਦੇ ਫਸਲੇ ਤੋਂ ਉਤਪੰਨ ਹੋਈ ਸਥਿਤੀ ਉਪਰੰਤ ਮੁਆਮਲਾ ਸਰਕਾਰ ਦੇ ਵਿਚਾਰ ਅਧੀਨ ਹੈ । ਫਿਰ ਵੀ ਸਰਕਾਰੀ ਗਰਲਜ਼ ਹਾਈ ਸਕੂਲ, ਨਵਾਂ ਕੋਟ, ਅੰਮ੍ਰਿਤਸਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਜਲਦੀ ਤੋਂ ਜਲਦੀ ਸ਼ੁਰੂ ਕਰਾਉਣ ਲਈ ਯਤਨ ਕੀਤੇ ਜਾ ਰਹੇ ਹਨ ।

Original with;
Punjab Vidhan Sabha
Digitized by;
Panjab Digital Library

(ਅਨੁਲਗ ਏ)

ਭਾਗ ਏ

ਲੜੀ ਨੰ:	ਸਕੂਲ ਦਾ ਨਾਂ	ਮਾਹਵਾਰ ਕਿਰਾਇਆ
	ਜ਼ਿਲਾ ਅੰਮ੍ਰਿਤਸਰ	ਰੁਪਏ ਪੈਸੇ
1.	ਗੌਰਮਿੰਟ ਹਾਇਰ ਸੈਕੰਡਰੀ ਸਕੂਲ, ਡੈਮਗੰਜ, ਅੰਮ੍ਰਿਤਸਰ	65.00
2.	,, ,, ਜੰਡਿਆਲਾ ਗੁਰੂ (ਕੁਝ ਭਾਗ)	60.00
3.	ਗੌਰਮਿੰਟ ਗਰਲਜ਼ ਹਾ: ਸੈ: ਸ:, ਮਹਾਂ ਸਿੰਘ ਗੇਟ, ਅੰਮ੍ਰਿਤਸਰ	500.00
4.	,, ,, ਜੰਡਿਆਲਾ ਗੁਰੂ	675.00
5.	,, ,, ਕੈਰੋਂ	100.00
6.	,, ,, ਤਰਨ ਤਾਰਨ	100.00
7.	ਗੌਰਮਿੰਟ ਹਾਈ ਸਕੂਲ, ਛਹਿਰਟਾ	300.00
8.	ਗੌਰਮਿੰਟ ਗਰਲਜ਼ ਹਾਈ ਸਕੂਲ, ਪੱਟੀ	65.00
9.	,, ,, ਸੂਰ ਸਿੰਘ ਨਵਾਂ ਕੋਟ, ਅੰਮ੍ਰਿਤਸਰ	40.00
10.	ਗੌਰਮਿੰਟ ਮਿਡਲ ਸਕੂਲ ਚੌਕ ਪਾਸੀਆਂ, ਅੰਮ੍ਰਿਤਸਰ	380.00
11.	,, ,, ਸੂਰ ਸਿੰਘ	91.00
12.	ਗੌਰਮਿੰਟ ਪ੍ਰਾਇਮਰੀ ਸਕੂਲ, ਰਮਦਾਸ	18.00
13.	,, ,, ਗੋਪਾਲ ਨਗਰ	30.00
14.	,, ,, ਜੰਡਿਆਲਾ ਗੁਰੂ ਨੰ: 1	65.00
15.	,, ,, ਜੰਡਿਆਲਾ ਨੰ: 1	60.00
16.	,, ,, ਪੱਟੀ ਨੰ: 1	25.00
17.	,, ,, ਪੱਟੀ ਨੰ: 2	95.00
18.	,, ,, ਤਰਨ ਤਾਰਨ ਨੰ: 2	30.00
19.	,, ,, ਚੌਕ ਬਾਬਾ ਸਾਹਿਬ, ਅੰਮ੍ਰਿਤਸਰ	96.00
20.	,, ,, ਜੌੜਾ ਪਿਪਲ	125.00
21.	,, ,, ਦਾਲ ਮੰਡੀ	100.00
22.	,, ,, ਬਜ਼ਾਰ ਮਾਈ ਸੇਵਾਂ	15.00
23.	,, ,, ਬਾਗ ਝੰਡਾ ਸਿੰਘ	125.00
24.	,, ,, ਕਟੜਾ ਖਜਾਨਾ	86.25
25.	,, ,, ਸ਼ਰੀਫਪੁਰਾ	95.00
26.	,, ,, ਕੱਟੜਾ ਪਰਜਾ	65.00
27.	,, ,, ਗੁਰੂ ਮਹੱਲ	91.25
28.	,, ,, ਬੇਰੀ ਗੇਟ	165.00

Original with;
Punjab Vidhan Sabha
Digitized by;
Panjab Digital Library

ਲੜੀ ਨ:	ਸਕੂਲ ਦਾ ਨਾਂ	ਮਾਹਵਾਰ ਕਿਰਾਇਆ

ਜ਼ਿਲ੍ਹਾ ਅੰਮ੍ਰਿਤਸਰ—ਜਾਰੀ

29.	ਗੌਰਮਿੰਟ ਪ੍ਰਾਇਮਰੀ ਸਕੂਲ, ਇਸਲਾਮਾਬਾਦ	10.00
30.	,, ,, ਸੈਂਟਰਲ ਵਰਕਸ਼ਾਪ	2.00
31.	,, ,, ਕੱਟੜਾ ਢੂਲੋਂ	56.25
32.	,, ,, ਸਰਕੂਲਰ ਰੋਡ	115.00
33.	ਗੌਰਮਿੰਟ ਗਰਲਜ਼ ਪ੍ਰਾਇਮਰੀ ਸਕੂਲ, ਸ਼ਰੀਫਪੁਰਾ	40.00
34.	ਗੌਰਮਿੰਟ ਜੇ. ਬੀ. ਟੀ. ਸਕੂਲ, ਸਰਹਾਲੀ	682.00

ਜ਼ਿਲ੍ਹਾ ਜਲੰਧਰ (2)

		ਰੁਪਏ ਪੈਸੇ
1.	ਗੌਰਮਿੰਟ ਗਰਲਜ਼ ਹਾਈ ਸਕੂਲ, ਬੰਗਾ	80.00
2.	,, ,, ਜੰਡਿਆਲਾ	20.00
3.	,, ,, ਬਿਲਗਾ	20.00
4.	ਗੌਰਮਿੰਟ ਮਿਡਲ ਸਕੂਲ, ਸ਼ਾਹਕੋਟ	30.00
5.	,, ,, ਫਰਾਲਾ	25.00
6.	ਗੌਰਮਿੰਟ ਗਰਲਜ਼ ਮਿਡਲ ਸਕੂਲ, ਜਮਸ਼ੇਰ	49.05
7.	ਗੌਰਮਿੰਟ ਪ੍ਰਾਇਮਰੀ ਸਕੂਲ, ਰਾਹੋਂ	12.00
8.	,, ,, ਗਾਂਧੀ ਨਗਰ	40.00
9.	,, ,, ਰੇਲਵੇ ਰੋਡ	50.00
10.	,, ,, ਅਲਾਵਲਪੁਰ	7.00
11.	,, ,, ਨਵਾਂ ਸ਼ਹਿਰ	41.66
12.	,, ,, ਬੰਗਾ	49.00
13.	,, ,, ਜੰਡਿਆਲਾ	27.00
14.	,, ,, ਦਾਨਿਸਮੰਦਾ	120.00
15.	,, ,, ਬਸਤੀ ਗੁਜਾਂ	99.00
16.	,, ,, ਕਿਸ਼ਨਪੁਰਾ	48.50
17.	,, ,, ਸੈਂਟਰਲ ਟਾਊਨ	80.00
18.	,, ,, ਕਿਲਾ ਮਹੱਲਾ	93.00
19.	,, ,, ਮਿੱਠਾ ਬਾਜ਼ਾਰ	280.00
20.	ਗੌਰਮਿੰਟ ਗਰਲਜ਼ ਪ੍ਰਾਇਮਰੀ ਸਕੂਲ, ਰਾਹੋਂ	8.00

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਸਕੂਲ ਦਾ ਨਾਂ	ਮਾਹਵਾਰ ਕਿਰਾਇਆ

ਜ਼ਿਲ੍ਹਾ ਲੁਧਿਆਣਾ (3)

		ਰੁਪਏ ਪੈਸੇ
1.	ਗੌਰਮਿੰਟ ਗਰਲਜ਼ ਹਾਇਰ ਸੈਕੰਡਰੀ ਸਕੂਲ, ਸਿਵਲ ਲਾਈਨਜ਼, ਲੁਧਿਆਣਾ	1178.00
2.	ਗੌਰਮਿੰਟ ਗਰਲਜ਼ ਹਾਈ ਸਕੂਲ, ਡਵੀਜਨ ਨੰ: 3 ਲੁਧਿਆਣਾ	350.00
3.	ਗੌਰਮਿੰਟ ਗਰਲਜ਼ ਹਾਈ ਸਕੂਲ, ਰਾਏਕੋਟ	160.00
4.	ਗੌਰਮਿੰਟ ਕੋ-ਐਜੂਕੇਸ਼ਨਲ ਮਿਡਲ ਸਕੂਲ ਮਾਡਲ ਟਾਊਨ, ਲੁਧਿਆਣਾ	110.00
5.	ਗੌਰਮਿੰਟ ਕੋ-ਐਜੂਕੇਸ਼ਨਲ ਮਿਡਲ ਸਕੂਲ, ਜਗਰਾਉਂ ਬਿਰਜ	24.00
6.	,, ਪ੍ਰਾਇਮਰੀ ਸਕੂਲ, ਵੇਕ ਫੀਲਡ ਗੰਜ, ਲੁਧਿਆਣਾ	267.95
7.	,, ,, ਪੋਸਟ ਆਫ਼ਿਸ ਰੋਡ, ਲੁਧਿਆਣਾ	125.00
8.	,, ,, ਦਰੇਸੀ ਰੋਡ, ਲੁਧਿਆਣਾ	105.00
9.	ਗੌਰਮਿੰਟ ਪ੍ਰਾਇਮਰੀ ਸਕੂਲ, ਮਿਲਰ ਗੰਜ, ਲੁਧਿਆਣਾ	87.00
10.	,, ,, ਮਿਲਰ ਗੰਜ, ਨੰ. 6 ਲੁਧਿਆਣਾ	100.00
11.	,, ,, ਨਿਰੰਕਾਰੀ ਮਹੱਲਾ, ਲੁਧਿਆਣਾ	60.00
12.	,, ,, ਮਾਧੋਪੁਰੀ, ਲੁਧਿਆਣਾ	5.00
13.	,, ,, ਰਾਏ ਕੋਟ, ਲੁਧਿਆਣਾ	30.00
14.	,, ,, ਖੰਨਾ ਨੰ: 1	73.00
15.	,, ,, ,, 2	42.00
16.	,, ,, ,, 4	95.00
17.	,, ,, ,, 7	40.00
18.	ਗੌਰਮਿੰਟ ਗਰਲਜ਼ ਪ੍ਰਾਇਮਰੀ ਸਕੂਲ, ਸਮਰਾਲਾ	140.00
19.	,, ,, ਸੈਂਟਰਲ, ਜਗਰਾਉਂ	45.00
20.	ਗੌਰਮਿੰਟ ਸੇਵਾ ਅਧੀਨ ਖੇਤੀਬਾੜੀ ਸਿਖਿਆ ਵਿਭਾਗ, ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ	60.00

ਜ਼ਿਲ੍ਹਾ ਕਪੂਰਥਲਾ (4)

1.	ਗੌਰਮਿੰਟ ਹਾਇਰ ਸੈਕੰਡਰੀ ਸਕੂਲ, ਹਦੀਆ ਬਾਦ (ਪ੍ਰਾਇਮਰੀ ਭਾਗ)	149.00
2.	ਗੌਰਮਿੰਟ ਹਾਈ ਸਕੂਲ, ਨਡਾਲਾ (ਪ੍ਰਾਇਮਰੀ ਵਿਭਾਗ)	6.68

Original with;
Punjab Vidhan Sabha
Digitized by;
Panjab Digital Library

ਲੜੀ ਨ:	ਸਕੂਲ ਦਾ ਨਾਂ	ਮਾਹਵਾਰੀ ਕਿਰਾਇਆ ਰੁਪਏ ਪੈਸੇ
	ਜ਼ਿਲ੍ਹਾ ਹੁਸ਼ਿਆਰਪੁਰ (5)	
1.	ਗੌਰਮਿੰਟ ਗਰਲਜ਼ ਹਾਈ ਸਕੂਲ, ਟਾਂਡਾ ਉੜਮੁੜ	70.00
2.	,, ,, ਨਵੀਂ ਆਬਾਦੀ	68.75
3.	ਗੌਰਮਿੰਟ ਪ੍ਰਾਇਮਰੀ ਸਕੂਲ, ਕਿਸ਼ਨਾ ਨਗਰ	50.00
4.	ਗੌਰਮਿੰਟ ਪ੍ਰਾਇਮਰੀ ਸਕੂਲ ਡੀਬੇਟ, ਪ੍ਰਾਇਮਰੀ ਸਕੂਲ, ਸਤੈਹਰੀ ਰੋਡ	40.00
5.	,, ,, ਕੱਚਾ ਟੋਭਾ	40.00
6.	,, ,, ਚੌਕ ਸਰਾਜਾਂ	55.00
7.	,, ,, ਦਸੂਹਾ	70.00
8.	,, ,, ਸ਼ਾਮ ਚੁਰਾਸੀ	10.00
9.	,, ,, ਬੱਸੀ ਕਲਾਂ	4.00
	ਜ਼ਿਲ੍ਹਾ ਫਿਰੋਜ਼ਪੁਰ (6)	
1.	ਗੌਰਮਿੰਟ ਗਰਲਜ਼ ਹਾਈ ਸਕੂਲ, ਜ਼ੀਰਾ	155.00
2.	ਗੌਰਮਿੰਟ ਪ੍ਰਾਇਮਰੀ ਸਕੂਲ, ਮੋਗਾ 1	92.00
3.	,, ,, ,, 2	65.00
4.	,, ,, ਬਸਤੀ ਟੈਕਾਂਵਾਲੀ	37.00
5.	,, ,, ਜੁਲਲੀ	200.00
6.	,, ,, ਬਸਤੀ ਭਟੀਆਂ ਵਾਲੀ	48.37
7.	,, ,, ਟਾਹਲੀ ਮਹੱਲਾ	140.00
8.	,, ,, ਤੂੜੀ ਬਜ਼ਾਰ	60.00
	ਜ਼ਿਲ੍ਹਾ ਪਟਿਆਲਾ (7)	
1.	ਗੌਰਮਿੰਟ ਹਾਇਰ ਸੈਕੰਡਰੀ ਸਕੂਲ, ਮਡੀ ਗੋਬਿੰਦ ਗੜ੍ਹ (ਪ੍ਰਾਇਮਰੀ ਬਰਾਂਚ)	125.00
2.	ਗੌਰਮਿੰਟ ਹਾਈ ਸਕੂਲ, ਸਨੌਰ (ਪ੍ਰਾਇਮਰੀ ਸਕੂਲ)	75.00
3.	,, ,, ਸਮਾਨਾ (ਹੋਸਟਲ)	75.00
4.	ਗੌਰਮਿੰਟ ਗਰਲਜ਼ ਹਾਇਰ ਸੈਕੰਡਰੀ ਸਕੂਲ, ਸਰਹਿੰਦ ਮੰਡੀ (ਪ੍ਰਾਇਮਰੀ ਬਰਾਂਚ)	153.00
5.	ਗੌਰਮਿੰਟ ਗਰਲਜ਼ ਹਾਈ ਸਕੂਲ, ਸਨੌਰ	243.25
6.	,, ,, ਰਾਜਪੁਰਾ	407.00
7.	ਗੌਰਮਿੰਟ ਗਰਲਜ਼ ਮਿਡਲ ਸਕੂਲ, ਲਾਲੜੂ (ਪ੍ਰਾਇਮਰੀ ਬਰਾਂਚ)	122.00
8.	ਗੌਰਮਿੰਟ ਮਿਡਲ ਸਕੂਲ, ਪਟਿਆਲਾ ਛਾਉਣੀ	380.00
9.	ਗੌਰਮਿੰਟ ਪ੍ਰਾਇਮਰੀ ਸਕੂਲ, ਗੋਬਿੰਦ ਨਗਰ	50.00

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਸਕੂਲ ਦਾ ਨਾਂ	ਮਾਹਵਾਰ ਬਕਾਇਆ
	ਜ਼ਿਲ੍ਹਾ ਪਟਿਆਲਾ—ਸਮਾਪਤ	
		ਰੁਪਏ ਪੈਸੇ
10.	ਗੌਰਮਿੰਟ ਪ੍ਰਾਇਮਰੀ ਸਕੂਲ, ਲਾਹੌਰੀ ਗੇਟ, ਪਟਿਆਲਾ	150.00
11.	,, ,, ਕਾਲੋਂੜੀ ਗੇਟ, ਪਟਿਆਲਾ	126.00
12.	,, ,, ਮੀਰ ਕੰਦਲਾ, ਪਟਿਆਲਾ	109.00
13.	,, ,, ਸ਼ੇਰਾਂ ਵਾਲਾ ਗੇਟ, ਪਟਿਆਲਾ	212.00
14.	,, ,, ਸਮਾਣੀਆਂ ਗੇਟ, ਪਟਿਆਲਾ	40.00
15.	,, ,, ਸਰਹਿੰਦ	40.00
	ਜ਼ਿਲ੍ਹਾ ਬਠਿੰਡਾ (8)	
1.	ਗੌਰਮਿੰਟ ਗਰਲਜ਼ ਹਾਈ ਸਕੂਲ, ਬੁਢਲਾਡਾ	185.00
2.	ਗੌਰਮਿੰਟ ਹਾਈ ਸਕੂਲ, ਬੁਢਲਾਡਾ	48.00
3.	ਗੌਰਮਿੰਟ ਪ੍ਰਾਇਮਰੀ ਸਕੂਲ, ਵਾਰਡ ਨੰ: 9 ਕੋਟਕਪੂਰਾ	200.00
	ਜ਼ਿਲ੍ਹਾ ਸੰਗਰੂਰ (9)	
1.	ਗੌਰਮਿੰਟ ਹਾਈ ਸਕੂਲ, ਹੰਡਿਆਲਾ (ਕੁਝ ਭਾਗ)	20.00
2.	ਗੌਰਮਿੰਟ ਗਰਲਜ਼ ਹਾਈ ਸਕੂਲ, ਬਰਨਾਲਾ	235.00
3.	,, ,, ਮਾਲੇਰਕੋਟਲਾ (ਕੁਝ ਭਾਗ)	85.00
4.	ਗੌਰਮਿੰਟ ਪ੍ਰਾਇਮਰੀ ਸਕੂਲ, ਮੰਗਲਵਾਲ	35.00
5.	,, ,, ਬਰਨਾਲਾ	45.00
6.	,, ,, ਬਾਜੀਗਰ ਬਸਤੀ, ਧੂਰੀ	30.00
7.	,, ,, ਅਹਿਮਦਗੜ੍ਹ	60.00
	ਜ਼ਿਲ੍ਹਾ ਰੋਪੜ (10)	
1.	ਗੌਰਮਿੰਟ ਗਰਲਜ਼ ਹਾਇਰ ਸੈਕੰਡਰੀ ਸਕੂਲ, ਰੋਪੜ	620.78
2.	ਗੌਰਮਿੰਟ ਹਾਈ ਸਕੂਲ, ਕਨੌਲੀ (ਪ੍ਰਾਇਮਰੀ ਸੈਕਸ਼ਨ)	20.00
3.	,, ਮੁਲਾਂਪੁਰ (,,)	40.00
4.	,, ਖਿਜਰਾ ਬਾਦ (ਕੁਝ ਹਿਸਾ)	3.00
5.	ਗੌਰਮਿੰਟ ਗਰਲਜ਼ ਹਾਈ ਸਕੂਲ, ਆਨੰਦਪੁਰ ਸਾਹਿਬ	100.00
6.	ਗੌਰਮਿੰਟ ਗਰਲਜ਼ ਹਾਈ ਸਕੂਲ, ਕੁਰਾਲੀ	74.00
7.	ਗੌਰਮਿੰਟ ਪ੍ਰਾਇਮਰੀ ਸਕਲ, ਖਰੜ—1	49.00
8.	,, ਖਰੜ—2	
9.	ਗੌਰਮਿੰਟ ਪ੍ਰਾਇਮਰੀ ਸਕੂਲ, ਕੁਬਾ ਹੇੜੀ	3.00
10.	ਗੌਰਮਿੰਟ ਪ੍ਰਾਇਮਰੀ ਸਕੂਲ, ਕੈਨਾਲ ਕਾਲੋਨੀ ਰੋਪੜ	41.00
11.	,, ਆਨੰਦਪੁਰ ਸਾਹਿਬ	30.00
12.	,, ਰੋਪੜ—1	130.00

Original with;
Punjab Vidhan Sabha
Digitized by;
Panj

ਲੜੀ ਨੰ	ਸਕੂਲ ਦਾ ਨਾਂ	ਮਾਹਵਾਰ ਕਿਰਾਇਆ

ਜ਼ਿਲ੍ਹਾ ਗੁਰਦਾਸਪੁਰ (11)

		ਰੁਪਏ ਪੈਸੇ
1.	ਗੌਰਮਿੰਟ ਹਾਇਰ ਸੈਕੰਡਰੀ ਸਕੂਲ, ਪਠਾਨਕੋਟ (ਵਾਧੂ ਥਾਂ)	12.00
2.	ਗੌਰਮਿੰਟ ਹਾਈ ਸਕੂਲ, ਫਤਿਹਗੜ੍ਹ ਚੂੜੀਆਂ (ਸਿਰਫ ਗਰਾਊਂਡ)	1 00
3.	ਗੌਰਮਿੰਟ ਗਰਲਜ਼ ਹਾਈ ਸਕੂਲ, ਫਤੇਹ ਗੜ੍ਹ ਚੂੜੀਆਂ	30.00
4.	ਗੌਰਮਿੰਟ ਗਰਲਜ਼ ਹਾਈ ਸਕੂਲ, ਦੀਨਾਨਗਰ	139.00
5.	,, ਕਾਹਨੂੰਵਾਨ (ਵਾਧੂ ਥਾਂ)	49.00
6.	,, ਡੇਰਾ ਬਾਬਾ ਨਾਨਕ	150.00
7.	,, ਸੁਜਾਨ ਪੁਰ	10.00
8.	,, ਆਨੰਦਪੁਰ ਰੋਡ, ਪਠਾਨਕੋਟ	66.00
9.	ਗੌਰਮਿੰਟ ਵੀ. ਡੀ. ਪੁਰੀ ਹਾਈ ਸਕੂਲ, ਬਹਿਰਾਮ ਪੁਰ (ਵਾਧੂ ਥਾਂ)	ਕਰਾਏ ਦਾ ਫੈਸਲਾ ਨਹੀਂ ਹੋਇਆ।
10.	ਗੌਰਮਿੰਟ ਗਰਲਜ਼ ਮਿਡਲ ਸਕੂਲ, ਘੁਮਾਣ	86.00
11.	ਗੌਰਮਿੰਟ ਪ੍ਰਾਇਮਰੀ ਸਕੂਲ, ਹਰਗੋਬਿੰਦਪੁਰ	19.00
12.	,, ਦੀਨਾਨਗਰ	20.00
13.	,, ਕਚਹਿਰੀ ਰੋਡ, ਗੁਰਦਾਸ ਪੁਰ	40.00
14.	,, ਬਹਿਰਾਮਪੁਰ ਰੋਡ, ਗੁਰਦਾਸਪੁਰ	74.00
15.	,, ਧਾਰੀਵਾਲ	31.00
16.	,, ਗੁਰਦਾਸਪੁਰ ਰੋਡ, ਪਠਾਨਕੋਟ	99.00
17.	,, ਬਟਾਲਾ ਨੰ: 1	14.00
18.	,, ਬਟਾਲਾ ਨੰ 2	44.00
19.	,, ਬਟਾਲਾ ਨੰ: 3	12.00
20.	,, ਬਟਾਲਾ ਨੰ: 4	6.00
21	,, ਬਟਾਲਾ ਨੰ: 6	24.00
22.	,, ਕਲਾਨੌਰ	20.00
23.	,, ਡੇਰਾ ਬਾਬਾ ਨਾਨਕ 1	8.00
24.	,, ਡੇਰਾ ਬਾਬਾ ਨਾਨਕ 2	8.00
25.	,, ਡੇਰਾ ਬਾਬਾ ਨਾਨਕ 3	12.00
26.	,, ਧਿਆਨਪੁਰ	3.00
27.	ਗੌਰਮਿੰਟ ਗਰਲਜ਼ ਪ੍ਰਾਇਮਰੀ ਸਕੂਲ, ਘੁਮਾਣ	35.00
28.	,, ਬਟਾਲਾ ਨੰ: 1	50.00

Original with;
Punjab Vidhan Sabha
Digitized by;
Panjab Digital Library

Reply to

CALL ATTENTION NOTICE

No. 25

The State Government has upgraded the Civil Hospital, Pathankot to 50 bedded hospital with effect from 1-12-69 and the staff has been sanctioned according to the staffing norm. The matter to select the site for the construction of the building was taken in hand and ultimately the site was selected by the Site Selection Committee. Later on, one of the members of this Committee objected to the site already selected by the Committee, on various grounds. The matter was again referred to the Site Selection Committee under the chairmanship of the Deputy Commissioner, Gurdaspur On the recommendations of this Committee the Government approved the site between the road Madhopur and Shahpurkandi which belongs to Municipal Committee, Pathankot and its approval was conveyed to the Deputy Commissioner, Gurdaspur; Chief Medical Officer, Gurdaspur, Municipal Committee, Pathankot and the Divisional Town Planner, Pathankot and the P.W.D. authorities. Now after finalising the site for the construction of the hospital, the matter has been taken up with the Chief Engineer, P.W.D. B&R and the Architect to prepare Plans and Estimates so that the construction may be taken up. The matter is vigorously pursued by the Government with the Chief Engineer, P.W.D. who has recently been reminded demi-officially. As soon as the plans and estimates are received from the P. W. D. authorities, the administrative approval for the construction of the Hospital will be accorded.

1997—278—Govt. Press, Patiala.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© ਪੰਜਾਬ ਵਿਧਾਨ ਸਭਾ ਦੇ ਅਧਿਕਾਰ ਅਧੀਨ ਡਿਪਟੀ ਕੰਟਰੋਲਰ, ਛਪਾਈ ਤੇ
ਲਿਖਣ ਸਮੱਗਰੀ ਵਿਭਾਗ, ਪੰਜਾਬ, ਪਟਿਆਲਾ ਦੁਆਰਾ ਛਾਪਿਆ ਗਿਆ।

Original with;
Punjab Vidhan Sabha
Digitized by;
Panjab Digital Library

PUNJAB VIDHAN SABHA

DEBATES

28th July, 1970

Vol. II No. 3

OFFICIAL REPORT

CONTENTS

Tuesday, the 28th July, 1970

			Page
Starred Questions and Answers	...	(3)	1
Answers to Starred Questions Laid on the Table of the House under Rule 45.	...	(3)	24
Adjournment Motion	...	(3)	30
Call Attention Notices	...	(3)	31
Motion for appointment of a Committee of the House	...	(3)	36
Personal Explanations—			
(1) by Shri Balram Dass Tandon	...	(3)	53
(2) by S. Balwant Singh, Finance Minister	...	(3)	57
Motion for Adjournment of the House *Sine-die*	...	(3)	58
Election of Deputy Speaker	...	(3)	65
Bills (s)—			
The Punjab Scheduled Castes Land Development and Finance Corporation—1970	...	(3)	75
Extension of Time	...	(3)	82
Bills (s)—			
The Punjab Scheduled Castes Land Development and Finance Corporation—1970 (Resumption)	...	(3)	84
Motion for appointment of a Committee of the House (Resumption)	...	(3)	145
Bill (s)—			
The Punjabi University (Amendment)—1970	...	(3)	161
Walk-Out	...	(3)	161
Bills (s)—			
The Punjabi University (Amendment)—1970 (Resumption)	...	(3)	162
Motion for Adjournment of the House	...	(3)	173
Appendix	...		

Price Rs. 10.65

Original with;
Punjab Vidhan Sabha
Digitized by;
Panjab Digital Library

Original with
Punjab Vidhan Sabha
Digitized by;
Panjab Digital Library

ERRATA

To

PUNJAB VIDHAN SABHA DEBATES,

Dated 28th July, 1970.

Vol. II-No. 3.

Read	For	Page	Line
LUDHIANA	LUHIANA	(3) 7	11th from below
ਇਨ੍ਹਾਂ	f ਨ੍ਹਾਂ	(3) 10	8th from below
Attention	Atenttion	(3) 31	Head Line
upgraded	upgradcd	(3) 31	4th from below
Comrade Satya Pal Dang	Camrade Satya Pal Dang	(3) 35	8th from below
Constitutional	Consttutional	(3) 40	3rd & 4th from below
ਖਿਲਾਫ਼	ਖਿਲਾਫ਼ੇ	(3) 54	16
ਪੋਜ਼ੀਸ਼ਨ	ਪੋਸ਼ੀਜਨ	(3) 58	15
ਇਜਲਾਸ	ਇਜਲਾਜ	(3) 59	1
ਸਾਹਿਬ	ਸਾਹਿਰ	(3) 62	11th from below
(3) 89	(4) 89	(3) 89	Head Line
ਤੋਂ	ਨੂੰ	(3) 95	18
ਬੰਦ	ਬਦ	(3) 95	9th from below
FINANCE	FINAECE	(3) 107	Head Line 2
you	y u	(3) 110	17th from below
ਹਰੀਜਨ	ਹਰੀਜ	(3) 120	15th from below
That	Tnat	(3) 125	4th from below
clause	slause	(3) 129	7
stand	ctand	(3) 129	7
whom	whm	(3) 129	16
ਡਿਸਕਵਾਲੀਫਿਕੇਸ਼ਨ	ਫਿਸਕਵਾਲੀਫਿਕੇਸ਼ਜ਼	(3) 129	last line
please	pleas	(3) 131	2nd from below
lost	lo t	(3) 132	7
amongst	amongat	(3) 135	18
ਭਲਾਈ	ਭਲਾ ੀ	(3) 138	16th from below

Original with;
Punjab Vidhan Sabha
Digitized by;
Panjab Digital Library

Read	For	Page	Line
your first	ruoYi frst	(3) 139	last
stand	and	(3) 143	2nd from below
by	y	(3) 146	14
why	whv	(3) 148	17
you	vou'	(3) 148	17
House	Housc	(3) 156	3
Rule 196	Rule 1'6	(3) 157	8th from below
ਸ਼ਾਨ	ਾਨ	(3) 167	5
ਵਾਈਸ ਚਾਂਸਲਰ	ਵਾਈਸ ਚਾਂਸਲਰ	(3) 168	17
ਅਰਬ	ਅਬ	(3) 173	14
ਰਿਪੋਰਟ	ਰਿਪੋਧ	(3) 177	20
ਵੀ	ਵੀ	(3) 178	3rd from below
ਵਿਚਾਰ ਅਧੀਨ	ਵਿਚਾਰ ਅਧੀਨ	(3) II	10
spent	sen t	(3) IX	2nd from below
The	he	(3) X	13
; beyond	day and	(3) XI	8
launchers	launches	(3) XII	6
ਸਪੋਕਸਮੈਨ	ਸਪੇਕਸਮੈਨ	(3) XIV	10
23	53	(3) XIV	18
ਡੈਪੂਟੇਸ਼ਨ	ਡੈਪੂਟੇਸ਼ਮ	(3) XX	16
ਚੋਣ	ਰੋਣ	(3) XX	16
those	thos's	(3) XXV	8th from below
running	runuing	(3) XXXIV	9
information	informatian	(3) XXXIV	18

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Tuesday, the 28th July, 1970

The Vidhan Sabha met in the Hall of Punjab Vidhan Bhavan, Sector-1, Chandigarh, at 9.00 A. M. of the Clock. Mr. Speaker (Sardar Darbara Singh) in the Chair.

STARRED QUESTIONS AND ANSWERS

———

SCHEMES LAUNCHED IN THE STATE UNDER THE INTENSIVE EDUCATION PROJECT

*1966. 1. **Sardar Darshan Singh K.P.,**
@2. **Shri Sardari Lal Kapur,**
3. **Bhagat Guran Dass Hans,**
4. **Doctor Sadhu Ram :** Will the Minister for Education be pleased to state :

(a) the number of schemes launched in Sangrur district, with a view to raising the level of literacy, under the Central Government sponsored intensive Education Project involving an expenditure of Rs. 25 lakhs ;

(b) the amount of money allotted for each scheme in Sangrur district out of the Central Government grant of Rs. 25 lakhs, alongwith the details thereof ;

(c) whether the Government propose to approach the Central Government for the allotment of further funds for other districts of this State for the purpose referred to in part (a) above; if not the reasons therefor ?

ਸਰਦਾਰ ਸੁਰਜੀਤ ਸਿੰਘ : (ਏ ਅਤੇ ਬੀ) ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

(ਸੀ) ਅਜੇ ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਹ ਕਦੋਂ ਤੋਂ ਸਰਕਾਰ ਦੇ ਵਿਚਾਰ ਅਧੀਨ ਹੈ ?

ਮੰਤਰੀ : ਸਪੀਕਰ ਸਾਹਿਬ, ਅਗੱਸਤ, 1969 ਵਿੱਚ ਗੌਰਮਿੰਟ ਆਫ ਇੰਡੀਆ ਦੀ ਸਾਡੇ ਪਾਸ ਲੈਟਰ ਆਈ, ਉਦੋਂ ਤੋਂ ਕਾਰਸਪੌਂਡੈਂਸ ਹੋ ਰਹੀ ਹੈ ਔਰ ਇਹ ਅਜੇ ਵਿਚਾਰ ਅਧੀਨ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਹ ਜਿਹੜੀ ਚੰਗੀ ਸਕੀਮ ਹੈ ਸਿਰਫ ਸੰਗਰੂਰ ਜ਼ਿਲ੍ਹੇ ਵਿੱਚ ਹੀ ਹੈ, ਕੀ ਸੈਂਟਰ ਦੀ ਸਰਕਾਰ ਤੇ ਜ਼ੋਰ ਪਾ ਕੇ ਇਹ ਸਕੀਮ ਪੰਜਾਬ ਦੇ ਬਾਕੀ ਸਾਰੇ ਜ਼ਿਲ੍ਹਿਆਂ ਵਿੱਚ ਲਾਗੂ ਕਰਵਾ ਦਿਤੀ ਜਾਵੇਗੀ ?

@Put by Shri Sardari Lal Kapur.

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਮੇਰੀ ਅਰਜ਼ ਹੈ ਕਿ ਸਾਰੇ ਹਿੰਦੁਸਤਾਨ ਵਿਚੋਂ ਚਾਰ ਜ਼ਿਲ੍ਹੇ ਛਾਂਟੇ ਗਏ ਹਨ ਜਿਨ੍ਹਾਂ ਵਿਚੋਂ ਇਕ ਜ਼ਿਲ੍ਹਾ ਸੰਗਰੂਰ ਹੈ । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਲਿਟਰੇਸੀ ਦੀ ਪਰਸੈਂਟੇਜ ਵਧਾਉਣ ਵਾਸਤੇ ਸਰਕਾਰ ਹੋਰ ਕੀ ਸਟੈਪਸ ਲੈ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਲਿਟਰੇਸੀ ਦੀ ਪਰਸੈਂਟੇਜ ਨੂੰ ਵਧਾਉਣ ਵਾਸਤੇ ਪੰਚਾਇਤਾਂ ਨੂੰ ਪ੍ਰੇਰਿਆ ਜਾ ਰਿਹਾ ਹੈ, ਟੀਚਰਜ਼ ਨੂੰ ਪ੍ਰੇਰਿਆ ਜਾ ਰਿਹਾ ਹੈ, ਸਕੂਲ ਵਧਾਏ ਜਾ ਰਹੇ ਹਨ ਔਰ ਹੋਰ ਕੋਈ ਕੁਝ ਕੀਤਾ ਜਾ ਰਿਹਾ ਹੈ । (ਵਿਘਨ)

ਸ੍ਰੀ ਸਪੀਕਰ : ਵਜ਼ੀਰ ਸਾਹਿਬ, ਕੀ ਤਾਲੀਮ ਲਾਜ਼ਮੀ ਨਹੀਂ ਹੈ ? (ਵਿਘਨ) ਪਰੇਰਨ ਦੀ ਕੀ ਲੋੜ ਹੈ ? (ਵਿਘਨ) (I would like to know from the Education Minister whether the education is not compulsory ? (Interruptions) What is the need for persuasion ? (Interruptions)

ਮੰਤਰੀ : ਕੰਪਲਸਰੀ ਐਜੂਕੇਸ਼ਨ ਹੈ ਜੀ । ਸਾਡੇ ਸੂਬੇ ਵਿੱਚ ਦੂਸਰਿਆਂ ਸੂਬਿਆਂ ਨਾਲੋਂ ਪਰਸੈਂਟੇਜ ਅੱਛੀ ਹੈ ਪਰ ਅਸੀਂ ਹੋਰ ਪਰਸੈਂਟੇਜ ਪਰਸੂਏਸ਼ਨ ਨਾਲ ਵਧਾ ਰਹੇ ਹਾਂ ।

ਚੋਧਰੀ ਬਲਬੀਰ ਸਿੰਘ : ਕੀ ਕਮਪਲਸਰੀ ਐਜੂਕੇਸ਼ਨ ਸਕੀਮ ਮੈਂਬਰਜ਼ ਵਿੱਚ ਵੀ ਲਾਗੂ ਕੀਤੀ ਜਾਵੇਗੀ ? (ਹਾਸਾ)

ਸਰਦਾਰ ਉਮਰਾਓ ਸਿੰਘ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਪੰਜਾਬ ਵਿਚ ਜੋ ਕਮਪਲਸਰੀ ਐਜੂਕੇਸ਼ਨ ਐਕਟ ਬਣਿਆ ਹੈ ਉਸ ਦੇ ਆਧਾਰ ਤੇ ਐਕਸ਼ਨ ਹੋ ਰਿਹਾ ਹੈ ਜਾਂ ਨਹੀਂ ਹੋ ਰਿਹਾ ?

ਮੰਤਰੀ : ਮੈਂ ਅਰਜ਼ ਕੀਤੀ ਹੈ ਕਿ ਬਾਕੀ ਸੂਬਿਆਂ ਦੇ ਵਾਂਗ ਅਸੀਂ ਬਾਈ ਫੋਰਸ ਨਹੀਂ ਕਰ ਰਹੇ, ਅਸੀਂ ਬਾਈ ਪਰਸੂਏਸ਼ਨ ਕਰ ਰਹੇ ਹਾਂ ।

ਸ੍ਰੀ ਗਿਆਨ ਚੰਦ ਖਰਬੰਦਾ : ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਹਰੀਜਨਾਂ ਵਿੱਚ ਅਨਪੜ੍ਹਤਾ ਬਹੁਤ ਜ਼ਿਆਦਾ ਹੈ । ਕੀ ਉਨ੍ਹਾਂ ਵਿਚੋਂ ਅਨਪੜ੍ਹਤਾ ਦੂਰ ਕਰਨ ਵਾਸਤੇ ਕੋਈ ਖਾਸ ਕਦਮ ਉਠਾਉਣਗੇ ਔਰ ਜਿਹੜੀ ਉਨ੍ਹਾਂ ਦੇ ਵਜ਼ੀਫਿਆਂ ਦੀ ਪੇਮੈਂਟ ਨਹੀਂ ਹੁੰਦੀ ਕੀ ਉਸ ਦੇ ਬਾਰੇ ਵਿੱਚ ਕੁਝ ਸੋਚਣਗੇ ?

ਮੰਤਰੀ : ਇਸ ਵਾਰੀ ਉਨ੍ਹਾਂ ਵਲ ਖਾਸ ਧਿਆਨ ਦਿੱਤਾ ਗਿਆ ਹੈ ।

ਡਾਕਟਰ ਸਾਧੂ ਰਾਮ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਹਰੀਜਨਾਂ ਦੇ ਬੱਚਿਆਂ ਨੂੰ ਪਹਿਲੀ ਜਮਾਤ ਤੋਂ ਵਜ਼ੀਫ਼ਾ ਦੇਣ ਦੀ ਕੋਈ ਸਕੀਮ ਜ਼ੇਰੇ ਗੌਰ ਹੈ ?

ਮੰਤਰੀ : ਐਸੀ ਕੋਈ ਸਕੀਮ ਨਹੀਂ ਹੈ ਜੀ ।

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਅਸੀਂ ਪਰਸੂਏਸ਼ਨ ਰਾਹੀਂ ਕਰ ਰਹੇ ਹਨ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਐਸਾ ਐਕਟ ਹੈ ਜਿਸ ਵਿਚ ਇਹ ਪਰਸੂਏਸ਼ਨ ਰਾਹੀਂ ਵਿਦਿਆ ਵਧਾਉਣ ਦਾ ਜ਼ਿਕਰ ਹੋਵੇ ।

ਮੰਤਰੀ : ਸਪੀਕਰ ਸਾਹਿਬ, ਸੈਂਟਰਲ ਸਰਕਾਰ ਦਾ ਵਿਚਾਰ ਹੈ ਕਿ 1980 ਤਕ ਵੀ ਲਿਟਰੇਸੀ

Original with;
Punjab Vidhan Sabha
Digitized by;
Panjab Digital Library

ਸੈਂਟ ਪਰਸੈਂਟ ਨਹੀਂ ਹੋ ਸਕੇਗੀ (ਵਿਘਨ) ਤੇ ਸਾਡੀ ਕੋਸ਼ਿਸ਼ ਇਹ ਹੈ ਕਿ ਅਗਰ ਅਸੀਂ 95% ਤਕ ਵੀ ਲੈ ਜਾਈਏ ਤਾਂ that will be a very good result.

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਕਿੰਨੇ ਕੁ ਕੇਸ ਕਮਪਲਸਰੀ ਐਜੂਕੇਸ਼ਨ ਐਕਟ ਦੇ ਤਹਿਤ ਅਦਾਲਤ ਵਿਚ ਲਿਆਂਦੇ ਗਏ ਹਨ ? ਜੇ ਲਿਆਉਣੇ ਨਹੀਂ ਤਾਂ ਫਿਰ ਪਰਚਾਰ ਕਰਨ ਦਾ ਕੀ ਫ਼ਾਇਦਾ ? (ਵਿਘਨ) ਉਸ ਦਾ ਕੋਈ ਲਾਭ ਨਹੀਂ । ਬੱਚੇ ਸਕੂਲਾਂ ਵਿਚ ਬਿਲਕੁਲ ਦਾਖਲ ਨਹੀਂ ਹੁੰਦੇ । ਟੀਚਰ ਆਪਣੀਆਂ ਪੋਸਟਾਂ ਵਧਾਉਣ ਦੇ ਵਾਸਤੇ ਜਾਲੀ ਗਿਣਤੀ ਦਿਖਾ ਦਿੰਦੇ ਹਨ । (ਵਿਘਨ)

ਮੰਤਰੀ : ਐਸਾ ਕੋਈ ਕੇਸ ਨਹੀਂ ਹੁੰਦਾ । (ਵਿਘਨ)

ਕਾਮਰੇਡ ਬਾਬੂ ਸਿੰਘ ਮਾਸਟਰ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਸੰਗਰੂਰ ਜ਼ਿਲ੍ਹਾ ਚੁਣਿਆ ਗਿਆ ਹੈ । ਕੀ ਮਨਿਸਟਰ ਸਾਹਿਬ ਦੱਸਣਗੇ ਕਿ ਬਠਿੰਡਾ ਜ਼ਿਲ੍ਹਾ ਵਾਸਤੇ ਵੀ ਕੋਈ ਐਸੀ ਕਨਸਿਡਰੇਸ਼ਨ ਹੈ ?

ਮੰਤਰੀ : ਸਪੀਕਰ ਸਾਹਿਬ, ਐਜੂਕੇਸ਼ਨ ਵਿੱਚ ਸੰਗਰੂਰ ਜ਼ਿਲ੍ਹਾ ਬਠਿੰਡੇ ਜ਼ਿਲ੍ਹੇ ਨਾਲੋਂ ਜ਼ਿਆਦਾ ਪਛੜਿਆ ਹੋਇਆ ਸੀ, ਇਸ ਕਰਕੇ ਸੰਗਰੂਰ ਚੁਣਿਆ ਗਿਆ ਹੈ ।

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਅਸੀਂ ਪਰਸੂਏਸ਼ਨ ਰਾਹੀਂ ਵਿਦਿਆ ਵਧਾ ਰਹੇ ਹਨ । ਹਿੰਦੁਸਤਾਨ ਵਿੱਚ; ਖਾਸ ਕਰਕੇ ਪੰਜਾਬ ਵਿੱਚ, ਤਿੰਨ ਚੀਜ਼ਾਂ ਹਨ ਪਰਸੂਏਸ਼ਨ, ਕਨਸਿਡਰੇਸ਼ਨ ਤੇ ਡੇਲੀਬਰੇਸ਼ਨ । ਇਹ ਤਿੰਨ ਚੀਜ਼ਾਂ ਹਨ ਪਰ ਇਸ ਨਾਲ ਕੋਈ ਚੀਜ਼ ਨਹੀਂ ਚਲਦੀ, ਇਸ ਦਾ ਕੋਈ ਇਲਾਜ ਕਰੋ । (ਵਿਘਨ) ਕੋਈ ਐਸੀ ਗੱਲ ਕਰੋ, ਕੋਈ ਸੁਜੈਸ਼ਨ ਮੰਨੋ ਔਰ ਸਿਧਾ ਉਸ ਪਾਸੇ ਆਉ ਜਿਸ ਨਾਲ ਕੋਈ ਕੰਮ ਚਲੇ । (ਵਿਘਨ) (ਹਾਸਾ)

ਮੰਤਰੀ : ਸਪੀਕਰ ਸਾਹਿਬ, ਚੌਧਰੀ ਸਾਹਿਬ ਕੋਈ ਸਜੈਸ਼ਨ ਦੇ ਦੇਣ ਅਸੀਂ ਉਸ ਤੇ ਅਮਲ ਕਰ ਲਵਾਂਗੇ ।

INTRODUCTION OF RELIGIOUS IMORAL EDUCATION IN SCHOOLS

*1980. **Shri Gian Chand Kharbanda** : Will the Minister for Education be pleased to :

(a) lay on the Table of the House a copy of the scheme sanctioned by the Government to introduce religious/moral education in Government & recognised schools in the State ;

(b) state whether any instructions have been issued by the Government authorising the Government schools to arrange teaching and "paath" of religious books in such schools, if so, the details thereof and the extent to which these have been complied with ;

(c) if no such instructions have been issued, the action, if any, taken against the Government educational institutions which have introduced 'paath' of religious books in the schools of their own accord ?

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਰਜੀਤ ਸਿੰਘ : (ਏ) ਸਕੂਲਾਂ ਵਿੱਚ ਧਾਰਮਕ ਸਿਖਿਆ ਦੇਣ ਲਈ ਸਰਕਾਰ ਵਲੋਂ ਪ੍ਰਵਾਣਿਤ ਕੋਈ ਸਕੀਮ ਨਹੀਂ ਬਣਾਈ ਗਈ ਪਰੰਤੂ ਇਖ਼ਲਾਕੀ ਸਿਖਿਆ ਬਾਰੇ ਸਿਖਿਆ ਵਿਭਾਗ ਵਲੋਂ ਜਾਰੀ ਹੋਈਆਂ ਹਦਾਇਤਾਂ ਦੀ ਕਾਪੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਬੀ) ਨਹੀਂ ਜੀ ।

(ਸੀ) ਸਰਕਾਰ ਦੇ ਧਿਆਨ ਵਿਚ ਕੋਈ ਇਹੋ ਜਿਹਾ ਸਕੂਲ ਨਹੀਂ ਆਇਆ ।

ਵਲੋਂ

ਡਾਇਰੈਕਟਰ ਸਿਖਿਆ ਵਿਭਾਗ ਪੰਜਾਬ,
ਚੰਡੀਗੜ੍ਹ ।

ਸੇਵਾ ਵਿਖੇ,

ਰਾਜ ਦੇ ਸਾਰੇ

1. ਸਰਕਲ/ਜ਼ਿਲ੍ਹਾ ਸਿਖਿਆ ਅਫਸਰ
2. ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲ
3. ਸਰਕਾਰੀ ਹਾਇਰ ਸਕੈਂਡਰੀ ਸਕੂਲਾਂ ਦੇ ਪ੍ਰਿੰਸੀਪਲ
4. ਸਰਕਾਰੀ ਹਾਈ ਅਤੇ ਜੇ. ਬੀ. ਟੀ. ਸਕੂਲਾਂ ਦੇ ਮੁੱਖ ਅਧਿਆਪਕ

ਚਿੱਠੀ ਨੰ: 10/2 ਗਰਾਂਟਸ-68/(ਜੀ 1)
ਮਿਤੀ ਚੰਡੀਗੜ੍ਹ 16/19 ਫਰਵਰੀ, 1968

ਯੁਵਕਾਂ ਵਿਚ ਵਧ ਰਹੀ ਬੇਚੈਨੀ ਕਾਰਨ ਵਿਦਿਆਰਥੀਆਂ ਵਿਚ ਅਨੁਸ਼ਾਸਨ-ਹੀਨਤਾ ਦੀ ਸਮਸਿਆ ਖੜੀ ਹੋ ਗਈ ਹੈ । ਇਸ ਨੇ ਸਾਰੇ ਸੰਸਾਰ ਦੇ ਸਿਖਿਆ ਸ਼ਾਸਤਰੀਆਂ ਅਤੇ ਦਰਸ਼ਨ ਆਚਾਰੀਆਂ ਦਾ ਧਿਆਨ ਖਿਚਿਆ ਹੈ । ਉਨ੍ਹਾਂ ਨੇ ਸਦਾ ਇਸ ਸਮਾਜ ਵਿਰੋਧੀ ਲਹਿਰ ਨੂੰ ਰੋਕਣ ਲਈ ਠੋਸ ਵਸੀਲਿਆਂ ਤੇ ਢੰਗਾਂ ਤੇ ਵਿਚਾਰਾਂ ਕੀਤੀਆਂ ਹਨ । ਅਜ ਦਾ ਵਿਦਿਆਰਥੀ ਗੁੰਜਲਦਾਰ ਜੀਵਨ ਦਾ ਸਾਹਮਣਾ ਕਰ ਰਿਹਾ ਹੈ । ਇਸ ਲਈ ਉਸ ਨੂੰ ਹਮਦਰਦੀ ਭਰੀ ਅਗਵਾਹੀ ਦੀ ਲੋੜ ਹੈ । ਪੈਲਾਟੋ ਤੋਂ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਭਗਤ ਕਬੀਰ ਜੀ ਅਤੇ ਮਹਾਤਮਾ ਗਾਂਧੀ ਜੀ ਤਕ ਸਭ ਸਮਾਜ-ਸੁਧਾਰਕ ਅਤੇ ਆਤਿਮਕ ਨੇਤਾ ਜੀਵਨ ਦੇ ਕਾਰ-ਵਿਹਾਰ ਵਿਚ ਸਦਾਚਾਰਕ ਅਤੇ ਆਤਮਿਕ ਕਦਰਾਂ ਦੀ ਪੁਸ਼ਟੀ ਕਰਦੇ ਰਹੇ ਹਨ ।

ਪੰਜਾਬ ਸਰਕਾਰ ਅਤੇ ਸਿਖਿਆ ਵਿਭਾਗ, ਪੰਜਾਬ ਦਾ ਸਦਾ ਹੀ ਇਹ ਯਤਨ ਰਿਹਾ ਹੈ ਕਿ ਵਿਦਿਆਰਥੀਆਂ ਦੇ ਮਨਾਂ ਵਿਚੋਂ ਨਿਰਾਸ਼ਵਾਦੀ ਭਾਵਨਾਵਾਂ ਨੂੰ ਦੂਰ ਕਰਕੇ ਸਦਾਚਾਰ, ਉਚ ਇਖਲਾਕ ਅਤੇ ਸਮਾਜ ਭਲਿਆਈ ਦੇ ਗੁਣਾਂ ਨਾਲ ਭਰਪੂਰ ਕੀਤਾ ਜਾਵੇ । ਇਸ ਆਦਰਸ਼ ਦੀ ਪੂਰਤੀ ਲਈ ਆਪ ਦੇ ਸਹਿਯੋਗ ਅਤੇ ਸਹਾਇਤਾ ਦੀ ਲੋੜ ਹੈ । ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਹਰ ਰੋਜ਼ 15 ਤੋਂ 30 ਮਿੰਟਾਂ ਲਈ ਧਾਰਮਕ ਅਤੇ ਦੇਸ਼-ਭਗਤੀ ਦੇ ਗੀਤ ਗਾਏ ਜਾਣ । ਇਨ੍ਹਾਂ ਗੀਤਾਂ ਦੀ ਚੋਣ ਧਾਰਮਕ ਪੁਸਤਕਾਂ ਸੰਤਾਂ ਮਹਾਂ ਪੁਰਸ਼ਾਂ ਅਤੇ ਦੇਸ਼-ਭਗਤਾਂ ਦੀਆਂ ਰਚਨਾਵਾਂ ਤੋਂ ਕੀਤੀ ਜਾਵੇ ਇਨ੍ਹਾਂ ਗੀਤਾਂ ਤੋਂ ਇਲਾਵਾ ਸਟਾਫ ਨੂੰ

Original with;
Punjab Vidhan Sabha
Digitized by;
Panjab Digital Library

ਚਾਹੀਦਾ ਹੈ ਕਿ ਹਰ ਰੋਜ਼ ਵਿਦਿਆਰਥੀਆਂ ਦੇ ਸਮੂਹ ਇਕੱਠ ਵਿਚ ਭਾਸ਼ਣ ਦੇਵੇ, ਜਿਸ ਰਾਹੀਂ ਵਿਦਿਆਰਥੀਆਂ ਦੇ ਮਨਾਂ ਵਿਚ ਸਮਾਜਕ ਕਦਰਾਂ, ਸਹਿਣਸ਼ੀਲਤਾ, ਸੰਜਮ, ਹਮਦਰਦੀ, ਦਿਆਨਤਦਾਰੀ, ਸੱਚ, ਕਰਤਵ ਪਾਲਣ, ਨਿਮਰਤਾ, ਦੇਸ਼-ਭਗਤੀ ਸੇਵਾ, ਪਰਉਪਕਾਰ ਜਿਹੇ ਗੁਣ ਭਰੇ ਜਾਣ । ਸਮੇਂ ਸਮੇਂ ਪ੍ਰਸਿਧ ਵਿਅਕਤੀਆਂ ਨੂੰ ਇਨ੍ਹਾਂ ਵਿਸ਼ਿਆਂ ਤੇ ਵਿਦਿਆਰਥੀਆਂ ਸਾਹਮਣੇ ਭਾਸ਼ਣ ਦੇਣ ਲਈ ਬੁਲਾਇਆ ਜਾਵੇ ,

ਇਹ ਕਹਿਣਾ ਅਜਾਂਈ ਨਹੀਂ ਹੋਵੇਗਾ ਕਿ ਵਿਦਿਆਰਥੀ ਇਨ੍ਹਾਂ ਗੁਣਾਂ ਨੂੰ ਸੁਭਾਵਕ ਗ੍ਰਹਿਣ ਕਰ ਲੈਣਗੇ ਜੇਕਰ ਇਨ੍ਹਾਂ ਨੂੰ ਅਮਲੀ ਤੌਰ ਤੇ ਪੇਸ਼ ਕੀਤਾ ਜਾਵੇ । ਇਸ ਲਈ ਜ਼ਰੂਰੀ ਹੈ ਕਿ ਅਧਿਆਪਕ ਆਪ ਇਨ੍ਹਾਂ ਗੁਣਾਂ ਨੂੰ ਆਪਣੇ ਆਚਰਣ ਦਆਰਾ ਦਰਸਾਉਣ ।

ਆਸ ਕੀਤੀ ਜਾਂਦੀ ਹੈ ਕਿ ਕਾਲਜਾਂ ਤੇ ਸਕੂਲਾਂ ਵਿਚ ਇਸ ਪ੍ਰੋਗਰਾਮ ਨੂੰ ਅਵਿਰਕੂ ਲੀਹਾਂ ਤੇ ਹੀ ਚਲਾਇਆ ਜਾਵੇਗਾ ।

ਸਹੀ/—

(ਪੀ. ਐਲ. ਸੰਘੀ)

ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮਨਿਸਟਰ ਸਾਹਿਬ ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਅਖਬਾਰਾਂ ਵਿੱਚ ਇਹ ਆਮ ਚਰਚਾ ਹੈ ਔਰ ਮੇਰੇ ਵਰਗਿਆਂ ਬੰਦਿਆਂ ਨੇ ਅੱਖਾਂ ਨਾਲ ਦੇਖਿਆ ਹੈ ਕਿ ਸਕੂਲਾਂ ਵਿੱਚ ਧਰਮ ਗਰੰਥ ਦਾ ਪਾਠ ਹੁੰਦਾ ਹੈ । (ਵਿਘਨ) ਕੀ ਗੌਰਮਿੰਟ ਐਸੀ ਇਨਸਟਰੱਕਸ਼ਨ ਜਾਰੀ ਕਰੇਗੀ ਜਿਸ ਨਾਲ ਕਿ ਸਟੂਡੈਂਟਸ ਦਾ ਮਾਰਲ ਉਚਾ ਹੋਵੇ ? (ਵਿਘਨ)

ਸਿਖਿਆ ਮੰਤਰੀ : ਸਕੂਲਾਂ ਵਿੱਚ ਧਰਮ ਸਿਖਿਆ ਦੇਣ ਲਈ ਸਰਕਾਰ ਵਲੋਂ ਪ੍ਰਵਾਨਿਤ ਕੋਈ ਸਕੀਮ ਨਹੀਂ ਬਣਾਈ ਗਈ ਪ੍ਰੰਤੂ ਇਖਲਾਕੀ ਸਿਖਿਆ ਬਾਰੇ ਸਿਖਿਆ ਵਿਭਾਗ ਵਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ।

ਚੋਧਰੀ ਬਲਬੀਰ ਸਿੰਘ : ਇਖਲਾਕ ਔਰ ਧਾਰਮਿਕ ਤਾਲੀਮ ਵਿੱਚ ਕੋਈ ਫਰਕ ਹੈ ? (ਵਿਘਨ)

ਮੰਤਰੀ : ਇਖਲਾਕ ਦੇ ਵਿੱਚ ਧਾਰਮਿਕ ਤਾਲੀਮ ਦੇ ਇਲਾਵਾ ਕਈ ਗੱਲਾਂ ਆ ਜਾਂਦੀਆਂ ਹਨ ਪਰ ਧਾਰਮਿਕ ਤਾਲੀਮ ਦੇ ਵਿਚ ਇਖਲਾਕੀ ਤਾਲੀਮ ਜ਼ਰੂਰ ਆ ਜਾਂਦੀ ਹੈ । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਆਇਆ ਮਨਿਸਟਰ ਸਾਹਿਬ ਇਸ ਪਾਸੇ ਧਿਆਨ ਦੇਣਗੇ ਕਿ ਜਿਹੜੇ ਸਟੂਡੈਂਟਸ ਹਨ ਉਨ੍ਹਾਂ ਦਾ ਇਖਲਾਕ ਗਿਰ ਰਿਹਾ ਹੈ, ਜੇ ਇਸ ਦੇ ਵਜੂਹਾਤ ਵਲ ਦੇਖਿਆ ਜਾਵ ਤਾਂ ਪਤਾ ਲਗਦਾ ਹੈ ਕਿ ਇਹ ਟੀਚਰ ਦੇ ਇਖਲਾਕ ਦੀ ਵਜ੍ਹਾ ਕਰਕੇ ਹੋ ਰਿਹਾ ਹੈ । ਕੀ ਮਨਿਸਟਰ ਸਾਹਿਬ ਕੋਈ ਐਸੀ ਸਕੀਮ ਬਣਾਉਣਗੇ ਜਿਸ ਨਾਲ ਟੀਚਰਜ਼ ਦੇ ਇਖਲਾਕ ਦਾ ਮਿਆਰ ਉੱਚਾ ਹੋ ਸਕੇ ਤਾਂ ਕਿ ਸਾਡੀ ਨੇਸ਼ਨ ਦਾ ਮਾਰਲ ਉੱਚਾ ਹੋ ਸਕੇ ?

ਮੰਤਰੀ : ਇਸ ਪਾਸੇ ਵਲ ਬੜਾ ਧਿਆਨ ਦਿੱਤਾ ਜਾ ਰਿਹਾ ਹੈ ।

Original with;
Punjab Vidhan Sabha
Digitized by;
Panjab Digital Library

RESEARCH IN THE CAUSES OF DISEASE CALLED 'PARKINSONISM,

*1974. 1. **Shri Sardari Lal Kapur**)
2. **Bhagat Guran Dass Hans**) : Will the Minister of State for Industries and Health be pleased to state :

(a) whether the Government Ayurvedic College, Patiala has taken any steps to make a research into the causes of the disease called 'Parkinsonism' (shaking Palsy) ; if so, the results of such research be laid on the Table of the House ;

(b) if the reply to part (a) above be in the negative, the action the Government propose to take to direct the authorities of this Ayurvedic College to take immediate steps for making research in respect of this disease ?

ਸਰਦਾਰ ਤੇਜਾ ਸਿੰਘ : (ਏ) ਨਹੀਂ ਜੀ ।

(ਬੀ) ਇਸ ਸਮੇਂ ਗੌਰਮਿੰਟ ਆਯੁਰਵੈਦਿਕ ਕਾਲਜ, ਪਟਿਆਲਾ ਵਿਚ ਉਪਰੋਕਤ ਬਿਮਾਰੀ ਤੇ ਰਿਸਰਚ ਕਰਨ ਬਾਰੇ ਕੋਈ ਤਜਵੀਜ਼ ਨਹੀਂ ਹੈ ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਅਗਰ ਇਸ ਬਿਮਾਰੀ ਦੀ ਰਿਸਰਚ ਵਾਸਤੇ ਕੋਈ ਇੰਤਜ਼ਾਮ ਨਹੀਂ ਤਾਂ ਕਿਨ੍ਹਾਂ ਕਿਨ੍ਹਾਂ ਬੀਮਾਰੀਆਂ ਦੀ ਰਿਸਰਚ ਦਾ ਸਿਲਸਿਲਾ ਇਸ ਬੋਰਡ ਵਿਚ ਚਲ ਰਿਹਾ ਹੈ ?

ਰਾਜ ਮੰਤਰੀ : ਇਸ ਦੇ ਬਾਰੇ ਨੋਟਿਸ ਦੇ ਦਿਓ, ਜਵਾਬ ਦਿਆਂਗੇ ।

ਸ੍ਰੀ ਸਰਦਾਰੀ ਲਾਲ ਕਪੂਰ : ਇਸ ਆਯੁਰਵੈਦਿਕ ਸਿਸਟਮ ਨੂੰ ਠੀਕ ਕਰਨ ਵਾਸਤੇ ਔਰ ਉਸ ਦੀ ਤਰੱਕੀ ਵਾਸਤੇ ਕੋਈ ਹੋਰ ਗਲ ਗੌਰਮਿਟ ਦੇ ਧਿਆਨ ਵਿੱਚ ਹੈ ?

ਰਾਜ ਮੰਤਰੀ : ਗੌਰਮਿੰਟ ਦਾ ਧਿਆਨ ਆਯੁਰਵੈਦਿਕ ਐਜੂਕੇਸ਼ਨ ਅਤੇ ਰਿਸਰਚ ਵਲ ਪੂਰਾ ਹੈ ਅਤੇ ਹਰ ਕਿਸਮ ਦੀ ਸਬਸਿਡੀ ਆਦਿ ਵਲ ਪੂਰਾ ਧਿਆਨ ਦਿਤਾ ਜਾਂਦਾ ਹੈ ।

चौधरी बलबीर सिंह : मन्त्री महोदय ने कहा है कि ग्रायुर्वेदिक में रिसर्च चल रही है । मैं यह पूछना चाहता हूं कि उस रिसर्च के बारे में कोई लैबारेट्री गवर्नमैंट की तरफ से कायम हुई है ?

ਰਾਜ ਮੰਤਰੀ : ਰਿਸਰਚ ਲੈਬਾਰਟਰੀ ਪਟਿਆਲਾ ਵਿਚ ਹੈ ਅਤੇ ਉਹ ਕਾਲਜ ਨਾਲ ਕਨੈਕਟਿਡ ਹੈ ਅਤੇ ਨਾਲ ਹੀ ਉਸ ਦਾ ਸਬੰਧ ਫ਼ਾਰਮੇਸੀ ਨਾਲ ਹੈ ।

ਸਰਦਾਰ ਕਿਰਪਾਲ ਸਿੰਘ : ਮੰਤਰੀ ਸਾਹਿਬ, ਨੇ ਹੁਣੇ ਫ਼ਰਮਾਇਆ ਹੈ ਕਿ ਰਿਸਰਚ ਲੈਬਾਰਟਰੀ ਪਟਿਆਲਾ ਵਿੱਚ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਆਯੁਰਵੈਦਿਕ ਅਤੇ ਯੂਨਾਨੀ ਤਰੀਕੇ ਨਾਲ ਇਲਾਜ ਕਰਨ ਵਾਸਤੇ ਗੌਰਮੈਂਟ ਕੋਲ ਕੀ ਸਾਧਨ ਹਨ, ਅਤੇ ਇਨਾਂ ਸਕੀਮਾਂ ਨੂੰ ਪ੍ਰੋਤਸਾਹਨ ਦੇਣ ਵਾਸਤੇ ਸਰਕਾਰ ਕੀ ਕਰ ਰਹੀ ਹੈ ?

ਰਾਜ ਮੰਤਰੀ : ਵਿਸਥਾਰ ਪੂਰਵਕ ਜਾਣਨ ਵਾਸਤੇ ਤਾਂ ਨੋਟਿਸ ਦੇ ਦੇਣ ਜਵਾਬ ਦੇ ਦਿਆਂਗੇ ਪਰ ਫਿਲਹਾਲ ਤਾਂ ਆਯੁਰਵੈਦਿਕ ਫ਼ਾਰਮੇਸੀ ਹੀ ਹੈ, ਜਿਸ ਵਿਚ ਡਾਕਟਰ ਅਤੇ ਯੂਨਾਨੀ ਹਕੀਮ ਕੰਮ ਕਰਦੇ ਹਨ । ਆਯੁਰਵੈਦਿਕ ਕਾਲਜ ਦਾ ਜਿਹੜਾ ਪ੍ਰਿੰਸੀਪਲ ਹੈ, ਉਹ ਉਸਦਾ ਇੰਚਾਰਜ ਹੈ ।

Original with;
Punjab Vidhan Sabha
Digitized by;
Panjab Digital Library

चौधरी बलबीर सिंह : इन्होंने कहा है कि रिसर्च चल रही है। मैं पूछना चाहता हूं कि पिछले एक साल में कोई ऐसी रिसर्च हुई है जिसके बारे में यह कह सकें कि हमने यह चीज निकाली है।

ਰਾਜ ਮੰਤਰੀ : ਇਸਦੇ ਮੁਤਅੱਲਕ ਨੋਟਿਸ ਦੇ ਦੇਣ।

ਸ਼੍ਰੀ ਗਿਆਨ ਚੰਦ ਖਰਬੰਦਾ : ਪੰਜਾਬ ਵਿਚ ਜਿਹੜੀਆਂ ਜੜੀਆਂ ਬੂਟੀਆਂ ਪੈਦਾ ਹੁੰਦੀਆਂ ਹਨ, ਉਨ੍ਹਾਂ ਦੀ ਰਿਸਰਚ ਵਾਸਤੇ ਗੌਰਮਿੰਟ ਨੇ ਕੋਈ ਕਦਮ ਚੁਕੇ ਹਨ ਜਾਂ ਕੋਈ ਪਲਾਨ ਬਣਾਇਆ ਹੈ ?

ਰਾਜ ਮੰਤਰੀ : ਫਿਲਹਾਲ ਜਿਹੜੇ ਕਦਮ ਚੁਕੇ ਹਨ, ਉਹ ਹਨ ਫਾਰਮੇਸੀ ਵਿਚ ਦਵਾਈਆਂ ਬਣਾਉਣ ਦੇ (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਕੀ ਮੰਤਰੀ ਮਹੋਦਯ ਇਸ ਪਾਸੇ ਵਲ ਧਿਆਨ ਦੇਣਗੇ ਕਿ ਅਸੀਂ ਵੈਸਟਰਨ ਕੰਟਰੀਜ਼ ਨਾਲੋਂ ਕਿਸੇ ਤਰ੍ਹਾਂ ਵੀ, ਇਸ ਲਾਈਨ ਵਿਚ ਘੱਟ ਨਹੀਂ ਹਾਂ, ਕਿਉਂਕਿ ਮੇਰਾ ਖਿਆਲ ਹੈ ਕਿ ਰਿਸਰਚ ਤਾਂ ਕਿਸੇ ਹੋਰ ਥਾਂ ਹੋ ਰਹੀ ਹੈ ਪਰ ਅਸੀਂ ਤਾਂ ਇਥੇ ਉਸ ਨੂੰ ਇੰਪੋਰਟ ਹੀ ਕਰਦੇ ਹਾਂ। ਸਾਡੇ ਕੋਲ ਜਿਹੜੀਆਂ ਆਯੁਰਵੈਦਿਕ ਡਿਸਪੈਂਸਰੀਆਂ ਹਨ ਅਤੇ ਉਨ੍ਹਾਂ ਵਿਚ ਜਿਹੜੇ ਚੰਗੇ ਬਰੇਨ ਹਨ ਕੀ ਉਨ੍ਹਾਂ ਨੂੰ ਸਰਕਾਰ ਇਧਰ ਲਿਆ ਕੇ ਰਿਸਰਚ ਕਰਾਏਗੀ ਤਾ ਕਿ ਬਿਮਾਰੀਆਂ ਨੂੰ ਰੋਕਣ ਦੇ ਪ੍ਰਬੰਧ ਕੀਤੇ ਜਾਣ ?

ਰਾਜ ਮੰਤਰੀ : ਗੌਰਮਿੰਟ ਇਸ ਪਾਸੇ ਪੂਰਾ ਧਿਆਨ ਦੇਵੇਗੀ, ਆਯੁਰਵੈਦਿਕ ਸਿਸਟਮ ਨੂੰ ਪ੍ਰੋਤਸਾਹਨ ਦੇਣ ਵਾਸਤੇ ਹਰ ਕਿਸਮ ਦੀਆਂ ਸਕੀਮਾਂ ਤੇ ਸੋਚਿਆ ਜਾ ਰਿਹਾ ਹੈ। ਐਮ. ਬੀ. ਬੀ. ਐਸ ਡਾਕਟਰਜ਼ ਪਿੰਡਾਂ ਵਿਚ ਜਾਣਾ ਨਹੀਂ ਚਾਹੁੰਦੇ, ਉਥੇ ਗੌਰਮਿੰਟ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹ ਰਹੀ ਹੈ...(ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮੰਤਰੀ ਸਾਹਿਬ ਨੂੰ ਪਤਾ ਹੈ ਕਿ ਆਯੁਰਵੈਦਿਕ ਕਾਲਜ ਵਿਚ ਕਿਸੇ ਬੀਮਾਰੀ ਦਾ ਇਲਾਜ ਤਾਂ ਨਹੀਂ ਕਰਦੇ, ਪਰ ਇਸ ਕਾਲਜ ਵਿੱਚ ਆਊਟ ਡੇਟਿਡ ਦਵਾਈਆਂ ਬਾਰੇ ਬੜੇ ਭਾਰੀ ਸਕੈਂਡਲ ਹੋਏ ਹਨ, ਅਤੇ ਇਸ ਹਸਪਤਾਲ ਵਿਚ ਪ੍ਰਬੰਧ ਵੀ ਬੜਾ ਨਿਕੰਮਾ ਹੈ ? ਕੀ ਇਸ ਦਾ ਪ੍ਰਬੰਧ ਠੀਕ ਕਰਨ ਨੂੰ ਤਿਆਰ ਹਨ ?

ਰਾਜ ਮੰਤਰੀ : ਮੇਰੇ ਨੋਟਿਸ ਵਿਚ ਤਾਂ ਕੋਈ ਅਜਿਹੀ ਗੱਲ ਨਹੀਂ। ਜੇ ਪਾਂਧੀ ਸਾਹਿਬ ਅਜਿਹੀ ਕੋਈ ਗੱਲ ਮੇਰੇ ਨੋਟਿਸ ਵਿੱਚ ਲਿਆਉਣਗੇ ਤਾਂ ਜ਼ਰੂਰ ਪ੍ਰਬੰਧ ਕੀਤਾ ਜਾਏਗਾ।

CONFERENCE ADDRESSED BY SANT FATEH SINGH AT LUHIANA IN APRIL, 1970

*1975. 1. ©**Shri Sardari Lal Kapur :**)

2. **Bhagat Guran Dass Hans**) Will the Chief Minister be pleased to state :

(a) whether it is fact that police, in sufficient force, was called, when Sant Fateh Singh addressed a Conference at Ludhiana, in April, 1970 ;

(b) if the reply to part (a) above be in the affirmative, the extent of expenditure incurred on the requisitioning of large number of

©Put by Shri Sardari Lal Kapur.

Original with;
Punjab Vidhan Sabha
Digitized by;
Panjab Digital Library

[Shri Sardari Lal Kapur]

police personnel for this Conference ;

(c) the number of arrests made at Ludhiana during the said Conference and the period for which the arrested persons were detained ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੲ) ਨਹੀਂ ਜੀ ।

(ਬੀ) ਸਵਾਲ ਹੀ ਨਹੀਂ ਉਠਦਾ ।

(ਸੀ) ਕੇਵਲ 3 ਆਦਮੀ ਧਾਰਾ 107/151 ਕਰੀਮੀਨਲ ਪਰੋਸੀਜਰ ਕੋਡ ਅਧੀਨ ਮਿਤੀ 25/26.4.70 ਨੂੰ ਅਮਨ ਤੇ ਕਾਨੂੰਨ ਨੂੰ ਭੰਗ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤੇ ਗਏ ਸਨ । ਉਨ੍ਹਾਂ ਨੂੰ ਮਿਤੀ 27.4.70 ਨੂੰ ਰਿਹਾ ਕਰ ਦਿੱਤਾ ਗਿਆ ਸੀ ।

[(a) No sir.

(b) Question does not arise.

(c) Only 3 persons were arrested u/s 107/151 Cr. P. C. on 25/26.4.70 for disturbing peace and tranquility. They were released on 27.4.70.]

ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਮੁੱਖ ਮੰਤਰੀ ਸਾਹਿਬ ਇਹ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਇਸ ਸਿਲਸਲੇ ਵਿਚ ਜਿਹੜੀਆਂ ਗ੍ਰਿਫਤਾਰੀਆਂ ਹੋਈਆਂ ਉਹ ਕਿਸ ਬਿਨਾ ਤੇ ਹੋਈਆਂ ?

ਮੁੱਖ ਮੰਤਰੀ : ਉਥੇ ਕਾਨਫਰੰਸ ਹੋਣੀ ਸੀ ਅਤੇ ਵਿਰੋਧੀ ਧੜੇ ਵਾਲਿਆਂ ਨੇ ਬੜਾ ਪ੍ਰਚਾਰ ਕੀਤਾ ਸੀ ਕਿ ਅਸੀਂ ਕਾਨਫਰੰਸ ਵਿਚ ਗੜਬੜ ਕਰਨ ਦੀ ਹਰ ਮੁਮਕਿਨ ਕੋਸ਼ਿਸ਼ ਕਰਾਂਗੇ । ਪੁਲਿਸ ਨੇ ਅਮਨ ਕਾਇਮ ਰੱਖਣ ਵਾਸਤੇ ਇਹ ਕਾਰਵਾਈ ਕੀਤੀ ।

ਸਰਦਾਰ ਕਿਰਪਾਲ ਸਿੰਘ : ਕੀ ਸੰਤਾਂ ਦੇ ਜਲਸਿਆਂ ਵਾਸਤੇ ਕੋਈ ਪੁਲੀਸ ਦੀ ਰਿਕਰੂਟਮੈਂਟ ਵਧਾਈ ਜਾਏਗੀ ਅਤੇ ਜਿਹੜੇ ਮੁਖਾਲਫ ਹਨ, ਕੀ ਉਨ੍ਹਾਂ ਵਾਸਤੇ ਜੇਲ ਵਿੱਚ ਜਗ੍ਹਾ ਵਧਾਉਣ ਵਾਸਤੇ ਗੌਰਮਿੰਟ ਕੁਝ ਸੋਚ ਰਹੀ ਹੈ ? (ਵਿਘਨ)

(ਕੋਈ ਉਤਰ ਨਾ ਆਇਆ)

ਕਾਮਰੇਡ ਬਾਬੂ ਸਿੰਘ ਮਾਸਟਰ : ਪਾਰਟ 'ੲ' ਦੇ ਵਿੱਚ ਦੋ ਚੀਜ਼ਾਂ ਪੁਛੀਆਂ ਗਈਆਂ ਹਨ : ਇਕ ਤਾਂ ਇਹ ਕਿ ਕੀ ਸੰਤਾਂ ਨੇ ਕਾਨਫਰੰਸ, ਐਡਰੈਸ ਕੀਤੀ ਅਤੇ ਦੂਜੀ ਇਹ ਕਿ ਕੀ ਸਫੀਸ਼ੈਂਟ ਪੁਲੀਸ ਬੁਲਾਈ ਗਈ ? ਜਵਾਬ ਹੈ 'ਨਹੀਂ ਜੀ ।' ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸੰਤਾਂ ਨੇ ਕਾਨਫਰੰਸ ਐਡਰੈਸ ਨਹੀਂ ਕੀਤੀ ਜਾਂ ਪੁਲੀਸ ਸਫੀਸ਼ੈਂਟ ਨਹੀਂ ਬੁਲਾਈ ਗਈ ?

ਮੁੱਖ ਮੰਤਰੀ : ਸੰਤਾਂ ਨੇ ਕਾਨਫਰੰਸ ਐਡਰੈਸ ਕੀਤੀ ਅਤੇ ਪੁਲੀਸ ਨਾਰਮਲ ਗਿਣਤੀ ਵਿਚ ਬੁਲਾਈ ਗਈ ਸੀ ।

ਸ਼੍ਰੀ ਸਰਦਾਰੀ ਲਾਲ ਕਪੂਰ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਨਾਰਮਲ ਹਾਲਾਤ ਵਿੱਚ ਜਿੰਨੀ ਪੁਲੀਸ ਚਾਹੀਦੀ ਸੀ, ਉਹ ਤਾਂ ਹੈਗੀ ਸੀ ਅਤੇ ਕੀ ਉਸ ਦੇ ਇਲਾਵਾ ਤਕਰੀਬਨ 750

Original with;
Punjab Vidhan Sabha
Digitized by;
Panjab Digital Library

ਕਾਨਸਟੇਬਲ ਹੋਰ ਬੁਲਾਏ ਗਏ ਸਨ ?

ਮੁੱਖ ਮੰਤਰੀ : ਇਹ ਚੀਜ਼ ਮੇਰੇ ਨੋਟਿਸ ਵਿੱਚ ਨਹੀਂ ਹੈ ।

ਸਰਦਾਰ ਆਤਮਾ ਸਿੰਘ : ਕੀ ਮੁੱਖ ਮੰਤਰੀ ਸਾਹਿਬ ਕਿਰਪਾ ਕਰਕੇ ਇਹ ਦੱਸਣਗੇ ਕਿ ਉਸ ਦਿਨ ਪੁਲਿਸ ਦੀ ਕੁਲ ਤਾਦਾਦ ਕਿੰਨੀ ਸੀ ?

ਮੁੱਖ ਮੰਤਰੀ : ਮੈਂ ਇਸ ਬਾਰੇ ਕੀ ਕਹਿ ਸਕਦਾ ਹਾਂ, ਪੁਲਿਸ ਨੇ ਇੰਤਜ਼ਾਮ ਕਰਨ ਵਾਸਤੇ ਲੋਕਲ ਅਰੇਂਜਮੈਂਟ ਕੀਤਾ ਸੀ ।

चौधरी बलबीर सिंह : क्या मुख्य मन्त्री साहिब बतायेंगे कि लोकल पुलीस को संतों के जलसे में पुलीस की ज़रूरत क्यों महसूस हुई ?

ਮੁੱਖ ਮੰਤਰੀ : ਵਿਰੋਧੀ ਧੜੇ ਵਲੋਂ ਇਹ ਬਹੁਤ ਬੜਾ ਪ੍ਰਚਾਰ ਸੀ ਕਿ ਅਸੀਂ ਕਾਨਫਰੰਸ ਵਿੱਚ ਗੜਬੜ ਕਰਾਂਗੇ ।

ਕਾਮਰੇਡ ਬਾਬੂ ਸਿੰਘ ਮਾਸਟਰ : ਪਾਰਟ 'ਬੀ' ਵਿੱਚ ਪੁਛਿਆ ਗਿਆ ਹੈ ਕਿ ਐਕਸਪੈਂਡੀਚਰ ਕਿੰਨਾ ਹੋਇਆ ਹੈ ? ਇਸ ਦਾ ਉਤਰ ਨਹੀਂ ਦਿੱਤਾ ਗਿਆ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਐਕਸਪੈਂਡੀਚਰ ਕਿੰਨਾ ਹੋਇਆ ਹੈ ? ਜੇ ਥੋੜਾ ਹੋਇਆ ਹੈ ਤਾਂ ਥੋੜਾ ਦਸ ਦੇਣ, ਜੇ ਬਹੁਤਾ ਹੋਇਆ ਹੈ ਤਾਂ ਬਹੁਤਾ ਦਸ ਦੇਣ । ਜਵਾਬ ਤਾਂ ਦੇਣਾ ਹੀ ਚਾਹੀਦਾ ਹੈ ।

ਮੁੱਖ ਮੰਤਰੀ : ਖ਼ਰਚ ਕੋਈ ਸਪੈਸ਼ਲ ਹੋਣਾ ਸੀ ? ਉਥੇ ਲੋਕਲ ਪੁਲਿਸ ਸੀ ਅਤੇ ਉਸ ਨੇ ਇੰਤਜ਼ਾਮ ਕੀਤਾ ਸੀ ।

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ......।

ਸ਼੍ਰੀ ਸਪੀਕਰ : ਸਰਦਾਰ ਗੁਰਨਾਮ ਸਿੰਘ ਜੀ, ਤੁਸੀਂ ਐਗਰੀ ਕੀਤਾ ਸੀ ਕਿ ਕੁਐਸਚਨ ਆਵਰ ਵਿਚ ਕੋਈ ਪੁਆਇੰਟ ਆਫ ਆਰਡਰ ਰੇਜ਼ ਨਹੀਂ ਕੀਤਾ ਜਾਏਗਾ । (The hon. Member Sardar Gurnam Singh had agreed that no point of order shall be raised during the Question Hour.)

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਸਵਾਲ ਦਾ ਜਵਾਬ ਤਾਂ ਠੀਕ ਲੈ ਕੇ ਦਿਓ । The question reads :

> "(a) whether it is a fact that Police in sufficient force, was called, when Sant Fateh Singh addressed a Conference at Ludhiana in April, 1970 ;
> (b) if the reply to part (a) be in the affirmative, the extent of expenditure incurred on the requisitioning of large number of Police personnel for this Conference ;"

ਸਪੀਕਰ ਸਾਹਿਬ, ਇਹ ਇਕ ਡੈਫੀਨਿਟ ਸੁਆਲ ਹੈ ਅਤੇ ਇਸਦਾ ਜਵਾਬ ਆਉਣਾ ਚਾਹੀਦਾ ਹੈ । ਜੇ ਕਰ ਇਨ੍ਹਾਂ ਕੋਲ ਜਵਾਬ ਤਿਆਰ ਨਹੀਂ ਤਾਂ ਵੀ ਇਹ ਕਹਿ ਸਕਦੇ ਹਨ ਕਿ ਅਸੀਂ ਬਾਦ ਵਿਚ ਦੇ ਦਿਆਂਗੇ (ਵਿਘਨ) ਸਵਾਲ ਤਾਂ ਪਰਟੀਕੁਲਰ ਹੈ ਕਿ ਕਿੰਨਾਂ ਐਕਸਪੈਂਡੀਚਰ ਹੋਇਆ ਹੈ ? ਚੀਫ ਮਨਿਸਟਰ ਸਾਹਿਬ ਜਵਾਬ ਦਿੰਦੇ ਹਨ ਕਿ ਨਾਰਮਲ ਹੋਇਆ ਹੈ (ਵਿਘਨ)

ਸ਼੍ਰੀ ਸਪੀਕਰ : ਮੈਂ ਚੀਫ ਮਨਿਸਟਰ ਸਾਹਿਬ, ਨੂੰ ਕਹਾਂਗਾ ਕਿ ਕਿਉਂਕਿ ਉਨ੍ਹਾਂ ਦੀ ਡੈਫੀਨਿਟ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਇਨਕੁਆਇਰੀ ਹੈ ਐਕਸਪੈਂਡੀਚਰ ਬਾਰੇ, ਇਸ ਲਈ ਡੇਫੀਨਿਟ ਜਵਾਬ ਦਿਤਾ ਜਾਣਾ ਚਾਹੀਦਾ ਹੈ । (I would point out to the Chief Minister that since there is a definite enquiry about the expenditure incurred on the Police, a definite reply should be given to it.)

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਕੋਈ ਸਪੈਸ਼ਲ ਐਕਸਪੈਂਡੀਚਰ ਹੋਇਆ ਹੀ ਨਹੀਂ ਅਤੇ ਸਵਾਲ ਦੇ ਜਵਾਬ ਵਿੱਚ ਸਾਫ਼ ਲਿਖਿਆ ਹੋਇਆ ਹੈ :

(ਏ) ਨਹੀਂ ਜੀ

(ਬੀ) ਸਵਾਲ ਹੀ ਨਹੀਂ ਉਠਦਾ ।

ਸਰਦਾਰ ਗੁਰਨਾਮ ਸਿੰਘ : ਚੀਫ਼ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਕੋਈ ਸਪੈਸ਼ਲ ਖ਼ਰਚ ਨਹੀਂ ਹੋਇਆ, ਸਵਾਲ ਦੇ ਵਿੱਚ ਸਪੈਸ਼ਲ ਦਾ ਲਫ਼ਜ਼ ਹੀ ਕੋਈ ਨਹੀਂ ਅਤੇ ਉਸ ਵਿਚ ਸਿਰਫ਼ ਇਤਨਾ ਹੈ ਕਿ......"The extent of expenditure incurred on the requisitioning of large number of Police personnel for this conference."

I do not know wherefrom, the hon. Chief Minister has imported the word 'special' ?

ਮੁੱਖ ਮੰਤਰੀ : ਮੈਂ ਤਾਂ ਸਮਝ ਹੀ ਨਹੀਂ ਸਕਿਆ । ਲੋਕਲ ਪੁਲੀਸ ਡਿਊਟੀ ਤੇ ਸੀ ਅਤੇ ਉਸ ਤੇ ਕੀ ਖ਼ਰਚ ਹੋਣਾ ਸੀ ?

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਹੁਣ ਤੁਸੀਂ ਦੇਖਣਾ ਹੈ ਕਿ ਸਵਾਲ ਦਾ ਜਵਾਬ ਠੀਕ ਹੈ ਜਾਂ ਗਲਤ ਹੈ (ਵਿਘਨ)

ਸਰਦਾਰ ਸਰੂਪ ਸਿੰਘ : ਚੀਫ਼ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਉਸ ਦਿਨ ਵਿਰੋਧੀ ਧੜੇ ਵਲੋਂ ਬੜਾ ਖ਼ਤਰਾ ਸੀ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਦਸਣਗੇ ਕਿ ਜਿਨ੍ਹਾਂ ਦੀ ਤਲਾਸ਼ੀ ਲਈ ਗਈ ਉਹ ਵਿਰੋਧੀ ਧੜੇ ਵਾਲੇ ਸੀ ਜਾਂ ਹਰ ਸਿਖ ਦੀ ਤਲਾਸ਼ੀ ਲਈ ਗਈ, ਜੋ ਵੀ ਬਸਾਂ ਵਿਚ ਬੈਠਿਆ ?

ਮੁੱਖ ਮੰਤਰੀ : ਇਹ ਗਲਤ ਗਲ ਹੈ, ਅਜਿਹੀ ਕੋਈ ਗਲ ਨਹੀਂ ਹੈ ।

ਸਰਦਾਰ ਸਰੂਪ ਸਿੰਘ : ਅਗਰ ਜਿਨ੍ਹਾਂ ਦੀ ਇਨਫਰਮੇਸ਼ਨ ਗਲਤ ਸਾਬਤ ਹੋ ਜਾਵੇ ਤਾਂ ਕੀ ਇਹ ਇਨਕੁਆਇਰੀ ਕਰਾਉਣ ਲਈ ਤਿਆਰ ਹੋਣਗੇ ?

ਮੁੱਖ ਮੰਤਰੀ : ਇਹ ਗਲ ਪਹਿਲਾਂ ਨੋਟਿਸ ਵਿਚ ਨਹੀਂ ਲਿਆਂਦੀ ਗਈ ਅਜ ਹੀ ਦਸੀ ਗਈ ਹੈ ।

ਸਰਦਾਰ ਰਾਜਾ ਸਿੰਘ : ਕੀ ਮੁੱਖ ਮੰਤਰੀ ਸਾਹਿਬ ਅਸੈਂਬਲੀ ਹਾਲ ਵਿੱਚ ਸਚ ਬੋਲ ਕੇ ਦਸਣਗੇ ਕਿ ਸਾਰੇ ਪੰਜਾਬ ਤੋਂ ਪੁਲਿਸ ਲੁਧਿਆਣੇ ਗਈ ਸੀ ਅਤੇ ਸਫੇਦ ਕਪੜਿਆਂ ਵਿਚ ਗਈ ਸੀ ? ਇਨ੍ਹਾਂ ਨੇ ਗਲਤ ਬਾਤ ਕਹੀ ਹੈ, ਇਹ ਗੱਲ ਝੂਠ ਹੈ ।

ਰਾਜ ਮੰਤਰੀ ਆਬਕਾਰੀ ਅਤੇ ਕਰ : (ਸਰਦਾਰ ਨਰਿੰਦਰ ਸਿੰਘ) ਮੈਂ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਇਹ ਆਪਣੇ ਲਫ਼ਜ਼ ਵਾਪਸ ਲੈ ਲੈਣ ਇਨ੍ਹਾਂ ਨੇ ਲੀਡਰ ਆਫ ਦੀ ਹਾਊਸ ਨੂੰ ਕਿਹਾ ਹੈ ਕਿ 'ਕੀ

Original with;
Punjab Vidhan Sabha
Digitized by;
Panjab Digital Library

ਉਹ ਸੱਚ ਬੋਲ ਕੇ ਦੱਸਣਗੇ ।' ਇਸਦਾ ਮਤਲਬ ਹੈ ਕਿ ਉਹ ਝੂਠ ਬੋਲਦੇ ਹਨ । (ਵਿਘਨ)

चौधरी बलबीर सिंह : यह एतराज़ बेमानी है क्योंकि उन पर जब तक इन का असर रहेगा, वे सच कैसे बोल सकते हैं । (हंसी)

ਸਾਥੀ ਰੂਪ ਲਾਲ : ਇਨ੍ਹਾਂ ਨੇ ਹੁਣੇ ਕਿਹਾ ਹੈ ਕਿ ਕੋਈ ਖ਼ਰਚ ਨਹੀਂ ਹੋਇਆ । ਕੀ ਇਹ ਠੀਕ ਨਹੀਂ ਹੈ ਕਿ ਜੀ. ਟੀ. ਰੋਡ ਬੰਦ ਕੀਤੀ ਗਈ ਅਤੇ ਲੋਕਾਂ ਦੀਆਂ ਤਲਾਸ਼ੀਆਂ ਕੀਤੀਆਂ ਗਈਆਂ ? ਅਗਰ ਮੈਂ ਹਲਫੀਆ ਬਿਆਨ ਦੇ ਦੇਵਾਂ ਕਿ ਉਥੇ ਮੋਗੇ ਤੋਂ ਪੁਲਿਸ ਗਈ ਤਾਂ ਕੀ ਇਹ ਗਲ ਝੂਠ ਹੋਵੇਗੀ ਜਾਂ ਸੱਚ ? (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਤੋਂ ਜਵਾਬ ਲੈ ਕੇ ਦਿਉ । ਇਹ ਘੁਗੀ ਮਾਰ ਚੀਫ ਮਨਿਸਟਰ ਹੈ ਹੋਰ ਕੋਈ ਗੱਲ ਇਸ ਨੂੰ ਨਹੀਂ ਆਉਂਦੀ ।

ਮੁੱਖ ਮੰਤਰੀ : ਮੈਂ ਘੁਗੀ ਮਾਰ ਹਾਂ ਤਾਂ ਇਹ ਘੁਗੀ ਹਨ । (ਹਾਸਾ)

ਸਿਰਦਾਰ ਕਪੂਰ ਸਿੰਘ : ਕੀ ਇਹ ਸੱਚ ਹੈ, (ਵਿਘਨ) ਕਿ ਲੁਧਿਆਣੇ ਵਿਚ ਸਿੱਖਾਂ ਦੇ ਵਧ ਰਹੇ ਰੋਸ ਅਤੇ ਸਰਦਾਰ ਗੁਰਨਾਮ ਸਿੰਘ ਦੇ ਪਰਭਾਵ ਨੂੰ ਮੁੱਖ ਰਖ ਕੇ ਇੰਨੀ ਭਾਰੀ ਗਿਣਤੀ ਵਿਚ ਪੁਲਿਸ ਬੁਲਾਈ ਗਈ ਸੀ ?

ਮੁੱਖ ਮੰਤਰੀ : ਮੈਂ ਅਰਜ਼ ਕਰ ਚੁਕਿਆ ਹਾਂ ਕਿ ਉਥੇ ਕਾਨਫਰੰਸ ਹੋਣੀ ਸੀ ਜਿਸ ਬਾਰੇ ਵਿਰੋਧੀ ਧਿਰ ਵਲੋਂ ਰੌਲਾ ਪਾਇਆ ਜਾ ਰਿਹਾ ਸੀ ਕਿ ਫਸਾਦ ਕਰਨ ਦੀ ਕੋਸ਼ਿਸ਼ ਕਰਨੀ ਹੈ । ਇਸ ਤਰ੍ਹਾਂ ਦੇ ਹਾਲਾਤ ਵਿੱਚ ਨਾਰਮਲੀ ਜਿੰਨੀ ਪੁਲਿਸ ਦੀ ਲੋੜ ਹੁੰਦੀ ਹੈ ਉਨੀ ਹੀ ਉਥੇ ਸੀ ; ਇਸ ਵਿੱਚ ਕੀ ਗੱਲ ਹੈ ।

ਸਰਦਾਰ ਗੁਰਨਾਮ ਸਿੰਘ : ਉਥੇ ਨਾਰਮਲ ਪੁਲਿਸ ਦੀ ਸਟਰੈਂਗਥ ਕੀ ਸੀ ?

ਮੁੱਖ ਮੰਤਰੀ : ਡੀਟੇਲਜ਼ ਨਹੀਂ ਦੱਸ ਸਕਦਾ, ਨੋਟਿਸ ਦਿਉ ।

Sardar Gurnam Singh : Mr Speaker, are you satisfied with the reply ? If you are satisfied then we will not put any question. Is there no prevarication in answering this question ? The Chief Minister should straightaway tell as to what was the number of police. Are you satisfied with the answer ?

ਸ਼੍ਰੀ ਸਪੀਕਰ : ਸਰਦਾਰ ਗੁਰਨਾਮ ਸਿੰਘ ਜੀ, ਮੈਂ ਤਾਂ ਸਰਕਾਰ ਨੂੰ ਸਪੈਸੇਫਿਕ ਜਵਾਬ ਦੇਣ ਲਈ ਬੇਨਤੀ ਕਰਦਾ ਹਾਂ, ਪਰ ਇਹ ਹਰ ਸਰਕਾਰ ਦਾ ਖ਼ਾਸਾ ਰਿਹਾ ਹੈ ਕਿ ਥੋੜਾ ਬਹੁਤ ਜ਼ਰੂਰ ਇਵੇਸਿਵ ਜਵਾਬ ਦਿੰਦੀ ਰਹੀ ਹੈ । (Sardar Gurnam Singh Ji, I request the Government to give a specific reply but it has been the characteristic of the Governments that they have been giving somewhat evasive replies.)

Sardar Gurnam Singh : Mr. Speaker, I am very sorry that you are referring to back times. You should tell us of today. There is no use covering the Chief Minister like this. You should tell us whether you are satisfied with the answer. What is the use of referring to back times ? You should tell us of today.

ਸਰਦਾਰ ਸੰਤ ਸਿੰਘ ਜ਼ੈਲਦਾਰ : (ਵਿਘਨ) ਸਰਦਾਰ ਗਿਆਨ ਸਿੰਘ ਰਾੜੇਵਾਲਾ ਨੂੰ ਗਿਰਫਤਾਰ ਕਰਨ ਵੇਲੇ ਕਿੰਨੀ ਪੁਲਿਸ ਬੁਲਾਈ ਸੀ ? (ਵਿਘਨ)

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਲਫ਼ਜ਼ ਕਹੇ ਹਨ ਉਹ ਚੇਅਰ ਤੇ ਐਸਪਰਸ਼ਨ ਹਨ, ਇਨ੍ਹਾਂ ਨੂੰ ਵਾਪਸ ਲੈਣੇ ਚਾਹੀਦੇ ਹਨ। (ਵਿਘਨ)

LATHI CHARGE AT LUDHIANA ON 26TH APRIL, 1970

*1990. ©Shri Sardari Lal Kapur,
2. **Bhagat Guran Dass Hans** : Will the Chief Minister be pleased to state :

[(a) whether he is aware of the fact that a lathi charge was made on the public at Ludhiana at a public meeting on 26.4.70.

(b) if the reply to part (a) above be in the affirmative, the circumstances in which it was made ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੲ) ਨਹੀਂ ਜੀ।

(ਬੀ) ਸਵਾਲ ਹੀ ਨਹੀਂ ਉਠਦਾ।

[(a) No sir,

(b) Question does not arise.]

ਸ੍ਰੀ ਸਰਦਾਰੀ ਲਾਲ ਕਪੂਰ : ਕੀ ਇਨ੍ਹਾਂ ਨੂੰ ਪਤਾ ਹੈ ਕਿ ਪੰਜ ਆਦਮੀ ਹਸਪਤਾਲ ਵਿਚ ਐਡਮਿਟ ਕੀਤੇ ਗਏ ਅਤੇ ਰਿਕਾਰਡ ਵਿਚ ਇਹ ਲਿਖਿਆ ਗਿਆ ਕਿ ਲਾਠੀ ਚਾਰਜ ਹੋਇਆ ਹੈ। ਕੀ ਇਸ ਦਾ ਇਨ੍ਹਾਂ ਨੂੰ ਪਤਾ ਹੈ ?

ਮੁੱਖ ਮੰਤਰੀ : ਨਹੀਂ ਜੀ। ਮੈਨੂੰ ਨਹੀਂ ਪਤਾ।

ਸ੍ਰੀ ਸਰਦਾਰੀ ਲਾਲ ਕਪੂਰ : ਅਗਰ ਇਹ ਗੱਲ ਸਾਬਤ ਹੋ ਜਾਵੇ ਕਿ ਆਪ ਨੂੰ ਗਲਤ ਇਨਫਰਮੇਸ਼ਨ ਮਿਲੀ ਹੈ ਤਾਂ ਕੀ ਇਹ ਕਾਰਵਾਈ ਕਰਨ ਲਈ ਤਿਆਰ ਹੋਣਗੇ ?

ਮੁੱਖ ਮੰਤਰੀ : ਮੈਂ ਪਤਾ ਕਰ ਲਵਾਂਗਾ। ਜੋ ਇਸ ਵੇਲੇ ਮੇਰੇ ਪਾਸ ਰਿਕਾਰਡ ਹੈ ਉਸ ਮੁਤਾਬਿਕ ਕੋਈ ਲਾਠੀ ਚਾਰਜ ਨਹੀਂ ਹੋਇਆ।

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਇਹ ਉਨ੍ਹਾਂ ਕਰਮਚਾਰੀਆਂ ਦੇ ਖਿਲਾਫ਼ ਐਕਸ਼ਨ ਲੈਣ ਨੂੰ ਤਿਆਰ ਹੋਣਗੇ ਜਿਨਾਂ ਨੇ ਪਾਰਟ 'ਏ' ਦੇ ਉਤਰ ਵਿੱਚ ਗਲਤ ਇਨਫਰਮੇਸ਼ਨ ਦਿੱਤੀ ਹੈ।

ਮੁੱਖ ਮੰਤਰੀ : ਇਨਫਰਮੇਸ਼ਨ ਸਹੀ ਹੈ। ਗਲਤ ਇਨਫਰਮੇਸ਼ਨ ਦਾ ਸਵਾਲ ਹੀ ਨਹੀਂ ਹੈ।

चौधरी बलबीर सिंह : कपूर साहिब के ब्यान के मुताबिक वहां पर 5 आदमी ज़ख्मी हुए और हस्पताल में ऐडमिट हुए। क्या कोई रिपोर्ट हुई कि वह लोग लाठी चार्ज में ज़ख्मी हुए थे ? क्या यह इन्क्वायरी करने के लिये तैयार हैं ?

ਮੁੱਖ ਮੰਤਰੀ : ਮੈਂ ਅਰਜ਼ ਕਰ ਦਿਤੀ ਹੈ ਕਿ ਜੋ ਮੇਰੇ ਪਾਸ ਰਿਕਾਰਡ ਹੈ ਉਸ ਮੁਤਾਬਿਕ ਕੋਈ ਲਾਠੀ ਚਾਰਜ ਨਹੀਂ ਹੋਇਆ, ਕੋਈ ਅਜਿਹੀ ਗੱਲ ਨਹੀਂ ਹੋਈ।

ਸਰਦਾਰ ਸਰੂਪ ਸਿੰਘ : ਇਨ੍ਹਾਂ ਨੇ ਕਿਹਾ ਕਿ ਉਥੇ ਕੋਈ ਲਾਠੀ ਚਾਰਜ ਨਹੀਂ ਹੋਇਆ।

©Put by Shri Sardari Lal Kapur.

Original with;
Punjab Vidhan Sabha
Digitized by;
Panjab Digital Library

ਕੀ ਇਨ੍ਹਾਂ ਦੇ ਨੋਟਿਸ ਵਿੱਚ ਇਹ ਗੱਲ ਆਈ ਹੈ ਕਿ ਉਥੇ ਬੰਦੇ ਜ਼ਖਮੀ ਹੋਏ ਹਨ, ਰਿਕਾਰਡ ਤੇ ਭਾਵੇਂ ਇਹ ਗੱਲ ਨਾ ਹੋਵੇ ?

ਮੁੱਖ ਮੰਤਰੀ : ਮੇਰੇ ਨੋਟਿਸ ਵਿਚ ਨਹੀਂ ਆਈ ।

ਸਰਦਾਰ ਕਿਰਪਾਲ ਸਿੰਘ : ਕੀ ਮੁੱਖ ਮੰਤਰੀ ਜੀ ਦਸਣ ਦੀ ਖੇਚਲ ਕਰਨਗੇ ਕਿ ਚੰਗੀ ਅਤੇ ਇਫੈਕਟਿਵ ਤਰੀਕੇ ਨਾਲ ਲਾਠੀ ਮਾਰਨ ਵਾਲੇ ਸਿਪਾਹੀਆਂ ਨੂੰ ਸਰਕਾਰ ਵਲੋਂ ਇਨਾਮ ਦਿਤਾ ਗਿਆ ਜਾਂ ਨਹੀਂ ? (ਹਾਸਾ)

ਸਾਥੀ ਰੂਪ ਲਾਲ : ਕੀ ਮੁੱਖ ਮੰਤਰੀ ਜੀ ਦਸਣਗੇ ਕਿ ਇਹ ਜੋ ਲਾਠੀ ਚਾਰਜ ਹੋਇਆ ਇਹ ਇਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਹੋਇਆ ਅਤੇ ਹੁਣ ਇਹ ਝੂਠ ਬੋਲਦੇ ਹਨ ।

ਮੁੱਖ ਮੰਤਰੀ : ਇਹ ਗਲਤ ਗੱਲ ਹੈ ।

Sirdar Kapur Singh : Mr. Speaker, to use 'ਝੂਠ ਬੋਲਦੇ ਹਨ' in respect of any Member in this House is unparliamentary.

Mr. Speaker . This is unparliamentary.

ਸਾਥੀ ਰੂਪ ਲਾਲ : ਮੈਂ 'ਝੂਠ' ਦੀ ਬਜਾਏ 'ਗਲਤ' ਕਹਿ ਦਿੰਦਾ ਹਾਂ ।

ਸਿਰਦਾਰ ਕਪੂਰ ਸਿੰਘ : ਸਪੀਕਰ ਸਾਹਿਬ, ਇਹ ਸ਼ਬਦ ਵਾਪਸ ਕਰਾਉ ਵਰਨਾ ਇਸ ਤਰ੍ਹਾਂ ਦੀ ਪਿਰਤ ਪੈ ਗਈ .....(ਵਿਘਨ)

ਸਾਥੀ ਰੂਪ ਲਾਲ : ਮੈਂ ਉਸ ਦੀ ਥਾਂ 'ਗਲਤ' ਕਹਿੰਦਾ ਹਾਂ । 'ਝੂਠ' ਦਾ ਲਫਜ਼ ਮੈਂ ਵਿਦਡਰਾ ਕਰਦਾ ਹਾਂ ।

ਸਰਦਾਰ ਰਾਜਾ ਸਿੰਘ : ਕੀ ਇਹ ਦਸਣਗੇ ਕਿ ਜਦ ਇਹ ਲੁਧਿਆਣੇ ਤਸ਼ਰੀਫ ਲੈ ਗਏ ਸਨ ਤਾਂ ਇਨ੍ਹਾਂ ਨੇ ਇਸ ਮੌਕੇ ਤੇ ਆਪਣੇ ਅਮਲੇ ਫੈਲੇ ਨੂੰ ਸਵਾਗਤੀ ਗੇਟ ਬਨਾਉਣ ਲਈ ਕਿਹਾ ਸੀ ਪਰ ਚੂੰਕਿ ਇਨ੍ਹਾਂ ਦਾ ਹੁਕਮ ਪੂਰਾ ਨਹੀਂ ਸੀ ਹੋਇਆ ਇਸ ਕਰਕੇ ਉਥੇ ਦੇ ਅਫਸਰਾਂ ਦੇ ਖਿਲਾਫ ਇਨਕਵਾਇਰੀ ਹੋ ਰਹੀ ਹੈ ਜਿਨ੍ਹਾ ਵਿਚ ਖਾਸ ਤੌਰ ਤੇ ਇਕ ਬੀ. ਡੀ. ਓ. ਨੂੰ ਸ਼ਾਮਿਲ ਕੀਤਾ ਗਿਆ ਹੈ ? ਕੀ ਇਹ ਗੱਲ ਸਚ ਹੈ ? (ਵਿਘਨ)

ਮੁੱਖ ਮੰਤਰੀ : ਇਹ ਗੱਲ ਗਲਤ ਹੈ । (ਵਿਘਨ)

SHORTAGE OF IRON AND STEEL FOR INDUSTRIAL UNITS OF BATALA, DISTRICT GURDASPUR.

*1967. 1. **Sardar Darshan Singh, K. P.**
©2. **Shri Sardari Lal Kapur,**
3. **Bhagat Guran Dass Hans,**
4. **Dr. Sadhu Ram** : Will the Chief Minister be pleased to state :

(a) whether the Govt. is aware of the fact that 500 Industrial units of Batala (District Gurdaspur) are facing acute shortage of Iron and Steel ;

©Put by Shri Sardari Lal Kapur.

Original with;
Punjab Vidhan Sabha
Digitized by;
Panjab Digital Library

[Shri Sardari Lal Kapur.]

(b) if the reply to part (a) above be in affirmative, the steps taken by the Government for adequate supply of Iron and Steel to these 500 Industrial Units at reasonable rates ;

(c) whether the Government is aware of the likelihood of several Industrial Units of Batala being forced to close down if immediate action is not taken in the matter ?

Sardar Teja Singh : (State Minister for Industries & Health.)

(a) Yes. The shortage is in respect of Iron and Steel items other than the pig iron.

(b) The matter was taken up with Joint Plant Committee and the producers at personal level by the representatives of the Industries Department as a result of which allocation/supplies position to the State in respect of pig iron, M. S. rounds, angles, M. S. flats, steel sheets was considerably increased. Consequently the Industrial units at Batala also got their larger share.

(c) There is no likelihood of Industrial Units of Batala being forced to close down as they mainly consume pig iron for which no shortage exists.

[(ੳ) ਹਾਂ ਜੀ । ਜੋ ਘਾਟ ਹੈ ਉਹ ਲੋਹਾ ਤੇ ਸਟੀਲ ਦੀਆਂ ਆਈਟਮਾਂ ਦੀ ਹੀ ਹੈ ; ਪਿੱਗ ਆਇਰਨ ਦੀ ਨਹੀਂ ।

(ਅ) ਉਦਯੋਗ ਵਿਭਾਗ ਦੇ ਨੁਮਾਇੰਦਿਆਂ ਦਾ ਨਿਜੀ ਤੌਰ ਤੇ ਜੁਆਇੰਟ ਪਲਾਂਟ ਕਮੇਟੀ ਅਤੇ ਨਿਰਮਾਤਾਵਾਂ ਨਾਲ ਪਿੱਗ ਆਇਰਨ, ਐਮ. ਐਸ. ਰਾਊਂਡਜ਼, ਐਂਗਲਜ਼, ਐਮ. ਐਸ. ਫਲੇਟਸ ਅਤੇ ਲੋਹੇ ਦੀਆਂ ਸ਼ੀਟਾਂ ਦੀ ਵੀ ਐਲੋਕੇਸ਼ਨ ਤੇ ਸਪਲਾਈ ਬਾਰੇ ਗਲ ਬਾਤ ਕਰਨ ਦਾ ਸਿੱਟਾ ਇਹ ਹੋਇਆ ਕਿ ਇਨ੍ਹਾਂ ਦੀ ਸਪਲਾਈ ਕਾਫੀ ਹੱਦ ਤਕ ਵੱਧ ਗਈ ਅਤੇ ਬਟਾਲਾ ਦੇ ਉਦਯੋਗਿਕ ਯੂਨਿਟਾਂ ਦੇ ਹਿੱਸੇ ਵਿਚ ਬਾਰੇ ਗੱਲ ਬਾਤ ਕਰਨ ਦਾ ਸਿੱਟਾ ਇਹ ਹੋਇਆ ਕਿ ਇਨ੍ਹਾਂ ਦੀ ਸਪਲਾਈ ਕਾਫੀ ਹੱਦ ਤਕ ਸਪਲਾਈ ਦਾ ਹਿੱਸਾ ਆਇਆ ।

(ੲ) ਬਟਾਲਾ ਦੀਆਂ ਉਦਯੋਗਿਕ ਯੂਨਿਟਾਂ ਦੇ ਬੰਦ ਹੋਣ ਦੀ ਕੋਈ ਸੰਭਾਵਨਾ ਨਹੀਂ, ਕਿਉਂਕਿ ਉਹ ਜ਼ਿਆਦਾ ਤਰ ਪਿੱਗ ਆਇਰਨ ਦੀ ਹੀ ਵਰਤੋਂ ਕਰਦੇ ਹਨ ਜਿਸ ਦੀ ਕੋਈ ਘਾਟ ਨਹੀਂ ।]

ਸ਼੍ਰੀ ਸਰਦਾਰੀ ਲਾਲ ਕਪੂਰ : ਉਨ੍ਹਾਂ ਨੇ ਕਿਹਾ ਹੈ ਕਿ ਹਰ ਕਿਸਮ ਦੀ ਸਪਲਾਈ ਵਧ ਗਈ ਹੈ । ਅਗਰ ਇਹ ਗੱਲ ਸਹੀ ਹੈ ਤਾਂ ਫਿਰ ਕੀ ਵਜ੍ਹਾ ਹੈ ਕਿ ਆਇਰਨ ਸ਼ੀਟਸ ਦੀ ਬਲੈਕ ਹਾਲੇ ਤਾਂਈ ਖਤਮ ਨਹੀਂ ਹੋਈ ?

ਰਾਜ ਮੰਤਰੀ : ਇਹ ਵੀ ਬੰਦ ਹੋ ਜਾਵੇਗੀ । ਪਿੱਗ ਆਇਰਨ ਦੀ ਸਪਲਾਈ 60,000 ਮੀਟਰਿਕ ਟਨ ਤੋਂ ਵਧਾ ਕੇ 1,37,031 ਮੀਟਰਿਕ ਟਨ ਕਰ ਦਿੱਤੀ ਗਈ ਹੈ, ਦੋ ਕਰੋੜ ਦੀ ਮਾਲੀਅਤ

Original with;
Punjab Vidhan Sabha
Digitized by;
Panjab Digital Library

ਦੇ ਐਮ. ਐਸ. ਰਾਉਂਡ ਕਰ ਦਿੱਤੇ ਗਏ ਹਨ, 225 ਮੀਟਰਿਕ ਟਨ ਬੀ. ਪੀ. ਸ਼ੀਟਸ 960 ਜੀ. ਪੀ. ਸ਼ੀਟਸ ਅਤੇ 7210 ਮੀਟਰਿਕ ਟਨ ਜੀ. ਸੀ. ਸ਼ੀਟਸ ਦੀ ਸਪਲਾਈ ਕਰ ਦਿਤੀ ਗਈ ਹੈ। ਇਸ ਤਰ੍ਹਾਂ ਕਮੀ ਜਲਦੀ ਹੀ ਪੂਰੀ ਹੋ ਜਾਵੇਗੀ।

चौधरी बलबीर सिंह : क्या यह बात इन के नोटिस में है कि बी. पी. शीटस के सिलसिले में एक बहुत बड़ा स्कैंडल इन्डस्ट्रीज़ डिपार्टमेंट में रहा है ? क्या उस बारे में कोई इन्क्वायरी हुई है या यह करवायेंगे ?

ਰਾਜ ਮੰਤਰੀ : ਅਗਰ ਕੋਈ ਸਪੈਸੇਫਿਕ ਐਗਜ਼ਪਲ ਸਾਡੇ ਨੋਟਿਸ ਵਿਚ ਲਿਆਉਣਗੇ ਤਾਂ ਇਨਕੁਆਇਰੀ ਕਰਾਂਵਾਂਗੇ। ਜੋ ਪਹਿਲੇ ਐਲੋਕੇਸ਼ਨ ਹੋਈ ਸੀ ਉਸ ਦੀ ਜਨਰਲ ਪੜਤਾਲ ਕਰ ਰਹੇ ਹਾਂ।

चौधरी बलबीर सिंह : व्यवस्था का प्रश्न।

ਸ੍ਰੀ ਸਪੀਕਰ : ਤੁਸੀਂ ਤਾਂ ਐਗਰੀ ਕੀਤਾ ਸੀ ਕਿ ਸਵਾਲਾਂ ਦੇ ਸਮੇਂ ਵਿਚ ਪੁਆਇੰਟ ਆਫ ਆਰਡਰ ਨਹੀਂ ਕਰਾਂਗੇ। (The hon. Member had agreed not to raise points of order during the question hour.)

चौधरी बलबीर सिंह : यह नई सरकार है, नया सैशन है। इस सरकार को नए हुए अभी चार दिन हुए हैं।......(विघ्न)

ਸ੍ਰੀ ਸਪੀਕਰ : ਇਹ ਠੀਕ ਰਹੇਗਾ ਕਿ ਇਕ ਬਾਰ ਜੋ ਫੈਸਲਾ ਕਰ ਲਿਆ ਉਸ ਤੇ ਹਮੇਸ਼ਾ ਲਈ ਪੱਕੇ ਰਿਹਾ ਜਾਵੇ। (It would be proper if we stick to our decisions.)

चौधरी बलबीर सिंह : मेरा सवाल तो बिलकुल क्लियर था कि मंत्री महोदय के अपने नोटिस में है कि स्पैसेफिक और डैफिनेट चार्जिज़ हैं, इलज़ामात हैं। जिस वक्त यह ऐस्टीमेट कमेटी के चेयरमैन थे तो इन्होंने खूब छापे मारे और इन्क्वायरी का हुकम दिया तो क्या जिन बातों के बारे में इन्हें आप पता है और जो इन के अपने नोटिस में हैं, उनके बारे में इन्क्वायरी कराने को तैयार हैं ?

ਰਾਜ ਮੰਤਰੀ : ਜਿੰਨੀਆਂ ਵੀ ਇਸ ਕਿਸਮ ਦੀਆਂ ਗੱਲਾਂ ਉਸ ਵੇਲੇ ਮੇਰੇ ਨੋਟਿਸ ਵਿਚ ਆਈਆਂ ਸਨ ਉਨ੍ਹਾ ਦੇ ਬਾਰੇ ਵਿੱਚ ਇਨਕੁਆਰੀ ਕੀਤੀ ਜਾ ਰਹੀ ਹੈ। ਜੇਕਰ ਹੋਰ ਕੋਈ ਸਪੈਸੇਫਿਕ ਗੱਲ ਦਸੋਗੇ ਤਾਂ ਉਸ ਦੀ ਵੀ ਇਨਕੁਆਇਰੀ ਕਰਾਉਣ ਨੂੰ ਤਿਆਰ ਹਾਂ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮੰਤਰੀ ਸਾਹਿਬ ਦੇ ਇਲਮ ਵਿਚ ਹੈ ਕਿ ਬਟਾਲਾ ਸਟੀਲ ਇੰਡਸਟਰੀ ਨੂੰ ਖਾਮ ਮਾਲ ਦੀ ਸਪਲਾਈ ਨਹੀਂ ਕੀਤੀ ਜਾ ਰਹੀ, ਸਪਲਾਈ ਇਰਰੈਗੂਲਰ ਹੈ ਅਤੇ ਇਸ ਕਰਕੇ ਪ੍ਰਾਈਸ ਵਿਚ ਵੀ ਐਬਨਾਰਮਲ ਵਾਧਾ ਹੋ ਗਿਆ ਹੈ ; ਅਤੇ ਇਸ ਤਰ੍ਹਾਂ ਸਪਲਾਈ ਘਟ ਹੋ ਜਾਣ ਨਾਲ ਅੰਮ੍ਰਿਤਸਰ ਅਤੇ ਜਲੰਧਰ ਆਦਿ ਦੇ ਕਾਰਖਾਨੇ ਬੰਦ ਹੋ ਜਾਣ ਦਾ ਡਰ ਹੈ ਅਤੇ ਇਸੇ ਹੀ ਸਿਲਸਿਲੇ ਵਿਚ ਫੈਕਟਰੀ ਓਨਰਜ਼ ਅਸੋਸੀਏਸ਼ਨ ਦੀ ਮੀਟਿੰਗ ਬੁਲਾਈ ਗਈ ਹੈ ਕਿ ਕਾਰਖਾਨੇ ਬੰਦ ਹੋਣ ਤੋਂ ਬਚਾਏ ਜਾ ਸਕਣ। ਕੀ ਸਰਕਾਰ ਇਸ ਗੱਲ ਤੇ ਗੌਰ ਕਰੇਗੀ ?

ਰਾਜ ਮੰਤਰੀ : ਮਾਲ ਦੀ ਸਪਲਾਈ ਨੂੰ ਰੈਗੂਲਰ ਕਰਨ ਲਈ ਅਤੇ ਸੋਚ ਵਿਚਾਰ ਕਰਨ ਲਈ ਇਨਡਸਟ੍ਰੀਲਿਸਟਾਂ ਦੀ ਜਿਹੜੀ ਮੀਟਿੰਗ ਬੁਲਾਈ ਗਈ ਹੈ, ਉਸ ਵਿਚ ਜਿਹੜਾ ਵਿਚਾਰ ਕੀਤਾ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਸਿਹਤ ਤੇ ਉਦਯੋਗ]

ਜਾਵੇਗਾ ਉਸ ਨੂੰ ਸਾਹਮਣੇ ਰੱਖ ਕੇ ਜਿਹੜੀਆਂ ਵੀ ਖਾਮੀਆਂ ਹਨ ਅਤੇ ਜਿਸ ਮਾਲ ਦੀ ਕਮੀ ਹੈ ਉਸ ਨੂੰ ਦੂਰ ਕੀਤਾ ਜਾਵੇਗਾ।

ਸਾਥੀ ਰੂਪ ਲਾਲ : ਕੀ ਮੰਤਰੀ ਸਾਹਿਬ ਦੱਸਣਗੇ ਕਿ ਇਨ੍ਹਾਂ ਨੇ ਕਿਹਾ ਹੈ ਕਿ ਕੋਈ ਸਪੈਸੇਫਿਕ ਕੇਸ ਇਨ੍ਹਾਂ ਨੂੰ ਦਸੇ ਜਾਣ ਤਾਂ ਕੀ ਮੈਂ ਇਨ੍ਹਾਂ ਨੂੰ ਪੁਛ ਸਕਦਾ ਹਾਂ ਕਿ ਜਦ ਇਹ ਐਸਟੀਮੇਟ ਕਮੇਟੀ ਦੇ ਚੇਅਰਮੈਨ ਸਨ ਅਤੇ ਮੈਂ ਉਸ ਕਮੇਟੀ ਦਾ ਮੈਂਬਰ ਸਾਂ ਤਾਂ ਅਸੀਂ ਨਕੋਦਰ ਗਏ ਸਾਂ ਉਸ ਵੇਲੇ ਇਨ੍ਹਾਂ ਦੇ ਸਾਹਮਣੇ ਨਕੋਦਰ ਦਾ ਚਾਦਰ ਸਕੈਂਡਲ ਪੇਸ਼ ਕੀਤਾ ਗਿਆ। ਇਨ੍ਹਾਂ ਨੇ ਉਹ ਕੇਸ ਆਪ ਫੜਿਆ। ਤਾਂ ਕੀ ਇਨ੍ਹਾਂ ਨੇ ਇਨਕੁਆਇਰੀ ਕਰਾਈ ਹੈ। (ਇਕ ਮਾਨਯੋਗ ਮੈਂਬਰ ਵਲੋਂ ਵਿਘਨ) ਇਨ੍ਹਾਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਪਿੱਗ ਆਇਰਨ ਕੀ ਹੁੰਦਾ ਹੈ ? (ਵਿਘਨ) (ਸ਼ੋਰ)

Mr Speaker : Disallowed. (ਵਿਘਨ) ਸ਼ੋਰ)]

ਰਾਜ ਮੰਤਰੀ : ਜਿਹੜੀ ਕੋਈ ਗੱਲ ਆਨਰੇਬਲ ਮੈਂਬਰ ਸਾਹਿਬ ਹੋਰ ਸਾਡੇ ਨੋਟਿਸ ਵਿਚ ਲਿਆਉਣਗੇ ਅਸੀਂ ਉਸ ਨੂੰ ਵੇਖ ਲਵਾਂਗੇ।

ਡਾਕਟਰ ਸਾਧੂ ਰਾਮ : ਕੀ ਜਿਹੜਾ 22 ਹਜ਼ਾਰ ਰੁਪਏ ਦੀ ਗਬਨ ਦੀ ਐਸਟੀਮੇਟਸ ਕਮੇਟੀ ਨੇ ਪੜਤਾਲ ਇਸ ਮਹਿਕਮੇ ਵਿਚੋਂ ਕੀਤੀ ਸੀ ਕੀ ਉਸ ਦੇ ਬਾਰੇ ਵਿਚ ਇਨਕੁਆਰੀ ਕੀਤੀ ਜਾ ਰਹੀ ਹੈ।

ਰਾਜ ਮੰਤਰੀ : ਜਿਸ ਗੱਲ ਦਾ ਡਾਕਟਰ ਸਾਹਿਬ ਨੇ ਜ਼ਿਕਰ ਕੀਤਾ ਹੈ ਇਸ ਦੇ ਬਾਰੇ ਵਿੱਚ ਪਹਿਲਾਂ ਹੀ ਇਨਕੁਆਰੀ ਪੈਂਡਿੰਗ ਹੈ ਜਿਸ ਵੇਲੇ ਇਸ ਗੱਲ ਦਾ ਪਤਾ ਲੱਗਾ ਤਾਂ ਮੁਤਲਿਕਾ ਐਸਟੀਮੇਟ ਕਮੇਟੀ ਦੇ ਅਫਸਰ ਨਾਲ ਸਨ ਅਤੇ ਨੋਟਿਸ ਵਿੱਚ ਆਇਆ ਹੈ ਤਾਂ ਅਫਸਰਾਂ ਨੂੰ ਕਿਹਾ ਗਿਆ ਹੈ ਕਿ ਇਸ ਦੀ ਇਨਕੁਆਰੀ ਕਰਕੇ ਦਸਿਆ ਜਾਵੇ ਜੋ ਐਕਸ਼ਨ ਹੋਵੇਗਾ ਮੈਂਬਰ ਸਾਹਿਬਾਨ ਨੂੰ ਦਸ ਦਿੱਤਾ ਜਾਵੇਗਾ। (ਵਿਘਨ)

ਸ੍ਰੀ ਮਨਮੋਹਨ ਕਾਲੀਆ : ਜਿਹੜੇ ਇਲਜ਼ਾਮ ਡਾਕਟਰ ਸਾਧੂ ਰਾਮ ਲਗਾ ਰਹੇ ਹਨ ਅਤੇ ਹਰ ਰੋਜ਼ ਲਗਾਏ ਜਾਂਦੇ ਹਨ ਇਨ੍ਹਾਂ ਦੀ ਇਕ ਕਾਪੀ ਸਾਨੂੰ ਵੀ ਭੇਜ ਦਿਤੀ ਜਾਵੇ। (ਵਿਘਨ)

ਸ੍ਰੀ ਸਪੀਕਰ : ਕਾਲੀਆ ਸਾਹਿਬ, ਇਹ ਤਾਂ ਬਾਰ ਬਾਰ ਇਲਜ਼ਾਮ ਇਸ ਤਰ੍ਹਾਂ ਦੇ ਲਗਾਂਦੇ ਹਨ ਆਪ ਨੂੰ ਯਾਦ ਰਖਣੇ ਚਾਹੀਦੇ ਹਨ ਲਿਖ ਕੇ ਦੇਣ ਦੀ ਕੀ ਲੋੜ ਹੈ (ਵਿਘਨ) (ਸ਼ੋਰ) (*Addressing Sh. Manmohan Kalia* : These allegations are made repeatedly and the hon. Member should keep them in mind. There is no need of sending them in writing)

ਡਾਕਟਰ ਸਾਧੂ ਰਾਮ : 30 ਹਜ਼ਾਰ ਰੁਪਿਆ ਇਨ੍ਹਾਂ ਨੇ ਫਗਵਾੜਾ ਦੇ ਇੰਡਸਟ੍ਰੀਲਿਸਟਾਂ ਪਾਸੋਂ ਲਿਆ (ਵਿਘਨ) (ਸ਼ੋਰ)

ਡਾਕਟਰ ਅਮੀਰ ਸਿੰਘ ਕਲਕਟ : ਕਲ੍ਹ ਵੀ ਅਤੇ ਅੱਜ ਵੀ ਫਲੋਰ ਆਫ ਦੀ ਹਾਊਸ ਤੇ ਇਨਡਸਟਰੀ ਡਿਪਾਰਟਮੈਂਟ ਦੇ ਬਾਰੇ ਵਿਚ ਪਹਿਲੇ ਮਨਿਸਟਰ ਸਾਹਿਬ ਤੇ ਸੀਰੀਅਸ ਚਾਰਜਿਜ਼ ਲਗਾਏ ਗਏ ਹਨ। ਤਾਂ ਕੀ ਮਨਿਸ਼ਟਰ ਸਾਹਿਬ ਕੋਈ ਫਲਾਇੰਗ ਸੁਕਵੈਡ ਜਾਂ ਹਾਈ ਪਾਵਰਡ ਕਮੇਟੀ ਬਣਾਉਗੇ ਜੋ ਸਹੀ ਹਾਲਤ ਕੱਢ ਕੇ ਲਿਆਵੇ ਅਤੇ ਇਹ ਪਤਾ ਕਰੇ ਕਿ ਸਰਕਾਰ ਵਿਚ ਕੁਰੱਪਸ਼ਨ ਚਲ ਰਹੀ ਹੈ ਜਾਂ ਨਹੀਂ ਅਤੇ ਸਰਟੀਫਾਈ ਕਰੇ ਕਿ ਕੁਰੱਪਸ਼ਨ ਕੋਈ ਨਹੀਂ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਜਿਹੜੀ ਚੀਜ਼ ਡਾਕਟਰ ਸਾਹਿਬ ਨੋਟਿਸ ਵਿੱਚ ਲਿਆਏ ਹਨ ਉਨ੍ਹਾਂ ਦੇ ਬਾਰੇ ਮੈਂ ਪਹਿਲਾਂ ਹੀ ਦਸ ਚੁੱਕਾ ਹਾਂ ਕਿ ਇਨਕੁਆਰੀ ਹੋ ਰਹੀ ਹੈ। ਜੇਕਰ ਇਨ੍ਹਾਂ ਤੋਂ ਇਲਾਵਾ ਤੁਸੀਂ ਕੋਈ ਸਪੈਸਫਿਕ ਗੱਲ ਦਸੋਗੇ ਤਾਂ ਉਸ ਦੀ ਵੀ ਪੜਤਾਲ ਕਰਵਾਈ ਜਾਵੇਗੀ।

ਚੌਧਰੀ ਰਾਮ ਸਿੰਘ : ਤੁਹਾਡੇ ਰਾਹੀਂ ਸਪੀਕਰ ਸਾਹਿਬ, ਕੀ ਮੈਂ ਮੰਤਰੀ ਸਾਹਿਬ ਤੋਂ ਪੁੱਛ ਸਕਦਾ ਹਾਂ ਕਿ ਕਿਉਂ ਜੋ ਪਿਛਲੇ ਦੋ ਢਾਈ ਮਹੀਨੇ ਵਿਚ ਆਮ ਚਰਚਾ ਹੈ ਕਿ 11 ਲੱਖ ਰੁਪਏ ਤੱਕ ਇੰਡਸਟਰੀ ਮਨਿਸਟਰ ਨੇ ਹੇਰਾ ਫੇਰੀ ਕੀਤੀ ਹੈ ਅਤੇ ਇਨ੍ਹਾਂ ਨੇ ਇਸ ਹੇਰਾ ਫੇਰੀ ਲਈ ਆਰ. ਐਸ. ਐਸ. ਵਰਕਰ ਦਲਾਲ ਰਖੇ ਹੋਏ ਸਨ, ਤਾਂ ਕੀ ਇਸ ਗੱਲ ਨੂੰ ਵੀ ਇਨਕੁਆਇਰੀ ਵਿਚ ਸ਼ਾਮਿਲ ਕਰ ਲਿਆ ਜਾਵੇਗਾ ? (ਵਿਘਨ)

[ਚੌਧਰੀ ਬਲਬੀਰ ਸਿੰਘ : ਦਲਾਲੀ ਅਜੇ ਪੂਰੀ ਨਹੀਂ ਮਿਲੀ। (ਹਾਸਾ)

ਰਾਜ ਮੰਤਰੀ : ਬਰਾਏ ਰਾਸਤ ਇਸ ਤਰ੍ਹਾਂ ਦੀ ਕੋਈ ਚੀਜ਼ ਸਰਕਾਰ ਦੇ ਨੋਟਿਸ ਵਿਚ ਨਹੀਂ ਆਈ। ਇਕ ਪੈਂਫਲਿਟ ਨਰਿੰਦਰ ਸਿੰਘ ਬੁਲੇਤ ਵਲੋਂ ਛਾਪਿਆ ਗਿਆ ਹੈ ਜਿਸ ਵਿਚ ਓਪਨ ਚਾਰਜਿਜ਼ ਲਗਾਏ ਹਨ, ਉਨ੍ਹਾਂ ਦੇ ਬਾਰੇ ਅਸੀਂ ਪੜਤਾਲ ਕਰਵਾ ਰਹੇ ਹਾਂ।

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਨੂੰ ਇਸ ਗੱਲ ਦਾ ਪਤਾ ਹੈ ਕਿ ਸ਼ੀਟਾਂ ਦੇ ਬਾਰੇ ਹੇਰਾ ਫੇਰੀ ਹੋਈ ਹੈ। ਇਕ ਇਕ ਦੋ ਦੋ ਟਨ ਜਨਸੰਘੀ ਵਰਕਰਾਂ ਨੂੰ ਕੋਟਾ ਦਿਤਾ ਗਿਆ ਹੈ, ਪਰ ਉਨ੍ਹਾਂ ਦੀ ਜੈਨੂਇਨਨੈਸ ਬਾਰੇ ਕਿਸੇ ਨੂੰ ਪਤਾ ਨਹੀਂ। ਫ਼ਰਮ ਦਾ ਨਾਮ ਹੈ, ਪਰ ਉਨ੍ਹਾਂ ਪਾਸ ਨਾ ਛੈਣੀ ਨਾ ਥੋੜਾ ਅਤੇ ਫਿਰ ਦੋ ਦੋ ਵੇਰ ਕੋਟੇ ਉਹ ਲੈ ਗਏ ਹਨ। ਕੀ ਇਸ ਤਰ੍ਹਾਂ ਦੀਆਂ ਬੋਗਸ ਫ਼ਰਮਾਂ ਦੇ ਬਾਰੇ ਵਿਚ ਫੌਰੀ ਤੌਰ ਤੇ ਇਨਕੁਆਇਰੀ ਕਰਾਈ ਜਾਵੇਗੀ ?

ਰਾਜ ਮੰਤਰੀ : ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਿਛਲੇ ਸਾਲ ਬਹੁਤ ਸਾਰੀਆਂ ਫ਼ਰਮਾਂ ਸਾਡੇ ਨੋਟਿਸ ਵਿਚ ਇਸ ਕਿਸਮ ਦੀਆਂ ਆਈਆਂ ਹਨ ਅਤੇ ਜਦ ਆਈਟਮਜ਼ ਦੀਆਂ ਪਰਾਈਸਿਜ਼ ਵਧੀਆਂ ਤਾਂ ਉਹ ਆਈਟਮਜ਼ ਬਲੈਕ ਮਾਰਕਿਟ ਵਿਚ ਚਲੀਆਂ ਗਈਆਂ ਤਾਂ ਇਸ ਗਲ ਦਾ ਹੋਰ ਸਬੂਤ ਮਿਲ ਗਿਆ। ਅਸੀਂ ਇਸ ਬਾਰੇ ਪੜਤਾਲ ਕਰ ਰਹੇ ਹਾਂ ਕਿ ਇਸ ਤਰ੍ਹਾਂ ਕੋਟੇ ਦੇਣ ਵਿੱਚ ਇਰਰੈਗੂਲੈਰੇਟੀਜ਼ ਕੀਤੀਆਂ ਗਈਆਂ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਨ੍ਹਾਂ ਛੋਟੇ ਦੁਕਾਨਦਾਰਾਂ ਨੂੰ ਕੋਟੇ ਬੰਦ ਕੀਤੇ ਗਏ ਹਨ ਉਨ੍ਹਾਂ ਨੂੰ ਮੁੜ ਬਹਾਲ ਕਰਨ ਲਈ ਸਰਕਾਰ ਕੋਈ ਕਾਰਵਾਈ ਕਰੇਗੀ ?

ਰਾਜ ਮੰਤਰੀ : ਜੇਕਰ ਕਿਤੇ ਜ਼ਿਆਦਤੀ ਹੋਈ ਹੈ ਤਾਂ ਉਸ ਦਾ ਖ਼ਿਆਲ ਕੀਤਾ ਜਾਵੇਗਾ।

चौधरी बलबीर सिंह : क्या मन्त्री महोदय बताएंगे कि क्या यह बात उनके नोटिस में तब आई थी जब वे एस्टीमेट कमेटी के चेयरमैन थे या जब वह वज़ीर बने ? और अगर चेयरमैन की हैसियत में नोटिस में आने को छोड़कर अगर कोई चीज़ सरकार के नोटिस में आए तो उसकी इन्क्वायरी किस शक्ल में की जाती है ? और चेयरमैन एस्टीमेट कमेटी के तौर पर जो चीज़ें इनके नोटिस में आईं उनके बारे में इन्होंने किस तरह से इन्क्वायरी की ?

ਰਾਜ ਮੰਤਰੀ : ਕੋਈ ਹੋਰ ਚੀਜ਼ ਨਹੀਂ ਆਈ। ਜਿਹੜੇ ਪਿਛਲੇ ਫੈਕਟਸ ਸਾਡੇ ਸਾਹਮਣੇ ਆਏ ਸਨ ਉਹ ਸੀ. ਐਮ. ਸਾਹਿਬ ਅਤੇ ਸਬੰਧਤ ਵਜ਼ੀਰ ਸਾਹਿਬ ਨੂੰ ਭੇਜ ਦਿਤੇ ਗਏ ਹਨ। ਮੁਤਲਿਕਾ ਅਫ਼ਸਰ ਵੀ ਐਸਟੀਮੇਟ ਕਮੇਟੀ ਦੇ ਨਾਲ ਸਨ। ਇਸ ਲਈ ਉਨ੍ਹਾਂ ਨੂੰ ਵੀ ਇਰੈਗੂਲੈਰਿਟੀਜ਼ ਨੋਟ ਕਰਵਾ ਦਿੱਤੀਆਂ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਸਿਹਤ ਤੇ ਉਦਯੋਗ]

ਸਨ ਤਾਕਿ ਇਨਕੁਆਇਰੀ ਕੀਤੀ ਜਾ ਸਕੇ ।

चौधरी बलबीर सिंह : क्या मन्त्री महोदय बताएंगे कि एस्टीमेट कमेटी ने जब छापे मारे थे और कई बातें बेनकाब की थीं तो इस पर उस वक्त के चीफ मिनिस्टर साहिब नाराज हुए थे और इन्हें चैयरमैन के तौर पर चिट्ठी लिखी थी कि यह विदिन दी स्कोप आफ कमेटी नहीं हैं और मुख्य मन्त्री ने ऐस्टीमेट कमेटी को इस तरह करने से रोक दिया था ?

ਸ੍ਰੀ ਸਪੀਕਰ : ਐਸਟੀਮੇਟ ਕਮੇਟੀ ਦੀ ਵਰਕਿੰਗ ਦੇ ਬਾਰੇ ਵਿਚ ਇਥੇ ਡਿਸਕਸ ਨਾ ਕੀਤਾ ਜਾਵੇ ਤਾਂ ਚੰਗਾ ਰਹੇਗਾ । (It will be proper if the working of the Estimates Committee is not discussed here.)

चौधरी बलबीर सिंह : क्या मन्त्री महोदय बताएंगे कि एस्टीमेट कमेटी ने जो रिपोर्ट की है चीफ मिनिस्टर साहिब ने उसको रोक दिया था और छह स्कैंडल बेनकाब हुए थे उनको छुपाने की कोशिश की थी और कमेटी को रोक दिया था छापे मारने से ?

ਰਾਜ ਮੰਤਰੀ : ਚੌਧਰੀ ਸਾਹਿਬ ਤਾਂ ਪੁਰਾਣੇ ਮੈਂਬਰ ਹਨ । ਇਨ੍ਹਾਂ ਨੂੰ ਤਾਂ ਪਤਾ ਹੋਣਾ ਚਾਹੀਦਾ ਹੈ ਕਿ ਐਸਟੀਮੇਟ ਕਮੇਟੀ ਦੀ ਵਰਕਿੰਗ ਵਿਚ ਚੀਫ ਮਨਿਸਟਰ ਸਾਹਿਬ ਇਨਟਰਫੀਅਰ ਨਹੀਂ ਕਰ ਸਕਦੇ । ਅਤੇ ਨਾਂ ਹੀ ਇਸ ਤਰ੍ਹਾਂ ਦੀ ਕੋਈ ਡਾਇਰੈਕਸ਼ਨ ਐਸਟੀਮੇਟ ਕਮੇਟੀ ਦੇ ਚੇਅਰਮੈਨ ਪਾਸ ਆਈ ਹੈ ਅਤੇ ਨਾ ਆ ਸਕਦੀ ਹੈ । ਜੇਕਰ ਕੋਈ ਕਮੇਟੀ ਨੂੰ ਡਾਇਰੈਕਸ਼ਨ ਦੇਣ ਦੇ ਮਜਾਜ਼ ਹੈ ਤਾਂ ਉਹ ਸਪੀਕਰ ਸਾਹਿਬ ਹੀ ਹਨ ਅਤੇ ਕੋਈ ਇਸ ਤਰ੍ਹਾਂ ਦੀ ਡਾਇਰੈਕਸ਼ਨ ਡਾਇਰੈਕਟ ਜਾਂ ਇਨਡਾਇਰੈਕਟ ਐਸਟੀਮੇਟ ਕਮੇਟੀ ਪਾਸ ਨਹੀਂ ਸੀ ਆਈ ਅਤੇ ਨਾ ਹੀ ਐਸਟੀਮੇਟ ਕਮੇਟੀ ਨੂੰ ਆਪਣੇ ਨਾਰਮਲ ਫੰਕਸ਼ਨਜ਼ ਤੋਂ ਰੋਕਿਆ ਗਿਆ ਸੀ ।

ਸਰਦਾਰ ਕਿਰਪਾਲ ਸਿੰਘ : ਮੈਂ ਇੰਡਸਟਰੀ ਮਨਿਸਟਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਨੇ ਕੋਈ ਲਇਜ਼ਾਂ ਆਫੀਸਰ ਮਕੱਰਰ ਕੀਤਾ ਹੈ ? ਜੇ ਕੀਤਾ ਹੈ ਤਾਂ ਉਸ ਦੀਆਂ ਕੀ ਡਿਊਟੀਜ਼ ਹਨ ? ਸਰਕਾਰ ਵੱਲੋਂ ਐਸਾ ਕੀ ਪ੍ਰਬੰਧ ਕੀਤਾ ਗਿਆ ਹੈ ਕਿ ਜੇ ਪਿਗ ਆਇਰਨ ਦੀ ਘਾਟ ਹੋ ਜਾਵੇ ਤਾਂ ਉਹ ਘਾਟਾ ਕਿਸ ਤਰ੍ਹਾਂ ਪੂਰਾ ਕੀਤਾ ਜਾਵੇਗਾ ?

ਰਾਜ ਮੰਤਰੀ : ਜਿਥੋਂ ਤੱਕ ਮੇਰੇ ਨੋਟਿਸ ਵਿਚ ਹੈ ਕੋਈ ਲਾਇਜ਼ਾਂ ਅਫਸਰ ਅਜੇ ਤੱਕ ਐਪੁਆਇੰਟ ਨਹੀਂ ਕੀਤਾ ਗਿਆ ।

ਸ੍ਰੀ ਗੁਰਦਿਆਲ ਸੈਣੀ : ਮੈਂ ਵਜ਼ੀਰ ਸਾਹਿਬ ਤੋਂ ਇਹ ਗਲ ਜਾਣਨੀ ਚਾਹੁੰਦਾ ਹਾਂ ਕਿ ਪਿਛਲੇ ਸਾਲ ਜਦੋਂ ਐਸਟੀਮੇਟਸ ਕਮੇਟੀ ਜਲੰਧਰ ਗਈ ਸੀ ਤਾਂ ਉਨ੍ਹਾਂ ਨੇ ਕੋਟਾ ਹੋਲਡਰਜ਼ ਦੇ ਮੁਤਾਲਿਕ ਬਹੁਤ ਸ਼ਿਕਾਇਤਾਂ ਕੀਤੀਆਂ, ਕੀ ਵਜ਼ੀਰ ਸਾਹਿਬ ਉਸ ਮੁਆਮਲੇ ਦੀ ਇਨਕੁਆਇਰੀ ਕਰਵਾ ਕੇ ਕੋਈ ਐਕਸ਼ਨ ਲੈਣਗੇ ?

ਰਾਜ ਮੰਤਰੀ : ਮੈਂ ਆਨਰੇਬਲ ਮੈਂਬਰ ਨੂੰ ਕਹਾਂਗਾ ਕਿ ਪੁਰਾਣੇ ਕੇਸਿਜ਼ ਦੇ ਮੁਤਾਲਿਕ ਅਤੇ ਪੈਂਡਿੰਗ ਕੇਸਿਜ਼ ਦੇ ਮੁਤਾਲਿਕ ਅਜੇ ਕੁਝ ਕਿਹਾ ਨਹੀਂ ਜਾ ਸਕਦਾ । ਉਹ ਕਿਸੇ ਵੀ ਸਪੈਸਿਫਿਕ ਕੇਸ ਦੇ ਮੁਤਾਲਿਕ ਨੋਟਿਸ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ ।

Original with;
Punjab Vidhan Sabha
Digitized by;
Panjab Digital Library

ਸਾਥੀ ਰੂਪ ਲਾਲ : ਮੈਂ ਵਜ਼ੀਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਉਹ ਪਿਛਲੇ ਸਾਲ ਐਸਟੀਮੇਟਸ ਕਮੇਟੀ ਦੇ ਚੇਅਰਮੈਨ ਸੀ ਤਾਂ ਉਨ੍ਹਾਂ ਨੇ ਐਸਟੀਮੇਟਸ ਕਮੇਟੀ ਦੀ ਰਿਪੋਰਟ ਦੇ ਵਿਚ ਕੁਝ ਸਿਫਾਰਸ਼ਾਤ ਕੀਤੀਆਂ ਸਨ । ਕੀ ਸਰਕਾਰ ਉਨ੍ਹਾਂ ਨੂੰ ਇਮਪਲੀਮੈਂਟ ਕਰਨ ਦੀ ਕੋਸ਼ਿਸ਼ ਕਰੇਗੀ ?

ਰਾਜ ਮੰਤਰੀ : ਜੋ ਸਿਫ਼ਾਰਸ਼ਾਤ ਐਸਟੀਮੇਟਸ ਕਮੇਟੀ ਨੇ ਕੀਤੀਆਂ ਹਨ, ਉਨ੍ਹਾਂ ਬਾਰੇ ਸਰਕਾਰ ਦੀ ਮਾਰਲ ਡਿਊਟੀ ਹੈ ਕਿ ਉਨ੍ਹਾਂ ਤੇ ਪੂਰੀ ਤਰ੍ਹਾਂ ਅਮਲ ਕਰਵਾਏ । ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਸਰਕਾਰ ਇਨ੍ਹਾਂ ਤੇ ਪੂਰੀ ਤਰ੍ਹਾਂ ਅਮਲ ਕਰਾਉਣ ਦੀ ਕੋਸ਼ਿਸ਼ ਕਰੇਗੀ ।

ਸਰਦਾਰ ਉਮਰਾਓ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਿਹੜੇ ਚਾਰਜਿਜ਼ ਚੇਅਰਮੈਨ ਐਸਟੀਮੇਟਸ ਕਮੇਟੀ ਨੇ ਮਹਿਕਮੇ ਦੇ ਖਿਲਾਫ ਲਾਏ ਹਨ ਕੀ ਉਨ੍ਹਾਂ ਦੀ ਮਾਰਲ ਡਿਊਟੀ ਨਹੀਂ ਕਿ ਉਨ੍ਹਾਂ ਨੂੰ ਅਮਲ ਵਿਚ ਲਿਆਵੇ ?

ਰਾਜ ਮੰਤਰੀ : ਇਹ ਹਰ ਸਰਕਾਰ ਦਾ ਮਾਰਲੀ ਫ਼ਰਜ਼ ਹੈ ਕਿ ਉਹ ਐਸਟੀਮੇਟਸ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਅਮਲੀ ਸ਼ਕਲ ਦੇਣ ਦੀ ਕੋਸ਼ਿਸ਼ ਕਰੇ ।

REMOVAL OF CHAIRMAN OF PUNJAB KHADI AND VILLAGE INDUSTRIES BOARD.

*1981. **Shri Gian Chand Kharbanda :** Will the Chief Minister be pleased to state :

(a) the reasons for the removal of Shri Man Mohan Anand, M.A. from the Chairmanship of Punjab Khadi and Village Industries Board, Chandigarh;

(b) whether the Khadi and Village Industries Commission, Bombay was con ulted by the Punjab Government befoıe removing him from his post, if so, the nature of its advice;

(c) the name of the person who has been appointed as Chairman of the said Board in his place and the details of his experience in the sphere of Khadi and Village Industries ?

Sardar Teja Singh, State Minister for Industries and Health) :

(a) He was removed from the Chairmanship of the Board, on the allegations of not having acted in a responsible manner in the proper functioning of the Board, having abused his position rendering his continuance on the Board detrimental to the interest of public.

(b) No.

(c) Shri Om Parkash Bhardwaj. He is a habitual Khadi wearer.

[(ੳ) ਉਸ ਨੂੰ ਬੋਰਡ ਦੀ ਚੇਅਰਮੈਨਸ਼ਿਪ ਤੋਂ ਇਨ੍ਹਾਂ ਇਲਜ਼ਾਮਾਂ ਕਰਕੇ ਉਤਾਰ ਦਿੱਤਾ ਸੀ ਕਿ ਉਸ ਨੇ ਬੋਰਡ ਨੂੰ ਸਹੀ ਅਰਥਾਂ ਵਿਚ ਚਲਾਉਣ ਲਈ ਜ਼ੁਮੇਂਵਾਰ ਢੰਗ ਨਾਲ ਕੰਮ ਨਹੀਂ ਕੀਤਾ ਅਤੇ ਆਪਣੇ ਆਹੁਦੇ ਦਾ ਗਲਤ ਪ੍ਰਯੋਗ ਕੀਤਾ ਜਿਸ ਨਾਲ ਉਸ ਦਾ ਬੋਰਡ ਦੀ ਪਦਵੀ ਤੇ ਰਹਿਣਾ ਲੋਕ ਹਿੱਤ ਵਿਚ ਨਹੀਂ ਸੀ ।

Original with;
Punjab Vidhan Sabha
Digitized by;
Panja

[ਰਾਜ ਮੰਤਰੀ ਸਿਹਤ ਅਤੇ ਉਦਯੋਗ]

(ਅ) ਨਹੀਂ ਜੀ।

(ੲ) ਸ੍ਰੀ ਓਮ ਪ੍ਰਕਾਸ਼ ਭਾਰਦਵਾਜ। ਉਹ ਖਾਦੀ ਦੇ ਕੱਪੜੇ ਪਹਿਨਣ ਦਾ ਆਦੀ ਹੈ।]

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮੰਤਰੀ ਮਹੋਦਯ ਇਹ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਮਨਮੋਹਨ ਆਨੰਦ ਨੂੰ ਇਸ ਕਰਕੇ ਖਾਦੀ ਬੋਰਡ ਵਿੱਚੋਂ ਕਢਿਆ ਗਿਆ ਸੀ ਕਿ ਉਹ ਗਾਂਧੀ ਵਾਦੀ ਸਨ ਅਤੇ ਜਨ ਸੰਘੀ ਨਹੀਂ ਸਨ ? ਉਹ ਪੁਰਾਣੇ ਗਾਂਧੀ ਵਾਦੀ ਹੋਣ ਕਰਕੇ ਜਨ ਸੰਘੀਆਂ ਦੇ ਹੁਕਮ ਦੀ ਤਾਮੀਲ ਨਹੀਂ ਕਰਦੇ ਸਨ, ਇਸੇ ਕਰਕੇ ਉਨ੍ਹਾਂ ਨੂੰ ਕਢਿਆ ਗਿਆ ਸੀ ?

ਰਾਜ ਮੰਤਰੀ : ਉਨ੍ਹਾ ਨੂੰ ਕਿਉਂ ਕਢਿਆ ਗਿਆ ਇਹ ਤਾਂ ਪਿਛਲੇ ਵਜ਼ੀਰ ਸਾਹਿਬ ਹੀ ਦਸ ਸਕਦੇ ਹਨ ਕਿਉਂਕਿ ਇਹ ਉਨ੍ਹਾਂ ਦੇ ਹੁਕਮ ਨਾਲ ਕੀਤਾ ਗਿਆ ਸੀ।

ਸ੍ਰੀ ਸਪੀਕਰ : ਵਜ਼ੀਰ ਸਾਹਿਬ, ਤੁਹਾਡਾ ਇਹ ਜਵਾਬ ਦਰੁਸਤ ਨਹੀਂ ਹੈ। (The reply of the hon. Minister is not correct.)

ਰਾਜ ਮੰਤਰੀ : ਮਨਿਸਟਰ ਸਾਹਿਬ ਹੀ ਦਸ ਸਕਦੇ ਹਨ ਕਿ ਕਿਨ੍ਹਾਂ ਕਾਰਨਾਂ ਕਰਕੇ ਉਨ੍ਹਾਂ ਨੂੰ ਹਟਾਇਆ ਗਿਆ। ਹੁਣ ਉਹ ਐਕਸ ਮਨਿਸਟਰ ਹਨ।

ਸ੍ਰੀ ਸਪੀਕਰ : ਡੀਪਾਰਟਮੈਂਟ ਵਲੋਂ ਜੋ ਵੀ ਰੀਪਲਾਈ ਆਉਂਦਾ ਹੈ. ਉਸ ਦੀ ਸਾਰੀ ਜ਼ਿੰਮੇਵਾਰੀ ਮਹਿਕਮੇ ਦੇ ਮਨਿਸਟਰ ਦੀ ਹੀ ਹੋਇਆ ਕਰਦੀ ਹੈ। (The Minister concerned is always considered responsible for the reply given on behalf of the Department.)

ਰਾਜ ਮੰਤਰੀ : ਇਹ ਕੇਸ ਮੈਂ ਸਟੱਡੀ ਕੀਤਾ ਹੈ। ਫਾਈਲ ਦੇ ਮੁਤਾਬਿਕ ਤਾਂ ਐਸੀ ਕੋਈ ਰੀਕੁਮੈਂਡੇਸ਼ਨ ਨਿਚਲੇ ਲੈਵਲ ਤੋਂ ਨਹੀਂ ਆਈ ਕਿ ਸ੍ਰੀ ਮਨਮੋਹਨ ਆਨੰਦ ਨੂੰ ਰੀਮੂਵ ਕੀਤਾ ਜਾਵੇ। ਪਰ ਉਨ੍ਹਾਂ ਨੂੰ ਰੀਮੂਵ ਕਰਨ ਦੇ ਆਰਡਰਜ਼ ਮਨਿਸਟਰ ਸਾਹਿਬ ਵੱਲੋਂ ਹੀ ਹੋਏ ਸਨ।

ਕਾਮਰੇਡ ਸੱਤਪਾਲ ਡਾਂਗ : ਕੀ ਇਹ ਦਰੁਸਤ ਹੈ ਕਿ ਉਨ੍ਹਾਂ ਨੂੰ ਇਸ ਕਰਕੇ ਨੌਕਰੀ ਤੋਂ ਰੀਮੂਵ ਕੀਤਾ ਕਿ ਉਹ ਜਨ-ਸੰਘ ਵਾਲਿਆਂ ਦੇ ਯੇਸ ਮੈਨ ਨਹੀਂ ਸਨ ?

ਰਾਜ ਮੰਤਰੀ : ਇਹ ਵੀ ਹੋ ਸਕਦਾ ਹੈ। ਪਰ ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਕ ਰਿਟ ਸ੍ਰੀ ਮਨਮੋਹਨ ਆਨੰਦ ਵੱਲੋਂ ਦਾਇਰ ਹੋ ਚੁਕੀ ਹੈ ਹਾਈਕੋਰਟ ਵਿਚ ਇਸ ਲਈ ਸਬਜੁਡਿਸ ਕੇਸ ਹੋਣ ਕਰਕੇ ਮੈਂਬਰ ਸਾਹਿਬਾਨ ਅਜੇ ਇਸ ਮੁਆਮਲੇ ਨੂੰ ਹੋਰ ਨਾ ਛੇੜਨ।

ਸਰਦਾਰ ਕਿਰਪਾਲ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਮਨਮੋਹਨ ਆਨੰਦ ਨੂੰ ਹਟਾਉਣ ਤੋਂ ਬਾਅਦ ਜਿਹੜੇ ਨਵੇਂ ਸਜਣ ਐਪੁਆਂਇਟ ਕੀਤੇ ਗਏ ਹਨ, ਉਹ ਇਸ ਕਰਕੇ ਕੀਤੇ ਹਨ ਕਿਉਂ ਜੋ ਉਨ੍ਹਾਂ ਦੇ ਪਾਸ ਕੁਆਲੀਫਾਈਡ ਜਨ ਸੰਘੀ ਹੋਣ ਦਾ ਸਰਟੀਫੀਕੇਟ ਸੀ ?

ਰਾਜ ਮੰਤਰੀ : ਇਹ ਮੈਂ ਪਹਿਲਾਂ ਜਵਾਬ ਦੇ ਵਿਚ ਹੀ ਦੱਸ ਚੁੱਕਾ ਹਾਂ ਕਿ ਉਨ੍ਹਾਂ ਦੇ ਪਾਸ ਸਿਵਾਏ ਇਸ ਦੇ ਕਿ ਉਹ ਖਾਦੀ ਪਹਿਨਣ ਵਾਲੇ ਹਨ, ਹੋਰ ਕੋਈ ਕੁਆਲੀਫੀਕੇਸ਼ਨ ਨਹੀਂ ਹੈ।

ਸਰਦਾਰ ਗੁਰਨਾਮ ਸਿੰਘ : ਇਥੇ, ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਸੈਕਟਰੀ ਨੇ ਆਨੰਦ ਦੇ ਵਿਰੁਧ ਕੁਝ ਵੀ ਨਹੀਂ ਸੀ ਕਿਹਾ ਪਰ ਫ਼ਾਈਲ ਤੇ ਆਰਡਰਜ਼ ਕਿਸੇ ਹੋਰ ਦੇ ਕਰ

Original with;
Punjab Vidhan Sabha
Digitized by;
Panjab Digital Library

ਦਿੱਤੇ ਗਏ । ਮਨਿਸਟਰ ਸਾਹਿਬ ਨੂੰ ਤਾਂ ਪੂਰਾ ਪਤਾ ਹੋਣਾ ਚਾਹੀਦਾ ਹੈ ਕਿ ਉਸ ਨੂੰ ਰੀਮੂਵ ਕਰਨ ਦੇ ਕੀ ਕਾਰਨ ਸਨ ?

ਰਾਜ ਮੰਤਰੀ : ਇਹ ਨੋਟਿਸ ਦੇ ਦੇਣ ਮੈਂ ਉਸ ਦੇ ਮੁਤਾਲਿਕ ਪਤਾ ਕਰਕੇ ਦੱਸ ਸਕਦਾ ਹਾਂ । ਅਜੇ ਤਕ ਜੋ ਗੱਲ ਮੇਰੇ ਨੋਟਿਸ ਵਿੱਚ ਆਈ ਹੈ ਉਹ ਇਹੋ ਹੈ ਕਿ ਸੈਕਟਰੀ ਨੇ ਰੀਕੂਮੈਂਡ ਨਹੀਂ ਸੀ ਕੀਤਾ ਕਿ ਸ਼੍ਰੀ ਮਨਮੋਹਨ ਆਨੰਦ ਨੂੰ ਰੀਮੂਵ ਕੀਤਾ ਜਾਵੇ; ਇਹ ਮਨਿਸਟਰ ਸਾਹਿਬ ਦੇ ਹੁਕਮ ਨਾਲ ਹੋਇਆ ਹੈ ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮੁੱਖ ਮੰਤਰੀ ਜੀ ਇਸ ਗੱਲ ਨੂੰ ਧਿਆਨ ਦੇ ਵਿਚ ਰੱਖਣਗੇ ਕਿ ਜਦੋਂ ਦਾ ਗਾਂਧੀ ਵਿਚਾਰਾਂ ਦੀ ਹੱਤਿਆ ਕਰਨ ਵਾਲੀ ਪਾਰਟੀ ਦਾ ਗ਼ਲਬਾ ਇਸ ਸਦਨ ਤੇ ਹੋਇਆ ਹੈ ਉਦੋਂ ਤੋਂ ਜਿਹੜੀਆਂ ਪ੍ਰੋਮੋਸ਼ਨਜ਼ ਜਾਂ ਡੀਮੋਸ਼ਨਜ਼ ਹਨ ਉਹ ਫਿਰਕਾਪ੍ਰਸਤੀ ਦੇ ਲਿਹਾਜ਼ ਨਾਲ ਹੋਈਆਂ ਹਨ ? ਕੀ ਇਹ ਉਨ੍ਹਾਂ ਵੱਲ ਉਚੇਚੇ ਧਿਆਨ ਦੇਣ ਦੀ ਕਿਰਪਾ ਕਰਨਗੇ ਤਾਂ ਜੋ ਇਮਪਲਾਈਜ਼ ਵਿਚ ਇਕ ਕਿਸਮ ਦੀ ਇੰਤਕਾਮੀਆ ਲਹਿਰ ਨਾ ਚਲੇ ?

ਰਾਜ ਮੰਤਰੀ : ਖਰਬੰਦਾ ਜੀ, ਸਰਕਾਰ ਵਲੋਂ ਪੂਰੀ ਤਰ੍ਹਾਂ ਹਰ ਇਕ ਨੂੰ ਇਨਸਾਫ ਦੇਣ ਅਤੇ ਹਰ ਇਕ ਦੇ ਸਟੇਟਸ ਨੂੰ ਬਹਾਲ ਰੱਖਣ ਦੀ ਕੋਸ਼ਿਸ਼ ਕੀਤੀ ਜਾਵੇਗੀ ।

चौधरी बलबीर सिंह : मैं वज़ीर साहिब से यह जानना चाहता हूं कि अगर हाईकोर्ट ने अपना फैसला श्री मनमोहन आनंद के खिलाफ दे दिया तो क्या सरकार इस गलती की दुरुस्ती करेगी ?

ਰਾਜ ਮੰਤਰੀ : ਮੈਂ ਚੌਧਰੀ ਸਾਹਿਬ ਅਤੇ ਖਰਬੰਦਾ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਸ੍ਰੀ ਮਨਮੋਹਨ ਅਨੰਦ ਨੂੰ ਕਹਿਣ ਕਿ ਉਹ ਆਪਣੀ ਰਿਟ ਵਾਪਸ ਲੈ ਲੈਣ ਤਾਂ ਕਿ ਅਸੀਂ ਕੋਈ ਕਾਰਵਾਈ ਕਰ ਸਕੀਏ । (ਵਿਘਨ)

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਸ੍ਰੀ ਅਨੰਦ ਨੂੰ ਇਸ ਲਈ ਹਟਾਇਆ ਗਿਆ ਹੈ ਕਿ ਮਨਿਸਟਰ ਸਾਹਿਬ ਉਸ ਨੂੰ ਜਿਹੜੀਆਂ ਚਿੱਟਾਂ ਭੇਜਦੇ ਸੀ ਉਨ੍ਹਾਂ ਦੀ ਇਕ ਕਾਪੀ ਉਹ ਮੁੱਖ ਮੰਤਰੀ ਨੂੰ ਭੇਜ ਦਿੰਦੇ ਸੀ ਜਿਸ ਕਰਕੇ ਉਨ੍ਹਾਂ ਦੀ ਹੇਰਾਫੇਰੀ ਜ਼ਾਹਿਰ ਹੁੰਦੀ ਸੀ ? ਦੂਸਰੀ ਗੱਲ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਨਹੀਂ ਹੈ ਕਿ ਉਹ ਮਿਊਂਨਿਸਪਲ ਕਮੇਟੀ ਦੇ ਮੈਂਬਰ ਹਨ ਜਦੋਂ ਕਿ ਮਿਊਨਿਸਪਲ ਕਮੇਟੀ ਦਾ ਮੈਂਬਰ ਚੇਅਰਮੈਨ ਨਹੀਂ ਬਣ ਸਕਦਾ, ਪਰ ਇਨ੍ਹਾਂ ਨੇ ਰਾਤੋ ਰਾਤ ਉਸ ਨੂੰ ਬੁਲਾ ਕੇ ਚੇਅਰਮੈਨ ਬਣਾ ਦਿੱਤਾ ਹੈ । ਪਰ ਉਹ ਅਜੇ ਵੀ ਮਿਊਨਿਸਪਲ ਕਮੇਟੀ ਦਾ ਮੈਂਬਰ ਹੈ ? ਕੀ ਇਹ ਵੀ ਠੀਕ ਹੈ ਕਿ ਉਹ ਆਰ. ਐਸ. ਐਸ. ਦਾ ਮੈਂਬਰ ਹੈ ਅਤੇ ਬਕਾਇਦਾ ਪ੍ਰੇਡਾਂ ਕਰਵਾਉਂਦਾ ਹੈ ? ਉਸ ਨੇ ਖਾਦੀ ਵੀ ਹੁਣ ਪਾਣੀ ਸ਼ੁਰੂ ਕੀਤੀ ਹੈ, ਕੀ ਇਨ੍ਹਾਂ ਸਾਰੀਆਂ ਗੱਲਾਂ ਦੀ ਇਨਕੁਆਇਰੀ ਕਰਵਾ ਕੇ ਕੋਈ ਐਕਸ਼ਨ ਫੌਰੀ ਤੌਰ ਤੇ ਲੈਣਗੇ ?

ਰਾਜ ਮੰਤਰੀ : ਮੇਰੇ ਨੋਟਿਸ ਵਿਚ ਅਜਿਹੀ ਕੋਈ ਗੱਲ ਨਹੀਂ ਹੈ ਜੇ ਚੌਧਰੀ ਸਾਹਿਬ ਮੇਰੇ ਨੋਟਿਸ ਵਿੱਚ ਕੋਈ ਗੱਲ ਲਿਆਉਣਗੇ ਤਾਂ ਜ਼ਰੂਰ ਇਨਕੁਆਇਰੀ ਕਰਵਾ ਲਵਾਂਗੇ ।

ਸ੍ਰੀ ਬਲਰਾਮ ਦਾਸ ਟੰਡਨ : ਕੀ ਮੰਤਰੀ ਮਹੋਦਯ ਦੱਸਣਗੇ ਕਿ ਸੈਕਟਰੀ ਅਤੇ ਐਸਿਸਟੈਂਟ ਸੈਕਟਰੀ ਨੂੰ ਕੁਝ ਚਾਰਜਿਜ਼ ਦੀ ਇਨਕੁਆਇਰੀ ਹੋਲਡ ਕਰਨ ਲਈ ਕਿਹਾ ਗਿਆ ਸੀ, ਉਨ੍ਹਾਂ ਨੂੰ ਰਿਕਮੈਂਡੇਸ਼ਨ ਦੇਣ ਵਾਸਤੇ ਕਿਹਾ ਹੀ ਨਹੀਂ ਸੀ ਗਿਆ ? (ਵਿਘਨ)

ਰਾਜ ਮੰਤਰੀ : ਇਸ ਬਾਰੇ ਨੋਟਿਸ ਦੇ ਦਿਓ । ਜਿਥੇ ਤੱਕ ਮੈਨੂੰ ਪਤਾ ਹੈ ਜਦੋਂ ਹੇਠਲੇ ਪੱਧਰ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਸਿਹਤ ਤੇ ਉਦਯੋਗ]

ਦੀ ਇਨਕੁਆਇਰੀ ਹੁੰਦੀ ਹੈ ਤਾਂ ਸੈਕਟਰੀ ਆਦਿ ਇਹ ਰਿਕਮੈਂਡ ਕਰਦੇ ਹਨ ਕਿ ਰਿਮੂਵਲ ਲਈ ਗਰਾਊਂਡ ਤਿਆਰ ਹੈ । ਜੇ ਗਰਾਊਂਡ ਬਣਦੀ ਹੋਵੇ ਤਾਂ ਉਹ ਰਿਕਮੈਂਡ ਕਰ ਦੇਂਦੇ ਹਨ । ਇਸ ਦੇ ਬਾਵਜੂਦ ਮੈਨੂੰ ਦੋ ਤਿਨ ਵਾਰ ਪਤਾ ਲੱਗਾ ਹੈ ਕਿ ਸੈਕਟਰੀ ਵਗੈਰਾ ਨੇ ਕੋਈ ਰਿਕੁਮੈਂਡੇਸ਼ਨ ਨਹੀਂ ਸੀ ਦਿੱਤੀ ਪਰ ਟੰਡਨ ਸਾਹਿਬ ਜੋ ਕਿ ਉਸ ਵੇਲੇ ਇੰਡਸਟਰੀ ਮਨਿਸਟਰ ਸੀ, ਉਨ੍ਹਾਂ ਨੇ ਆਰਡਰ ਕਰ ਦਿੱਤੇ ਸੀ ਕਿਉਂਕਿ ਉਹ ਆਰਡਰ ਕਰਨ ਦੇ ਕੰਪੀਟੈਂਟ ਸਨ ।

ਸ੍ਰੀ ਬਲਰਾਮ ਦਾਸ ਟੰਡਨ : ਆਨ ਏ ਪੁਆਇੰਟ ਆਫ਼ ਆਰਡਰ ਸਰ । (ਵਿਘਨ)

ਸ੍ਰੀ ਸਪੀਕਰ : ਕੁਐਸ਼ਚਨ ਆਵਰ ਵਿੱਚ ਪੁਆਇੰਟ ਆਫ਼ ਆਰਡਰ ਨਹੀਂ ਆ ਸਕਦਾ । (No point of order can be raised during the question hour.)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਤੁਸੀਂ ਹੋਰ ਕਈਆਂ ਨੂੰ ਅਲਾਓ ਕੀਤਾ ਹੈ । (ਵਿਘਨ) ਇਹ ਹਾਊਸ ਨੂੰ ਗਲਤ ਜਵਾਬ ਦੇ ਕੇ ਮਿਸ-ਲੀਡ ਕਰ ਰਹੇ ਹਨ । (ਵਿਘਨ) ਸੈਕਟਰੀ ਦੀ ਰਿਕੁਮੈਂਡੇਸ਼ਨ ਕਿਸੇ ਨੇ ਮੰਗੀ ਹੀ ਨਹੀਂ ਸੀ । (ਵਿਘਨ)

ਸ੍ਰੀ ਸਪੀਕਰ : ਤੁਸੀਂ ਬੈਠ ਜਾਓ । (Please resume your seat.)

ਸ੍ਰੀ ਬਲਰਾਮ ਦਾਸ ਟੰਡਨ : ਇਹ ਹਾਊਸ ਨੂੰ ਮਿਸਲੀਡ ਕਰ ਰਹੇ ਹਨ । (ਵਿਘਨ)

ਅਵਾਜ਼ਾਂ : ਉਹ 10ਵੀਂ ਫੇਲ੍ਹ ਹੈ ਉਹ 10ਵੀਂ ਪਾਸ ਵੀ ਨਹੀਂ ਹੈ । (ਵਿਘਨ) (ਸ਼ੋਰ)

(ਇਸ ਵੇਲੇ ਕਈ ਮੈਂਬਰ ਸਾਹਿਬਾਨ ਖੜ੍ਹੇ ਹੋਕੇ ਬੋਲ ਰਹੇ ਸੀ ।)

चौधरी बलबीर सिंह : कल यहां सरदार बलवन्त सिंह जी ने कहा था कि आर. एस. एस. के वर्करों को इन्डस्ट्री डिपार्टमैंट से निकाल दिया जाएगा । क्या इस को भी निकाल दिया जाएगा ? (विघ्न) (शोर)

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਖਾਦੀ ਐਂਡ ਵਿਲੇਜ ਇੰਡਸਟਰੀ ਕਮਿਸ਼ਨ ਜੋ ਕਿ ਖਾਦੀ ਬੋਰਡ ਨੂੰ ਸਾਰਾ ਪੈਸਾ ਦਿੰਦਾ ਹੈ, ਮਨਮੋਹਨ ਅਨੰਦ ਨੂੰ ਰਿਮੂਵ ਕਰਨ ਤੋਂ ਪਹਿਲਾਂ ਉਸ ਨੂੰ ਕੰਸਲਟ ਕਰ ਲਿਆ ਗਿਆ ਸੀ ?

ਰਾਜ ਮੰਤਰੀ : ਉਸ ਖਾਦੀ ਕਮਿਸ਼ਨ ਨੂੰ ਕੰਨਸਲਟ ਕਰਨ ਦੀ ਕੋਈ ਲੋੜ ਨਹੀਂ ਹੈ । ਇਹ ਠੀਕ ਹੈ ਕਿ ਸੈਂਟਰ ਦੀ ਸਰਕਾਰ ਖਾਦੀ ਬੋਰਡ ਨੂੰ ਪੈਸਾ ਦਿੰਦੀ ਹੈ ਪਰ ਕੰਟਰੋਲ ਸਾਰਾ ਪੰਜਾਬ ਸਰਕਾਰ ਦਾ ਆਪਣਾ ਹੈ । ਇਸ ਲਈ ਐਪੁਆਇੰਟਮੈਂਟ ਜਾਂ ਰਿਮੂਵਲ ਵੇਲੇ ਕਿਸੇ ਨੂੰ ਪੁਛਣ ਦੀ ਲੋੜ ਨਹੀਂ । ਪੰਜਾਬ ਸਰਕਾਰ ਦਾ ਫ਼ੈਸਲਾ, ਆਖਰੀ ਫ਼ੈਸਲਾ ਹੁੰਦਾ ਹੈ । ਹੋਰ ਕਿਸੇ ਦੀ ਇਸ ਵਿਚ ਇੰਟਰਫੀਰੈਂਸ ਨਹੀਂ ਹੁੰਦੀ । (ਵਿਘਨ)

ਸ੍ਰੀ ਗਿਆਨ ਚੰਦ ਖਰਬੰਦਾ : ਮੰਤਰੀ ਮਹੋਦਯ ਨੂੰ ਇਸ ਗੱਲ ਦਾ ਇਲਮ ਹੋਣਾ ਚਾਹੀਦਾ ਹੈ ਕਿ ਸੈਂਟਰਲ ਗੌਰਮਿੰਟ ਹੋਰ ਚੀਜ਼ ਹੈ ਅਤੇ ਖਾਦੀ ਕਮਿਸ਼ਨ, ਜਿਸ ਦਾ ਹੈਡ ਆਫ਼ਿਸ ਬੰਬਈ ਹੈ, ਹੋਰ ਚੀਜ਼ ਹੈ । ਮੈਂ ਖਾਦੀ ਬੋਰਡ ਦਾ ਸੈਕਟਰੀ ਰਿਹਾ ਹਾਂ, ਇਸ ਲਈ ਮੈਨੂੰ ਪਤਾ ਹੈ ਕਿ ਇਸ ਕਮਿਸ਼ਨ ਨੂੰ ਕਿਸੇ ਐਪੁਆਇੰਟਮੈਂਟ ਜਾਂ ਰਿਮੂਵਲ ਤੋਂ ਪਹਿਲਾਂ ਕੰਨਸਲਟ ਕਰਨਾ ਪੈਂਦਾ ਹੈ ।

ਰਾਜ ਮੰਤਰੀ : ਮੈਂ ਮੰਨਦਾ ਹਾਂ ਕਿ ਖਾਦੀ ਬੋਰਡ ਪੰਜਾਬ ਸਰਕਾਰ ਨਾਲੋਂ ਅਲਹਿਦੀ ਇੰਸਟੀਚੂਸ਼ਨ

Original with;
Punjab Vidhan Sabha
Digitized by;
Panjab Digital Library

ਹੈ ਅਤੇ ਖਾਦੀ ਕਮਿਸ਼ਨ ਵੀ ਸੈਂਟਰ ਸਰਕਾਰ ਦੀਆਂ ਹਿਦਾਇਤਾਂ ਅਨੁਸਾਰ ਹੀ ਇਸ ਬੋਰਡ ਨੂੰ ਪੈਸਾ ਦਿੰਦਾ ਹੈ। ਪਰ ਖਾਦੀ ਬੋਰਡ ਦਾ ਸਾਰਾ ਕੰਟਰੋਲ ਪੰਜਾਬ ਸਰਕਾਰ ਪਾਸ ਹੈ। ਸਰਕਾਰ ਇਸ ਦੇ ਮੈਨੇਜਮੈਂਟ ਵਿਚ ਪੂਰੀ ਤਰ੍ਹਾਂ ਇੰਡੀਪੈਂਡੈਂਟ ਹੈ। ਇਹ ਜ਼ਰੂਰੀ ਨਹੀਂ ਹੈ ਕਿ ਇਸ ਦੀ ਕਿਸੇ ਐਪੁਆਇੰਟਮੈਂਟ ਜਾਂ ਰਿਮੂਵਲ ਵੇਲੇ ਖਾਦੀ ਕਮਿਸ਼ਨ ਦੀ ਰਾਏ ਲਈ ਜਾਵੇ।

ਸ੍ਰੀ ਮਨਮੋਹਨ ਕਾਲੀਆ : ਕੀ ਇਹ ਠੀਕ ਹੈ ਕਿ ਸ੍ਰੀ ਅਨੰਦ ਨੂੰ 1961 ਵਿੱਚ ਜਦੋਂ ਕਿ ਉਹ ਪਬਲਕ ਰੀਲੇਸ਼ਨ ਅਫ਼ੀਸਰ ਸਨ ਤਾਂ ਡਾਕਟਰ ਗੋਪੀਚੰਦ ਨੇ ਉਨਾਂ ਨੂੰ ਰੀਮੂਵ ਕਰ ਦਿੱਤਾ ਸੀ? (ਵਿਘਨ)

ਸ੍ਰੀ ਗਿਆਨ ਚੰਦ ਖਰਬੰਦਾ : ਇਹ ਗਲਤ ਗੱਲ ਹੈ, ਉਨ੍ਹਾਂ ਨੇ ਅਸਤੀਫ਼ਾ ਦਿੱਤਾ ਸੀ।

ਰਾਜ ਮੰਤਰੀ : ਨੋਟਿਸ ਦੇ ਦਿਓ ਪਤਾ ਕਰਕੇ ਦੱਸ ਦਿਆਂਗੇ।

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਇਹ ਜਿਹੜੇ ਖਾਦੀ ਬੋਰਡ ਦੇ ਚੇਅਰਮੈਨ ਜਾਂ ਕਰਮਚਾਰੀ ਹਨ, ਇਨ੍ਹਾਂ ਦੇ ਲਈ ਖਾਦੀ ਵਿੱਚ ਯਕੀਨ ਰੱਖਣਾ ਅਤੇ ਇਸ ਦੀ ਗਾਂਧੀਅਨ ਫ਼ਿਲਾਸਫ਼ੀ ਨਾਲ ਸਹਿਮਤ ਹੋਣਾ ਜ਼ਰੂਰੀ ਕੁਆਲੀਫ਼ੀਕੇਸ਼ਨਜ਼ ਨਹੀਂ ਹਨ?

ਰਾਜ ਮੰਤਰੀ : ਜ਼ਰੂਰੀ ਹਨ। ਜਿਸ ਤਰ੍ਹਾਂ ਸ੍ਰੀ ਸਰਦਾਰੀ ਲਾਲ ਕਪੂਰ ਜੀ ਨੇ ਪੁਛਿਆ ਹੈ ਕਿ ਭਾਰਦਵਾਜ ਦੀ ਇਕੋ ਕੁਆਲੀਫ਼ੀਕੇਸ਼ਨ ਮਿਲ ਸਕੀ ਹੈ ਕਿ ਉਹ ਖਾਦੀ ਪਹਿਨਦੇ ਹਨ। (ਵਿਘਨ)

ਸ੍ਰੀ ਸਰਦਾਰੀ ਲਾਲ ਕਪੂਰ : ਇਥੇ ਜਿੰਨੀ ਬਹਿਸ ਹੋਈ ਹੈ ਉਸ ਨੂੰ ਸਾਹਮਣੇ ਰਖਦੇ ਹੋਏ ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਾਰੀਆਂ ਗੱਲਾਂ ਦੇ ਮੁਤਾਬਕ ਕੋਈ ਅੱਛੀ ਤਰ੍ਹਾਂ ਇਨਕੁਆਇਰੀ ਕਰਵਾ ਕੇ ਕਸੂਰਵਾਰ ਨੂੰ ਕੋਈ ਸਜ਼ਾ ਦੇਣਗੇ?

ਰਾਜ ਮੰਤਰੀ : ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਜੇ ਕੋਈ ਵੀ ਇਰੈਗੂਲੈਰਿਟੀ ਮੇਰੇ ਨੋਟਿਸ ਵਿੱਚ ਲਿਆਈ ਜਾਵੇਗੀ ਤਾਂ ਮੈਂ ਉਸ ਤੇ ਜ਼ਰੂਰ ਐਕਸ਼ਨ ਲਵਾਂਗਾ।

ਸ੍ਰੀ ਗੁਰਦਿਆਲ ਸੈਣੀ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਹ ਠੀਕ ਹੈ ਕਿ ਪਿਛਲੇ ਇੰਡਸਟਰੀ ਮਨਿਸਟਰ ਸਾਹਿਬ ਦੇ ਪੀ. ਏ. ਸ੍ਰੀ ਸਰਦਾਰੀ ਲਾਲ ਨੇ ਦੋ ਯੂਨਿਟਾਂ, ਇੱਕ ਪਠਾਨਕੋਟ ਅਤੇ ਇੱਕ ਅੰਮ੍ਰਿਤਸਰ ਵਿੱਚ ਖੋਲ੍ਹੀਆਂ, ਅਤੇ ਇਸ ਦੇ ਲਈ ਉਸ ਨੇ 45, 45 ਹਜ਼ਾਰ ਰੁਪਿਆ ਲੋਨ ਅਤੇ 5, 5 ਹਜ਼ਾਰ ਗ੍ਰਾਂਟ ਹਰ ਇੱਕ ਯੂਨਿਟ ਦੇ ਲਈ ਮੰਗੀ ਪਰ ਸ੍ਰੀ ਅਨੰਦ ਨੇ ਇਨਕਾਰ ਕਰ ਦਿੱਤਾ ਜਿਸ ਕਰਕੇ ਉਸ ਨੂੰ ਰਿਮੂਵ ਕਰ ਦਿੱਤਾ ਗਿਆ?

ਰਾਜ ਮੰਤਰੀ : ਅਜਿਹੀ ਕੋਈ ਗੱਲ ਮੇਰੇ ਨੋਟਿਸ ਵਿੱਚ ਨਹੀਂ ਆਈ। ਜੇ ਮੇਰੇ ਨੋਟਿਸ ਵਿੱਚ ਆਈ ਤਾਂ ਐਕਸ਼ਨ ਲੈ ਲਵਾਂਗੇ।

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਨੂੰ ਇਸ ਗੱਲ ਦਾ ਪਤਾ ਹੈ ਕਿ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਲਿਖ ਕੇ ਇਹ ਸ਼ਿਕਾਇਤਾਂ ਘੱਲੀਆਂ ਸੀ ਕਿ ਲੋਨਜ਼ ਅਤੇ ਗ੍ਰਾਂਟਾਂ ਦੇ ਸਿਲਸਿਲੇ ਵਿੱਚ ਬੋਰਡ ਦੇ ਮੈਂਬਰ ਇਸ ਬੋਰਡ ਦੇ ਚੇਅਰਮੈਨ ਸ੍ਰੀ ਅਨੰਦ ਨੂੰ ਓਵਰ ਰਾਈਡ ਕਰ ਰਹੇ ਹਨ? ਕੀ ਉਨ੍ਹਾਂ ਲਿਖਤੀ ਸ਼ਿਕਾਇਤਾਂ ਦੇ ਆਧਾਰ ਤੇ ਕੋਈ ਇਨਕੁਆਇਰੀ ਕਰਵਾਈ ਜਾਵੇਗੀ?

ਰਾਜ ਮੰਤਰੀ : ਮੈਂ ਕਹਿ ਚੁਕਾ ਹਾਂ ਕਿ ਇਸ ਦੀ ਇਨਕੁਆਇਰੀ ਕਰਵਾ ਲਵਾਂਗੇ। ਪਰ ਡਾਂਗ ਸਾਹਿਬ ਅਸੀਂ ਕੀ ਕਰੀਏ ਲੋੜ ਵੇਲੇ ਤਾਂ ਤੁਸੀਂ ਹੀ ਜਨਸੰਘ ਦੇ ਨਾਲ ਰਲ ਜਾਂਦੇ ਹੋ। ਤੇ ਵੋਟ ਵੀ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਉਦਯੋਗ ਤੇ ਸਿਹਤ]

ਟੰਡਨ ਸਾਹਿਬ ਦੇ ਨਾਲ ਹੀ ਦਿੰਦੇ ਹੋ। (ਹਾਸਾ) ਜਦੋਂ ਕੋਈ ਇਨਕੁਆਇਰੀ ਸ਼ੁਰੂ ਕੀਤੀ ਤਾਂ ਫਿਰ ਤੁਸੀਂ ਉਨ੍ਹਾਂ ਦਾ ਹੀ ਸਾਥ ਦੇਣਾ ਹੈ। (ਹਾਸਾ)

ਕਾਮਰੇਡ ਸੱਤ ਪਾਲ ਡਾਂਗ : ਦੋ ਮਹੀਨੇ ਹੋ ਗਏ ਹਨ ਮੈਨੂੰ ਲਿਖ ਕੇ ਸ਼ਿਕਾਇਤਾਂ ਭੇਜੇ ਨੂੰ। ਉਸ ਦੀ ਇਕਨਾਲਜਮੈਂਟ ਵੀ ਮੇਰੇ ਕੋਲ ਹੈ। ਬਾਕੀ ਮੈਨੂੰ ਸਭ ਪਤਾ ਹੈ ਕਿ ਕੌਣ ਕਿਸ ਨਾਲ ਮਿਲਦਾ ਹੈ। ਦੋਹਾਂ ਨੇ ਰਾਹ ਖੁਲ੍ਹੇ ਰਖੇ ਹੋਏ ਹਨ। (ਵਿਘਨ) (ਹਾਸਾ) ਸਾਨੂੰ ਜਨਸੰਘ ਨਾਲ ਮਿਲਣ ਦੀ ਕੀ ਲੋੜ ਹੈ; ਅਸੀਂ ਤਾਂ ਉਨ੍ਹਾਂ ਦੇ ਵਿਰੁਧ ਸਾਰੇ ਹਿੰਦੁਸਤਾਨ ਵਿੱਚ ਲੜ ਰਹੇ ਹਾਂ।

ਰਾਜ ਮੰਤਰੀ : ਮੈਂ ਇਹ ਇਸ ਕਰਕੇ ਕਹਿੰਦਾ ਹਾਂ ਕਿ ਜਦੋਂ ਇਨਕੁਆਇਰੀ ਸ਼ੁਰੂ ਹੋਈ ਤਾਂ ਫਿਰ ਤੁਸੀਂ ਇਸ ਬਾਰੇ ਪ੍ਰੈਸ ਨਹੀਂ ਕਰਨਾ।

ਸਰਦਾਰ ਸੰਤੋਖ ਸਿੰਘ ਰੰਧਾਵਾ : ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਜੋ ਖਾਦੀ ਦਾ ਉਦਯੋਗ ਹੈ; ਇਹ ਮਹਾਤਮਾਂ ਗਾਂਧੀ ਦਾ ਸੁਪਨਾ ਸੀ ਕਿ ਇਸ ਦਾ ਪਰਚਾਰ ਕੀਤਾ ਜਾਵੇ, ਸਾਰੇ ਇਸ ਨੂੰ ਪਿਆਰ ਕਰਨ ਅਤੇ ਪਹਿਨਣ। ਇਸ ਸੁਪਨੇ ਨੂੰ ਪੂਰਾ ਕਰਨ ਵਾਸਤੇ ਹੀ ਇਹ ਖਾਦੀ ਬੋਰਡ ਬਣਾਇਆ ਗਿਆ ਸੀ। ਸਾਡੇ ਪਹਿਲੇ ਚੇਅਰਮੈਨ ਡਾਕਟਰ ਭਾਰਗੋ ਪੱਕੇ ਗਾਂਧੀਵਾਦੀ ਸੀ। ਪਰ ਹੁਣ ਭਾਰਦਵਾਜ ਨੂੰ ਚੇਅਰਮੈਨ ਬਣਾ ਦਿੱਤਾ ਗਿਆ ਹੈ ਜਿਹੜਾ ਕਿ ਆਰ. ਐਸ. ਐਸ. ਦਾ ਹੋਲਟਾਈਮ ਵਰਕਰ ਹੈ। ਇਸ ਤਰ੍ਹਾਂ ਖਾਦੀ ਬੋਰਡ ਨੂੰ ਗਾਂਧੀ ਹਤਿਆ ਸੰਘ ਬਣਾ ਦਿੱਤਾ ਗਿਆ ਹੈ। ਤਾਂ ਕੀ ਉਸ ਨੂੰ ਛੇਤੀ ਹੀ ਰੀਮੂਵ ਕੀਤਾ ਜਾਵੇਗਾ ?

ਰਾਜ ਮੰਤਰੀ : ਜਿਥੋਂ ਤੱਕ ਗਾਂਧੀ ਵਾਦ ਦਾ ਸਬੰਧ ਹੈ ਖਾਦੀ ਬੋਰਡ ਦੇ ਯਤਨਾਂ ਤੋਂ ਇਲਾਵਾ ਵੀ ਹਰ ਜ਼ਿਮੀਂਦਾਰ ਖੱਦਰ ਪਹਿਨਦਾ ਹੈ। ਪੰਜਾਬ ਵਿੱਚ ਗਾਂਧੀ ਜੀ ਦੇ ਜੋ ਅਸੂਲ ਸਨ, ਉਨ੍ਹਾਂ ਤੇ ਸਾਰੇ ਲੋਕ ਅਮਲ ਕਰਦੇ ਸਨ। ਇਸ ਵਿੱਚ ਅਜਿਹੀ ਕੋਈ ਗੱਲ ਨਹੀਂ ਕਿ ਜਨ-ਸੰਘ ਦਾ ਮੈਂਬਰ ਇਸ ਬੋਰਡ ਦਾ ਮੈਂਬਰ ਨਹੀਂ ਬਣ ਸਕਦਾ ਸੀ। ਇਸ ਕਰਕੇ ਉਸ ਨੂੰ ਮਨਿਸਟਰ ਸਾਹਿਬ ਨੇ ਬਤੌਰ ਚੇਅਰਮੈਨ ਨਾਮਜ਼ਦ ਕਰ ਦਿੱਤਾ। ਹੁਣ ਜੇ ਤੁਸੀਂ ਕੋਈ ਐਸੀ ਗੱਲ ਮੇਰੇ ਨੋਟਿਸ ਵਿੱਚ ਲਿਆਉਗੇ ਜੋ ਗਾਂਧੀ ਜੀ ਦੇ ਅਸੂਲਾਂ ਉਤੇ ਚੱਲਣ ਵਾਸਤੇ ਖਾਦੀ ਬੋਰਡ ਨੂੰ ਕਰਨੀ ਚਾਹੀਦੀ ਹੈ, ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਉਸ ਨੂੰ ਜ਼ਰੂਰ ਕਰਾਂਗੇ।

ਚੌਧਰੀ ਰਾਮ ਸਿੰਘ : (ਵਿਘਨ) ਕੀ ਜਿਹੜੇ ਇਥੇ ਆਰ. ਐਸ. ਐਸ. ਦੇ ਬੰਦੇ ਫਿਰਦੇ ਹਨ, ਉਨ੍ਹਾਂ ਨੂੰ ਰੀਮੂਵ ਕੀਤਾ ਜਾਵੇਗਾ ? (ਵਿਘਨ)

Mr. Speaker : Question Hour is over. The remaining questions shall be deemed to have been answered under Rule 45.

ANSWERS TO STARRED QUESTIONS LAID ON THE TABLE UNDER RULE 45

ELECTION PETITIONS FILED AGAINST MEMBERS ELECTED TO MUNICIPAL COMMITTEE, AMRITSAR.

*1652. **Shri Gian Chand Kharbanda :** Will the Chief Minister be pleased to :—

Original with;
Punjab Vidhan Sabha
Digitized by;
Panjab Digital Library

(a) lay on the Table of the House a statement showing the persons elected as members of the Municipal Committee, Amritsar against whom election petitions were filed;

(b) state the number of such petitions disposed of so far and alongwith the date of disposal and the results of the said petitions in each case ;

(c) state the number of petitions still pending in the Court and a statement showing the persons against whom they are pending be laid on the Table of the House ;

(d) state whether any instructions have been issued by the Government for the disposal of such petitions within a specified period, if not, the steps proposed to be taken by the Government for the expeditious disposal of such petitions in future ?

Sardar Parkash Singh Badal : (a) The requisite statement is laid on the Table of the House.

(b) A list of election petitions since disposed of alongwith dates and a result is at Annexure I,

(c) Six petitions are still pending decision at present. The requisite statement is laid on the Table of the House.

(d) (i) Yes. A copy each of instructions (dated 9.8.1964 and 3.12.1969) is placed on the Table of the House.

[(ੲ) ਲੋੜੀਂਦੀ ਸਟੇਟਮੈਂਟ ਹਾਊਸ ਦੇ ਟੇਬਲ ਤੇ ਰੱਖੀ ਜਾਂਦੀ ਹੈ ।

(ਬੀ) ਫੈਸਲਾ ਹੋਈਆਂ ਇਲੈਕਸ਼ਨ ਪਟੀਸ਼ਨਾਂ ਦੀ ਇਕ ਲਿਸਟ ਮਿਤੀ ਅਤੇ ਨਤੀਜੇ ਸਮੇਤ ਅਨੁਲੱਗ 1 ਵਿੱਚ ਦਿਖਾਈ ਜਾਂਦੀ ਹੈ ਅਤੇ ਹਾਊਸ ਦੇ ਟੇਬਲ ਤੇ ਰੱਖੀ ਜਾਂਦੀ ਹੈ ।

(ਸੀ) ਛੇ ਪਟੀਸ਼ਨਾਂ ਤੇ ਇਸ ਵੇਲੇ ਫੈਸਲਾ ਹੋਣਾ ਰਹਿੰਦਾ ਹੈ । ਲੋੜੀਂਦੀ ਸਟੇਟਮੈਂਟ ਹਾਊਸ ਦੇ ਟੇਬਲ ਤੇ ਰੱਖੀ ਜਾਂਦੀ ਹੈ ।

(ਡੀ) (i) ਹਾਂ ; ਹਦਾਇਤਾਂ ਮਿਤੀ 9.8.1964 ਅਤੇ 3.12.1969 ਦੀ ਇਕ ਇਕ ਕਾਪੀ ਹਾਊਸ ਦੀ ਟੇਬਲ ਤੇ ਰੱਖੀ ਜਾਂਦੀ ਹੈ ।]

THE STATEMENT SHOWING THE PERSONS ELECTED AS MEMBERS OF THE MUNICIPAL COMMITTEE, AMRITSAR AGAINST WHOM ELECTION PETITIONS WERE FILED

Sr. No.	Name of person
1.	Sh. Dawarka Dass (elected from Ward No. 3)
2.	Sh. Kartar Chand (elected from Ward No. 4)
3.	Sh. Joginder Pal (elected from Ward No. 8)
4.	Sh. Sham Singh (elected from Ward No. 13)
5.	Sh. Kharaiti Ram (elected from Ward No. 24)
6.	Sh. Boota Ram (elected from Ward No. 27)

Original with;
Punjab Vidhan Sabha
Digitized by;
Panjab Digital Library

[Chief Minister]

7. Sh. Vishwa Nath (elected from Ward No. 28)
8. Sh. Krishan Chand (elected from Ward No. 29)
9. Sh. Beant Singh (elected from Ward No. 31)
10. Sh. Gurcharan Singh (elected from Ward No. 35)
11. Sh. Sardul Singh (elected from Ward No. 36)
12. Sh. Parduman Singh (elected from Ward No. 40)

ਜਿਨ੍ਹਾਂ ਮੈਂਬਰਾਂ ਦੇ ਵਿਰੁਧ, ਨਗਰ ਪਾਲਕਾ ਅੰਮ੍ਰਿਤਸਰ ਵਿੱਚ ਇਲੈਕਸ਼ਨ ਪਟੀਸ਼ਨਾਂ ਫਾਈਲ ਹੋਈਆਂ ਉਨ੍ਹਾਂ ਦੇ ਨਾਂ ।

ਲੜੀ ਨੰ	ਮੈਂਬਰਾਂ ਦੇ ਨਾਂ
1.	ਸ਼੍ਰੀ ਦਵਾਰਕਾ ਦਾਸ (ਵਾਰਡ ਨੰ. 3)
2.	ਸ਼੍ਰੀ ਕਰਤਾਰ ਚੰਦ (ਵਾਰਡ ਨੰ: 4)
3.	ਸ਼੍ਰੀ ਜੋਗਿੰਦਰ ਪਾਲ (ਵਾਰਡ ਨੰ: 8)
4.	ਸ਼੍ਰੀ ਸ਼ਾਮ ਸਿੰਘ (ਵਾਰਡ ਨੰ: 13)
5.	ਸ਼੍ਰੀ ਖਰੈਤੀ ਰਾਮ (ਵਾਰਡ ਨੰ: 24)
6.	ਸ਼੍ਰੀ ਬੂਟਾ ਰਾਮ (ਵਾਰਡ ਨੰ: 27)
7.	ਸ਼੍ਰੀ ਵਿਸ਼ਵਾ ਨਾਥ (ਵਾਰਡ ਨੰ: 28)
8.	ਸ਼੍ਰੀ ਕ੍ਰਿਸ਼ਨ ਚੰਦ (ਵਾਰਡ ਨੰ: 29)
9.	ਸ਼੍ਰੀ ਬੇਅੰਤ ਸਿੰਘ (ਵਾਰਡ ਨੰ: 31)
10.	ਸ਼੍ਰੀ ਗੁਰਚਰਨ ਸਿੰਘ (ਵਾਰਡ ਨੰ: 35)
11.	ਸ਼੍ਰੀ ਸਰਦੂਲ ਸਿੰਘ (ਵਾਰਡ ਨੰ: 36)
12.	ਸ਼੍ਰੀ ਪਰਦੁੱਮਣ ਸਿੰਘ (ਵਾਰਡ ਨੰ: 40)

ANNEXURE I

A LIST OF ELECTION PETITIONS SINCE DISPOSED OF ALONGWITH DATES AND RESULTS

Sr. No.	Name of person	Date	Result
1.	Sh. Raghubans Vs. Boota Ram etc. Ward No. 27.	24.10.1968	Sh. Boota Ram was duly elected as a member of Municipal Committee Amritsar from Ward No. 27.
2.	Sh. Richhpal Singh Vs. Sh. Joginder Pal etc. Ward No. 8	29.5.1969	Sh. Joginder Pal was duly elected as a member of Municipal Committee, Amritsar from Ward No. 8.

Original with;
Punjab Vidhan Sabha
Digitized by;
Panjab Digital Library

3.	Sh. Shiv Narain Vs. Sh. Kharaiti Ram etc. Ward No. 24.	23.10.1969	Dismissed in default.
4.	Sh. Gopal Krishan Vs. Sh. Sham Singh etc. Ward No. 13.	24.12.1969	Sh. Sham Singh was duly elected as a member of Municipal Committee, Amritsar from Ward No. 13.
5.	Sh. Surinder Pal Vs. Sh Parduman Singh etc. Ward No. 40.	21.5.1970	Dismissed in default.
6.	Sh. Jugal Kishore Vs. Sh. Kartar Chand etc., Ward No. 4.	21.5.1970	Dismissed in default.

ਅਨੁਲੱਗ–1

ਫੈਸਲਾ ਹੋਈਆਂ ਇਲੈਕਸ਼ਨ ਪਟੀਸ਼ਨਾਂ ਦੀ ਮਿਤੀ ਅਤੇ ਨਤੀਜੇ ਸਮੇਤ ਲਿਸਟ ।

ਲੜੀ ਨੰ:	ਵਿਅਕਤੀ ਦਾ ਨਾਂ	ਮਿਤੀ	ਨਤੀਜਾ
1.	ਸ੍ਰੀ ਰਘੂ ਬੰਸ ਬਨਾਮ ਬੂਟਾ ਰਾਮ ਆਦਿ ਵਾਰਡ ਨੰ: 27	24.10.1968	ਸ੍ਰੀ ਬੂਟਾ ਰਾਮ, ਨਗਰ ਪਾਲਕਾ, ਅੰਮ੍ਰਿਤਸਰ ਦਾ ਚੁਣਿਆ ਹੋਇਆ ਮੈਂਬਰ ਐਲਾਨ ਕੀਤਾ ਗਿਆ ।
2.	ਸ੍ਰੀ ਰਛਪਾਲ ਸਿੰਘ ਬਨਾਮ ਸ੍ਰੀ ਜੋਗਿੰਦਰ ਪਾਲ ਆਦਿ ਵਾਰਡ ਨੰ: 8.	29.5.1969	ਸ੍ਰੀ ਜੋਗਿੰਦਰ ਪਾਲ ਨੂੰ ਨਗਰ ਪਾਲਕਾ ਅੰਮ੍ਰਿਤਸਰ ਦੀ ਵਾਰਡ ਨੰ: 8 ਦਾ ਚੁਣਿਆ ਹੋਇਆ ਮੈਂਬਰ ਐਲਾਨ ਕੀਤਾ ਗਿਆ ।
3.	ਸ੍ਰੀ ਸ਼ਿਵ ਨਰਾਇਣ ਬਨਾਮ ਸ੍ਰੀ ਖਰੈਤੀ ਰਾਮ ਆਦਿ ਵਾਰਡ ਨੰ: 24.	23.10.1969	ਇਲੈਕਸ਼ਨ ਪਟੀਸ਼ਨ ਇਨਡੀਫਾਲਟ ਖਾਰਜ ਕੀਤੀ ਗਈ ।
4.	ਸ੍ਰੀ ਗੋਪਾਲ ਕ੍ਰਿਸ਼ਨ ਬਨਾਮ ਸ੍ਰੀ ਸ਼ਾਮ ਸਿੰਘ ਆਦਿ ਵਾਰਡ ਨੰ: 13.	24.10.1970	ਸ੍ਰੀ ਸ਼ਾਮ ਸਿੰਘ ਨੂੰ ਨਗਰ ਪਾਲਕਾ ਅੰਮ੍ਰਿਤਸਰ ਦੀ ਵਾਰਡ ਨੰ: 13 ਦਾ ਚੁਣਿਆ ਮੈਂਬਰ ਐਲਾਨ ਕੀਤਾ ਗਿਆ ।
5.	ਸ੍ਰੀ ਸੁਰਿੰਦਰਪਾਲ ਬਨਾਮ ਸ੍ਰੀ ਪਰਦੁੱਮਣ ਸਿੰਘ ਆਦਿ ਵਾਰਡ ਨੰ: 40.	21.5.1970	ਇਲੈਕਸ਼ਨ ਪਟੀਸ਼ਨ ਨੂੰ ਇਨਡੀਫਾਲਟ ਖ਼ਾਰਜ ਕੀਤਾ ਗਿਆ ।
6.	ਸ੍ਰੀ ਜੁਗਲ ਕਿਸ਼ੋਰ ਬਨਾਮ ਸ੍ਰੀ ਕਰਤਾਰ ਚੰਦ ਆਦਿ ਵਾਰਡ ਨੰ: 4.	21.5.1970	ਇਲੈਕਸ਼ਨ ਪਟੀਸ਼ਨ ਨੂੰ ਇਨਡੀ-ਫਾਲਟ ਖਾਰਜ ਕੀਤਾ ਗਿਆ ।

Original with;
Punjab Vidhan Sabha
Digitized by;
Panjab Digital Library

[Chief Minister]

ANNEXURE II.

LIST OF PERSONS AGAINST WHOM PETITIONS ARE STILL PENDING IN THE COURTS.

Sr. No.	Name of persons
1.	Sh. Dawarka Dass (Ward No. 3)
2.	Sh. Vishwa Nath (Ward No. 28)
3.	Sh. Krishan Chand (Ward No. 29)
4.	Sh. Beant Singh (Ward No. 31)
5.	Sh. Gurcharan Singh (Ward No. 35)
6.	Sh. Sardul Singh (Ward No. 36)

ਅਨੁਲੱਗ–2

ਅਦਾਲਤ ਵਿੱਚ ਚਲ ਰਹੀਆਂ ਇਲੈਕਸ਼ਨ ਪਟੀਸ਼ਨਾਂ ਦੀ ਗਿਣਤੀ।

ਲੜੀ ਨੰ:	ਵਿਅਕਤੀਆਂ ਦੇ ਨਾਂ
1.	ਸ਼੍ਰੀਦਵਾਰਕਾ ਦਾਸ (ਵਾਰਡ ਨੰ: 3)
2.	ਸ਼੍ਰੀ ਵਿਸ਼ਵਾ ਨਾਥ (ਵਾਰਡ ਨੰ: 28)
3.	ਸ਼੍ਰੀ ਕ੍ਰਿਸ਼ਨ ਚੰਦ (ਵਾਰਡ ਨੰ: 29)
4.	ਸ਼੍ਰੀ ਬੇਅੰਤ ਸਿੰਘ (ਵਾਰਡ ਨੰ: 31)
5.	ਸ਼੍ਰੀ ਗੁਰਚਰਨ ਸਿੰਘ (ਵਾਰਡ ਨੰ: 35)
6.	ਸ਼੍ਰੀ ਸਰਦੂਲ ਸਿੰਘ (ਵਾਰਡ ਨੰ: 36)]

ਵਲੋਂ

ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ, ਵਿਭਾਗ।

ਸੇਵਾ ਵਿਖੇ

ਸਮੂਹ ਪੰਜਾਬ ਪ੍ਰਦੇਸ਼ ਦੇ ਡਿਪਟੀ ਕਮਿਸ਼ਨਰ।
ਯਾਦ ਪੱਤਰ ਨੰ: 5176-3 ਡਸਸ-69/8037
ਮਿਤੀ 3.12.1969.

ਵਿਸ਼ਾ :— ਇਲੈਕਸ਼ਨ ਪਟੀਸ਼ਨਾਂ ਦਾ ਨਿਪਟਾਰਾ।

ਪੰਜਾਬ ਸਰਕਾਰ (ਸਥਾਨਕ ਸਰਕਾਰ ਵਿਭਾਗ) ਦੀਆਂ ਹਦਾਇਤਾਂ ਜਿਹੜੀਆਂ ਕਿ ਯਾਦ ਪੱਤਰ ਨੰ: 5990-4 ਸੀ-III-64/33072 ਮਿਤੀ 9.8.64 ਰਾਹੀਂ ਜਾਰੀ ਕੀਤੀਆਂ ਸਨ, ਦੇ ਅਨੁਸਾਰ ਹਰ ਇਕ ਇਲੈਕਸ਼ਨ ਕਮਿਸ਼ਨ ਨੂੰ ਉਸ ਦੀ ਨਿਯੁਕਤੀ ਦੀ ਮਿਤੀ ਤੋਂ ਛੇ ਮਹੀਨੇ ਦੇ ਅੰਦਰ ਅੰਦਰ ਇਲੈਕਸ਼ਨ ਪਟੀਸ਼ਨ ਵਿੱਚ ਲਗਾਏ ਗਏ ਦੋਸ਼ਾਂ ਤੇ ਆਪਣੀ ਇਨਕੁਆਇਰੀ ਰਿਪੋਰਟ ਭੇਜਣੀ ਪੈਂਦੀ ਹੈ। ਅੱਛੇ ਖਾਸੇ ਕਾਰਨਾਂ ਕਰਕੇ ਕਮਿਸ਼ਨ ਦੀ ਦਰਖਾਸਤ ਦੇਣ ਤੇ ਸਰਕਾਰ ਇਸ ਮਿਆਦ ਨੂੰ ਵਧਾ ਸਕਦੀ ਹੈ। ਇਹ ਵੇਖਿਆ ਗਿਆ ਹੈ ਕਿ ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਨਹੀਂ ਕੀਤੀ ਜਾਂਦੀ। ਆਪਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਦੀ ਪਾਲਣਾ ਕਰਵਾਈ ਜਾਵੇ ਅਤੇ ਆਪਣੇ

Original with;
Punjab Vidhan Sabha
Digitized by;
Panjab Digital Library

ਜ਼ਿਲ੍ਹੇ ਦੇ ਇਲੈਕਸ਼ਨ ਕਮਿਸ਼ਨਾਂ ਜਿਨ੍ਹਾਂ ਨੇ ਨਿਰਧਾਰਤ ਸਮਾਂ ਬਿਤਾ ਦਿੱਤਾ ਹੈ ਅਤੇ ਮਿਆਦ ਵਧਾਉਣ ਲਈ ਬੇਨਤੀ ਨਹੀਂ ਕੀਤੀ, ਉਨ੍ਹਾਂ ਤੋਂ ਦੇਰੀ ਦਾ ਜਵਾਬ ਮੰਗਿਆ ਜਾਵੇ ।

2. ਇਹ ਫੈਸਲਾ ਕੀਤਾ ਗਿਆ ਹੈ ਕਿ ਉਨ੍ਹਾਂ ਇਲੈਕਸ਼ਨ ਕਮਿਸ਼ਨਾਂ ਨੂੰ ਜਿਨ੍ਹਾਂ ਕੋਲ ਇਲੈਕਸ਼ਨ ਪਟੀਸ਼ਨਾਂ ਇਕ ਸਾਲ ਤੋਂ ਪੈਂਡਿੰਗ ਪਈਆਂ ਹਨ, ਰਿਪੋਰਟ ਭੇਜਣ ਲਈ ਹੋਰ ਸਮਾਂ ਵਧਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਅੱਗੋਂ ਵਾਸਤੇ ਵਿਸ਼ੇਸ਼ ਕੇਸਾਂ ਵਿੱਚ ਜਿਨ੍ਹਾਂ ਲਈ ਦੇਰੀ ਦੇ ਵਿਸ਼ੇਸ਼ ਕਾਰਨ ਹੋਣ, ਮਿਥੇ ਹੋਏ ਸਮੇਂ (ਛੇ ਮਹੀਨੇ) ਤੋਂ ਤਿੰਨ ਮਹੀਨੇ ਤੋਂ ਮਿਆਦ ਜ਼ਿਆਦਾ ਨਹੀਂ ਵਧਾਈ ਜਾਵੇਗੀ ।

3. ਇਹ ਵੀ ਨੋਟਿਸ ਵਿੱਚ ਆਇਆ ਹੈ ਕਿ ਕਮਿਸ਼ਨਾਂ ਵਲੋਂ ਇਨਕੁਆਇਰੀ ਰਿਪੋਰਟ ਦੇਰ ਨਾਲ ਭੇਜਣ ਦਾ ਕਾਰਨ ਇਹ ਵੀ ਹੈ ਕਿ ਉਨ੍ਹਾਂ ਦੀਆਂ ਇਸ ਸਮੇਂ ਦੇ ਦੌਰਾਨ ਬਦਲੀਆਂ ਹੋ ਜਾਂਦੀਆਂ ਹਨ । ਇਸ ਲਈ, ਰਿਪੋਰਟਾਂ ਨੂੰ ਨਿਰੰਤਰਤਾ ਅਤੇ ਜਲਦੀ ਭੇਜਣ ਦੇ ਹਿਤ ਵਿੱਚ, ਇਹ ਫੈਸਲਾ ਕੀਤਾ ਗਿਆ ਹੈ ਕਿ ਜਿਹੜਾ ਅਫਸਰ ਇਲੈਕਸ਼ਨ ਕਮਿਸ਼ਨ ਨਿਯੁਕਤ ਕੀਤਾ ਗਿਆ ਹੈ, ਉਹੀ ਅਫਸਰ ਆਪਣੀ ਬਦਲੀ ਦੇ ਬਾਵਜੂਦ ਵੀ, ਇਲੈਕਸ਼ਨ ਪਟੀਸ਼ਨ ਦਾ ਨਿਪਟਾਰਾ ਕਰੇਗਾ ।

ਸਹੀ/—ਆਸਾ ਸਿੰਘ

ਸਹਾਇਕ ਸਕੱਤਰ,

ਵਾਸਤੇ ਸਕੱਤਰ, ਪੰਜਾਬ ਸਰਕਾਰ ।

ਸਥਾਨਕ ਸਰਕਾਰ ਵਿਭਾਗ ।

Copy of Memo No. 5990-40 III-64/33072 dated the 9th August, 1964, from the Secretary to Government, Punjab, Local Government Department, to the Commissioners of Divisions, Ambala, Jullundur and Patiala, and All the Deputy Commissioners in the State and All Sub-Divisional Officers (Civil).

Subject : Report of findings of Election Commissioners appointed under rule 50 of the Punjab Municipal Election Rules, 1952.

Cases have come to the notice of Government in which the Election Commission appointed by Government u/s 247 of the Punjab Municipal Act, 1911, read with rule 58 of the Punjab Municipal Election Rules, 1952. to hold an enquiry into a municipal election, inordinately delayed the submission of its report of findings of the appropriate authority u/s 254 of the Punjab Municipal Act, 1911. Government have taken a serious view of such delays which tend to frustrate the purpose of an election petition.

2. To obviate such delays they have decided that the Election Commission should submit its report to the appropriate authority within six months of its appointment. For good and sufficient reasons Government May, on application by the Commission, extend this time limit.

3. These instructions shall be brought to the notice of the Election Commissions appointed from time to time for compliance.

Original with;
Punjab Vidhan Sabha
Digitized by;
Panjab Digital Library

SCHEMES FOR IRRIGATING ADDITIONAL AREAS

*1965. 1. **Sardar Darshan Singh K. P.,**)
2. **Shri Sardari Lal Kapur,**)
3. **Bhagat Guran Dass Hans,**)
4. **Doctor Sadhu Ram,**) : Will the Minister for Irrigation and Power be pleased to state :

(a) whether the Irrigation Department has prepared ten new schemes for irrigating additional areas between Nangal and Bharatgarh in Ropar District from the Nangal Hydel Channel ;

(b) whether the present 17 schemes, which were expected to irrigate 8 thousand acres of culturable commanded area, have already been taken in hand by the Irrigation Department ; if not, the reasons therefor ?

ਸਰਦਾਰ ਸੋਹਣ ਸਿੰਘ ਬਾਸੀ : (ੳ) ਕੇਵਲ 6 ਨਵੀਆਂ ਸਕੀਮਾਂ ਬਣਾਈਆਂ ਗਈਆਂ ਹਨ ।

(ਅ) ਹਾਂ ਜੀ ।

[(a) Only six new schemes have been prepared.

(b) Yes.]

ADJOURNMENT MOTIONS

Mr. Speaker : Chaudhri Balbir Singh has given a fresh notice of the Adjournment Motion leave to which was granted yesterday but which could not be taken up yesterday because the House was adjourned immediately after the Obituary References. Under Rule 70, if the leave is granted, the motion is taken up on the same day at the normal hour of interruption of business or if the business on the list for the day is concluded earlier at the conclusion of such business. It could not, therefore, be taken up yesterday. In order to avoid repetition, Chaudhri Balbir Singh need not read it again. I hold the matter in order. If no objection is taken leave will be granted. Is there any objection ?

(Voices : No, No)

ਵਿੱਤ ਮੰਤਰੀ : ਇਹਦੀ ਕੀ ਲੋੜ ਹੈ (ਵਿਘਨ) ਇਹ ਕਲ ਨਹੀਂ ਆ ਸਕੀ । ਇਲੈਕਟਰੀਸਿਟੀ ਦੇ ਸਿਲਸਿਲੇ ਵਿੱਚ ਕਾਫੀ ਅਸੈਂਬਲੀ ਵਿੱਚ ਸਵਾਲ ਆਏ ਹਨ । ਮੈਂਬਰ ਸਾਹਿਬਾਨ ਨੂੰ ਇਸ ਬਾਰੇ ਪਤਾ ਹੈ (ਵਿਘਨ)

Mr. Speaker : Have you any objection ?

Finance Minister : No, Sir.

Mr. Speaker : The leave is granted. The motion will be taken up at the normal hour of interruption of business or if the business is concluded earlier at the conclusion of such business.

Original with;
Punjab Vidhan Sabha
Digitized by;
Panjab Digital Library

ਸ੍ਰੀ ਬਲਰਾਮ ਦਾਸ ਟੰਡਨ : ਆਨ ਏ ਪੁਆਇੰਟ ਆਫ ਪਰਸਨਲ ਐਕਪਲੇਨੇਸ਼ਨ ।

ਚੌਧਰੀ ਰਾਮ ਸਿੰਘ : ਮੇਰੀ ਐਡਜਰਨਮੈਂਟ ਮੋਸ਼ਨ ਵੀ ਸੀ । ਕੀ ਉਹ ਇਸ ਵਿਚ ਸ਼ਾਮਲ ਕੀਤੀ ਹੈ ਜਾਂ ਕਿ ਨਹੀਂ ।

ਸ੍ਰੀ ਸਪੀਕਰ : ਇਹ ਜੇ ਉਹੀ ਹੈ ਤਾਂ ਸ਼ਾਮਲ ਹੈ, ਬਿਲਕੁਲ ਸ਼ਾਮਲ ਹੈ । (If your motion is on the same subject, then that is also included in it.)

(ਇਸ ਵੇਲੇ ਸ੍ਰੀ ਬਲਰਾਮ ਦਾਸ ਟੰਡਨ ਆਪਣੀ ਸੀਟ ਤੇ ਖੜੇ ਹੋ ਗਏ)

ਸ੍ਰੀ ਸਪੀਕਰ : ਟੰਡਨ ਸਾਹਿਬ ਤੁਸੀਂ ਜ਼ੀਰੋ ਆਵਰ ਤੋਂ ਬਾਦ ਬੋਲ ਲੈਣਾ । ਹੁਣ ਕਾਲ ਅਟੈਨਸ਼ਨ ਨੰ: 12 ਡਾਕਟਰ ਕੇਵਲ ਕ੍ਰਿਸ਼ਨ । (The hon. member Sh. Tandon, can make his personal explanation after the zero hour. Now the House will take up Call Attention Notice No. 12 by Dr. Kewal Krishan.)

CALL ATTENTION NOTICES
(Serial No. 12)

Chaudhri Kewal Krishan : I beg to draw the attention of the Government towards an urgent matter of public importance, namely, the Committee formed recently for selecting J.B.T. teachers for Government Schools after the dissolution of the Subordinte Services Selection Board, has acted partially in the selection of J.B.T. teachers and this fact is a common talk of the people that the candidates with Ist Divisions and higher qualifications have been ignored and instead 3rd Divisioners and persons with lower qualifications have been selected. Under the shelter of interview, ability and justice have been throttled and the right of thousands of J.B.T. teachers have been thrown to the winds thereby encouraging corruption and nepotism. The Government should clarify its position in this matter in the House.

ਸ੍ਰੀ ਸਪੀਕਰ : ਸਵੀਕਾਰ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The Minister concerned may please make a statement)

(Serial No. 17)

Chaudhri Kewal Krishan : I beg to draw the attention of the Government towards an urgent matter of public importance, namely, that the Punjab Government has declared that 48 Middle, 84 Primary Schools in the State will be up-graded to High and Middle Schools respectively during this year. But it is a matter of great regret that in Hoshiarpur district, which has been declared as backward area, only 3 Primary and 1 Middle Schools have been upgraded to Middle and High Schools respectively. According to District-wise share in Hoshiarpur district 5 Middle and 9 Primary Schools should have been upgraded to High and Middle Schools respectively. But it is clear from the policy of the Government that whereas this backward

Original with;
Punjab Vidhan Sabha
Digitized by;
Panjab Digital Library

[Chaudhri Kewal Krishan]
declared district should have got more share but due to its discriminative policy the Government wants to make it more backward so that this backward district of Hoshiarpur should remain as it is. The Government may clarify its policy in this regard in the Hou e.

ਸ੍ਰੀ ਸਪੀਕਰ : ਸਵੀਕਾਰ ਕੀਤਾ ਜਾਂਦਾ ਹੈ. ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The Minister concerned may please make a statement.)

(ਕ੍ਰਮ ਨੰ: 26)

ਸ੍ਰੀ ਸਪੀਕਰ : ਕਾਲ ਅਟੈਨਸ਼ਨ ਨੋਟਿਸ ਨੰ: 26, ਚੌਧਰੀ ਰਾਮ ਸਿੰਘ । (Call Attention Notice No. 26 by Ch. Ram Singh)

(ਇਹ ਮੈਂਬਰ ਹਾਊਸ ਵਿਚ ਉਸ ਵੇਲੇ ਹਾਜ਼ਰ ਨਹੀਂ ਸਨ)

(ਕ੍ਰਮ ਨੰ: 28)

ਸਰਦਾਰ ਕ੍ਰਿਪਾਲ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਜੋ ਪੰਜਾਬ ਵਿਚ ਚਲ ਰਹੇ ਸਿਨਮਾ ਬਾਰੇ ਹੈ । ਪੰਜਾਬ ਵਿਚ ਆਮ ਕਰਕੇ ਅਤੇ ਅੰਮ੍ਰਿਤਸਰ ਵਿਚ ਖਾਸ ਕਰਕੇ ਬਹੁਤ ਸਾਰੇ ਸਿਨਮਾ ਹਾਲ 8.00 ਵਜੇ ਸਵੇਰ ਤੋਂ ਹੀ ਚਾਲੂ ਹੋ ਜਾਂਦੇ ਹਨ । ਬੱਚਿਆਂ ਵਿਚ ਵਧ ਰਹੀ ਬੇ-ਰਾਹਰਵੀ ਨੇ ਸਕੂਲ ਨਾਲੋਂ ਜ਼ਿਆਦਾ ਸਿਨਮਾ ਹਾਲ ਦੀ ਕਸ਼ਿਸ਼ ਪੈਦਾ ਕਰ ਦਿੱਤੀ ਹੈ । ਸਾਡੇ ਕਲ੍ਹ ਦੇ ਵਾਰਸ ਆਪਣੇ ਕੱਚੇ ਜ਼ਹਿਨ ਵਿਚ ਸਿਨਮਾ ਦੀਆਂ ਤਸਵੀਰਾਂ ਦੇ ਵਿਲਨ ਦਾ ਪੋਖੇ ਲੈ ਰਹੇ ਤੇ ਪੱਕਾ ਕਰ ਰਹੇ ਹਨ । ਕੁਝ ਚਿਰ ਪਹਿਲਾਂ ਪੰਜਾਬ ਸਰਕਾਰ ਨੇ 2.00 ਵਜੇ ਦੁਪਹਿਰ ਤੋਂ ਪਹਿਲਾਂ ਸਿਨਮਾ ਚਾਲੂ ਕਰਨ ਦੀ ਪਾਬੰਦੀ ਲਾਈ ਸੀ । ਮਾਲੂਮ ਨਹੀਂ ਇਹ ਹੈ ਕਿ ਵਾਪਸ ਹੋ ਚੁਕੀ ਹੈ । ਬਿਜਲੀ ਦੀ ਕਮੀ ਦੇ ਕਾਰਨ ਵੀ ਸਿਨਮਾ ਤੇ ਪਾਬੰਦੀ ਲਗਾਉਣੀ ਯੋਗ ਕਾਰਵਾਈ ਹੋ ਸਕਦੀ ਹੈ । ਜਿਨ੍ਹਾਂ ਸਿਨਮਾਂ ਮਾਲਕਾਨ ਨੇ ਜੈਨਰੇਟਰ ਸੈੱਟ ਆਪਣੇ ਲਗਾਏ ਹਨ ਉਹ ਬਿਜਲੀ ਸਰਚਾਰਜ ਦੀ ਚੋਰੀ ਕਰ ਰਹੇ ਹਨ । ਜਿਥੇ ਸ਼ੋ ਚਲਾਣ ਦੇ ਲਾਲਚ ਨੇ ਨਿਊਜ਼ਰੀਲ ਵੀ ਬੰਦ ਕਰ ਦਿਤੀ ਹੈ । ਸ਼ਾਇਦ ਹੀ ਕੋਈ ਸਿਨਮਾਂ ਨਿਊਜ਼ ਰੀਲ ਚਲਾਉਂਦਾ ਹੋਵੇ । ਕੌਮੀ ਝੰਡੇ ਅਤੇ ਕੌਮੀ ਤਰਾਨੇ ਲਈ ਅਦਬ ਪੈਦਾ ਕਰਨ ਵਾਸਤੇ ਸਿਨਮਾ ਵਾਲਿਆਂ ਵਲੋਂ ਕੋਈ ਯਤਨ ਨਹੀਂ ਕੀਤਾ ਜਾਂਦਾ । ਸਿਗਰਟ ਵਗੈਰਾ ਦਾ ਇਸਤੇਮਾਲ ਵੀ ਸਖਤੀ ਨਾਲ ਨਹੀਂ ਰੋਕਿਆ ਜਾਂਦਾ । ਇਹ ਸਾਰੇ ਹਾਲਾਤ ਦੇਸ਼, ਸੂਬਾ ਅਤੇ ਲੋਕਾਂ ਦੇ ਹਿਤਾਂ ਦੇ ਖਿਲਾਫ ਹਨ । ਖਾਸ ਤੌਰ ਤੇ ਸਾਡੀਆਂ ਉਮੀਦਾਂ, ਸਾਡੇ ਬੱਚੇ ਚੌੜ ਹੋ ਰਹੇ ਹਨ । ਸਰਕਾਰ ਇਹਦੇ ਵਲ ਧਿਆਨ ਦੇਵੇ ਅਤੇ ਆਪਣੀ ਪੁਜ਼ੀਸ਼ਨ ਹਾਊਸ ਅੱਗੇ ਵਾਅਜ਼ੇ ਕਰੇ ।

ਸ੍ਰੀ ਸਪੀਕਰ : ਸਵੀਕਾਰ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The hon. Minister concerned may please make a statement.)

ਸ੍ਰੀ ਸਪੀਕਰ : ਕਾਲ ਅਟੈਨਸ਼ਨ ਨੋਟਿਸ ਨੰ: 29, ਕਾਮਰੇਡ ਸੱਤਪਾਲ ਡਾਂਗ । (Call Attention Notice No. 29 by Comrade Satya Pal Dang.)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਨੂੰ ਤਾਂ ਮਿਲੀ ਨਹੀਂ । ਮੇਰੇ ਕੋਲ ਤਾਂ ਨੰ: 35 ਆਈ ਹੈ । ਤੁਸੀਂ ਪੜ੍ਹ ਦਿਉ ।

(ਸਪੀਕਰ ਸਾਹਿਬ ਨੇ ਕਾਲ ਅਟੈਨਸ਼ਨ ਮੋਸ਼ਨ ਨੰ: 29 ਕਾਮਰੇਡ ਸੱਤਪਾਲ ਡਾਂਗ ਵਲੋਂ ਪੜ੍ਹੀ ।

Original with;
Punjab Vidhan Sabha
Digitized by;
Panjab Digital Library

(Serial No. 29)

***Comrade Satya Pal Dang** : I beg to draw the attention of the Government towards an urgent matter of public importance, namely, the arrest by the police of Ujagar Singh S/o Indar Singh of village Ramgarh Jhungian, P.S. Garhshankar, District Hoshiarpur on 21st July, 1970, and refusal of the police to disclose his whereabouts to his relatives. It is apprehended that he is being subjected to torture in some unknown place.

The Government should make a statement on the subject.

ਸ੍ਰੀ ਸਪੀਕਰ : ਸਵੀਕਾਰ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement).

(ਕ੍ਰਮ ਨੰ: 31 ਅਤੇ 32)

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨਜ਼ ਨੰ: 31 ਅਤੇ 32 । (Call Attention Notices No. 31 And 32)

(ਸਬੰਧਤ ਮੈਂਬਰ ਸਾਹਿਬ ਹਾਊਸ ਵਿਚ ਹਾਜ਼ਰ ਨਾ ਹੋਣ ਕਰਕੇ ਪੇਸ਼ ਨਾ ਕੀਤੀਆਂ ਗਈਆਂ ।)

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨ ਨੰ: 33, ਗਿਆਨੀ ਕੁੰਦਨ ਸਿੰਘ ਪਤੰਗ । (Call Attention Notice No. 33 by Giani Kundan Singh Patang)

(ਕ੍ਰਮ ਨੰ: 33)

ਗਿਆਨੀ ਕੁੰਦਨ ਸਿੰਘ ਪਤੰਗ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਕਿ ਪਿੰਡਾਂ ਵਿੱਚ ਪਛੜੀਆਂ ਸ਼ਰੇਣੀਆਂ ਦੇ ਭਰਾਵਾਂ ਤੇ ਕਿਸਾਨ ਭਰਾਵਾਂ ਦਾ ਆਪਸ ਵਿਚ ਮੱਤ ਭੇਦ ਵੱਧ ਗਿਆ ਹੈ ਤੇ ਹੋਰ ਵੱਧ ਰਿਹਾ ਹੈ । ਜੈਸੇ ਕਿ ਅਖਬਾਰਾਂ ਵਿਚ ਪਿੰਡ ਬੜੀ ਤੇ ਜਹਾਂਗੀਰ ਤਹਿਸੀਲ ਮਲੇਰਕੋਟਲਾ, ਜ਼ਿਲ੍ਹਾਂ ਸੰਗਰੂਰ ਦਾ ਰੌਲਾ ਰੱਪਾ ਆਇਆ ਹੈ, ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਦੇ ਮੱਤ-ਭੇਦ ਮਿਟਾਉਣ ਵੱਲ ਬਹੁਤਾ ਤੇ ਛੇਤੀ ਧਿਆਨ ਦੇਵੇ ਤਾਂ ਕਿ ਕਿਸੇ ਤਰ੍ਹਾਂ ਦੀ ਹੋਰ ਮਜ਼ਦੂਰ ਤੇ ਕਿਸਾਨ ਵਿਚ ਫੁੱਟ ਨਾ ਵਧੇ ।

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The Minister concerned may please make a statement.)

(Serial No. 35)

Comrade Satya Pal Dang : I beg to draw the attention of the Government towards an urgent matter of public importance, namely, the acute discontentment amongst the working class in the State because of the low wage level in the State. Their demand has been that no unshifted worker should get less than what class IV employees of the State Government get.

The workers have decided to resort to direct action.

In view of the obvious and urgent importance of the matter, the Government may please be asked to make a statement in the House.

---

*Read by the hon. Speaker.

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The Minister concerned may please make a statment).

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨ ਨੰ: 34 । ਕਾਮਰੇਡ ਦਰਸ਼ਨ ਸਿੰਘ ਝਬਾਲ । (Call Attention Motion No. 34 by Comrade Darshan Singh Jhabal.)

(ਕ੍ਰਮ ਨੰ: 34)

ਕਾਮਰੇਡ ਦਰਸ਼ਨ ਸਿੰਘ ਝਬਾਲ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਕਿ ਪਿੰਡ ਕੱਲ੍ਹਾ, ਤਹਿਸੀਲ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ ਪੁਲਸ ਥਾਨਾ ਸਦਰ ਤਰਨ ਤਾਰਨ ਦੇ ਏ.ਐਸ.ਆਈ. ਨਰਿੰਦਰ ਸਹਿਗਲ, ਦੀ ਅਗਵਾਈ ਵਿਚ 3.7.70 ਨੂੰ ਇਕ ਗੁਰਾ ਸਿੰਘ ਮਜ਼੍ਹਬੀ ਸਿੱਖ ਦੇ ਘਰ ਰੇਡ ਕੀਤਾ । ਗੁਰਾ ਸਿੰਘ ਉਸ ਵਕਤ ਘਰ ਨਹੀਂ ਸੀ । ਪੁਲਸ ਵਾਲਿਆਂ ਜਾਂਦਿਆਂ ਹੀ ਘਰ ਦੀ ਤਲਾਸ਼ੀ ਸ਼ੁਰੂ ਕਰ ਦਿਤੀ । ਗੁਰਾ ਸਿੰਘ ਦੀ ਧਰਮ ਪਤਨੀ ਤੇ ਉਸ ਦੀ ਲੜਕੀ ਚਾਹ ਬਣਾ ਰਹੀਆਂ ਸਨ । ਥਾਨੇਦਾਰ ਨੇ ਜਾਂਦਿਆਂ ਚਾਹ ਵਾਲੀ ਪਤੀਲੀ ਤੇ ਡੰਡੇ ਮਾਰੇ । ਗੁਰਾ ਸਿੰਘ ਦੀ ਧਰਮ ਪਤਨੀ ਨੇ ਕਿਹਾ ਕਿ ਤੁਸੀਂ ਕੋਈ ਪਿੰਡ ਦਾ ਮੁਖੀ ਲਿਆ ਕੇ ਤਲਾਸ਼ੀ ਕਰੋ ।ਇਹ ਕਹਿਣ ਤੇ ਪੁਲਸ ਵਾਲੇ ਡੰਡੇ ਮਾਰਨ ਲਗ ਪਏ । ਮਾਂ ਨੂੰ ਕੁਟਦਿਆਂ ਵੇਖ ਕੇ ਲੜਕੀ ਨੇ ਰੋਕਣ ਲਈ ਬੇਨਤੀ ਕੀਤੀ ਤਾਂ ਉਸ ਨੂੰ ਵੀ ਮਾਰਨਾ ਸ਼ੁਰੂ ਕਰ ਦਿਤਾ । ਫਿਰ ਦੋਹਾਂ ਮਾਵਾਂ ਧੀਆਂ ਨੂੰ ਮਾਰਦੇ ਮਾਰਦੇ ਸਕੂਲ ਵਿਚ ਲਿਆਂਦਾ ਗਿਆ । ਸਕੂਲ ਵਿਚ ਲਿਆ ਕੇ ਤਵੇ ਨਾਲ ਕਾਲਾ ਮੂੰਹ ਕੀਤਾ ਤੇ ਫਿਰ ਦੋਹਾਂ ਦੀਆਂ ਗੁੱਤਾਂ ਬਾਰੀਆਂ ਨਾਲ ਬੰਨ੍ਹ ਦਿੱਤੀਆਂ ਤੇ ਕੁੱਤੇ ਵਾਂਗ ਭੌਂਕਣ ਲਈ ਮਜਬੂਰ ਕੀਤਾ ਗਿਆ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਫਿਰ ਗੁਰਾ ਸਿੰਘ ਵੀ ਬਾਹਰੋਂ ਆ ਗਿਆ ਤਾਂ ਉਸ ਨੂੰ ਵੀ ਬਹੁਤ ਬੁਰੀ ਤਰ੍ਹਾਂ ਮਾਰਿਆ ਗਿਆ ਪੁਲਸ ਵਾਲੇ ਇਸ ਹੱਦ ਤਕ ਚਲੇ ਗਏ ਕਿ ਲੜਕੀ ਨੂੰ ਕਿਹਾ ਕਿ ਆਪਣੇ ਪਿਓ ਦਾ ਕੱਛਾ ਖੋਹਲ ਤੇ ਪਿਤਾ ਨੂੰ ਕਿਹਾ ਕਿ ਤੂੰ ਆਪਣੀ ਲੜਕੀ ਨੂੰ ਨੰਗਿਆਂ ਕਰ । (ਸ਼ੇਮ, ਸ਼ੇਮ) ਇਸ ਘਟਨਾ ਦੀ ਸਾਰੇ ਇਲਾਕੇ ਵਿਚ ਬੜੀ ਬੇਚੈਨੀ ਪੈਦਾ ਹੋ ਗਈ ਹੈ । ਮੁੱਖ ਮੰਤਰੀ ਹਾਊਸ ਵਿਚ ਬਿਆਨ ਦੇਣ ਦੀ ਕਿਰਪਾਲਤਾ ਕਰਨ ਕਿ ਕਿਹੜੇ ਕਦਮ ਚੁੱਕੇ ਜਾ ਰਹੇ ਹਨ ।

ਸਪੀਕਰ ਸਾਹਿਬ, ਇਹ ਬੜਾ ਜ਼ਰੂਰੀ ਮਸਲਾ ਹੈ । ਚੀਫ ਮਨਿਸਟਰ ਸਾਹਿਬ ਨੂੰ ਇਸ ਬਾਰੇ ਹੁਣੇ ਹੀ ਹਾਊਸ ਵਿਚ ਜਵਾਬ ਦੇਣਾ ਚਾਹੀਦਾ ਹੈ । (ਇਸ ਸਮੇਂ ਬਹੁਤ ਸਾਰੇ ਮੈਂਬਰ ਬੋਲਣ ਲਈ ਖੜੇ ਹੋਏ ।)

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (ਹਾਊਸ ਵਿਚ ਇਸ ਸਮੇਂ ਕਾਫ਼ੀ ਸ਼ੋਰ ਸੀ ।) (Admitted. The hon. Minister concerned may please make a statement.)

(Noise in the House)

ਆਵਾਜ਼ਾਂ : ਇਸ ਦਾ ਹੁਣੇ ਹੀ ਜਵਾਬ ਦਿੱਤਾ ਜਾਣਾ ਚਾਹੀਦਾ ਹੈ । (ਸ਼ੋਰ)

ਸਰਦਾਰ ਰਾਜਾ ਸਿੰਘ : ਹਰੀਜਨਾਂ ਵੱਲ ਕੋਈ ਖਿਆਲ ਨਹੀਂ ਕਰ ਰਿਹਾ । (ਸ਼ੋਰ) (ਵਿਘਨ) ਵੈਦ ਕਰਤਾਰ ਸਿੰਘ ਹੋਰੀਂ ਮਰ ਗਏ ਹਨ । ਹਰੀਜਨਾਂ ਨਾਲ ਜ਼ੁਲਮ ਹੋ ਰਿਹਾ ਹੈ । ਇਹ ਸਾਰੇ ਮਰ

Original with;
Punjab Vidhan Sabha
Digitized by;
Panjab Digital Library

ਗਏ ਹਨ । (ਇਸ ਸਮੇਂ ਹੋਰ ਵੀ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲ ਰਹੇ ਸਨ, ਜਿਸ ਕਰਕੇ ਕੁਝ ਨਹੀਂ ਸੁਣਾਈ ਦਿੱਤਾ ।) ਇਹ ਕਿਸੇ ਦਾ ਖਿਆਲ ਨਹੀਂ ਕਰਦੇ । (ਵਿਘਨ) (ਸ਼ੋਰ)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਸੀ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਹਾਊਸ ਨੂੰ ਐਸ਼ੋਰੈਂਸ ਦੇ ਦੇਣ ਕਿ ਇਸ ਵਾਕਿਆ ਬਾਰੇ ਫੌਰੀ ਤੌਰ ਤੇ ਇਨਕੁਆਇਰੀ ਕਰਕੇ ਮੁਨਾਸਿਬ ਕਾਰਵਾਈ ਕਰਨਗੇ ।

ਮੁੱਖ ਮੰਤਰੀ : ਮੈਂ ਇਸ ਸਿਲਸਿਲੇ ਵਿਚ ਅਰਜ਼ ਕਰਦਾ ਹਾਂ ਕਿ ਆਨਰੇਬਲ ਮੈਂਬਰ ਸਾਹਿਬ ਨੇ ਪਰਸੋਂ ਮੇਰੇ ਕੋਲ ਸ਼ਿਕਾਇਤ ਕੀਤੀ ਸੀ । ਤੁਹਾਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਇਨ੍ਹਾਂ ਦੇ ਸ਼ਿਕਾਇਤ ਕਰਨ ਤੋਂ 2 ਘੰਟੇ ਬਾਅਦ ਮੈਂ ਉਥੇ ਇਕ ਸਪੈਸ਼ਲ ਐਸ. ਪੀ. ਚੰਡੀਗੜ੍ਹ ਤੋਂ ਭੇਜਿਆ ਜਿਹੜਾ ਕਿ ਇਸ ਸਾਰੀ ਚੀਜ਼ ਦੀ ਇਨਕੁਆਇਰੀ ਕਰੇਗਾ । (ਤਾੜੀਆਂ) (ਵਿਘਨ)

ਕਾਮਰੇਡ ਦਰਸ਼ਨ ਸਿੰਘ ਝਬਾਲ : ਉਥੇ ਕੋਈ ਨਹੀਂ ਪਹੁੰਚਿਆ ।

ਮੁੱਖ ਮੰਤਰੀ : ਉਹ ਪਹੁੰਚ ਗਿਆ ਹੈ । ਤੁਹਾਨੂੰ ਇਨਫਰਮੇਸ਼ਨ ਠੀਕ ਨਹੀਂ ਮਿਲੀ ਕਿ ਨਹੀਂ ਪਹੁੰਚਿਆ । ਉਹ ਉਥੇ ਤਿੰਨ ਚਾਰ ਦਿਨ ਰਹੇਗਾ ਅਤੇ ਇਸ ਦੀ ਇਨਕੁਆਇਰੀ ਕਰੇਗਾ । ਜੇਕਰ ਇਹ ਵਾਕਿਆ ਠੀਕ ਹੋਇਆ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ ।

ਕਾਮਰੇਡ ਸੱਤਪਾਲ ਡਾਂਗ : ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਉਹ ਪਹੁੰਚ ਤਾਂ ਜ਼ਰੂਰ ਗਿਆ ਹੋਵੇਗਾ, ਪਰ ਮੈਂ ਕਹਿੰਦਾ ਹਾਂ ਕਿ ਉਹ ਕਿਤੇ ਪੁਲਿਸ ਅਫਸਰਾਂ ਤੋਂ ਹੀ ਪੁੱਛ ਗਿੱਛ ਕਰ ਕੇ ਨਾ ਵਾਪਿਸ ਆ ਜਾਵੇ । ਉਨ੍ਹਾਂ ਨੂੰ ਕਹਿਣਾ ਚਾਹੀਦਾ ਹੈ ਕਿ ਉਹ ਉਥੋਂ ਦੇ ਲੋਕਾਂ ਤੋਂ ਪੁੱਛ ਗਿੱਛ ਕਰਨ ।

ਮੁੱਖ ਮੰਤਰੀ : ਉਨ੍ਹਾਂ ਨੂੰ ਖਾਸ ਇਨਸਟਰੱਕਸ਼ਨਜ਼ ਦਿੱਤੀਆਂ ਹਨ ਕਿ ਉਹ ਉਥੋਂ ਦੇ ਐਮ. ਐਲ. ਏਜ਼ ਨੂੰ ਜਾ ਕੇ ਮਿਲਣ ।

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਨੂੰ ਅਰਜ਼ ਕਰਦਾ ਹਾਂ ਕਿ ਹਾਊਸ ਅੱਜ 3 ਵਜੇ ਐਡਜਰਨ ਹੋ ਜਾਣਾ ਹੈ । ਇਸ ਲਈ ਚੀਫ ਮਨਿਸਟਰ ਸਾਹਿਬ ਟੈਲੀਫੋਨ ਕਰਕੇ ਜਾਂ ਹੋਰ ਤਰੀਕੇ ਨਾਲ ਪਤਾ ਕਰਨ ਕਿ ਇਨਕੁਆਇਰੀ ਦੀ ਕੀ ਸਟੇਜ ਹੈ ਤਾਂ ਕਿ ਹਾਊਸ ਐਡਜਰਨ ਹੋਣ ਤੋਂ ਪਹਿਲਾਂ ਇਸ ਬਾਰੇ ਦੱਸਿਆ ਜਾਵੇ ।

Mr. Speaker : Call Attention Notice No. 36 by Comrade Satya Pal Dang.

(Serial No. 36)

Camrade Satya Pal Dang : I beg to draw the attention of the Government towards an urgent matter of public importance, namely, the acute discontentment prevailing amongst college teachers in the State due to lack of security of service. They have been demanding legislation as in the case of School teachers but as yet no response has been forthcoming from the Government.

In view of the obvious and urgent importance of the matter, the Government may please be asked to make a statement in the House.

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

ਸ੍ਰੀ ਬਲਰਾਮ ਦਾਸ ਟੰਡਨ । ਸਪੀਕਰ ਸਾਹਿਬ, ਮੈਂ ਪਰਸਨਲ ਐਕਪਲੇਨੇਸ਼ਨ ਦੇਣਾ ਚਾਹੁੰਦਾ ਹਾਂ ।

ਸ੍ਰੀ ਸਪੀਕਰ : ਉਹ ਤੁਸੀਂ ਜ਼ੀਰੋ ਆਵਰ ਤੋਂ ਬਾਅਦ ਦੇ ਲੈਣਾ । (The hon. Member can give his personal explanation after the Zero Hour)

ਚੌਧਰੀ ਸੱਤਦੇਵ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ । ਫਾਜ਼ਿਲਕਾ ਅਤੇ ਅਬੋਹਰ ਵਿਚੋਂ 3 ਸੌ ਆਦਮੀਆਂ ਦੇ ਦਸਤਖ਼ਤ ਕਰਾ ਕੇ ਭੇਜੇ ਸਨ, ਹਰ ਸ਼ਹਿਰ ਅਤੇ ਹਰ ਪਿੰਡ ਵਿਚੋਂ ਕਿ ਉਥੇ ਪਾਣੀ ਦੀ ਸਪਲਾਈ ਘੱਟ ਕਰ ਦਿਤੀ ਹੈ । (ਵਿਘਨ) (ਸ਼ੋਰ)

(ਇਸ ਸਮੇਂ ਹਾਊਸ ਵਿਚ ਕਾਫੀ ਸ਼ੋਰ ਸੀ । ਬਹੁਤ ਸਾਰੇ ਮੈਂਬਰ ਉਠ ਕੇ ਬੋਲ ਰਹੇ ਸਨ, ਪਰ ਸ਼ੋਰ ਜ਼ਿਆਦਾ ਹੋਣ ਕਰ ਕੇ ਸੁਣਾਈ ਕੁੱਝ ਨਹੀਂ ਦਿੱਤਾ ।)

ਆਵਾਜ਼ਾਂ : ਕੀ ਇਹ ਸਾਨੂੰ ਕੱਢਵਾਉਣਾ ਚਾਹੁੰਦੇ ਹਨ । (ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ ।)

ਸ੍ਰੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਇਹ ਅੱਜ ਦਿਤੀ ਹੈ, ਇਸ ਦੇ ਵਾਸਤੇ 24 ਆਵਰਜ਼ ਦਾ ਨੋਟਿਸ ਚਾਹੀਦਾ ਹੈ । (ਸ਼ੋਰ) (ਵਿਘਨ) [*Addressing Chaudhri Satya Dev* : you have given this motion today. Twenty four hours' notice is required for this purpose)

(ਇਸ ਸਮੇਂ ਚੌਧਰੀ ਸੱਤ ਦੇਵ ਬੋਲਣ ਲਈ ਖੜੇ ਹੋਏ ।)

ਚੌਧਰੀ ਸਾਹਿਬ, ਪਲੀਜ਼ ਰੀਜ਼ਿਊਮ ਯੂਅਰ ਸੀਟ । ਉਸ ਦੇ ਬਾਰੇ 24 ਘੰਟਿਆਂ ਦਾ ਨੋਟਿਸ ਚਾਹੀਦਾ ਹੈ । (Chaudhri Satya Dev, please resume your seat.Twenty four hours' notice is required in this connection)

ਚੌਧਰੀ ਸੱਤਦੇਵ : ਪਰ ਸਪੀਕਰ ਸਾਹਿਬ, ਇਹ ਬੜਾ ਜ਼ਰੂਰੀ ਮਸਲਾ ਹੈ । (ਵਿਘਨ)

MOTION FOR APPOINTMENT OF A COMMITTEE OF THE HOUSE.

Mr. Speaker : I have received notice of a motion from nine Members which reads :

> "Notwithstanding anything contained in the Rules with regard to the rules relating to the notice etc. the House directs Shri Balram Dass Tandon and S. Balwant Singh be asked to give in writing cases of corruption referred to by them in the Govt. and even at the Cabinet level.

Original with;
Punjab Vidhan Sabha
Digitized by;
Panjab Digital Library

Also the House authorises the Speaker to nominate a Committee of the House to go into those charges and counter charges."

This motion is not clearly and precisely worded. Firstly, it does not mention the date by which Shri Tandon and Sardar Balwant Singh should give the cases in writing. Secondly, it has been mentioned in the motion that the House directs that they should be asked to give in writing cases of corruption. The motion does not clearly state the name of the person or the institution to whom the direction is meant to be given. Thirdly, it also does not state to whom should they submit the cases in writing. The second part of the motion is contingent and in fact inoperative, unless and until cases of corruption are given in writing.

As for the legal aspect of the motion, I am doubtful if it is proper for such a direction being given to members. Any way I tried to find out within the short time at my disposal if there had been any precedent of this type in the Lok Sabha or in any other State Legislature. I am sorry I have not been able to lay my hands on such a precedent so far.

As regards the constitution of the Ad-hoc Committee to go into the charges and counter charges of corruption, even with regard to this I have not been able to find out any precedent. Any way, it is for the House to adopt such course as it thinks fit. Even if such a Committee were desired to be constituted, it would be proper if a regular motion incorporating the names of the Members who should be on the Committee, its terms of reference and the date by which it is expected to make a report to the House is brought before the House. (Interruptions)

As for the present motion, no doubt the object is laudable; but the motion being vaguely worded is inadmissible.

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਰੂਲ 226 ਨੂੰ ਮਦੇ ਨਜ਼ਰ ਰਖਦੇ ਹੋਏ ਕੁਲ ਟੈਕਨੀਕਲ ਕਮਜ਼ੋਰੀਆਂ ਦੀ ਬਿਨਾ ਤੇ ਤੁਸੀਂ ਇਸ ਹਾਊਸ ਦੀ ਕਮੇਟੀ ਨੂੰ ਨਹੀਂ ਬਣਾਉਣਾ ਚਾਹੁੰਦੇ। ਸਪੀਕਰ ਸਾਹਿਬ, ਮੈਂ ਤੁਹਾਡੀ ਇਨਫਰਮੇਸ਼ਨ ਲਈ ਕੁਝ ਗੱਲਾਂ ਦੱਸਣਾ ਚਾਹੁੰਦਾ ਹਾਂ। ਇਥੇ ਤੁਸੀਂ ਕਿਹਾ ਹੈ ਕਿ ਪ੍ਰੈਸੀਡੈਂਟ ਨਹੀਂ। ਮੈਨੂੰ ਇਸ ਬਾਰੇ ਯਾਦ ਹੈ, ਭਾਵੇਂ ਮੈਨੂੰ ਤਾਰੀਖ ਨਹੀਂ ਯਾਦ, ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ 1935 ਵਿਚ ਜਦੋਂ ਇੰਡੋਪਾਕ ਲੜਾਈ ਹੋਈ ਸੀ ਤਾਂ ਇਥੇ ਰਜ਼ਾਈਆਂ, ਕੰਬਲ ਅੰਰ ਆਟਾ ਵਗੈਰਾ ਵੰਡਣ ਦੀ ਇਸ ਹਾਊਸ ਵਿਚ ਗੱਲ ਆਈ ਸੀ। ਇਸ ਬਾਰੇ ਉਸ ਵੇਲੇ ਦੇ ਸਪੀਕਰ ਸਾਹਿਬ ਨੇ ਇਕ ਕਮੇਟੀ ਬਣਾਈ ਸੀ ਕਿ ਉਹ ਇਸ ਬਾਰੇ ਪਤਾ ਕਰੇ। (ਵਿਘਨ) ਕਮੇਟੀ ਨੇ ਉਸ ਬਾਰੇ ਆਪਣੀ ਰਿਪੋਰਟ ਦਿੱਤੀ ਸੀ। ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਤੁਸੀਂ ਇਹ ਮੈਨਸ਼ਨ ਕੀਤਾ ਹੈ ... ... (ਵਿਘਨ)

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਤੁਸੀਂ ਕੋਈ ਐਸਾ ਪ੍ਰੈਸੀਡੈਂਟ ਦਸੋ ਜਿਸ ਦੇ ਵਿਚ ਇਹ ਡਾਇਰੈਕਸ਼ਨਜ਼ ਦਿੱਤੀਆਂ ਹੋਣ। (ਵਿਘਨ) (I would request the hon. Member to quote a precedent in which such directions had been given (Interruption.)

Original with;
Punjab Vidhan Sabha
Digitized by;
Panjab Digital Library

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਨੂੰ ਕੱਲ੍ਹ ਇਹ ਦਸਿਆ ਸੀ ਕਿ ਇਕ ਐਡਹਾਕ ਕਮੇਟੀ ਬਣਾਈ ਸੀ (ਵਿਘਨ)

ਸ੍ਰੀ ਸਪੀਕਰ : ਕੈਪਟਨ ਸਾਹਿਬ, ਇਹ ਤਾਂ ਹਾਊਸ ਦੀ ਮਰਜ਼ੀ ਹੈ । ਹਾਊਸ ਸੁਪਰੀਮ ਹੈ ਜੋ ਮਰਜ਼ੀ ਕਰ ਸਕਦਾ ਹੈ ਪਰ ਜੇ ਕੁੱਝ ਤਰੁੱਟੀਆਂ ਹੋਣ ਤਾਂ ਮੇਰਾ ਫਰਜ਼ ਬਣਦਾ ਹੈ ਕਿ ਹਾਊਸ ਦੇ ਸਾਹਮਣੇ ਲੈ ਆਵਾਂ । (ਵਿਘਨ) (Captain Sahib, the will of the House prevails. The House is supreme and it can take any decision; but if there are any defects in any motion then it is my duty to bring those to the notice of the House) (Interruption)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਇਹ ਤਾਂ ਅਸੀਂ ਮੰਨਦੇ ਹਾਂ ਕਿ ਤੁਸੀਂ ਆਪਣੇ ਫਰਜ਼ ਨੂੰ ਪੂਰੀ ਤਰ੍ਹਾਂ ਨਿਭਾਉਂਦੇ ਹੋ । (ਵਿਘਨ) ਸਪੀਕਰ ਸਾਹਿਬ, ਰੋਜ਼ ਇਸ ਹਾਊਸ ਵਿਚ ਚਾਰਜਿਜ਼ ਅਤੇ, ਕਾਊਂਟਰ ਚਾਰਜਿਜ਼ ਲਗਦੇ ਰਹਿੰਦੇ ਹਨ । ਕੱਲ੍ਹ ਦੀ ਮੈਂ ਗੱਲ ਛੱਡ ਦਿੰਦਾ ਹਾਂ । ਇਹ ਤਾਂ ਉਹ ਗੱਲ ਹੋਈ ਕਿ ਦੋ ਚੋਰ ਲੜ ਪੈਣ ਤਾਂ ਸੱਚ ਬਾਹਰ ਆ ਜਾਂਦਾ ਹੈ । ਸਪੀਕਰ ਸਾਹਿਬ, ਤੁਸੀਂ ਪਿਛਲੇ ਦੋ ਤਿੰਨ ਸਾਲਾਂ ਦੀਆਂ ਪਰੋਸੀਡਿੰਗਜ਼ ਦੇਖ ਲਓ ਤਾਂ ਆਪ ਨੂੰ ਪਤਾ ਲਗੇਗਾ ਕਿ ਰੋਜ਼ ਇਥੇ ਇਕ ਮੈਂਬਰ ਦੂਸਰੇ ਮੈਂਬਰ ਸਾਹਿਬ ਦੇ ਖਿਲਾਫ ਚਾਰਜਿਜ਼ ਲਗਾਉਂਦਾ ਰਿਹਾ ਹੈ .... (ਵਿਘਨ)

ਸ੍ਰੀ ਸਪੀਕਰ : ਇਸ ਦੇ ਬਾਰੇ ਤੁਸੀਂ ਇਕ ਪਰਮਾਨੈਂਟ ਰੈਮਿਡੀ ਕਰ ਦਿਓ । ਇਕ ਸਟੈਚੂਟਰੀ ਬਾਡੀ ਬਣਾ ਦਿਓ । (ਵਿਘਨ) ਜਾਂ ਇਕ ਹਾਈ ਕੋਰਟ ਦਾ ਜੱਜ ਮੁਕੱਰਰ ਕਰ ਦਿਓ, ਜਾਂ ਇਕ ਪੱਕਾ ਕਮਿਸ਼ਨ ਬਣਾ ਦਿਓ ਜਿਹੜਾ ਹਮੇਸ਼ਾ ਇਸ ਗੱਲ ਵਿਚ ਜਾਂਦਾ ਰਹੇ, ਕਿਉਂਕਿ ਕੁਰੱਪਸ਼ਨ ਦੇ ਚਾਰਜਿਜ਼ ਔਰ ਕਾਊਂਟਰ ਚਾਰਜਿਜ਼ ਇਥੇ ਲੱਗਦੇ ਰਹਿਣਗੇ । (Interruption) (I would request the hon. Members to find some permanent remedy for it. They should constitute a statutory body or (Interruption) appoint some Judge of the High Court, or establish a Commission on permanent basis which would go in all these cases because the charges and counter-charges of corruption will continue to be levelled by the hon. Members against each other) (Interruption)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਸ਼ਾਇਦ ਤੁਸੀਂ ਭੁਲੇਖੇ ਵਿਚ ਹੋ ਜੋ ਕੁਝ ਇਸ ਹਾਊਸ ਵਿਚ ਮੈਂਬਰ ਸਾਹਿਬਾਨ ਵਲੋਂ ਕਿਹਾ ਜਾਂਦਾ ਹੈ ਉਹ ਕਿਸੇ ਕੋਰਟ ਵਿਚ ਨਹੀਂ ਜਾ ਸਕਦਾ ।

The Court cannot take cognizance of it.

ਸ੍ਰੀ ਸਪੀਕਰ : ਇਕ ਹਾਈ ਪਾਵਰਡ ਕਮਿਸ਼ਨ ਬਣਾ ਦਿਓ । ਐਮ. ਐਲ. ਏਜ਼ ਜਾਂ ਮਨਿਸਟਰ ਸਾਹਿਬ ਦੇ ਖਿਲਾਫ ਕੋਈ ਇਥੇ ਐਲੀਗੇਸ਼ਨ ਲਾਏ ਤਾਂ ਉਹ ਉਸ ਦੀ ਪੜਤਾਲ ਕਰੇ । (ਵਿਘਨ) (A high-powered Commission may be appointed which may investigate the allegations of corruption against M.L.As. and Ministers.) (Interruption)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਕੁਝ ਵੀ ਇਸ ਹਾਊਸ ਵਿਚ ਕਿਹਾ ਜਾਂਦਾ ਹੈ ਉਹ ਕਿਸੇ ਟ੍ਰਿਬਿਊਨਲ ਵਿਚ ਜਾਂ ਕਿਸੇ ਕੋਰਟ ਵਿਚ ਰੋਜ਼ ਨਹੀਂ

Original with;
Punjab Vidhan Sabha
Digitized by;
Panjab Digital Library

ਹੋ ਸਕਦਾ । ਇਹ ਮੈਂਬਰ ਸਾਹਿਬ ਦਾ ਇਕ ਪ੍ਰਿਵਿਲੇਜ ਹੈ । ਇਸ ਲਈ ਬਾਹਰਲੀਆਂ ਕੋਰਟਸ ਵਗੈਰਾ ਵਿਚ ਨਹੀਂ ਆ ਸਕਦੀਆਂ । ਇਸ ਲਈ ਇਹ ਜ਼ਰੂਰੀ ਹੈ ਕਿ ਜੋ ਕੁਝ ਇਸ ਹਾਊਸ ਵਿਚ ਚਾਰਜਿਜ਼ ਜਾਂ ਕਾਊਂਟਰ ਚਾਰਜਿਜ਼ ਲਗਾਏ ਜਾਣ ਉਨ੍ਹਾਂ ਦੀ ਪੜਤਾਲ ਕਰਨ ਵਾਸਤੇ ਹਾਊਸ ਦੀ ਇਕ ਕਮੇਟੀ ਹੋਵੇ ਔਰ ਉਸ ਨੂੰ ਤੁਹਾਡੀਆਂ ਡਾਇਰੈਕਸ਼ਨਜ਼ ਹੋਣ । (ਵਿਘਨ) ਆਪ ਨੂੰ ਪਤਾ ਹੈ ਕਿ ਇਥੇ ਜੋ ਮਰਜ਼ੀ ਮੈਂਬਰ ਸਾਹਿਬ ਵਲੋਂ ਕਿਹਾ ਜਾਵੇ ਉਸ ਤੇ ਹਾਈਕੋਰਟ ਵਿਚ ਕੁਝ ਐਕਸ਼ਨ ਨਹੀਂ ਹੋ ਸਕਦਾ । ਇਸ ਲਈ ਜੋ ਟ੍ਰਿਬਿਊਨਲ ਬਨਾਉਣ ਦੀ ਗਲ ਹੈ, ਇਹ ਠੀਕ ਨਹੀਂ ਕਿਉਂਕਿ ਟ੍ਰਿਬਿਊਨਲ ਕੰਮ ਨਹੀਂ ਕਰ ਸਕਦਾ । (ਵਿਘਨ) ਸਪੀਕਰ ਸਾਹਿਬ, ਇਹ ਰੋਜ਼ ਦੀ ਹੀ ਬਿਮਾਰੀ ਹੈ । ਮੈਂਬਰਜ਼ ਉਠ ਕੇ ਇਕ ਦੂਸਰੇ ਦੇ ਖ਼ਿਲਾਫ਼ ਚਾਰਜਿਜ਼ ਅਤੇ ਕਾਊਂਟਰ ਚਾਰਜਿਜ਼ ਲਗਾ ਦਿੰਦੇ ਹਨ ਔਰ ਇਕ ਦੂਸਰੇ ਨੂੰ ਬਦਨਾਮ ਕਰਦੇ ਹਨ । ਪਬਲਿਕ ਵਿਚ ਆਪਣਾ ਗਲਤ ਇਮੇਜ਼ ਦਿੰਦੇ ਹਨ । ਇਸ ਲਈ ਮੇਰੀ ਬੇਨਤੀ ਹੈ ਕਿ ਜੋ ਇਥੇ ਇਕ ਦੂਜੇ ਮੈਂਬਰ ਸਾਹਿਬ ਦੇ ਖ਼ਿਲਾਫ਼ ਚਾਰਜਿਜ਼ ਲਗਾਏ ਜਾਣ ਉਨ੍ਹਾਂ ਦੇ ਵਾਸਤੇ ਇਕ ਸਟੈਂਡਿੰਗ ਕਮੇਟੀ ਬਣਾ ਦਿੱਤੀ ਜਾਵੇ ਜਿਹੜੀ ਉਨ੍ਹਾਂ ਐਲੀਗੇਸ਼ਨਜ਼ ਦੀ ਇਨਕੁਆਇਰੀ ਕਰੇ ਅਤੇ ਦੇਖੇ ਕਿ ਜੋ ਚਾਰਜਿਜ਼ ਲਗਾਏ ਗਏ ਹਨ ਉਹ ਠੀਕ ਹਨ ਜਾਂ ਨਹੀਂ, ਜੇ ਉਹ ਐਲੀਗੇਸ਼ਨ ਸਾਬਤ ਨਾ ਹੋ ਸਕਣ ਤਾਂ ਇਥੇ ਹਾਊਸ ਵਿਚ ਕਿਹਾ ਜਾਵੇ ਕਿ ਇਸ ਮੈਂਬਰ ਨੇ ਗਲਤ ਚਾਰਜਿਜ਼ ਲਗਾਏ ਹਨ । (ਵਿਘਨ) ਅੰਡਰ ਰੂਲ 226 ਇਹ ਡਿਜ਼ਾਇਰੇਬਲ ਹੈ । (ਵਿਘਨ)

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਇਸ ਨੂੰ ਫੁਲੀ ਕਮਪਰੀਹੈਨਸਿਵ ਬਣਾ ਲਉ । (ਵਿਘਨ) ਤਦ ਤਾਂ ਕਮੇਟੀ ਬਣਾਉਣ ਦਾ ਕੋਈ ਫਾਇਦਾ ਹੈ, ਨਹੀਂ ਤਾਂ ਇਸ ਦਾ ਕੋਈ ਫਾਇਦਾ ਨਹੀਂ । (ਵਿਘਨ) I would point out that the motion should be made fully comprehensive. (Interruption) Only then it will be of some use to appoint such a Committee and not otherwise (Interruption.)

ਕੈਪਟਨ ਰਤਨ ਸਿੰਘ : ਸਾਨੂੰ, ਸਪੀਕਰ ਸਾਹਿਬ, ਤੁਸੀਂ ਅੱਧੇ ਘੰਟੇ ਦਾ ਟਾਈਮ ਦੇ ਦਿਓ । (ਵਿਘਨ) ਮੈਂ ਤੁਹਾਡੇ ਨਾਲ ਬਿਲਕੁਲ ਸਹਿਮਤ ਹਾਂ । In this way you will do a great service to the State.

ਕਾਮਰੇਡ ਸੱਤਪਾਲ ਡਾਂਗ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਤੁਸੀਂ ਜਿਹੜੀ ਰੂਲਿੰਗ ਦਿੱਤੀ ਹੈ ਮੈਂ ਉਸ ਦੀ ਪੂਰੀ ਰਿਸਪੈਕਟ ਕਰਦਾ ਹਾਂ । (ਵਿਘਨ) ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਤੁਸੀਂ ਪਰੈਸੀਡੈਂਟ ਕਿਸ ਦੇ ਲਈ ਮੰਗਦੇ ਹੋ ? ਇਹ ਇਕ ਫੈਕਟ ਹੈ ਕਿ ਕੱਲ੍ਹ ਇਸ ਹਾਊਸ ਵਿਚ ਚਾਰਜਿਜ਼ ਅਤੇ ਕਾਊਂਟਰ ਚਾਰਜਿਜ਼ ਲਗਾਏ ਗਏ । ਇਸ ਹਾਊਸ ਦੇ ਵਿਚ ਅਗਰ ਕੋਈ ਚਾਰਜਿਜ਼ ਲੱਗਣ ਤਾਂ ਆਇਆ ਉਸ ਦੇ ਬਾਰੇ ਕੋਰਟ ਵਿਚ ਜਾਇਆ ਜਾ ਸਕਦਾ ਹੈ ਜਾਂ ਨਹੀਂ ? ਇਹ ਇਕ ਗੱਲ ਹੈ ਔਰ ਦੂਸਰੀ ਗੱਲ ਇਹ ਹੈ ਕਿ ਆਇਆ ਤੁਹਾਨੂੰ ਪਾਵਰ ਹੈ ਕਮੇਟੀ ਬਣਾਉਣ ਦੀ ਜਾਂ ਨਹੀਂ ? ਸਪੀਕਰ ਸਾਹਿਬ, ਜਿਥੋਂ ਤਕ ਕਮੇਟੀ ਬਣਾਉਣ ਦਾ ਤਲੱਕ ਹੈ, ਰੂਲ 226 ਦੇ ਅਧੀਨ ਢਿਲੋਂ ਸਾਹਿਬ ਜਦੋਂ ਰੀਹੈਬੀਲੀਟੇਸ਼ਨ ਦੇ ਮਨਿਸਟਰ ਸਨ ਤਾਂ ਹਾਊਸ ਨੇ ਇਕ ਕਮੇਟੀ ਬਣਾਈ ਸੀ ਜਿਹੜੀ ਅੰਮ੍ਰਿਤਸਰ ਵਿਚ ਆਟਾ ਵਗੈਰਾ ਦੇਖਣ ਵਾਸਤੇ ਗਈ ਸੀ । ਉਸ ਰੂਲ ਦੇ ਹੇਠਾਂ ਇਸ ਹਾਊਸ ਨੇ ਇਕ ਐਡਹਾਕ ਕਮੇਟੀ ਵੀ ਬਣਾਈ ਸੀ । 18 ਮਾਰਚ, 1968 ਨੂੰ ਇਸ ਹਾਊਸ ਵਿਚ ਪੁਲਿਸ ਵਲੋਂ ਵਾਇਲੈਂਸ ਹੋਈ ਸੀ ਤਾਂ ਉਸ ਦੇ ਬਾਰੇ ਇਕ ਕਮੇਟੀ ਬਣਾਈ ਗਈ ਸੀ । ਇਸ ਲਈ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਇਹ ਹਾਊਸ ਕਮੇਟੀ ਬਣਾਉਣ ਲਈ ਬਿਲਕੁਲ ਕੰਪੀਟੈਂਟ ਹੈ । ਤੁਸੀਂ ਇਕ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਕਮੇਟੀ ਐਪੁਆਇੰਟ ਕਰ ਦਿਉ ਤਾਂਕਿ ਜਿਹੜੇ ਇਥੇ ਚਾਰਜਿਜ਼ ਜਾਂ ਕਾਊਂਟਰ ਚਾਰਜਿਜ਼ ਲੱਗਣ ਉਹ ਕਮੇਟੀ ਉਸ ਦੀ ਇਨਕੁਆਇਰੀ ਕਰੇ । (ਵਿਘਨ) ਸਪੀਕਰ ਸਾਹਿਬ, ਹੁਣ ਪੋਜ਼ੀਸ਼ਨ ਇਹ ਹੈ ਕਿ ਇਕ ਮਨਿਸਟਰ ਸਾਹਿਬ ਉਠਦੇ ਹਨ ਜਾਂ ਇਕ ਮੈਂਬਰ ਸਾਹਿਬ ਉਠਦੇ ਹਨ ਉਹ ਇਕ ਦੂਸਰੇ ਤੇ ਸੀਰੀਅਸ ਐਲੀਗੇਸ਼ਨ ਲਗਾਉਂਦੇ ਹਨ । My submission is that corruption should be reduced to the minimum. A list of the charges and counter-charges levelled in the House by both the Parties should be drawn out and handed over to the proposed Committee for enquiry. ਸਪੀਕਰ ਸਾਹਿਬ, ਅਗਰ ਇਸ ਹਾਊਸ ਵਿਚ ਇਕ ਮੈਂਬਰ ਦੂਜੇ ਮੈਂਬਰ ਸਾਹਿਬ ਤੇ ਅਤੇ ਇਕ ਮਨਿਸਟਰ ਅਤੇ ਇਕ ਐਕਸ ਮਨਿਸਟਰ ਇਕ ਦੂਜੇ ਤੇ ਚਾਰਜਿਜ਼ ਅਤੇ ਕਾਊਂਟਰ ਚਾਰਜਿਜ਼ ਲਾਉਂਦੇ ਹਨ (ਵਿਘਨ) ਤਾਂ ਐਸੀ ਸੂਰਤ ਵਿਚ ਹਾਊਸ ਕੰਪੀਟੈਂਟ ਹੈ ਐਕਸ਼ਨ ਲੈਣ ਵਾਸਤੇ । The House is competent to take action against them. They will be committing contempt of the House. They will be committing breach of privileges of the House.

ਸਪੀਕਰ ਸਾਹਿਬ, ਤੁਸੀਂ ਮੈਨੂੰ ਕੋਈ ਰੂਲ ਦਸ ਦਿਓ ਜਿਸ ਦੇ ਤਹਿਤ ਇਥੇ ਹਾਊਸ ਵਿਚ ਮੈਂਬਰ ਸਾਹਿਬਾਨ ਅਗਰ ਇਕ ਦੂਜੇ ਉਤੇ ਸੀਰੀਅਸ ਐਲੀਗੇਸ਼ਨ ਲਾਈ ਜਾਣ ਤਾਂ ਹਾਊਸ ਉਸ ਸਿਲਸਿਲੇ ਵਿਚ ਖ਼ਿਲਾਫ਼ ਐਕਸ਼ਨ ਨਹੀਂ ਲੈ ਸਕਦਾ (ਵਿਘਨ) ਇਸ ਦੇ ਇਲਾਵਾ ਕਿਹੜਾ ਰੂਲ ਪਰੀਵੈਂਟ ਕਰਦਾ ਹੈ ਸਪੈਸੀਫ਼ੀਕਲੀ ਲਿਖ ਕੇ ਦੇਣ ਬਾਰੇ ..ਵਿਘਨ ।

Mr. Speaker : But it is violative of the provisions of the Constitution.

Comrade Satya Pal Dang : No, Sir.

Mr. Speaker : The motion should be exhaustive and self-contained. The terms of reference should also be specified. It should be in a definite form.

Comrade Satya Pal Dang : With due respect, I would like to say that that Article of the Constitution is being completely mis-interpretted. Our Constitution guarantees freedom of speech subject to reasonable restriction; but there is no question of restriction in this case. Freedom of speech has been exercised. It has been stated here that such and such Minister has been doing unlimited corruption. We say, "Gentleman, please specify your charges and give exact cases of corruption which you have in mind." Sir, both of them have been doing unlimited corruption. How is it beyond the reasonable restriction put by the Constitution on the freedom of speech ? It would be a perfect and most reasonable freedom of speech.

Mr. Speaker : It may be reasonable, but it may not be consttitutional.

Comrade Satya Pal Dang : There is not even an iota of doubt of its being constitutional.

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਤੁਸੀ ਤਾਂ ਆਰਗੂਮੈਂਟਸ ਹੀ ਦਈ ਜਾ ਰਹੇ ਹੋ, ਤੁਸੀਂ ਇਹ ਦਸੋ ਕਿ ਇਹ ਕਿਸ ਤਰ੍ਹਾਂ ਅਨਕੰਸਟੀਚਿਊਸ਼ਨਲ ਹੈ ?

Shri Manmohan Kalia : Sir, under the Constitution, no person is allowed to make a defamatory speech.

Mr. Speaker : We are talking about the proceedings of this August House.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਹ ਪੁਆਇੰਟ ਤਾਂ ਬਿਲਕੁਲ ਕਲੀਅਰ ਹੈ । ਮੈਂ ਇਕ ਪੁਆਇੰਟ ਹੋਰ ਦੱਸਦਾ ਹਾਂ । ਤੁਸੀਂ ਤਿੰਨ ਆਰਗੂਮੈਂਟ ਦਿੱਤੇ ਅਤੇ ਪਹਿਲਾਂ ਤੁਸੀਂ ਕਿਹਾ ਕਿ ਜਿਹੜੀ ਮੋਸ਼ਨ ਹੈ ਇਸ ਵਿਚ ਇਹ ਨਹੀਂ ਲਿਖਿਆ ਕਿ ਕਿਸ ਨੂੰ ਡਾਇਰੈਕਸ਼ਨ ਦੇਣੀ ਹੈ ਅਤੇ ਕਿਸ ਚੀਜ਼ ਦੇ ਮੁਤਅੱਲਕ ਦੇਣੀ ਹੈ । ਮੈਂ ਅਰਜ਼ ਕਰਦਾ ਹਾਂ ਕਿ ਇਥੇ ਜਿਹੜੇ ਐਲੀਗੇਸ਼ਨ ਲੱਗੇ ਹਨ ਉਹ ਕੈਬਨਿਟ ਦੇ ਮੈਂਬਰਾਂ ਜਾਂ ਫ਼ਾਰਮਰ ਮੈਂਬਰਾਂ ਤੇ ਲੱਗੇ ਹਨ ਅਤੇ ਉਹ ਲਿਖ ਕੇ ਦੇਣੇ ਕਿਸ ਨੂੰ ਹਨ, ਉਸ ਬਾਰੇ ਰੂਲਜ਼ ਵਿਚ ਕਲੀਅਰ ਹੈ । ਹਾਊਸ ਤੁਹਾਨੂੰ ਇਕ ਕਮੇਟੀ ਐਪੁਆਇੰਟ ਕਰਨ ਲਈ ਆਥੋਰਾਈਜ਼ ਕਰਦਾ ਹੈ ਅਤੇ ਜਿਹੜਾ ਲਿਖ ਕੇ ਦੇਣ ਦਾ ਚੈਨਲ ਹੈ ਉਸ ਲਈ ਵਿਧਾਨ ਸਭਾ ਦੇ ਸੈਕਟਰੀ ਸਾਹਿਬ ਜਾਂ ਸਪੀਕਰ ਸਾਹਿਬ ਦਾ ਦਫ਼ਤਰ ਹੀ ਹੋ ਸਕਦਾ ਹੈ ਅਤੇ ਜੋ ਕਮੇਟੀ ਹਾਊਸ ਨੇ ਬਣਾਉਣੀ ਹੈ ਉਸ ਦੇ ਲਈ ਹਾਊਸ ਤੁਹਾਨੂੰ ਆਥੋਰਾਈਜ਼ ਕਰ ਰਿਹਾ ਅਤੇ ਤੁਸੀਂ ਉਸ ਕਮੇਟੀ ਦੇ ਲਈ ਮੈਂਬਰਜ਼ ਨਾਮੀਨੇਟ ਕਰ ਦਿਉ । ਇਸ ਤੋਂ ਬਾਦ ਇਹ ਵੀ ਬੜਾ ਕਲੀਅਰ ਹੈ ਕਿ ਜਿਹੜੇ ਚਾਰਜਿਜ਼ ਔਰ ਕਾਊਂਟਰ ਚਾਰਜਿਜ਼ ਇਸ ਹਾਊਸ ਵਿਚ ਲੱਗੇ ਹਨ, ਉਹ ਕਿਸ ਨੂੰ ਦੇਣੇ ਹਨ, ਉਹ ਉਸ ਕਮੇਟੀ ਨੂੰ ਦੇਣੇ ਹਨ ।

ਇਕ ਪੁਆਇੰਟ ਹੋਰ ਹੈ ਅਤੇ ਉਹ ਇਹ ਹੈ ਕਿ ਇਹ ਜਿਹੜੇ ਐਲੀਗੇਸ਼ਨਜ਼ ਹਨ ਉਹ ਲਿਖ ਕੇ ਦਿਤੇ ਜਾਣ ਅਤੇ ਕਿੰਨੇ ਅਰਸੇ ਵਿਚ ਦਿੱਤੇ ਜਾਣ । ਮੈਂ ਇਸ ਬਾਰੇ ਬੇਨਤੀ ਕਰਾਂਗਾ ਕਿ ਸਪੀਕਰ ਸਾਹਿਬ, ਇਕ ਅਮੈਂਡਮੈਂਟ ਤੁਹਾਡੇ ਕੋਲ ਆ ਗਈ ਹੈ ਕਿ ਉਹ ਐਲੀਗੇਸ਼ਨਜ਼ 15 ਦਿਨਾਂ ਦੇ ਅੰਦਰ ਅੰਦਰ ਲਿਖ ਕੇ ਦੇ ਦਿਤੇ ਜਾਣ । ਮੈਂ ਬੇਨਤੀ ਕਰਾਂਗਾ (ਵਿਘਨ) ਸਪੀਕਰ ਸਾਹਿਬ, ਕਿ ਤੁਹਾਡੀ ਸਪੀਕਰਸ਼ਿਪ ਹੇਠ ਬੜੇ ਬੜੇ ਅਹਿਮ ਬਿਲ ਆਉਂਦੇ ਰਹੇ ਹਨ ਅਤੇ ਇਥੇ ਟਰੈਜ਼ਰੀ ਬੈਂਚਾਂ ਵਾਲੇ ਜ਼ਬਾਨੀ ਅਮੈਂਡਮੈਂਟਾਂ ਦੇ ਦੇ ਰਹੇ ਹਨ ਅਤੇ ਉਹ ਮੰਨ ਲਈਆਂ ਜਾਂਦੀਆਂ ਰਹੀਆਂ ਹਨ (ਵਿਘਨ) ਅਤੇ ਜਿਹੜਾ ਪਰਸੋਂ ਆਰਡੀਨੈਂਸ ਦੀ ਥਾਂ ਬਿਲ ਪਾਸ ਹੋਇਆ ਹੈ ਉਹ ਤੁਹਾਡੇ ਸਾਹਮਣੇ ਹੈ (ਵਿਘਨ) ਕਿ ਕਿਸ ਤਰ੍ਹਾਂ ਪਾਸ ਹੋਇਆ ?

ਸ੍ਰੀ ਸਪੀਕਰ : ਡਾਂਗ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਉਸ ਕਮੇਟੀ ਦੀਆਂ ਟਰਮਜ਼ ਆਫ਼ ਰੈਫ਼ਰੈਂਸ ਕੀ ਹੋਣਗੀਆਂ ਅਤੇ ਉਸ ਦਾ ਕੀ ਸਕੋਪ ਹੋਵੇਗਾ ਅਤੇ ਕਿਹੜਾ ਪ੍ਰੋਸੀਜਰ ਐਡਾਪਟ ਕੀਤਾ ਜਾਵੇਗਾ । ਇਹ ਸਭ ਕੁਝ ਸੈਲਫ਼ ਕਨਟੇਨਡ ਮੋਸ਼ਨ ਵਿਚ ਲੈ ਆਉ । (ਵਿਘਨ) *Addressing Comrade Satya Pal Dang* : My submission is that a self-contained motion clearly laying down the terms of reference, the scope of the Committee and the procedure to be adopted by it, be presented.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਟਰਮਜ਼ ਆਫ਼ ਰੈਫ਼ਰੈਂਸ ਤਾਂ ਕਲੀਅਰ ਹਨ । ਇਹ ਚਾਰਜਿਜ਼ ਔਰ ਕਾਊਂਟਰ ਚਾਰਜਿਜ਼ ਕਮੇਟੀ ਵਿਚ ਜਾਣੇ ਹਨ । ਜਿਥੋਂ ਤਕ ਪ੍ਰੋਸੀਜ਼ਰ ਦਾ ਸੁਆਲ ਹੈ, ਚੂੰਕਿ ਹਾਊਸ ਦੀ ਕਮੇਟੀ ਹੈ ਅਤੇ ਇਹ ਰੂਲ 226 ਦੇ ਹੇਠ ਬਣੇਗੀ ਇਸ ਲਈ the procedure for the committee has been laid down in this rule, ਇਸ ਤੋਂ ਇਲਾਵਾ ਇਸ ਕਮੇਟੀ ਦੀਆਂ ਕੀ ਪਾਵਰਜ਼ ਹੋਣਗੀਆਂ ਅਤੇ ਕਿਸ ਕਿਸ ਨੂੰ ਇਹ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਕਾਲ ਕਰ ਸਕਦੀ ਹੈ, ਇਸ ਦੇ ਬਾਰੇ all the procedures have been laid down in the rules, because this Committee is being appointed under these rules. ਅਗਰ ਕੋਈ ਗੱਲ ਇਸ ਵਿਚ ਤੁਹਾਨੂੰ ਬੋਗਸ ਲਗਦੀ ਹੈ ਤਾਂ ਦੱਸ ਦਿਉ । ਤੁਹਾਨੂੰ ਜਦ ਹਾਊਸ ਆਥੋਰਾਈਜ਼ ਕਰ ਰਿਹਾ ਹੈ (ਵਿਘਨ) ਇਹ ਕਮੇਟੀ ਦੱਸੇਗੀ ਕਿ ਇਹ ਜਿਹੜੇ ਚਾਰਜਿਜ਼ ਜਾਂ ਕਾਊਂਟਰ ਚਾਰਜਿਜ਼ ਲਗਾਏ ਹਨ ਕਿ ਹ ਦਰੁਸਤ ਹਨ ਜਾਂ ਗ਼ਲਤ ਹਨ ਅਤੇ ਉਸ ਬਾਰੇ ਜੋ ਕੁਝ ਕਮੇਟੀ ਰਿਕਮੈਂਡ ਕਰੇਗੀ ਉਸ ਦੀਆਂ ਰਿਕਮੈਂਡੇਸ਼ਨਜ਼ ਹਾਊਸ ਵਿਚ ਆ ਜਾਣਗੀਆਂ (ਵਿਘਨ) ਮੈਂ ਅਰਜ਼ ਕਰਾਂਗਾਂ ਕਿ ਤੁਸੀਂ ਹਾਊਸ ਨੂੰ, ਉਤਸ਼ਾਹ ਦਿਉ । ਇਹ ਤਕਰੀਬਨ ਸਾਰੀਆਂ ਪਾਰਟੀਆਂ ਦੀ ਜੁਆਇੰਟ ਰਿਕੁਐਸਟ ਹੈ ਅਤੇ ਸਾਰੀਆਂ ਪਾਰਟੀਆਂ ਇਸ ਦੇ ਲਈ ਸਹਿਮਤ ਹਨ । ਇਸ ਕਮੇਟੀ ਦੀ ਟਰਮ ਤੇ ਟਾਈਮ ਲਿਮਿਟ ਲਾ ਦਿਓ । ਇਹ ਜਿਹੜੀ ਕਮੇਟੀ ਤੁਸੀਂ ਐਪੁਆਇੰਟ ਕਰੋਗੇ, ਉਹ ਸਾਰੇ ਸੂਬੇ ਵਿਚ ਕਾਨਫੀਡੈਂਸ ਕਾਇਮ ਕਰੇਗੀ ਅਤੇ ਕੁਰਪਸ਼ਨ ਕਰਨ ਵਾਲਿਆਂ ਨੂੰ ਡੀਲ ਵਿਦ ਕਰੇਗੀ ਅਤੇ ਇਸ ਤਰ੍ਹਾਂ ਇਹ ਕਮੇਟੀ ਹਾਊਸ ਨੂੰ ਹੈਲਪਫੁਲ ਹੋਵੇਗੀ ਅਤੇ ਅਗੇ ਨੂੰ ਜਿਹੜੇ ਇਥੇ ਗਲਤ ਐਲੀਗੇਸ਼ਨਜ਼ ਕਿਸੇ ਦੇ ਖ਼ਿਲਾਫ਼ ਲਾਏ ਜਾਂਦੇ ਹਨ ਨਹੀਂ ਲਗ ਸਕਣਗੇ । ਇਸ ਲਈ ਮੇਰੀ ਅਰਜ਼ ਹੈ ਕਿ ਹਾਊਸ ਦੀ ਇਹ ਤਜਵੀਜ਼ ਮੰਨ ਲੈਣੀ ਚਾਹੀਦੀ ਹੈ ।

चौधरी बलबीर सिंह (हुश्यारपुर) : अध्यक्ष महोदय मेरा व्यवस्था का प्रश्न यह है कि आप ने दो तीन बातें, जो मोशन भेजी गई, उसके बारे में क ीं । इस बात पर आप ने ज्यादा स्ट्रैस किया कि ऐसा कोई प्रैसीडैंट नहीं है (विघ्न) किसी ने कहा है :

"वह मन्ज़िल को पा जायेंगे जिनको मन्ज़िल की तलाश है..."

मेरे कहने का मतलब यह है कि इसके बारे में रास्ता आपने तलाश करना है । आपने कहा कि ऐसा प्रैसीडैंट पार्लियामैंट में नहीं है और न ही ब्रिटेन की पार्लियामैंट में है और न ही किसी दूसरे स्थान की ऐसी एग्जैम्पल मिलती है । कोई प्रैसीडैंट है या नहीं इससे हमें कोई सरोकार नहीं, पंजाब ने हमेशा अपना रास्ता आप बनाया है । इस लिये सारे मुल्क को यह रास्ता आप दिखायें । हम क्यों किसी दूसरे के मूंह की ओर देखें । हम यह चाहते हैं कि दूसरे लोग हमारी तरफ़ देखें । अगर हम यह काम करते हैं तो पंजाब का नाम हर स्थान पर आगे आयेगा और लोग यूं कहेंगे कि मुल्क में जो कुरप्शन घुसी हुई है उसको रोकने के लिये यह अच्छा रास्ता निकाला है, आपको इनफीरीआर्टी कम्पलैक्स नहीं रखना चाहिए । आप को हाऊस आथोराईज़ करता है कमेटी अप्वायंट करने के लिये । हाऊस सुप्रीम है इस लिये यह हाऊस चाहता है कि ऐसी एक कमेटी होनी चाहिए । मेरा अपना विचार है कि वह जो हाऊस की कमेटी बनेगी वह विदिन दी स्कोप आफ़ कन्स्टीच्यूशन होगी । यह हाऊस की कमेटी होगी । जो भी आदमी यहां पर कोई चार्ज किसी पर लगाता है, आप उसे कह सकते हैं कि हाऊस कमेटी को लिख कर दे । अगर वह मैम्बर साहिब जवाब देता है कि वह हाऊस कमेटी को लिख कर देने को तैयार नही तो इस हाऊस में उसके खिलाफ़ सैंशर मोशन आ सकती है और इस हाऊस में उसका कंडक्ट क्रिटिसाईज़ हो सकता है कि चार्जिज़ लगाये और कमेटी को लिख कर देने से इन्कार कर दिया । इसके इलावा कोई भी मैम्बर साहिब किसी दूसरे पर ग़लत ऐलीगेशन्ज़ लगाने की जुर्रत नहीं करेगा । इस लिये हमें यह इन्तज़ार नहीं करना चाहिए कि कोई और स्टेट या मुल्क ऐसा करे और हम उसके पीछे पीछे चलते

Original with;
Punjab Vidhan Sabha
Digitized by;
Panjab Digital Library

रहें । हम यह चीज कर के दूसरों को रास्ता दिखा सकते हैं । इस लिये ऐसे मामलों के प्रैसीडैंट की बात जचती नहीं । आप एक मिसाल कायम करें कोई ऐसा प्रैसीडैंट कायम करें जिसके बारे में दूसरे सूबे वाले यह कहें कि पंजाब की असैम्बली ने बड़ा अच्छा कदम उठाया है और मुल्क में जो कुरप्शन बढ़ रही है उसको रोकने के लिए एक सही कदम उठाया है । जहाँ तक इस कमेटी की टर्मज आफ रैफ्रैंस की बात है वह एक माइनर बात है : वह जब कमेटी बन जायेगी तभी वह कोई डेट आदि देगी । उस कमेटी की पावर्ज भी बाद में तय हो सकती हैं, पहले कमेटी तो बननी चाहिए । वह कमेटी आपके अधीन होगी और आपने ही उसको गाईड करना है । खुश किसमती की बात तो यह है कि इस हाऊस की जितनी भी पार्टियां हैं, उसमें से हर पार्टी के लीडर ने इस के बारे में अपनी सहमति प्रकट की है । यह कोई बात नहीं है कि इस मोशन में कोई लीगल लैकुना रह गया है या कहीं पर कौमा लगाना रह गया है । आप को ऐसे सभी अधिकार हैं कि आप उसको ठीक करा सकते हैं । यहां पर बड़े बड़े बिल आते हैं अगर कोई गलती कहीं रह जाती है तो उसको ठीक करने का आप को अधिकार है ।

जो कानून असैंबली पास कर देती है अगर उस में कोई गलती रह जाए तो वह ठीक हो सकती है । इस में कोई हिचकचाहट नहीं होनी चाहिये । आप जितने बड़े हैं आप उतना ही बड़ा दिल दिखाएं और कमेटी मुकर्रर करें ताकि आगे को कोई ऐसी बात करने की जुर्रत न कर सके । जिस आदमी ने वाकेई ज्यादती की है, कुरप्शन की है, उसको प्रोटैक्शन देने की बात नहीं करनी चाहिये ताकि हम आगे को सूबे को पाक ऐडमिनिस्ट्रेशन दे सकें । क्लीन ऐडमिनिस्ट्रेशन वही दे सकता है जिस का अपना दामन साफ होगा । लैजिसलेटरज का दामन साफ होगा तो अफसरों के खिलाफ कोई कार्यवाही करने के हकदार होंगे । जो आप कमेटी बनाएंगे यह सारे मुल्क की कुरप्शन दूर करने के लिये इन्सपायर करेगी, सारे मुल्क से कुरप्शन दूर करने में मदद मिलेगी । आप हाऊस की मदद करें, हाऊस ने मोशन आप के सामने पेश कर दी है, अगर उसमें कोई कमी है तो उस को दूर करें, आप को अधिकार दिये गए हैं । आप कमेटी नौमीनेट करें ।

ਸਰਦਾਰ ਉਮਰਾਓ ਸਿੰਘ (ਬੜਾ ਪਿੰਡ) : ਸਪੀਕਰ ਸਾਹਿਬ, ਆਪ ਨੇ ਰੂਲਿੰਗ ਦਿਤੀ ਹੈ ਕਿ ਇਸ ਦਾ ਕੋਈ ਪ੍ਰੈਸੀਡੈਂਟ ਨਹੀਂ ਹੈ । ਮੈਂ ਅਰਜ਼ ਕਰਦਾ ਹਾਂ ਕਿ ਕੁਰੱਪਸ਼ਨ ਦੇ ਚਾਰਜਿਜ਼ ਦੋ ਸਾਬੀ ਵਜ਼ੀਰਾਂ ਨੇ, ਇਕ ਜੋ ਰੀਜ਼ਾਈਨ ਕਰ ਗਿਆ ਹੈ ਅਤੇ ਦੂਜਾ ਜੋ ਹਾਲੇ ਵੀ ਮਨਿਸਟਰ ਹੈ, ਇਕ ਦੂਜੇ ਤੇ ਲਾਏ ਹਨ । ਇਸ ਤੋਂ ਪਹਿਲਾ ਜੋ ਕਾਂਗਰਸ ਦੀ ਮਨਿਸਟਰੀ 20 ਸਾਲ ਇਥੇ ਰਹੀ ਉਸ ਵਿਚ ਕਿਸੇ ਵਜ਼ੀਰ ਨੇ, ਇਸ ਤਰ੍ਹਾਂ ਕੁਰੱਪਸ਼ਨ ਕੀਤੀ ਹੀ ਨਹੀਂ । (ਸ਼ੋਰ) ਇਹ ਜੋ ਚਾਰਜਿਜ਼ ਲਗੇ ਹਨ ਇਹ ਅਨਪ੍ਰੈਸੀਡੈਂਟਿਡ ਹਨ (ਵਿਘਨ) ਇਸ ਲਈ ਜੋ ਕਮੇਟੀ ਕਾਇਮ ਹੋਣੀ ਹੈ ਉਹ ਵੀ ਅਨਪ੍ਰੈਸੀਡੈਂਟਿਡ ਹੋਣੀ ਹੈ । ਇਕ ਨਵਾਂ ਪ੍ਰੈਸੀਡੈਂਟ ਕਾਇਮ ਹੋਣਾ ਹੈ । (ਵਿਘਨ) ਦਾਸ ਕਮਿਸ਼ਨ ਦਾ ਨਾਮ ਲਿਆ ਗਿਆ ਹੈ । ਇਸ ਹਾਊਸ ਵਿੱਚ ਕੈਰੋਂ ਸਾਹਿਬ ਤੇ ਚਾਰਜਿਜ਼ ਲਗੇ ਤਾਂ ਉਨ੍ਹਾਂ ਨੇ ਖੁਦ ਕਿਹਾ ਕਿ ਇਸ ਦੀ ਇਨਕੁਆਇਰੀ ਲਈ ਮੈਂ ਤਿਆਰ ਹਾਂ ਅਤੇ ਸੈਂਟਰਲ ਗਵਰਨਮੈਂਟ ਨੂੰ ਖਦ ਕਹਿ ਕੇ ਉਹ ਕਮਿਸ਼ਨ ਬਣਵਾਇਆ । ਅਗਰ ਸ੍ਰੀ ਟੰਡਨ ਤੇ ਸਰਦਾਰ ਬਲਵੰਤ ਸਿੰਘ ਹੋਰਾਂ ਵਿੱਚ ਮਾਰਲ ਕਰੇਜ ਹੈ ਤਾਂ ਉਹ ਇਸ ਕਮੇਟੀ ਦੀ

Original with;
Punjab Vidhan Sabha
Digitized by;
Panjab [redacted]

[ਸਰਦਾਰ ਉਮਰਾਓ ਸਿੰਘ]

ਨਿਯੁਕਤੀ ਨੂੰ ਵੈਲਕਮ ਕਰਨ । ਅਗਰ ਇਸ ਕਮੇਟੀ ਬਾਰੇ ਜੋ ਮੋਸ਼ਨ ਹੈ ਉਸ ਵਿਚ ਕੋਈ ਲੀਗਲ ਫਲਾ ਜਾਂ ਨੁਕਸ ਹੈ, ਅਤੇ ਜੋ ਫਰੈਸ਼ ਨੋਟਿਸ ਦਿੱਤਾ ਹੈ ਉਹ ਵੀ ਐਡਮਿਸੀਬਲ ਨਹੀਂ ਤਾਂ ਟੰਡਨ ਸਾਹਿਬ ਅਤੇ ਸਰਦਾਰ ਬਲਵੰਤ ਸਿੰਘ ਹੋਰੀ ਮੰਗ ਕਰਨ ਕਿ ਚੀਫ ਮਨਿਸਟਰ ਇਸ ਦੀ ਇਨਕਵਾਇਰੀ ਕਿਸੇ ਜੱਜ ਤੋਂ ਕਰਵਾਉਣ...(ਵਿਘਨ) ਜਿੰਨੀ ਦੇਰ ਇਨ੍ਹਾਂ ਚਾਰਜਿਜ਼ ਦਾ ਨਬੇੜਾ ਨਹੀਂ ਹੋ ਜਾਂਦਾ ਲੋਕਾਂ ਵਿੱਚ ਇਕ ਗਲਤ ਇਮਪਰੈਸ਼ਨ ਜਾਵੇਗਾ, ਪੰਜਾਬ ਦੀ ਐਡਮਿਨਿਸਟਰੇਸ਼ਨ ਬਾਰੇ । ਇਸ ਗੱਲ ਦਾ ਫੈਸਲਾ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਦੋਹਾਂ ਵਿਚੋਂ ਕੌਣ ਸੱਚਾ ਹੈ । ਇਹ ਫੈਸਲਾ ਜਾਂ ਆਪ ਕਰੋ ਜਾਂ ਹਾਊਸ ਦੀ ਕਮੇਟੀ ਕਰੇ । ਜਾਂ ਫਿਰ ਕੋਈ ਜੱਜ ਕਰੇ । ਅਸੀਂ ਹਾਊਸ ਦੀ ਕਮੇਟੀ ਨੂੰ ਵੈਲਕਮ ਕਰਾਂਗੇ । ਇਹ ਇਸ ਲਈ ਕਿ ਆਪ ਇਸ ਹਾਊਸ ਦੀ ਡਿਗਨਿਟੀ ਅਤੇ ਆਨਰ ਨੂੰ ਪ੍ਰੋਟੈਕਟ ਕਰਦੇ ਹੋ । ਅਗਰ ਕਿਸੇ ਮੈਂਬਰ ਤੇ ਚਾਰਜਿਜ਼ ਲਗਦੇ ਹਨ ਤਾਂ ਆਪ ਉਸ ਦੀ ਛਾਣ-ਬੀਣ ਲਈ ਕਮੇਟੀ ਬਣਾਓ । ਅਗਰ ਚੀਫ ਮਨਿਸਟਰ ਸਾਹਿਬ ਇਹ ਸਮਝਦੇ ਹਨ ਕਿ ਕਮੇਟੀ ਦੀ ਥਾਂ ਇਕ ਟ੍ਰਿਬਿਊਨਲ ਇਹ ਕੰਮ ਕਰੇ ਤਾਂ ਇਸ ਤੇ ਵੀ ਸਾਨੂੰ ਕੋਈ ਇਤਰਾਜ਼ ਨਹੀਂ ਹੈ । ਪਰ ਚਾਰਜਿਜ਼ ਦਾ ਨਬੇੜਾ ਜ਼ਰੂਰ ਹੋਣਾ ਚਾਹੀਦਾ ਹੈ । ਹੁਣ ਜੋ ਨਵੀਂ ਮੋਸ਼ਨ ਦਿੱਤੀ ਗਈ ਹੈ ਇਹ 18 ਮਾਰਚ ਦੇ ਇੰਸੀਡੈਂਸ ਤੇ ਜੋ ਐਡਹਾਕ ਕਮੇਟੀ ਬਣਾਈ ਗਈ ਸੀ ਉਨ੍ਹਾਂ ਲਾਈਨਜ਼ ਤੇ ਹੀ ਹੈ । ਉਸ ਵਿੱਚ ਮੈਂ 12 ਡੀਫੈਕਟ ਦਸੇ ਸਨ ਜੋ ਆਪ ਨੇ ਓਵਰ ਰੂਲ ਕਰ ਦਿਤੇ ਸਨ । ਮੈਂ ਅਰਜ਼ ਕਰਾਂ ਕਿ ਇਸ ਹਾਊਸ ਦੀ ਕਾਰਵਾਈ ਨੂੰ ਠੀਕ ਤਰੀਕੇ ਨਾਲ ਚਲਾਉਣ ਲਈ ਕਮੇਟੀ ਦਾ ਬਣਾਇਆ ਜਾਣਾ ਬਹੁਤ ਜ਼ਰੂਰੀ ਹੈ । ਇਸ ਤਰ੍ਹਾਂ ਆਪ ਪੰਜਾਬ ਦੀ ਸਹੀ ਤਰੀਕੇ ਦੇ ਨਾਲ ਅਗਵਾਈ ਕਰ ਸਕੋਗੇ । ਅਸੀਂ ਇਸ ਵਿੱਚ 5 ਆਦਮੀਆਂ ਦੇ ਨਾਮ ਰਖੇ ਹਨ : ਡਾਕਟਰ ਭਗਤ ਸਿੰਘ, ਸਰਦਾਰ ਗੁਰਮੀਤ ਸਿੰਘ, ਕੈਪਟਨ ਰਤਨ ਸਿੰਘ, ਕਾਮਰੇਡ ਸੱਤ ਪਾਲ ਡਾਂਗ ਅਤੇ ਸਰਦਾਰ ਕਿਰਪਾਲ ਸਿੰਘ । ਹਾਊਸ ਦੀਆਂ ਸਾਰੀਆਂ ਸ਼ੇਡਜ਼ ਦੇ ਨਾਂ ਦਿੱਤੇ ਹਨ । ਅਗਰ ਆਪ ਕਿਸੇ ਨਾਮ ਵਿੱਚ ਤਬਦੀਲੀ ਕਰਨਾ ਚਾਹੋ ਤਾਂ ਲੀਡਰ ਆਫ ਦੀ ਆਪੋਜ਼ੀਸ਼ਨ ਨਾਲ ਮਿਲ ਕੇ ਕਰ ਸਕਦੇ ਹੋ । ਨਾਵਾਂ ਦੀ ਕੋਈ ਪਾਬੰਦੀ ਨਹੀਂ ਹੈ । ਅਸੀਂ ਆਪਣੇ ਵਲੋਂ ਉਨ੍ਹਾਂ ਮੈਂਬਰਜ਼ ਦੇ ਨਾਂ ਦਿਤੇ ਹਨ ਜਿਨ੍ਹਾਂ ਤੇ ਹਾਊਸ ਨੂੰ ਵਿਸ਼ਵਾਸ ਹੈ । ਮੈਨੂੰ ਆਸ ਹੈ ਕਿ ਸਰਦਾਰ ਬਲਵੰਤ ਸਿੰਘ ਹੋਰੀਂ ਇਸ ਨੂੰ ਖੜ੍ਹੇ ਹੋ ਕੇ ਵੈਲਕਮ ਕਰਨਗੇ । ਅਤੇ ਟੰਡਨ ਸਾਹਬ ਵੀ ਵੈਲਕਮ ਕਰਨਗੇ । ਜੋ ਚਾਰਜਿਜ਼ ਅਤੇ ਕਾਊਂਟਰ ਚਾਰਜਿਜ਼ ਹਾਊਸ ਵਿੱਚ ਲਗੇ ਹਨ ਹਾਊਸ ਉਨ੍ਹਾਂ ਦੀ ਕਾਗਨੀਜ਼ੈਂਸ ਲੈ ਸਕਦਾ ਹੈ । ਹੋਰ ਚਾਰਜਿਜ਼ ਲਾਉਣ ਦੀ ਲੋੜ ਨਹੀਂ ਹੈ । ਜੋ ਚਾਰਜਿਜ਼ ਇਥੇ ਲਾਏ ਗਏ ਹਨ ਉਨ੍ਹਾਂ ਵਿਚੋਂ ਅਗਰ ਇਕ ਵੀ ਸਾਬਤ ਹੋ ਜਾਵੇ ਤਾਂ ਕਾਫੀ ਹੈ । (ਵਿਘਨ) ਇਥੇ ਸਪੈਸੇਫਿਕ ਚਾਰਜਿਜ਼ ਲਾਏ ਗਏ ਹਨ, ਉਨ੍ਹਾਂ ਦੀ ਇਨਕੁਆਇਰੀ ਕੀਤੀ ਜਾਵੇ ਅਤੇ ਇਸ ਲਈ ਇਹ ਕਮੇਟੀ ਬਣਾਈ ਜਾਵੇ ।

ਮੇਜਰ ਹਰਿੰਦਰ ਸਿੰਘ (ਅਜਨਾਲਾ) : ਸਪੀਕਰ ਸਾਹਿਬ, ਆਪ ਨੇ ਕਾਂਸਟੀਚੂਸ਼ਨਲ ਐਕਸਪਰਟਸ ਦੀ ਰਾਏ ਸੁਣੀ ਹੈ, ਲੀਗਲ ਐਕਸਪਰਟਸ ਦੀ ਰਾਏ ਵੀ ਸੁਣੀ ਹੈ, ਰੂਲਜ਼ ਕੋਟ ਕਰਨ ਵਾਲਿਆਂ ਦੀ ਰਾਏ ਵੀ ਸੁਣੀ ਹੈ ਅਤੇ ਮੈਨੂੰ ਉਮੀਦ ਹੈ ਕਿ ਆਪ ਇਕ ਸਾਧਾਰਨ ਮੈਂਬਰ ਦੀ ਵੀ ਜੋ ਕਿ ਆਪਣੇ ਆਪ ਨੂੰ ਕਿਸੇ ਤਰ੍ਹਾਂ ਦਾ ਐਕਸਪਰਟ ਨਹੀਂ ਕਲੇਮ ਕਰਦਾ ਉਸ ਦੀ ਗੱਲ ਨੂੰ ਵੀ ਸ਼ਾਂਤੀ ਅਤੇ ਗਹੁ ਨਾਲ ਸੁਣੋਗੇ । ਮੈਂ ਬੜੀ ਨਿਮਰਤਾ ਨਾਲ ਬੇਨਤੀ ਕਰਦਾ ਹਾਂ ਕਿ ਮੈਂ ਸਮਝ ਨਹੀਂ ਸਕਿਆ ਕਿ ਆਪ ਦੇ ਮਨ ਵਿੱਚ ਕਮੇਟੀ ਬਣਾਉਣ ਬਾਰੇ ਝਿਜਕ ਕਿਉਂ ਹੈ ? ਸਪੀਕਰ ਸਾਹਿਬ, ਇਥੇ ਰੋਜ਼ ਆਏ ਦਿਨ ਚਾਰਜਿਜ਼ ਅਤੇ ਕਾਊਂਟਰ ਚਾਰਜਿਜ਼ ਲਗਦੇ ਹਨ, ਅਖਬਾਰਾਂ ਵਿੱਚ ਆਉਂਦੇ ਹਨ ਅਤੇ ਇਨ੍ਹਾਂ ਗੱਲਾਂ ਨੂੰ ਸਾਰੇ ਲੋਕ ਸਮਝਦੇ ਹਨ ਅਤੇ ਅਸੀਂ ਜੋ ਇਥੇ ਲੋਕਾਂ ਦੀਆਂ ਵੋਟਾਂ ਲੈ ਕੇ ਇਥੇ ਬੈਠੇ ਹਾਂ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਫਰਜ਼ ਨੂੰ ਨਿਭਾਈਏ । ਇਨ੍ਹਾਂ ਚਾਰਜਿਜ਼ ਅਤੇ ਕਾਊਂਟਰ ਚਾਰਜਿਜ਼ ਬਾਰੇ

Original with;
Punjab Vidhan Sabha
Digitized by;
Panjab Digital Library

ਮੋਸ਼ਨ ਆਈ ਕਿ ਇਨ੍ਹਾਂ ਦਾ ਫੈਸਲਾ ਕਰਨ ਲਈ ਕਮੇਟੀ ਬਣਾਈ ਜਾਵੇ ਤਾਂ ਆਪ ਦਾ ਉਸ ਕਮੇਟੀ ਨੂੰ ਬਣਾਉਣ ਤੋਂ ਗੁਰੇਜ਼ ਕਰਨਾ ਸ਼ੋਭਾ ਨਹੀਂ ਦਿੰਦਾ। ਆਪ ਨੇ ਹੁਕਮ ਕੀਤਾ ਹੈ ਕਿ ਇਹ ਮੋਸ਼ਨ ਵੇਗ ਹੈ। ਵੇਗ ਤਾਂ ਇਹ ਜ਼ਰੂਰ ਹੋਵੇਗੀ ਪਰ ਬੇਸਿਕ ਪ੍ਰਿੰਸੀਪਲ ਇਹ ਹੈ ਕਿ ਪਹਿਲਾਂ ਕਮੇਟੀ ਬਣੇ ਫਿਰ ਟਰਮਜ਼ ਆਫ ਰੈਫਰੈਂਸ ਆਉਣ। ਇਹ ਸਡਨ ਡਿਵੈਲਪਮੈਂਟ ਹੋਈ ਹੈ ਚਾਰਜਿਜ਼ ਅਤੇ ਕਾਊਂਟਰ ਚਾਰਜਿਜ਼ ਵਾਲੀ। ਪਹਿਲਾਂ ਵੀ ਇਸ ਤਰ੍ਹਾਂ ਹੁੰਦਾ ਰਿਹਾ ਹੈ। ਕਮੇਟੀ ਬਣਨ ਮਗਰੋਂ ਉਹ ਫੈਸਲਾ ਕਰ ਸਕਦੀ ਹੈ ਕਿ ਟਰਮਜ਼ ਆਫ ਰੈਫਰੈਂਸ ਕੀ ਹੋਣ। ਉਹ ਡਾਇਰੈਕਟ ਕਰ ਸਕਦੀ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਸਰਕਾਰ ਨੂੰ ਇਸ ਨੂੰ ਵੈਲਕਮ ਕਰਨਾ ਚਾਹੀਦਾ ਹੈ। ਅਗਰ ਕੋਈ ਕੁਰੱਪਟ ਆਦਮੀ ਹੈ ਭਾਵੇਂ ਉਹ ਮਨਿਸਟਰ ਹੈ ਜਾਂ ਐਕਸ ਮਨਿਸਟਰ, ਐਮ. ਐਲ. ਏ. ਹੈ ਜਾਂ ਐਕਸ ਐਮ. ਐਲ. ਏ. ਕੋਈ ਵੀ ਹੋਵੇ ਜੋ ਕੋਈ ਪਬਲਿਕ ਪੋਜ਼ੀਸ਼ਨ ਹੋਲਡ ਕਰਦਾ ਰਿਹਾ ਹੈ ਅਗਰ ਉਸ ਨੇ ਲੋਕਾਂ ਨੂੰ ਲੁਟ ਲੁਟ ਕੇ ਖਾਧਾ ਹੈ ਤਾਂ ਉਸ ਨੂੰ ਕਿਸੇ ਤਰ੍ਹਾਂ ਦੀ ਪ੍ਰੋਟੈਕਸ਼ਨ ਨਹੀਂ ਮਿਲਣੀ ਚਾਹੀਦੀ। ਇਸ ਹਾਊਸ ਵਲੋਂ, ਸਰਕਾਰ ਵਲੋਂ ਜਾਂ ਸਪੀਕਰ ਵਲੋਂ। ਇਹ ਪਰਭਾਵ ਨਹੀਂ ਜਾਣਾ ਚਾਹੀਦਾ ਕਿ ਅਸੀਂ ਇਸ ਛਾਣ-ਬੀਣ ਕਰਨ ਤੋਂ ਗੁਰੇਜ਼ ਕਰ ਰਹੇ ਹਾਂ ਕਿ ਕਿਸ ਆਦਮੀ ਨੇ ਬੁਰਕਾ ਪਾਇਆ ਹੋਇਆ, ਕੌਣ ਬਾਹਰੋਂ "ਅੱਲਾ ਹੂ ਤੇ ਅੰਦਰੋਂ ਜ਼ੁੱਲਾ ਧੂ" ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਹਾਊਸ ਦੀ ਕਮੇਟੀ ਬਣਨੀ ਚਾਹੀਦੀ ਹੈ ਤਾਕਿ ਸਾਰੀ ਚੀਜ਼ ਦਾ ਲੋਕਾਂ ਦੇ ਸਾਹਮਣੇ ਨਤਾਰਾ ਹੋ ਜਾਵੇ। (ਤਾੜੀਆਂ)

ਸ੍ਰੀ ਬਲਰਾਮ ਦਾਸ ਟੰਡਨ: ਸਪੀਕਰ ਸਾਹਿਬ ਇਥੇ ਬਹੁਤ ਸਾਰੀਆਂ ਗੱਲਾਂ ਬਾਤਾਂ ਆਨਰੇਬਲ ਮੈਂਬਰ ਸਾਹਿਬਾਨ ਨੇ ਕਹੀਆਂ ਹਨ ਤੇ ਇਸ ਇਸ਼ੂ ਤੇ ਕਈ ਤਰ੍ਹਾਂ ਦਾ ਵਿਚਾਰ ਆਇਆ ਹੈ ਕਿ ਜਿਹੜੇ ਇਲਜ਼ਾਮਾਤ ਲਗਾਏ ਗਏ ਹਨ ਉਨ੍ਹਾਂ ਦੀ ਜਾਂਚ ਪੜਤਾਲ ਕਰਾਈ ਜਾਵੇ। ਇਸ ਤਰ੍ਹਾਂ ਦੇ ਚਾਰਜ ਅੱਜ ਪਹਿਲੀ ਵੇਰ ਹਾਊਸ ਵਿੱਚ ਨਹੀਂ ਲਗਾਏ ਗਏ ਹਰ ਵੇਰ ਲਗਾਏ ਜਾਂਦੇ ਹਨ ਸਰਦਾਰ ਉਮਰਾਓ ਸਿੰਘ ਤਾਂ ਪੁਰਾਣੇ ਮੈਂਬਰ ਹਨ ਅਤੇ ਇਨ੍ਹਾਂ ਨੂੰ ਪਤਾ ਹੈ ਕਿ ਇਸ ਹਾਊਸ ਵਿੱਚ ਪਹਿਲਾਂ ਵੀ ਇਕ ਵੇਰ ਨਹੀਂ ਕੋਈ ਪੰਜਾਹ ਵੇਰ ਇਕ ਦੂਜੇ ਤੇ ਇਲਜ਼ਾਮ ਲਗਾਏ ਗਏ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਫੈਸਲਾ ਹਾਊਸ ਕਰੇ ਮੈਂ ਉਸ ਨੂੰ ਵੈਲਕਮ ਕਰਾਂਗਾ ਅਤੇ ਹਾਰਟਲੀ ਵੈਲਕਮ ਕਰਾਂਗਾ। ਹਾਊਸ ਦੀ ਕਮੇਟੀ ਬਣਾਈ ਜਾਵੇ ਤਦ ਜਾਂ ਕੋਈ ਕਮਿਸ਼ਨ ਮੁਕੱਰਰ ਕੀਤਾ ਜਾਵੇ ਤਦ ਜਾਂ ਹਾਈ ਕੋਰਟ ਪੰਜਾਬ ਦਾ ਜਾਂ ਬਾਹਰ ਦੇ ਸੂਬੇ ਦੀ ਹਾਈ ਕੋਰਟ ਦਾ ਕੋਈ ਜੱਜ ਮੁਕੱਰਰ ਕੀਤਾ ਜਾਵੇ ਤਦ ਮੈਂ ਉਸ ਨੂੰ ਫੇਸ ਕਰਨ ਲਈ ਹਰ ਵਕਤ ਤਿਆਰ ਹਾਂ (ਪ੍ਰਸੰਸਾ) ਅਤੇ ਇਸ ਗੱਲ ਨੂੰ ਚੈਲੰਜ ਕਰਦਾ ਹਾਂ ਕਿ ਇਕ ਵੀ ਕੇਸ ਜੇਕਰ ਮੇਰੇ ਖਿਲਾਫ ਕੁਰੱਪਸ਼ਨ ਦਾ ਸਾਬਤ ਹੋ ਜਾਵੇ ਤਾਂ ਮੈਂ ਪਾਲੇਟਿਕਸ ਤੋਂ ਰੀਟਾਇਰ ਹੋ ਜਾਵਾਂਗਾ। (ਚੌਧਰੀ ਬਲਬੀਰ ਸਿੰਘ ਵਲੋਂ ਵਿਘਨ) ਮੇਰਾ ਪਾਕ ਦਾਮਨ ਹੈ, ਫਿਕਰ ਨਹੀਂ ਮੈਂ ਚੌਧਰੀ ਸਾਹਿਬ ਨੂੰ ਕਹਾਂਗਾ ਕਿ ਇਨੇ ਕਾਹਲੇ ਪੈਣ ਦੀ ਲੋੜ ਨਹੀਂ। ਸਾਨੂੰ ਪਤਾ ਹੈ ਕਿ ਇਨ੍ਹਾਂ ਦੀਆਂ ਅੱਖਾਂ ਵੀ ਕੁਰਸੀ ਵਲ ਲਗੀਆਂ ਹੋਈਆਂ ਹਨ। (ਵਿਘਨ) ਸਪੀਕਰ ਸਾਹਿਬ, ਜਿਥੋਂ ਤਕ ਇਸ ਗੱਲ ਦਾ ਤੁਅੱਲਕ ਹੈ ਕਿ ਹਾਊਸ ਇਹ ਸਮਝਦਾ ਹੈ ਕਿ ਤੁਹਾਡੀ ਪਰਧਾਨਗੀ ਹੇਠ ਕਮੇਟੀ ਬਣਾਈ ਜਾਵੇ ਇਸ ਵਿੱਚ ਮੈਨੂੰ ਕੋਈ ਇਤਰਾਜ਼ ਨਹੀਂ ਡਿਪਟੀ ਸਪੀਕਰ ਸਾਹਿਬ ਦੀ ਪਰਧਾਨਗੀ ਹੇਠ ਬਣੇ ਕੋਈ ਇਤਰਾਜ਼ ਨਹੀਂ। ਇਥੇ ਅਪੋਜ਼ੀਸ਼ਨ ਦੇ ਲੀਡਰ ਮੇਜਰ ਹਰਿੰਦਰ ਸਿੰਘ ਜੀ ਬੈਠੇ ਹਨ; ਜੱਜ ਗੁਰਨਾਮ ਸਿੰਘ ਜੀ ਬੈਠੇ ਹਨ; ਬਾਦਲ ਸਾਹਿਬ ਹਨ; ਇਹ ਜਿਸ ਤਰ੍ਹਾਂ ਦੀ ਕਮੇਟੀ ਚਾਹੁਣ ਬਣਾ ਦਿੱਤੀ ਜਾਵੇ। ਫਾਈਲਾਂ ਇਨ੍ਹਾਂ ਦੇ ਪਾਸ ਮੌਜੂਦ ਹਨ ਅਤੇ ਇਕ ਇਕ ਚੀਜ਼ ਇਸ ਕਮੇਟੀ ਵਲੋਂ ਦੇਖੀ ਜਾ ਸਕਦੀ ਹੈ। ਕਿਸੇ ਨੂੰ ਵੀ ਇਸ ਕਮੇਟੀ ਵਿੱਚ ਸ਼ਾਮਿਲ ਕਰ ਲਿਆ ਜਾਵੇ ਮੈਨੂੰ ਕੋਈ ਇਤਰਾਜ਼ ਨਹੀਂ। ਪਰ ਇਕ ਗੱਲ ਮੇਰੇ ਧਿਆਨ ਵਿੱਚ ਆਂਦੀ ਹੈ ਕਿ ਗਿਲ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਬਲਰਾਮ ਦਾਸ ਟੰਡਨ]

ਹਕੂਮਤ ਦੇ ਵੇਲੇ ਸਰਦਾਰ ਬਲਵੰਤ ਸਿੰਘ ਹੋਰਾਂ ਤੇ ਇਲਜ਼ਾਮ ਲਗਾਏ ਗਏ ਸਨ ਅਤੇ ਫਿਰ ਗੁਰਨਾਮ ਸਿੰਘ ਨੇ ਗਿਲ ਸਾਹਿਬ ਦੇ ਵਿਰੁਧ ਇਲਜ਼ਾਮ ਲਗਾਏ ਸੀ ਅਤੇ ਫਿਰ ਬਾਦਲ ਸਾਹਿਬ ਆਏ ਤਾਂ ਇਹ ਆਵਾਜ਼ ਆਈ ਕਿ ਗੁਰਨਾਮ ਸਿੰਘ ਹੋਰਾਂ ਨੂੰ ਪਕੜਿਆ ਜਾ ਰਿਹਾ ਹੈ ਤਾਂ ਇਨ੍ਹਾਂ ਸਾਰੀਆਂ ਗੱਲਾਂ ਦਾ ਨਿਤਾਰਾ ਹੋ ਜਾਵੇਗਾ । ਇਹ ਜਿਹੜੀ ਪ੍ਰੋਪੋਜ਼ਲ ਹਾਊਸ ਵਿੱਚ ਆਈ ਹੈ ਇਸ ਦੇ ਬਾਰੇ ਤੁਸੀਂ ਤੇ ਅਪੋਜ਼ੀਸ਼ਨ ਦੇ ਲੀਡਰ ਜਿਸ ਤਰ੍ਹਾਂ ਚਾਹੋ ਵੇਖ ਲਉ ਅਤੇ ਕਮੇਟੀ ਬਣਾ ਦਿਉ । ਗੌਰਮੈਂਟ ਵਲੋਂ ਕੋਈ ਵੀ ਕਮੇਟੀ ਮੁਕੱਰਰ ਕਰ ਦਿੱਤੀ ਜਾਵੇ, ਕੋਈ ਸਾਬਕ ਜਾਂ ਐਕਟਿੰਗ ਜੱਜ ਮੁਕਰੱਰ ਕਰ ਦਿੱਤਾ ਜਾਵੇ ਭਾਵੇਂ ਪੰਜਾਬ ਤੋਂ ਬਾਹਰ ਦਾ ਹੋਵੇ ਅਤੇ ਉਸ ਨੂੰ ਇਨ੍ਹਾਂ ਮੇਰੇ ਖਿਲਾਫ ਲਾਏ ਚਾਰਜਿਜ਼ ਦੀ ਇਨਕੁਆਇਰੀ ਸੌਂਪ ਦਿੱਤੀ ਜਾਵੇ ਮੈਂ ਓਪਨ ਹਾਰਟ ਨਾਲ ਉਸ ਨੂੰ ਵੈਲਕਮ ਕਰਾਂਗਾ । ਮੈਨੂੰ ਕਿਸੇ ਕਿਸਮ ਦੀ ਕੋਈ ਘਬਰਾਹਟ ਨਹੀਂ ਅਤੇ ਕਿਸੇ ਤਰ੍ਹਾਂ ਦੀ ਵੀ ਜਾਂਚ ਕਰਵਾਏ ਜਾਣ ਵਿੱਚ ਕੋਈ ਇਤਰਾਜ਼ ਨਹੀਂ (ਪ੍ਰਸ਼ੰਸਾ) ਤੁਸੀਂ, ਅਪੋਜ਼ੀਸ਼ਨ ਲੀਡਰ, ਸਰਦਾਰ ਗੁਰਨਾਮ ਸਿੰਘ ਅਤੇ ਹੋਰ ਕਮੇਟੀ ਬਣਾਏ ਜਾਣ ਲਈ ਜ਼ਾਬਤਾ ਤੈ ਕਰ ਸਕਦੇ ਹੋ । ਮੈਨੂੰ ਇਨਕੁਆਇਰੀ ਕਰਾਏ ਜਾਣ ਵਿਚ ਕੋਈ ਇਤਰਾਜ਼ ਨਹੀਂ ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਆਪ ਦੀ ਇਜਾਜ਼ਤ ਨਾਲ ਇੰਨੀ ਅਰਜ਼ ਕਰਨਾ ਚਾਹੁੰਦਾ ਹਾਂ ਕਿ ਟੰਡਨ ਸਾਹਿਬ ਦੇ ਕਹਿਣ ਤੋਂ ਬਾਦ ਗੱਲ ਹੋਰ ਵੀ ਵਾਜ਼ਹ ਹੋ ਗਈ ਹੈ । ਵਜ਼ੀਰ ਖਜ਼ਾਨਾ ਵਲੋਂ ਕਲ੍ਹ ਇਨ੍ਹਾਂ ਦੇ ਬਾਰੇ ਸੀਰੀਅਸ ਚਾਰਜ ਲਗਾਏ ਗਏ ਸਨ ਅਤੇ ਇਨ੍ਹਾਂ ਨੇ ਅਕਾਲੀਆਂ ਦੇ ਬਾਰੇ ਕਿਹਾ ਸੀ । ਇਸ ਲਈ ਇਸ ਤਰ੍ਹਾਂ ਦੀਆਂ ਗੱਲਾਂ ਜੇਕਰ ਰਹਿਣ ਦਿਤੀਆਂ ਜਾਣ ਅਤੇ ਇਨ੍ਹਾਂ ਦੇ ਬਾਰੇ ਕਿਸੇ ਕਿਸਮ ਦੀ ਇਨਕੁਆਇਰੀ ਨਾ ਕੀਤੀ ਜਾਵੇ ਤਾਂ ਹਾਊਸ ਵਿਚ ਇਹ ਤਅਸੁਰ ਰਹਿਣਗੇ ਅਤੇ ਪੋਲੀਟੀਕਲ ਜ਼ਿੰਦਗੀ ਦਾ ਇਕ ਗੰਦਾ ਪਹਿਲੂ ਸਾਡੇ ਸਾਹਮਣੇ ਖੜ੍ਹਾ ਰਹੇਗਾ ਅਤੇ ਇਸ ਵਿਚ ਲੋਕਾਂ ਦਾ ਕੋਈ ਕਸੂਰ ਨਹੀਂ ਹੋਵੇਗਾ । ਇਲਜ਼ਾਮ ਇਕ ਦੂਜੇ ਤੇ ਲਗਾਏ ਗਏ ਹਨ ਅਤੇ ਜੇਕਰ ਇਨ੍ਹਾਂ ਨੂੰ ਨਾ ਵੇਖਿਆ ਜਾਵੇ ਤਾਂ ਇਹ ਕੋਈ ਚੰਗੀ ਗਲ ਨਹੀਂ ਹੋਵੇਗੀ ਅਤੇ ਸਾਰੇ ਮੈਂਬਰ ਸਾਹਿਬਾਨ ਤੇ ਇਸ ਗੱਲ ਦਾ ਅਕਸ ਪਏਗਾ ।

"ਖਤਾ ਉਨਕੀ ਹੈ ਹਮ ਸ਼ਰਮਸਾਰ ਹੁਏ ।"

ਇਸ ਲਈ ਇਨ੍ਹਾਂ ਗੱਲਾ ਦੀ ਜਾਂਚ ਕਰਨੀ ਜ਼ਰੂਰੀ ਹੈ । ਗੁਨਾਹ ਕੋਈ ਕਰੇ ਅਤੇ ਅਸਰ ਸਾਰਿਆਂ ਤੇ ਪਏ ਇਹ ਠੀਕ ਨਹੀਂ ।

"ਤੋਬਾ ਤੋਬਾ ਫਰੇਬ ਮੰਜ਼ਲ ਕੇ ਰਾਹਜ਼ਨ ਨੇ ਭੀ ਰਾਹਬਰੀ ਕੀ ।"

ਹਕੂਮਤ 9 ਮਹੀਨੇ ਕੀਤੀ ਜਾਂ ਡੇਢ ਸਾਲ ਕੀਤੀ ਅਤੇ ਉਸ ਵਿੱਚ ਇਸ ਤਰ੍ਹਾਂ ਦੀਆਂ ਗੱਲਾਂ ਹੋਣ ਤਾਂ ਇਸ ਵਿੱਚ ਸਾਰਿਆਂ ਦੀ ਬੇਇੱਜ਼ਤੀ ਹੈ । (ਵਿਘਨ)

Mr. Speaker : Please be brief.

ਸਰਦਾਰ ਕਿਰਪਾਲ ਸਿੰਘ : ਮੈਨੂੰ ਵੀ ਆਪਣੀ ਇੱਜ਼ਤ ਦਾ ਪਾਸ ਹੈ ਅਤੇ ਬਾਕੀ ਦੋਸਤਾਂ ਨੂੰ ਵੀ ਹੋਵੇਗਾ ਜੋ ਇਸ ਹਾਊਸ ਦੇ ਮੈਂਬਰ ਹਨ। ਬਾਕੀ ਦੋਸਤਾਂ ਨੂੰ ਵੀ ਇਸ ਤਰ੍ਹਾਂ ਦੇ ਚਾਰਜਿਜ਼ ਸੁਣ ਕ ਦੁਖ ਮਹਿਸੂਸ ਹੋਇਆ ਹੋਵੇਗਾ ਅਤੇ ਇਹ ਖਿਆਲ ਪੈਦਾ ਹੋਇਆ ਹੋਵੇਗਾ ਕਿ ਇਸ ਹਾਊਸ ਵਿੱਚ ਕਿਸੇ ਦੀ ਇੱਜ਼ਤ ਮਹਿਫੂਜ਼ ਨਹੀਂ । ਕੋਈ ਆਦਮੀ ਇਥੇ ਹਾਊਸ ਵਿੱਚ ਜਿਸ ਤੇ ਚਾਹੇ ਚਿੱਕੜ ਉਛਾਲ ਸਕਦਾ ਹੈ, ਹਾਊਸ ਵਿੱਚ ਗੱਲਾਂ ਕਰ ਸਕਦਾ ਹੈ । ਅਗਰ ਉਸ ਦੇ ਬਾਰੇ ਕੋਈ ਛਾਣ-ਬੀਣ ਨਾ ਕੀਤੀ ਜਾਵੇ ਅਤੇ ਟੈਕਨੀਕਲ ਫਲਾ ਦੇ ਬੇਸਿਜ਼ ਤੇ ਕਿਸੇ ਮੋਸ਼ਨ ਨੂੰ ਰੀਜੈਕਟ ਕਰ ਦਿੱਤਾ ਜਾਵੇ ਜਿਸ ਵਿੱਚ ਇਹ ਗੱਲ

Original with;
Punjab Vidhan Sabha
Digitized by;
Panjab Digital Library

ਸੁਜੈਸਟ ਕੀਤੀ ਗਈ ਹੋਵੇ ਕਿ ਇਸ ਹਾਊਸ ਦੀ ਕਮੇਟੀ ਬਣਾ ਦਿੱਤੀ ਜਾਵੇ ਜਿਹੜੀ ਕਿ ਐਲੀਗੇਸ਼ਨਜ਼ ਅਤੇ ਕਾਊਂਟਰ ਐਲੀਗੇਸ਼ਨਜ਼ ਦੀ ਪੜਤਾਲ ਕਰੇ ਅਤੇ ਆਪਣੀ ਰਿਪੋਰਟ ਹਾਊਸ ਵਿੱਚ ਪੇਸ਼ ਕਰੇ ਤਾਂ ਕਿ ਸਹੀ ਪੋਜ਼ੀਸ਼ਨ ਦਾ ਸਾਰਿਆਂ ਨੂੰ ਪਤਾ ਲਗ ਸਕੇ ਤਾਂ ਇਹ ਗੱਲ ਦਰੁਸਤ ਨਹੀਂ ਹੋਵੇਗੀ। ਇਸ ਲਈ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਕਿ ਤੁਹਾਡੇ ਤੋਂ ਅਸੀਂ ਸਾਰੇ ਇਨਸਾਫ਼ ਦੀ ਤਵੱਕੋ ਕਰਦੇ ਹਾਂ। ਇਕ ਫਰੀਕ ਨੇ ਤਾਂ, ਮੇਰਾ ਭਾਵ ਟੰਡਨ ਸਾਹਿਬ ਤੋਂ ਹੈ, ਇਹ ਕਹਿ ਦਿੱਤਾ ਹੈ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਕਿਸੇ ਕਮੇਟੀ ਦੇ ਬਣਾਏ ਜਾਣ ਵਿੱਚ ਕੋਈ ਇਤਰਾਜ਼ ਨਹੀਂ। ਇਸ ਤਰ੍ਹਾਂ ਸਰਦਾਰ ਬਲਵੰਤ ਸਿੰਘ ਜੀ ਦੀ ਕਾਂਸ਼ਸ ਗਿਲਟੀ ਰਹਿ ਜਾਵੇਗੀ, ਜੇਕਰ ਉਹ ਵੀ ਇਸ ਗੱਲ ਨੂੰ ਨਾ ਮੰਨ ਲੈਣ। ਇਸ ਲਈ ਉਨ੍ਹਾਂ ਨੂੰ ਵੀ ਉਠ ਕੇ ਕਹਿਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦੀ ਕਮੇਟੀ ਦੇ ਬਣਾਏ ਜਾਣ ਨੂੰ ਵੈਲਕਮ ਕਰਦੇ ਹਨ। ਉਨ੍ਹਾਂ ਨੇ ਇਨਡਾਇਰੈਕਟ ਵੇ ਨਾਲ ਗੱਲ ਕਹੀ ਸੀ ਅਤੇ ਮੈਂ ਸਮਝਦਾ ਹਾਂ ਕਿ ਸਿਧੇ ਜੇਕਰ ਕੋਈ ਚਾਰਜ ਉਨ੍ਹਾਂ ਤੇ ਨਾ ਵੀ ਲਗਾਇਆ ਗਿਆ ਹੋਵੇ ਫਿਰ ਵੀ ਇਹ ਉਨ੍ਹਾਂ ਦੀ ਜ਼ਾਤ ਤੇ ਇਕ ਰਿਫਲੈਕਸ਼ਨ ਆਂਦਾ ਹੈ, ਇਸ ਲਈ ਉਨ੍ਹਾਂ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਵੀ ਹਾਊਸ ਵਿਚ ਕਹਿਣ ਕਿ ਮੈਂ ਇਸ ਤਰ੍ਹਾਂ ਦੀ ਇਨਕੁਆਇਰੀ ਨੂੰ ਫੇਸ ਕਰਨ ਲਈ ਤਿਆਰ ਹਾਂ। ਫਿਰ 'ਮੀਆਂ ਬੀਵੀ ਰਾਜ਼ੀ ਤਾਂ ਕੀ ਕਰੇਗਾ ਕਾਜ਼ੀ।' ਤਾਂ ਫਿਰ ਤੁਹਾਨੂੰ ਸਪੀਕਰ ਸਾਹਿਬ, ਇਸ ਗੱਲ ਵਿੱਚ ਢਿਲ ਨਹੀਂ ਕਰਨੀ ਚਾਹੀਦੀ ਅਤੇ ਕਮੇਟੀ ਨੂੰ ਅਨਾਊਂਸ ਕਰ ਦੇਣਾ ਚਾਹੀਦਾ ਹੈ ਤਾਕਿ ਪੰਜਾਬ ਦੇ ਲੋਕਾਂ ਦੇ ਸਾਹਮਣੇ ਗੱਲਾਂ ਸਪਸ਼ਟ ਹੋ ਸਕਣ ਅਤੇ ਉਨ੍ਹਾਂ ਦੇ ਦਿਲਾਂ ਵਿੱਚ ਜੋ ਕੋਈ ਸ਼ੱਕ ਅਤੇ ਭੁਲੇਖੇ ਪੈ ਗਏ ਹਨ ਉਹ ਦੂਰ ਹੋ ਜਾਣਗੇ।

"ਤੁਮਹੇਂ ਹਰ ਮੋੜ ਪਰ ਰਹਬਰ ਸੇ ਬਚ ਕੇ ਚਲਨਾ ਹੋਗਾ।
ਕਿਉਂ ਕਿ ਹਰ ਮੋੜ ਪੇ ਇਕ ਰਾਹਜ਼ਨ ਕੋ ਛੋੜ ਆਏ ਹੈਂ।"

ਇਸ ਲਈ ਹਾਊਸ ਇਸ ਗੱਲ ਦਾ ਤਕਾਜ਼ਾ ਕਰਦਾ ਹੈ ਕਿ ਕਮੇਟੀ ਬਣਾ ਦਿੱਤੀ ਜਾਵੇ ਅਤੇ ਉਹ ਸੱਚ ਝੂਠ ਨਿਖੇੜ ਕੇ ਰੱਖ ਦੇਵੇ। ਸਰਦਾਰ ਬਲਵੰਤ ਸਿੰਘ ਜੀ ਵੀ ਕਹਿ ਦੇਣ ਕਿ ਉਨ੍ਹਾਂ ਨੂੰ ਕਮੇਟੀ ਪਰਵਾਨ ਹੈ ਅਤੇ ਆਪ ਸਪੀਕਰ ਸਾਹਿਬ, ਹੁਣੇ ਹੀ ਇਸ ਕਮੇਟੀ ਦੀ ਤਸ਼ਕੀਲ ਕਰ ਦਿਓ। ਜੇਕਰ ਮੋਸ਼ਨ ਵਿੱਚ ਕੋਈ ਨੁਕਸ ਰਹਿ ਗਿਆ ਹੈ ਤਾਂ ਉਸ ਨੂੰ ਦੂਰ ਕੀਤਾ ਜਾ ਸਕਦਾ ਹੈ ਅਤੇ ਤੁਸੀਂ ਹੀ ਇਨਸਾਫ ਦੇਣ ਵਾਲੇ ਹੋ। ਤੁਹਾਨੂੰ ਇਨਹੈਰੰਟ ਪਾਵਰਜ਼ ਹਨ, ਜਿਨ੍ਹਾਂ ਨੂੰ ਤੁਸੀਂ ਇਸਤੇਮਾਲ ਕਰ ਸਕਦੇ ਹੋ ਅਤੇ ਮੈਨੂੰ ਆਸ ਹੈ ਕਿ ਤੁਸੀਂ ਆਪਣੀਆਂ ਪਾਵਰਜ਼ ਦਾ ਇਸਤੇਮਾਲ ਕਰਦੇ ਹੋਏ ਦਲੇਰੀ ਨਾਲ ਇਹ ਕਮੇਟੀ ਐਨਾਊਂਸ ਕਰ ਦਿਉਗੇ।

ਸਰਦਾਰ ਬਸੰਤ ਸਿੰਘ ਡਕਾਲਾ: ਸਪੀਕਰ ਸਾਹਿਬ, ਤੁਹਾਡੀ ਜੋ ਰੂਲਿੰਗ ਹੋਵੇ ਉਸ ਦਾ ਸਾਨੂੰ ਪੂਰਾ ਅਹਿਤਰਾਮ ਹੈ। ਪਰ ਇਹ ਤੁਹਾਡੀ ਪਲੀ ਜਚਦੀ ਨਹੀਂ ਕਿ ਮੋਸ਼ਨ ਠੀਕ ਨਹੀਂ ਸੀ। ਸਵਾਲ ਇਥੇ ਪਰੋਸੀਜਰ ਦਾ ਨਹੀਂ, ਸਵਾਲ ਇਥੇ ਕਿਸੇ ਪ੍ਰੈਸੀਡੈਂਸ ਦਾ ਨਹੀਂ, ਸਵਾਲ ਹੈ ਰੀਜ਼ਨੇਬਲ ਕੋਰਸ ਆਫ ਐਕਸ਼ਨ ਦਾ ਅਤੇ ਇਹ ਜਿਹੜਾ ਕਦਮ ਉਠਾਇਆ ਜਾਵੇਗਾ ਇਹ ਡੈਫੀਨਿਟਲੀ ਲੀਗਲ ਹਿਸਟਰੀ ਦਾ ਇਕ ਹਿਸਾ ਬਣੇਗਾ। ਲੀਗਲ ਹਿਸਟਰੀ ਇਥੇ ਹੀ ਲਿਖੀ ਜਾਂਦੀ ਹੈ। ਇਸ ਲਈ ਇਹ ਸਾਰੇ ਹਾਊਸ ਦੀ ਜਿਹੜੀ ਮੰਗ ਹੈ ਇਸ ਨੂੰ ਪਰਵਾਨ ਕਰਨਾ ਚਾਹੀਦਾ ਹੈ। (ਵਿਘਨ)

ਸ੍ਰੀ ਸਪੀਕਰ: ਇਸ ਦੇ ਬਾਰੇ ਵਿੱਚ ਕੋਈ ਗਲਤ ਫਹਿਮੀ ਕਿਤੇ ਪੈਦਾ ਨਾ ਹੋ ਜਾਵੇ, ਮੈਂ ਮੈਂਬਰ ਸਾਹਿਬਾਨ ਦਾ ਧਿਆਨ ਰੂਲ 196 ਵਲ ਦਿਵਾਉਂਦਾ ਹਾਂ ਉਸ ਵਿੱਚ ਇਹ ਲਿਖਿਆ ਹੋਇਆ ਹੈ—(Lest there be some misunderstanding about it, I would like

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

to draw the attention of the hon. Members to Rule 196 wherein it has been stated :

> 196 (a) "It shall be clearly and precisely expressed, and shall raise substantially one definite issue."

Chaudhri Balbir Singh : You can correct the Motion.

ਸਰਦਾਰ ਬਸੰਤ ਸਿੰਘ : ਸਾਨੂੰ ਓਰਿਜਨੈਲੇਟੀ ਡਿਸਪਲੇ ਕਰਨੀ ਚਾਹੀਦੀ ਹੈ ਇਹ ਹਾਊਸ ਇਕ ਸੁਪਰੀਮ ਬਾਡੀ ਅਤੇ ਇਸ ਦੇ ਸਾਹਮਣੇ ਇਕ ਸਿਚੂਏਸ਼ਨ ਆਈ ਹੈ ਤਾਂ ਅਸੀਂ ਜੇਕਰ ਉਸ ਦਾ ਫੈਸਲਾ ਨਹੀਂ ਕਰਦੇ ਤਾਂ ਇਹ ਠੀਕ ਨਹੀਂ ਹੋਵੇਗਾ । ਸਾਨੂੰ ਉਹ ਸਟੈਪਸ ਲੈਣੇ ਚਾਹੀਦੇ ਹਨ ਜਿਹੜੇ ਕਿ ਬਾਕੀ ਦੋਸਤਾਂ ਨੇ ਸੁਜੈਸਟ ਕੀਤੇ ਹਨ । ਇਹ ਠੀਕ ਹੈ ਕਿ ਇਸ ਹਾਊਸ ਵਿੱਚ ਇਮਯੂਨਿਟੀ ਆਫ ਸਪੀਚ ਹੈ ਪਰ ਜਦ ਕੋਈ ਕੰਪਲੇਂਟ ਆ ਜਾਂਦੀ ਹੈ ਤਾਂ ਉਸ ਨੂੰ ਵੈਰੀਫਾਈ ਕਰਨਾ ਹਾਊਸ ਦਾ ਫਰਜ਼ ਬਣ ਜਾਂਦਾ ਹੈ ਨਹੀਂ ਤਾਂ ਹਾਊਸ ਦੀ ਰਿਸਪੈਕਟੇਬਿਲਿਟੀ ਤੇ ਅਸਰ ਪਏਗਾ ਇਸ ਤਰ੍ਹਾਂ ਰੈਕਲੈਸਲੀ ਇਕ ਦੂਜੇ ਤੇ ਹਾਊਸ ਵਿੱਚ ਚਾਰਜਿਜ਼ ਲਗਾਏ ਜਾਣ ਤਾਂ ਉਸ ਦੀ ਰੋਕਥਾਮ ਹੋਣੀ ਚਾਹੀਦੀ ਹੈ । ਇਹ ਚਾਰਜਿਜ਼ ਰੋਜ਼ੇ ਰੌਸ਼ਨ ਵਿੱਚ ਲਗਾਏ ਗਏ, ਮੈਂਬਰਾਂ ਨੂੰ ਲਗਾਏ ਅਤੇ ਇਸ ਹਾਊਸ ਵਿੱਚ ਲਗਾਏ । ਇਸ ਲਈ ਇਨ੍ਹਾਂ ਤੇ ਚੁਪ ਕਰਕੇ ਨਹੀਂ ਬੈਠਿਆ ਜਾ ਸਕਦਾ । ਇਨ੍ਹਾਂ ਨੂੰ ਸਾਰਿਆਂ ਨੇ ਸੁਣਿਆ । ਫਿਰ ਇਨ੍ਹਾਂ ਦੇ ਬਾਰੇ ਇਹ ਕਹਿ ਦਿੱਤਾ ਜਾਵੇ ਕਿ ਕੋਈ ਪ੍ਰੈਸੀਡੈਂਟ ਨਹੀਂ ਅਤੇ ਕੋਈ ਚੀਜ਼ ਡੀਬਾਰ ਕਰਦੀ ਹੈ ਇਸ ਤਰ੍ਹਾਂ ਦੀ ਕੋਈ ਕਮੇਟੀ ਬਣਾਈ ਜਾਵੇ, ਤਾਂ ਫਿਰ ਦਸੋ ਕਿ ਹਾਊਸ ਦੀ ਸੁਪਰੀਮੇਸੀ ਕਿਥੇ ਰਹਿ ਜਾਂਦੀ ਹੈ ਅਤੇ ਆਪ ਦੀ ਜੋ ਇਸ ਤਰ੍ਹਾਂ ਦੀ ਰੂਲਿੰਗ ਹੈ ਉਹ ਮੈਂ ਸਮਝਦਾ ਹਾਂ ਕਿ ਹਾਊਸ ਦੀ ਸੁਪਰੀਮੇਸੀ ਨੂੰ ਵਾਇਓਲੇਟ ਕਰਦੀ ਹੈ ਅਤੇ ਬਰੀਚ ਕਰਦੀ ਹੈ । ਇਸ ਲਈ ਇਸ ਤਰ੍ਹਾਂ ਦੀ ਕਮੇਟੀ ਬਨਾਣ ਵਿੱਚ ਜਿਸ ਤਰ੍ਹਾਂ ਕਿ ਸਾਰੇ ਹਾਊਸ ਨੇ ਮੰਗ ਕੀਤੀ ਹੈ ਝਕਣ ਦੀ ਲੋੜ ਨਹੀਂ । (ਵਿਘਨ)

Mr. Speaker : The House can exercise its supremacy within the provisions of the Constitution and not beyond the Constitution.

Sardar Basant Singh : It is not unconstitutional ; it is wholly constitutional, wholly legal, wholly within the ambit of this House.

ਮੈਂ ਹੈਰਾਨ ਹਾਂ ਕਿ ਕਿਸ ਤਰ੍ਹਾਂ ਇਹ ਕੰਮ ਕੀਤਾ ਜਾ ਰਿਹਾ ਹੈ, ਮੇਰੀ ਸਮਝ ਵਿੱਚ ਨਹੀਂ ਆਉਂਦਾ । ਸਰਦਾਰ ਕਿਰਪਾਲ ਸਿੰਘ ਹੋਰਾਂ ਨੇ ਕਿਹਾ ਹੈ ਕਿ ਸਰਦਾਰ ਬਲਵੰਤ ਸਿੰਘ ਵੀ ਦਲੇਰੀ ਦਿਖਾਣ ਅਤੇ ਕਹਿਣ ਕਿ ਉਨ੍ਹਾਂ ਨੂੰ ਵੀ ਇਹ ਕਮੇਟੀ ਮਨਜ਼ੂਰ ਹੈ ਇਸ ਹਾਊਸ ਦੇ ਕੰਮ ਵਿੱਚ ਓਰਿਜਨੈਲੇਟੀ ਆਵੇ । ਉਨ੍ਹਾਂ ਨੂੰ ਆਪਣੇ ਆਪ ਆਫਰ ਕਰਨਾ ਚਾਹੀਦਾ ਹੈ ਕਿ ਜਿਹੜੇ ਵੀ ਚਾਰਜਿਜ਼ ਹਾਊਸ ਵਿਚ ਲਗਾਏ ਗਏ ਹਨ ਇਨ੍ਹਾਂ ਨੂੰ ਇਨਕੁਆਇਰੀ ਇਨਟੂ ਕਰਨਾ ਚਾਹੀਦਾ ਹੈ । ਜੇਕਰ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ ਤਾਂ ਹਾਊਸ ਦੀ ਸੁਪਰੀਮੇਸੀ ਦੇ ਕੀ ਲੰਮੇ ਚੌੜੇ ਮਹੀਨੇ ਰਹਿ ਜਾਂਦੇ ਹਨ । ਜਿਹੜੀ ਮੋਸ਼ਨ ਹਾਊਸ ਵਿਚ ਪੇਸ਼ ਹੈ, ਮੈਂ ਇਨ੍ਹਾਂ ਅਖਰਾਂ ਨਾਲ ਉਸ ਦੀ ਤਾਈਦ ਕਰਦਾ ਹਾਂ ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਸਪੀਕਰ ਸਾਹਿਬ, ਇਸ ਹਾਊਸ ਦੇ ਵਿੱਚ ਕੁਝ ਮੈਂਬਰ ਸਾਹਿਬਾਨ ਨੇ ਮੇਰੇ ਮੁਤਾਲਿਕ ਕੁਝ ਗਲਤ ਐਟੀਚੀਊਡ ਲਿਆ ਹੈ । ਆਨਰੇਬਲ ਮੈਂਬਰ ਸ੍ਰੀ ਟੰਡਨ ਸਾਹਿਬ ਨੇ ਜਿਹੜਾ ਕਲ੍ਹ ਐਕਸਪਲੇਨੇਸ਼ਨ ਦਿੱਤਾ ਸੀ ਉਸ ਉਤੇ ਬੋਲਦਿਆਂ ਇਨ੍ਹਾਂ ਨੇ ਮੇਰੇ ਉਤੇ ਵੀ ਕੁਝ ਪਰਸਨਲ ਚਾਰਜਿਜ਼ ਲਾਏ ਸੀ । ਇਹ ਗੱਲ ਸਿਰਦਾਰ ਕਪੂਰ ਸਿੰਘ ਹੋਰਾਂ ਨੇ ਵੀ ਆਪਣੀ

Original with;
Punjab Vidhan Sabha
Digitized by;
Panjab Digital Library

ਤਕਰੀਰ ਕਰਦਿਆਂ ਹੋਇਆਂ ਕਹੀ ਸੀ ਪਰ ਮੈਂ ਇਹ ਗੱਲ ਸਾਰੇ ਹਾਊਸ ਦੀ ਵਾਕਫੀਅਤ ਲਈ ਕਹਿ ਦੇਣੀ ਚਾਹੁੰਦਾ ਹਾਂ ਕਿ ਆਨਰੇਬਲ ਮੈਂਬਰ ਨੇ ਜਿਹੜੇ ਵੀ ਪਰਸਨਲ ਚਾਰਜਿਜ਼ ਲਗਾਏ ਹਨ ਮੈਂ ਉਨ੍ਹਾਂ ਦੀ ਹਰ ਕਿਸਮ ਦੀ ਇਨਕੁਆਇਰੀ ਕਰਾਉਣ ਦੇ ਵਾਸਤੇ ਤਿਆਰ ਹਾਂ। ਜਿਹੜੀ ਵੀ ਚੀਫ ਮਨਿਸਟਰ ਸਾਹਿਬ ਚਾਹੁਣ, ਕਮੇਟੀ ਮੁਕਰੱਰ ਕਰਨ, ਮੈਂ ਫੇਸ ਕਰਨ ਲਈ ਤਿਆਰ ਹਾਂ। ਮੈਂ ਜਿਹੜੇ ਚਾਰਜਿਜ਼ ਲਗਾਏ ਸਨ, ਉਹ ਮੈਂ ਇਨ੍ਹਾਂ ਨੂੰ ਕੋਈ ਪਰਸਨਲ ਗੱਲ ਨਹੀਂ ਕਹੀ ਬਲਕਿ ਇੰਡਸਟਰੀਅਲ ਡੀਪਾਰਟਮੈਂਟ ਦੀ ਵਰਕਿੰਗ ਦੇ ਮੁਤਾਲਿਕ ਕਹੀ ਸੀ। ਮੈਂ ਇਹ ਕਿਹਾ ਸੀ ਕਿ ਇੰਡਸਟਰੀ ਡੀਪਾਰਟਮੈਂਟ ਦੇ ਵਿੱਚ ਨੈਪੋਟਿਜ਼ਮ ਚਲਦੀ ਹੈ। ਇਹ ਗੱਲ ਮੈਂ ਵਾਜ਼ਿਹ ਕਰਨ ਦੀ ਕੋਸ਼ਸ਼ ਵੀ ਕੀਤੀ ਸੀ। ਮੈਂ ਕਹਿੰਦਾ ਹਾਂ, ਭਾਵੇਂ ਕਿਸੇ ਵੀ ਮੈਂਬਰ ਨੂੰ ਮੇਰੇ ਖਿਲਾਫ਼ ਕੋਈ ਪਰਸਨਲ ਸ਼ਕਾਇਤ ਹੈ, ਉਹ ਬੜੀ ਖੁਸ਼ੀ ਨਾਲ ਲਿਆਵੇ, ਮੈਂ ਫੇਸ ਕਰਨ ਲਈ ਤਿਆਰ ਹਾਂ।

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਬੀਮਾਰੀ ਦੀ ਵਜ੍ਹਾ ਨਾਲ ਕਲ੍ਹ ਹਾਊਸ ਤੋਂ ਗ਼ੈਰ ਹਾਜ਼ਰ ਰਿਹਾ। ਪਰ ਹਾਊਸ ਵਿੱਚ ਜੋ ਐਲੀਗੇਸ਼ਨਜ਼ ਅਤੇ ਕਾਊਂਟਰ ਐਲੀਗੇਸ਼ਨਜ਼ ਲਗਾਏ ਗਏ ਹਨ, ਮੈਂ ਉਨ੍ਹਾਂ ਤੋਂ ਚੰਗੀ ਤਰ੍ਹਾਂ ਜਾਣੂ ਹਾਂ। ਜਿਥੋਂ ਤਕ ਕੁਰੱਪਸ਼ਨ ਨੂੰ ਦੂਰ ਕਰਨ ਦਾ ਸਵਾਲ ਹੈ ਇਹ ਮੇਰੀ ਸਭ ਤੋਂ ਅਗੇ ਰਾਏ ਹੋਵੇਗੀ ਕਿ ਕੁਰੱਪਸ਼ਨ ਛੇਤੀ ਤੋਂ ਛੇਤੀ ਖਤਮ ਹੋਣੀ ਚਾਹੀਦੀ ਹੈ। ਇਹ ਮਸਲਾ ਕਿਸ ਤਰ੍ਹਾਂ ਹਲ ਕੀਤਾ ਜਾਵੇ। ਇਕ ਤਾਂ ਮੇਰੀ ਰਾਏ ਇਹ ਹੈ ਕਿ ਸਾਰੇ ਮੁਆਮਲਿਆਂ ਦੀ ਲਾਜ਼ਮੀ ਤੌਰ ਤੇ ਇਨਕੁਆਇਰੀ ਹੋਣੀ ਚਾਹੀਦੀ ਹੈ। ਜਿਸ ਕਿਸੇ ਨੇ ਵੀ ਇਨਕੁਆਇਰੀ ਕਰਨੀ ਹੋਵੇ, ਉਸ ਤੇ ਇਕਲੀ ਗਵਰਮੈਂਟ ਦਾ ਹਥ ਨਹੀਂ ਹੋਣਾ ਚਾਹੀਦਾ। ਇਸ ਵਿੱਚ ਸਪੀਕਰ ਸਾਹਿਬ ਵੀ ਬੈਠਣ ਅਤੇ ਲੀਡਰ ਆਫ ਅਪੋਜ਼ੀਸ਼ਨ ਵੀ ਬੈਠਣ, ਜੋ ਹੋਰ ਕੋਈ ਸੱਜਣ ਵੀ ਹਿੱਸਾ ਲੈਣਾ ਚਾਹੁਣ, ਉਨ੍ਹਾਂ ਨੂੰ ਵੀ ਨਾਲ ਸ਼ਾਮਲ ਕਰਨ। ਉਨ੍ਹਾਂ ਸਾਰੇ ਮੁਆਮਲਿਆਂ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਜਿਹੜੇ ਵੀ ਇਸ ਹਾਊਸ ਦੇ ਵਿੱਚ ਉਠਾਏ ਗਏ ਹਨ।

ਕੈਪਟਨ ਰਤਨ ਸਿੰਘ: ਜੋ ਕੁਝ ਵੀ ਲੀਡਰ ਆਫ ਦੀ ਹਾਊਸ ਨੇ ਕਿਹਾ ਹੈ ਸਾਡੀ ਇਸ ਦੇ ਨਾਲ ਸਹਿਮਤੀ ਹੈ, ਸਾਨੂੰ ਇਸ ਤੇ ਕੋਈ ਇਤਰਾਜ਼ ਨਹੀਂ, ਜਿਸ ਤਰ੍ਹਾਂ ਵੀ ਤੁਸੀਂ ਸਮਝੋ ਮੁਨਾਸਿਬ ਇਨਕੁਆਇਰੀ ਕਰਾਈ ਜਾਵੇ।

ਸਰਦਾਰ ਗੁਰਨਾਮ ਸਿੰਘ: ਸਪੀਕਰ ਸਾਹਿਬ, ਮੈਂ ਆਪ ਦਾ ਜ਼ਿਆਦਾ ਸਮਾਂ ਲੈਣਾ ਨਹੀਂ ਚਾਹੁੰਦਾ......(ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ: ਆਨ ਏ ਪੁਆਇੰਟ ਆਫ ਆਰਡਰ, ਸਰ। ਕੀ ਕੋਈ ਆਨਰੇਬਲ ਮੈਂਬਰ ਆਪਣੀ ਸੀਟ ਤੋਂ ਇਲਾਵਾ ਕਿਸੇ ਹੋਰ ਜਗ੍ਹਾ ਤੋਂ ਬੋਲ ਸਕਦਾ ਹੈ ?

ਸ੍ਰੀ ਸਪੀਕਰ: ਉਹ ਬੋਲ ਸਕਦੇ ਹਨ, ਮੈਂ ਪਰਮਿਸ਼ਨ ਦਿੱਤੀ ਹੈ। (He can speak, since he has been permitted to do so.)

ਸਰਦਾਰ ਗੁਰਨਾਮ ਸਿੰਘ: ਮੈਂ ਅਰਜ਼ ਕੀਤੀ ਸੀ ਕਿ ਮੈਂ ਜ਼ਿਆਦਾ ਸਮਾਂ ਨਹੀਂ ਲੈਣਾ। ਇਸ ਮੁਆਮਲੇ ਤੇ ਬਹੁਤ ਸਾਰੇ ਆਨਰੇਬਲ ਮੈਂਬਰ ਸਾਹਿਬਾਨ ਬੋਲੇ ਹਨ, ਉਨ੍ਹਾਂ ਸਾਰਿਆਂ ਤੋਂ ਬਾਅਦ ਲੀਡਰ ਆਫ ਦੀ ਹਾਊਸ ਨੇ ਸਾਰਾ ਮੁਆਮਲਾ ਹੀ ਕਲੀਅਰ ਕਰ ਦਿੱਤਾ ਹੈ। ਸਵਾਲ ਇਹ ਹੈ ਕਿ ਐਲੀਗੇਸ਼ਨਜ਼ ਹਾਊਸ ਦੇ ਅੰਦਰ ਲਗਾਏ ਗਏ ਜਾਂ ਬਾਹਰ ਲਗਾਏ ਗਏ। ਪਰ ਇਸ ਹਾਊਸ ਦੇ ਅੰਦਰ ਜਿਤਨੇ ਐਲੀਗੇਸ਼ਨਜ਼ ਲਗਾਏ ਗਏ ਹਨ, ਉਹ ਸਾਰੇ ਦੇ ਸਾਰੇ ਮੈਂਬਰ ਨੂੰ......(ਵਿਘਨ)

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਜੀ ਕਿ ਜਦੋਂ ਸਰਦਾਰ ਗੁਰਨਾਮ ਸਿੰਘ ਚੀਫ ਮਨਿਸਟਰ ਸਨ ਤਾਂ ਇਨ੍ਹਾਂ ਦੇ ਖਿਲਾਫ ਸਾਢੇ ਚਾਰ ਕਰੋੜ ਰੁਪਏ ਦੀ ਰਕਮ ਬਾਰੇ ਇਲਜ਼ਾਮ ਲਗਾਏ ਸਨ, ਪਰ ਇਹ ਉਸ ਵੇਲੇ ਵੀ ਰੀਜ਼ਾਈਨ ਕਰਨ ਨੂੰ ਤਿਆਰ ਨਹੀਂ ਸੀ ਹੋਏ......(ਵਿਘਨ)

ਸਰਦਾਰ ਗੁਰਨਾਮ ਸਿੰਘ : ਜਿਥੋਂ ਤੱਕ ਮੇਰਾ ਤੁਅੱਲਕ ਹੈ, ਮੇਰਾ ਰਿਕਾਰਡ ਸ਼ੀਸ਼ੇ ਵਰਗਾ ਹੈ । ਕੋਈ ਇਨਕੁਆਇਰੀ ਹੋਵੇ ਮੈਂ ਹਰ ਤਰ੍ਹਾਂ ਨਾਲ ਉਸ ਨੂੰ ਫੇਸ ਕਰਨ ਲਈ ਤਿਆਰ ਹਾਂ । ਇਹ ਭਾਵੇਂ ਇਸ ਹਾਊਸ ਤੋਂ ਕਰਾਓ, ਹਾਈ ਕੋਰਟ ਤੋਂ ਕਰਾਓ, ਭਾਵੇਂ ਸੁਪਰੀਮ ਕੋਰਟ ਦੇ ਜੱਜਾਂ ਤੋਂ ਕਰਾਓ । ਮੈਂ ਹਰ ਹਾਲਤ ਦੇ ਵਿਚ ਤਿਆਰ ਹਾਂ । ਜਿਹੜੇ ਪੈਸੇ ਲਏ ਹਨ ਉਨ੍ਹਾਂ ਦਾ ਮੈਨੂੰ ਪਤਾ ਹੈ (ਇਕ ਮਾਨਯੋਗ ਮੈਂਬਰ : ਫੇਰ ਬੇਲ ਕਿਉਂ ਕਰਾਈ ਸੀ ?) ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ, ਕਿ ਇਸ ਹਾਊਸ ਦੇ ਅੰਦਰ ਚਾਰਜਿਜ਼ ਲਗੇ ਹਨ । ਖੁਦ ਫਾਈਨੈਂਸ ਮਨਿਸਟਰ ਨੇ ਕਿਹਾ ਕਿ ਮੇਰੇ ਖਿਲਾਫ ਟੰਡਨ ਸਾਹਿਬ ਨੇ ਚਾਰਜਿਜ਼ ਲਗਾਏ ਹਨ । ਉਨ੍ਹਾਂ ਨੇ ਇਹ ਵੀ ਕਿਹਾ ਕਿ ਮੈਂ ਇਨਕੁਆਇਰੀ ਫੇਸ ਕਰਨ ਲਈ ਤਿਆਰ ਹਾਂ । ਟੰਡਨ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਮਨਿਸਟੀਰੀਅਲ ਲੈਵਲ ਤੇ ਬੜੀ ਭਾਰੀ ਕੁਰੱਪਸ਼ਨ ਸੀ, ਇਸ ਕਰਕੇ ਮੈਨੂੰ ਅਤੇ ਮੇਰੀ ਪਾਰਟੀਨੂੰ ਰੀਜ਼ਾਈਨ ਕਰਨਾ ਪਿਆ । ਮੈਨੂੰ ਇਸ ਗੱਲ ਵਲ ਵੀ ਜਾਣ ਦੀ ਲੋੜ ਨਹੀਂ ਕਿ ਹਾਊਸ ਦੇ ਅੰਦਰ ਕੀ ਐਲੀਗੇਸ਼ਨਜ਼ ਲਗਾਏ ਗਏ, ਪਰ ਇਹ ਗੱਲ ਮੈਂਬਰ ਸਾਹਿਬਾਨ ਦੇ ਇੰਟਰੈਸਟ ਦੇ ਵਿੱਚ ਹੈ ਕਿ ਜੋ ਵੀ ਹਾਊਸ ਦੀ ਕਮੇਟੀ ਬਣੇ, ਉਹ ਮੈਂਬਰ ਸਾਹਿਬਾਨ ਨੂੰ ਸੈਟਿਸਫਾਈ ਕਰ ਦੇਵੇ । ਚਾਰਜਿਜ਼ ਭਾਵੇਂ ਠੀਕ ਹਨ ਜਾਂ ਗਲਤ ਉਨ੍ਹਾਂ ਦੀ ਸਕਰੂਟਨੀ ਤਾਂ ਉਸ ਕਮੇਟੀ ਨੇ ਕਰਨੀ ਹੈ ਜਿਹੜੀ ਬਣਨੀ ਹੈ । ਅਗਰ ਹਾਊਸ ਇਸ ਨਤੀਜੇ ਤੇ ਪਹੁੰਚ ਜਾਵੇ ਕਿ ਚਾਰਜਿਜ਼ ਠੀਕ ਹਨ, ਤਾਂ ਪ੍ਰਾਈਮਾਫੇਸ਼ਾਈ ਕੇਸ ਬਣਾ ਕੇ, ਉਨ੍ਹਾਂ ਦੇ ਖਿਲਾਫ ਲੀਗਲ ਐਕਸ਼ਨ ਲੈਣਾ ਚਾਹੀਦਾ ਹੈ । ਸਰਦਾਰ ਪਰਤਾਪ ਸਿੰਘ ਕੈਰੋਂ ਦੇ ਖਿਲਾਫ ਐਲੀਗੇਸ਼ਨਜ਼ ਲਗਾਏ ਗਏ ਸਨ । ਉਸ ਨੇ ਕਿਹਾ ਸੀ ਕਿ ਮੈਂ ਚਾਰਜਿਜ਼ ਦੀ ਇਨਕੁਆਇਰੀ ਕਰਾਉਣ ਲਈ ਤਿਆਰ ਹਾਂ । ਆਖਿਰ ਕਮਿਸ਼ਨ ਮੁਕੱਰਰ ਹੋਇਆ ਜਿਸ ਦਾ ਸਭ ਸਾਹਿਬਾਨ ਨੂੰ ਪਤਾ ਹੈ । ਇਥੇ ਇਸ ਤਰ੍ਹਾਂ ਹਾਊਸ ਦੇ ਵਿੱਚ ਚਾਰਜਿਜ਼ ਲਗਦੇ ਰਹੇ, ਜਿਨ੍ਹਾਂ ਨੂੰ ਮੈਂ ਦੁਹਰਾਉਣਾ ਵੀ ਏਥੇ ਮੁਨਾਸਿਬ ਨਹੀਂ ਸਮਝਦਾ ਅਸੀਂ ਸਾਰੇ ਹੀ ਸਦਨ ਦੇ ਜ਼ੁਮੇਵਾਰ ਮੈਂਬਰਜ਼ ਹਾਂ, ਸਾਨੂੰ ਸਾਰਿਆਂ ਨੂੰ ਹੀ ਬੜੇ ਸੋਚ ਵਿਚਾਰ ਕੇ ਆਪਣਾ ਮੂੰਹ ਖੋਲ੍ਹਣਾ ਚਾਹੀਦਾ ਹੈ । ਹੁਣ ਜੇਕਰ ਚਾਰਜਿਜ਼ ਹਨ ਤਾਂ ਉਨ੍ਹਾਂ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ । ਸਪੀਕਰ ਸਾਹਿਬ, ਜੇ ਇਸ ਮੋਸ਼ਨ ਦੇ ਵਿੱਚ ਕੋਈ ਟੈਕਨੀਕਲ ਡੀਫੈਕਟ ਸਮਝਦੇ ਹਨ ਤਾਂ ਉਨ੍ਹਾਂ ਨੂੰ ਇਹ ਅਮੈਂਡਿਡ ਫਾਰਮ ਵਿੱਚ ਠੀਕ ਕਰਵਾ ਲੈਣੀ ਚਾਹੀਦੀ ਹੈ । ਇਕ ਮੋਸ਼ਨ ਇਸ ਤਰ੍ਹਾਂ ਦੀ ਸਰਦਾਰ ਉਮਰਾਓ ਸਿੰਘ ਹੋਰਾਂ ਨੇ ਵੀ ਦਿੱਤੀ ਹੈ । ਹਰ ਹਾਲਤ ਵਿੱਚ ਇਨਕੁਆਇਰੀ ਕਮੇਟੀ ਸਪੀਕਰ ਸਾਹਿਬ ਵੱਲੋਂ ਨਾਮੀਨੇਟ ਹੋਣੀ ਚਾਹੀਦੀ ਹੈ । ਬਹੁਤ ਸਾਰਾ ਮਸਲਾ ਤਾਂ ਲੀਡਰ ਆਫ ਦੀ ਹਾਊਸ ਨੇ ਇਹ ਹੀ ਹਲ ਕਰ ਦਿੱਤਾ ਹੈ । ਉਨ੍ਹਾਂ ਨੇ ਖੁਦ ਮੰਨ ਲਿਆ ਹੈ ਕਿ ਮੈਨੂੰ ਕੋਈ ਇਤਰਾਜ਼ ਨਹੀਂ ਜੇਕਰ ਹਾਊਸ ਦੀ ਇਸ ਤਰ੍ਹਾਂ ਦੀ ਕੋਈ ਕਮੇਟੀ ਬਣਾ ਦਿੱਤੀ ਜਾਵੇ । ਇਹ ਕਮੇਟੀ ਇਸ ਹਾਊਸ ਦੀ ਮੁਤਾਬਿਕ ਤੌਰ ਤੇ ਬਣਾਈ ਹੋਈ ਹੋਵੇ ਜਿਸ ਨੂੰ ਕਿ ਸਪੀਕਰ ਸਾਹਿਬ ਮੁਕੱਰਰ ਕਰਨ ।

ਸਰਦਾਰ ਕਪੂਰ ਸਿੰਘ : ਮਾਨਯੋਗ ਸਪੀਕਰ ਸਾਹਿਬ, ਸਾਰੇ ਸਦਨ ਦੇ ਮੈਂਬਰ ਸਾਹਿਬਾਨ ਨੇ, ਭਾਵੇਂ ਘਟ ਭਾਵੇਂ ਵਧ, ਇਸ ਗੱਲ ਦੀ ਸਹਿਮਤੀ ਦਿੱਤੀ ਹੈ ਕਿ ਇਹ ਕਮੇਟੀ ਬਣਨੀ ਚਾਹੀਦੀ ਹੈ । ਇਸ ਵਿੱਚ ਸਾਰੀਆਂ ਪਾਰਟੀਆਂ ਦੇ ਲੀਡਰ ਸਾਹਿਬਾਨ ਅਤੇ ਹੋਰ ਜਿਸ ਕਿਸੇ ਨੂੰ ਵੀ ਤੁਸੀਂ ਮੁਨਾਸਿਬ ਸਮਝੋ, ਲੈ ਲੈਣਾ ਚਾਹੀਦਾ ਹੈ (ਇਕ ਮਾਨਯੋਗ ਮੈਂਬਰ : ਇਸ ਵਿੱਚ ਪੰਜ ਕੌਂਸਲੀ ਪਾਰਟੀ ਦਾ ਲੀਡਰ

Original with;
Punjab Vidhan Sabha
Digitized by;
Panjab Digital Library

ਵੀ ਸ਼ਾਮਲ ਹੋਣਾ ਚਾਹੀਦਾ ਹੈ......ਸ਼ੋਰ......) ਹਾਂ ਜੀ ਪੰਜ ਕੌਂਸਲੀ ਵੀ ਇਸ ਸਦਨ ਦੇ ਨਾਲ ਹੀ ਰਹਿਣੀ ਚਾਹੀਦੀ ਹੈ ।

ਸਪੀਕਰ ਸਾਹਿਬ, ਮੈਂ ਦੂਜੀ ਬੇਨਤੀ ਇਹ ਕਰਨੀ ਚਾਹੁੰਦਾ ਹਾਂ ਕਿ ਇਸ ਸਦਨ ਦੀ ਪਿਛਲੀ ਬੈਠਕ ਦੇ ਵਿੱਚ ਮੇਰੇ ਉਪਰ ਗੰਭੀਰ ਲਾਂਛਨ ਬਾਬੂ ਆਤਮਾ ਸਿੰਘ ਹੋਰਾਂ ਨੇ ਲਗਾਏ ਸਨ । ਮੇਰੀ ਬੇਨਤੀ ਹੈ ਕਿ ਉਨ੍ਹਾਂ ਦੇ ਲਾਂਛਨ ਅਤੇ ਮੇਰੇ ਉਨ੍ਹਾਂ ਉਤੇ ਲਾਏ ਗਏ ਦੂਸ਼ਣ ਇਸ ਕਮੇਟੀ ਦੇ ਸਪੁਰਦ ਕਰ ਦਿੱਤੇ ਜਾਣ ।

ਸਰਦਾਰ ਆਤਮਾ ਸਿੰਘ : ਪਰਵਾਨ ਹੈ ਜੀ. ਬੇਸ਼ਕ ਕਰ ਦੇਓ ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਇਹ ਜੋ ਕਮੇਟੀ ਦੇ ਮੁਆਮਲੇ ਦੇ ਮੁਤਾਲਿਕ ਮੈਂਬਰ ਸਾਹਿਬਾਨ ਦੇ ਵਿਚਾਰ ਆਏ ਹਨ, ਇਹ ਤੁਹਾਨੂੰ ਮੰਨ ਹੀ ਲੈਣੀ ਚਾਹੀਦੀ ਹੈ । ਮੈਂ ਇਹ ਸਮਝਦਾ ਹਾਂ ਸਪੀਕਰ ਸਾਹਿਬ, ਕਿ ਤੁਹਾਡੇ ਸਟੇਟਸ ਦੇ ਬੰਦੇ ਅਬਵ ਬੋਰਡ ਹੁੰਦੇ ਹਨ, ਤੁਹਾਨੂੰ ਇਹ ਰੀਜੈਕਟ ਨਹੀਂ ਕਰਨੀ ਚਾਹੀਦੀ ।

ਸ੍ਰੀ ਸਪੀਕਰ : ਸਾਰੇ ਹਾਊਸ ਦੀ ਇਸ ਗੱਲ ਤੇ ਸਹਿਮਤੀ ਜਾਪਦੀ ਹੈ ਕਿ ਸਾਨੂੰ ਇਹ ਕਮੇਟੀ ਬਣਾ ਲੈਣੀ ਚਾਹੀਦੀ ਹੈ । ਸਾਰੇ ਮੈਂਬਰਾਨ ਦੇ ਵਿਚਾਰ ਦੇ ਅਗੇ ਮੇਰਾ ਸਰ ਤਸਲੀਮ ਖਮ ਹੈ । ਪਰ ਕਿਸੇ ਮੋਸ਼ਨ ਦੇ ਐਡਮਿਟ ਕਰਨ ਦੇ ਵੀ ਸਰਟਨ ਰੂਲਜ਼ ਹੁੰਦੇ ਹਨ । ਜੇ ਉਹ ਚਾਹੁੰਦੇ ਹੀ ਹਨ ਤਾਂ ਉਹ ਆਪਣੀ ਮੋਸ਼ਨ ਮੈਨੂੰ ਦੋਬਾਰਾ ਡਰਾਫਟ ਕਰਾਕੇ ਦੇ ਦੇਣ, ਮੈਂ ਮਨਜ਼ੂਰ ਕਰ ਲਵਾਂਗਾ । ਮੈਂ ਆਨਰੇਬਲ ਮੈਂਬਰ ਸਾਹਿਬਾਨ ਨੂੰ, ਸੀ. ਐਮ. ਸਾਹਿਬ ਨੂੰ ਅਤੇ ਲੀਡਰ ਆਫ ਦੀ ਅਪੋਜ਼ੀਸ਼ਨ ਨੂੰ ਸਰਦਾਰ ਗੁਰਨਾਮ ਸਿੰਘ, ਡਾਂਗ ਸਾਹਿਬ ਨੂੰ ਅਤੇ ਹੋਰ ਵੀ ਪਾਰਟੀਆਂ ਦੇ ਲੀਡਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਮੁਆਮਲੇ ਤੇ ਆਕੇ ਮੇਰੇ ਚੈਂਬਰ ਦੇ ਵਿੱਚ ਵਿਚਾਰ ਕਰ ਲੈਣ, ਇਹ ਮੁਨਾਸਿਬ ਹੋਵੇਗਾ । ਹੋਰ ਜ਼ਿਆਦਾ ਬੈਟਰ ਇਹੋ ਹੋਵੇਗਾ ਕਿ ਉਹ ਇਸ ਮੋਸ਼ਨ ਨੂੰ ਅਮੈਂਡਿਡ ਫਾਰਮ ਦੇ ਵਿੱਚ ਲੈ ਆਉਣ । ਵੈਸੇ ਜੋ ਸਾਰਿਆਂ ਦੀ ਮਰਜ਼ੀ ਹੋਵੇਗੀ ਮੈਨੂੰ ਵੀ ਮਨਜ਼ੂਰ ਕਰਨੀ ਪਵੇਗੀ, ਪਰ ਇਸ ਮੁਆਮਲੇ ਵਿੱਚ ਸਾਨੂੰ ਕਾਹਲੀ ਨਹੀਂ ਕਰਨੀ ਚਾਹੀਦੀ । (It seems that consensus of the whole House is that such a Committee should be constituted. I bow before the wishes of the hon. Members, but there are certain rules governing the admissibility of a motion. If they want to get it admitted, they should send me a re-drafted motion and I will admit the same. I would request the hon. Members, Chief Minister, the Leader of the Opposition, Sardar Gurnam Singh, Comrade Satya Pal Dang and other Party Leaders too that it would be better if they come to my Chamber and discuss this matter. It would be better still if they bring a fresh motion in an amended form. Ordinarily, I will have to abide by the wishes of the hon. Members, but we should not act in a hurry in this matter.)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਤਜਵੀਜ਼ ਦਿੱਤੀ ਹੈ ਕਿ ਇਮਪਾਰਸ਼ਲ ਇਨਕੁਆਇਰੀ ਕਰਵਾ ਲਈ ਜਾਵੇ । ਇਸ ਦੇ ਲਈ ਤੁਸੀਂ ਅਤੇ ਲੀਡਰ ਆਫ ਦੀ ਆਪੋਜ਼ੀਸ਼ਨ ਦੋ ਤਿੰਨ ਹੋਰ ਸੱਜਣਾਂ ਨਾਲ ਮਿਲ ਕੇ ਕਿਸੇ ਇਮਪਾਰਸ਼ਲ ਸੱਜਣ ਦੇ ਨਾਂ ਦਾ ਫੈਸਲਾ ਕਰ ਲਓ ਤੇ ਇਨਕੁਆਇਰੀ ਕਰਵਾ ਲਓ । (ਵਿਘਨ) (ਸ਼ੋਰ)

(ਕਈ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਹੋ ਗਏ ।)

Original with;
Punjab Vidhan Sabha
Digitized by;
Panjab Digital Library

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਇਸ ਕਮੇਟੀ ਨੂੰ ਬਣਾਉਣ ਲਗੇ ਇਕ ਗੱਲ ਦਾ ਖਿਆਲ ਜ਼ਰੂਰ ਰਖਿਆ ਜਾਵੇ ਕਿ ਜਿਨ੍ਹਾਂ ਦੇ ਖਿਲਾਫ ਇਲਜ਼ਾਮ ਲਗੇ ਹੋਏ ਹਨ, ਉਨ੍ਹਾਂ ਨੂੰ ਉਸ ਕਮੇਟੀ ਦਾ ਮੈਂਬਰ ਨਾ ਬਣਾਇਆ ਜਾਵੇ। ਜਨਸੰਘੀਆਂ ਤੇ ਇਲਜ਼ਾਮ ਲਗੇ ਹੋਏ ਹਨ ਇਸ ਲਈ ਉਨ੍ਹਾਂ ਨੂੰ ਇਸ ਕਮੇਟੀ ਦੇ ਮੈਂਬਰ ਨਹੀਂ ਬਣਾਉਣਾ ਚਾਹੀਦਾ। (ਥੰਪਿੰਗ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜਿਹੜੀ ਤਜਵੀਜ਼ ਤੁਸੀਂ ਦਿਤੀ ਹੈ ਕਿ ਕੁਝ ਸੱਜਣ ਤੁਹਾਡੇ ਚੈਂਬਰ ਵਿਚ ਮਿਲ ਕੇ ਇਕ ਹਾਊਸ ਦੀ ਕਮੇਟੀ ਬਣਾ ਲੈਣ ਇਹ ਤਜਵੀਜ਼ ਠੀਕ ਹੈ। ਮੁੱਖ ਮੰਤਰੀ ਸਾਹਿਬ ਨੇ ਜੋ ਇਹ ਇਨਕੁਆਇਰੀ ਦੀ ਗੱਲ ਕੀਤੀ ਹੈ, ਮੈਂ ਇਸ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਹਾਊਸ ਦੀ ਕਮੇਟੀ ਮਿਲ ਕੇ ਕੁਰੱਪਸ਼ਨ ਦੇ ਕੇਸਾਂ ਤੇ ਵਿਚਾਰ ਕਰੇ ਤੇ ਜਿਹੜਾ ਕੇਸ ਪ੍ਰਾਈਮਾਫੇਸਾਈ ਬਣ ਜਾਵੇ, ਉਸ ਨੂੰ ਇਮਪਾਰਸ਼ਲ ਕਮਿਸ਼ਨ ਨੂੰ ਸੌਂਪ ਦਿਤਾ ਜਾਵੇ। (ਥੰਪਿੰਗ)

ਸਰਦਾਰ ਗੁਰਮੀਤ ਸਿੰਘ : ਸਪੀਕਰ ਸਾਹਿਬ, ਲੀਡਰ ਆਫ ਦੀ ਹਾਊਸ ਨੇ ਹਾਊਸ ਵਿਚ ਇਹ ਐਸ਼ੋਰੈਂਸ ਦਿਤੀ ਹੈ ਕਿ ਇਮਪਾਰਸ਼ਲ ਇਨਕੁਆਇਰੀ ਕਰਵਾਈ ਜਾਵੇਗੀ। ਇਸ ਲਈ ਤੁਸੀਂ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਮਿਲ ਕੇ ਇਮਪਾਰਸ਼ਲ ਪਰਸੋਨਲ ਦੇ ਨਾਵਾਂ ਦਾ ਫੈਸਲਾ ਕਰ ਲਓ। ਇਸ ਲਈ ਜਿਹੜੀ ਇਹ ਤਜਵੀਜ਼ ਹੈ ਕਿ ਚੈਂਬਰ ਵਿਚ ਮਿਲ ਕੇ ਇਕ ਹਾਊਸ ਦੀ ਕਮੇਟੀ ਬਣਾ ਲਈ ਜਾਵੇ, ਇਸ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਮੈਂ ਸਮਝਦਾ ਹਾਂ ਕਿ ਲੀਡਰ ਆਫ ਦੀ ਹਾਊਸ ਨੇ ਇਮਪਾਰਸ਼ਲ ਇਨਕੁਆਇਰੀ ਕਰਵਾਉਣ ਦੀ ਐਸ਼ੋਰੈਂਸ ਦਿੱਤੀ ਹੈ, ਇਸ ਨਾਲ ਹਾਊਸ ਨੂੰ ਸੈਟਿਸਫਾਈ ਹੋ ਜਾਣਾ ਚਾਹੀਦਾ ਹੈ। (ਵਿਘਨ) (ਸ਼ੋਰ)

ਸਰਦਾਰ ਕਿਰਪਾਲ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਆਪ ਨੇ ਜੋ ਫੈਸਲਾ ਦਿੱਤਾ ਹੈ ਕਿ ਆਪ ਦੇ ਚੈਂਬਰ ਵਿਚ ਕੁਝ ਸੱਜਣ ਆ ਜਾਣ ਤੇ ਉਥੇ ਹਾਊਸ ਦੀ ਇਕ ਕਮੇਟੀ ਬਣਾ ਲਈ ਜਾਵੇ ਇਹ ਦਰੁਸਤ ਹੈ। ਹੁਣ ਜਿਹੜਾ ਚੀਫ ਮਨਿਸਟਰ ਸਾਹਿਬ ਅਤੇ ਸਰਦਾਰ ਗੁਰਮੀਤ ਸਿੰਘ ਨੇ ਕਿਹਾ ਹੈ, ਇਹ ਗੱਲ ਠੀਕ ਨਹੀਂ ਹੈ। ਇਹ ਵਾਪਸ ਆਉਣ ਦਾ ਰਸਤਾ ਲਭ ਰਹੇ ਹਨ। ਟੈਕਨੀਕਲੀ ਵੀ ਇਨ੍ਹਾਂ ਦੀ ਇਹ ਗੱਲ ਠੀਕ ਨਹੀਂ ਹੈ ਕਿਉਂਕਿ ਆਲ ਮੋਸਟ ਸਾਰਾ ਹਾਊਸ ਇਸ ਗੱਲ ਨੂੰ ਮੰਨ ਚੁੱਕਾ ਹੈ ਕਿ ਹਾਊਸ ਦੀ ਇਕ ਕਮੇਟੀ ਬਣਾਈ ਜਾਵੇ। ਚੀਫ ਮਨਿਸਟਰ ਸਾਹਿਬ ਅਤੇ ਸਰਦਾਰ ਗੁਰਮੀਤ ਸਿੰਘ ਨੇ ਜੋ ਕੁਝ ਕਿਹਾ ਹੈ ਇਹ ਹਾਊਸ ਦੀਆਂ ਵਿਸ਼ਿਜ਼ ਦੇ ਖ਼ਿਲਾਫ ਹੈ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਤੁਹਾਡਾ ਦਿੱਤਾ ਫੈਸਲਾ ਠੀਕ ਹੈ ਕਿ ਨਹੀਂ ? (ਵਿਘਨ)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਕਲ੍ਹ ਕੁਝ ਗੱਲਾਂ ਹਾਊਸ ਵਿਚ ਸਰਦਾਰ ਬਲਵੰਤ ਸਿੰਘ ਵਲੋਂ ਕੀਤੀਆਂ ਗਈਆਂ ਸਨ ...... (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਤੁਸੀਂ ਹੁਣੇ ਕਿਹਾ ਸੀ ਕਿ ਸਰਦਾਰ ਗੁਰਨਾਮ ਸਿੰਘ ਤੇ ਕੁਝ ਹੋਰ ਸੱਜਣ ਤੁਹਾਡੇ ਚੈਂਬਰ ਵਿਚ ਆ ਕੇ ਗੱਲ ਕਰ ਲੈਣ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਰਦਾਰ ਗੁਰਨਾਮ ਸਿੰਘ ਦੇ ਖ਼ਿਲਾਫ ਵੀ ਚਾਰਜਿਜ਼ ਲਗੇ ਹੋਏ ਹਨ, ਇਸ ਲਈ ਇਨ੍ਹਾਂ ਨੂੰ ਹਾਊਸ ਦੀ ਕਮੇਟੀ ਦਾ ਮੈਂਬਰ ਨਹੀਂ ਬਣਾਉਣਾ ਚਾਹੀਦਾ। (ਵਿਘਨ) (ਥੰਪਿੰਗ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (ਵਿਘਨ) (It is not a point of order)

(ਇਸ ਵੇਲੇ ਵਿੱਤ ਮੰਤਰੀ ਨੇ ਕੁਝ ਕਿਹਾ ਜੋ ਸੁਣਾਈ ਨਾ ਦਿਤਾ)

Original with;
Punjab Vidhan Sabha
Digitized by;
Panjab Digital Library

ਸਾਥੀ ਰੂਪ ਲਾਲ : ਕੀ ਹੁਣ ਡੈਡੀ ਨੂੰ ਭੁਲ ਗਿਆ ਏਂ ? (ਵਿਘਨ) (ਹਾਸਾ) ਮੈਂ ਤੇਰੇ ਤੇ ਇਲਜ਼ਾਮ ਲਗਾਵਾਂਗਾ ਕਿ ਤੂੰ 10 ਲੱਖ ਰੁਪਏ ਖਾਧੇ। (ਵਿਘਨ) ਹੁਣ ਆਪਣੇ ਡੈਡੀ ਤੇ ਹੀ ਇਲਜ਼ਾਮ ਲਗਾਉਂਦਾ ਏਂ। (ਵਿਘਨ) (ਸ਼ੋਰ)

(ਇਸ ਵੇਲੇ ਸਰਦਾਰ ਸੰਤ ਸਿੰਘ, ਸਰਦਾਰ ਗੁਰਬਚਨ ਸਿੰਘ ਅਤੇ ਸਾਥੀ ਰੂਪ ਲਾਲ ਖੜ੍ਹੇ ਹੋ ਕੇ ਕੁਝ ਬੋਲ ਰਹੇ ਸੀ ਜੋ ਸ਼ੋਰ ਹੋਣ ਕਰਕੇ ਸੁਣਾਈ ਨਹੀਂ ਦਿੱਤਾ।)

PERSONAL EXPLANATION BY SHRI BALRAM DAS TANDON

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਕਲ੍ਹ ਇਥੇ ਬੋਲਦੇ ਹੋਏ ਸਰਦਾਰ ਬਲਵੰਤ ਸਿੰਘ ਨੇ ਮੇਰੇ ਤੇ ਇਰਰੈਗੂਲੈਰੇਟੀਜ਼ ਦੇ ਚਾਰਜਿਜ਼ ਲਗਾਏ ਸਨ। ਇਹ ਇਲਜ਼ਾਮ ਉਸ ਸਮੇਂ ਦੇ ਬਾਰੇ ਹਨ ਜਦੋਂ ਕਿ ਮੈਂ ਮਨਿਸਟਰੀ ਵਿਚ ਸੀ। (ਵਿਘਨ) ਤੁਸੀਂ ਬੈਠ ਤਾਂ ਜਾਓ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਇਹ ਕੱਲ੍ਹ ਵੀ ਬੋਲਦੇ ਰਹੇ ਹਨ ਅਤੇ ਅੱਜ ਵੀ ਇਨ੍ਹਾਂ ਨੂੰ ਟਾਈਮ ਦੇ ਦਿੱਤਾ ਗਿਆ ਹੈ। (ਵਿਘਨ) (ਸ਼ੋਰ)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਜਿਹੜੀਆਂ ਗੱਲਾਂ ਕੱਲ੍ਹ ਇਥੇ ਕਹੀਆਂ ਗਈਆਂ ਹਨ ਮੈਂ ਉਨ੍ਹਾਂ ਦੀ ਤਰਫ਼ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਇਕ ਤਾਂ ਇਥੇ ਇਹ ਗੱਲ ਕਹੀ ਗਈ ਕਿ ਖਾਦੀ ਬੋਰਡ ਦੇ ਵਿਚ ਇਕ ਅਫ਼ਸਰ ਲਗਾਇਆ ਗਿਆ ਜਿਸ ਨੂੰ ਕਿ 3 ਹਜ਼ਾਰ ਰੁਪਿਆ ਤਨਖਾਹ ਦਿੱਤੀ ਜਾ ਰਹੀ ਹੈ ਅਤੇ ਇਸ ਤਰ੍ਹਾਂ ਇਕ ਨਾਜਾਇਜ਼ ਕੰਮ ਕੀਤਾ ਗਿਆ ਹੈ। ਸਪੀਕਰ ਸਾਹਿਬ, ਮੈਂ ਚੈਲੈਂਜ ਦੇ ਕੇ ਕਹਿੰਦਾ ਹਾਂ ਕਿ ਖਾਦੀ ਬੋਰਡ ਵਿਚ ਕਿਸੇ ਅਫ਼ਸਰ ਦੀ ਹਾਈਐਸਟ ਪੇ ਅੱਠ ਸੌ ਰੁਪਏ ਤੋਂ ਵੱਧ ਨਹੀਂ ਹੈ। ਜੇ ਇਹ ਉਸ ਅਫ਼ਸਰ ਦੀ ਪੇ ਤਿੰਨ ਹਜ਼ਾਰ ਸਾਬਤ ਕਰ ਦੇਣ ਤਾਂ ਜੋ ਸਜ਼ਾ ਇਹ ਚਾਹੁਣ ਦੇਣ, ਮੈਂ ਭੁਗਤਣ ਨੂੰ ਤਿਆਰ ਹਾਂ। (ਵਿਘਨ)

ਸ੍ਰੀ ਸਪੀਕਰ : ਤੁਸੀਂ ਥੋੜਾ ਬਰੀਫ਼ ਹੋ ਜਾਓ। (Please be brief.)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਮੈਂ ਬਿਲਕੁਲ ਬਰੀਫ਼ਲੀ ਗੱਲ ਕਰਾਂਗਾ। ਫਿਰ ਇਹ ਉਹ ਆਦਮੀ ਹੈ ਜਿਸ ਨੂੰ ਕਿ 1965 ਦੀ ਇੰਡੋ-ਪਾਕ ਲੜਾਈ ਵਿਚ ਇਕ ਕਾਂਗਰਸੀ ਪਰਸ਼ੋਤਮ ਲਾਲ ਵਹਿਸ਼ੀ ਨੂੰ ਹਟਾ ਕੇ ਉਸ ਸਮੇਂ ਦੀ ਕਾਂਗਰਸੀ ਸਰਕਾਰ ਨੇ ਸ਼ਹਿਰ ਦੀ ਸਿਵਲ ਡਿਫੈਂਸ ਦਾ ਇੰਚਾਰਜ ਬਣਾਇਆ ਸੀ ਸਿਰਫ਼ ਉਸ ਦੀ ਲਿਆਕਤ ਕਰਕੇ।

ਫਿਰ ਇਥੇ ਦੂਸਰੀ ਗੱਲ ਕਹੀ ਗਈ ਕਿ ਇੰਡਸਟਰੀ ਡਿਪਾਰਟਮੈਂਟ ਵਿਚ ਇਕ ਅਫ਼ਸਰ ਨੂੰ 1300-1600 ਦੇ ਸਕੇਲ ਤੇ ਭਰਤੀ ਕਰ ਲਿਆ ਗਿਆ। ਇਹ ਗੱਲ ਇਥੇ ਇਸ ਤਰ੍ਹਾਂ ਨਿਮਾਣੇ ਢੰਗ ਨਾਲ ਕਹੀ ਗਈ ਹੈ ਜਿਵੇਂ ਕਿਸੇ ਕਲਰਕ ਦੀ ਭਰਤੀ ਕੀਤੀ ਗਈ ਹੈ ਜਾਂ ਰਾਹ ਜਾਂਦੇ ਨੂੰ ਫੜ ਲਿਆ ਹੈ। ਸਪੀਕਰ ਸਾਹਿਬ, ਉਹ ਆਦਮੀ ਜੁਆਇੰਟ ਸੈਕਟਰੀ ਰਹਿ ਚੁਕਾ ਹੈ। ਸੀਨੀਅਰ ਡਿਪਟੀ ਸੈਕਟਰੀ ਹੈ। ਇਕ ਹੋਰ ਅਫ਼ਸਰ ਨੇ ਹਾਈ ਕੋਰਟ ਵਿਚ ਰਿਟ ਕਰ ਦਿੱਤੀ ਅਤੇ ਕੋਰਟ ਨੇ ਇਹ ਫੈਸਲਾ ਕੀਤਾ ਹੈ ਕਿ ਕਿਉਂਕਿ ਦੂਸਰਾ ਆਦਮੀ ਜ਼ਿਆਦਾ ਪੇ ਲੈਂਦਾ ਹੈ ਇਸ ਲਈ ਉਸ ਨੂੰ ਜੁਆਇੰਟ ਸੈਕਟਰੀ ਬਣਾਇਆ ਜਾਵੇ। ਇਸ ਲਈ ਉਹ ਡਿਪਟੀ ਸੈਕਟਰੀ ਹੈ। ਉਹ ਰੈਗੂਲਰ ਕੇਡਰ ਦਾ ਅਫ਼ਸਰ ਹੈ। ਹੁਣ ਉਸ ਨੇ ਵੀ ਹਾਈ ਕੋਰਟ ਵਿਚ ਅਪੀਲ ਕੀਤੀ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੋਨਾਂ ਦਾ ਝਗੜਾ ਚੱਲ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

[ਸ੍ਰੀ ਬਲਰਾਮ ਦਾਸ ਟੰਡਨ]

ਪੰਜਾਬ ਵਿਚ ਕੈਮੀਕਲ ਫਰਟੇਲਾਈਜ਼ਰ ਇੰਡਸਟਰੀ ਲਗਣੀ ਸੀ । ਪੋਸਟਾਂ ਖਾਲੀ ਪਈਆਂ ਸਨ । ਇਨ੍ਹਾਂ ਪੋਸਟਾਂ ਉਤੇ ਕੋਈ ਵੀ ਬੰਦਾ ਜਿਹੜਾ ਕਿ ਕੈਮੀਕਲ ਫਰਟੇਲਾਈਜ਼ਰਜ਼ ਬਾਰੇ ਜਾਣਕਾਰੀ ਰਖਦਾ ਹੋਵੇ, ਉਹ ਲੱਗ ਸਕਦਾ ਸੀ । (ਵਿਘਨ) ਜਿਹੜਾ ਅੱਜ ਤਕ ਜੁਆਇੰਟ ਡਾਇਰੈਕਟਰ ਸੀ ਉਹ ਲਗਾਇਆ ਗਿਆ । ਸ਼ਾਇਦ ਇਹ ਖੁਸ਼ਕ ਜਗ੍ਹਾ ਸੀ, ਇਸੇ ਕਰ ਕੇ ਸ਼ਾਇਦ ਉਹ ਬੰਦਾ ਕਹਿੰਦਾ ਸੀ ਕਿ ਉਸ ਨੂੰ ਕੋਈ ਹੋਰ ਕੰਮ ਦਿਉ (ਵਿਘਨ) ਉਹ ਕਹਿੰਦਾ ਸੀ ਕਿ ਉਹ ਐਕਸਪੋਰਟ ਦੇ ਕੰਮ ਉਤੇ ਲੱਗਣ ਵਾਸਤੇ ਤਿਆਰ ਹੈ । (ਵਿਘਨ)

Mr. Speaker : Please be brief.

ਸ੍ਰੀ ਬਲਰਾਮ ਦਾਸ ਟੰਡਨ : ਮੈਂ ਉਸ ਦਾ ਜਵਾਬ ਦੇ ਰਿਹਾ ਹਾਂ । ਉਨ੍ਹਾਂ ਗੱਲਾਂ ਤੋਂ ਇਲਾਵਾ ਕੋਈ ਹੋਰ ਗੱਲ ਕਰਾਂਗਾ ਤਾਂ ਬੇਸ਼ਕ ਤੁਸੀਂ ਮੈਨੂੰ ਟੋਕ ਦਿਉ । (ਵਿਘਨ)

ਚੌਧਰੀ ਬਲਬੀਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ ।

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ ।

Mr. Speaker : Capt. Rattan Singh on a point of order.

ਚੌਧਰੀ ਬਲਬੀਰ ਸਿੰਘ : ਪਹਿਲਾਂ ਤੁਸੀਂ ਮੈਨੂੰ ਬੁਲਾਇਆ ਹੈ । (ਵਿਘਨ)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਇਹ ਸਮਝਦਾ ਹਾਂ ਕਿ ਆਨਰੇਬਲ ਮੈਂਬਰ ਦੇ ਖਿਲਾਫ ਜੇ ਕੋਈ ਐਲੀਗੇਸ਼ਨਜ਼ ਲਗਾਏ ਜਾਣ (ਸ਼ੋਰ) (ਵਿਘਨ) ਤਾਂ ਰੂਲਜ਼ ਪਰਮਿਟ ਕਰਦੇ ਹਨ ਕਿ ਉਸ ਨੂੰ ਆਪਣਾ ਪਰਸਨਲ ਐਕਸਪਲੇਨੇਸ਼ਨ ਦੇਣ ਦਾ ਹੱਕ ਹੈ ਲੇਕਿਨ ਇਹ ਜਿਹੜਾ ਰੂਲ ਹੈ ਪਰਸਨਲ ਐਕਸਪਲੇਨੇਸ਼ਨ ਦੇਣ ਦਾ, ਜੇ ਟੰਡਨ ਸਾਹਿਬ ਉਸ ਨੂੰ ਪੜ੍ਹਨ ਤਾਂ ਇਨ੍ਹਾਂ ਨੂੰ ਪਤਾ ਲਗੇਗਾ ਕਿ ਇਨ੍ਹਾਂ ਨੂੰ ਸੰਖੇਪ ਜਿਹੇ ਵਿਚ ਆਪਣੇ ਖਿਲਾਫ ਲਗੇ ਚਾਰਜਿਜ਼ ਨੂੰ ਡੀਨਾਈ ਕਰ ਦੇਣਾ ਚਾਹੀਦਾ ਹੈ ਕਿ ਇਹ ਬੇ-ਬੁਨਿਯਾਦ ਹਨ, ਇਹ ਕਵਰ ਅਪ ਹੋ ਜਾਂਦੇ ਹਨ । ਮੇਰਾ ਖਿਆਲ ਹੈ ਕਿ ਇਸ ਉਤੇ ਤਕਰੀਰ ਕਰਨੀ ਪਰਮਿਸੇਬਨ ਨਹੀਂ ਹੈ ।

Mr. Speaker : The rule provides that no speech or debate shall be allowed.

Captain Rattan Singh : The hon. Member can say that all the charges are baseless and fraudulent, but he cannot make any speech.

Sir, I have raised a point of order. It is for you either to uphold it or to rule it out of order.

Mr. Speaker : I agree with the hon. Member Captain Rattan Singh.

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਮੈਂ ਡਿਟੇਲ ਵਿਚ ਨਹੀਂ ਜਾਣਾ । ਅਗੇ ਇਨ੍ਹਾਂ ਨੇ ਇਹ ਗੱਲ ਕਹੀ ਕਿ ਇਨ੍ਹਾਂ ਨੇ ਆਪਣੀ ਪਾਰਟੀ ਦੇ ਬੰਦੇ ਜੂਨੀਅਰ ਇਨਸਪੈਕਟਰ ਲਗਾ ਦਿਤੇ ਹਨ, ਅਸੀ ਇਨ੍ਹਾਂ ਸਾਰਿਆਂ ਨੂੰ ਕੱਢ ਦੇਣਾ ਹੈ । ਇਨ੍ਹਾਂ ਨੂੰ ਕੱਢਣ ਦੀ ਲੋੜ ਨਹੀਂ । ਇਹ ਸਾਰੇ ਟੰਪਰੇਰੀ ਲੱਗੇ ਹਨ । ਐਜੂਕੇਸ਼ਨ ਡਿਪਾਰਟਮੈਂਟ ਵਿਚ ਵੇਖੋ ਉਥੇ ਅੱਧਾ ਡਿਪਾਰਟਮੈਂਟ ਟੰਪਰੇਰੀ ਹੈ । (ਵਿਘਨ)

ਸ੍ਰੀ ਸਪੀਕਰ : ਸਪੀਚ ਨਹੀਂ ਕਰਨੀ ਚਾਹੀਦੀ । (No speech please.)

Original with;
Punjab Vidhan Sabha
Digitized by;
Panjab Digital Library

ਸ੍ਰੀ ਬਲਰਾਮ ਦਾਸ ਟੰਡਨ : ਕੋਈ ਡਿਪਾਰਟਮੈਂਟ ਐਸਾ ਨਹੀਂ ਹੋਵੇਗਾ ਜਿਥੇ ਟੈਂਪਰੇਰੀ ਬੰਦੇ ਨਹੀ ਲੱਗੇ ਹੋਏ ਹਨ। ਉਨ੍ਹਾਂ ਨੂੰ ਇਹ ਕਹਿਣਾ ਕਿ ਇਹ ਆਰ, ਐਸ. ਐਸ. ਦੇ ਵਰਕਰਜ਼ ਹਨ (ਵਿਘਨ) ਇਹ ਪਾਰਟੀ ਕੋਈ ਪਾਕਿਸਤਾਨ ਜਾਂ ਚੀਨ ਦੀ ਨੁਮਾਇੰਦਗੀ ਨਹੀਂ ਕਰਦੀ ਹੈ। ਇਹ ਬੰਦੇ ਪਾਕਿਸਤਾਨ ਜਾਂ ਚੀਨ ਦੇ ਨਹੀਂ ਸਨ। ਜੇ ਅਕਾਲੀ ਪਾਰਟੀ ਜਾਂ ਕਾਂਗਰਸ ਪਾਰਟੀ ਦੇ ਬੰਦੇ ਲਗ ਸਕਦੇ ਹਨ ਤਾਂ ਫੇਰ (ਵਿਘਨ) ਇਹ ਕੋਈ ਇਸ ਕਿਸਮ ਦੀ ਗੱਲ ਨਹੀਂ ਹੈ ਕਿ ਉਸ ਦੇ ਬਾਰੇ ਵਿਚ ਕੁਝ ਕਿਹਾ ਜਾਵੇ। (ਵਿਘਨ)

Mr. Speaker : The hon. Member is going beyond the limit.

ਸ੍ਰੀ ਬਲਰਾਮ ਦਾਸ ਟੰਡਨ : ਤਿੰਨ ਮਹੀਨੇ ਲਈ ਜੋ ਟੈਂਪਰੇਰੀ ਐਪੁਆਇੰਟਮੈਂਟਸ ਹੋਈਆਂ, ਉਨ੍ਹਾਂ ਦੇ ਬਾਰੇ ਸਪੀਕਰ ਸਾਹਿਬ, ਦੂਸਰੀ ਗੱਲ ਇਹ ਕਹੀ ਗਈ ਕਿ ਆਈ. ਡੀ. ਸੀ. ਵਿਚ ਕੁਝ ਬੰਦੇ ਐਪੁਆਇੰਟ ਕੀਤੇ। ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ। ਇੰਡਸਟਰੀਜ਼ ਕਾਰਪੋਰੇਸ਼ਨ ਵਿਚ ਪੰਜਾਬ ਦੇ ਚੋਣਵੇਂ ਬੰਦੇ ਅਪੁਆਇੰਟ ਕੀਤੇ ਗਏ। ਸਿਊਇੰਗ ਇੰਡਸਟਰੀ ਵਿਚ ਰੀਟਾ ਮਸ਼ੀਨ ਫੈਕਟਰੀ ਦਾ ਮਾਲਕ (ਸ਼ੋਰ) (ਵਿਘਨ)

ਸ੍ਰੀ ਜੋਗਿੰਦਰ ਪਾਲ ਪਾਂਡੇ : ਆਨ ਏ ਪੁਆਇੰਟ ਆਫ ਆਰਡਰ, ਸਰ। ਇਲਜ਼ਾਮ ਜਿਹੜੇ ਲਗੇ ਸੀ, ਜਨ-ਸੰਘ ਦੇ ਜਿਹੜੇ ਆਰ. ਐਸ. ਐਸ. ਦੇ ਮੈਂਬਰ ਸੀ (ਵਿਘਨ) ਇਨ੍ਹਾਂ ਨੇ ਕਿਹਾ ਹੈ ਕਿ ਰੀਟਾ ਸਿਉਇੰਗ ਮਸ਼ੀਨ ਦਾ ਮਾਲਕ ਚੁਣਿਆ। (ਵਿਘਨ) ਇਹ ਇਸ ਗੱਲ ਤੋਂ ਡੀ[illegible]ੀ ਕਰ ਦੇਣ ਕਿ ਉਹ ਆਰ. ਐਸ. ਐਸ. ਦਾ ਵਰਕਰ ਹੈ।

ਸ੍ਰੀ ਬਲਰਾਮ ਦਾਸ ਟੰਡਨ : ਇਹੋ ਜਿਹੀ ਗੱਲ ਨਹੀਂ ਸੀ। (ਵਿਘਨ)

ਸ੍ਰੀ ਸਪੀਕਰ : ਤੁਸੀਂ ਇਕ ਮਿੰਟ ਵਿਚ ਖਤਮ ਕਰੋ। (Please wind up within a minute)

(ਚੌਧਰੀ ਬਲਬੀਰ ਸਿੰਘ ਵਲੋਂ ਵਿਘਨ)

ਸ੍ਰੀ ਬਲਰਾਮ ਦਾਸ ਟੰਡਨ : ਇਨ੍ਹਾਂ ਨੂੰ ਪਹਿਲਾਂ ਸਮਝਾ ਲਉ (ਵਿਘਨ) ਅਗਰ ਇਸ ਹਾਊਸ ਵਿਚ ਇਹੋ ਜਿਹੀ ਗੱਲ ਹੋਣੀ ਹੈ ਜਿਸ ਵੇਲੇ ਕਿ ਕੋਈ ਗੱਲ ਬਾਤ ਕਰਨ ਲਗੇ ਤਾਂ ਮੈਨੂੰ ਸਪੀਕਰ ਸਾਹਿਬ, ਬੜੇ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਇਹਦਾ ਮਤਲਬ ਇਹ ਹੈ ਕਿ ਇਸ ਹਾਊਸ ਵਿਚ ਕੋਈ ਡਿਬੇਟ ਨਹੀਂ ਹੋ ਸਕਦੀ। (ਵਿਘਨ)

Mr. Speaker : Please resume your seat.

ਮੇਜਰ ਹਰਿੰਦਰ ਸਿੰਘ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਸਪੀਕਰ ਸਾਹਿਬ, ਕਿ ਮੈਂ ਤਾਂ ਸਿਰਫ ਆਪਣੀ ਗਾਈਡੈਂਸ ਲਈ ਇਹ ਤੁਹਾਡੇ ਕੋਲੋਂ ਪੁਛਣਾ ਚਾਹੁੰਦਾ ਹਾਂ ਕਿ ਬਾਕੀ ਤਾਂ ਗੁਰੂ ਦੀ ਕਿਰਪਾ ਨਾਲ ਬੜੇ ਸਿਹਤ ਵਾਲੇ ਹਨ, ਪਰ ਮੈਂ ਕੁਝ ਬੀਮਾਰ ਆਦਮੀ ਹਾਂ। ਇਹ ਜਿਹੜਾ ਸੈਸ਼ਨ ਹੈ ਇਹ ਸਿਰਫ ਚਾਰਜਿਜ਼ ਅਤੇ ਕਾਊਂਟਰ ਚਾਰਜਿਜ਼ ਤਕ ਕਨਫਾਈਂਡ ਹੈ ? ਇਸ ਦੇ ਮੁਤੱਲਕ ਮੈਨੂੰ ਦਸ ਦਿਉ ਜੇ ਇਸ ਤਰ੍ਹਾਂ ਹੀ ਰਹਿਣਾ ਹੈ ਤਾਂ ਫੇਰ ਮੈਂ ਬਾਹਰ ਜਾ ਕੇ ਰੈਸਟ ਕਰਦਾ ਹਾਂ। ਕਿਸੇ ਤਰ੍ਹਾਂ ਨਾਲ ਮੇਰੀ ਜਾਨ ਨੂੰ ਬਚਾਉ।

ਸ੍ਰੀ ਸਪੀਕਰ : ਤੁਹਾਡੇ ਕਹਿਣ ਦੇ ਮੁਤਾਬਿਕ ਅਗੇ ਇਸ ਹਾਊਸ ਵਿਚ ਚਾਰਜਿਜ਼ ਅਤੇ ਕਾਊਂਟਰ ਚਾਰਜਿਜ਼ ਲਗਦੇ ਸਨ। ਸਾਡੀ ਐਡਹਾਕ ਕਮੇਟੀ ਬਣ ਜਾਣ ਤੋਂ ਬਾਦ ਵੀ ਇਹ ਚਾਰਜਿਜ਼

Original with;
Punjab Vidhan Sabha
Digitized by;
Panj

[ਸ੍ਰੀ ਸਪੀਕਰ]
ਅਤੇ ਕਾਊਂਟਰ ਚਾਰਜਿਜ਼ ਲੱਗਦੇ ਰਹਿਣਗੇ। ਤੁਸੀਂ ਤਸ਼ਰੀਫ਼ ਰਖੋ । (*Addressing Major Harinder Singh* : According to your statement charges and counter charges used to be levelled earlier in this House. Soon after the setting up of this Ad-Hoc Committee these charges and counter charges will continue to be levelled here. Please resume your seat.)

ਸ੍ਰੀ ਬਲਰਾਮ ਦਾਸ ਟੰਡਨ : ਮੈਂ ਦੋ ਤਿੰਨ ਮਿੰਟਾਂ ਵਿਚ ਖਤਮ ਕਰ ਦਿੰਦਾ ਹਾਂ। ਜੋ ਚਾਰਜਿਜ਼ ਲਗਾਏ ਗਏ ਹਨ, ਉਨ੍ਹਾਂ ਦਾ ਜਵਾਬ ਮੈਂ ਦੇ ਰਿਹਾ ਹਾਂ। ਸਪੀਕਰ ਸਾਹਿਬ ਆਈ. ਡੀ. ਸੀ. ਦੇ ਬਾਰੇ ਵਿਚ (ਵਿਘਨ)

ਸਰਦਾਰ ਸਰੂਪ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਜਿਹੜੇ ਡਿਫੈਂਸ ਪੇਸ਼ ਕਰ ਰਹੇ ਹਨ, ਇਹ ਉਸ ਕਮੇਟੀ ਅਗੇ ਕਰ ਲੈਣ। ਇਥੇ ਇਹ ਮੰਨਣ ਜਾਂ ਡੀਨਾਈ ਕਰਨ। ਐਨੇ ਲੈਕਚਰ ਦੀ ਲੋੜ ਕੀ ਹੈ ?

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਮੈਂ ਤਾਂ ਉਲਟੀ ਗੱਲ ਇਹ ਕਹਿਣੀ ਹੈ ਕਿ ਉਸ ਆਈ. ਡੀ. ਸੀ. ਵਿਚ ਉਲਟੀ ਕੁਰੱਪਸ਼ਨ ਦਾ ਅੱਡਾ ਬਣਿਆ ਹੋਇਆ ਹੈ । ਦਸ ਲਖ ਲੋਨ (ਵਿਘਨ) ਇਸ ਆਗਸਟ ਹਾਊਸ ਵਿਚ ਕਿਹਾ ਸੀ (ਵਿਘਨ) ਸਪੀਕਰ ਸਾਹਿਬ, ਉਥੇ ਜਿਸ ਤਰੀਕੇ ਦੀ ਗੱਲ ਬਾਤ ਹੋਈ (ਵਿਘਨ) ਇਕ ਦਿਨ ਵਿਚ ਐਪਲੀਕੇਸ਼ਨ ਲੈ ਕੇ ਇਹ ਆਈ. ਡੀ. ਸੀ. ਦਾ ਕੰਮ ਕੋਈ ਨਹੀਂ ਬਲਕਿ ਪੰਜਾਬ ਫਿਨਾਂਸ਼ਲ ਕਾਰਪੋਰੇਸ਼ਨ ਦਾ ਕੰਮ ਹੈ (ਵਿਘਨ)

ਸ੍ਰੀ ਸਪੀਕਰ : ਇਹ ਤੁਹਾਡਾ ਐਕਸਪਲੇਨੇਸ਼ਨ ਹੈ (Is this an explanation ?)

ਸ੍ਰੀ ਬਲਰਾਮ ਦਾਸ ਟੰਡਨ : ਤੁਸੀਂ ਮੈਨੂੰ ਮੌਕਾ ਦਿਉਗੇ।

ਸ੍ਰੀ ਸਪੀਕਰ : ਤੁਸੀਂ ਆਪਣੇ ਚਾਰਜਿਜ਼ ਡੀਨਾਈ ਕਰੋ । (ਵਿਘਨ) (You should have denied the charges levelled against you.) (Interruption).

ਸ੍ਰੀ ਬਲਰਾਮ ਦਾਸ ਟੰਡਨ : ਮੈਂ ਐਮਫੈਟੀਕਲੀ ਕਹਿਣਾ ਚਾਹੁੰਦਾ ਹਾਂ ਕਿ ਮੈਂ ਤੁਹਾਡੇ ਹੁਕਮ ਦੇ ਮੁਤਾਬਿਕ ਚਲਣਾ ਚਾਹੁੰਦਾ ਹਾਂ। ਮੈਂ ਕੋਈ ਗੱਲ ਅਜਿਹੀ ਨਹੀਂ ਕਹੀ ਜਿਹੜੀ ਕਿ ਠੀਕ ਨਾ ਹੋਵੇ (ਵਿਘਨ) ਕੁਝ ਗੱਲਾਂ ਅਜਿਹੀਆਂ ਹਨ ਮੈਂ ਤਾਂ ਸਮਝਦਾ ਸਾਂ ਕਿ ਸਾਰੀਆਂ ਫਾਈਲਾਂ (ਵਿਘਨ) ਇਕ ਮਿੰਟ ਗੱਲ ਤਾਂ ਸੁਣੋ ।

ਚੌਧਰੀ ਬਲਬੀਰ ਸਿੰਘ : ਪੁਆਇੰਟ ਆਫ਼ ਆਰਡਰ, ਸਰ (ਵਿਘਨ)

(ਇਸ ਸਮੇਂ ਸ੍ਰੀ ਬਲਰਾਮ ਦਾਸ ਟੰਡਨ ਵੀ ਬੋਲਣ ਲਈ ਖੜ੍ਹੇ ਰਹੇ)

ਸ੍ਰੀ ਸਪੀਕਰ : ਟੰਡਨ ਸਾਹਿਬ, ਮੈਂ ਤੁਹਾਨੂੰ ਪਹਿਲੇ ਵੀ ਬੇਨਤੀ ਕੀਤੀ ਸੀ ਕਿ ਤੁਸੀਂ ਲੈਕਚਰ ਨਾ ਦਿਉ। ਇਸ ਤੇ ਡਿਸਕਸ਼ਨ ਨਹੀਂ ਹੋ ਸਕਦੀ। ਇਸ ਤੇ ਸਪੀਚ ਨਹੀ ਹੋ ਸਕਦੀ। ਤੁਸੀਂ ਚਾਰਜਿਜ਼ ਨੂੰ ਡਿਨਾਈ ਕਰੋ। ਤੁਸੀ ਹੋਰ ਕਾਊਂਟਰ ਚਾਰਜਿਜ਼ ਨਾ ਲਗਾਉ । ਇਹ ਚੰਗੀ ਗੱਲ ਨਹੀਂ ਹੈ। (*Addressing Shri Tandon :* I had already pointed out to you not to deliver a lecture while making a personal explanation.

Original with;
Punjab Vidhan Sabha
Digitized by;
Panjab Digital Library

There can neither be any discussion nor any speech while making the personal Explanation. You can only deny the charges. You cannot level counter-charges. It will not be proper to do so.)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਅਗਰ ਤੁਸੀਂ ਮੈਨੂੰ ਇਜਾਜ਼ਤ ਨਹੀਂ ਦਿੰਦੇ ਤਾਂ ਮੈਂ ਇਧਰ ਨਹੀਂ ਜਾਂਦਾ। ਜਿਸ ਤਰ੍ਹਾਂ ਤੁਸੀਂ ਹੁਕਮ ਕਰਦੇ ਹੋ, ਮੈਂ ਉਸੇ ਤਰ੍ਹਾਂ ਕਰਾਂਗਾ। ਲੇਕਿਨ ਮੈਂ ਕਹਿੰਦਾ ਹਾਂ ਕਿ ਇਹ ਜਿਹੜੇ ਇਰਰੈਗੂਲੈਰਿਟੀਜ਼ ਦੇ ਚਾਰਜ ਲਗਾਏ ਹਨ, ਇਹ ਸਾਰੇ ਦੇ ਸਾਰੇ ਲਾ ਲੈਣ......(ਵਿਘਨ)

ਵਿੱਤ ਮੰਤਰੀ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਹ ਕਾਊਂਟਰ ਚਾਰਜ ਲਾ ਲੈਣ ਫਿਰ ਮੈਂ ਵੀ ਜਵਾਬ ਦਿਆਂਗਾ। (ਵਿਘਨ) ਅਗਰ ਤੁਸੀਂ ਮੈਨੂੰ ਬੋਲਣ ਦੀ ਇਜਾਜ਼ਤ ਨਹੀਂ ਦੇਣੀ ਤਾਂ ਜਿਹੜੀਆਂ ਗੱਲਾਂ ਉਨ੍ਹਾਂ ਨੇ ਕੀਤੀਆਂ ਹਨ, ਉਹ ਪਰੋਸੀਡਿੰਗਜ਼ ਵਿਚੋਂ ਕਢਵਾ ਦਿਉ ਅਤੇ ਜਾਂ ਫਿਰ ਮੈਨੂੰ ਬੋਲਣ ਦੀ ਇਜਾਜ਼ਤ ਦਿਤੀ ਜਾਵੇ।

ਸਰਦਾਰ ਕਿਰਪਾਲ ਸਿੰਘ : ਪੁਆਇੰਟ ਆਫ ਆਰਡਰ, ਸਰ।

Mr. Speaker : Please resume your seat.

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਪੁਆਇੰਟ ਆਫ ਆਰਡਰ ਰੇਜ਼ ਕਰਨ ਦਾ ਹੱਕ ਰਖਦਾ ਹਾਂ।

ਸ੍ਰੀ ਸਪੀਕਰ : ਤੁਸੀਂ ਤਸ਼ਰੀਫ ਰੱਖੋ। (Please resume your seat.)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਜਿਹੜੇ ਵੀ ਕੋਈ ਇਰਰੈਗੂਲੈਰਿਟੀਜ਼ ਦੇ ਚਾਰਜਿਜ਼ ਮੇਰੇ ਤੇ ਲਗਾਏ ਗਏ ਹਨ, ਉਨ੍ਹਾਂ ਸਾਰਿਆਂ ਨੂੰ ਮੈਂ ਇਮਫੈਟੇਕਲੀ ਡਿਨਾਈ ਕਰਦਾ ਹਾਂ। ਔਰ ਉਸ ਦੇ ਨਾਲ ਹੀ ਨਾਲ ਮੈਂ ਇਕ ਗੱਲ ਹੋਰ ਕਹਾਂਗਾ ਕਿ ਮੈਂ ਮਨਿਸਟਰ ਦੇ ਆਫਿਸ ਦੀ ਹਾਈਐਸਟ ਡਿਗਨਿਟੀ ਨੂੰ ਸਾਹਮਣੇ ਰੱਖਦੇ ਹੋਏ ਸੀਨੀਅਰ ਤੋਂ ਸੀਨੀਅਰ ਅਫਸਰ ਦੀ ਅਗਰ ਐਕਸਪਲੇਨੇਸ਼ਨ ਕਾਲ ਕੀਤੀ ਸੈਕਟਰੀ ਦੀ, ਡਿਪਟੀ ਸੈਕਟਰੀ ਦੀ, ਉਹ ਸਾਰੇ ਫਾਈਲਾਂ ਤੇ ਮੌਜੂਦ ਹਨ। ਉਹ ਇਨ੍ਹਾਂ ਕੋਲ ਹੀ ਹਨ, ਹੋਰ ਕਿਸੇ ਕੋਲ ਨਹੀਂ। ਇਹ ਸਾਰੇ ਪੇਪਰ ਉਨ੍ਹਾਂ ਦੇ ਕੋਲੋਂ ਲੈ ਸਕਦੇ ਹਨ ਔਰ ਹਰ ਚੀਜ਼ ਦਾ ਪਤਾ ਕਰ ਸਕਦੇ ਹਨ। ਅਗਰ ਇਹ ਜਿਹੜੇ ਇਰਰੈਗੂਲੈਰਿਟੀ ਦੇ ਚਾਰਜਿਜ਼ ਮੇਰੇ ਤੇ ਲਗਾਏ ਗਏ ਹਨ, ਅਗਰ ਇਹ ਸਾਬਤ ਹੋ ਜਾਣ ਤਾਂ ਮੈਂ ਗੁਨਾਹਗਾਰ ਹੋਵਾਂਗਾ ਅਤੇ ਨਾਲ ਹੀ ਸਾਰੇ ਹਾਊਸ ਨੂੰ ਵੀ ਅਸਲੀਅਤ ਦਾ ਪਤਾ ਲੱਗ ਜਾਵੇਗਾ ਕਿ ਕੌਣ ਗੁਨਾਹਗਾਰ ਹੈ। (ਵਘਨ) ਸਪੀਕਰ ਸਾਹਿਬ, ਜੇ ਤੁਸੀਂ ਮੈਨੂੰ ਇਜਾਜ਼ਤ ਨਹੀਂ ਦਿੰਦੇ ਤਾਂ ਮੈਂ ਇੰਨਾਂ ਹੀ ਕਹਿ ਦਿੰਦਾ ਹਾਂ ਕਿ ਇਹ ਜੋ ਕੁਝ ਵੀ ਮੇਰੇ ਤੇ ਚਾਰਜਿਜ਼ ਲਗਾਏ ਗਏ ਹਨ ਮੈਂ ਉਨ੍ਹਾਂ ਨੂੰ ਇਮਫੈਟੇਕਲੀ ਡਿਨਾਈ ਕਰਦਾ ਹਾਂ।

PERSONAL EXPLANATION BY SARDAR BALWANT SINGH, FINANCE MINISTER

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਦੇ ਨਾਲ ਇਕ ਰੀਕੁਐਸਟ ਕਰਨੀ ਚਾਹੁੰਦਾ ਹਾਂ। ਮੇਰੇ ਉਤੇ ਟੰਡਨ ਸਾਹਿਬ ਨੇ ਕੁਝ ਕਾਊਂਟਰ ਚਾਰਜਿਜ਼ ਲਗਾਏ ਹਨ, ਮੈਂ ਸਿਰਫ ਉਸ ਦੀ ਐਕਸਪਲੇਨੇਸ਼ਨ ਦੇਣ ਵਾਸਤੇ ਖੜ੍ਹਾ ਹੋਇਆ ਹਾਂ। (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਟੰਡਨ ਸਾਹਿਬ ਨੇ ਆਈ. ਡੀ. ਸੀ. ਵਾਸਤੇ 10 ਲੱਖ ਰੁਪਏ ਦਾ ਜ਼ਿਕਰ ਕੀਤਾ ਹੈ । ਮੇਰੀ ਇਹ ਬੇਨਤੀ ਹੈ ਕਿ ਇੰਡਸਟਰੀਅਲ ਡੀਵੈਲਪਮੈਂਟ ਕਾਰਪੋਰੇਸ਼ਨ ਨੇ ਇਕ ਲੁਧਿਆਣਾ ਦੀ ਫਰਮ ਨੂੰ 10 ਲੱਖ ਰੁਪਏ ਲੋਨ ਦੇਣ ਦਾ ਕੇਸ ਇੰਡਸਟਰੀ ਡੀਪਾਰਟਮੈਂਟ ਨੂੰ ਰੀਕਮੈਂਡ ਕੀਤਾ । ਇੰਡਸਟਰੀ ਡੀਪਾਰਟਮੈਂਟ ਦੇ ਥਰੂ ਔਰ ਟੰਡਨ ਸਾਹਿਬ ਦੇ ਥਰੂ 30.4.1970 ਨੂੰ ਉਹ ਕੇਸ ਮੇਰੇ ਪਾਸ ਆਇਆ । ਫਾਈਨੈਂਸ ਡੀਪਾਰਟਮੈਂਟ ਨੇ ਉਸ ਨੂੰ ਕਨਸਿਡਰ ਕੀਤਾ । ਮੈਂ ਤੁਹਾਨੂੰ ਇਹ ਵੀ ਦੱਸਦਾ ਹਾਂ ਕਿ ਫਾਈਨੈਂਸ ਡੀਪਾਰਟ-ਮੈਂਟ ਡਾਇਰੈਕਟਲੀ ਕਿਸੇ ਫਰਮ ਨੂੰ ਲੋਨ ਨਹੀਂ ਦਿੰਦਾ । ਫਾਈਨੈਂਸ ਡੀਪਾਰਟਮੈਂਟ, ਜਦ ਕੋਈ ਐਡਮਨਿਸਟਰੇਟਿਵ ਡੀਪਾਰਟਮੈਂਟ ਰੀਕਮੈਂਡ ਕਰੇ ਤਾਂ ਉਸ ਉਤੇ ਆਪਣੀ ਐਡਵਾਈਜ਼ ਦਿੰਦਾ ਹੈ । ਇੰਡਸਟਰੀ ਡੀਪਾਰਟਮੈਂਟ ਨੇ ਲੋਨ ਰੀਕਮੈਂਡ ਕੀਤਾ । ਉਹ ਸਾਡੀ ਐਡਵਾਈਸ ਚਾਹੁੰਦੇ ਸੀ ਕਿ ਕਿਸ ਤਰ੍ਹਾਂ ਕੀਤਾ ਜਾਵੇ । ਉਸ ਦੇ ਉਤੇ ਜਿਹੜੀ ਅਸੀ ਐਡਵਾਈਸ ਦਿੱਤੀ ਉਹ ਮੈਂ ਤੁਹਾਡੇ ਸਾਹਮਣੇ ਪੜ੍ਹ ਦਿੰਦਾ ਹਾਂ । (ਵਿਘਨ)

Mr. Speaker : Not allowed.

ਵਿੱਤ ਮੰਤਰੀ : ਸਰ, ਮੇਰੀ ਐਡਵਾਈਸ ਇਹ ਸੀ ਕਿ...(ਵਿਘਨ) (ਸ਼ੋਰ) ਸਪੀਕਰ ਸਾਹਿਬ, ਮੇਰੇ ਉਤੇ ਜਿਹੜੇ ਚਾਰਜਿਜ਼ ਲਗਾਏ ਗਏ ਹਨ ਉਸ ਬਾਰੇ ਮੈਂ ਤੁਹਾਨੂੰ ਦੱਸ ਕੇ ਹਾਊਸ ਨੂੰ ਕੰਨਫੀਡੈਂਸ ਵਿਚ ਲੈਣਾ ਚਾਹੁੰਦਾ ਹਾਂ ਤਾਂ ਕਿ ਮੇਰੇ ਮੁਤੱਲਕ ਪੋਜ਼ੀਸ਼ਨ ਕਲੀਅਰ ਹੋ ਜਾਵੇ । (ਵਿਘਨ) ਅੱਛਾ, ਜੇ ਤੁਸੀਂ ਮੈਨੂੰ ਐਡਵਾਈਸ ਪੜ੍ਹਨ ਨਹੀਂ ਦਿੰਦੇ ਤਾਂ ਮੈਂ ਕਹਿੰਦਾ ਹਾਂ ਕਿ ਇਹ ਜਿਹੜੇ ਮੇਰੇ ਤੇ ਚਾਰਜਿਜ਼ ਲਗਾਏ ਗਏ ਹਨ, ਉਹ ਸੈਂਟ ਪਰਸੈਂਟ ਰਾਂਗ ਹਨ । ਮੈਂ ਉਨ੍ਹਾਂ ਨੂੰ ਡਿਨਾਈ ਕਰਦਾ ਹਾਂ । (ਵਿਘਨ) ਫਾਈਨੈਂਸ ਡੀਪਾਰਟਮੈਂਟ ਨੇ ਕਿਸੇ ਨੂੰ ਲੋਨ ਨਹੀਂ ਦਿਤਾ, ਇੰਡਸਟਰੀ ਡੀਪਾਰਟਮੈਂਟ ਨੇ ਲੋਨ ਦਿਤਾ । ਸਾਡੀ ਤਾਂ ਐਡਵਾਈਸ ਲਈ ਗਈ ਸੀ ਔਰ ਅਸੀਂ ਐਡਵਾਈਸ ਵਿਚ ਇਹ ਕਿਹਾ ਕਿ ਜੇ ਤੁਹਾਨੂੰ ਐਕਸਟਰਾ ਫੰਡ ਚਾਹੀਦੇ ਹਨ ਤਾਂ ਸਪਲੀਮੈਂਟਰੀ ਬਜਟ ਵਿਚ ਲੈ ਆਵਾਂਗੇ । ਇਸ ਤੋਂ ਵੱਧ ਹੋਰ ਕੁਝ ਨਹੀਂ । ਅਸੀਂ ਉਨ੍ਹਾਂ ਨੂੰ ਇਹ ਵੀ ਕਿਹਾ ਕਿ ਉਨ੍ਹਾਂ ਦੀਆਂ ਪਰਾਪਰ ਸਿਕਿਉਰਟੀਜ਼ ਲਈਆਂ ਜਾਣ । ਸੋ, ਇੰਡਸਟਰੀ ਡੀਪਾਰਟਮੈਂਟ ਨੇ ਲੋਨ ਦਿੱਤਾ ਹੈ । ਇਕ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਗਵਰਨਰ ਸਾਹਿਬ ਨੂੰ ਇਸ ਬਾਰੇ ਲਿਖਿਆ । ਗਵਰਨਰ ਸਾਹਿਬ ਨੇ ਫਾਈਲ ਮੰਗਾ ਕੇ ਵੇਖੀ ਅਤੇ ਕਿਹਾ ਕਿ ਇਹ ਲੋਨ ਐਬਸੋਲਿਊਟਲੀ ਇਨ ਆਰਡਰ ਹੈ । (ਤਾੜੀਆਂ)

MOTION FOR THE ADJOURNMENT OF THE HOUSE SINE-DIE

Chief Minister (Sardar Parkash Singh Badal) : Sir, I beg to move—

> That the Assembly at its rising this day shall stand adjourned *sine-die.*

Mr. Speaker : Motion moved—

> That the Assembly at its rising this day shall stand adjourned *sine-die.*

ਕਾਮਰੇਡ ਸਤ ਪਾਲ ਡਾਂਗ (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਮੈਂ ਇਸ ਮੋਸ਼ਨ ਦੀ ਵਿਰੋਧਤਾ ਕਰਦਾ ਹਾਂ । ਅਤੇ ਮੈਂ ਤੁਹਾਡੇ ਸਾਹਮਣੇ ਰੀਜ਼ਨਜ਼ ਰੱਖਾਂਗਾ । ਕੁਝ ਸਮੇਂ ਤੋਂ ਇਹ ਰੁਜਹਾਨ

Original with;
Punjab Vidhan Sabha
Digitized by;
Panjab Digital Library

ਕਾਫੀ ਵਧ ਰਿਹਾ ਹੈ ਕਿ ਅਸੈਂਬਲੀ ਦਾ ਇਜਲਾਸ ਘੱਟ ਤੋਂ ਘੱਟ ਸਮੇਂ ਲਈ ਬੁਲਾਇਆ ਜਾਵੇ ਔਰ ਅਹਿਮ ਤੋਂ ਅਹਿਮ ਲੈਜਿਸਲੇਸ਼ਨ ਆਰਡੀਨੈਂਸ ਦੀ ਰਾਹੀਂ ਕਰਕੇ ਬਾਅਦ ਦੇ ਵਿੱਚ ਫਿਰ ਘੱਟ ਤੋਂ ਘੱਟ ਸਮੇਂ ਦੇ ਵਿੱਚ ਲੈਜਿਸਲੇਟਰਜ਼ ਅੱਗੇ fait accompli ਦੇ ਤੌਰ ਤੇ ਪੇਸ਼ ਕੀਤਾ ਜਾਵੇ । ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸੀ. ਐਮ. ਸਾਹਿਬ ਇਸ ਬਾਰੇ ਕਲੀਅਰ ਕਰਨ ਕਿ 2 ਮਹੀਨਿਆਂ ਦਾ ਪੰਜਾਬ ਦੇ ਵਿਚ ਰੌਲਾ ਪੈ ਰਿਹਾ ਹੈ ਕਿ ਆਰਡੀਨੈਂਸ ਤਿਆਰ ਕਰਕੇ ਗਵਰਨਰ ਕੋਲ ਘੱਲਿਆ ਹੈ ਕਿ ਲੈਜਿਸਲੇਟਰਜ਼ ਫਲਾਣਾ ਫਲਾਣਾ ਆਫਿਸ ਆਫ ਪਰਾਫਿਟ ਹੋਲਡ ਕਰ ਸਕਦੇ ਹਨ । ਇਸ ਵਿੱਚ ਕੁਝ ਝਗੜੇ ਵਾਲੀਆਂ ਗੱਲਾਂ ਸਨ । ਅਖਬਾਰਾਂ ਦੇ ਮੁਤਾਬਿਕ ਗਵਰਨਰ ਸਾਹਿਬ ਨੇ ਇਸ ਦੇ ਬਾਰੇ ਦਿੱਲੀ ਦੀ ਸਰਕਾਰ ਤੋਂ ਕੁਝ ਰਾਏ ਮੰਗੀ ਹੈ । ਇਸ ਬਾਰੇ ਮੁੜ ਅਖਬਾਰਾਂ ਵਿੱਚ ਆਇਆ ਕਿ ਗਵਰਨਰ ਸਾਹਿਬ ਨੇ ਇਸ ਦੇ ਉਤੇ 11 ਇਤਰਾਜ਼ ਲਗਾ ਕੇ ਇਸ ਨੂੰ ਕੈਬਨਿਟ ਦੇ ਕੋਲ ਵਾਪਸ ਘੱਲ ਦਿੱਤਾ । ਇਸ ਅਸੈਂਬਲੀ ਵਿੱਚ ਉਹ ਬਿੱਲ ਨਹੀਂ ਆਇਆ । ਅੱਜ ਹੁਣ ਸਾਈਨੇ ਡਾਈ ਐਡਜਰਨਮੈਂਟ ਦੀ ਮੋਸ਼ਨ ਆ ਗਈ ਹੈ । ਮੈਂ ਕਹਿੰਦਾ ਹਾਂ ਕਿ ਕਿਤੇ ਪੰਜ ਦਸ ਦਿਨਾਂ ਨੂੰ ਇਸ ਬਿਲ ਬਾਰੇ ਆਰਡੀਨੈਂਸ ਤਾਂ ਨਹੀਂ ਆ ਜਾਵੇਗਾ । (ਵਿਘਨ) ਲੋਕਲ ਗੌਰਮਿੰਟ ਦੇ ਮਨਿਸਟਰ ਇੰਚਾਰਜ ਜਾਂ ਸਟੇਟ ਮਨਿਸਟਰ ਦਾ ਇਕ ਬਿਆਨ ਅਖਬਾਰਾਂ ਵਿੱਚ ਆਇਆ ਸੀ ਕਿ ਇਕ ਆਰਡੀਨੈਂਸ ਤਿਆਰ ਹੈ ਅਤੇ ਅਸੈਂਬਲੀ ਦਾ ਇਜਲਾਸ ਸੱਦਣ ਦਾ ਵਿਚਾਰ ਨਹੀਂ । ਹੁਣ ਇਜਲਾਸ ਸੱਦਿਆ ਹੈ ਪਰ ਬਿਲ ਨਹੀਂ ਆਇਆ । ਮੈਂ ਕਹਿੰਦਾ ਹਾਂ ਕਿ ਜੇ ਅਸੈਂਬਲੀ ਦਾ ਇਜਲਾਸ ਉਠਾ ਕੇ ਫਿਰ ਚਾਰ ਦਿਨਾਂ ਨੂੰ ਆਰਡੀਨੈਂਸ ਹੋਣਾ ਹੈ ਤਾਂ ਇਹ ਜਮਹੂਰੀਅਤ ਔਰ ਪਾਰਲੀਮੈਂਟਰੀ ਫੰਕਸ਼ਨ ਨੂੰ ਇਕ ਤਕੜਾ ਬਲੋਂ ਹੋਵੇਗਾ ।

ਦੂਸਰੀ ਚੀਜ਼ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਹਾਊਸ ਦੀਆਂ ਵੀ ਕੁਝ ਡਿਊਟੀਜ਼ ਹੁੰਦੀਆਂ ਹਨ । ਪਬਲਿਕ ਸਰਵਿਸ ਕਮਿਸ਼ਨ ਦੇ ਫੰਕਸ਼ਨਜ਼ ਬਾਰੇ ਇਥੇ ਬੜੀ ਡਿਸਸੈਟਿਸਫੈਕਸ਼ਨ ਹੈ । ਜੋ ਚੇਅਰਮੈਨ ਐਪੁਆਇੰਟ ਹੋਇਆ, ਉਸ ਨੇ ਜਿਸ ਤਰ੍ਹਾਂ ਦਾ ਫੰਕਸ਼ਨ ਕੀਤਾ, ਉਸ ਦੀ ਰਿਪੋਰਟ ਪਿਛਲੇ ਇਜਲਾਸ ਵਿੱਚ ਸਦਨ ਦੀ ਮੇਜ਼ ਤੇ ਰਖੀ ਗਈ ਸੀ । ਅਸੀਂ ਉਸ ਦੇ ਬਾਰੇ ਨੋਟਿਸ ਵੀ ਦਿਤੇ ਸਨ ਕਿ ਇਸ ਤੇ ਬਹਿਸ ਹੋਣੀ ਚਾਹੀਦੀ ਹੈ, ਪਰ ਤੁਹਾਨੂੰ ਪਤਾ ਹੈ ਕਿ 31 ਮਾਰਚ ਨੂੰ ਜੋ ਕੁਝ ਇਥੇ ਹੋਇਆ ਅਤੇ ਹਾਊਸ ਐਡਜਰਨ ਕਰ ਦਿੱਤਾ । ਪਰ ਉਹ ਰਿਪੋਰਟ ਪੈਂਡਿੰਗ ਸੀ । ਉਸ ਨੂੰ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਨੇ ਅਪਰੂਵ ਕੀਤਾ ਸੀ । ਹਾਊਸ ਨੇ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਮੰਨੀ ਕਿ ਉਸ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ, ਪਰ ਡਿਸਕਸ਼ਨ ਨਹੀਂ ਹੋਈ । ਮੈਂ ਅਤੇ ਸਰਦਾਰ ਉਮਰਾਓ ਸਿੰਘ ਨੇ ਕੁਝ ਨੋਟਿਸਿਜ਼ ਵੀ ਦਿੱਤੇ ਸਨ, ਉਹ ਮੰਨੇ ਗਏ, ਹਾਊਸ ਉਸ ਨੂੰ ਐਪ੍ਰੂਵ ਕਰ ਚੁੱਕਾ ਸੀ, ਪਰ ਉਸ ਤੇ ਬਹਿਸ ਨਹੀਂ ਹੋਈ । ਮੈਂ ਇਥੇ ਇਹ ਵੀ ਕਹਾਂ ਕਿ ਸਾਡੇ ਨਾਲ ਵਾਇਦਾ ਹੋਇਆ ਕਿ ਫਿਰ ਬਿਜ਼ਨਿਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੋਵੇਗੀ ਅਤੇ ਜੋ ਫੈਸਲਾ ਕੀਤਾ ਗਿਆ ਅਤੇ ਜੋ ਪਿਛਲੇ ਨੋਟਿਸ ਪੈਂਡਿੰਗ ਹਨ, ਉਨ੍ਹਾਂ ਤੇ ਵਿਚਾਰ ਕੀਤੀ ਜਾਵੇਗੀ । (ਵਿਘਨ) ਮੈਂ ਕਹਿੰਦਾ ਹਾਂ ਕਿ ਕਮੇਟੀਆਂ ਐਪੁਆਇੰਟ ਕੀਤੀਆਂ ਜਾਂਦੀਆਂ ਹਨ ਅਤੇ ਲੱਖਾਂ ਰੁਪਏ ਖਰਚ ਕੀਤੇ ਜਾਂਦੇ ਹਨ-ਜਿਸ ਤਰ੍ਹਾਂ ਕਿ ਹਾਊਸ ਨੇ ਹਾਊਸ ਅੰਦਰ ਹੋਏ ਹਾਦਸੇ ਤੇ ਵਿਚਾਰ ਕਰਨ ਲਈ ਇਕ ਐਡਹਾਕ ਕਮੇਟੀ ਐਪੁਆਇੰਟ ਕੀਤੀ ਸੀ । 18 ਮਾਰਚ 1968, ਨੂੰ ਜਦ ਗਿੱਲ ਸਾਹਿਬ ਚੀਫ ਮਨਿਸਟਰ ਸਨ ਤੁਹਾਨੂੰ ਪਤਾ ਹੈ ਕਿ ਇਸ ਹਾਊਸ ਵਿੱਚ ਬੜਾ ਜ਼ਬਰਦਸਤ ਵਾਕਿਆ ਹੋਇਆ, ਹਾਊਸ ਵਿੱਚ ਪੁਲਿਸ ਆਈ ਅਤੇ ਲੈਜਿਸਲੇਟਰਜ਼ ਨੂੰ ਕੁਟਿਆ ਗਿਆ ਜਿਸ ਦੀ ਰੈਪਰਕਸ਼ਨ ਵਜੋਂ ਹਿੰਦੁਸਤਾਨ ਦੇ ਸਾਰੇ ਲੈਜਿਸਲੇਟਰਜ਼ ਦੇ ਉਤੇ ਬੁਰਾ ਅਸਰ ਪਿਆ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਬਾਅਦ ਵਿੱਚ ਕੁਝ ਐਮ. ਐਲ. ਏਜ਼. ਦੀ ਇਕ ਐਡਹਾਕ ਕਮੇਟੀ ਬਣੀ । ਉਹ ਮੇਰਾ ਖਿਆਲ ਹੈ ਕਿ ਤੁਸੀਂ ਆਪ ਬਣਾਈ । ਉਸ ਐਡਹਾਕ ਕਮੇਟੀ ਤੇ ਵੀ ਕਾਫੀ ਖਰਚ ਆਇਆ । ਅਗਰ ਉਸ ਕਮੇਟੀ ਦਾ ਫਾਇਦਾ ਨਾ ਹੋਵੇ ਤਾਂ ਇਹ ਵੀ ਖਰਚ ਪਬਲਿਕ ਉਤੇ ਵਾਧੂ ਬਰਡਨ ਹੋਵੇਗਾ । ਉਸ ਐਡਹਾਕ ਕਮੇਟੀ ਨੇ ਆਪਣੀ ਰਿਪੋਰਟ ਦਿੱਤੀ ਹੈ । ਉਹ ਰਿਪੋਰਟ ਅਡਾਪਟ ਹੋਣੀ ਚਾਹੀਦੀ ਹੈ, ਅਸੈਂਬਲੀ ਵਿਚ ਪੇਸ਼ ਹੋਣੀ ਚਾਹੀਦੀ ਹੈ । ਕੋਈ ਵੀ ਹਾਊਸ ਦਾ ਮੈਂਬਰ ਮਤਾ ਰਖ ਸਕਦਾ ਹੈ, ਮੋਸ਼ਨ ਲਿਆ ਸਕਦਾ ਹੈ ਕਿ ਐਡਹਾਕ ਕਮੇਟੀ ਦੀ ਰਿਪੋਰਟ ਤੇ ਹਾਊਸ ਵਿੱਚ ਬਹਿਸ ਹੋਵੇ ਔਰ ਉਸ ਨੂੰ ਮਨਜ਼ੂਰ ਕੀਤਾ ਜਾਵੇ । ਇਹ ਵੀ ਨੋਟਿਸ ਦਿੱਤੇ ਗਏ ਹਨ । ਇਸੇ ਤਰ੍ਹਾਂ ਹੋਰ ਵੀ ਕਈ ਨੋਟਿਸ ਪੈਂਡਿੰਗ ਹਨ । ਮੈਂ ਕਹਿੰਦਾ ਹਾਂ ਕਿ ਇਹੋ ਜਿਹੇ ਮਸਲੇ ਹੋਣ, ਕਮੇਟੀਆਂ ਬਣੀਆਂ ਹੋਣ ਅਤੇ ਫਿਰ ਉਨ੍ਹਾਂ ਦੀਆਂ ਰਿਪੋਟਾਂ ਵੀ ਆਉਣ ਔਰ ਮੈਂਬਰ ਉਨ੍ਹਾਂ ਉਤੇ ਕੁਝ ਕਹਿਣਾ ਚਾਹੁਣ, ਬਹੁਤ ਸਾਰੇ ਨੋਟਿਸਿਜ਼ ਪੈਂਡਿੰਗ ਪਏ ਹੋਣ, ਤਾਂ ਬਰੂਟ ਮੈਜਾਰਿਟੀ ਦੇ ਨਾਲ ਹਾਊਸ ਸਾਈਨੇ ਡਾਈ ਕਰ ਦੇਣਾ, ਇਹ ਗੱਲ ਠੀਕ ਨਹੀਂ । ਹੋਰ ਵੀ ਬਹੁਤ ਸਾਰੇ ਮਾਮਲੇ ਪੈਂਡਿੰਗ ਹਨ । ਪੰਚਾਇਤਾਂ ਦੀ ਇਲੈਕਸ਼ਨ ਵਾਲਾ ਮਾਮਲਾ ਹੈ । ਪੰਚਾਇਤ ਸਮਿਤੀਆਂ ਵਾਲਾ ਹੈ । ਸਰਕਾਰ ਨੇ ਸੋਚ ਲਿਆ ਹੋਣਾ ਹੈ ਕਿ ਇਹ ਸਾਰੇ ਆਰਡੀਨੈਂਸਾਂ ਰਾਹੀਂ ਕਰ ਦਿਆਂਗੇ । ਹਾਊਸ ਦੀਆਂ ਕਮੇਟੀਆਂ ਬਿਠਾਉਣ ਤੇ ਲੱਖਾਂ ਰੁਪਏ ਖਰਚ ਹੋਏ ਅਤੇ ਹੁੰਦੇ ਹਨ । ਰੂਲਜ਼ ਦੇ ਮੁਤਾਬਿਕ ਬਹੁਤ ਸਾਰੇ ਨੋਟਿਸਜ਼ ਪੈਂਡਿੰਗ ਹਨ ਪਰ ਉਨ੍ਹਾਂ ਉਤੇ ਕੋਈ ਡਿਸਕਸ਼ਨ ਨਹੀਂ ਹੋਣ ਦਿਤੀ ਜਾਂਦੀ । ਇਸ ਲਈ, ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ, ਸੀ. ਐਮ. ਸਾਹਿਬ ਨੂੰ ਅਰਜ਼ ਕਰਾਂਗਾ ਕਿ ਹਾਊਸ ਵਿਚ ਇਸ ਵੇਲੇ ਸਾਈਨੇ ਡਾਈ ਦੀ ਮੋਸ਼ਨ ਨਹੀਂ ਪੇਸ਼ ਹੋਣੀ ਚਾਹੀਦੀ । ਇਹ ਇਸ ਨੂੰ ਵਾਪਸ ਲੈ ਲੈਣ । (ਵਿਘਨ) ਜਿੰਨੇ ਨੋਟਿਸਿਜ਼ ਪੈਂਡਿੰਗ ਹਨ—ਐਡਹਾਕ ਕਮੇਟੀ ਦੀ ਰਿਪੋਰਟ, ਪਬਲਿਕ ਸਰਵਿਸ ਕਮਿਸ਼ਨ ਦੀ ਰਿਪੋਰਟ, ਮੇਰੇ ਅਤੇ ਸਰਦਾਰ ਉਮਰਾਓ ਸਿੰਘ ਦੇ ਨੋਟਿਸ ਇਹ ਸਾਰੇ ਪੈਂਡਿੰਗ ਹਨ । ਉਨ੍ਹਾਂ ਤੇ ਪਹਿਲਾਂ ਡਿਸਕਸ਼ਨ ਹੋਵੇ ਅਤੇ ਫਿਰ ਹਾਊਸ ਐਡਜਰਨ ਹੋਵੇ ਉਸ ਤੋਂ ਪਹਿਲਾਂ ਐਡਜਰਨ ਨਹੀਂ ਹੋਣਾ ਚਾਹੀਦਾ ।

ਕੈਪਟਨ ਰਤਨ ਸਿੰਘ (ਗੜ੍ਹਸ਼ੰਕਰ) : ਸਪੀਕਰ ਸਾਹਿਬ, ਜੋ ਕੁਝ ਡਾਂਗ ਸਾਹਿਬ ਨੇ ਫਰਮਾਇਆ ਹੈ ਮੈਂ ਸਮਝਦਾ ਹਾਂ ਕਿ ਪ੍ਰਿੰਸੀਪਲੀ ਉਸ ਨਾਲ ਮੇਰਾ ਕੋਈ ਝਗੜਾ ਨਹੀਂ ਲੇਕਿਨ ਮੇਰੀ ਅਰਜ਼ ਹੈ ਕਿ ਡਾਂਗ ਸਾਹਿਬ ਵੀ ਬਿਜ਼ਨਿਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿਚ ਹਾਜ਼ਰ ਸਨ, ਜਿਸ ਵਿੱਚ ਅਸੀਂ ਇਹ ਫੈਸਲਾ ਕੀਤਾ ਸੀ । ਉਹ ਰਿਪੋਰਟ ਹਾਊਸ ਵਿੱਚ ਆਈ ਔਰ ਉਹ ਮੰਨੀ ਵੀ ਗਈ । ਸਪੀਕਰ ਸਾਹਿਬ, ਉਸ ਵਿੱਚ ਕੀ ਫੈਸਲਾ ਕੀਤਾ ਗਿਆ ਸੀ, ਉਹ ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ । ਅਸੀਂ ਇਹ ਕਿਹਾ ਸੀ ਕਿ ਜੇ ਨੋ-ਕਾਨਫੀਡੈਂਸ ਮੋਸ਼ਨਜ਼ ਐਡਮਿਟ ਹੋ ਜਾਣ ਤਾਂ 28-29 ਤਾਰੀਖ਼ ਨੂੰ ਉਹ ਡਿਸਕਸ ਹੋਣਗੀਆਂ ਔਰ ਬਾਕੀ ਦਾ ਜਿਹੜਾ ਬਿਜ਼ਨਿਸ ਹੈ ਉਹ 27 ਤਾਰੀਖ ਨੂੰ ਖ਼ਤਮ ਹੋ ਜਾਵੇਗਾ । ਅਗਰ ਕੋਈ ਨੋ-ਕਾਨਫੀਡੈਂਸ ਮੋਸ਼ਨ ਐਡਮਿਟ ਨਾ ਹੋਈ ਤਾਂ ਫਿਰ ਅਸੀਂ ਕੋਸ਼ਿਸ਼ ਇਹ ਕਰਾਂਗੇ ਕਿ 27 ਤਾਰੀਖ ਨੂੰ ਸੈਸ਼ਨ ਖ਼ਤਮ ਕਰ ਦਿੱਤਾ ਜਾਵੇ ਨਹੀਂ ਤਾਂ 28 ਤਾਰੀਖ਼ ਨੂੰ ਤਾਂ ਸੈਸ਼ਨ ਜ਼ਰੂਰ ਖ਼ਤਮ ਕਰ ਦੇਵਾਂਗੇ (ਵਿਘਨ) ਸਪੀਕਰ ਸਾਹਿਬ, ਜਮਹੂਰੀਅਤ ਦੇ ਵਿੱਚ ਇਹ ਵੀ ਠੀਕ ਨਹੀਂ ਕਿ ਇਕ ਸੈਸ਼ਨ ਬੁਲਾਇਆ ਜਾਏ ਔਰ ਉਹ ਛੇਤੀ ਛੇਤੀ ਖ਼ਤਮ ਕਰ ਦਿਓ, ਮੈਂ ਹਮੇਸ਼ਾਂ ਇਸ ਦੇ ਖਿਲਾਫ ਰਿਹਾ ਹਾਂ ਔਰ ਅੱਜ ਵੀ ਇਸ ਦੇ ਖਿਲਾਫ ਹਾਂ । ਲੇਕਿਨ ਮੇਰੀ ਅਰਜ਼ ਹੈ ਕਿ ਇਹ ਸੈਸ਼ਨ ਆਮ ਨਹੀਂ ਹੈ, ਇਸ ਸੈਸ਼ਨ ਵਾਸਤੇ ਤਾਂ ਡਾਂਗ ਸਾਹਿਬ ਦੀ ਤੇ ਕੁਝ ਹੋਰ ਸਾਥੀਆਂ ਦੀ ਐਕਸਪਲਿਸਿਟ ਡੀਜ਼ਾਇਰ ਸੀ ਕਿ ਗੌਰਮਿੰਟ ਨੂੰ ਆਪਣੀ ਸਟਰੈਂਗਥ ਅਜ਼ਮਾਉਣ ਦਾ ਮੌਕਾ ਇਸ ਹਾਊਸ ਵਿਚ ਦਿੱਤਾ ਜਾਵੇ । ਸਪੀਕਰ ਸਾਹਿਬ, ਇਹ ਜਿਹੜਾ ਸੈਸ਼ਨ ਬੁਲਾਇਆ ਗਿਆ ਹੈ ਦਰਅਸਲ ਜਿਹੜਾ ਇਸ ਦਾ ਮਕਸਦ ਸੀ ਉਹ ਇਹ ਦੇਖਣਾ ਸੀ ਕਿ

Original with;
Punjab Vidhan Sabha
Digitized by;
Panjab Digital Library

ਆਇਆ ਇਸ ਸਰਕਾਰ ਨੂੰ ਇਸ ਹਾਊਸ ਦੇ ਵਿੱਚ ਮੈਜਾਰਟੀ ਹਾਸਲ ਹੈ ਕਿ ਨਹੀਂ ? ਔਰ ਉਹ ਮਕਸਦ ਹੁਣ ਪੂਰਾ ਹੋ ਗਿਆ ਹੈ । (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਮੈਂ ਸਮਝਦਾ ਹਾਂ ਕਿ ਡਾਂਗ ਸਾਹਿਬ ਇਸ ਗੱਲ ਨਾਲ ਇਤਫਾਕ ਰੱਖਣਗੇ । (ਵਿਘਨ) ਸਪੀਕਰ ਸਾਹਿਬ, ਇਕ ਅਰਜ਼ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਗੌਰਮਿੰਟ ਸਾਨੂੰ ਅਸ਼ੋਰੈਂਸ ਦੇਵੇ ਕਿ ਸਪਲੀਮੈਂਟਰੀ ਡੀਮਾਂਡਜ਼ ਵਾਸਤੇ ਜਿਸ ਤਰ੍ਹਾਂ ਪਹਿਲਾਂ ਆਮ ਸੈਸ਼ਨ ਹੁੰਦਾ ਹੈ ਉਸ ਤਰ੍ਹਾਂ ਹੀ ਬੁਲਾਇਆ ਜਾਵੇਗਾ। ਕਿਧਰੇ ਇਹ ਨਾ ਹੋਵੇ ਕਿ ਹੁਣ ਸੈਸ਼ਨ ਉਠੇ ਤਾਂ ਫਿਰ ਫਰਵਰੀ ਵਿੱਚ ਹੀ ਸਦਿਆ ਜਾਵੇ । ਇਹ ਚੰਗੀ ਗੱਲ ਨਹੀਂ ਹੋਵੇਗੀ । ਮੈਂਬਰਜ਼ ਵਾਸਤੇ ਸਿਰਫ ਇਕ ਹੀ ਜਗ੍ਹਾ ਹੈ ਜਿਥੇ ਉਹ ਆਪਣੀ ਗੱਲ ਕਹਿ ਸਕਦੇ ਹਨ । ਮੈਂ ਸਮਝਦਾ ਹਾਂ ਕਿ ਡਾਂਗ ਸਾਹਿਬ ਨੂੰ ਵੀ ਆਪਣੀ ਇਸ ਗੱਲ ਵਿੱਚ ਤਰਮੀਮ ਕਰ ਲੈਣੀ ਚਾਹੀਦੀ ਹੈ ਔਰ ਅੱਜ ਇਸ ਹਾਊਸ ਨੂੰ ਸਾਈਨੇ ਡਾਈ ਐਡਜਰਨ ਕਰਨ ਦੀ ਮੁਖਾਲਫਤ ਨਹੀਂ ਕਰਨੀ ਚਾਹੀਦੀ । ਸਪੀਕਰ ਸਾਹਿਬ, ਅਸੀਂ ਜੋ ਫੈਸਲਾ ਇਕ ਵਾਰੀ ਕਰ ਲਈਏ ਭਾਵੇਂ ਉਹ ਅੰਦਰ ਬੈਠ ਕੇ ਕਰ ਲਈਏ ਜਾਂ ਬਾਹਰ, ਉਸ ਤੇ ਅਮਲ ਕਰਨਾ ਚਾਹੀਦਾ ਹੈ ਤੇ ਉਸ ਫੈਸਲੇ ਨੂੰ ਸਿਰੇ ਚਾੜ੍ਹਨਾ ਚਾਹੀਦਾ ਹੈ । (ਥੰਪਿੰਗ) ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਇਹ ਡੈਮੋਕਰੇਸੀ ਦੇ ਖਿਲਾਫ ਹੋਵੇਗਾ ਕਿ ਤੁਸੀਂ ਸੈਸ਼ਨ ਛੇ ਛੇ ਮਹੀਨੇ ਨਾ ਬੁਲਾਓ । ਜਦੋਂ ਕੋਈ ਸਪਲੀਮੈਂਟਰੀ ਡੀਮਾਂਡਜ਼ ਪਾਸ ਕਰਨ ਵਾਲੀਆਂ ਹੋਣ ਤਾਂ ਤੁਹਾਨੂੰ ਸੈਸ਼ਨ ਬੁਲਾਉਣਾ ਚਾਹੀਦਾ ਹੈ । ਸਪਲੀਮੈਂਟਰੀ ਡੀਮਾਂਡਜ਼ ਦੇ ਲਈ ਆਰਡੀਨੈਂਸ ਜਾਰੀ ਕੀਤੇ ਜਾਣ ਔਰ ਆਰਡੀਨੈਂਸ ਦੇ ਰਾਹੀਂ ਹਕੂਮਤ ਕਰਨਾ ਕੋਈ ਅੱਛੀ ਗੱਲ ਨਹੀਂ ਹੈ । ਇਸ ਲਈ ਮੈਂ ਇਹ ਬੇਨਤੀ ਕਰਾਂਗਾਂ ਕਿ ਲੀਡਰ ਆਫ਼ ਦੀ ਹਾਊਸ ਇਥੇ ਹਾਊਸ ਵਿੱਚ ਇਹ ਕਹਿਣ ਕਿ ਸਪਲੀਮੈਂਟਰੀ ਡੀਮਾਂਡਜ਼ ਦੇ ਵਾਸਤੇ ਦੋ ਜਾਂ ਤਿੰਨ ਜਾਂ ਚਾਰ ਮਹੀਨੇ ਨੂੰ ਜਦੋਂ ਲੋੜ ਪਵੇ ਤਾਂ ਸੈਸ਼ਨ ਬੁਲਾ ਲੈਣਗੇ । (ਵਿਘਨ) ਸਪੀਕਰ ਸਾਹਿਬ, ਜਮਹੂਰੀਅਤ ਜ਼ਿੰਦਾ ਨਹੀਂ ਰਹਿ ਸਕਦੀ ਜੋ ਗੌਰਮਿੰਟ ਅਪੋਜ਼ੀਸ਼ਨ ਨੂੰ ਫੇਸ ਕਰਨ ਵਿਚ ਝਿਜਕ ਕਰੇ । ਸੋ ਮੈਂ ਜ਼ਿਆਦਾ ਵਕਤ ਨਾ ਲੈਂਦਾ ਹੋਇਆ ਕਿ ਇਹ ਬੇਨਤੀ ਕਰਾਂਗਾ ਕਿ ਅੱਜ ਜਿਹੜੀ ਹਾਊਸ ਨੂੰ ਸਾਈਨੇ ਡਾਈ ਐਡਜਰਨ ਕਰਨ ਦੀ ਮੋਸ਼ਨ ਆਈ ਹੈ ਉਹ ਮਨਜ਼ੂਰ ਹੋਣੀ ਚਾਹੀਦੀ ਹੈ ਲੇਕਿਨ ਨਾਲ ਦੀ ਨਾਲ ਮੇਰੀ ਜੋ ਦੂਸਰੀ ਬੇਨਤੀ ਹੈ ਉਹ ਵੀ ਪੂਰੀ ਹੋਣੀ ਚਾਹੀਦੀ ਹੈ । (ਵਿਘਨ)

ਮੇਜਰ ਹਰਿੰਦਰ ਸਿੰਘ : ਸਪੀਕਰ ਸਾਹਿਬ, ਮੇਰੀ ਨਾਕਸ ਰਾਏ ਦੇ ਵਿੱਚ ਇਹ ਇਕ ਮੁਢਲਾ ਅਸੂਲ ਹੈ ਜੋ ਬਿਜ਼ਨਿਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿੱਚ ਯੂਨਾਨੀਮਸਲੀ ਡਿਸੀਜ਼ਨ ਹੋਇਆ ਹੈ ਉਸ ਯੂਨਾਨੀਮਸ ਡਿਸੀਜ਼ਨ ਵਿੱਚ ਜੋ ਪਾਰਟੀਜ਼ ਸਨ ਉਨ੍ਹਾਂ ਨੂੰ ਦਲੇਰੀ ਹੋਣੀ ਚਾਹੀਦੀ ਹੈ ਇਹ ਕਹਿਣ ਦੀ ਕਿ ਇਹ ਸਾਡੀ ਮਰਜ਼ੀ ਨਾਲ ਫੈਸਲਾ ਹੋਇਆ ਹੈ । ਜਿਸ ਵੇਲੇ ਹਾਊਸ ਨੇ ਇਹ ਫੈਸਲਾ ਅਡਾਪਟ ਕਰ ਲਿਆ ਉਸ ਤੋਂ ਮਗਰੋਂ ਫਿਰ ਅਮੈਂਡਮੈਂਟ ਦਰ ਅਮੈਂਡਮੈਂਟ ਨਹੀਂ ਹੋਣੀ ਚਾਹੀਦੀ । ਮੈਂ ਸਮਝਦਾ ਹਾਂ ਕਿ ਇਹ ਫੈਸਲਾ ਹੋ ਚੁਕਾ ਹੈ, ਇਹ ਫੈਸਲਾ ਯੂਨਾਨੀਮਸਲੀ ਬਿਜ਼ਨਿਸ ਐਡਵਾਈਜ਼ਰੀ ਕਮੇਟੀ ਵਿਚ ਹੋ ਚੁਕਾ ਹੈ ਜਿਹੜਾ ਕਿ ਹਾਊਸ ਵਿਚ ਅਡਾਪਟ ਹੋ ਚੁਕਾ ਹੈ । ਇਸ ਲਈ ਮੇਰੀ ਅਰਜ਼ ਹੈ ਕਿ ਇਹ ਹਾਊਸ ਸਾਈਨੇ ਡਾਈ ਐਡਜਰਨ ਹੋਣਾ ਚਾਹੀਦਾ ਹੈ ।

ਦੂਸਰਾ ਵਿਚਾਰ, ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਵੀ ਇਸ ਰਾਏ ਦਾ ਹਾਂ ਕਿ ਜਿਸ ਵੇਲੇ ਜ਼ਰੂਰਤ ਹੋਵੇ ਸਰਕਾਰ ਨੂੰ ਸੈਸ਼ਨ ਬੁਲਾਉਣ ਵਿਚ ਝਿਜਕ ਨਹੀਂ ਕਰਨੀ ਚਾਹੀਦੀ ਲੇਕਿਨ ਸੈਸ਼ਨ ਬੁਲਾਉਣਾ ਵੀ ਇਕ ਬੱਚਿਆਂ ਦੀ ਖੇਡ ਨਹੀਂ ਹੋਣੀ ਚਾਹੀਦੀ । ਆਖਿਰ ਇਸ ਵਿਚ ਖਰਚ ਹੋਣਾ ਹੈ, ਇਹ ਨਹੀਂ ਹੋਣਾ ਚਾਹੀਦਾ ਕਿ ਆਪਣੇ ਟੀ. ਏ./ਡੀ. ਏ. ਵਾਸਤੇ ਹੀ ਸੈਸ਼ਨ ਬੁਲਾ ਲਿਆ ਜਾਵੇ । ਸਪੀਕਰ ਸਾਹਿਬ, ਸੂਬੇ ਦੀਆਂ ਦਿਕਤਾਂ ਵਾਸਤੇ, ਪੰਜਾਬ ਦੀਆਂ ਪਰਾਬਲਮਜ਼ ਵਾਸਤੇ

Original with;
Punjab Vidhan Sabha
Digitized by;
Panjab Digital Library

[ਮੇਜਰ ਹਰਿੰਦਰ ਸਿੰਘ]

ਪੰਦਰਾਂ ਦਿਨ ਬਾਦ ਵੀ ਸੈਸ਼ਨ ਬੁਲਾਉਣ ਦੀ ਲੋੜ ਪਏ ਤਾਂ ਵੀ ਸਰਕਾਰ ਨੂੰ ਸੈਸ਼ਨ ਬੁਲਾਉਣ ਵਿੱਚ ਝਿਜਕ ਨਹੀਂ ਕਰਨੀ ਚਾਹੀਦੀ ਲੇਕਿਨ ਜਦੋਂ ਕੋਈ ਬਿਜ਼ਨਿਸ ਨਾ ਹੋਵੇ ਔਰ ਸਿਰਫ ਟੀ. ਏ./ਡੀ. ਏ. ਵਾਸਤੇ ਹੀ ਸੈਸ਼ਨ ਬੁਲਾਇਆ ਜਾਵੇ ਤਾਂ ਇਹ ਗੱਲ ਠੀਕ ਨਹੀਂ ਪੰਜਾਬ ਦੀਆਂ ਜੋ ਸਮੱਸਿਆਵਾਂ ਹੋਣ ਔਰ ਜਾਂ ਕੁਝ ਹੋਰ ਮਸਲੇ ਹੋਣ ਜਿਨ੍ਹਾਂ ਤੇ ਗੰਭੀਰ ਵਿਚਾਰ ਕਰਨਾ ਹੋਵੇ ਜਾਂ ਕੋਈ ਹੋਰ ਐਸਾ ਬਿਜ਼ਨੈਸ ਹੋਵੇ ਤਾਂ ਸਰਕਾਰ ਨੂੰ ਝਟ ਸੈਸ਼ਨ ਬੁਲਾ ਲੈਣਾ ਚਾਹੀਦਾ ਹੈ ਔਰ ਇਸ ਦੇ ਵਿੱਚ ਝਿਜਕ ਨਹੀਂ ਕਰਨੀ ਚਾਹੀਦੀ। (ਵਿਘਨ) ਸੋ ਮੈਂ ਜ਼ਿਆਦਾ ਵਕਤ ਨਾ ਲੈਂਦਾ ਹੋਇਆ ਇਹ ਕਹਾਂਗਾ ਕਿ ਜੋ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਨੇ ਫੈਸਲਾ ਕੀਤਾ ਹੈ, ਉਸ ਨੂੰ ਪਰਵਾਨ ਕਰਨਾ ਚਾਹੀਦਾ ਹੈ।

ਕਾਮਰੇਡ ਸੱਤ ਪਾਲ ਡਾਂਗ : ਮੈਂ, ਸਪੀਕਰ ਸਾਹਿਬ, ਇਹ ਜੋ ਗਲਤ ਬਿਆਨੀ ਹੈ ਉਸ ਨੂੰ ਦੂਰ ਕਰਨ ਵਾਸਤੇ ਅਰਜ਼ ਕਰਦਾ ਹਾਂ। ਕੈਪਟਨ ਸਾਹਿਬ ਨੇ ਵੀ ਕਿਹਾ ਹੈ ਔਰ ਮੇਜਰ ਸਾਹਿਬ ਨੇ ਵੀ ਜ਼ਿਕਰ ਕੀਤਾ ਹੈ। ਮੈਂ ਇਸ ਦੇ ਬਾਰੇ ਤੁਹਾਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਜਦੋਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੋਈ, ਉਸ ਵਿੱਚ ਇਸ ਗੱਲ ਦਾ ਬੜਾ ਝਗੜਾ ਹੋਇਆ ਔਰ ਮੈਂ ਕਿਹਾ ਕਿ ਰੋਜ ਰੋਜ਼ ਸੈਸ਼ਨ ਸਦਿਆ ਨਹੀਂ ਜਾਣਾ। ਹੁਣ ਕਿਉਂਕਿ ਸੈਸ਼ਨ ਬੁਲਾਇਆ ਹੈ ਔਰ ਜਿਹੜੇ ਪੈਂਡਿੰਗ ਕੰਮ ਹਨ, ਜਿਹੜੇ ਨੋਟਿਸਿਜ਼ ਹਨ ਉਹ ਜ਼ਰੂਰ ਡਿਸਕਸ ਹੋਣੇ ਚਾਹੀਦੇ ਹਨ। ਸਪੀਕਰ ਸਾਹਿਬ, ਉਦੋਂ ਕੈਪਟਨ ਸਾਹਿਬ ਨੇ ਕਿਹਾ ਕਿ ਅਸੀਂ ਮੁੜ ਕੇ ਫਿਰ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਸੋਮਵਾਰ ਕਰ ਲਵਾਂਗੇ। ਇਨ੍ਹਾਂ ਨੇ ਇਹ ਵੀ ਕਿਹਾ ਕਿ ਪਬਲਿਕ ਅਕਾਉਂਟਸ ਕਮੇਟੀ ਔਰ ਐਸਟੀਮੇਟ ਕਮੇਟੀ ਦੀ ਚੋਣ ਸ਼ਾਇਦ ਯੂਨਾਨੀਮਸਲੀ ਨਾ ਹੋਵੇ। (ਵਿਘਨ) ਸੋ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਇਹ ਫੈਸਲਾ ਯੂਨਾਨੀਮਸਲੀ ਨਹੀਂ ਸੀ ਹੋਇਆ, ਇਹ ਇਨ੍ਹਾਂ ਦੀ ਆਪਣੀ ਰਾਏ ਸੀ।

ਸ੍ਰੀ ਸਪੀਕਰ : ਡਾਂਗ ਸਾਹਿਬ, 28 ਤਾਰੀਖ਼ ਨੂੰ ਮੀਟਿੰਗ ਹੋ ਗਈ, ਸਭ ਕੁਝ ਹੋ ਗਿਆ...... (ਵਿਘਨ) (Dang Sahib, you wanted in the B.A.C. meeting to have a sitting of the House on the 28th. The sitting of the Assembly is being held today, the 28th. Whatever you wanted there in the B.A.C. has been done.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਸੀ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਮੁੜ ਕੇ ਸਦੀ ਜਾਵੇਗੀ। ਮੈਂ ਸੈਕਟਰੀ ਸਾਹਿਬ ਨੂੰ ਟੈਲੀਫੂਨ ਵੀ ਕੀਤਾ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਕਿਉਂ ਨਹੀਂ ਸਦੀ ਗਈ। (ਵਿਘਨ) ਸੋ ਮੇਰੀ ਅਰਜ਼ ਹੈ ਕਿ ਹੁਣ ਸੈਸ਼ਨ ਸਦਿਆ ਹੋਇਆ ਹੈ। ਜਿਹੜੇ ਪੈਂਡਿੰਗ ਨੋਟਿਸਿਜ਼ ਹਨ ਉਨ੍ਹਾਂ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਜਿਥੋਂ ਤਕ ਪੈਸਿਆਂ ਦੇ ਖਰਚਣ ਦੀ ਗੱਲ ਹੈ ਮੈਨੂੰ ਨਹੀਂ ਪਤਾ ਕਿ ਸੈਸ਼ਨ ਸ਼ੁਕਰਵਾਰ ਨੂੰ ਕਿਉਂ ਸਦਿਆ ਗਿਆ ਔਰ ਸ਼ਨੀਚਰਵਾਰ ਔਰ ਐਤਵਾਰ ਦੀ ਦਿਹਾੜੀ ਕਿਉਂ ਪਾਈ ਗਈ ਹੈ। (ਵਿਘਨ) ਮੈਂ ਮੇਜਰ ਸਾਹਿਬ ਨਾਲ ਇਸ ਗੱਲ ਤੇ ਸਹਿਮਤ ਹਾਂ ਔਰ ਅਰਜ਼ ਕਰਾਂਗਾ ਕਿ ਹੁਣ ਕਿਉਂ ਸੈਸ਼ਨ ਸਦਿਆ ਹੋਇਆ ਹੈ, ਜਿਹੜੇ ਪੈਂਡਿੰਗ ਨੋਟਿਸਿਜ਼ ਹਨ ਉਨ੍ਹਾਂ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ। (ਵਿਘਨ) ਚੀਫ ਮਨਿਸਟਰ ਸਾਹਿਬ ਇਸ ਗੱਲ ਦੀ ਐਸ਼ੋਰੈਂਸ ਦੇਣ ਕਿ ਸਪਲੀਮੈਂਟਰੀ ਡੀਮਾਂਡਜ਼ ਦੀ ਡਿਸਕਸ਼ਨ ਲਈ ਸਤੰਬਰ ਦੇ ਮਹੀਨੇ ਵਿੱਚ ਸੈਸ਼ਨ ਸੱਦਿਆ ਜਾਵੇਗਾ।

चौधरी बलबीर सिंह : अध्यक्ष महोदय, जो बिज़नेस ऐडवाइजरी कमेटी के मैंबर हों वह इस हाऊस में बोलें, यह कायदा आप ने नया शुरू कर दिया है। जो इस के मैंबर

Original with;
Punjab Vidhan Sabha
Digitized by;
Panjab Digital Library

नहीं हैं वह तो बोल सकते हैं लेकिन जो इस कमेटी के मैंबर हों वह यहां नहीं बोल सकते। (विघ्न)

Sardar Umrao Singh ; Sir, the **sine-die** motion is being discussed and not the Report of the Business Advisory Committee. Chaudhri Balbir Singh is taking a wrong plea.

चौधरी बलबीर सिंह : अध्यक्ष महोदय, सरकार से आप एक एशोरेंस लें कि अगर कोई पैंडिंग नोटिस हो, अगर कोई पैंडिंग काम हो तो वह आर्डीनैंस के ज़रिए लागू नहीं किया जाएगा। जो पैंडिंग काम है वह अब आना चाहिए और हाऊस साइनेडाई एडजर्नन किया जाए अगर नही हैं तो बाद में आर्डीनैंस की शक्ल में कोई काम नहीं होना चाहिए। (विघ्न) कांग्रेस सरकार को सभी यह कहते थे कि यह आर्डिनैंस सरकार है। लेकिन आज एक रिवाज सा चल पड़ा है कि कोई भी काम काज जो करना है पहले उस के लिए आर्डिनैंस जारी कर दिया जाता है और फिर उसको हम यहां पर बैठ कर पास कर देते हैं। अगर वह बिल की शक्ल में पहले ही हाऊस में कानून बनने के लिए आये, तो हम इस के बारे में राए दे सकते हैं लेकिन यह जो हमारा राये देने का हक है अब वह भी खत्म हो गया है अगर वह आर्डिनैंस एपरुव नहीं होता तो गवर्नमैंट टूट जाती है। मगर इस तरीके से मैंम्बर को इस बात पर बोलने का कोई हक नहीं रह जाता है। अध्यक्ष महोदय, आर्डिनैंस के ज़रिए जो कानून पास कराये जाते हैं, इनको रोकना चाहियें और इस बारे में आपको हमारी मदद करनी चाहिए। अगर इसी तरह आर्डिनैंस जारी होने हैं तो यह एक प्रकार से लोगों के साथ धक्का है और हमारे हक्कों पर छापा है (विघ्न)।

ਸ੍ਰੀ ਸਪੀਕਰ : ਚੌਧਰੀ ਸਾਹਿਬ ਤਸ਼ਰੀਫ਼ ਰੱਖੋ । (Chaudhri Sahib, please resume your seat.)

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਆਰਡੀਨੈਂਸ ਆਉਣ ਵਾਲੇ ਹਨ ਅਤੇ ਜਿਨ੍ਹਾਂ ਦਾ ਜ਼ਿਕਰ ਅਖ਼ਬਾਰਾਂ ਵਿਚ ਆ ਚੁਕਾ ਹੈ ਇਹ ਬਿਹਤਰ ਹੁੰਦਾ ਕਿ ਉਹ ਇਸ ਹਾਉਸ ਵਿੱਚ ਆ ਜਾਂਦੇ ਕਿਉਂਕਿ ਸਬੱਬ ਨਾਲ ਹੁਣ ਹਾਉਸ ਬੈਠਾ ਹੋਇਆ ਹੈ ਅਤੇ ਉਨ੍ਹਾਂ ਦਾ ਕਲ੍ਹ ਨੂੰ ਆਉਣ ਦਾ ਕੋਈ ਮਤਲਬ ਨਹੀਂ । ਹਾਉਸ ਕੋਈ ਹਰ-ਰੋਜ਼ ਨਹੀਂ ਬੁਲਾਇਆ ਜਾ ਸਕਦਾ, ਕਿਸੇ ਅਰਜੈਂਟਲੀ ਮਕਸਦ ਲਈ ਬੁਲਾਇਆ ਹੈ ਅਤੇ ਇਸ ਲਈ ਜੇ ਕਲ੍ਹ ਨੂੰ ਕੋਈ ਆਰਡੀਨੈਂਸ ਹੀ ਜਾਰੀ ਕਰਨਾ ਹੈ ਤਾਂ ਉਸ ਤੋਂ ਇਹ ਬਿਹਤਰ ਹੋਵੇਗਾ ਕਿ ਇਸ ਹਾਉਸ ਵਿਚ ਹੁਣ ਲੈ ਆਣ ਅਤੇ ਡਿਸਕਸ਼ਨ ਹੋ ਜਾਏ । ਦੋ ਚੀਜ਼ਾਂ ਦਾ ਤਾਂ ਖ਼ਾਸ ਤੌਰ ਤੇ ਪ੍ਰਾਪੇਗੰਡਾ ਹੋ ਚੁਕਾ ਹੈ। ਉਨ੍ਹਾਂ ਦੋਨਾਂ ਵਿਚੋਂ ਇਕ ਤਾਂ ਜਮਹੂਰੀਅਤ ਦੀ ਬੁਨਿਆਦੀ ਚੀਜ਼ ਹੈ ਪੰਚਾਇਤੀ ਰਾਜ ਦੇ ਮੁਤਅਲਿਕ ਕੋਈ ਅਮੈਂਡਮੈਂਟ ਕਰਨੀ ਚਾਹੁੰਦੇ ਹਨ। ਜੇਕਰ ਉਸ ਦੇ ਬਾਰੇ ਵਿਚ ਸੱਤ ਦਿਨਾਂ ਵਿਚ ਕੋਈ ਆਰਡੀਨੈਂਸ ਆ ਜਾਏ ਤਾਂ ਇਹ ਹਾਸੋਹੀਣੀ ਅਤੇ ਮਜ਼ਾਕਖ਼ੇਜ਼ ਗੱਲ ਹੋਵੇਗੀ ਅਤੇ ਦੂਸਰਾ ਜਿਹੜਾ ਆਰਡੀਨੈਂਸ ਜਾਰੀ ਕਰਨ ਨੂੰ ਸਾਡੀ ਗੌਰਮਿੰਟ ਪਿਛੇ ਜਿਹੇ ਤਿਆਰ ਸੀ ਉਹ ਸੀ 'ਆਫ਼ਿਸ ਆਫ਼ ਪ੍ਰਾਫ਼ਿਟਸ ਫ਼ਾਰ ਦਾ ਮੈਂਬਰਜ਼' । ਮੇਰੇ ਕਹਿਣ ਦਾ ਮਤਲੱਬ ਇਹ ਹੈ ਕਿ ਜ਼ਮਹੂਰੀ ਤਰਜ਼ੇ ਹਕੂਮਤ ਦਾ ਬੁਨਿਆਦੀ ਅਸੂਲ ਇਹ ਹੈ ਕਿ ਜੋ ਚੀਜ਼ ਭੀ ਅਵਾਮ ਦੇ ਲਈ ਹੈ ਉਹ ਇਸ ਹਾਉਸ ਵਿਚ ਆਉਣੀ ਚਾਹੀਦੀ ਹੈ ਤਾਂ ਕਿ ਉਸ ਦੇ ਮੈਰਿਟਸ ਅਤੇ ਡੀਮੈਰਿਟਸ ਤੇ ਡਿਸਕਸ਼ਨ ਹੋ ਕੇ ਅਗਲੀ ਕਾਰਵਾਈ ਕੀਤੀ ਜਾ ਸਕੇ । ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਬਿਲ ਸ਼ਡਲਡ ਕਾਸਟਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]
ਦੇ ਮੁਤੱਅਲਕ ਆ ਰਿਹਾ ਹੈ ਉਨ੍ਹਾਂ ਲਈ ਕਾਰਪੋਰੇਸ਼ਨ ਬਨਾਉਣ ਦਾ ਜਿਹੜਾ ਮਸਲਾ ਹੈ, ਉਸ ਦੇ ਲਈ ਹਾਊਸ ਦਾ ਕੇਵਲ ਡੇਢ ਘੰਟਾ ਰਹਿ ਗਿਆ ਹੈ ਅਤੇ ਉਹ ਬਿਲ ਹਾਲੇ ਤਕ ਪੇਸ਼ ਨਹੀਂ ਕੀਤਾ। ਇਸ ਟਾਇਮ ਦੇ ਵਿੱਚ ਅਜੇ ਕੁਝ ਹੋਰ ਬਿਜ਼ਨੈਸ ਵੀ ਹੋਣਾ ਰਹਿੰਦਾ ਹੈ । ਇਸ ਕਰ ਕੇ ਸਾਨੂੰ ਇਹ ਸਾਰੀ ਕਾਰਵਾਈ ਹੈਪਹੈਜ਼ਰਡ ਮੈਨਰ ਨਾਲ ਕਰਨੀ ਪਏਗੀ। ਅਗਰ ਇਕ ਦਿਨ ਦੇ ਵਾਸਤੇ ਹਾਊਸ ਹੋਰ ਵਧਾ ਦਿਤਾ ਜਾਏ ਤਾਂ ਉਸ ਬਿਲ ਤੇ ਖੁਲ੍ਹ ਕੇ ਬਹਿਸ ਹੋ ਸਕਦੀ ਹੈ ਅਤੇ ਹਰ ਇਕ ਮੈਂਬਰ ਆਪਣੀਆਂ ਸਜੈਸ਼ਨਜ਼ ਗੌਰਮੈਂਟ ਨੂੰ ਦੇ ਸਕਦਾ ਹੈ। ਅੱਜ ਹਾਊਸ ਦੇ ਸਾਈਨੇਡਾਈ ਐਡਜ਼ਰਨ ਕਰਨ ਦਾ ਮਤਲਬ ਇਹ ਹੈ ਕਿ ਹੈਪ ਹੈਜ਼ਰਡਲੀ ਇਹ ਬਿਲ ਪਾਸ ਕਰ ਦਿਉ ।

ਇਸ ਦੇ ਇਲਾਵਾ ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗੌਰਮੈਂਟ ਨੂੰ ਹਾਊਸ ਵਿਚ ਅਸ਼ਿਉਰੈਂਸ ਦੇਣੀ ਚਾਹੀਦੀ ਹੈ ਕਿ ਜਿਹੜਾ ਜਮਹੂਰੀਅਤ ਦਾ ਬੁਨਿਆਦੀ ਤਕਾਜ਼ਾ ਰਖਣ ਵਾਲਾ ਮਸਲਾ ਹੋਵੇ, ਉਸ ਦੇ ਲਈ ਆਉਣ ਵਾਲੇ ਸੈਸ਼ਨ ਤੋਂ ਪਹਿਲਾਂ ਕੋਈ ਆਰਡੀਨੈਂਸ ਜਾਰੀ ਨਹੀਂ ਕੀਤਾ ਜਾਏਗਾ। ਜਿਹੜਾ ਅੱਜ ਵਾਲਾ ਬਿਜ਼ਨੈਸ ਹਾਊਸ ਦੇ ਸਾਮ੍ਹਣੇ ਹੈ ਇਸ ਦੇ ਲਈ ਕਮ ਅਜ਼ ਕਮ ਇਕ ਦਿਨ ਹੋਰ ਹੋਣਾ ਚਾਹੀਦਾ ਹੈ

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੇਰੀ ਪਰਸਨਲ ਐਕਸਪਲਾਨੇਸ਼ਨ ਇਹ ਹੈ ਕਿ ਡਾਂਗ ਸਾਹਿਬ ਨੇ ਮੇਰੇ ਉਤੇ ਕੁਝ ਇਲਜ਼ਾਮ ਲਾਏ ਕਿ ਮੈਂ ਇਸ ਹਾਊਸ ਵਿਚ ਕੁੱਝ ਗੱਲਾਂ ਗ਼ਲਤ ਕੀਤੀਆਂ ਹਨ। ਸਪੀਕਰ ਸਾਹਿਬ, ਤੁਸੀਂ ਇਥੇ ਹਾਊਸ ਵਿਚ ਉਸ ਵੇਲੇ ਹਾਜ਼ਰ ਸੀ, ਤੁਸੀਂ ਦੱਸ ਦਿਓ ਕਿ ਉਹ ਗੱਲਾਂ ਠੀਕ ਸਨ ਜਾਂ ਗਲਤ। (ਵਿਘਨ)

ਸ਼੍ਰੀ ਮਨਮੋਹਨ ਕਾਲੀਆ (ਜਲੰਧਰ ਪੱਛਮ) : ਸਪੀਕਰ ਸਾਹਿਬ, ਮੈਂ ਰਿਕੁਐਸਟ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਸੈਸ਼ਨ ਹੈ ਇਹ ਕੋਈ ਆਰਡੀਨਰੀ ਸੈਸ਼ਨ ਨਹੀਂ, ਬਲਕਿ ਕਿਸੇ ਖ਼ਾਸ ਮਕਸਦ ਲਈ ਬੁਲਾਇਆ ਗਿਆ ਹੈ। ਜਿਹੜਾ ਸੈਸ਼ਨ ਸਤੰਬਰ ਵਿੱਚ ਹੁੰਦਾ ਹੈ ਉਸ ਦੇ ਵਿਚ ਇਕ ਦੋ ਦਿਨ ਪ੍ਰਾਈਵੇਟ ਮੈਂਬਰਜ਼ ਬਿਜ਼ਨੈਸ ਲਈ ਮਿਲਦੇ ਹਨ ਯਾਨੀ ਵੀਰਵਾਰ ਨੂੰ। ਉਸ ਦਿਨ ਲਈ ਮੈਂਬਰਾਂ ਦਾ ਰਾਈਟ ਹੁੰਦਾ ਹੈ ਕਿ ਉਹ ਕੋਈ ਰੈਜ਼ੋਲਿਊਸ਼ਨ ਲੈ ਆਉਣ ਜਾਂ ਗੌਰਮੈਂਟ ਨੂੰ ਕੋਈ ਚੀਜ਼ ਉਸ ਰਾਹੀਂ ਰਿਕਮੈਂਡ ਕਰ ਸਕਣ। ਅੱਜ ਦੇ ਸੈਸ਼ਨ ਵਿਚ ਮੈਂਬਰਾਂ ਨੂੰ ਉਹ ਕੋਈ ਰਾਈਟ ਨਹੀਂ ਮਿਲਿਆ। ਗੌਰਮੈਂਟ ਸਪੈਸੀਫ਼ੀਕਲੀ ਇਹ ਅਸ਼ਿਉਰ ਕਰੇ ਕਿ ਸਤੰਬਰ ਵਿਚ ਰੈਗੂਲਰ ਸੈਸ਼ਨ ਬੁਲਾਇਆ ਜਾਏਗਾ ਤਾਕਿ ਸਾਡਾ ਰਾਈਟ ਖ਼ਤਮ ਨਾ ਹੋ ਜਾਵੇ। (ਵਿਘਨ) ਦੂਸਰੇ ਜਿਹੜੇ ਆਰਡੀਨੈਂਸ ਗੌਰਮੈਂਟ ਜਾਰੀ ਕਰਨ ਲਈ ਸੋਚਦੀ ਹੈ, ਆਪਣੇ ਸਿਆਸੀ ਮਕਸਦ ਨੂੰ ਮੁੱਖ ਰੱਖ ਕੇ, ਉਹ ਜਾਰੀ ਨਾ ਕੀਤੇ ਜਾਣ ਅਤੇ ਦੋ ਮਹੀਨੇ ਦੇ ਬਾਦ ਯਾਨੀ ਸਤੰਬਰ ਵਿਚ ਸੈਸ਼ਨ ਬੁਲਾ ਲੈਣ ਅਤੇ ਇਥੇ ਉਹ ਸਾਰਾ ਬਿਜ਼ਨੈਸ ਹਾਊਸ ਵਿਚ ਲੈ ਆਉਣ। ਇਸ ਦੇ ਨਾਲ ਸਤੰਬਰ ਦੇ ਸੈਸ਼ਨ ਲਈ ਬਿਜ਼ਨੈਸ ਵੀ ਹੋ ਜਾਏਗਾ ਅਤੇ ਮੈਂਬਰਜ਼ ਦੇ ਜਿਹੜੇ ਰਾਈਟਸ ਹਨ, ਉਹ ਵੀ ਉਹਨਾਂ ਨੂੰ ਮਿਲ ਸਕਦੇ ਹਨ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਗੌਰਮੈਂਟ ਦੇ ਕੋਲ ਕੋਈ ਹੋਰ ਬਿਜ਼ਨੈਸ ਇਸ ਵਕਤ ਨਹੀ ਹੈ ਜਿਸ ਕਰਕੇ ਹਾਊਸ ਕੰਟੀਨਿਊ ਰਖਿਆ ਜਾ ਸਕੇ। ਇਸ ਦੇ ਇਲਾਵਾ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਨੇ ਸਾਰਾ ਸੋਚ ਵਿਚਾਰ ਕਰ ਕੇ ਇਹ ਪ੍ਰੋਗਰਾਮ ਬਣਾਇਆ ਹੈ। ਜਿਥੋਂ ਤੱਕ ਸੈਸ਼ਨ ਬੁਲਾਉਣ ਦਾ ਤੁਅੱਲਕ ਹੈ ਸਰਕਾਰ ਜਿਸ ਵਕਤ ਜ਼ਰੂਰਤ ਸਮਝੇਗੀ ਅਤੇ ਜੇ ਕਰ ਕੋਈ ਬਿਜ਼ਨੈਸ ਹੋਵੇਗਾ ਤਾਂ ਗੌਰਮੈਂਟ ਨੂੰ ਸੈਸ਼ਨ ਬੁਲਾਉਣ ਵਿਚ ਕੋਈ ਝਿਜਕ ਨਹੀਂ ਹੋਵੇਗੀ (ਵਿਘਨ) (ਥੰਪਿੰਗ)

Original with;
Punjab Vidhan Sabha
Digitized by;
Panjab Digital Library

ਗੋਰਮਿੰਟ ਦੇ ਕੰਮ ਵਾਸਤੇ ਅਸੀਂ ਹਰ ਵਕਤ ਸੈਸ਼ਨ ਬੁਲਾਉਣ ਨੂੰ ਤਿਆਰ ਹਾਂ, ਪਰ ਇਸ ਵਕਤ ਗੋਰਮੈਂਟ ਕੋਲ ਕੋਈ ਕੰਮ ਨਹੀਂ, ਇਸ ਵਾਸਤੇ ਹਾਊਸ ਕੰਟੀਨਿਊ ਰੱਖਣ ਦੀ ਕੋਈ ਲੋੜ ਨਹੀਂ।

Mr. Speaker : Question is

That the Assembly at its rising this day shall stand adjourned *sine-die*,

After ascertaining the votes of the Member present by voices, Mr. Speaker gave an opinion. The opinion was challenged. The bells were sounded. The question was put again and carried by a voice vote.

The motion was declared carried.

ELECTION OF DEPUTY SPEAKER

Mr. Speaker : Election of Deputy Speaker.

Sardar Gurnam Singh : Sir, I beg to propose and move-

That Brig. Bikarmajit Singh Bajwa, a Member of the Vidhan Sabha, do take the Chair, as Deputy Speaker.

Sathi Roop Lal : Sir, I (Interruptions and Noise). second it.

Chief Minister (Sardar Parkash Singh Badal) : Sir, I beg to move-

That Brig. Bikarmajit Singh Bajwa, a Member of the Punjab Legislative Assembly, who is present in the House, be elected as Deputy Speaker of the House.

Minister For Finance (Sardar Balwant Singh) : I second the proposal made by the Chief Minister.

Sardar Gurnam Singh : Mr. Speaker, any Member can move this motion. There is no irregularity about it.

Captain Rattan Singh : On a point of Order, Sir............

Mr. Speaker : Sardar Gurnam Singh was not called upon to speak.

Sardar Gurnam Singh : Sir, you said "Election of the Deputy Speaker". After that, any Member can propose the name of any hon. Member of the House for the office of the Deputy Speaker.

Captain Rattan Singh : On a point of Order, Sir. My point of Order is this that Sardar Gurnam Singh got up and proposed the name of Brig. Bikarmajit Singh Bajwa in a form which is technically defective.

Sardar Gurnam Singh : Sir, my motion is correct.

Captain Rattan Singh : Sardar Gurnam Singh, while proposing the name of Brig. Bikarmajit Singh Bajwa, did not say the words "who is present in the House". I, therefore, submit that the motion moved by the hon. Chief Minister may be admitted.

Original with;
Punjab Vidhan Sabha
Digitized by;
Panjab Digital Library

Sardar Gurnam Singh : Any hon. Member of the House can move this motion. There is nothing wrong about it.

Mr. Speaker : The motion moved by the hon. Member, Sardar Gurnam Singh is not in order.

The motion moved by the hon. Chief Minister and seconded by the hon. Finance Minister is :

> That Brig. Bikarmajit Singh Bajwa, a Member of the Punjab Legislative Assembly, who is present in the House, be elected as Deputy Speaker of the House.

Is there any other proposal ?

VOICES : No. No.

Mr. Speaker : As there is no other proposal, Brigadier Bikarmajit Singh Bajwa is declared chosen Deputy Speaker of the House.

(Thumping and cheers)

I would now request Brigadier Bajwa to occupy the seat meant for the Deputy Speaker.

(At this stage, Brigadier Bikarmajit Singh Bajwa occupied the seat meant for the Deputy Speaker.)

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਬ੍ਰਿਗੇਡੀਅਰ ਬਿਕਰਮਾਜੀਤ ਸਿੰਘ ਬਾਜਵਾ ਯੂਨਾਨੀਮਸਲੀ ਇਸ ਹਾਊਸ ਦੇ ਡਿਪਟੀ ਸਪੀਕਰ ਚੁਣੇ ਗਏ ਹਨ । ਇਨ੍ਹਾਂ ਦੀ ਜੋ ਕਾਬਲੀਅਤ ਹੈ ਉਸ ਦੀ ਕੇਵਲ ਇਸ ਹਾਊਸ ਵਿਚ ਹੀ ਨਹੀਂ ਬਲਕਿ ਸਾਰੇ ਪੰਜਾਬ ਵਿਚ ਧਾਕ ਹੈ । ਇਨ੍ਹਾਂ ਨੇ ਇਕ ਫੌਜੀ ਅਫਸਰ ਹੋਣ ਦੇ ਨਾਤੇ ਜੋ ਚੰਗਾ ਸਟੈਪ ਲਿਆ ਹੈ ਮੈਂ ਉਸ ਲਈ ਇਨ੍ਹਾਂ ਨੂੰ ਵਧਾਈ ਦਿੰਦਾ ਹੈ । ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਇਹ ਪਹਿਲਾਂ ਹੀ ਇਸ ਕੰਮ ਨੂੰ ਬੜੀ ਚੰਗੀ ਤਰ੍ਹਾਂ ਨਿਭਾਂਦੇ ਰਹੇ ਹਨ ਉਸੇ ਤਰ੍ਹਾਂ ਹੁਣ ਵੀ ਨਿਭਾਉਂਦੇ ਰਹਿਣਗੇ । ਮੈਂ ਇਨ੍ਹਾਂ ਨੂੰ ਦਿਲੀ ਵਧਾਈ ਦਿੰਦਾ ਹਾਂ । (ਤਾੜੀਆਂ)

ਕੈਪਟਨ ਰਤਨ ਸਿੰਘ ; (ਗੜ੍ਹਸ਼ੰਕਰ) ਸਪੀਕਰ ਸਾਹਿਬ, ਬ੍ਰਿਗੇਡੀਅਰ ਸਾਹਿਬ ਸਾਡੇ ਡਿਪਟੀ ਸਪੀਕਰ ਰਹੇ ਹਨ ਅਤੇ ਜਿੰਨੀ ਦੇਰ ਇਸ ਅਹੁਦੇ ਤੇ ਉਹ ਰਹੇ ਹਨ ਉਨ੍ਹਾਂ ਨੇ ਇਕ ਖਾਸ ਅਹਿਮੀਅਤ ਹਾਸਿਲ ਕੀਤੀ ਹੈ । ਉਨ੍ਹਾਂ ਨੇ ਹਾਊਸ ਵਿਚ ਇਮਪਾਰਸ਼ੈਲਿਟੀ ਦਾ ਮੁਜ਼ਾਹਰਾਂ ਹੀ ਨਹੀਂ ਸਗੋਂ ਠੀਕ ਤੌਰ ਤੇ ਕੀਤੀ ਵੀ ਹੈ । ਜਿਸ ਦਿਨ ਉਨ੍ਹਾਂ ਨੇ ਅਸਤੀਫ਼ਾ ਦਿੱਤਾ ਉਸ ਦਿਨ ਉਨ੍ਹਾਂ ਨੇ ਸਾਡੇ ਸਾਹਮਣੇ ਇਕ ਜ਼ਬਰਦਸਤ ਮਿਸਾਲ ਰੱਖੀ ਹੈ । ਪਤਾ ਨਹੀਂ ਉਨ੍ਹਾਂ ਨੂੰ ਕਿਸੇ ਨੇ ਦਸਿਆ ਹੀ ਨਹੀਂ ਕਿ ਅਗਰ ਉਹ ਆਪਣੀ ਪਾਰਟੀ ਦੇ ਨਾਲ ਵੋਟ ਕਰਨਾ ਚਾਹੁੰਦੇ ਸਨ ਤਾਂ ਉਹ ਡਿਪਟੀ ਸਪੀਕਰ ਦੇ ਅਹੁਦੇ ਤੇ ਰਹਿੰਦੇ ਹੋਏ ਵੀ ਵੋਟ ਕਰ ਸਕਦੇ ਸੀ । ਲੇਕਿਨ ਉਨ੍ਹਾਂ ਨੇ ਡਿਪਟੀ ਸਪੀਕਰ ਦੇ ਪਦ ਤੋਂ ਉਥੇ ਜਾ ਕੇ ਆਪਣੀ ਪਾਰਟੀ ਦਾ ਸਾਥ ਦਿੱਤਾ । ਇਹ ਮਿਸਾਲ ਤਾਂ ਬੜੀ ਸ਼ਾਨਦਾਰ ਅਤੇ ਸਰਾਹਨਾਯੋਗ ਸੀ ਮਗਰ ਕਾਸ਼ ਕਿ ਉਹ ਇਸ ਮਿਸਾਲ ਨੂੰ ਕਾਇਮ ਰਖਦੇ । ਬ੍ਰਿਗੇਡੀਅਰ ਸਾਹਿਬ ਮੇਰੇ ਪੁਰਾਣੇ ਦੋਸਤ ਹਨ ਅਸੈਂਬਲੀ ਵਿਚ ਆਉਣ ਤੋਂ ਪਹਿਲਾਂ ਦੇ । ਪਤਾ ਨਹੀਂ ਉਨ੍ਹਾਂ ਨੇ ਕਿਸ ਦੀ ਚਾਲ ਵਿਚ ਆ ਕੇ ...

Mr. Speaker : Captain criticising Brigadier. Is'nt it ?

ਕੈਪਟਨ ਰਤਨ ਸਿੰਘ : ਨਹੀਂ ਇਹ ਇਸ ਤਰ੍ਹਾਂ ਨਾ ਗਿਣੋ । ਜਦੋਂ ਮੈਂ ਕੈਪਟਨ ਸਾਂ ਉਦੋਂ

Original with;
Punjab Vidhan Sabha
Digitized by;
Panjab Digital Library

ਇਹ ਕੈਪਟਨ ਵੀ ਨਹੀਂ ਹੋਣੇ...(ਵਿਘਨ)

ਸਰਦਾਰ ਸਤਨਾਮ ਸਿੰਘ ਬਾਜਵਾ (ਰਾਜ ਮੰਤਰੀ) : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਕੀ ਇਕ ਕੈਪਟਨ ਇਕ ਬ੍ਰਿਗੇਡੀਅਰ ਨੂੰ ਕ੍ਰਿਟੇਸਾਈਜ਼ ਕਰ ਸਕਦਾ ਹੈ ? ਉਹ ਜੂਨੀਅਰ ਹੁੰਦਾ ਹੈ ।

ਕੈਪਟਨ ਰਤਨ ਸਿੰਘ : ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਬਾਜਵਾ ਨਾਮ ਕਰ ਕੇ ਉਨ੍ਹਾਂ ਨਾਲ ਪਿਆਰ ਜਾਗ ਪਿਆ ਹੈ । ਇਨ੍ਹਾਂ ਨੇ ਆਪਣੀ ਕਾਬਲੀਅਤ ਦਾ ਮੁਜ਼ਾਹਰਾ ਕੀਤਾ ਹੈ । ਇਸ ਹਾਊਸ ਵਿਚ ਮੇਰੀ ਕੀ ਪੋਜ਼ੀਸ਼ਨ ਹੈ...(ਵਿਘਨ) ਮੈਂ ਜ਼ਾਤੀਆਤ ਵਿਚ ਨਹੀਂ ਜਾਂਦਾ । ਅਗਰ ਇਨ੍ਹਾਂ ਦੇ ਨਾਮ ਨਾਲੋਂ ਦੋ ਪਿਛਲੇ ਸ਼ਬਦ ਲਾਹ ਲਏ ਜਾਣ ਤਾਂ ਕੀ ਰਹਿ ਜਾਂਦਾ ਹੈ । ਬਾਜ ਹੀ ਬਣ ਜਾਂਦਾ ਹੈ। (ਵਿਘਨ) ਮੈਂ ਇਨ੍ਹਾਂ ਨੂੰ ਨਹੀਂ ਕਹਿੰਦਾ, ਉਨ੍ਹਾਂ ਨੂੰ ਕਹਿੰਦਾ ਹਾਂ ।

ਮੈਂ ਸਪੀਕਰ ਸਾਹਿਬ, ਕਹਿ ਰਿਹਾ ਸੀ ਕਿ ਮੈਨੂੰ ਜਿਨਸੀਅਰਲੀ ਦੁਖ ਹੁੰਦਾ ਹੈ ਕਿ ਬ੍ਰਿਗੇਡੀਅਰ ਸਾਹਿਬ ਨੇ ਇਥੇ ਕਿੰਨਾ ਪ੍ਰੈਸਟੀਜ ਹਾਸਲ ਕਰਨ ਦੇ ਬਾਵਜੂਦ ਪਤਾ ਨਹੀਂ ਇਹ ਕਿਸ ਦੀ ਚਾਲ ਵਿਚ ਆ ਗਏ, ਉਨ੍ਹਾਂ ਨੂੰ ਆਫ਼ਰ ਕੀਤੀ ਗਈ, ਪ੍ਰੈਸ਼ਰਾਈਜ਼, ਕੀਤਾ ਗਿਆ ਜਾਂ ਕੀ ਗੱਲ ਹੋਈ ਬਹਿਰ ਹਾਲ (ਵਿਘਨ) ਇਨ੍ਹਾਂ ਨੂੰ ਉਸ ਚਾਲ ਵਿਚ ਫਸਣਾ ਨਹੀਂ ਸੀ ਚਾਹੀਦਾ । ਮੈਂ ਇਨ੍ਹਾਂ ਨੂੰ ਐਡਵਾਈਸ ਦਿੱਤੀ ਕਿ ਬ੍ਰਿਗੇਡੀਅਰ ਸਾਹਿਬ ਇਹ ਆਫਰ ਕਾਂਗਰਸ ਪਾਰਟੀ ਨੂੰ ਵੀ ਆਈ ਸੀ ਪਰ ਕਾਂਗਰਸ ਨੇ ਸੋਚ ਸਮਝ ਕੇ ਉਸ ਅਫਸਰ ਨੂੰ ਐਕਸੈਪਟ ਨਹੀਂ ਕੀਤਾ । (ਆਪੋਜ਼ੀਸ਼ਨ ਵਲੋਂ ਤਾੜੀਆਂ) ਹੁਣ ਇਹ ਆਪ ਦੇ ਪਾਸ ਆਈ ਹੈ ਆਪ ਨੂੰ ਵੀ ਇਸ ਨੂੰ ਵਿਦ ਥੈਂਕਸ ਮੋੜ ਦੇਣਾ ਚਾਹੀਦਾ ਹੈ । ਉਸ ਨਾਲ ਆਪ ਦੀ ਪੋਜ਼ੀਸ਼ਨ ਬੜੀ ਉੱਚੀ ਹੋਵੇਗੀ । ਕਿਉਂਕਿ ਆਪ ਦੇ ਸਿਆਸੀ ਦੁਸ਼ਮਨਾਂ ਨੇ ਇਸ ਗੱਲ ਨੂੰ ਗਲਤ ਰੰਗ ਵਿਚ ਪੇਸ਼ ਕਰਨਾ ਹੈ । ਉਨ੍ਹਾਂ ਨੇ ਕਹਿਣਾ ਹੈ ਕਿ ਇਨ੍ਹਾਂ ਨੇ ਤਾਂ ਡਿਫੈਕਟ ਹੀ ਇਸ ਲਈ ਕੀਤਾ ਸੀ ਤਾਕਿ ਇਨ੍ਹਾਂ ਨੂੰ ਮੁੜ ਕੇ ਡਿਪਟੀ ਸਪੀਕਰ ਬਣਾਇਆ ਜਾਵੇ । ਇਹ ਗੱਲ ਖਤਰਨਾਕ ਹੋਵੇਗੀ। (ਵਿਘਨ) ਮੈਂ ਸਮਝਦਾ ਹਾਂ ਕਿ ਇਨ੍ਹਾਂ ਗੱਲਾਂ ਦੇ ਬਾਵਜੂਦ ਜੋ ਮੈਂ ਕਹੀਆਂ ਹਨ ਬ੍ਰਿਗੇਡੀਅਰ ਸਾਹਿਬ ਨੂੰ ਫਿਰ ਜਦੋਂ ਮੌਕਾ ਮਿਲੇਗਾ ਤਾਂ ਆਪਣੇ ਪ੍ਰੈਸਟੀਜ ਨੂੰ ਬਹਾਲ ਕਰ ਲੈਣਗੇ । ਮੈਂ ਇਨ੍ਹਾਂ ਦਾ ਹਿਤੈਸ਼ੀ ਹਾਂ, ਸੱਚਾ ਦੋਸਤ ਹਾਂ ਇਸ ਕਰ ਕੇ ਹੀ ਸੱਚੀ ਗੱਲ ਕਹਿੰਦਾ ਹਾਂ ।...

ਸ੍ਰੀ ਸਪੀਕਰ : ਮੈਂ ਸਮਝਦਾ ਹਾਂ ਅਗਰ ਪੋਲੀਟੀਕਲ ਕਨਵੈਸਿੰਗ ਹਾਊਸ ਤੋਂ ਬਾਹਰ ਹੋਵੇ ਤਾਂ ਚੰਗੀ ਗੱਲ ਹੋਵੇਗੀ । (I think it would be better if political convassing is done outside the House.)

ਕੈਪਟਨ ਰਤਨ ਸਿੰਘ : ਮੈਂ ਆਪਣੀ ਪਾਰਟੀ ਦੀ ਤਰਫ ਤੋਂ ਇਨ੍ਹਾਂ ਦੀ ਖਿਦਮਤ ਵਿਚ ਅਰਜ਼ ਕਰਾਂਗਾ ਕਿ ਹੁਣ ਵੀ ਜਦੋਂ ਇਨ੍ਹਾਂ ਨੂੰ ਮੌਕਾ ਮਿਲੇ ਇਹ ਆਪਣੇ ਪ੍ਰੈਸਟੀਜ਼ ਨੂੰ ਬਹਾਲ ਕਰਨ ਦੀ ਕੋਸ਼ਿਸ਼ ਕਰਨ । ਇੰਨਾ ਕਹਿ ਕੇ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ।

ਸਰਦਾਰ ਗੁਰਨਾਮ ਸਿੰਘ : (ਕਿਲ੍ਹਾ ਰਾਏਪੁਰ) ਸਪੀਕਰ ਸਾਹਿਬ, ਮੈਂ ਬ੍ਰਿਗੇਡੀਅਰ ਸਾਹਿਬ ਨੂੰ ਉਨ੍ਹਾਂ ਦੀ ਇਲੈਕਸ਼ਨ ਤੇ ਵਧਾਈ ਦਿੰਦਾ ਹਾਂ । ਮੈਂ ਉਨ੍ਹਾਂ ਦਾ ਨਾਮ ਇਸ ਲਈ ਪਰੋਪੋਜ਼ ਕੀਤਾ ਸੀ ਕਿਉਂਕਿ ਮੇਰੀ ਇਹ ਦਿਆਨਤਦਾਰੀ ਨਾਲ ਰਾਏ ਹੈ ਕਿ ਇਹ ਜਿੰਨੀ ਦੇਰ ਪਹਿਲਾਂ ਇਥੇ ਡਿਪਟੀ ਸਪੀਕਰ ਰਹੇ ਹਨ ਇਨ੍ਹਾਂ ਨੇ ਉਸ ਅਹੁਦੇ ਨੂੰ ਬੜੀ ਖੁਸ਼ਉਸਲੂਬੀ ਨਾਲ ਨਿਭਾਇਆ ਹੈ ਅਤੇ ਇਸ ਸਭਾ ਦੇ ਕੰਮ ਨੂੰ ਟੈਕਟ ਨਾਲ, ਫਰਮਲੀ ਪਿਆਰ ਨਾਲ ਅਤੇ ਰੂਲਜ਼ ਆਫ਼ ਪ੍ਰੋਸੀਜ਼ਰ ਅਨੁਸਾਰ ਨਿਭਾਇਆ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਨਾਮ ਸਿੰਘ]

ਸਾਨੂੰ ਇਸ ਗੱਲ ਵਿਚ ਜਾਣ ਦੀ ਲੋੜ ਨਹੀਂ ਹੈ ਕਿ ਇਹ ਅਹੁਦਾ ਕਾਂਗਰਸ ਪਾਰਟੀ ਨੂੰ ਆਫ਼ਰ ਹੋਇਆ ਸੀ। ਪਤਾ ਨਹੀਂ ਹੋਰ ਕਿੰਨੇ ਅਹੁਦੇ ਆਫ਼ਰ ਹੋਣਗੇ ਅਤੇ ਇਹ ਕਿੰਨਿਆਂ ਨੂੰ ਨਾਂਹ ਕਹਿਣਗੇ। ਇਨ੍ਹਾਂ ਗੱਲਾਂ ਦੀ ਵਧਾਈ ਦੇਣ ਨਾਲ ਤਅੱਲਕ ਨਹੀਂ ਹੈ। ਇਨ੍ਹਾਂ ਗੱਲਾਂ ਵਿਚ ਜਾਣ ਦਾ ਇਹ ਮੌਕਾ ਨਹੀਂ। ਅਗਰ, ਵਧਾਈ ਦੇਣੀ ਹੈ ਤਾਂ ਸਿੱਧੇ ਤਰੀਕੇ ਨਾਲ ਦਿਉ। ਲੈਫਟ ਹੈਂਡਿਡ ਕਮਪਲੀਮੈਂਟ ਦੇਣ ਦੀ ਲੋੜ ਨਹੀਂ। ਉਹ ਸਿਆਸੀ ਗੱਲਾਂ ਹਨ। ਪਤਾ ਨਹੀਂ ਕਿ ਨਿਭਾ ਹੁੰਦਾ ਹੈ ਜਾਂ ਨਹੀਂ ਹੁੰਦਾ. ਇਹ ਇਨ੍ਹਾਂ ਦਾ ਆਪਸ ਦਾ ਝਗੜਾ ਹੈ, ਜਿਸ ਵਿਚ ਕਿ ਸਾਨੂੰ ਜਾਣ ਦੀ ਲੋੜ ਨਹੀਂ ਹੈ। ਮੈਂ ਸਮਝਦਾ ਹਾਂ ਕਿ ਬ੍ਰਿਗੇਡੀਅਰ ਸਾਹਿਬ ਉਸ ਵੇਲੇ ਵੀ ਆਪਣੀ ਪਾਰਟੀ ਦੇ ਨਾਲ ਵੋਟ ਕਰ ਸਕਦੇ ਸੀ ਕਿਉਂਕਿ ਡਿਪਟੀ ਸਪੀਕਰ ਆਪਣੀ ਸਿਆਸੀ ਪਾਰਟੀ ਦੇ ਨਾਲ ਵੋਟ ਕਰ ਸਕਦਾ ਹੈ। ਮਗਰ ਇਹ ਵੀ ਉਨ੍ਹਾਂ ਦਾ ਆਪਣਾ ਫੈਸਲਾ ਸੀ ਇਸ ਦੀ ਵੀ ਨੁਕਤਾਚੀਨੀ ਕਰਨ ਦੀ ਲੋੜ ਨਹੀਂ। ਉਨ੍ਹਾਂ ਨੇ ਆਪਣੇ ਨੁਕਤਾ ਨਿਗਾਹ ਨਾਲ ਜੋ ਠੀਕ ਸਮਝਿਆ, ਕੀਤਾ। ਸਾਨੂੰ ਤਾਂ ਇਹ ਗੱਲ ਐਪਰੀਸ਼ੀਏਟ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਨੇ ਬਤੌਰ ਡਿਪਟੀ ਸਪੀਕਰ ਦੇ, ਬਤੌਰ ਪ੍ਰਿਜ਼ਾਈਡਿੰਗ ਅਫਸਰ ਦੇ ਕਿਸੇ ਪਾਰਟੀ ਵਿਚ ਹਿੱਸਾ ਨਹੀਂ ਲਿਆ। ਮੈਂ ਹੋਰ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਬ੍ਰਿਗੇਡੀਅਰ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ ਅਤੇ ਆਸ ਰਖਦਾ ਹਾਂ ਕਿ ਜਿਸ ਤਰ੍ਹਾਂ ਪਹਿਲਾਂ ਉਨ੍ਹਾਂ ਨੇ ਆਪਣੇ ਬੇਲਾਗ ਅਤੇ ਬਿਨਾਂ ਜ਼ਰੂਰਿਆਤ ਬਤੌਰ ਪ੍ਰਿਜ਼ਾਈਡਿੰਗ ਅਫਸਰ ਦੇ ਕੰਮ ਕਰਨ ਦੇ ਕੰਮ ਕਰਨ ਦਾ ਸਬੂਤ ਦਿੱਤਾ ਹੈ, ਉਸੇ ਤਰ੍ਹਾਂ ਉਹ ਅੱਗੇ ਨੂੰ ਵੀ ਸਬੂਤ ਦੇਣਗੇ। ਜੋ ਪ੍ਰਿਜ਼ਾਈਡਿੰਗ ਅਫਸਰ ਹੁੰਦਾ ਹੈ ਉਸ ਦੇ ਅੱਗੇ ਕੋਈ ਪਾਰਟੀ ਨਹੀਂ ਹੁੰਦੀ ਨਾ ਟਰੈਯਰੀ ਬੈਂਚਿਜ਼ ਅਤੇ ਨਾ ਹੀ ਆਪੋਜ਼ੀਸ਼ਨ। ਜੇ ਕੋਈ ਆਉਂਦੀ ਵੀ ਹੈ ਤਾਂ ਸਗੋਂ ਉਸ ਨੂੰ ਆਪੋਜ਼ੀਸ਼ਨ ਦਾ ਧਿਆਨ ਰਖਣਾ ਪੈਂਦਾ ਹੈ।

ਸਪੀਕਰ ਸਾਹਿਬ, ਇਸ ਤਰ੍ਹਾਂ ਦੇ ਜੋ ਪਰੈਸੀਡੈਂਟ ਅਤੇ ਅਸੂਲ ਪਹਿਲਾਂ ਕਾਇਮ ਹੋ ਚੁਕੇ ਹਨ, ਜਿਨ੍ਹਾਂ ਤੇ ਕਿ ਇਹ ਅਮਲ ਕਰਦੇ ਰਹੇ ਹਨ, ਉਨ੍ਹਾਂ ਤੇ ਅਗੇ ਨੂੰ ਵੀ ਅਮਲ ਕਰਦੇ ਰਹਿਣਗੇ। (ਤਾੜੀਆਂ)

ਕਾਮਰੇਡ ਸੱਤਪਾਲ ਡਾਂਗ : (ਅੰਮ੍ਰਿਤਸਰ ਪੱਛਮ) ਸਪੀਕਰ ਸਾਹਿਬ, ਜਿਨ੍ਹਾਂ ਜਜ਼ਬਾਤ ਦਾ ਇਜ਼ਹਾਰ ਸਰਦਾਰ ਗੁਰਨਾਮ ਸਿੰਘ ਜੀ ਨੇ ਕੀਤਾ ਹੈ ਮੈਂ ਉਨ੍ਹਾਂ ਦੇ ਨਾਲ ਆਪਣੀ ਪਾਰਟੀ ਨੂੰ ਵੀ ਐਸੋਸੀਏਟ ਕਰਦਾ ਹਾਂ। ਅਤੇ ਬ੍ਰਿਗੇਡੀਅਰ ਸਾਹਿਬ ਨੂੰ ਵਧਾਈ ਦੇਣਾ ਚਾਹਾਂਗਾ। ਸਪੀਕਰ ਸਾਹਿਬ, ਜਦੋਂ ਬ੍ਰਿਗੇਡੀਅਰ ਸਾਹਿਬ ਪਹਿਲਾਂ ਸਰਵਸੰਮਤੀ ਨਾਲ ਡਿਪਟੀ ਸਪੀਕਰ ਚੁਣੇ ਗਏ ਸੀ ਤਾਂ ਉਹ ਇਕ ਪਾਰਟੀ ਦੇ ਮੈਂਬਰ ਸੀ। ਸਪੀਕਰ ਲਈ ਲਾਜ਼ਮੀ ਹੁੰਦਾ ਹੈ ਕਿ ਅਗਰ ਉਹ ਕਿਸੇ ਪਾਰਟੀ ਦਾ ਮੈਂਬਰ ਹੋਵੇ ਤਾਂ ਉਸ ਪਾਰਟੀ ਨੂੰ ਛੱਡ ਦੇਵੇ।

ਡਿਪਟੀ ਸਪੀਕਰ ਸਾਹਿਬ ਹੁਣ ਜਦ ਕਿ ਦੂਜੀ ਵੇਰ ਚੁਣੇ ਗਏ ਹਨ ਇਹ ਇਸ ਵੇਲੇ ਕਿਸੇ ਪਾਰਟੀ ਦੇ ਮੈਂਬਰ ਨਹੀਂ ਰਹੇ। ਬਾਜਵਾ ਸਾਹਿਬ ਲਈ ਇਹ ਜ਼ਰੂਰੀ ਨਹੀਂ ਸੀ ਕਿ ਉਹ ਪਾਰਟੀ ਨੂੰ ਡਿਪਟੀ ਸਪੀਕਰ ਚੁਣੇ ਜਾਣ ਤੋਂ ਪਹਿਲਾਂ ਛਡ ਦਿੰਦੇ। ਪਰ ਮੈਂ ਇਸ ਗੱਲ ਵਿਚ ਨਹੀਂ ਜਾਣਾ ਚਾਹੁੰਦਾ ਅਤੇ ਇੰਨਾ ਕਹਿਣਾ ਚਾਹੁੰਦਾ ਹਾਂ ਕਿ ਡਿਪਟੀ ਸਪੀਕਰੀ ਚਲਾਣ ਵਿਚ ਜਿਸ ਤਰ੍ਹਾਂ ਇਨ੍ਹਾਂ ਨੇ ਯਤਨ ਕੀਤਾ ਸੀ ਅਤੇ ਜਿਸ ਨਿਰਪੱਖਤਾ ਨਾਲ ਉਸ ਫ਼ਰਜ਼ ਨੂੰ ਪਿਛਲੀ ਵੇਰ ਨਿਭਾਇਆ ਸੀ ਉਸ ਦੀ ਹਾਊਸ ਪ੍ਰਸੰਸਾ ਕਰਦਾ ਹੈ। ਉਨ੍ਹਾਂ ਦੇ ਪਾਰਟੀ ਛੱਡਣ ਦੇ ਬਾਰੇ ਵਿਚ ਜੋ ਵਿਚਾਰ ਸਰਦਾਰ ਗੁਰਨਾਮ ਸਿੰਘ ਜੀ ਦੇ ਹਨ

Original with;
Punjab Vidhan Sabha
Digitized by;
Panjab Digital Library

ਮੈਂ ਉਨ੍ਹਾਂ ਨਾਲ ਸਹਿਮਤ ਹਾਂ। ਚੰਗਾ ਕੀਤਾ ਹੈ ਜਾਂ ਮਾੜਾ ਕੀਤਾ ਹੈ, ਮੈਂ ਉਸ ਗੱਲ ਵਿਚ ਨਹੀਂ ਜਾਂਦਾ ਅਤੇ ਨਾ ਹੀ ਕਿਸੇ ਨੂੰ ਜਾਣਾ ਚਾਹੀਦਾ ਹੈ ਕਿ ਕੀ ਇਹ ਉਨ੍ਹਾਂ ਲਈ ਵਾਜਬ ਮੌਕਾ ਸੀ ਜਾਂ ਨਹੀਂ ਅਤੇ ਉਨ੍ਹਾਂ ਨੇ ਪਾਰਟੀ ਕਿਉਂ ਛੱਡੀ। ਪਰ ਮੈਂ ਇਤਨੀ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਉਹ ਉਥੇ ਮਿਸਫਿਟ ਸਨ। ਇਸ ਗੱਲ ਦੀ ਖੁਸ਼ੀ ਹੈ ਕਿ ਉਹ ਕਿਸੇ ਪਾਰਟੀ ਵਲੋਂ ਨਹੀਂ ਸਗੋਂ ਇਕ ਨਿਰਦਲੀਏ ਹੋ ਕੇ ਇਸ ਹਾਊਸ ਦੇ ਡਿਪਟੀ ਸਪੀਕਰ ਚੁਣੇ ਗਏ ਹਨ। ਅਤੇ ਆਸ ਕਰਦਾ ਹਾਂ ਕਿ ਉਹ ਹੁਣ ਨਿਰਦਲੀਏ ਹੀ ਰਹਿਣਗੇ ਅਤੇ ਹਰ ਪਾਰਟੀ ਨੂੰ ਛੱਡ ਕੇ ਹੀ ਤਾਂ ਇਸ ਔਹਦੇ ਤੇ ਕੰਮ ਕੀਤਾ ਜਾ ਸਕਦਾ ਹੈ ਅਤੇ ਅਸਾਨੂੰ ਆਸ ਹੈ ਨਿਰਪੱਖ ਰਹਿਣਗੇ ਅਤੇ ਨਿਰਪੱਖਤਾ ਨਾਲ ਇਸ ਜ਼ਿੰਮੇਂਵਾਰੀ ਨੂੰ ਨਿਭਾਣਗੇ। ਮੈਂ ਇਕ ਵਾਰ ਫਿਰ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ।

ਸ੍ਰੀ ਮਨਮੋਹਨ ਕਾਲੀਆ : (ਜਲੰਧਰ, ਦਖਣੀ) ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਬਾਜਵਾ ਸਾਹਿਬ ਨੂੰ ਇਸ ਹਾਊਸ ਦੇ ਡਿਪਟੀ ਸਪੀਕਰ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਇਹ ਇਮਪਾਰਸ਼ਲ ਰਹਿ ਕੇ ਆਪਣੇ ਫ਼ਰਜ਼ਾਂ ਨੂੰ ਨਿਭਾਉਣਗੇ। ਜਿਸ ਤਰ੍ਹਾਂ ਕਿ ਇਹ ਪਹਿਲਾਂ ਵੀ ਨਿਭਾਉਂਦੇ ਰਹੇ ਹਨ। ਇਨ੍ਹਾਂ ਨੂੰ ਆਰਮੀ ਵਿਚ ਇਕ ਬਹੁਤ ਵਡੇ ਅਹੁਦੇ ਤੇ ਕੰਮ ਕਰਨ ਦਾ ਤਜਰਬਾ ਹੈ ਅਤੇ ਇਕ ਅਸੈਂਬਲੀ ਦੇ ਇਕ ਲੈਜਿਸਲੇਟਰ ਹੋਣ ਕਾਰਨ ਇਸ ਹਾਊਸ ਦਾ ਵੀ ਤਜਰਬਾ ਹੈ ਆਸ ਹੈ ਕਿ ਜਿਸ ਤਰ੍ਹਾਂ ਦਾ ਰੋਲ ਇਨ੍ਹਾਂ ਨੇ ਪਹਿਲਾਂ ਵੀ ਪਲੇ ਕੀਤਾ ਹੈ ਇਸੇ ਤਰ੍ਹਾਂ ਅਗਾਂਹ ਵੀ ਕਰਨਗੇ ਅਤੇ ਆਪਣੇ ਫ਼ਰਜ਼ਾਂ ਨੂੰ ਨਿਭਾਉਣਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਇਨ੍ਹਾਂ ਨੂੰ ਫਿਰ ਇਕ ਵੇਰ ਵਧਾਈ ਦਿੰਦਾ ਹਾਂ।

चौधरी बलबीर सिंह : अध्यक्ष महोदय, मैं बाजवा साहिब को उपाध्यक्ष के ओहदे पर चुने जाने पर मुबारकबाद देता हूं। वह पहले भी इसी औहदे पर रहे हैं और उस की शान को बरकरार रखा है। इन्हों ने हाऊस की कार्रवाई को अच्छी तरह से चलाने का यत्न किया था, उस के लिए भी इन्हें बधाई देता हूं। उन की पार्टी के बारे में यहाँ पर बात चली। मुझे तो इस बात पर हैरानी है कि यह 17 महीने उस बीमारी में रहे कैसे (हंसी) और यह कैसे उस बीमारी में सेहतमंद रह सकते थे।

(**श्री मनमोहन कालिया** की ओर से विघ्न)

Mr. Speaker : No interruption please.

चौधरी बलबीर सिंह : यहां पर आल इण्डिया पार्टी बैठी है और इन के यह नुमाइन्दे हैं जो कब पार्टी में आए और कब यहाँ आए (विघ्न)

श्री अध्यक्ष : कालिया साहिब साबक मंत्री भी हैं (विघ्न) (Shri Kalia is a former Minister also)

चौधरी बलबीर सिंह : मैं इस बात में नहीं जाना चाहता कि यह किस पार्टी वक्त में आए और इस से पहले कहां थे। छोटे होते जो काम यह करते रहे है उनके बारे में सरदार कृपाल सिंह आप को बता सकते हैं (हंसी) और आज कल जो कुछ यह पार्टी करती है यह सारी चीज़ आप के सामने है।

Original with;
Punjab Vidhan Sabha
Digitized by;
Panjab Digital Library

Shri Manmohan Kalia : Sir, is Chaudhri Balbir Singh paying tributes to the Deputy Speaker ? He is off the track. Please set him right.

चौधरी बलबीर सिंह : इन्हें स्पीकर साहिब बहुत तकलीफ होती है और यह ऐसी बातों पर अलरजिक हैं । मैं तो उपाध्यक्ष साहिब को ट्रिब्यूट पे कर रहा हूं और उन्हें मुबारकबाद देता हूं कि इन्होंने आफिस को ठीक ढंग से चलाया था और अब भी यूनानीमसली चुने गए हैं । इस बात के लिए इन्हें मुबारकबाद देता हूं और इस बीमारी से निकल गए हैं यह भी मुबारकबाद की बात है ।

Shri Balram Dass Tandon : Please ask him to be relevant.

Mr. Speaker : He is much more relevant than you have been.

Shri Balram Dass Tandon : Mr. Speaker it does not behove you to say like this. I could understand it if any other Hon. Member had remarked like this ; but for you it is not proper. (Interruptions)

ਇਸ ਚੇਅਰ ਤੇ ਬੈਠ ਕੇ ਕਿਸੇ ਦੇ ਬਾਰੇ ਵਿੱਚ ਡਿਸਪੈਰੇਜਿੰਗ ਰਿਮਾਰਕਸ ਕਰਨੇ ਆਪ ਨੂੰ ਸ਼ੋਭਾ ਨਹੀਂ ਦਿੰਦੇ । (ਵਿਘਨ) (ਸ਼ੋਰ)

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ, ਦਖਣ) : ਸਪੀਕਰ ਸਾਹਿਬ, ਮੈਂ ਬਾਜਵਾ ਸਾਹਿਬ ਦੇ ਸਿਹਤਮੰਦ ਹੋਣ ਤੇ ਸਾਰਿਆਂ ਤੋਂ ਪਹਿਲਾਂ ਵਧਾਈ ਦਿੰਦਾ ਹਾਂ । ਜਿਨ੍ਹਾਂ ਦੋਸਤਾਂ ਨੇ ਇਨ੍ਹਾਂ ਦੇ ਐਜ਼ ਡਿਪਟੀ ਸਪੀਕਰ ਕੰਮ ਕਰਨ ਦੀ ਸ਼ਲਾਘਾ ਕੀਤੀ ਹੈ ਮੈਂ ਉਨ੍ਹਾਂ ਦੇ ਨਾਲ ਸ਼ਾਮਿਲ ਹੁੰਦਾ ਹਾਂ । ਅਤੇ ਇਨ੍ਹਾਂ ਦੇ ਕੀਤੇ ਕੰਮ ਦੀ ਸਰਾਹਨਾ ਕਰਦਾ ਹਾਂ । ਮੈਂ ਆਪ ਹੈਰਾਨ ਸਾਂ ਕਿ ਇਨਾਂ ਚੰਗਾ ਕੰਮ ਕਰਨ ਵਾਲਾ ਕਿਸ ਤਰ੍ਹਾਂ ਜਨਸੰਘੀ ਰਹਿ ਸਕਦਾ ਹੈ ਅਤੇ ਇਨ੍ਹਾਂ ਲਈ ਇਹ ਆਸਾਨ ਨਹੀਂ ਸੀ ਕਿਉਂ ਕਿ ਇਹ ਬਾਜ਼ਾਰ ਬਰਦਾਫਰੋਸ਼ਾਂ ਦਾ ਸੀ ਜਿਸ ਵਿੱਚ ਯੂਸਫ ਵਰਗਾ ਕਿਵੇਂ ਰਹਿ ਸਕਦਾ ਸੀ ।

ਇਨ੍ਹਾਂ ਨੂੰ ਗੁਰੂ ਨਾਨਕ ਯੂਨੀਵਰਸਟੀ ਦੇ ਨਾਂ ਤੇ ਵੇਚਣ ਦੀ ਕੋਸ਼ਿਸ਼ ਕੀਤੀ ਗਈ । ਇਸ ਦੇ ਮੁਤਲਿਕ ਮੈਂ ਅਰਜ਼ ਕਰਨੀ ਚਾਹੁੰਦਾ ਹਾਂ (ਵਿਘਨ)

Shri Balram Dass Tandon : Sir, he should be relevant.

ਸਰਦਾਰ ਕਿਰਪਾਲ ਸਿੰਘ : ਮੈਂ ਤਾਂ ਸਪੀਕਰ ਸਾਹਿਬ, ਰੈਲੇਵੈਂਟ ਹੀ ਬੋਲ ਰਿਹਾ ਹਾਂ । (ਵਿਘਨ) (ਸ਼ੋਰ)

ਮੈਂ ਇਨ੍ਹਾਂ ਨਾਲ ਪਰਾਈਵੇਟ ਮੁਲਾਕਾਤਾਂ ਵਿੱਚ ਕਿਹਾ ਕਰਦਾ ਸਾਂ ਕਿ ਇਹ ਇਕ ਅਨਹੋਣੀ ਗੱਲ ਹੈ ਕਿ ਇਸ ਬਿਰਾਦਰੀ ਵਿੱਚ ਇਕ ਫੌਜੀ ਕਿਸ ਤਰ੍ਹਾਂ ਸਾਬ ਰਹਿ ਸਕਦਾ ਹੈ । ਇਨ੍ਹਾਂ ਨੇ ਹੁਣ ਆ ਕੇ ਕਿਹਾ ਕਿ ਤੂੰ ਠੀਕ ਹੀ ਕਹਿੰਦਾ ਸੀ । ਇਹ ਗੱਲ ਠੀਕ ਹੀ ਨਿਕਲੀ । ਹੁਣ ਇਹ ਡਿਫੈਕਟ ਹੋ ਗਏ ਹਨ । (ਹਾਸਾ) ਪਹਿਲਾਂ ਵੀ ਇਹ ਪਤਾ ਨਹੀਂ ਕਿਸ ਤਰ੍ਹਾਂ ਇਸ ਪਾਸੇ ਚਲੇ ਗਏ ਸਨ । ਸ਼ਾਇਦ ਇਹ ਇਨ੍ਹਾਂ ਦੀਆਂ ਆਪਣੀਆਂ ਫੌਜੀ ਰਿਵਾਇਤਾਂ ਕਰਕੇ ਸੀ ਕਿ ਇਕ ਵੇਰ ਹਾਂ ਹੋ ਗਈ ਤਾਂ ਉਸ ਹਾਂ ਨੂੰ ਨਿਭਾਣਾ ਪਿਆ । ਤੇ ਫਿਰ ਜਦ ਪਾਣੀ ਸਿਰੋਂ ਲੰਘ ਗਿਆ ਅਤੇ ਇਨ੍ਹਾਂ ਵੇਖਿਆ ਕਿ ਇਸ ਤਰ੍ਹਾਂ ਨਹੀਂ ਚਲੇਗੀ ਤਾਂ ਇਹ ਉਨ੍ਹਾਂ ਦੀ ਸਾਜ਼ਸ਼ੀ ਸਕੀਮ ਵਿੱਚ ਨਾ ਆਏ ਅਤੇ ਕਿਨਾਰਾ ਕਰ ਲਿਆ । ਚੰਗਾ ਹੋਇਆ ਕਿ ਇਹ ਇਸ ਖੁਰਕ ਤੋਂ ਫਾਰਗ ਹੋ ਗਏ ਹਨ (ਹਾਸਾ) ਅਤੇ ਆਪਣੀਆਂ ਰਿਵਾਇਤਾਂ, ਜਿਨ੍ਹਾਂ ਨੂੰ ਇਨ੍ਹਾਂ ਨੇ ਪਹਿਲਾਂ ਵੀ ਕਾਇਮ ਕੀਤਾ ਹੈ, ਉਨ੍ਹਾਂ ਤੇ ਚਲ ਕੇ ਸਾਰੇ ਹਾਊਸ ਦੇ ਇਤਮਾਦ ਦੇ ਪਾਤਰ ਬਣਨਗੇ । ਮੈਂ ਫਿਰ ਇਨ੍ਹਾਂ ਨੂੰ ਡਿਪਟੀ ਸਪੀਕਰ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ ।

Original with;
Punjab Vidhan Sabha
Digitized by;
Panjab Digital Library

ਸਿਰਦਾਰ ਕਪੂਰ ਸਿੰਘ : ਸਪੀਕਰ ਸਾਹਿਬ, ਬਰਿਗੇਡੀਅਰ ਬਿਕ੍ਰਮਾਜੀਤ ਸਿੰਘ ਹੋਰਾਂ ਦੇ ਇਸ ਸਮੇਂ ਸਰਵਸੰਮਤੀ ਨਾਲ ਇਸ ਸਦਨ ਦੇ ਡਿਪਟੀ ਸਪੀਕਰ ਚੁਣੇ ਜਾਣ ਤੇ ਅਸਾਂ ਉਨ੍ਹਾਂ ਦਾ ਮਾਣ ਐਡਾ ਨਹੀਂ ਵਧਾਇਆ ਜਿੰਨਾ ਕਿ ਅਸਾਂ ਇਸ ਸਦਨ ਦਾ ਅਤੇ ਆਪਣਾ ਮਾਣ ਤੇ ਸਤਿਕਾਰ ਵਧਾਇਆ ਹੈ । (ਪ੍ਰਸ਼ੰਸਾ) ਸਰਦਾਰ ਬਾਜਵਾ ਸਾਹਿਬ ਜਿਸ ਵੇਲੇ ਜੰਨ ਸੰਘ ਦੇ ਮੈਂਬਰ ਸੀ, ਉਸ ਵੇਲੇ ਦੇ ਡਿਪਟੀ ਸਪੀਕਰ ਦੇ ਫ਼ਰਜ਼ ਅਤੇ ਕਰਤੱਵਾਂ ਨੂੰ ਬੜੀ ਸੁਚੱਜਤਾ ਅਤੇ ਸੁਘੜਤਾ ਨਾਲ ਨਿਭਾਂਦੇ ਰਹੇ ਹਨ । ਇਕ ਅੱਧ ਵੇਰ ਹੀ ਮੈਨੂੰ ਯਾਦ ਹੈ ਕਿ ਇਨ੍ਹਾਂ ਨੇ* * * * ਗੱਲ ਕੀਤੀ ਸੀ । (ਵਿਘਨ) (ਸ਼ੋਰ)

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਕੀ ਇਨ੍ਹਾਂ ਦਾ ਦਿਮਾਗ਼ ਦਰੁਸਤ ਹੈ ? (ਵਿਘਨ) ਇਹ ਲਫਜ਼ ਵਾਪਸ ਲੈਣੇ ਚਾਹੀਦੇ ਹਨ । (ਵਿਘਨ) (ਸ਼ੋਰ)

Mr. Speaker : It is not in good taste. It should be expunged.

ਸਿਰਦਾਰ ਕਪੂਰ ਸਿੰਘ : ਸਪੀਕਰ ਸਾਹਿਬ, ਹੁਣ ਜਦੋਂ ਕਿ ਸਾਡੇ ਡਿਪਟੀ ਸਪੀਕਰ ਸਾਹਿਬ, ਬਰਿਗੇਡੀਅਰ ਬਿਕ੍ਰਮਾਜੀਤ ਸਿੰਘ ਆਜ਼ਾਦ ਮੈਂਬਰ ਹਨ ਅਤੇ ਨਿਰਦਲੀਏ ਹਨ, ਮੈਨੂੰ ਪੂਰਨ ਵਿਸ਼ਵਾਸ ਹੈ ਅਤੇ ਸਾਰੇ ਸਦਨ ਨੂੰ ਵਿਸ਼ਵਾਸ ਹੈ ਕਿ, ਉਹ ਇਸ ਸਦਨ ਦੇ ਉੱਚ ਅਧਿਕਾਰਾਂ ਨੂੰ ਨਿਰਪੱਖਤਾ ਨਾਲ ਨਿਭਾਣਗੇ । ਮੈਂ ਇਕ ਵੇਰ ਫਿਰ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ।

ਸਰਦਾਰ ਬਸੰਤ ਸਿੰਘ (ਡਕਾਲਾ) : ਸਪੀਕਰ ਸਾਹਿਬ, ਮੈਂ ਬਾਜਵਾ ਸਾਹਿਬ ਨੂੰ ਵਧਾਈ ਪੇਸ਼ ਕਰਦਾ ਹਾਂ । ਪਰ ਮੈਂ ਇਹ ਗੱਲ ਕਹੇ ਬਿਨਾ ਨਹੀਂ ਰਹਿ ਸਕਦਾ ਕਿ ਇਨ੍ਹਾਂ ਦੀ ਵਧਾਈ ਦੇ ਸਬੰਧ ਵਿਚ ਇਸ ਤਰ੍ਹਾਂ ਦੀ ਕੰਟ੍ਰੋਵਰਸ਼ੀ ਪੈਦਾ ਕਰ ਦਿੱਤੀ ਗਈ ਹੈ । ਅਤੇ ਇਹ ਇਸ ਹਾਊਸ ਦੀਆਂ ਰਿਵਾਇਤਾਂ ਦੇ ਖਿਲਾਫ ਹੈ । ਇਥੇ ਇਸ ਗੱਲ ਦਾ ਜ਼ਿਕਰ ਕਰਨਾ ਕਿ ਉਨ੍ਹਾਂ ਨੇ ਆਪਣੀ ਪਾਰਟੀ ਤੋਂ ਕਿਸ ਤਰ੍ਹਾਂ ਰੀਜ਼ਾਇਨ ਕੀਤਾ ਅਤੇ ਆਜ਼ਾਦ ਬਣ ਕੇ ਇਸ ਅਹੁਦੇ ਲਈ ਫਿਰ ਚੁਣੇ ਗਏ ਉਨ੍ਹਾਂ ਦੀ ਐਂਮਬੈਰਸਮੈਂਟ ਦਾ ਕਾਜ਼ ਬਣਾ ਦਿੱਤਾ । ਇਸ ਤਰੀਕੇ ਨਾਲ ਜੇਕਰ ਅਸੀਂ ਸਾਰੇ ਕਿਸੇ ਕੰਟ੍ਰੋਵਰਸੀ ਦੀਆਂ ਪਟਾਰੀਆਂ ਖੋਲ੍ਹ ਬੈਠੀਏ ਤਾਂ ਸਾਰੀ ਖੁਸ਼ੀ ਡਾਇਲਿਊਟ ਹੋ ਜਾਂਦੀ ਹੈ । ਹਾਲਾਂ ਕਿ ਇਹ ਖੁਸ਼ੀ ਅਨਡਾਇਲਿਊਟਿਡ ਰਹਿਣੀ ਚਾਹੀਦੀ ਸੀ । ਸਾਨੂੰ ਕੋਈ ਚੰਗਾ ਪ੍ਰੀਸੀਡੈਂਟ ਸੈਟ ਕਰਨਾ ਚਾਹੀਦਾ ਹੈ ਜੇਕਰ ਅਸੀਂ ਕਿਸੇ ਦੇ ਪਾਸਟ ਕੈਰੀਅਰ ਦੇ ਬਾਰੇ ਵਿੱਚ ਜ਼ਿਕਰ ਕਰਨਾ ਸ਼ੁਰੂ ਕਰ ਦੇਵਾਂਗੇ ਤਾਂ ਹਾਊਸ ਆਪਣੇ ਫਰਾਇਜ਼ ਤੋਂ ਹੌਲੀ ਹੌਲੀ ਸਲਿਪ ਕਰਦਾ ਜਾਵੇਗਾ । ਮੈਂ ਸਪੀਕਰ ਸਾਹਿਬ ਕਿਸੇ ਹੋਰ ਕੰਟ੍ਰੋਵਰਸੀ ਵਿਚ ਨਹੀਂ ਪੈਣਾ ਚਾਹੁੰਦਾ ਅਤੇ ਆਸ ਕਰਾਂਗਾ ਕਿ ਮੈਂਬਰ ਸਾਹਿਬਾਨ ਵੀ ਇਸ ਪਾਸੇ ਨਾ ਜਾਣ ਅਤੇ ਪਾਰਟੀ ਪਾਲਿਟਿਕਸ ਦੀ ਕਿਸੇ ਗੰਦੀ ਚੀਜ਼ ਨੂੰ ਇਸ ਸਮੇਂ ਇਥੇ ਪੇਸ਼ ਕਰਨ ਤੋਂ ਸੰਕੋਚ ਕਰਨ । ਆਖਿਰ ਵਿਚ ਮੈਂ ਇਹ ਕਹਾਂਗਾ ਕਿ ਜਿਸ ਕਲੈਰੇਟੀ ਨਾਲ ਜਿਸ ਵਜ਼ਨ ਨਾਲ ਅਤੇ ਜਿਸ ਜ਼ਬਤ ਨਾਲ ਇਹ ਅੱਗੇ ਵੀ ਡਿਪਟੀ ਸਪੀਕਰ ਦੇ ਓਹਦੇ ਤੇ ਕੰਮ ਕਰਦੇ ਰਹੇ ਹਨ ਹੁਣ ਵੀ ਉਸੇ ਤਰ੍ਹਾਂ ਇਸ ਹਾਊਸ ਦੀ ਕਾਰਵਾਈ ਨੂੰ ਚਲਾਇਆ ਕਰਨਗੇ । ਮੈਂ ਇਕ ਵੇਰ ਫਿਰ ਇਨ੍ਹਾਂ ਨੂੰ ਡਿਪਟੀ ਸਪੀਕਰ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ ।

ਜੱਥੇਦਾਰ ਹਰਦਿੱਤ ਸਿੰਘ ਭੱਠਲ (ਧਨੌਲਾ) : ਮੈਂ ਵੀ ਆਪਣੀ ਪਾਰਟੀ ਦੀ ਤਰਫੋਂ ਡਿਪਟੀ ਸਪੀਕਰ ਸਾਹਿਬ ਨੂੰ ਵਧਾਈ ਦੇਣ ਲਈ ਖੜ੍ਹਾ ਹੋਇਆ ਹਾਂ । ਭਾਵੇਂ ਡਿਪਟੀ ਸਪੀਕਰ ਸਾਹਿਬ ਕਿਸੇ ਪਾਰਟੀ ਵਿਚ ਵੀ ਰਹੇ ਪਰ ਉਨ੍ਹਾਂ ਨੇ ਸਾਰੀ ਪਾਰਟੀਆਂ ਨਾਲ ਦਿਆਨਤਦਾਰੀ ਦਾ ਸਲੂਕ ਕੀਤਾ ਅਤੇ

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਜੱਥੇਦਾਰ ਹਰਦਿੱਤ ਸਿੰਘ ਭੱਠਲ]

ਉਨ੍ਹਾਂ ਨੇ ਆਪਣੇ ਫਰਜ਼ ਨੂੰ ਬੜੀ ਨਿਰਪੱਖਤਾ ਦੇ ਨਾਲ ਨਿਭਾਇਆ । ਇਸੇ ਤਰ੍ਹਾਂ ਹੁਣ ਵੀ ਜਦੋਂ ਉਹ ਸਾਰੀਆਂ ਪਾਰਟੀਆਂ ਵਿਚ ਇਕ ਆਜ਼ਾਦ ਮੈਂਬਰ ਦੀ ਹੈਸੀਅਤ ਵਿਚ ਬੈਠ ਰਹੇ ਹਨ, ਹੁਣ ਉਹ ਆਜ਼ਾਦ ਹੁੰਦੇ ਹੋਏ ਹੋਰ ਵੀ ਨਿਰਪੱਖਤਾ ਨਾਲ ਨਿਭਾਉਣਗੇ, ਜਦੋਂ ਕਿ ਉਨ੍ਹਾਂ ਨੂੰ ਇਸ ਹਾਊਸ ਨੇ ਦੁਬਾਰਾ ਇਸ ਪਦਵੀ ਦਾ ਮਾਨ ਬਖਸ਼ਿਆ ਹੈ । ਆਜ਼ਾਦ ਮੈਂਬਰ ਦੀ ਹੈਸੀਅਤ ਵਿਚ ਰਹਿ ਕੇ ਉਹ ਸਾਰਿਆਂ ਨੂੰ ਇਕੋ ਅੱਖ ਨਾਲ ਵੇਖਣਗੇ ਅਤੇ ਨਿਰਪੱਖ ਰਹਿ ਕੇ ਉਹ ਇਸ ਅਹੁਦੇ ਦੀ ਸੇਵਾ ਕਰਨਗੇ । ਇਨ੍ਹਾਂ ਲਫਜ਼ਾਂ ਨਾਲ ਮੈਂ ਇਨ੍ਹਾਂ ਨੂੰ ਵਧਾਈ ਦੇਂਦਾ ਹਾਂ ।

ਚੌਧਰੀ ਸੁੰਦਰ ਸਿੰਘ (ਨਰੋਟ ਮਹਿਰਾ ਐਸ. ਸੀ.) : ਸਪੀਕਰ ਸਾਹਿਬ, ਦਿਲੋਂ ਮੁਬਾਰਕਬਾਦ ਤਾਂ ਮੇਰੇ ਲੀਡਰ ਨੇ ਦੇ ਦਿੱਤੀ ਹੈ, ਪਰ ਮੈਂ ਕੁਝ ਗੱਲਾਂ ਕਹਿਣੀਆਂ ਜ਼ਰੂਰੀ ਸਮਝਦਾ ਹਾਂ ਜਿਸ ਕਰਕੇ ਮੈਂ ਟਾਈਮ ਲੈਂਦਾ ਹਾਂ । ਮੈਂ ਤਾਂ ਬੜਾ ਹੀ ਹੈਰਾਨ ਹੋਇਆ ਹਾਂ ਕਿ ਇਸ ਹਾਊਸ ਵਿਚ ਕੁਰਪਸ਼ਨ ਦੇ ਇਲਜ਼ਾਮਾਂ ਤੇ ਤੁਸੀਂ ਇਨਕੁਆਇਰੀਆਂ ਕਰਦੇ ਹੋ, ਦੂਸਰੇ ਪਾਸੇ ਉਨ੍ਹਾਂ ਨੂੰ ਹੀ ਜੋ ਕੁਰੱਪਟ ਹਨ ਮਾਣ ਦਿੰਦੇ ਹੋ । ਕੀ ਜੇ ਕੋਈ ਆਦਮੀ ਜਿਹੜਾ ਕਿਸੇ ਪਾਰਟੀ ਰਾਹੀਂ ਲੋਕਾਂ ਤੋਂ ਵੋਟਾਂ ਲੈ ਕੇ ਆਇਆ ਹੋਵੇ ਉਹ ਆਪਣੀ ਪਾਰਟੀ ਛੱਡ ਜਾਵੇ, ਕੀ ਇਹ ਕੁਰੱਪਸ਼ਨ ਤੋਂ ਘੱਟ ਗੱਲ ਹੈ ? ਤੁਸੀਂ ਵੇਖੋ ਹਰਦਵਾਰੀ ਲਾਲ ਨੇ ਜਦੋਂ ਪਾਰਟੀ ਛੱਡੀ ਉਸ ਨੇ ਦੁਬਾਰਾ ਜ਼ਿਮਨੀ ਚੋਣ ਲੜੀ ਫੇਰ ਰੀਇਲੈਕਟ ਹੋ ਕੇ ਆਜ਼ਾਦ ਮੈਂਬਰਾਂ ਦੇ ਤੌਰ ਤੇ ਉਨ੍ਹਾਂ ਨੇ ਕੰਮ ਕੀਤਾ । ਇਨ੍ਹਾਂ ਨੇ ਵੀ ਜੇ ਆਜ਼ਾਦ ਰਹਿਣਾ ਸੀ ਤਾਂ ਆਪਣੇ ਹਲਕੇ ਦੇ ਵੋਟਰਾਂ ਤੋਂ ਮੁੜ ਵੋਟਾਂ ਪਵਾ ਕੇ ਆਉਣਾ ਸੀ । ਇਸ ਹਾਊਸ ਵਿਚ ਜੋ ਤੁਸੀਂ ਆਏ ਹੋ. ਜਨ ਸੰਘ ਨੇ ਹੀ ਤੁਹਾਨੂੰ ਕਾਮਯਾਬ ਕਰਵਾਇਆ ਹੈ, ਪਰ ਇਕ ਮਿੰਟ ਵਿਚ ਤੁਸੀਂ ਉਧਰੋਂ ਛੱਡ ਕੇ ਏਧਰ ਆ ਗਏ । ਇਹ ਗੱਲ ਸਾਰੀ ਤੁਹਾਨੂੰ ਸੋਚਣੀ ਚਾਹੀਦੀ ਸੀ । ਮੈਂ ਸਮਝਦਾ ਹਾਂ ਐਸੇ ਲੋਕਾਂ ਦੀ ਇਮਪਾਰਸ਼ਲ ਇਨਕੁਆਇਰੀ ਕਰਵਾਉਣੀ ਚਾਹੀਦੀ ਹੈ ਕਿਉਂਕਿ ਇਹ ਗੱਲ ਐਮ. ਐਲ. ਏਜ਼ ਦੇ ਇੰਟਰੈਸਟ ਦੇ ਵਿਚ ਹੈ ਅਤੇ ਇਸ ਦੀ ਇੰਟਰੈਸਟ ਆਫ ਦੀ ਪਬਲਿਕ ਹੈ । ਮੈਂ ਤਾਂ ਇਹ ਵੀ ਕਹਾਂਗਾ ਕਿ ਜਿਹੜੇ ਮਨਿਸਟਰ ਬਣੇ ਹਨ ਅਤੇ ਉਨ੍ਹਾਂ ਨੇ ਪੈਸੇ ਜਮ੍ਹਾਂ ਕੀਤੇ ਹਨ, ਉਨ੍ਹਾਂ ਦੀ ਇਨਕੁਆਇਰੀ ਕਮੇਟੀ ਦੇ ਸਕੋਪ ਵਿਚ ਹੋਣੀ ਚਾਹੀਦੀ ਹੈ । ਅੰਤ ਵਿਚ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਕਿ ਉਹ ਇਕ ਮਿੰਟ ਵਿਚ ਇਹ ਪਾਰਟੀ ਛੱਡ ਕੇ ਔਧਰ ਜਾ ਬੈਠੇ ।

ਸਰਦਾਰ ਗੁਰਨਾਮ ਸਿੰਘ ਹੁਣ ਏਥੇ ਗੱਲਾਂ ਕਰਦੇ ਹਨ ਅਕਾਲੀਆਂ ਦੀਆਂ ਟਿਕਟਾਂ ਲੈ ਕੇ ਆਉਂਦੇ ਰਹੇ ਹਨ ਪਰ ਆਪਣੀ ਜ਼ਰੂਰਤ ਨੂੰ ਪਾਰਟੀ ਛੱਡ ਕੇ ਵੱਖਰੀ ਬਣਾ ਲਈ । ਮੈਂ ਉਨ੍ਹਾਂ ਨੂੰ ਵੀ ਕਹਾਂਗਾ ਕਿ ਉਨ੍ਹਾਂ ਨੇ ਬੜੀ ਭਾਰੀ ਗ਼ਲਤੀ ਕੀਤੀ ਹੈ । ਉਹ ਵੀ ਗ਼ਲਤੀ ਰੈਕਟੀਫਾਈ ਕਰਨ । ਏਧਰ ਕੀ ਹੋਇਆ ? ਇਕ ਤਾਂ ਉਨ੍ਹਾਂ ਨੇ ਇਹ ਭਾਰੀ ਗ਼ਲਤੀ ਕੀਤੀ ਹੈ ਕਿ ਉਨ੍ਹਾਂ ਨੇ ਪਾਰਟੀ ਛੱਡੀ ਹੈ, ਫੇਰ ਉਨ੍ਹਾਂ ਨੂੰ ਨਿਰਪੱਖ ਆਖਿਆ ਜਾਂਦਾ ਹੈ । ਇਹ ਕਿਥੋਂ ਦੀ ਨਿਰਪੱਖਤਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ।

ਸ੍ਰੀ ਸਪੀਕਰ : ਬ੍ਰੀਗੇਡੀਅਰ ਸਾਹਿਬ ਨੂੰ, ਆਨਰੇਬਲ ਮੈਂਬਰ ਸਾਹਿਬਾਨ ਨੇ ਬੜੇ ਭਰਪੂਰ ਸ਼ਬਦਾਂ ਨਾਲ ਵਧਾਈ ਦਿੱਤੀ ਹੈ । ਇਸ ਹਾਊਸ ਦੀ ਕਨਸੈਨਸਸ ਨਾਲ ਮੈਂ ਵੀ ਆਪਣੇ ਆਪ ਨੂੰ ਮਨਸੂਬ ਕਰਦਾ ਹਾਂ । ਆਪ ਨੇ ਪਿਛਲੇ ਵਕਤ ਵਿਚ ਇਤਨੀ ਮਹਾਨ ਪਰਫਾਰਮੈਂਸ ਕੀਤੀ ਹੈ ਜਿਸ ਤੇ ਕਿ ਸਾਰਾ ਹਾਊਸ ਨਾਜ਼ ਕਰ ਸਕਦਾ ਹੈ । ਹੁਣ ਫੇਰ ਬ੍ਰਿਗੇਡੀਅਰ ਸਾਹਿਬ ਨੂੰ ਸਦਨ ਨੇ ਪ੍ਰੀਜ਼ਾਈਡਿੰਗ

Original with;
Punjab Vidhan Sabha
Digitized by;
Panjab Digital Library

ਆਫੀਸਰ ਦਾ ਦਰਜਾ ਦਿੱਤਾ ਹੈ । ਮੈਨੂੰ ਪੂਰੀ ਉਮੀਦ ਹੈ ਕਿ ਉਹ ਇਸ ਉੱਚੇ ਅਹੁਦੇ ਨੂੰ ਬੜੇ ਠਾਠ ਨਾਲ ਨਿਭਾਉਣਗੇ । ਜਿਸ ਤਰ੍ਹਾਂ ਅੱਗੇ ਉਨ੍ਹਾਂ ਨੇ ਆਪਣੇ ਫਰਜ਼ ਨੂੰ ਨਿਭਾਉਣ ਦੇ ਵਿਚ ਇਕ ਮਿਸਾਲ ਪੈਦਾ ਕੀਤੀ ਹੈ, ਹੁਣ ਵੀ ਉਸੇ ਔਹਦੇ ਤੇ ਕਾਬਜ਼ ਹੁੰਦੇ ਹੋਏ, ਇਸ ਸਦਨ ਦਾ ਨਾਉਂ ਹੋਰ ਉੱਚਾ ਕਰਨਗੇ । (ਤਾੜੀਆਂ) (The hon. Members have paid rich tributes to Brigadier Sahib. I associate myself with the consensus of the House. The whole House can feel proud of his earlier great performance in the House. The House has once again conferred the honour of a Presiding Officer on Brigadier Sahib. I am confident that he will fully justify his election to this high office. He will bring honour and name to this House by performing the duties of this high office ably as he had done in the past.) (Cheers)

Brigadier Bikarmajit Singh Bajwa (Deputy Speaker) : Mr. Speaker, Sir, I was given this signal honour in March, 1960, to serve the House as Deputy Speaker. Sir, when I was first given that honour I was I raw hand. (Interruptions)

ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਮੈਂ ਜਿਹੜੇ ਲਫ਼ਜ਼ ਹਾਊਸ ਵਿਚ ਕਹਿਣਾ ਚਾਹੁੰਦਾ ਹਾਂ ਉਹ ਪੰਜਾਬੀ ਵਿਚ ਪੂਰੀ ਤਰ੍ਹਾਂ ਕਹਿ ਨਹੀਂ ਸਕਾਂਗਾ, ਇਸ ਲਈ ਮੈਂ ਆਨਰੇਬਲ ਮੈਂਬਰ ਸਾਹਿਬਾਨ ਤੋਂ ਮੁਆਫੀ ਮੰਗਦਾ ਹਾਂ ਅਤੇ ਇਹ ਬੇਨਤੀ ਕਰਦਾ ਹਾਂ ਕਿ ਮੈਨੂੰ ਅੰਗਰੇਜ਼ੀ ਦੇ ਵਿਚ ਬੋਲਣ ਦਾ ਮੌਕਾ ਜ਼ਰੂਰ ਦੇਓ ।

Sir, when I was elected to this House, it was for the first time that I saw this Chamber. I did not know how the business of the House was to be transacted and the Hon'ble Members knowing all this unanimously elected me to this high office. I think they were swayed by one factor and that was that I was an ex-officer of our glorious Army. I think there was no other factor for their electing me. Sir, it was incumbent upon me to constantly keep it in my mind that I must not act in any way which would mar the glory of an officer of the Army.

Sir, I was a raw hand. I was helped by the old parliamentarians here. I always listened patiently every hon. Members of this august House. I always tried to do my duty to the best of my ability. I cannot say that I did not make any mistake. I made many mistakes An hon. Member for whom I have great respect has just pointed out that.

Sir, one of the errors, I committed was that during the passing of the Appropriation Bill in this House in March last, I crossed swords with my hon. friend, the Deputy Leader of the Opposition. At that time, as I have already admitted, I was not fully conversant with my duties in the House. I had not gone through the Address which the then Speaker of the Lok Sabha Mr Mavalankar, had delivered at the Presiding Officers' Conference in 1953 and it added to my knowledge. Sir, one of the sentences which he said was quite clear and I shall never forget it. That sentence is :

> "That a Deputy Speaker must always remember that he is a Presiding Officer. I am not prepared to state how should he behave in the House but it is a point which every Deputy Speaker has got to decide for himself."

Original with;
Punjab Vidhan Sabha
Digitized by;
Panjab Digital Library

[Brigadier Bikarmajit Singh Bajwa]

Sir, in fact, when this session started a situation arose, when I was called upon not by anybody, but my own conscience to decide what was to be done. Sir, I want to make it quite clear to all the hon. Members of this House that that decision was mine and mine entirely. My party needed a crucial vote. I having been urged by Mr. Mavlankar' Address at the Presiding Officers' Conference had decided to take this step, because it was rather difficult for me to vote with the party while remaining as Deputy Speaker. I was a loyal soldier. I was not prepared to disobey the command of my party leader. He gave me a command and it was my duty to obey that and bid good-bye to the office of the Deputy Speaker.

Sir, today, certain things have been said which have pained me. Had I known that these feelings were so strongly entrenched in some of the hon. Members' minds or had I an inkling of it earlier, perhaps I would not have accepted this honour today.

I want to say this quite clearly, Sir, that the first hon. Member of this House who approached me yesterday, when this thing was going on, was Sirdar Kapur Singh, who asked me if I was willing to stand for the office of the Deputy Speaker. Sir, I told him frankly, and he will bear me out, that I was prepared to come as a non-controversial figure. If there is any controversy, I would withdraw my name. What has transpired between the various parties/groups now, I do not know. I wish to assure you, Sir, and all the hon. Members that as far as I am concerned, I have always chalked out a path for myself. Only my own conscience dictates me. I have tried to prove to this House that I mean what I say. I promise the hon. Members who have put their confidence in me again that I shall continue to conduct myself on the lines which I have laid down for myself (Thumping). The dignity and decorum of this office mean more to me than anything else and, Sir, I think, it is my duty to uphold that. I assure you that I shall do it and if at any time, I find that I cannot do so, I shall not hesitate one single moment to again put in my resignation.

Sir, I thank you and all the hon. Members of this House for giving me an opportunity again to work as Deputy Speaker. I have no ambitions. If any hon. friend here thinks that I have done this as a "chaal", he thinks on his own plane only. I have nothing more to add but just to thank all the hon. Members. I assure them of my continuing to maintain the decorum of this House and to serve them to the best of my ability. Thank you, Sir (Cheers).

———

Original with;
Punjab Vidhan Sabha
Digitized by;
Panjab Digital Library

THE PUNJAB SCHEDULED CASTES LAND DEVELOPMENT AND FINANCE CORPORATION BILL, 1970.

Minister for Social Welfare : (Dr. Bhagat Singh) : Sir, I beg to introduce the Punjab Scheduled Castes Land Development and Finance Corporation Bill.

Minister for Social Welfare : Sir, I beg to move.

That the Punjab Scheduled Castes Land Development and Finance Corporation Bill be taken into consideration at once.

(Mr. Deputy Speaker in the Chair.)

ਡਿਪਟੀ ਸਪੀਕਰ ਸਾਹਿਬ, ਇਸ ਬਿਲ ਦਾ ਮੇਨ ਮਕਸਦ ਇਸ ਹਾਊਸ ਵਿਚ ਪੇਸ਼ ਕਰਨ ਅਤੇ ਪਾਸ ਕਰਾਉਣ ਦਾ ਇਹ ਹੈ ਕਿ 18,19 ਸਾਲਾਂ ਤੋਂ ਅਸੀਂ ਦੇਖ ਰਹੇ ਹਾਂ ਕਿ ਸ਼ੈਡੂਲਡ ਕਾਸਟਸ ਦੀ ਡਿਵੈਲਪਮੇਂਟ ਲਈ ਕੋਈ ਖਾਸ ਕਦਮ ਨਹੀਂ ਚੁਕਿਆ ਗਿਆ। ਇਹ ਠੀਕ ਹੈ ਕਿ ਹਰੀਜਨਾਂ ਨੂੰ ਕਰਜ਼ੇ ਦੇਣ ਲਈ ਲੈਂਡ ਮਾਰਟਗੇਜ ਬੈਂਕ ਵੀ ਬਣਾਏ ਗਏ ਅਤੇ ਇੰਡਸਟਰੀ ਡਿਪਾਰਟਮੈਂਟ ਵੀ ਕੁਝ ਲੋਨਜ਼ ਦੇਂਦਾ ਰਿਹਾ ਹੈ। ਪਰ ਇਹ ਆਮ ਤੌਰ ਤੇ ਦੇਖਿਆ ਗਿਆ ਹੈ ਕਿ ਹਰੀਜਨ ਵਰਕਰ ਲਈ ਇਹ ਲੋਨ ਐਕਸੈਸੀਬਲ ਨਹੀਂ ਸੀ ਕਿਉਂਕਿ ਲੋਨ ਦੇਣ ਵਾਲੇ 5 ਹਜ਼ਾਰ ਲੋਨ ਦੇਣ ਵਾਸਤੇ 10 ਹਜ਼ਾਰ ਦੀ ਸਿਕਿਓਰਿਟੀ ਮੰਗਦੇ ਸੀ। ਜਿਹਨਾਂ ਦੇ ਖੇਤ ਜਾਂ ਮਕਾਨ ਹੋਣ ਉਹ ਤਾਂ ਸਿਕਿਓਰਿਟੀ ਦੇ ਸਕਦੇ ਸੀ ਪਰ ਜਿਨ੍ਹਾਂ ਕੋਲ ਖੇਤ ਨਹੀਂ, ਉਹ ਸਿਕਿਓਰਿਟੀ ਕਿਵੇਂ ਦਿੰਦੇ ? ਫਿਰ ਉਨ੍ਹਾਂ ਨੂੰ ਕੁਝ ਵਿਚੋਲੇ ਟਕਰ ਪੈਂਦੇ ਸੀ ਜਿਹੜੇ ਕਿ ਸਿਕਿਓਰਿਟੀ ਦੇ ਕੇ ਉਨ੍ਹਾਂ ਨੂੰ ਕਰਜ਼ਾ ਲੈ ਦਿੰਦੇ ਸੀ ਪਰ ਉਹ ਫਿਰ ਉਨ੍ਹਾਂ ਨਾਲ ਮਜ਼ਦੂਰ ਦਰ ਮਜ਼ਦੂਰ ਵਾਲਾ ਸਲੂਕ ਕਰਦੇ ਸਨ। ਅਤੇ ਉਨ੍ਹਾਂ ਹਰੀਜਨਾਂ ਦੇ ਕੋਲ ਕੁਝ ਵੀ ਨਹੀਂ ਸੀ ਰਹਿੰਦਾ ਅਤੇ ਉਨ੍ਹਾਂ ਦੀ ਕੋਈ ਵੀ ਭਲਾਈ ਨਹੀਂ ਸੀ ਹੋ ਸਕਦੀ । ਇਸ ਤਰ੍ਹਾਂ ਜਿਨ੍ਹਾਂ ਕੋਲ ਜ਼ਮੀਨਾਂ ਨਹੀਂ ਸਨ ਉਨ੍ਹਾਂ ਨੂੰ ਉਨ੍ਹਾਂ ਸਾਰੀਆਂ ਭਲਾਈ ਦੀਆਂ ਸਕੀਮਾਂ ਅਤੇ ਕਰਜ਼ਿਆਂ ਤੋਂ ਵਾਂਝਾ ਰਹਿਣਾ ਪੈ ਜਾਂਦਾ ਸੀ। ਇਸੇ ਤਰ੍ਹਾਂ ਜਿਹੜੇ ਹਰੀਜਨ ਸ਼ਹਿਰਾਂ ਦੇ ਵਿਚ ਕੰਮ ਕਰਦੇ ਸੀ ਅਤੇ ਦੇਸ਼ ਦੀ ਦੌਲਤ ਦੇ ਵਿਚ ਵਾਧਾ ਕਰਦੇ ਸੀ, ਹਿੰਦੁਸਤਾਨ ਵਿਚ ਜਿਤਨੇ ਵੀ ਵਡੇ ਵਡੇ ਪਲਾਂਟਸ ਹਨ, ਉਨ੍ਹਾਂ ਸਾਰਿਆਂ ਵਿਚ ਕੰਮ ਕਰਦੇ ਸੀ, ਦੇਸ਼ ਦੀ ਤਰਕੀ ਦੇ ਵਿਚ ਹਿੱਸਾ ਪਾਉਂਦੇ ਸੀ, ਪਰ ਆਪਣੀ ਕੋਈ ਵੀ ਇੰਡਸਟਰੀ ਨਹੀਂ ਸੀ ਲਾ ਸਕਦੇ। ਇਸ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਨਾ ਤਾਂ ਹਰੀਜਨ ਪਿੰਡਾਂ ਦੇ ਵਿਚ ਲੈਂਡ ਡਿਵੈਲਪ ਕਰ ਸਕਦੇ ਸੀ ਅਤੇ ਨਾ ਹੀ ਸ਼ਹਿਰਾਂ ਵਿਚ ਇੰਡਸਟਰੀ । ਮੈਂ ਸਮਝਦਾ ਹਾਂ ਕਿ ਪਹਿਲੀ ਵਾਰ ਇਸ ਕਿਸਮ ਦੀ ਕਾਰਪੋਰੇਸ਼ਨ ਬਣਾਈ ਗਈ ਹੈ, ਸਰਦਾਰ ਬਾਦਲ ਦੇ ਥਲੇ ਕੰਮ ਕਰ ਰਹੀ ਸਰਕਾਰ ਦੀ ਇਹ ਪਹਿਲੀ ਵਡੀ ਅਚੀਵਮੈਂਟ ਹੈ। ਪਹਿਲੇ ਸਾਲ ਹੀ 1 ਕਰੋੜ ਰੁਪਿਆ ਖਰਚ ਕੀਤਾ ਜਾਣਾ ਹੈ। ਮੈਂ ਆਪਣੇ ਪ੍ਰਾਪਤ ਨਾਲਜ਼ ਦੇ ਅਧਾਰ ਤੇ ਕਹਿ ਸਰਦਾ ਹਾਂ ਕਿ ਸਾਰੇ ਹਿੰਦੁਸਤਾਨ ਦੇ ਵਿਚ ਐਸੀ ਕਾਰਪੋਰੇਸ਼ਨ ਕਿਸੇ ਵੀ ਸੂਬੇ ਵਿਚ ਨਹੀਂ ਬਣੀ । (ਥਪਿੰਗ) ਇਹ ਕਾਰਪੋਰੇਸ਼ਨ ਇਕ ਯੂਨੀਕ ਕੰਮ ਹੈ। ਇਹ ਯੂਨੀਕ ਕੰਮ ਪੰਜਾਬੀ ਸੂਬਾ ਬਣਨ ਤੋਂ ਬਾਦ ਪਿਛੜੀਆਂ ਸ਼ਰੇਣੀਆਂ ਨੂੰ ਸਹੀ ਤੌਰ ਤੇ ਉਪਰ ਚੁਕਣ ਕਰਕੇ ਕੀਤਾ ਗਿਆ ਹੈ। ਬਾਕੀ ਸਾਰੇ ਦੇਸ਼ ਵਿਚ ਨਾਨ-ਹਰੀਜਨਾਂ ਦੀਆਂ ਕਾਰਪੋਰੇਸ਼ਨਜ਼ ਬਣੀਆਂ ਹਨ। ਪਰ ਅਸੀਂ ਹਿੰਦੁਸਤਾਨ ਦੇ ਕੰਸਟੀਚਿਊਸ਼ਨ ਦੇ ਵਿਚ ਹਰੀਜਨਾਂ ਨੂੰ ਜੋ ਰੀਲੀਫ ਦੇਣ ਦੀ ਗਲ ਕਹੀ ਗਈ ਹੈ, ਉਹ ਰਲੀਫ ਇਸ ਬਿਲ ਨੂੰ ਡਰਾਫਟ ਕਰਕੇ ਦਿਤਾ ਹੈ। ਇਹ ਬਿਲ ਬੜੀ ਸ਼ਰਧਾ ਅਤੇ ਪ੍ਰੇਮ ਦੇ ਨਾਲ ਸੰਤ ਫਤਿਹ ਸਿੰਘ ਜੀ ਦੀ ਪ੍ਰੇਰਣਾ ਨਾਲ ਬਣਾਇਆ ਗਿਆ ਹੈ। ਹੋ ਸਕਦਾ ਹੈ ਕਿ ਇਸ ਵਿਚ ਕੁਝ ਖਾਮੀਆਂ ਰਹਿ ਗਈਆਂ ਹੋਣ ਪਰ ਉਹ ਦੂਰ ਕੀਤੀਆਂ ਜਾ ਸਕਦੀਆਂ ਹਨ। ਮੈਂ ਇਹ ਕਹਾਂਗਾ ਕਿ ਹਰ ਇਕ ਮੈਂਬਰ ਜਿਹੜਾ ਇਸ ਬਿਲ ਤੇ ਬੋਲੇ ਉਹ ਇਸ ਹਿਰਦੇ ਨਾਲ ਇਸ ਨੂੰ ਡਿਸਕਸ ਕਰੇ ਕਿ ਜਿਹੜੀ ਚੀਜ਼ ਹਰੀਜਨਾਂ ਦੀ ਤਰੱਕੀ ਦੇ ਰਸਤੇ ਵਿਚ ਰੁਕਾਵਟ ਪਾਵੇ ਉਸ ਨੂੰ ਦੂਰ ਕੀਤਾ ਜਾ ਸਕੇ। ਇਸ ਖਿਆਲ ਨਾਲ ਕੋਈ ਡਿਸਕਸ ਨਾ ਕਰੇ ਕਿ ਇਹ ਖੁਸ਼ਹਾਲ ਕਿਉਂ ਹੋ ਗਏ ਹਨ, ਇਨ੍ਹਾਂ ਦੇ ਕੋਲ ਪੈਸਾ ਕਿਉਂ ਆ ਗਿਆ ? ਹੋ ਸਕਦਾ ਹੈ ਕਿਸੇ ਨੂੰ ਚਿੰਤਾ ਲਗ ਜਾਵੇ ਕਿ ਜੇ ਹਰੀਜਨਾਂ ਦੇ ਕੋਲ ਪੈਸਾ ਆ ਗਿਆ ਜਾਂ ਉਹ ਖੁਸ਼ਹਾਲ ਹੋ ਗਏ ਤਾਂ ਅਮੀਰ ਲੋਕਾਂ ਨੂੰ ਸਸਤੇ ਮਜ਼ਦੂਰ ਨਹੀਂ ਮਿਲ ਸਕਣੇ ਅਤੇ ਜੇ ਉਨ੍ਹਾਂ ਕੋਲ ਆਪਣੀਆਂ ਜ਼ਮੀਨਾਂ ਆ ਗਈਆਂ ਤਾਂ ਅਮੀਰ ਲੈਂਡ ਲਾਰਡਾਂ ਨੂੰ ਸਸਤੇ ਸੀਰੀਂ ਨਹੀਂ ਮਿਲ ਸਕਣਗੇ, ਇਸ ਤਰ੍ਹਾਂ ਸੋਚਣਾ ਠੀਕ ਨਹੀਂ। ਪੰਜਾਬ ਸਰਕਾਰ ਦੀ ਮਨਸ਼ਾ ਉਨ੍ਹਾਂ ਨੂੰ ਈਕੂਅਲ ਸ਼ਹਿਰੀ ਬਣਾਉਣ ਦੀ ਹੈ।

Original with;
Punjab Vidhan Sabha
Digitized by;
Panjab Digital Library

Mr. Deputy Speaker : Motion moved.

That the Punjab Scheduled Castes Land Development and Finance Corporation Bill be taken into consideration at once.

Sardar Umrao Singh (Barapind) ; Sir, I beg to move—

That the Punjab Scheduled Castes Land Development and Finance Corporation Bill be referred to a Select Committee consisting of—

1. Dr. Bhagat Singh, Minister for Social Welfare,
2. Master Gurbanta Singh.
3. Vaid Kartar Singh,
4. Sardar Dalip Singh Pandhi,
5. Chaudhri Sunder Singh,
6. Sirdar Kapur Singh,
7. Sardar Ravi Inder Singh,
8. Bhagat Guran Dass 'Hans'
9. Comrade Dana Ram,
10. Shri Manmohan Kalia,
11. Sardar Raja Singh,
12. Sardar Gurdip Singh Shaheed,
13. Sardar Jasdev Singh Sandhu,
14. Bawa Harnam Singh and
15. Sardar Umrao Singh,

with a direction to make a Report before the 31st December, 1970.

ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਨੂੰ ਸਿਲੈਕਟ ਕਮੇਟੀ ਨੂੰ ਭੇਜਣ ਵਾਸਤੇ ਇਸ ਲਈ ਕਿਹਾ ਹੈ ਕਿਉਂਕਿ ਮੈਂ ਵੇਖਿਆ ਹੈ ਕਿ ਇਸ ਬਿਲ ਵਿੱਚ ਬਹੁਤ ਸਾਰੇ ਡਿਫੈਕਟਸ ਹਨ । ਉਹ ਡੀਫੈਕਟਸ ਦੂਰ ਨਹੀਂ ਹੋ ਸਕਦੇ ਜਿੰਨੀ ਦੇਰ ਤਕ ਇਹ ਬਿਲ ਸਿਲੈਕਟਸ ਕਮੇਟੀ ਕੋਲ ਨਾ ਜਾਵੇ । ਜਿਹੜੀ ਮੈਂ ਸਿਲੈਕਟ ਕਮੇਟੀ ਪਰੋਪੋਜ਼ ਕੀਤੀ ਹੈ ਇਸ ਵਿਚ ਕੋਸ਼ਿਸ਼ ਇਹ ਕੀਤੀ ਹੈ ਕਿ ਅਧੇ ਮੈਂਬਰ ਰੂਲਿੰਗ ਪਾਰਟੀ ਵਿਚੋਂ ਰਖੇ ਜਾਣ ਮਗਰ ਨਾਲ ਦੀ ਨਾਲ ਮੈਜਾਰਿਟੀ ਸ਼ੈਡਿਊਲਡ ਕਾਸਟ ਮੈਂਬਰਜ਼ ਦੀ ਉਸ ਵਿਚ ਹੋਵੇ ਤਾਂ ਜੋ ਸ਼ੈਡਿਊਲਡ ਕਾਸਟ ਮੈਂਬਰ, ਸ਼ੈਡਿਊਲਡ ਕਾਸਟਸ ਦੀ ਭਲਾਈ ਲਈ ਬੈਠ ਕੇ ਚੰਗਾ ਬਿਲ ਬਣਾ ਸਕਣ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹੁਣੇ ਸਰਦਾਰ ਭਗਤ ਸਿੰਘ ਹੋਰਾਂ ਨੇ ਕਿਹਾ ਹੈ ਕਿ ਸੰਤ ਬਾਬਾ ਫਤਿਹ ਸਿੰਘ ਦੀ ਹਦਾਇਤ ਅਨੁਸਾਰ ਇਹ ਬਿਲ ਬਣਾਇਆ ਗਿਆ ਹੈ । ਮੈਂ ਇਹ ਕਹਿੰਦਾ ਹਾਂ ਕਿ ਇਹ ਬਿਲ ਪੰਜਾਬ ਗੌਰਮੈਂਟ ਦੀ ਕੈਬਨੈਂਟ ਨੇ ਨਹੀਂ ਬਣਾਇਆ, ਪੰਜਾਬ ਅਸੈਂਬਲੀ ਦੇ ਸ਼ੈਡਿਊਲਡ ਕਾਸਟ ਮੈਂਬਰਾਂ ਨੂੰ ਕਾਨਫੀਡੈਂਸ ਵਿਚ ਲੈ ਕੇ ਨਹੀਂ ਬਣਾਇਆ ਗਿਆ । ਮੈਂ ਇਹ ਵੀ ਕਹਿ ਸਕਦਾ ਹਾਂ ਕਿ ਹੋ ਸਕਦਾ ਹੈ ਕਿ ਪੰਜ਼ਾਬ ਕੈਬਨੇਟ ਦੀ ਇਸ ਵਿਚ ਕਨਸੈਂਟ ਵੀ ਨਾਂ ਲਈ ਗਈ ਹੋਵੇ । ਜਿਹੜਾ ਇਹ ਬਿਲ ਬਾਬਾ ਫਤਿਹ ਸਿੰਘ ਦੇ ਹੁਕਮ ਨਾਲ ਬਣਾਇਆ ਗਿਆ ਹੈ, ਉਸ ਵਿਚ ਮੈਨੂੰ ਕੋਈ ਇਤਰਾਜ਼ ਨਹੀਂ ਕਿ ਸੰਤ ਬਾਬਾ ਜੀ ਨੇ ਸ਼ੈਡਿਊਲਡ ਕਾਸਟਸ ਦੀ ਭਲਾਈ ਵਾਸਤੇ ਇਨ੍ਹਾਂ ਨੂੰ ਕੁਝ ਕਿਹਾ ਹੈ । ਇਹ ਬੜਾ ਸ਼ਲਾਘਾ ਯੋਗ ਕਦਮ ਹੈ ਪਰ ਜਿਥੋਂ ਤਕ ਇਨ੍ਹਾਂ ਦੀ ਅਕਾਲੀ ਪਾਰਟੀ ਦੀ ਪਿਛਲੀ ਰਵਾਇਤ ਦਾ ਤਅੱਲੁਕ ਹੈ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ :

"ਹਮਕੋ ਉਨ ਸੇ ਹੈ ਵਫਾ ਕੀ ਉਮੀਦ ।
ਜੋ ਨਹੀਂ ਜਾਨਤੇ ਵਫਾ ਕਿਆ ਹੈ ।"

ਜੋ ਰਵਾਇਤਾਂ ਪਿਛਲੇ ਤਿੰਨ ਸਾਲਾਂ ਤੋਂ ਹਨ, ਪਹਿਲਾਂ ਸਰਦਾਰ ਗੁਰਨਾਮ ਸਿੰਘ ਦੀ ਵਜ਼ਾਰਤ, ਫੇਰ ਗਿਲ ਸਾਹਿਬ ਦੀ ਵਜ਼ਾਰਤ, ਫੇਰ ਸਰਦਾਰ ਗੁਰਨਾਮ ਸਿੰਘ ਦੀ ਵਜ਼ਾਰਤ ਅਤੇ ਹੁਣ ਤਿੰਨ ਚਾਰ ਮਹੀਨਿਆਂ ਤੋਂ ਬਾਦਲ ਸਾਹਿਬ ਦੀ ਵਜ਼ਾਰਤ ਵੇਲੇ ਜੋ ਕੁਝ ਸ਼ੈਡਿਊਲਡ ਕਾਸਟਸ ਕਰਮਚਾਰੀਆਂ ਅਤੇ ਪਿੰਡਾਂ ਵਿਚ ਰਹਿਣ ਵਾਲਿਆਂ ਨਾਲ ਹੋਇਆ ਹੈ, ਉਸ ਦਾ ਵਰਨਣ ਅਖਬਾਰਾਂ ਵਿਚ ਆਇਆ

Original with;
Punjab Vidhan Sabha
Digitized by;
Panjab Digital Library

ਹੈ ਅਤੇ ਸਭ ਨੂੰ ਪਤਾ ਹੈ। (ਵਿਘਨ) ਪਾਂਧੀ ਜੀ ਜੋ ਕੁਝ ਮੈਂ ਬੋਲਿਆ ਹੈ ਉਹ ਸ਼ੈਡਿਊਲਡ ਕਾਸਟਸ ਦੀ ਭਲਾਈ ਵਾਸਤੇ ਬੋਲਿਆ ਹੈ। (ਵਿਘਨ) ਪਿਛੇ ਜਿਹੇ ਪਾਂਧੀ ਜੀ ਦੀ ਅਗਵਾਈ ਥਲੇ, ਇਸ ਗੌਰਮੈਂਟ ਦੇ ਹੁੰਦੇ ਹੋਏ, ਸ਼ੈਡਿਊਲਡ ਕਾਸਟਸ ਦੇ ਭਲੇ ਲਈ ਟਰੇਯਰੀ ਬੈਂਚਿਜ਼ ਤੇ ਬੈਠਣ ਵਾਲੇ ਸ਼ੈਡਿਊਲਡ ਕਾਸਟਸ ਦੇ ਮੈਂਬਰਾਂ ਨੇ ਸ਼ੈਡਿਊਲਡ ਕਾਸਟਸ ਦੇ ਭਲੇ ਲਈ, ਵਾਕ ਆਊਟ ਕੀਤਾ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਾਂਧੀ ਜੀ ਅਤੇ ਉਨ੍ਹਾਂ ਦੇ ਸਾਥੀ ਸਹਾਇਤਾ ਦੇ ਤੌਰ ਤੇ ਇਸ ਬੋਰਡ ਦੇ ਮੈਂਬਰ ਲਏ ਜਾਣ (ਵਿਘਨ) ਯਕੀਨਨ ਇਹ ਜਿਹੜਾ ਬਿਲ ਹੈ ਇਹ ਸ਼ੈਡਿਊਲਡ ਕਾਸਟਸ ਦੇ ਭਲੇ ਵਾਸਤੇ ਨਹੀਂ ਹੈ। ਡਾਕਟਰ ਭਗਤ ਸਿੰਘ ਇਹ ਨਾ ਸਮਝਣ ਕਿ ਮੈਂ ਇਹ ਮੋਸ਼ਨ ਇਸ ਬਿਲ ਨੂੰ ਢੀਲੇ ਕਰਨ ਵਾਸਤੇ ਦਿਤੀ ਹੈ। ਪਿਛੇ ਜਿਹੇ ਪੰਚਾਇਤ ਸੰਮਤੀਆਂ ਬਾਰੇ 70 ਸਫ਼ੇ ਦੀ ਰਪੋਰਟ ਇਸੇ ਤਰ੍ਹਾਂ ਮਾਸਟਰ ਜੀ ਨੂੰ ਸੌਂਪੀ ਗਈ ਸੀ। ਇਨ੍ਹਾਂ ਨੇ ਸ਼ਿਮਲੇ ਬੈਠ ਕੇ ਪੰਦਰਾਂ ਦਿਨ ਦੇ ਅੰਦਰ ਅੰਦਰ ਰਪੋਰਟ ਦੇ ਦਿਤੀ ਸੀ। (ਵਿਘਨ)

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਥੋਂ ਤਕ ਸ਼ੈਡਿਊਲਡ ਕਾਸਟਸ ਦੇ ਭਲੇ ਦਾ ਤਅਲੁੱਕ ਹੈ, ਜਿੰਨੀ ਦੇਰ ਤਕ ਉਨ੍ਹਾਂ ਦੀ ਸੈਟਿਸਫੈਕਸ਼ਨ ਦੇ ਮੁਤਾਬਿਕ ਨਹੀਂ ਹੋਵੇਗਾ ਉਨੀਂ ਦੇਰ ਤਕ ਬਜਾਏ ਇਸ ਦੀ ਸਰਾਹਨਾ ਕਰਨ ਦੇ ਉਨ੍ਹਾਂ ਤੇ ਅਛਾ ਅਸਰ ਨਹੀਂ ਪਵੇਗਾ। ਗੌਰਮੈਂਟ ਵਲੋਂ ਸ਼ੈਡਿਊਲਡ ਕਾਸਟਸ ਮੈਂਬਰਾਂ ਨੂੰ ਕਾਨਫੀਡੈਂਸ ਵਿਚ ਨਹੀਂ ਲਿਤਾ ਗਿਆ। ਡਾਕਟਰ ਭਗਤ ਸਿੰਘ ਹੋਰਾਂ ਨੂੰ ਆਪਣੇ ਸਾਰੇ ਸਾਥੀਆਂ ਨਾਲ ਮਿਲ ਕੇ ਇਸ ਤੇ ਵਿਚਾਰ ਕਰਨੀ ਚਾਹੀਦੀ ਸੀ। ਇਸ ਵਿਚ ਇਕ ਬੇਸਿਕ ਡਿਫੈਕਟ ਇਹ ਹੈ ਕਿ ਕਹਿਣ ਨੂੰ ਤਾਂ ਇਹ ਕਾਰਪੋਰੇਸ਼ਨ ਬਣਾਈ ਗਈ ਹੈ ਪਰ ਕਾਰਪੋਰੇਸ਼ਨ ਵਾਲੇ ਇਸ ਵਿਚ ਕੋਈ ਅਖਤਿਆਰ ਨਹੀਂ ਹਨ। ਮੈਂ ਕਾਰਪੋਰੇਸ਼ਨ ਦਾ ਕਾਂਸਟੀਚੂਸ਼ਨ ਪੜ੍ਹਿਆ ਹੈ (ਵਿਘਨ) ਬਿਲ ਇਸ ਬਿਲ ਦੇ ਰਾਹੀਂ ਕਾਰਪੋਰੇਸ਼ਨ ਬਣਾਈ ਗਈ ਹੈ। ਇਹ ਸਾਰੀ ਦੀ ਸਾਰੀ ਕਾਰਪੋਰੇਸ਼ਨ ਇਕ ਡਿਪਾਰਟਮੈਂਟ ਹੀ ਬਣਾਈ ਜਾਵੇਗੀ। ਇਸ ਵਿਚ ਇਕ ਐਗਜ਼ੈਕਟਿਵ ਅਫਸਰ ਨੂੰ ਸਾਰੇ ਦੇ ਸਾਰੇ ਅਖਤਿਆਰ ਦੇ ਦਿਤੇ ਗਏ ਹਨ। ਇਹ ਸਾਰੇ ਅਖਤਿਆਰ ਇਕ ਪੰਜਾਬ ਗੌਰਮੈਂਟ ਦੇ ਐਂਪਲਾਈ ਨੂੰ, ਜਿਹੜਾ ਕਿ ਐਗਜ਼ੈਕਟਿਵ ਅਫਸਰ ਹੋਵੇਗਾ, ਉਸ ਨੂੰ ਦੇ ਦਿਤੇ ਗਏ ਹਨ ਅਤੇ ਬਾਕੀ ਬੋਰਡ ਦੇ ਮੈਂਬਰਾਂ ਦੀ ਪਾਵਰ ਨਲੀਫਾਈ ਕਰ ਦਿਤੀ ਗਈ ਹੈ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਲੋਨ ਦੇਣ ਦਾ ਸਬੰਧ ਹੈ ਜਾਂ ਹੋਰ ਸਹੂਲਤਾਂ ਦੇਣ ਦਾ ਤਅਲੁੱਕ ਹੈ, ਉਸ ਬਾਰੇ ਪਰਬੰਧਾਂ ਵਿਚ ਹੋ ਸਕਦਾ ਹੈ ਕੋਈ ਕਿਸੇ ਕਿਸਮ ਦੀ ਤਰੁਟੀ ਰਹਿ ਗਈ ਹੋਵੇ, ਕੋਈ ਨੁਕਸ ਹੋ ਸਕਦਾ ਹੈ। ਇਸ ਕਾਰਪੋਰੇਸ਼ਨ ਵਾਸਤੇ ਉਨ੍ਹਾਂ ਨੇ ਕਿਹਾ ਸੀ ਕਿ ਇਕ ਕਰੋੜ ਰੁਪਏ ਇਸ ਉਤੇ ਲਗਾਏ ਜਾਣਗੇ। ਮੈਂ ਅਰਜ਼ ਕਰਦਾ ਹਾਂ ਕਿ ਜੋ ਕਲਾਜ਼ 5 ਹੈ, ਉਸ ਵਿਚ ਮਿਨੀਮਮ ਪੈਸੇ ਕਿਤੇ ਵੀ ਪਰੋਵਾਈਡ ਨਹੀਂ ਕੀਤੇ ਗਏ। ਵਧ ਤੋਂ ਵਧ 5 ਕਰੋੜ ਰੁਪਏ ਦਾ ਸਰਮਾਇਆ ਦਸਿਆ ਗਿਆ ਹੈ। ਮੈਂ ਸਮਝਦਾ ਹਾਂ ਡਿਪਟੀ ਸਪੀਕਰ ਸਾਹਿਬ, ਕਿ ਡਾਕਟਰ ਭਗਤ ਸਿੰਘ ਹੋਰਾਂ ਨੂੰ ਯਾਦ ਹੋਵੇਗਾ ਕਿ ਜਦੋਂ ਸਰਦਾਰ ਪਰਤਾਪ ਸਿੰਘ ਹੋਰਾਂ ਨੇ ਹਰੀਜਨ ਕਲਿਆਣ ਫੰਡ ਬਣਾਇਆ ਸੀ ਤਾਂ ਕੁਝ ਚਿਰ ਵਿਚ ਹੀ ਸਾਢੇ ਪੰਜ ਕਰੋੜ ਰੁਪਏ ਇਕਠੇ ਕਰ ਦਿਤੇ ਸਨ, ਜੋ ਕਿ ਇਨ੍ਹਾਂ ਨੇ ਆਪਣੇ ਦੋਸਤਾਂ ਨੂੰ ਅਤੇ ਆਪਣੇ ਰਿਸ਼ਤੇਦਾਰਾਂ ਨੂੰ ਵੰਡ ਦਿਤੇ (ਵਿਘਨ) ਹੁਣ ਪੰਜ ਕਰੋੜ ਰੁਪਏ ਦੇ ਫੰਡ ਨਾਲ ਹਰੀਜਨ ਭਲਾਈ ਦੀ ਕਾਰਪੋਰੇਸ਼ਨ ਬਣਾਈ ਜਾ ਰਹੀ ਹੈ। (ਵਿਘਨ) ਮੈਂ ਸੁਣਿਆ ਹੈ, ਇਸ ਵੇਲੇ ਪੰਜਾਬ ਗੌਰਮੈਂਟ ਦੇ ਰਿਸੋਰਸਿਜ਼ ਬੜੇ ਟਾਈਟ ਹਨ। 13 ਕਰੋੜ ਰੁਪਏ ਦਾ ਘਾਟਾ ਹੈ। ਆਖਰ ਇਹ ਘਾਟਾ ਕਿਥੋਂ ਪੂਰਾ ਕਰਨਗੇ ? ਕਿਥੋਂ ਇਸ ਲਈ ਪੰਜ ਕਰੋੜ ਰੁਪਿਆ ਦੇਣਾ ਹੈ ? ਮੈਂ ਸਮਝਦਾ ਹਾਂ ਕਿ ਇਕ ਖਿਡੌਣਾ ਬਣਾ ਕੇ ਸਾਡੇ ਸਾਥੀਆਂ ਦੇ ਹਥ ਦੇਣ ਵਾਲੀ ਗਲ ਹੈ। ਇਸ ਕਾਰਪੋਰੇਸ਼ਨ ਲਈ ਫੰਡਜ਼ ਕਿਥੋਂ ਆਉਣੇ ਹਨ,

Original with;
Punjab Vidhan Sabha
Digitized by;
Panjab Digital Library

[ਸਰਦਾਰ ਉਮਰਾਓ ਸਿੰਘ]

ਇਹ ਨਹੀਂ ਦਸਿਆ ਗਿਆ। ਮਿਨੀਮਮ ਫੰਡਜ਼ ਕਿਥੋਂ ਆਉਣਗੇ, ਇਹ ਪੰਜ ਕਰੋੜ ਰੁਪਿਆ ਕਿੰਨੇ ਸਾਲਾਂ ਵਿਚ ਪੂਰਾ ਹੋਵੇਗਾ ਅੌਰ ਕਿਥੋਂ ਪੂਰਾ ਕਰਨਗੇ, ਗੌਰਮੈਂਟ ਦੀ ਇਸ ਵਿਚ ਕੀ ਕੰਟਰੀਬਿਊਸ਼ਨ ਹੋਵੇਗੀ, ਕੀ ਪੰਜ ਕਰੋੜ ਰੁਪਏ ਨਾਲ ਹਰੀਜਨਾਂ ਦਾ ਕਲਿਆਣ ਹੋ ਜਾਣਾ ਹੈ? ਇਨ੍ਹਾਂ ਸਵਾਲਾਂ ਦਾ ਜਵਾਬ ਨਹੀਂ ਆਇਆ। ਸਾਢੇ 35 ਲਖ ਦੀ ਅਬਾਦੀ ਹੈ ਹਰੀਜਨਾਂ ਦੀ ਇਸ ਸੂਬੇ ਵਿਚ। ਇੰਨੀ ਥੋੜੀ ਰਕਮ ਰਖਣਾ ਇਨ੍ਹਾਂ ਨਾਲ ਧਕਾ ਹੈ, ਇਹ ਸਟੰਟ ਹੈ, ਇਸ ਤੋਂ ਵਧ ਇਸ ਦੀ ਕੋਈ ਵੈਲਿਊ ਨਹੀਂ। ਇਸ ਵਿਚ ਕਈ ਲੀਗਲ ਡਿਫੈਕਟਸ ਵੀ ਹਨ। ਇਨ੍ਹਾਂ ਨੇ ਕਰਜ਼ੇ ਲੈਣੇ ਹਨ। ਇਨ੍ਹਾਂ ਦੀ ਕੀ ਲਾਇਬਿਲਿਟੀ ਹੋਣੀ ਹੈ, ਇਨ੍ਹਾਂ ਸਾਰੀਆਂ ਗਲਾਂ ਦਾ ਇਸ ਵਿਚ ਕੋਈ ਜ਼ਿਕਰ ਨਹੀ ਕੀਤਾ ਗਿਆ। ਨਾਂ ਇਸ ਵਿਚ ਡੇਟਰ ਨਾਂ ਜੁਆਇੰਟ ਡੇਟਰ ਦੇ ਮੁਤਾਬਿਕ ਦਸਿਆ ਗਿਆ ਹੈ। (ਵਿਘਨ) ਇਸ ਸੋਸਾਇਟੀ ਦੇ ਨੌਨ ਹਰੀਜਨ ਜਿਹੜੇ ਮੈਂਬਰ ਹੋਣਗੇ ਉਹ ਵੀ ਕਰਜ਼ਾ ਲੈ ਸਕਦੇ ਹਨ। ਮੇਰੀ ਅਰਜ਼ ਹੈ ਕਿ ਜੇ ਅਜਿਹੇ ਮੈਂਬਰ ਹੋਣ ਜਾਂ ਤਾਂ ਉਹ ਟੈਕਨੀਕਲ ਮੈਂਬਰ ਹੋਣ, ਨਹੀਂ ਤਾਂ ਮੇਰੇ ਵਰਗੇ ਮੈਂਬਰ ਬਣਾ ਕੇ ਰਖਣ ਦਾ ਕੋਈ ਫਾਇਦਾ ਨਹੀਂ ਹੈ। ਬੋਲੀ ਦੇਣ ਵੇਲੇ ਤਾਂ ਹਰੀਜਨਾਂ ਨੂੰ ਅਗੇ ਕਰ ਦੇਣਗੇ ਅਤੇ ਪੈਸੇ ਦੇਣ ਵੇਲੇ ਆਪ ਅਗੇ ਹੋ ਜਾਣਗੇ। ਇਹ ਠੀਕ ਨਹੀਂ ਹੈ। (ਵਿਘਨ)

ਭਗਤ ਗੁਰਾਂ ਦਾਸ ਹੰਸ : ਹਰੀਜਨ ਕਲਿਆਣ ਕਾਰਪੋਰੇਸ਼ਨ ਬਣਨੀ ਹੈ। ਇਹ ਵੇਖੋ ਕਿ ਇਧਰ ਤੇ ਉਧਰ (ਟਰੇਜ਼ਰੀ ਬੈਂਚਾਂ ਵਲ ਇਸ਼ਾਰਾ ਕਰਕੇ) ਕਿੰਨੇ ਗੈਰ ਹਰੀਜਨ ਮੈਂਬਰ ਬੈਠੇ ਹਨ। ਇਸ ਤੋਂ ਪਤਾ ਲਗ ਜਾਇਗਾ ਕਿ ਇਨ੍ਹਾਂ ਨੂੰ ਹਰੀਜਨਾਂ ਨਾਲ ਕਿੰਨੀ ਹਮਦਰਦੀ ਹੈ।

Mr. Deputy Speaker : No point of order.

ਸਰਦਾਰ ਉਮਰਾਓ ਸਿੰਘ : ਸਤ ਮੈਂਬਰਾਂ ਦਾ ਕਾਰਪੋਰੇਸ਼ਨ ਦਾ ਬੋਰਡ ਬਣਨਾ ਹੈ। ਇਸ ਵਿਚੋਂ ਦੋ ਅਫਸਰ ਹੋਣੇ ਹਨ ਪੰਜਾਬ ਗੌਰਮੈਂਟ ਦੇ। ਤੀਸਰਾ ਵੀ ਅਫਸਰ ਹੈ—ਐਗਜ਼ੈਕਟਿਵ ਅਫਸਰ—ਜਿਸ ਨੂੰ ਪੰਜਾਬ ਗੌਰਮੈਂਟ ਨੇ ਐਗਜ਼ੈਕਟਿਵ ਡਾਇਰੈਕਟਰ ਲੈਣਾ ਹੈ। ਇਸ ਤਰ੍ਹਾਂ ਕਰਕੇ ਸਤਾਂ ਵਿਚੋਂ ਤਿੰਨ ਆਦਮੀ ਗੌਰਮੈਂਟ ਆਫੀਸਰਜ਼ ਹੋਣਗੇ ਅਤੇ ਬਾਕੀ ਦੇ ਚਾਰ ਆਦਮੀ ਨਾਨ-ਆਫੀਸ਼ਲ ਹੋਣਗੇ। ਤਾਂ ਫੇਰ ਇਸ ਤੋਂ ਇਹ ਸਮਝਿਆ ਜਾਵੇ ਕਿ ਕਾਰਪੋਰੇਸ਼ਨ ਗੌਰਮੈਂਟ ਦੀ ਹੋਈ। ਮੈਂ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਜਿੰਨੀ ਦੇਰ ਤਕ ਨਾਨ-ਆਫੀਸ਼ਲ ਮੈਂਬਰਾਂ ਦੀ ਇਸ ਵਿਚ ਸ਼ੈ ਨਹੀਂ ਹੋਵੇਗੀ ਉਨੀ ਦੇਰ ਤਕ ਅਟੌਨੋਮਸ ਬਾਡੀ ਨਹੀਂ ਰਹਿ ਸਕਦੀ। ਮੈਂ ਪੂਰੀ ਜ਼ਿੰਮੇਂਵਾਰੀ ਨਾਲ ਮਨਿਸਟਰ ਸਾਹਿਬ ਨੂੰ ਕਹਾਂਗਾ ਜੇ ਨਾਨ-ਆਫੀਸ਼ਲ ਮੈਂਬਰ ਲੈਣੇ ਹਨ ਤਾਂ ਇਸ ਹਾਊਸ ਦੇ ਦੋ ਮੈਂਬਰ ਜ਼ਰੂਰ ਉਸ ਵਿਚ ਅਸੋਸ਼ੀਏਟ ਕਰਨੇ ਚਾਹੀਦੇ ਹਨ ਅਤੇ ਇਹ ਦੋ ਮੈਂਬਰ ਸ਼ੈਡਿਊਲਡ ਕਾਸਟਸ ਦੇ ਹੋਣੇ ਚਾਹੀਦੇ ਹਨ।

ਮੈਂ ਅਗੇ ਅਰਜ਼ ਕੀਤੀ ਹੈ ਕਿ ਬਹੁਤ ਸਾਰੇ ਅਖਤਿਆਰ ਚੀਫ ਐਗਜ਼ੈਕਟਿਵ ਅਫਸਰ ਨੂੰ ਦੇ ਦਿਤੇ ਹਨ—ਜਿਵੇਂ ਕਿ ਕਿਸੇ ਦੀ ਅਪੁਆਇੰਟਮੈਂਟ ਕਰਨੀਆਂ, ਪੋਸਟਾਂ ਵਾਸਤੇ ਕੁਆਲੀਫਿਕੇਸ਼ਨਾਂ ਫਿਕਸ ਕਰਨੀਆਂ, ਤਨਖਾਹਾਂ ਮੁਕੱਰਰ ਕਰਨੀਆਂ, ਅਪੁਆਇੰਟਮੈਂਟ ਦੀਆਂ ਟਰਮਜ਼ ਫਿਕਸ ਕਰਨੀਆਂ ਆਦਿ, ਇਹ ਸਾਰੀਆਂ ਚੀਜ਼ਾਂ ਗੌਰਮੈਂਟ ਨੇ ਆਪਣੇ ਕੋਲ ਲੈ ਲਿਤੀਆਂ ਹਨ। ਐਂਪਲਾਈ ਕਾਰਪੋਰੇਸ਼ਨ ਦੇ ਹੋਣਗੇ ਪਰ ਇਹ ਉਪਰ ਦਸਿਆ ਸਾਰਾ ਕੰਮ ਗੌਰਮੈਂਟ ਦੇ ਆਪਣੇ ਕੋਲ ਹੋਵੇਗਾ। ਇਨ੍ਹਾਂ ਐਂਪਲਾਈਜ਼ ਦੇ ਐਂਪਲਾਇਰ ਕਾਰਪੋਰੇਸ਼ਨ ਨੂੰ ਇਸ ਬਾਰੇ ਕੋਈ ਅਧਿਕਾਰ ਨਹੀਂ ਹੋਵੇਗਾ। ਇਨ੍ਹਾਂ ਹਾਲਾਤ ਵਿਚ ਉਹ ਐਂਪਲਾਈਜ਼ ਕਾਰਪੋਰੇਸ਼ਨ ਦੇ ਹੋਣਗੇ ਜਾਂ ਕਿ ਪੰਜਾਬ ਗੌਰਮੈਂਟ ਦੇ ਹੋਣਗੇ? ਐਂਪਲਾਈਜ਼ ਤਾਂ ਉਸ ਦੇ ਹੋਣਗੇ ਜਿਸ ਨੂੰ ਉਨ੍ਹਾਂ ਨੂੰ ਐਂਪਲਾਏ ਕਰਨ ਦਾ ਅਧਿਕਾਰ ਹੋਵੇਗਾ। ਇਸ ਲਈ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿੰਨੀ ਦੇਰ ਤਕ ਕਾਰਪੋਰੇਸ਼ਨ ਨੂੰ ਪੂਰੇ ਅਖਤਿਆਰ ਨਹੀਂ ਦਿਤੇ ਜਾਂਦੇ ਜਿਵੇਂ

Original with;
Punjab Vidhan Sabha
Digitized by;
Panjab Digital Library

ਕਿ ਕਿਸੇ ਦੀ ਅਪੁਆਇੰਟਮੈਂਟ ਕਰਨੀ, ਪੋਸਟ ਵਾਸਤੇ ਕੁਆਲੀਫਿਕੇਸ਼ਨ ਮੁਕਰਰ ਕਰਨੀ, ਤਨਖਾਹ ਮੁਕਰਰ ਕਰਨੀ, ਟਰਮਜ਼ ਆਫ ਅਪੁਆਇੰਟਮੈਂਟ ਫਿਕਸ ਕਰਨੀਆਂ, ਉਨੀ ਦੇਰ ਤਕ ਇਹ ਕੰਮ ਠੀਕ ਤਰ੍ਹਾਂ ਨਾਲ ਨਹੀਂ ਚਲ ਸਕਦਾ। (ਵਿਘਨ)

ਇਥੋਂ ਤੱਕ ਹੀ ਨਹੀਂ, ਮੈਨੂੰ ਸ਼ੰਕਾ ਇਸ ਗੱਲ ਦਾ ਵੀ ਹੈ ਕਿ ਇਸ ਵਿਚ ਇਕ ਕਲਾਜ਼ ਅਜਿਹੀ ਹੈ, ਜਿਸ ਵਿਚ ਲਿਖਿਆ ਹੈ ਕਿ ਇਕ ਅਗਜ਼ੈਕਟਿਵ ਡਾਇਰੈਕਟਰ ਨੂੰ ਹੋਲ ਟਾਈਮ ਲਈ ਅਫਸਰ ਮੁਕੱਰਰ ਕੀਤਾ ਜਾਵੇਗਾ ਜਿਸ ਨੂੰ ਕਿ ਚੀਫ ਅਗਜ਼ੈਕਟਿਵ ਅਫਸਰ ਕਿਹਾ ਜਾਵੇਗਾ ਅਤੇ ਉਸ ਨੂੰ ਸਾਰੇ ਇੰਤਜ਼ਾਮ ਦੇ ਅਖਤਿਆਰਾਤ ਦਿਤੇ ਗਏ ਹਨ, ਜਿਸ ਤਰ੍ਹਾਂ ਕਿ ਰੂਲਜ਼ ਬਨਾਉਣ ਦੇ, ਰੈਗੂਲੇਸ਼ਨਜ਼ ਬਨਾਉਣ ਦੇ, ਲੋਨ ਸੈਂਕਸ਼ਨ ਕਰਨ ਦੇ, ਐਂਪਲਾਈ ਰੱਖਣ ਦੇ, ਕਿਸੇ ਨੂੰ ਲੋਨ ਛੱਡਣ ਦੇ, ਸਾਰੇ ਦੇ ਸਾਰੇ ਅਖਤਿਆਰਾਤ ਉਸ ਚੀਫ ਐਗਜ਼ੈਕਟਿਵ ਆਫੀਸਰ ਨੂੰ ਦਿਤੇ ਗਏ ਹਨ। ਜੇ ਸਾਰੇ ਦੇ ਸਾਰੇ ਅਖਤਿਆਰਾਤ ਚੀਫ ਐਗਜ਼ੈਕਟਿਵ ਆਫੀਸਰ ਨੂੰ ਦਿਤੇ ਜਾਣੇ ਹਨ ਤਾਂ ਕਾਰਪੋਰੇਸ਼ਨ ਬਨਾਉਣ ਦਾ ਕੀ ਫਾਇਦਾ, ਬੋਰਡ ਆਫ ਡਾਇਰੈਕਟਰ ਬਨਾਉਣ ਦਾ ਕੀ ਫਾਇਦਾ? ਇਹ ਜਿਹੜੀ ਬੜੀ ਭਾਰੀ ਪਾਵਰ ਐਗਜ਼ੈਕਟਿਵ ਆਫੀਸਰ ਨੂੰ ਡੈਲੀਗੇਟ ਕੀਤੀ ਗਈ ਹੈ ਇਹ ਗਲ ਠੀਕ ਨਹੀਂ ਕੀਤੀ ਗਈ। ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਇਸ ਵਿਚ ਇਹ ਦਰਜ ਹੈ ਕਿ ਕਾਰਪੋਰੇਸ਼ਨ ਹਰੀਜਨਾਂ ਦੀ ਭਲਾਈ ਵਾਸਤੇ ਕੁਝ ਕਰਜ਼ੇ ਦੇਵੇਗੀ। ਇਸ ਦੇ ਵਾਸਤੇ ਕਲਾਜ਼ 16 ਹੈ। ਉਸ ਦੇ ਵਿਚ ਕਈ ਅਸੂਲ ਦਿਤੇ ਗਏ ਹਨ ਕਿ ਫਲਾਣੇ ਫਲਾਣੇ ਕੰਮ ਲਈ ਕਰਜ਼ੇ ਦਿਤੇ ਜਾਣਗੇ। ਪਰ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਹਰੀਜਨਾਂ ਨੂੰ ਜ਼ਮੀਨ ਖਰੀਦਣ ਦੀ ਮੰਗ ਨੂੰ, ਉਨ੍ਹਾਂ ਨੂੰ ਜ਼ਮੀਨ ਖਰੀਦਣ ਦੇ ਵਾਸਤੇ ਕੁਝ ਨਹੀਂ ਕੀਤਾ ਗਿਆ, ਸਗੋਂ ਡਾਕਟਰ ਸਾਹਿਬ ਕਹਿੰਦੇ ਹਨ ਕਿ ਫਾਰ ਆਲ ਅਦਰ ਪਰਪਜਿਜ਼। ਜ਼ਮੀਨ ਖਰੀਦਣ ਦੀ ਥਾਂ ਤੇ ਹੈ "ਫਾਰ ਆਲ ਅਦਰ ਪਰਪਜਿਜ਼।" ਇਸ ਵਿਚ 8-9 ਪਰਪਜਜ਼ ਦਿਤੇ ਗਏ ਹਨ, ਪਰ ਉਨ੍ਹਾਂ ਦੇ ਵਿਚ ਹਰੀਜਨਾਂ ਲਈ ਜ਼ਮੀਨ ਖਰੀਦਣ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਤਰ੍ਹਾਂ ਉਨ੍ਹਾਂ ਨੂੰ ਜ਼ਮੀਨ ਲਈ ਕਰਜ਼ੇ ਨਹੀਂ ਦਿਤੇ ਜਾਣਗੇ। ਗੌਰਮਿੰਟ ਇਸ ਨੂੰ ਕਲੀਅਰ ਕਰੇ। ਇਹ ਕਿਉਂ ਨਹੀਂ ਕਹਿੰਦੇ ਕਿ ਕਾਰਪੋਰੇਸ਼ਨ ਹਰੀਜਨਾਂ ਨੂੰ ਜ਼ਮੀਨ ਖਰੀਦਣ ਵਾਸਤੇ ਕਰਜ਼ੇ ਦੇਵੇ। ਜਿਥੇ ਹੋਰ ਕੰਮਾਂ ਵਾਸਤੇ, ਜਿਵੇਂ ਕਿ ਡੇਅਰੀ, ਪਿੱਗਰੀ ਪੋਲਟਰੀ ਆਦਿ ਵਾਸਤੇ ਦਿਤੇ ਜਾਣਗੇ, ਉਥੇ ਹਰੀਜਨਾਂ ਨੂੰ ਜ਼ਮੀਨ ਕਿਉਂ ਨਹੀਂ ਦਿਤੀ ਜਾਂਦੀ, ਇਸ ਲਈ ਕਰਜ਼ੇ ਕਿਉਂ ਨਹੀਂ ਦਿਤੇ ਜਾਂਦੇ? ਹਰੀਜਨ ਪਿੰਡਾਂ ਵਿਚ ਰਹਿ ਕੇ ਇਸ ਨੂੰ ਸੰਭਾਲ ਸਕਦੇ ਹਨ। ਇਹ ਗੱਲ ਇਸ ਕਾਰਪੋਰੇਸ਼ਨ ਦੇ ਪਰਵਿਊ ਵਿਚ ਹੈ। ਇਸ ਲਈ ਇਸ ਕਾਰਪੋਰੇਸ਼ਨ ਵਿਚ ਸਪੈਸੀਫੀਕਲੀ ਇਹ ਗੱਲ ਆਉਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਇਸ ਵਿਚ ਇਕ ਪਰੋਵੀਜ਼ਨ ਹੈ ਕਿ ਜੋ ਕਾਰਪੋਰੇਸ਼ਨ ਦਾ ਬੋਰਡ ਹੈ ਗੌਰਮਿੰਟ ਨੇ ਉਸ ਨੂੰ ਅਖਤਿਆਰ ਦਿਤਾ ਹੋਇਆ ਹੈ—ਉਹ ਪਾਲਿਸੀ ਡਾਇਰੈਕਟਿਵ ਦੇ ਸਕਦਾ ਹੈ। ਫਿਰ ਵੀ ਉਸ ਦੇ ਉਪਰ ਵੀ ਅਖਤਿਆਰ ਗੌਰਮਿੰਟ ਨੂੰ ਹੈ। ਜੇ ਬੋਰਡ ਗੌਰਮਿੰਟ ਦੇ ਆਖੇ ਨਹੀਂ ਲਗਦਾ ਅਤੇ ਜਿਹੜੇ ਡਾਇਰੈਕਟਰ ਗੌਰਮਿੰਟ ਨੇ ਨਾਮਜ਼ਦ ਕੀਤੇ ਹੋਏ ਹਨ ਜੇ ਉਹ ਮਹਿਸੂਸ ਕਰਦੇ ਹਨ ਕਿ ਗੌਰਮਿੰਟ ਦੇ, ਚੀਫ ਸੈਕਟਰੀ ਦੇ ਜਾਂ ਮਨਿਸਟਰ ਦੇ ਆਰਡਰ ਗਲਤ ਹਨ ਅਤੇ ਇਨ੍ਹਾਂ ਨਾਲ ਹਰੀਜਨਾਂ ਦੀ ਭਲਾਈ ਨਹੀਂ ਹੋ ਸਕਦੀ ਅਤੇ ਡਾਇਰੈਕਟਰ ਇਹ ਕਹਿਣ ਕਿ ਹਰੀਜਨਾਂ ਦੀ ਭਲਾਈ ਲਈ ਹੋਰ ਪਾਲਿਸੀ ਹੋਣੀ ਚਾਹੀਦੀ ਹੈ ਅਤੇ ਉਹ ਉਸ ਦੇ ਮੁਤਾਬਕ ਲੋਨ ਮਨਜ਼ੂਰ ਕਰ ਦੇਣ ਤਾਂ ਗੌਰਮਿੰਟ ਬੋਰਡ ਨੂੰ ਸਸਪੈਂਡ ਕਰ ਸਕਦੀ ਹੈ। ਇਸ ਤਰ੍ਹਾਂ ਬੋਰਡ ਨੂੰ ਸਸਪੈਂਡ ਕਰਨ ਦਾ ਪਰੋਵਿਯਨ ਕਰ ਕੇ ਕਾਰਪੋਰੇਸ਼ਨ ਇਕ ਅਫਸਰ ਦੇ ਸਪੁਰਦ ਕੀਤੀ ਜਾ ਸਕਦੀ ਹੈ। ਇਸ ਦੇ ਵਿਚ ਉਸ ਅਫਸਰ ਦਾ ਇਕ ਸਾਲ ਜਾਂ ਦੋ ਸਾਲ ਆਦਿ ਦਾ ਕੋਈ ਟਰਮ ਪੀਰੀਅਡ ਨਹੀਂ ਦਿਤਾ ਗਿਆ। ਇਸ ਤਰ੍ਹਾਂ ਦੇ ਅਖਤਿਆਰਾਤ ਦੇ ਕੇ, ਲੋਕਾਂ ਪਾਸੋਂ ਕਾਰਪੋਰੇਸ਼ਨ ਦੇ ਨਾਮ ਤੇ, ਹਰੀਜਨਾਂ ਦੀ ਭਲਾਈ ਦੇ ਨਾਮ ਤੇ,

Original with;
Punjab Vidhan Sabha
Digitized by;
Panjab Digital Library

[ਸਰਦਾਰ ਉਮਰਾਓ ਸਿੰਘ]

ਪੈਸੇ ਇਕੱਠੇ ਕਰਕੇ ਅਤੇ ਫਿਰ ਉਸ ਇਕ ਅਫਸਰ ਦੇ ਸਪੁਰਦ ਕੀਤੇ ਜਾਣੇ, ਮੈਂ ਸਮਝਦਾ ਹਾਂ ਕਿ ਇਹ ਵਡਾ ਫਰਾਡ ਹੈ। (ਵਿਘਨ) ਅਗਰ ਕੋਈ ਡਾਇਰੈਕਟਰ ਗਲਤ ਕੰਮ ਕਰਦਾ ਹੈ ਅਤੇ ਪਾਵਰਜ਼ ਲੈਣੀਆਂ ਚਾਹੁੰਦਾ ਹੈ ਤਾਂ ਉਸ ਨੂੰ ਹਟਾਇਆ ਜਾ ਸਕਦਾ ਹੈ ਪਰ ਕਾਰਪੋਰੇਸ਼ਨ ਕਿਉਂ ਤੋੜ ਦਿਤੀ ਜਾਵੇ। ਅਤੇ ਫਿਰ ਉਸ ਨੂੰ ਤੋੜ ਕੇ ਸਾਰਾ ਕੰਮ ਇਕ ਅਫਸਰ ਦੇ ਸਪੁਰਦ ਕਰ ਦੇਣਾ, ਇਹ ਠੀਕ ਨਹੀਂ ਹੈ।

ਡਿਪਟੀ ਸਪੀਕਰ ਸਾਹਿਬ ਰੂਲਜ਼ ਬਣਦੇ ਹਨ, ਉਸ ਦੇ ਥੱਲੇ ਕਈ ਰੈਗੂਲੇਸ਼ਨਜ਼ ਬਣਦੇ ਹਨ ਤਾਂ ਕਿ ਜੋ ਕਾਰਪੋਰੇਸ਼ਨ ਦੇ ਫੰਡਜ਼ ਹਨ, ਉਨ੍ਹਾਂ ਦੇ ਅਕਾਊਂਟਸ ਦੀ ਆਡਿਟ ਹੋਵੇ, ਬੈਲੈਂਸ ਸ਼ੀਟ ਤਿਆਰ ਕੀਤੀ ਜਾਵੇ, ਪਰ ਇਸ ਦੇ ਵਿਚ ਇਹ ਕਿਤੇ ਵੀ ਨਹੀਂ ਦੱਸਿਆ ਗਿਆ। ਜਿੰਨੀਆਂ ਵੀ ਕਾਰਪੋਰੇਸ਼ਨਾਂ ਹਨ, ਜਿਵੇਂ ਕਿ ਇੰਡਸਟਰੀਅਲ ਡੀਵੈਲਪਮੈਂਟ ਕਾਰਪੋਰੇਸ਼ਨ ਹੈ, ਇਲੈਕਟਰਿਸਟੀ ਬੋਰਡ ਹੈ, ਉਨ੍ਹਾਂ ਸਾਰਿਆਂ ਦੀਆਂ ਰਿਪੋਟਾਂ ਇਥੇ ਹਾਊਸ ਵਿਚ ਆਉਂਦੀਆਂ ਹਨ ਅਤੇ ਇਥੇ ਉਨ੍ਹਾਂ ਤੇ ਡਿਸਕਸ਼ਨ ਹੁੰਦੀ ਹੈ। ਪਰ ਇਸ ਦੇ ਵਿਚ ਇਹ ਕਿਤੇ ਨਹੀਂ ਲਿਖਿਆ ਗਿਆ। ਇਸ ਤਰ੍ਹਾਂ ਪਤਾ ਨਹੀਂ ਲੱਗ ਸਕਦਾ ਕਿ ਕਿਸ ਕਿਸ ਨੂੰ ਕਰਜ਼ੇ ਦਿੱਤੇ ਗਏ। ਹਰੀਜਨਾਂ ਨੂੰ ਦਿੱਤੇ ਗਏ ਜਾਂ ਕਿਸੇ ਹੋਰ ਨੂੰ ਜਾਂ ਡਾਕਟਰ ਸਾਹਿਬ ਦੇ ਦੋਸਤਾਂ ਨੂੰ ਦਿੱਤੇ ਗਏ। (ਵਿਘਨ) ਕਰਜ਼ੇ ਦੀ ਲਿਸਟ ਇਸ ਹਾਊਸ ਦੇ ਵਿਚ ਆਵੇ ਔਰ ਹਾਊਸ ਨੂੰ ਇਹ ਅਖਤਿਆਰ ਹੋਣਾ ਚਾਹੀਦਾ ਹੈ ਕਿ ਇਸ ਕਾਰਪੋਰੇਸ਼ਨ ਦੀ ਜਿਹੜੀ ਰਿਪੋਰਟ ਹੋਵੇ, ਉਸ ਨੂੰ ਡਿਸਕਸ ਕਰ ਸਕੇ। ਕਿਉਂਕਿ ਇਸ ਕਾਰਪੋਰੇਸ਼ਨ ਦੀ ਬੜੀ ਭਾਰੀ ਅਹਿਮੀਅਤ ਹੈ। 30-35 ਲੱਖ ਆਦਮੀਆਂ ਦੇ ਫਿਊਚਰ ਦੇ ਮੁਤਲੱਕ ਇਹ ਕਾਰਪੋਰੇਸ਼ਨ ਹੈ। ਇਸ ਦੇ ਫੰਡਜ਼ ਐਨੇ ਹੋਣੇ ਚਾਹੀਦੇ ਹਨ ਜਿਸ ਦੇ ਨਾਲ ਮੈਂ ਸਮਝਦਾ ਹਾਂ ਕਿ ਕਮ-ਅਜ਼-ਕਮ ਅਸੀਂ ਕਹਿ ਸਕੀਏ ਕਿ ਪੰਜਾਬ ਦੇ ਬੱਜਟ ਦਾ ਐਨਾ ਹਿੱਸਾ ਇਸ ਦੇ ਉਤੇ ਲਾਇਆ ਹੈ। ਅੱਜ ਸਾਡੇ ਸੂਬੇ ਦਾ ਚੌਥਾ ਹਿੱਸਾ ਜਾਂ ਸਾਡੇ ਸੂਬੇ ਦੀ 30 ਜਾਂ 33% ਆਬਾਦੀ ਜਿਹੜੀ ਹੈ, ਉਸ ਵਾਸਤੇ ਅਗਰ ਅਸੀਂ ਬਜਟ ਦਾ 33 ਫ਼ੀ ਸਦੀ ਹਿੱਸਾ ਵੀ ਨਹੀਂ ਕੱਢ ਸਕਦੇ ਤਾਂ ਮੈਂ ਸਮਝਦਾ ਹਾਂ ਕਿ ਇਸ ਦੇ ਨਾਲੋਂ ਹੋਰ ਵੱਡਾ ਫਰਾਡ ਕੀ ਹੋ ਸਕਦਾ ਹੈ? ਸਿਰਫ ਇਹ ਕਰੈਡਿਟ ਲੈਣ ਲਈ ਹੀ ਕੀਤਾ ਗਿਆ ਹੈ ਹੋਰ ਕੁਝ ਨਹੀਂ। ਸਾਰੇ ਹਿੰਦੁਸਤਾਨ ਵਿਚ ਕੋਈ ਇਸ ਤਰ੍ਹਾਂ ਦੀ ਕਾਰਪੋਰੇਸ਼ਨ ਨਹੀਂ ਬਣੀ। ਸੋ ਇਹ ਕਾਰਪੋਰੇਸ਼ਨ ਬਣਾ ਕੇ ਮੈਂ ਸਮਝਦਾ ਹਾਂ ਕਿ ਸਸਤਾ ਕਰੈਡਿਟ ਲੈਣ ਤੋਂ ਸਿਵਾਏ ਹੋਰ ਕੋਈ ਗੱਲ ਨਹੀਂ। ਅੱਜ ਕਰੋੜਾਂ ਰੁਪਏ ਪੰਜਾਬ ਗੌਰਮਿੰਟ ਦੀਆਂ ਸਕੀਮਾਂ ਵਾਸਤੇ ਸੈਂਟਰ ਤੋਂ ਆ ਕੇ ਇਨ੍ਹਾਂ ਦੀਆਂ ਸਕੀਮਾਂ ਉਤੇ ਖਰਚ ਹੁੰਦੇ ਹਨ। ਪਰ ਉਹ ਸਾਰੀਆਂ ਸਕੀਮਾਂ ਬੰਦ ਹਨ। ਮੈਨੂੰ ਸ਼ੱਕ ਹੈ ਕਿ ਡਾਕਟਰ ਸਾਹਿਬ ਨੇ ਨਾ ਖੁਦ ਆਪ ਇਹ ਬਿੱਲ ਪੜ੍ਹਿਆ ਹੈ ਅਤੇ ਨਾ ਹੀ ਆਪਣੇ ਸਾਥੀਆਂ ਨੂੰ ਪੜ੍ਹਾਇਆ ਹੈ ਅਤੇ ਨਾ ਇਸ ਦੀਆਂ ਇੰਪਲੀਕੇਸ਼ਨਜ਼ ਪੜ੍ਹੀਆਂ ਹਨ। ਇਸ ਲਈ ਜੇ ਪੰਜਾਬ ਦੇ ਹਰੀਜਨਾਂ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਕ ਇਸ ਦੇ ਵਾਸਤੇ ਕਮੇਟੀ ਬਣਾਓ। ਉਸ ਦੇ ਮੈਂਬਰਾਂ ਦੀ ਗਿਣਤੀ ਦੀ ਬੰਦਸ਼ ਨਹੀਂ। ਕਮੇਟੀ ਵਿਚ ਅਗਰ ਡਾਕਟਰ ਸਾਹਿਬ 15 ਮੈਂਬਰ ਰੱਖਣੇ ਚਾਹੁੰਦੇ ਹਨ ਹਰੀਜਨਾਂ ਦੇ ਜਾਂ ਹੋਰ ਸਾਥੀ ਵੀ ਰੱਖਣਾ ਚਾਹੁੰਦੇ ਹਨ, ਤਾਂ ਰੱਖ ਲੈਣ। ਪਰ ਮਹੀਨੇ 15 ਦਿਨ ਵਿਚ ਕਮੇਟੀ ਬਣ ਜਾਵੇ। ਮੈਂ ਸਮਝਦਾ ਹਾਂ ਕਿ ਉਸ ਦੀ ਰਿਪੋਰਟ ਲੈ ਕੇ ਬਿਲ ਨੂੰ ਕੰਪਰੀਹੈਂਸਿਵ ਬਨਾਉਣ।

ਡਿਪਟੀ ਸਪੀਕਰ ਸਾਹਿਬ, ਤੁਹਾਡੇ ਸਾਹਮਣੇ ਬਹੁਤ ਸਾਰੀਆਂ ਅਮੈਂਡਮੈਂਟਸ ਇਸ ਦੇ ਵਿਚ ਆਈਆਂ ਹਨ। 5-7 ਅਮੈਂਡਮੈਂਟਸ ਸਰਦਾਰ ਗੁਰਬੰਤਾ ਸਿੰਘ ਜੀ ਵੱਲੋਂ ਹਨ, 5-7 ਅਮੈਂਡਮੈਂਟਸ ਡਾਂਗ ਸਾਹਿਬ ਦੀ ਵੱਲੋਂ ਅਤੇ 5-7 ਪਾਂਧੀ ਸਾਹਿਬ ਨੇ ਦਿਤੀਆਂ ਹਨ। ਮੈਂ ਕਹਿੰਦਾ ਹਾਂ ਕਿ ਜਿਸ

Original with;
Punjab Vidhan Sabha
Digitized by;
Panjab Digital Library

ਬਿਲ ਵਿਚ 20 ਕਲਾਜ਼ਾਂ ਹੋਣ ਅਤੇ ਅਮੈਂਡਮੈਂਟਸ ਉਸ ਵਿਚ 100 ਹੋ ਜਾਣ ਔਰ ਫਿਰ ਇਹ ਬਿਲ ਪਾਸ ਕਰਵਾਉਣਾ ਚਾਹੁਣ, ਇਹ ਠੀਕ ਨਹੀਂ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਇਕ ਕਮੇਟੀ ਬਣਾ ਲੈਣ ਜੋ ਇਸ ਨੂੰ ਠੀਕ ਤਰ੍ਹਾਂ ਦੇਖੇ ਅਤੇ ਸਤੰਬਰ ਜਾਂ ਅਕਤੂਬਰ ਵਿਚ ਫਿਰ ਸੈਸ਼ਨ ਹੋਵੇਗਾ ਅਤੇ ਉਸ ਵਿਚ ਇਸ ਨੂੰ ਫਿਰ ਲੈ ਆਉਣ। ਸੋ ਉਮੀਦ ਹੈ ਕਿ ਇਹ ਜਿਹੜੀਆਂ ਮੈਂ ਤਜਵੀਜ਼ਾਂ ਦਿਤੀਆਂ ਹਨ, ਇਹ ਇਨ੍ਹਾਂ ਨੂੰ ਮਨਜ਼ੂਰ ਕਰਨਗੇ।

Mr. Deputy Speaker : Motion moved—

That the Punjab Scheduled Castes Land Development and Finance Corporation Bill be referred to a Select Committee consisting of :

(1) Dr. Bhagat Singh, Minister for Social Welfare,
(2) Master Gurbanta Singh,
(3) Vaid Kartar Singh,
(4) Sardar Dalip Singh Pandhi,
(5) Chaudhri Sunder Singh,
(6) Sirdar Kapur Singh,
(7) Sardar Ravi Inder Singh,
(8) Bhagat Guran Dass 'Hans',
(9) Comrade Dana Ram,
(10) Shri Manmohan Kalia,
(11) Sardar Raja Singh,
(12) Sardar Gurdip Singh Shahid,
(13) Sardar Jasdev Singh Sandhu,
(14) Bawa Harnam Singh, and
(15) Sardar Umrao Singh,

with a direction to make a Report before the 31st December, 1970.

ਸ਼੍ਰੀ ਡਿਪਟੀ ਸਪੀਕਰ : ਮੈਂਬਰ ਸਾਹਿਬਾਨ ਨੂੰ ਮਲੂਮ ਹੈ ਕਿ ਇਸ ਸਦਨ ਨੇ ਡੇਢ ਵਜੇ ਐਡਜਰਨਮੈਂਟ ਮੋਸ਼ਨ ਟੇਕ ਅੱਪ ਕਰਨੀ ਹੈ। ਹੁਣ ਇਕ ਵਜ ਗਿਆ ਹੈ। ਇਸ ਦੇ ਬਾਰੇ ਵਿਚ ਹਾਊਸ ਦੀ ਕੀ ਰਾਏ ਹੈ। (The hon. Members know that Adjournment Motion is to be discussed at 1.30 P. M. It is now 1.00 P. M. I would like to know the wishes of the House.)

ਸਮਾਜ ਭਲਾਈ ਮੰਤਰੀ : ਹਾਊਸ ਇਕ ਘੰਟੇ ਵਾਸਤੇ ਐਡਜਰਨ ਕੀਤਾ ਜਾਵੇ।

ਸਿਰਦਾਰ ਕਪੂਰ ਸਿੰਘ : ਆਪ ਸੀਲੈਕਟ ਕਮੇਟੀ ਬਣਾ ਦਿਉ ਜੋ ਇਸ ਨੂੰ ਦੇਖੇ ਅਤੇ ਫਿਰ ਇਹ ਅਗਲੇ ਸੈਸ਼ਨ ਵਿਚ ਆ ਜਾਵੇਗੀ।

ਸਮਾਜ ਭਲਾਈ ਮੰਤਰੀ : ਜਿਹੜੀ ਮੇਰੇ ਆਨਰੇਬਲ ਮੈਂਬਰ ਨੇ ਮੋਸ਼ਨ ਪੇਸ਼ ਕੀਤੀ ਹੈ, ਉਸ ਦੇ ਬਾਰੇ ਮੈਂ ਅਰਜ਼ ਕਰਦਾ ਹਾਂ ਕਿ......(ਵਿਘਨ)

ਸਰਦਾਰ ਉਮਰਾਉ ਸਿੰਘ : ਡਿਪਟੀ ਸਪੀਕਰ ਸਾਹਿਬ, ਇਕ ਬਿਲ ਯੂਨੀਵਰਸਿਟੀ ਦੇ ਬਾਰੇ ਵੀ ਹੈ...(ਵਿਘਨ)

ਸ਼੍ਰੀ ਡਿਪਟੀ ਸਪੀਕਰ : ਮੈਂ ਹਾਊਸ ਨੂੰ ਦਸ ਦਿਆਂ ਕਿ ਡੇਢ ਵਜੇ ਐਡਜਰਨਮੈਂਟ ਮੋਸ਼ਨ ਆਵੇਗੀ। (I may inform the House that the Adjournment Motion will be discussed at 1.30 P. M.)

Original with;
Punjab Vidhan Sabha
Digitized by;
Panjab Digital Library

ਸਰਦਾਰ ਉਮਰਾਓ ਸਿੰਘ : ਯੂਨੀਵਰਸਿਟੀ ਦਾ ਬਿੱਲ ਵੀ ਆਉਣਾ ਹੈ, ਲੇਕਿਨ ਸਬੰਧਤ ਵਜ਼ੀਰ ਸਾਹਿਬ ਇਥੇ ਮੌਜੂਦ ਨਹੀਂ ਹਨ । ਫਿਰ ਉਹ ਆਕੇ ਕਹਿਣਗੇ ਕਿ ਅਸੀਂ ਵੀ ਇਕ ਘੰਟਾ ਲੈਣਾ ਹੈ । ਇਸ ਲਈ ਜੋ ਗੌਰਮਿੰਟ ਚਾਹੁੰਦੀ ਹੈ ਉਹ ਕਲੀਅਰ ਦੱਸਣ ।

MOTION FOR THE EXTENSION OF TIME

Minister for Social Welfare (Dr. Bhagat Singh) : Sir, this is a very minor Bill.

Comrade Satya Pal Dang : Sir, I beg to move—

That the duration of the sitting of the House be extended till the business of the day is disposed of.

Mr. Deputy Speaker : Motion moved—

That the duration of the sitting of the House be extended tlll the business of the day is disposed of.

चौधरी बलबीर सिंह : व्यवस्था का प्रश्न । उपाध्यक्ष महोदय, मेरा व्यवस्था का प्रश्न यह है कि अगर यह सिलैक्ट कमेटी को भेजे जाने की मूव यह ऐक्सैप्ट करते हैं फिर तो अलग बात है, अगर ऐक्सैप्ਟ नहीं करते तो फिर जवाब देने की क्या जरूरत है। (विघ्न)

ਸ੍ਰੀ ਡਿਪਟੀ ਸਪੀਕਰ : ਮੈਂ ਇਸ ਗਲ ਨਾਲ ਐਗਰੀ ਕਰਦਾ ਹਾਂ । ਇਜਾਜ਼ਤ ਤਦ ਦੇਵਾਂਗਾ ਅਗਰ ਸਿਲੈਕਟ ਕਮੇਟੀ ਨੂੰ ਭੇਜਣਗੇ । (ਵਿਘਨ) ਮੈਂ ਉਤਨੀ ਦੇਰ ਤਕ ਅਗੇ ਨਹੀਂ ਚਲਣਾ ਜਿੰਨੀ ਦੇਰ ਤਕ ਟਾਈਮ ਦਾ ਫੈਸਲਾ ਨਹੀ ਹੋ ਜਾਂਦਾ ਕਿਉਂਕਿ ਮੈਂ ਉਸ ਦੇ ਮੁਤਾਬਿਕ ਟਾਈਮ ਦੇਣਾ ਹੈ । (I agree with the hon. Member. I will allow him only if the Bill is to be sent to the Select Committee. (Interruption) I will not proceed further till a decision is taken about the time because I have to allot the time to the various hon. Members accordingly.)

ਕਾਮਰੇਡ ਸੱਤਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਦੋ ਮੋਸ਼ਨ ਮੂਵ ਹੋ ਚੁਕੀਆਂ ਹਨ । ਇਕ ਮੋਸ਼ਨ ਇਹ ਹੈ ਕਿ ਇਕ ਘੰਟਾ ਹਾਊਸ ਐਡਜਰਨ ਕੀਤਾ ਜਾਵੇ । ਦੂਸਰੀ ਮੋਸ਼ਨ ਇਹ ਹੈ ਕਿ ਜਿੰਨੀ ਦੇਰ ਤਕ ਬਿਲ ਪਾਸ ਨਹੀਂ ਹੁੰਦਾ ਉਤਨੀ ਦੇਰ ਤਕ ਹਾਊਸ ਚਲੇ । ਇਸ ਤੇ ਵੋਟਿੰਗ ਕਰਵਾ ਲਓ । (ਵਿਘਨ)

Minister for Social Welfare : Sir, I request that this House shall continue to sit till both the bills on the list of business for today, are disposed of.

Mr. Deputy Speaker : I will first take the sense of the House that it will continue to sit till both the Bills are passed and after that the adjournment motion will be taken up.

(Voices : Yes : Yes)

Original with;
Punjab Vidhan Sabha
Digitized by;
Panjab Digital Library

ਸਿਰਦਾਰ ਕਪੂਰ ਸਿੰਘ : ਡਿਪਟੀ ਸਪੀਕਰ ਸਾਹਿਬ, ਵਜ਼ੀਰ ਸਾਹਿਬ ਸੀਲੈਕਟ ਕਮੇਟੀ ਬਣਾਉਣੀ ਮੰਨਦੇ ਨਹੀਂ । ਡੇਢ ਵਜੇ ਤੋਂ ਬਾਦ ਐਡਜਰਨਮੈਂਟ ਮੋਸ਼ਨ ਪੇਸ਼ ਹੋਣੀ ਹੈ । ਇਹ ਬਿਲ ਹੈ ਇਸ ਦੇ ਬਾਦ ਇਕ ਹੋਰ ਬਿਲ ਹੈ ਅਤੇ 50 ਦੇ ਕਰੀਬ ਅਮੈਂਡਮੈਂਟਸ ਮੂਵ ਹੋਈਆਂ ਹਨ। ਇੰਨਾਂ ਜ਼ਰੂਰੀ ਬਿਲ ਹੈ ਜਿਹੜਾ ਇਨ੍ਹਾਂ ਨੇ (ਮਨਿਸਟਰ ਸਾਹਿਬ ਵਲ ਇਸ਼ਾਰਾ ਕਰਦੇ ਹੋਏ) ਪੇਸ਼ ਕੀਤਾ ਹੈ । ਇਸ ਤੇ ਘੱਟ ਤੋਂ ਘੱਟ ਤਿੰਨ ਚਾਰ ਘੰਟੇ ਬਹਿਸ ਹੋਣੀ ਚਾਹੀਦੀ ਹੈ। ਸਾਰਿਆਂ ਨੇ ਆਪਣੇ ਵਿਚਾਰ ਪੇਸ਼ ਕਰਨੇ ਹਨ। (ਵਿਘਨ) ਇਸ ਤਰ੍ਹਾਂ ਜ਼ਿਦ ਨਾਲ ਗਲ ਨਹੀਂ ਬਣਨੀ। ਜਾਂ ਤਾਂ ਸਿਰਫ ਇਸੇ ਕੰਮ ਵਾਸਤੇ ਕੱਲ ਇਜਲਾਸ ਬੁਲਾ ਲਓ—(ਵਿਘਨ)

ਸ਼੍ਰੀ ਡਿਪਟੀ ਸਪੀਕਰ : ਮੈਂ ਸਜੈਸਟ ਕਰਾਂਗਾ ਕਿ ਅਸੀਂ ਡਾਂਗ ਸਾਹਿਬ ਵਾਲੀ ਮੋਸ਼ਨ ਐਡਾਪਟ ਕਰ ਲਈਏ। (I would suggest that the motion moved by Comrade Dang may be adopted.)

ਸਿਰਦਾਰ ਕਪੂਰ ਸਿੰਘ : ਇਹ ਕਿਸ ਤਰ੍ਹਾਂ ਹੋ ਜਾਵੇਗਾ। ਅਸੀਂ ਸਵੇਰ ਦੀ ਚਾਹ ਹੀ ਪੀ ਕੇ ਆਏ ਹਾਂ ਹੋਰ ਕੁਝ ਖਾਧਾ ਪੀਤਾ ਨਹੀਂ । (ਵਿਘਨ)

ਸ਼੍ਰੀ ਡਿਪਟੀ ਸਪੀਕਰ : ਮੈਨੂੰ ਤਾਂ ਕੋਈ ਸੁਝਾਓ ਦਿਓ। (ਵਿਘਨ) (Please give me some other suggestion) (Interruption.)

ਕਾਮਰੇਡ ਸੱਤਪਾਲ ਡਾਂਗ : ਡਿਪਟੀ ਸਪੀਕਰ ਸਾਹਿਬ ਇਕ ਸੁਝਾਓ ਹੋ ਸਕਦਾ ਹੈ ਜਿਹੜਾ ਮੈਂ ਪਹਿਲਾਂ ਵੀ ਕਿਹਾ ਸੀ ਕਿ ਜਿਨ੍ਹਾਂ ਚਿਰ ਬਿਜ਼ਨਸ ਮੁਕਦਾ ਨਹੀਂ ਚਾਹੇ ਰਾਤ ਦੇ 12 ਵੱਜ ਜਾਣ ਉਤਨੀ ਦੇਰ ਤਕ ਹਾਊਸ ਚਲਣ ਦਿਓ। ਦੂਜਰਾ ਸੁਝਾਓ ਇਹ ਹੋ ਸਕਦਾ ਹੈ ਕਿ ਸਰਕਾਰੀ ਬੈਂਚਾਂ ਵਾਲੇ ਮੰਨ ਜਾਣ ਕਿ ਅੱਜ ਹਾਊਸ ਸਾਈਨੇ ਡਾਈ ਐਡਜਰਨ ਨਾ ਹੋਵੇ ਔਰ ਕੱਲ ਇਸੇ ਗਲ ਵਾਸਤੇ ਸੈਸ਼ਨ ਬੁਲਾ ਲਿਆ ਜਾਵੇ।

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਇਹ ਬਿਲ ਜ਼ਰੂਰ ਪਾਸ ਕਰਨਾ ਚਾਹੀਦਾ ਹੈ ਔਰ ਜਿਹੜੇ ਮੈਂਬਰ ਸਾਹਿਬਾਨ ਨੇ ਚਾਹ ਵਗੈਰਾ ਪੀਣੀ ਹੈ ਜਾਂ ਕੋਈ ਖਾਣਾ ਵਗੈਰਾ ਖਾਣਾ ਹੈ ਤਾਂ ਕੁਝ ਸਮੇਂ ਲਈ ਹਾਊਸ ਐਡਜਰਨ ਕਰ ਦਿਓ ਔਰ ਉਸ ਦੇ ਬਾਦ ਦੁਬਾਰਾ ਬੁਲਾ ਲਓ। (ਵਿਘਨ) ਇਹ ਬਿਲ ਪਾਸ ਹੋਣਾ ਚਾਹੀਦਾ ਹੈ ਬੇਸ਼ਕ ਹਾਊਸ ਦਾ ਟਾਈਮ ਐਕਸਟੈਂਡ ਕਰ ਦਿਓ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਪਾਂਧੀ ਸਾਹਿਬ ਨੇ ਜਿਹੜੀ ਸੁਜੈਸ਼ਨ ਦਿਤੀ ਹੈ, ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਥੇ ਕਿਸੇ ਤੇ ਕੋਈ ਰੁਕਾਵਟ ਨਹੀਂ ਕਿ ਉਹ ਉਠ ਕੇ ਚਾਹ ਵਗੈਰਾ ਪੀ ਆਏ ਜਾਂ ਰੋਟੀ ਖਾ ਆਵੇ। ਜਿੰਨੀ ਦੇਰ ਤਕ ਇਥੇ ਕੋਰਮ ਕਾਇਮ ਰਹੇਗਾ ਮੈਂ ਹਾਊਸ ਨੂੰ ਐਡਜਰਨ ਨਹੀਂ ਕਰਾਂਗਾ । (With regard to Mr. Pandhi's suggestions, I would like to tell him that there is no restriction on any hon. Member going out for having tea, lunch etc. So long as the House is in quorum, I will not adjourn it.)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਅਰਜ਼ ਕਰਦਾ ਹਾਂ ਕਿ ਇਹ ਜਿਹੜਾ ਬਿਲ ਕਾਰਪੋਰੇਸ਼ਨ ਦਾ ਲਿਆਂਦਾ ਹੈ ਮੈਂ ਇਸ ਨਾਲ ਬਿਲਕੁਲ ਸਹਿਮਤ ਹਾਂ ਅਤੇ ਇਸ ਗਲ ਤੇ ਉਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ. ਪੀ.]

ਵਧਾਈ ਦਿੰਦਾ ਹਾਂ । ਇਹ ਬਿਲ ਪਾਸ ਹੋਣਾ ਚਾਹੀਦਾ ਹੈ । ਮੈਂ ਮਨਿਸਟਰ ਸਾਹਿਬ ਨੂੰ ਇਕ ਅਮੈਂਡਮੈਂਟ ਇਸ ਗਲ ਦੀ ਕਰਨ ਲਈ ਰਾਏ ਦਿੰਦਾ ਹਾਂ ਕਿ ਜਿਹੜੀ ਇਨ੍ਹਾਂ ਸੰਤ ਬਾਬਾ ਫਤਹਿ ਸਿੰਘ ਦੀ ਗਲ ਕੀਤੀ ਹੈ...(ਵਿਘਨ)

Mr. Deputy Speaker : This is no point of order.

ਡਾਕਟਰ ਅਮੀਰ ਸਿੰਘ ਕਲਕਟ : ਆਨ ਏ ਪੁਆਇੰਟ ਆਫ਼ ਆਰਡਰ, ਸਰ ! ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਹ ਜਿਹੜਾ ਬਿਲ ਸਦੀਆਂ ਤੋਂ ਬਾਦ ਆਇਆ ਹੈ ਉਸ ਨੂੰ ਜ਼ਰੂਰ ਪਾਸ ਕਰਨਾ ਚਾਹੀਦਾ ਹੈ । ਇਹ ਜ਼ਰੂਰ ਹੈ ਕਿ ਇਸ ਦੇ ਵਿਚ ਕੁਝ ਖ਼ਿਲਾ ਹਨ, ਪੰਜ ਕਰੋੜ ਰੁਪਿਆ ਪਛੜੀਆਂ ਸ਼੍ਰੇਣੀਆਂ ਵਾਸਤੇ ਰਖਣਾ ਮੇਰਾ ਖਿਆਲ ਹੈ ਕਿ ਇਹ ਉਨ੍ਹਾਂ ਨਾਲ ਇਕ ਮਖੌਲ ਹੈ । (ਵਿਘਨ) ਇਹ ਬਿਲ ਜ਼ਰੂਰ ਪਾਸ ਕਰ ਦੇਣਾ ਚਾਹੀਦਾ ਹੈ । ਮੈਂ ਡਾਕਟਰ ਸਾਹਿਬ (ਸਮਾਜ ਭਲਾਈ ਮੰਤਰੀ) ਨੂੰ ਇਸ ਬਿਲ ਦੇ ਵਾਸਤੇ ਵਧਾਈ ਦਿੰਦਾ ਹਾਂ । (ਵਿਘਨ)

Mr. Deputy Speaker : This is no point of order. Please take your seat. (Interruptions)

(ਇਸ ਵਕਤ ਸਰਦਾਰ ਗੁਰਬੰਤਾ ਸਿੰਘ ਜੀ ਬਿਲ ਤੇ ਬੋਲਣ ਲਈ ਖੜੇ ਹੋਏ)

ਸ੍ਰੀ ਡਿਪਟੀ ਸਪੀਕਰ : ਅਸੀਂ ਪਹਿਲਾਂ ਇਹ ਮੋਸ਼ਨ ਦਾ ਫੈਸਲਾ ਕਰਨਾ ਹੈ ਕਿ ਆਇਆ ਕਦੋਂ ਤਕ ਹਾਊਸ ਨੂੰ ਐਕਸਟੈਂਡ ਕਰਨਾ ਹੈ । (ਵਿਘਨ) (We have to first take a decision on the Motion as to for how long the sitting of the Sabha is to be extended.) (Interruption)

ਸਰਦਾਰ ਗੁਰਨਾਮ ਸਿੰਘ : ਡਿਪਟੀ ਸਪੀਕਰ ਸਾਹਿਬ, ਹਾਊਸ ਨੂੰ ਬਠਾਈ ਰਖੋ ਜਿੰਨਾਂ ਚਿਰ ਇਹ ਬਿਲ ਪਾਸ ਨਹੀਂ ਹੁੰਦਾ ।

Mr. Deputy Speaker : Question is—

That the duration of the sitting of the House be extended till the business of the day is disposed of.

The motion was carried.

RESUMPTION OF DISCUSSION REGARDING PUNJAB SCHEDULED CASTES LAND DEVELOPMENT AND FINANCE CORPORATION BILL, 1970

ਕਾਮਰੇਡ ਸੱਤਪਾਲ ਡਾਂਗ : (ਅੰਮ੍ਰਿਤਸਰ ਦੱਖਣ) ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਡਾਕਟਰ ਸਾਹਿਬ ਨੇ ਪੇਸ਼ ਕੀਤਾ ਹੈ...

Sirdar Kapur Singh : Mr. Deputy Speaker, before the discussion on this Bill is undertaken, I may be informed as to when the next bill is going to be taken up because I have only one amendment for that Bill. If I know the time I will come back.

Mr. Deputy Speaker : Now I will take the sense of the House as how many hon. Members want to speak on the Bill then I will certainly let you know. Please enquire from me about it after some time.

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਜਿਹੜਾ ਬਿਲ ਡਾਕਟਰ ਭਗਤ ਸਿੰਘ ਜੀ ਨੇ ਪੇਸ਼ ਕੀਤਾ ਹੈ ਉਸ ਦੇ ਲਈ ਮੈਂ ਸਮਝਦਾ ਹਾਂ ਕਿ ਸਾਰਾ ਹੀ ਹਾਊਸ ਇਸ ਗਲ ਨੂੰ ਐਪਰੀਸ਼ੀਏਟ ਕਰੇਗਾ ਔਰ ਡਾਕਟਰ ਸਾਹਿਬ ਨੂੰ ਦੋ ਗਲਾਂ ਕਰਕੇ ਵਧਾਈ ਦੇਵੇਗਾ । ਇਕ ਤਾਂ ਇਸ ਕਰਕੇ ਕਿ ਜਿਹੜਾ ਇਸ ਬਿਲ ਦਾ ਨਿਸ਼ਾਨਾ ਹੈ, ਜਿਹੜਾ ਇਸ ਬਿਲ ਵਿਚ ਦਰਜ ਹੈ ਕਿ ਸ਼ੈਡੂਲਡ ਕਾਸਟ ਦੇ ਜਿਹੜੇ ਲੋਕ ਪੰਜਾਬ ਦੇ ਵਿਚ ਹਨ ਉਨ੍ਹਾਂ ਦੀ ਆਰਥਕ ਉੱਨਤੀ ਦੇ ਲਈ ਇਹ ਬਿਲ ਪੇਸ਼ ਕੀਤਾ ਜਾ ਰਿਹਾ ਹੈ ਤਾਂ ਕਿ ਉਨ੍ਹਾਂ ਦੀ ਆਰਥਕ ਉੱਨਤੀ ਹੋਵੇ । ਇਹ ਇਕ ਐਸਾ ਆਬਜੈਕਟਿਵ ਹੈ ਜਿਸ ਦਾ ਸਬੰਧ ਸਾਰੇ ਦੇਸ਼ ਦੀ ਤਰੱਕੀ ਦੇ ਨਾਲ ਹੈ । ਇਸ ਦੇ ਵਿਚ ਦੋ ਰਾਵਾਂ ਨਹੀਂ ਹੋ ਸਕਦੀਆਂ । ਡਿਪਟੀ ਸਪੀਕਰ ਸਾਹਿਬ, ਇਸ ਲਈ ਅਸੀਂ ਇਸ ਬਿਲ ਨੂੰ ਐਪ੍ਰੀਸ਼ੀਏਟ ਕਰਦੇ ਹਾਂ ।

ਦੂਜੀ ਗੱਲ ਮੈਂ ਡਾਕਟਰ ਸਾਹਿਬ ਨੂੰ ਪਰਸਨਲ ਵਧਾਈ ਦੇਣਾ ਚਾਹੁੰਦਾ ਹਾਂ ਕਿ ਇਸ ਮਨਿਸਟਰੀ ਦੇ ਇਹ ਕੱਲੇ ਹੀ ਮਨਿਸਟਰ ਨੇ ਜਿਹੜੇ ਇਸ ਗੱਲ ਵਿਚ ਕਾਮਯਾਬ ਹੋਏ ਹਨ ਕਿ ਕਿਸੇ ਸਬਸਟਾਂਸ਼ਲਿ ਮੈਟਰ ਉਤੇ ਕੋਈ ਆਰਡੀਨੈਂਸ ਨਹੀਂ ਆਈ ਸਗੋਂ ਅਸੈਂਬਲੀ ਵਿਚ ਬਿਲ ਪਾਸ ਕਰਾਉਣ ਲਈ ਲੈ ਆਏ ਹਨ । ਪਿਛਲੇ 14 ਮਹੀਨਿਆਂ ਵਿੱਚ ਅਕਾਲੀ ਜਨਸੰਘ ਮਨਿਸਟਰੀ ਸਾਰੇ ਅਹਿਮ ਕੰਮ ਆਰਡੀਨੈਂਸ ਰਾਹੀਂ ਹੀ ਕਰਦੀ ਰਹੀ ਹੈ ਪਰ ਡਾਕਟਰ ਸਾਹਿਬ ਨੇ ਇਹ ਕੰਮ ਆਰਡੀਨੈਂਸ ਰਾਹੀਂ ਕਰਨਾ ਪਸੰਦ ਨਹੀਂ ਕੀਤਾ ਅਤੇ ਇਹ ਬਿਲ ਅਸੈਂਬਲੀ ਵਿਚ ਲਿਆ ਕੇ ਪਾਸ ਕਰਵਾਉਣ ਦਾ ਯਤਨ ਕੀਤਾ ਹੈ । ਮੈਂ ਇਸ ਕੰਟਰੋਵਰਸੀ ਵਿਚ ਨਹੀਂ ਜਾਣਾ ਚਾਹੁੰਦਾ ਕਿ ਡਾਕਟਰ ਸਾਹਿਬ ਨੂੰ ਸੰਤ ਜੀ ਨੇ ਇਸ ਲਈ ਹੁਕਮ ਦਿੱਤਾ ਹੈ ਜਾਂ ਕੀ ਗੱਲ ਹੈ; ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਬਤੌਰ ਮਨਿਸਟਰ ਇਹ ਬਿੱਲ ਅਸੈਂਬਲੀ ਵਿਚ ਲਿਆਂਦਾ ਹੈ ਅਤੇ ਮੈਂ ਇਨ੍ਹਾਂ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ । (ਵਿਘਨ)

ਸ੍ਰੀ ਡਿਪਟੀ ਸਪੀਕਰ : ਡਾਂਗ ਸਾਹਿਬ, ਜੇ ਤੁਹਾਡੀ ਇਜਾਜ਼ਤ ਹੋਵੇ ਤਾਂ ਮੈਂ ਵੀ ਆਪਣੇ ਆਪ ਨੂੰ ਇਸ ਗੱਲ ਦੇ ਨਾਲ ਐਸੋਸ਼ੀਏਟ ਕਰਦਾ ਹਾਂ । (Addressing Comrade Satya Pal Dang : With your permission, I would also like to associate myself with these sentiments.)

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਜਿਹੜੀ ਸਿਲੈਕਟ ਕਮੇਟੀ ਦੀ ਪਰਪੋਜ਼ਲ ਹੈ ਉਹ ਹਾਲੇ ਤਕ ਹਾਊਸ ਵਿਚ ਮੂਵ ਨਹੀਂ ਹੋਈ ਹੈ । ਉਸ ਦੇ ਬਾਰੇ ਵਿੱਚ ਮੈਂ ਆਪਣੀ ਰਾਏ ਦੇਣਾ ਚਾਹੁੰਦਾ ਹਾਂ ਅਤੇ ਮੈਂ ਉਸ ਦੀ ਵਿਰੋਧਤਾ ਕਰਦਾ ਹਾਂ । ਵੈਸੇ ਸਾਧਾਰਣ ਹਾਲਾਤ ਵਿਚ ਮੈਂ ਉਸ ਦੇ ਹੱਕ ਵਿਚ ਹਾਂ ।

ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਬਿੱਲ ਲਈ ਸਾਨੂੰ ਘੱਟੋ ਘੱਟ ਇਕ ਦਿਨ ਦੇਣਾ ਚਾਹੀਦਾ ਸੀ । ਕਿਉਂ ਕਿ ਇਸ ਸੈਸ਼ਨ ਦਾ ਫੈਗ ਐਂਡ ਹੈ ਇਸ ਲਈ ਸਾਨੂੰ ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ । ਵੈਸੇ ਹਾਊਸ ਵਿਚ ਹਾਜ਼ਰੀ ਵੇਖ ਲਵੋ । ਇਹ ਇਸ ਬਿਲ ਨਾਲ ਬੜੀ ਜ਼ਿਆਦਤੀ ਹੈ । ਤੁਸੀਂ ਆਪ ਵੇਖ ਲਵੋ ਕਿ ਚੀਫ ਮਨਿਸਟਰ ਸਾਹਿਬ ਅਤੇ ਹੋਰ ਵੀ ਬਹੁਤ ਸਾਰੇ ਮਨਿਸਟਰ ਸਾਹਿਬਾਨ ਹਾਜ਼ਰ ਨਹੀਂ ਹਨ ਅਤੇ ਹਾਜ਼ਰੀ ਕਿੰਨੀਂ ਘੱਟ ਹੈ । ਇਹ ਬੜੀ ਬੇ-ਇਨਸਾਫੀ ਹੈ । ਇਸ ਗਲ ਦੇ ਬਾਵਜੂਦ ਮੈਂ ਸਿਲੈਕਟ ਕਮੇਟੀ ਦੇ ਹੱਕ ਵਿਚ ਨਹੀਂ । ਉਸ ਦਾ ਕਾਰਨ ਵੀ ਮੈਂ ਦਸ ਦਿੰਦਾ ਹਾਂ । ਕੈਪਟਨ ਸਾਹਿਬ ਨੇ, ਜਿਨ੍ਹਾਂ ਦੀ ਪਾਰਟੀ ਵਲੋਂ ਸਿਲੈਕਟ ਕਮੇਟੀ ਵਿਚ ਬਿਲ ਲੈ ਜਾਣ ਵਾਸਤੇ ਮੰਗ ਕੀਤੀ ਗਈ ਹੈ, ਚੀਫ ਮਨਿਸਟਰ ਸਾਹਿਬ ਕੋਲੋਂ ਸਤੰਬਰ ਵਿਚ ਸੈਸ਼ਨ ਬੁਲਾਉਣ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਦੀ ਮੰਗ ਕੀਤੀ, ਪਰ ਉਨ੍ਹਾਂ ਨੇ ਕੋਈ ਅਜਿਹੀ ਅਸ਼ਿਉਰੈਂਸ ਨਹੀਂ ਦਿਤੀ । ਸੈਸ਼ਨ ਸਾਧਾਰਨ ਤੌਰ ਤੇ ਮੌਜੂਦ ਹੈ ਅਤੇ ਇਸ ਲਈ ਇਹ ਬਿਲ ਹੁਣ ਪਾਸ ਕਰ ਦੇਣਾ ਚਾਹੀਦਾ ਹੈ। ਪਤਾ ਨਹੀਂ ਆਉਣ ਵਾਲੇ ਸੈਸ਼ਨ ਤਕ ਇਹ ਪਾਸਾ ਇਧਰ ਹੋਣਾ ਹੈ ਜਾਂ ਉਧਰ, ਪਤਾ ਨਹੀਂ ਇਹ ਮਨਿਸਟਰਜ਼ ਪੱਕੇ ਹੋਣੇ ਹਨ ਜਾਂ ਨਹੀਂ ਅਤੇ ਪਤਾ ਨਹੀਂ ਕਿ ਉਸ ਵਕਤ ਤਕ ਕੀ ਹਾਲਾਤ ਪੈਦਾ ਹੋ ਜਾਣ, ਹੋ ਸਕਦਾ ਹੈ ਕਿ ਆਉਣ ਵਾਲੇ ਸੈਸ਼ਨ ਵਿਚ ਗੌਰਮੈਂਟ ਫਟਾ ਫਟ ਆਪਣਾ ਬਜਟ ਪਾਸ ਕਰਾ ਕੇ ਉਠ ਜਾਵੇ ਅਤੇ ਇਹ ਬਿਲ ਇਸੇ ਤਰ੍ਹਾਂ ਹੀ ਸਲੈਕਟ ਕਮੇਟੀ ਵਿਚ ਹੀ ਰਹਿ ਜਾਵੇ । ਬਿੱਲ ਵਿਚ ਭਾਵੇਂ ਕਿੰਨੇ ਹੀ ਨੁਕਸ ਕਿਉਂ ਨਾ ਹੋਣ, ਕਿਉਂ ਨਾ ਕਿੰਨੇ ਹੀ ਲੀਗਲ ਖ਼ਿਲਾ ਇਸ ਵਿਚ ਹੋਣ ਜਿਵੇਂ ਕਿ ਇਸ ਬਿੱਲ ਵਿਚ ਕਾਰਪੋਰੇਸ਼ਨ ਨੂੰ ਤੋੜ ਦੇਣ ਦੀਆਂ ਕੁਝ ਜ਼ਿਆਦਾ ਪਾਵਰਜ਼ ਦਿਤੀਆਂ ਗਈਆਂ ਹਨ, ਮੈਂ ਕਹਿੰਦਾ ਹਾਂ ਕਿ ਇਸ ਵਿਚ ਕਿੰਨੇ ਹੀ ਖ਼ਿਲਾ ਕਿਉਂ ਨਾ ਹੋਣ ਉਹ, ਅਸੀਂ ਅਮੈਂਡਮੈਂਟਾਂ ਰਾਹੀਂ ਦੂਰ ਕਰਾਂਗੇ ਅਤੇ ਇਨ੍ਹਾਂ ਬਾਰੇ ਬਾਦ ਵਿਚ ਲੜ ਲਵਾਂਗੇ ਅਤੇ ਮਨਿਸਟਰ ਸਾਹਿਬ ਨਾਲ ਝਗੜਾ ਕਰ ਲਵਾਂਗੇ, ਪਰ ਇਸ ਵਕਤ ਇਸ ਨੂੰ ਹਰ ਹਾਲਤ ਵਿਚ ਪਾਸ ਕਰ ਦੇਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਐਸੇ ਹਾਲਾਤ ਵਿਚ ਇਹ ਬਿੱਲ ਸਿਲੈਕਟ ਕਮੇਟੀ ਨੂੰ ਰੈਫ਼ਰ ਨਹੀਂ ਹੋਣਾ ਚਾਹੀਦਾ ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਇਸ ਬਿੱਲ ਦਾ ਔਬਜੈਕਟਿਵ ਹੈ ਉਸ ਦੇ ਬਾਰੇ ਮੈਂ ਇਕ ਗਲ ਕਹਿਣੀ ਚਾਹੁੰਦਾ ਹਾਂ ਕਿ ਇਹ ਬਿਲ ਦੇ ਔਬਜੈਕਟਿਵ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਇਹ ਬਿਲ ਕਿਥੋਂ ਤਕ ਇਸ ਔਬਜੈਕਟਿਵ ਨੂੰ ਹਾਸਲ ਕਰ ਸਕੇਗਾ, ਮੈਂ ਤੁਹਾਡੀ ਤਵੱਜੋ ਇਸ ਵਲ ਦਿਵਾਉਂਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਸ ਬਿਲ ਦਾ ਔਬਜੈਕਟਿਵ ਜਿਹੜਾ ਇਸ ਬਿੱਲ ਵਿਚ ਲਿਖਿਆ ਹੈ ਉਹ ਇਹ ਹੈ ਕਿ ਸ਼ੈਡਿਊਲਡ ਕਾਸਟ, ਜਿਹੜੀ ਇਸ ਸਟੇਟ ਦੀ ਜਨਤਾ ਦਾ ਇਕ ਹਿੱਸਾ ਹੈ, ਉਸ ਦੀ ਆਰਥਕ ਹਾਲਤ ਨੂੰ ਬਿਹਤਰ ਕਰਨਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਹਰੀਜਨਾਂ ਦਾ ਬਹੁਤ ਸਾਰਾ ਹਿੱਸਾ ਪਿੰਡਾਂ ਵਿਚ ਰਹਿੰਦਾ ਹੈ ਅਤੇ ਉਸ ਦਾ ਬਹੁਤ ਵੱਡਾ ਹਿੱਸਾ ਬੇਜ਼ਮੀਨਾ ਹੈ। ਉਨ੍ਹਾਂ ਕੋਲ ਕੋਈ ਜ਼ਮੀਨ ਨਹੀਂ, ਜੇ ਕਿਸੇ ਕੋਲ ਹੈ ਵੀ ਤਾਂ ਉਹ ਬਹੁਤ ਹੀ ਘੱਟ ਹੈ, ਜਿਸ ਤੇ ਉਸ ਦਾ ਅਤੇ ਉਸ ਦੇ ਪਰਿਵਾਰ ਦਾ ਗੁਜ਼ਾਰਾ ਨਹੀਂ ਹੋ ਸਕਦਾ । ਜਿਹੜੇ ਪਿੰਡਾਂ ਵਿਚ ਦਿਹਾੜੀ ਕਰਦੇ ਹਨ ਜਾਂ ਮਜ਼ਦੂਰੀ ਕਰਦੇ ਹਨ, ਉਨ੍ਹਾਂ ਦੀ ਦਿਹਾੜੀ ਘੱਟੋ ਘੱਟ ਪੰਜ ਰੁਪਏ ਹੋਣੀ ਚਾਹੀਦੀ ਹੈ, ਅਤੇ ਉਨ੍ਹਾਂ ਦੇ ਮੀਨੀਮਮ ਵੇਜ ਮੁਕਰੱਰ ਹੋਣੇ ਚਾਹੀਦੇ ਹਨ। ਪਰ ਉਨ੍ਹਾਂ ਦੇ ਉਪਰ ਸਾਮਾਜਿਕ ਤੌਰ ਤੇ ਜ਼ੁਲਮ ਕੀਤਾ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, ਕਾਲ ਐਟੈਨਸ਼ਨ ਮੋਸ਼ਨਜ਼ ਰਾਹੀਂ ਮੈਂ ਤੁਹਾਡੀ ਤਵੱਜੋ ਦਿਲਾਈ ਹੈ ਅਤੇ ਇਨ੍ਹਾਂ ਗੱਲਾਂ ਦਾ ਜ਼ਿਕਰ ਵੀ ਹਾਊਸ ਵਿਚ ਕੀਤਾ ਹੈ। ਮੈਂ ਅਰਜ਼ ਕਰਾਂ ਕਿ ਝੋਨਾ ਲਗਾਉਣ ਦੇ ਸਿਲਸਲੇ ਵਿਚ ਅਮ੍ਰਿਤਸਰ ਦੇ ਕਈ ਪਿੰਡਾਂ ਵਿਚ ਪਟਿਆਲਾ ਦੇ ਕਈ ਪਿੰਡਾਂ ਵਿਚ ਅਤੇ ਹੁਸ਼ਿਆਰਪੁਰ ਦੇ ਦਰਜਨਾਂ ਪਿੰਡਾਂ ਵਿਚ ਕਿਸ ਤਰ੍ਹਾਂ ਮਾਲਕਾਂ ਨੇ ਜ਼ੁਲਮ ਕਰਨਾ ਸ਼ੁਰੂ ਕੀਤਾ ਅਤੇ ਕਿਹਾ ਕਿ ਅਸੀਂ ਤਿੰਨ ਰੁਪਏ ਦਿਹਾੜੀ ਤੋਂ ਵਧ ਨਹੀਂ ਦੇਵਾਂਗੇ । ਉਨ੍ਹਾਂ ਮਜ਼ਦੂਰਾਂ ਨੇ ਆਪੋ ਆਪਣੀ ਵਾਜਬ ਮੰਗ ਰਖੀ ਕਿ ਸਾਨੂੰ ਪੰਜ ਰੁਪਏ ਦਿਹਾੜੀ ਮਿਲਣੀ ਚਾਹੀਦੀ ਹੈ ਉਨ੍ਹਾਂ ਨੇ ਸਾਢੇ ਚਾਰ ਰੁਪਏ ਤਕ ਵੀ ਮੰਗ ਕੀਤੀ, ਪਰ ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਤਾਂ ਤਿੰਨ ਰੁਪਏ ਤੋਂ ਵਧ ਨਹੀਂ ਦੇਣੇ । ਉਸ ਦਾ ਸਿੱਟਾ ਕੀ ਨਿਕਲਿਆ ? ਉਨ੍ਹਾਂ ਦਾ ਸੋਸ਼ਲ ਬਾਈਕਾਟ ਕਰ ਦਿਤਾ, ਉਨ੍ਹਾਂ ਨੂੰ ਘਰਾਂ ਤੋਂ ਬਾਹਰ ਨਹੀਂ ਨਿਕਲਣ ਦਿਤਾ। ਕਿਸੇ ਔਰਤ ਨੂੰ, ਬੱਚੇ ਨੂੰ ਅਤੇ ਨਾ ਹੀ ਕਿਸੇ ਮਰਦ ਨੂੰ ਟੱਟੀ ਲਈ ਜਾਣ ਦਿੱਤਾ । ਉਹ ਚਾਰਾ ਲੈਣ ਲਈ ਗਏ, ਚਾਰਾ ਭਾਵੇਂ ਮੁਲ ਲਿਆ ਹੋਇਆ ਸੀ, ਉਨ੍ਹਾਂ ਨੂੰ ਕੱਟਣ ਨਹੀਂ ਦਿੱਤਾ।

Original with;
Punjab Vidhan Sabha
Digitized by;
Panjab Digital Library

ਪੰਜਾਬ ਵਿਚ ਅੱਜ ਦੀ ਸਦੀ ਵਿਚ ਅੱਜ ਦੇ ਦਿਨ ਇਹ ਹਾਲਤ ਹਰੀਜਨਾਂ ਦੀ ਹੋ ਰਹੀ ਹੈ ਅਤੇ ਇਹ ਸਲੂਕ ਉਨ੍ਹਾਂ ਦੇ ਨਾਲ ਹੋ ਰਿਹਾ ਹੈ ।

(ਇਸ ਵਕਤ ਪੈਨਲ ਆਫ਼ ਚੇਅਰਮੈਨ ਦੇ ਮੈਂਬਰ ਸਰਦਾਰ ਸ਼ਸ਼ਪਾਲ ਸਿੰਘ ਨੇ ਕੁਰਸੀ ਸੰਭਾਲੀ)

ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਦੀ ਤਵੱਜੋ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਦੇ ਲਈ ਕਾਨੂੰਨ ਹੇਠ ਮਿਨੀਮੱਮ ਵੇਜਿਜ਼ ਮੁਕੱਰਰ ਹੋਣੇ ਚਾਹੀਦੇ ਹਨ । ਉਸ ਦੇ ਬਾਦ ਜੋ ਵੀ ਘੱਟੋ ਘੱਟ ਵੇਜਿਜ਼ ਮੁਕੱਰਰ ਹੋਣ ਉਸ ਨੂੰ ਲਾਗੂ ਕਰਾਉਣ ਲਈ ਪੰਜਾਬ ਵਿਚ ਇਕ ਮਸ਼ੀਨਰੀ ਸੈਟ ਅਪ ਕਰਨੀ ਚਾਹੀਦੀ ਹੈ, ਜਿਹੜੀ ਹਰੀਜਨਾਂ ਦੀ ਓਵਰ-ਵੈਲਮਿੰਗ ਮਜ਼ਦੂਰ ਪਾਪੂਲੇਸ਼ਨ ਹੈ ਉਸ ਦੀ ਹੈਲਪ ਕਰ ਸਕੇ । ਗਰੀਬ ਹਰੀਜਨ ਕੋਈ ਟਰਾਂਸਪੋਰਟ ਕੰਪਨੀਆਂ ਤਾਂ ਨਹੀਂ ਚਲਾ ਸਕਦੇ ਅਤੇ ਨਾ ਹੀ ਕੋਈ ਬਿਜ਼ਨੈਸ ਕਰ ਸਕਦੇ ਹਨ, ਉਹ ਤਾਂ ਪਿੰਡਾਂ ਵਿਚ ਮਜ਼ਦੂਰੀ ਕਰਦੇ ਹਨ ਜਾਂ ਖੇਤੀਬਾੜੀ ਦੇ ਸਿਲਸਿਲੇ ਵਿੱਚ ਦਿਹਾੜੀ ਕਰਦੇ ਹਨ । ਇਸ ਲਈ ਮਿਨੀਮੱਮ ਵੇਜਿਜ਼ ਵਧਾਏ ਜਾਣ ਅਤੇ ਉਨ੍ਹਾਂ ਨੂੰ ਲਾਗੂ ਕਰਾਉਣ ਲਈ ਇਕ ਮਸ਼ੀਨਰੀ ਸੈਟ ਅਪ ਕੀਤੀ ਜਾਏ ।

ਚੇਅਰਮੈਨ ਸਾਹਿਬ, ਮੈਂ ਅਰਜ਼ ਕਰਾਂ ਕਿ ਜਿਹੜਾ ਸਰਦਾਰ ਉਮਰਾਉ ਸਿੰਘ ਨੇ ਇਹ ਕਿਹਾ ਹੈ ਕਿ ਸਾਡੇ ਮੁਲਕ ਵਿਚ ਜ਼ਾਤ ਪਾਤ ਦਾ ਸਿਸਟਮ ਬਹੁਤ ਵੱਧ ਗਿਆ ਹੈ, ਇਸ ਵਿਚ ਕੋਈ ਸ਼ੱਕ ਨਹੀਂ । ਇਸ ਦੇ ਬਾਵਜੂਦ ਕਿ ਇਸ ਗੱਲ ਦੀ ਨਿਖੇਧੀ ਕੀਤੀ ਗਈ ਹੈ ਸਾਡੇ ਕਾਂਸਟੀਚਿਊਸ਼ਨ ਵਿਚ, ਲੇਕਿਨ ਅਮਲ ਨਹੀਂ ਕੀਤਾ ਜਾਂਦਾ । ਪਿੰਡਾਂ ਵਿਚ ਜਿਹੜੀ ਵੀ ਐਗਰੀਕਲਚਰ ਲੇਬਰ ਰਹਿੰਦੀ ਹੈ ਉਸ ਦੇ ਵਿਚ ਸਭ ਤੋਂ ਵਡੀ ਗਿਣਤੀ ਜਿਹੜੀ ਹੈ ਉਹ ਹਰੀਜਨਾਂ ਦੀ ਹੈ । ਅੱਜ ਕੱਲ੍ਹ ਦੇ ਹਾਲਾਤ ਦੇ ਮੁਤਾਬਿਕ ਉਹ ਲੋਕ ਕਿਸ ਤਰ੍ਹਾਂ ਵਡੇ ਵਡੇ ਜ਼ਿਮੀਦਾਰਾਂ ਨਾਲ ਲੜਾਈ ਲੜ ਸਕਦੇ ਹਨ ? ਉਨ੍ਹਾਂ ਦਾ ਟੱਟੀ ਜਾਣਾ ਬੰਦ ਕਰ ਦਿੱਤਾ, ਘਰੋ ਬਾਹਰ ਨਿਕਲਣਾ ਬੰਦ ਕਰ ਦਿਤਾ, ਉਹ ਆਪਣਾ ਮੁਲ ਲਿਆ ਹੋਇਆ ਚਾਰਾ ਤੱਕ ਕੱਟਣ ਵਾਸਤੇ ਨਹੀਂ ਜਾ ਸਕਦੇ । ਮੈਂ ਮਨਿਸਟਰ ਸਾਹਿਬ, ਨੂੰ ਬੇਨਤੀ ਕਰਾਂਗਾ ਕਿ ਜਿਥੋਂ ਤਕ ਇਹ ਬਿਲ ਲਿਆਉਣ ਦਾ ਤਾਲੁਕ ਹੈ ਅਸੀਂ ਉਨ੍ਹਾਂ ਨੂੰ ਵਧਾਈ ਦਿੰਦੇ ਹਾਂ ਪਰ ਜਿਹੜਾ ਸਾਡਾ ਵੱਡਾ ਮਸਲਾ ਹੈ ਕਿ ਪਿੰਡਾਂ ਵਿਚ ਰਹਿਣ ਵਾਲੇ ਹਰੀਜਨਾਂ ਨੂੰ ਜ਼ਮੀਨ ਮਿਲੇ, ਇਸ ਬਾਰੇ ਡਾਕਟਰ ਸਾਹਿਬ ਨੂੰ ਆਪਣੀ ਨੀਤੀ ਸਾਫ਼ ਕਰਨੀ ਚਾਹੀਦੀ ਹੈ । ਜਦ ਤਕ ਹਰੀਜਨਾਂ ਨੂੰ ਜ਼ਮੀਨ ਨਹੀਂ ਮਿਲ ਜਾਂਦੀ ਤਦ ਤਕ ਉਨ੍ਹਾਂ ਦੀ ਪ੍ਰਾਬਲਮ ਹਲ ਨਹੀਂ ਹੋ ਸਕਦੀ । ਜਦੋਂ ਅਸੀਂ ਕਿਹਾ ਕਿ ਨਿਕਾਸੀ ਜ਼ਮੀਨ ਨੀਲਾਮੀ ਰਾਹੀਂ ਨਾ ਦਿਤੀ ਜਾਏ, ਕਿਉ ਕਿ ਇਸ ਤਰੀਕੇ ਨਾਲ ਗ਼ਰੀਬ ਹਰੀਜਨਾਂ ਨੂੰ ਨਹੀਂ ਮਿਲ ਸਕਦੀ, ਤਾਂ ਇਨ੍ਹਾਂ ਨੇ ਕਿਹਾ ਕਿ ਇਹ ਤਾਂ ਕਾਮਰੇਡ ਕਹਿੰਦੇ ਹਨ, ਇਸ ਲਈ ਇਹ ਚੀਜ਼ ਗ਼ਲਤ ਹੈ ਪਰ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਦਾਰ ਗੁਰਚਰਨ ਸਿੰਘ ਟੌਹੜਾ ਜਿਹੜੇ ਕਿ ਅਕਾਲੀ ਪਾਰਟੀ ਦੇ ਇਕ ਮੰਨੇ ਲੀਡਰ ਹਨ, ਕੀ ਉਹ ਵੀ ਕਮਿਊਨਿਸਟ ਹੋ ਗਏ ਹਨ ਜੋ ਉਨ੍ਹਾਂ ਨੇ ਕਿਹਾ ਹੈ ਕਿ ਨੀਲਾਮੀ ਰਾਹੀਂ ਕਿਸੇ ਗ਼ਰੀਬ ਨੂੰ ਜ਼ਮੀਨ ਨਹੀਂ ਮਿਲ ਰਹੀ ਅਤੇ ਵਡਿਆਂ ਵਡਿਆਂ ਨੂੰ ਮਿਲ ਰਹੀ ਹੈ ? ਉਨ੍ਹਾਂ ਨੇ ਵੀ ਕਿਹਾ ਹੈ ਕਿ ਇਹ ਜ਼ਮੀਨ ਜੇ ਕਿਸੇ ਹਰੀਜਨ ਨੂੰ ਮਿਲ ਰਹੀ ਹੈ ਤਾਂ ਉਨ੍ਹਾਂ ਹਰੀਜਨਾਂ ਨੂੰ ਮਿਲ ਰਹੀ ਹੈ ਜਿਹੜੇ ਚੰਦ ਇਕ ਵਡੇ ਹਰੀਜਨ ਹਨ । ਇਸ ਤੋਂ ਇਲਾਵਾ ਸਰਦਾਰ ਦਰਬਾਰਾ ਸਿੰਘ ਜੀ ਜਿਹੜੇ ਪਾਰਲੀਮੈਂਟਰੀ ਬੋਰਡ ਦੇ ਮੈਂਬਰ ਹਨ ਉਹ ਵੀ ਇਸ ਸਿੱਟੇ ਤੇ ਪੁਜੇ ਹਨ ਕਿ ਨੀਲਾਮੀ ਰਾਹੀਂ ਗ਼ਰੀਬ ਹਰੀਜਨਾਂ ਨੂੰ ਜ਼ਮੀਨ ਨਹੀਂ ਮਿਲ ਸਕੇਗੀ । ਸੋ ਮੈਂ ਅਰਜ਼ ਕਰਦਾ ਹਾਂ ਕਿ ਜੇ ਹਰੀਜਨਾਂ ਦੀ ਇਕਤਸਾਦੀ ਹਾਲਤ ਠੀਕ ਕਰਨੀ ਹੈ ਤਾਂ ਜ਼ਮੀਨ ਦੀ ਨੀਤੀ ਵਿਚ ਸੁਧਾਰ ਕਰਨਾ ਚਾਹੀਦਾ ਹੈ ਪਟਿਆਲਾ ਵਿਚ ਚਲੋ, ਉਥੇ ਵੇਖੋ ਪੰਚਾਇਤਾਂ ਪਾਸ ਕਿੰਨੀ ਕਿੰਨੀ ਜ਼ਮੀਨ ਹੈ, ਪਰ ਉਹ ਕਿਸ ਨੂੰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਦਿੱਤੀ ਹੋਈ ਹੈ, ਕਿਸੇ ਗ਼ਰੀਬ ਹਰੀਜਨ ਨੂੰ ਨਹੀਂ ਦਿੱਤੀ । ਉਹ ਜ਼ਮੀਨ ਅੰਮ੍ਰਿਤਸਰ ਦੇ ਇਕ ਵਡੇ ਆਦਮੀ ਨੂੰ ਦਿਤੀ ਹੋਈ ਹੈ ਅਤੇ ਮੁਫ਼ਤੋ ਮੁਫ਼ਤ ਦਿਤੀ ਹੋਈ ਹੈ । ਮੈਂ ਅਰਜ਼ ਕਰਦਾ ਹਾਂ ਕਿ ਹਰੀਜਨ ਦੇ ਮੁਫ਼ਾਦ ਲਈ ਅਤੇ ਜ਼ਮੀਨਾਂ ਦੀ ਆਮਦਨ ਵਧਾਉਣ ਲਈ ਹਰੀਜਨਾਂ ਨੂੰ ਜ਼ਮੀਨ ਦੇਣੀ ਚਾਹੀਦੀ ਹੈ ਅਤੇ ਇਸ ਪਾਸੇ ਕਦਮ ਉਠਾਏ ਜਾਣੇ ਚਾਹੀਦੇ ਹਨ ਕਿ ਜਿੰਨੀ ਵੀ ਨਿਕਾਸੀ ਜ਼ਮੀਨ ਹੈ ਉਹ ਹਰੀਜਨਾਂ ਨੂੰ ਹੀ ਦੇਣੀ ਹੈ ।

ਮੈਂ ਹਰੀਜਨਾਂ ਬਾਰੇ ਅਰਜ਼ ਕਰਦਾ ਹਾਂ ਕਿ ਹੁਣ ਸਿਆਸਤ ਨੇ ਮੋੜ ਖਾਧਾ ਹੈ, ਅਕਾਲੀ ਪਾਰਟੀ ਅਤੇ ਕਾਂਗਰਸ ਪਾਰਟੀ ਇਕੱਠੀਆਂ ਹੋ ਗਈਆਂ ਹਨ ਅਤੇ ਕੁਲੀਸ਼ਨ ਬਣ ਰਹੀ ਹੈ । ਅਕਾਲੀ ਪਾਰਟੀ ਦੇ ਬਿਆਨ ਵੀ ਅਖ਼ਬਾਰਾਂ ਵਿਚ ਆਏ । ਇਸ ਕੁਲੀਸ਼ਨ ਲਈ ਦੋ ਵਡੀਆਂ ਸ਼ਰਤਾਂ ਦਾ ਜ਼ਿਕਰ ਆਇਆ ਹੈ । ਇਕ ਤਾਂ ਇਹ ਹੈ ਕਿ ਧਰਮ ਔਰ ਸਿਆਸਤ ਅਲਹਿਦਾ ਅਲਹਿਦਾ ਦੋ ਚੀਜ਼ਾਂ ਹਨ; ਖ਼ੈਰ ਮੈਂ ਇਸ ਚੀਜ਼ ਵਿਚ ਨਹੀਂ ਜਾਣਾ ਚਾਹੁੰਦਾ । ਦੂਜੀ ਜਿਹੜੀ ਵਡੀ ਸ਼ਰਤ ਹੈ, ਉਹ ਹੈ ਜ਼ਮੀਨਾਂ ਦੇ ਸੁਧਾਰ ਬਾਰੇ । ਮੈਂ ਕਹਿੰਦਾ ਹਾਂ ਕਿ ਅਕਾਲੀ ਪਾਰਟੀ ਦੀ ਲੀਡਰਸ਼ਿਪ ਜ਼ਮੀਨਾਂ ਬਾਰੇ ਆਪਣੀ ਨੀਤੀ ਬਦਲੇ ਅਤੇ ਇਹ ਅਖ਼ਬਾਰ ਵਿਚ ਵੀ ਆਇਆ ਹੈ ਕਿ ਇਹ ਆਪਣੀ ਨੀਤੀ ਬਦਲ ਰਹੇ ਹਨ । ਮੈਂ ਇਕ ਚੀਜ਼ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪ੍ਰਾਈਮ ਮਨਿਸਟਰ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਸਾਰੇ ਚੀਫ਼ ਮਨਿਸਟਰਾਂ ਨੂੰ ਚਿੱਠੀਆਂ ਲਿਖੀਆਂ ਕਿ ਜਿਹੜੇ ਜ਼ਰਾਇਤੀ ਜ਼ਮੀਨਾਂ ਸਬੰਧੀ ਕਾਨੂੰਨ ਹਨ, ਉਨ੍ਹਾਂ ਨੂੰ ਠੀਕ ਤਰ੍ਹਾਂ ਸੋਧਿਆ ਜਾਏ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਏ । ਅਖ਼ਬਾਰਾਂ ਰਾਹੀਂ ਪਤਾ ਲਗਿਆ ਹੈ ਕਿ ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਲਿਖਿਆ ਹੈ ਕਿ ਪੰਜਾਬ ਵਿਚ ਸਭ ਕੁਝ ਠੀਕ ਠਾਕ ਹੈ । ਮੈਂ ਅਰਜ਼ ਕਰਦਾ ਹਾਂ ਕਿ ਅਗਰ ਪੰਜਾਬ ਦੀ ਹਾਲਤ ਇਹ ਹੈ ਕਿ ਇਥੇ ਸਭ ਕੁਝ ਠੀਕ ਠਾਕ ਹੈ ਤਾਂ ਮੈਂ ਅਰਜ਼ ਕਰਾਂਗਾ ਕਿ ਪੰਜਾਬ ਸਰਕਾਰ ਦਾ ਪ੍ਰੋਗਰੈਸਿਵ ਹੋਣ ਦਾ ਦਾਅਵਾ ਬਿਲਕੁਲ ਗ਼ਲਤ ਹੈ । ਕਿਉਂਕਿ ਜੇਕਰ ਕੋਈ ਡਿਪਟੀ ਕਮਿਸ਼ਨਰ ਕੋਲੋਂ ਸਰਟੀਫ਼ੀਕੇਟ ਲੈ ਆਵੇ ਕਿ ਇਹ ਪ੍ਰੋਗਰੈਸਿਵ ਫ਼ਾਰਮਿੰਗ ਕਰਦਾ ਹੈ ਤਾਂ ਭਾਵੇਂ ਉਹ ਤਿੰਨ ਹਜ਼ਾਰ ਏਕੜ ਜ਼ਮੀਨ ਵੀ ਰਖ ਸਕਦਾ ਹੈ, ਇਹ ਬਿਲਕੁਲ ਗ਼ਲਤ ਹੈ । ਅਸੀਂ ਕਹਿੰਦੇ ਹਾਂ ਕਿ ਰੋਪੜ ਦਾ ਲੀਜ਼ ਡੀਡ ਖ਼ਤਮ ਕੀਤਾ ਜਾਏ ਅਤੇ ਅਕਾਲੀ ਪਾਰਟੀ, ਚਾਹੇ 1967 ਵਾਲੀ ਹੈ ਜਾਂ 1969 ਅਤੇ 1970 ਵਾਲੀ ਹੈ ਉਸ ਨੂੰ ਆਪਣੇ ਫ਼ੈਸਲੇ ਤੇ ਕਾਇਮ ਰਹਿਣਾ ਚਾਹੀਦਾ ਹੈ । ਇਸ ਦੇ ਇਲਾਵਾ ਜਿਹੜੀ 30 ਏਕੜ ਦੀ ਸੀਲਿੰਗ ਮੁਕਰੱਰ ਕੀਤੀ ਹੋਈ ਹੈ ਉਹ ਇਕ ਫ਼ੈਮਲੀ ਵਾਸਤੇ ਹੀ ਹੋਵੇ । ਮੈਂ ਇਸ ਦੇ ਖ਼ਿਲਾਫ਼ ਨਹੀਂ । ਇਸ ਦੇ ਲਈ ਲਫ਼ਜ਼ "ਫ਼ੈਮਲੀ" ਹੋਣਾ ਚਾਹੀਦਾ ਹੈ "ਓਨਰ" ਨਹੀਂ । ਜਿਹੜੇ ਮਘੌਰੇ ਰਖੇ ਹੋਏ ਹਨ, ਕਿ ਇਹ ਬਾਗਾਂ ਵਾਸਤੇ ਹੈ, ਇਹ ਮੈਕਾਨਾਈਜ਼ਡ ਫਾਰਮਿੰਗ ਹੈ ਜਾਂ ਇਹ ਪ੍ਰੋਗਰੈਸਿਵ ਫਾਰਮਿੰਗ ਹੈ, ਇਹ ਬੰਦ ਕਰਨੇ ਚਾਹੀਦੇ ਹਨ । ਜਦ ਤਕ ਐਸੀਆਂ ਚੀਜ਼ਾਂ ਤੇ ਸੀਲਿੰਗ ਨਹੀਂ ਲਗਾਉਂਦੇ ਤਦ ਤਕ ਕੋਈ ਜ਼ਮੀਨ ਨਹੀਂ ਲਭੇਗੀ ।

ਮੈਂ, ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਹਰੀਜਨਾਂ ਦੇ ਭਲੇ ਵਾਸਤੇ ਇਸ ਪਾਸੇ ਕਦਮ ਉਠਾਉਣ । ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੇ ਡਿਫੈਂਸ ਮਨਿਸਟਰ ਸ਼੍ਰੀ ਜਗਜੀਵਨ ਰਾਮ ਨੇ ਕਿਹਾ ਸੀ ਕਿ ਜੋ ਵੀ ਬੇ-ਜ਼ਮੀਨੇ ਹਰੀਜਨ ਹਨ, ਉਨ੍ਹਾਂ ਨੂੰ ਜ਼ਬਰਦਸਤੀ ਜਾ ਕੇ ਜ਼ਮੀਨਾਂ ਤੇ ਕਬਜ਼ਾ ਕਰ ਲੈਣਾ ਚਾਹੀਦਾ ਹੈ (ਵਿਘਨ) ਇਸ ਤੋਂ ਇਲਾਵਾ ਅੱਜ ਦੇ ਅਖ਼ਬਾਰ ਵਿਚ ਆਇਆ ਹੈ ਕਿ ਜਦੋਂ ਪ੍ਰਾਈਮ ਮਨਿਸਟਰ ਨੂੰ ਕਿਹਾ ਗਿਆ ਕਿ ਬੇ-ਜ਼ਮੀਨੇ ਲੋਕ ਜ਼ਬਰਦਸਤੀ ਜ਼ਮੀਨਾਂ ਤੇ ਕਬਜ਼ਾ ਕਰੀ ਜਾਂਦੇ ਹਨ ਤਾਂ ਪ੍ਰਾਈਮ ਮਨਿਸਟਰ ਸ਼੍ਰੀਮਤੀ ਇੰਦਰਾ ਗਾਂਧੀ ਨੇ ਕਿਹਾ ਕਿ ਉਨ੍ਹਾਂ ਕੋਲ ਹੋਰ ਚਾਰਾ ਵੀ ਕੀ ਹੈ ?

Original with;
Punjab Vidhan Sabha
Digitized by;
Panjab Digital Library

ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿਚ ਵੀ ਜਨਤਾ ਇਸ ਪਾਸੇ ਜਾਵੇਗੀ । ਬਿਰਲੇ ਦਾ ਅਤੇ ਦੂਜੇ ਫਾਰਮ ਤੋੜੋ ਨਹੀਂ ਤਾਂ ਜਨਤਾ ਇਨ੍ਹਾਂ ਨੂੰ ਤੋੜੇਗੀ । ਪੰਜਾਬ ਵਿਚ ਫਿਰੋਜ਼ਪੁਰ ਆਦਿ ਵਿਚ ਕਈ ਜ਼ਿਮੀਂਦਾਰ ਹਜ਼ਾਰਾਂ ਹਜ਼ਾਰਾਂ ਏਕੜ ਦੇ ਮਾਲਕ ਹਨ । ਉਨ੍ਹਾਂ ਦੀ ਜ਼ਮੀਨ ਵੀ ਕਾਨੂੰਨ ਦੇ ਨੁਕਸ ਦੂਰ ਕਰ ਕੇ ਗ਼ਰੀਬਾਂ ਵਿਚ ਵੰਡੀ ਜਾਵੇ । ਇਹ ਬਿਲ ਇਨ੍ਹਾਂ ਬੁਨਿਆਦੀ ਮਸਲਿਆਂ ਦਾ ਹਲ ਨਹੀਂ ਕਰਦਾ । ਇਸ ਬਿਲ ਵਿਚ ਕੀ ਹੈ । ਐਗਰੀਕਲਚਰਲ ਡਿਵੈਲਪਮੈਂਟ ਦੀ ਡੈਫੀਨੀਸ਼ਨ ਹੈ, ਇੰਡਸਟਰੀ ਦੀ ਡੈਫੀਨੀਸ਼ਨ । ਇਨ੍ਹਾਂ ਕੰਮਾਂ ਲਈ ਇਹ ਮਦਦਗਾਰ ਹੋਣਗੇ । ਮੈਂ ਇਨ੍ਹਾਂ ਗੱਲਾਂ ਦਾ ਸਵਾਗਤ ਕਰਦਾ ਹਾਂ ਪਰ ਮੈਨੂੰ ਇਹ ਕਹਿਣ ਵਿਚ ਝਿਝਕ ਨਹੀਂ ਹੈ ਕਿ ਇਨ੍ਹਾਂ ਗੱਲਾਂ ਦਾ ਫਾਇਦਾ ਆਮ ਹਰੀਜਨਾਂ ਨੂੰ ਨਹੀਂ ਹੋਣਾ । ਜਿਨ੍ਹਾਂ ਨੂੰ ਫਾਇਦਾ ਹੋਣਾ ਹੈ ਉਨ੍ਹਾਂ ਵਿਚ ਕੁਝ ਅਫਸਰ ਹੋਣਗੇ, ਗਰੀਬਾਂ ਨੂੰ ਤਾਂ ਫਾਇਦਾ ਹੋਵੇਗਾ ਅਗਰ ਜ਼ਮੀਨ ਬਾਰੇ ਨੀਤੀ ਉਨ੍ਹਾਂ ਦੇ ਹੱਕ ਵਿਚ ਬਦਲਕੇ ਉਸ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ । ਇਸ ਬਿਲ ਦਾ ਫਾਇਦਾ ਤਾਂ ਕੁਝ ਸਿਰ ਕਢਵੇਂ ਹਰੀਜਨਾਂ ਨੂੰ ਹੋਵੇਗਾ ਜੋ ਅੱਜ ਕਰੋੜਪਤੀ ਹਨ – ਇਸ ਦਾ ਸੁਫਨਾ ਤਾਂ ਹਰੀਜਨ ਲੈ ਹੀ ਨਹੀਂ ਸਕਦਾ – ਪਰ ਉਨ੍ਹਾਂ ਨੂੰ ਹੋਵੇਗਾ ਜੋ ਕੁਝ ਤਕੜੇ ਹੋ ਗਏ ਹਨ ।

ਜਿਥੇ ਤਕ ਇਸ ਦੀਆਂ ਕਮੀਆਂ ਦਾ ਤੁਅੱਲਕ ਹੈ, ਉਨ੍ਹਾਂ ਬਾਰੇ ਮੈਂ ਕਾਫੀ ਅਮੈਂਡਮੈਂਟ ਦਿਤੀਆਂ ਹਨ । ਉਨ੍ਹਾਂ ਵਿਚੋਂ ਕੁਝ ਗਲਾਂ ਵਲ ਸਰਦਾਰ ਉਮਰਾਓ ਸਿੰਘ ਹੋਰਾਂ ਨੇ ਧਿਆਨ ਦਿਵਾਇਆ ਹੈ, ਮੈਂ ਉਨ੍ਹਾਂ ਨੂੰ ਦੁਹਰਾਂਵਾਂਗਾ ਨਹੀਂ । ਇਕ ਸ਼ੈਡੂਲਡਕਾਸਟ ਆਰਗੇਨਾਈਜ਼ੇਸ਼ਨ ਦੀ ਡੈਫੀਨੀਸ਼ਨ ਦਿਤੀ ਗਈ ਹੈ, ਜਿਸ ਦੇ ਰਾਹੀਂ ਪੈਸਾ ਦਿਤਾ ਜਾਵੇਗਾ । ਇਸ ਬਾਰੇ ਜੋ ਕਲਾਜ਼ ਹੈ ਉਸ ਵਿਚ ਅਮੈਂਡਮੈਂਟ ਦਿੱਤੀ ਹੈ । ਅਗਰ ਉਹ ਨਾ ਮੰਨੀ ਗਈ ਅਤੇ ਇਹ ਕਲਾਜ਼ ਇਸੇ ਤਰ੍ਹਾਂ ਪਾਸ ਹੋ ਗਈ ਤਾਂ ਇਸ ਬਿਲ ਦਾ ਮਕਸਦ ਹੀ ਫੌਤ ਹੋ ਜਾਵੇਗਾ । ਕਿਹਾ ਗਿਆ ਹੈ ਕਿ ਸ਼ੈਡੂਲਡ ਕਾਸਟ ਆਰਗੇਨਾਈਜ਼ੇਸ਼ਨ ਉਹ ਹੋਵੇਗੀ ਜਿਸ ਵਿਚ 90% ਮੈਂਬਰ ਸ਼ੈਡੂਲਡਕਾਸਟ ਹੋਣ, ਬਾਕੀ ਦੇ ਦੂਜੇ ਹੋ ਸਕਦੇ ਹਨ । ਠੀਕ ਹੈ 10% ਦੀ ਗਿਣਤੀ ਕਾਗਜ਼ਾਂ ਤੇ ਤਾਂ ਬਹੁਤ ਘਟ ਲਗਦੀ ਹੈ ਪਰ ਸਾਨੂੰ ਪਤਾ ਹੈ ਕਿ ਕੋਅਪਰੇਟਿਵ ਸੋਸਾਇਟੀਆਂ ਕਿਸ ਤਰ੍ਹਾਂ ਕੰਮ ਕਰਦੀਆਂ ਹਨ । ਹੋਵੇਗਾ ਇਹ ਕਿ ਕੁਝ ਆਦਮੀ ਸੋਸਾਇਟੀਆਂ ਬਣਾ ਕੇ ਬਾਕੀ ਦੇ ਨਾਮ ਭਰ ਕੇ ਪੈਸਾ ਲੈ ਜਾਇਆ ਕਰਨਗੇ । ਇਸੇ ਕਰ ਕੇ ਬਹੁਤ ਸਾਰੇ ਮੈਂਬਰਾਂ ਨੇ ਕਿਹਾ ਹੈ ਕਿ ਹਰੀਜਨ ਮੈਂਬਰ ਸੈਂਟ ਪਰ ਸੈਂਟ ਹੋਣੇ ਚਾਹੀਦੇ ਹਨ ਤਾਂ ਉਹ ਸ਼ੈਡੂਲਡਕਾਸਟ ਆਰਗੇਨਾਈਜ਼ੇਸ਼ਨ ਹੋਵੇਗੀ । ਅਗਰ ਇਹ ਗਲ ਨਾ ਮੰਨੀ ਗਈ ਤਾਂ ਡਰ ਹੈ ਕਿ ਜਿਹੜਾ ਪੈਸਾ ਡਾਕਟਰ ਸਾਹਿਬ ਦੇਣਾ ਚਾਹੁੰਦੇ ਹਨ ਉਹ ਹਰੀਜਨਾਂ ਨੂੰ ਵੀ ਨਹੀਂ ਮਿਲ ਸਕੇਗਾ ਅਤੇ ਬਿਲ ਦਾ ਮਕਸਦ ਡੀਫੀਟ ਹੋ ਜਾਵੇਗਾ ।

ਇਕ ਗਲ ਮੈਂ ਹੋਰ ਕਹਿਣਾ ਚਾਹੁੰਦਾ ਹਾਂ – ਜਿਵੇਂ ਕਿ ਮੈਂ ਪਹਿਲਾਂ ਕਹਿ ਚੁਕਾ ਹਾਂ – ਕਿ ਇਸ ਬਿਲ ਦਾ ਫ਼ਾਇਦਾ ਛੋਟੇ ਛੋਟੇ ਅਤੇ ਗਰੀਬ ਹਰੀਜਨਾਂ ਨੂੰ ਹੋਣਾ ਚਾਹੀਦਾ ਹੈ । ਉਹ ਤਾਂ ਹੀ ਹੋ ਸਕਦਾ ਹੈ ਅਗਰ ਇਸ ਵਿਚ ਕੁਝ ਤਬਦੀਲੀਆਂ ਹੋਣ । ਇਸ ਬਾਰੇ ਡਾਕਟਰ ਸਾਹਿਬ ਐਸ਼ੋਰੈਂਸ ਦੇਣ । ਮੈਂ ਜ਼ਾਤੀ ਤੌਰ ਤੇ ਪਿੰਡਾਂ ਵਿਚ ਗਿਆ ਹਾਂ, ਮੈਨੂੰ ਪਤਾ ਹੈ ਕਿ ਜਿਸ ਵੇਲੇ ਕਿਸੇ ਹਰੀਜਨ ਨੂੰ ਰੋਜ਼ਗਾਰ ਨਹੀਂ ਮਿਲਦਾ ਤਾਂ ਉਹ ਐਸੇ ਕੰਮ ਨੂੰ ਹੱਥ ਪਾਉਂਦਾ ਹੈ ਜਿਸ ਨਾਲ ਉਸ ਨੂੰ ਦੋ ਸਾਲ ਮਗਰੋਂ ਟੀ. ਬੀ. ਹੋ ਜਾਂਦਾ ਹੈ । ਜਿਵੇਂ ਕਿ ਰਿਕਸ਼ਾ ਵਾਹੁਣ ਵਾਲੇ ਹਨ ਜਾਂ ਹੋਰ ਕਿਸੇ ਤਰ੍ਹਾਂ ਦੇ ਦੂਜੇ ਕੰਮ ਕਰਨ ਵਾਲੇ ਹਨ । ਟ੍ਰਾਂਸਪੋਰਟ ਦੀ ਬਸ ਗ਼ਰੀਬ ਹਰੀਜਨ ਨਹੀਂ ਲੈ ਸਕਦਾ । ਗ਼ਰੀਬ ਹਰੀਜਨ ਰਿਕਸ਼ਾ ਚਲਾਉਂਦਾ ਹੈ ਅਤੇ ਰੋਜ਼ ਦੇ ਢਾਈ ਰੁਪਏ ਕਿਰਾਏ ਹੇਠਾਂ ਪਿਸਦਾ ਹੈ । ਅਗਰ ਇਹ ਕਾਰਪੋਰੇਸ਼ਨ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਉਸ ਨੂੰ ਕੁਝ ਕਰਜ਼ ਦੇਵੇ ਕਿ ਜਿਸ ਨਾਲ ਉਸ ਦੀ ਰਿਕਸ਼ਾ ਤਾਂ ਆਪਣੀ ਹੋ ਜਾਵੇ ਤਾਂ ਕੁਝ ਮਕਸਦ ਹੱਲ ਹੋ ਸਕਦਾ ਹੈ ।

ਇਸ ਵਿਚ ਇਕ ਬੜਾ ਅਜੀਬ ਜਿਹਾ ਪ੍ਰੋਵਿਯਨ ਹੈ ਉਸ ਵਲ ਮੈਂ ਆਪ ਦੀ ਤਵੱਜੁਹ ਦਿਵਾਉਂਦਾ ਹਾਂ । ਇਸ ਵਿਚ 3-4 ਕਿਸਮ ਦੇ ਫੰਡਜ਼ ਦਾ ਜ਼ਿਕਰ ਹੈ । ਇਕ ਜਨਰਲ ਫੰਡ ਹੈ ਜਿਸ ਵਿਚ ਪੈਸਾ ਦੇਣਾ ਹੈ; ਕਰਜ਼ਾ ਦੇਣਾ ਹੈ । ਇਕ ਗਰੰਟੀ ਫੰਡ ਹੈ, ਇਕ ਰੀਲੀਫ ਫੰਡ ਹੈ । ਇਕ ਬੈਡ ਡੈਟ ਫੰਡ ਹੈ । ਉਸ ਦਾ ਕੀ ਮਕਸਦ ਹੋਵੇਗਾ ਇਹ ਗਲ ਬਿਲ ਵਿਚ ਨਹੀਂ ਹੈ ਪਰ ਇਨ੍ਹਾਂ ਫੰਡਜ਼ ਦੇ ਨਾਮਾਂ ਤੋਂ ਪਤਾ ਲਗਦਾ ਹੈ ਕਿ ਇਹ ਕਿਸ ਕੰਮ ਲਈ ਹੋਣਗੇ । ਗਰੰਟੀ ਫੰਡ ਗਰੰਟੀ ਦੇਣ ਲਈ ਅਤੇ ਦੂਜਾ ਰੀਲੀਫ ਦੇਣ ਲਈ ਹੋਵੇਗਾ । ਬੈਡ ਡੈਟ ਕਿਸ ਲਈ ਹੋਵੇਗਾ ਇਹ ਬਿਲ ਵਿਚ ਦਰਜ ਨਹੀਂ ਪਰ ਕਾਮਨਸੈਂਸ ਨਾਲ ਕਿਹਾ ਜਾ ਸਕਦਾ ਹੈ ਕਿ ਜੋ ਕਰਜ਼ ਦਿਤਾ ਹੈ, ਉਹ ਵਸੂਲ ਨਾ ਹੋਇਆ ਤਾਂ ਉਸਨੂੰ ਬੈਡ ਡੈਟ ਫੰਡ ਵਿਚੋਂ ਰਾਈਟ ਆਫ ਕਰ ਦਿਤਾ ਜਾਵੇਗਾ । ਇਹ ਬੜਾ ਅਜੀਬ ਪ੍ਰੋਵਿਯਨ ਹੈ ਜੋ ਹੋਰ ਕਿਸੇ ਕਾਰਪੋਰੇਸ਼ਨ ਵਿੱਚ ਨਹੀਂ ਹੈ । ਇਹ ਤਾਂ ਇਕ ਕਿਸਮ ਦੀ ਦਾਵਤ ਦੇਣ ਦੀ ਗਲ ਹੈ ਕਿ ਕਰਜ਼ ਲੈ ਲਓ ਵਾਪਸ ਕਰਨ ਦੀ ਲੋੜ ਨਹੀਂ ਇਸ ਨੂੰ ਬੈਡ ਡੈਟ ਫੰਡ ਵਿਚੋਂ ਰਾਈਟ ਆਫ ਕਰਾ ਲਿਆ ਜਾਵੇਗਾ । ਇਸ ਤਰਾਂ ਦੀ ਗਲ ਅਗਰ ਹੋ ਜਾਂਦੀ ਹੈ ਤਾਂ ਉਹ ਜਨਰਲ ਫੰਡ ਵਿਚੋਂ ਰਾਈਟ ਆਫ ਹੋ ਸਕਦਾ ਹੈ ਪਰ ਅਸੀ ਇਸ ਬਾਰੇ ਦਾਵਤ ਕਿਉਂ ਦੇਈਏ । ਇਹ ਪ੍ਰੋਵਿਯਨ ਗਲਤ ਟੈਂਡੈਂਸੀ ਨੂੰ ਐਨਕਰੇਜ ਕਰੇਗਾ, ਇਸ ਲਈ ਇਸ ਨੂੰ ਡੀਲੀਟ ਕਰਨਾ ਚਾਹੀਦਾ ਹੈ ।

ਫਿਰ ਇਕ ਪ੍ਰੋਵਿਯਨ ਹੈ ਕਿ ਇਸ ਦੇ 7 ਡਾਇਰੈਕਟਰਜ਼ ਹੋਣਗੇ । ਘਟੋ ਘਟ ਦੋ ਡਾਇਰੈਕਟਰ ਅਫਸਰ ਹੋਣਗੇ ਅਤੇ ਬਾਕੀ ਡਾਇਰੈਕਟਰ ਕੋਈ ਵੀ ਆਦਮੀ ਹੋ ਸਕਦਾ ਹੈ ਜਿਸ ਨੂੰ ਗਵਰਨਰ ਨਾਮੀਨੇਟ ਕਰੇ । ਮੈਂ ਸਰਦਾਰ ਉਮਰਾਓ ਸਿੰਘ ਹੋਰਾਂ ਦੀਆਂ ਗੱਲਾਂ ਨੂੰ ਦੁਹਰਾਣਾ ਨਹੀਂ ਚਾਹੁੰਦਾ ਪਰ ਇਹ ਕਹ ਗਾ ਕਿ ਇਹ ਡਾਇਰੈਕਟਰ 9 ਹੋਣੇ ਚਾਹੀਦੇ ਹਨ । 7 ਨੂੰ ਗਵਰਨਰ ਨਾਮੀਨੇਟ ਕਰੇ, ਇਸ ਬਾਰੇ ਮੈਂ ਡਾਕਟਰ ਸਾਹਿਬ ਨਾਲ ਝਗੜਾ ਨਹੀਂ ਕਰਨਾ ਚਾਹੁੰਦਾ ਪਰ 7 ਡਾਇਰੈਕਟਰਾਂ ਤੋਂ ਇਲਾਵਾ ਦੋ ਹੋਰ ਡਾਇਰੈਕਟਰ ਹੋਣ ਜਿਨ੍ਹਾਂ ਨੂੰ ਅਸੈਂਬਲੀ ਆਪਣੇ ਮੈਂਬਰਾਂ ਵਿਚੋਂ ਚੁਣ ਕੇ ਭੇਜੇ । ਜਾਣੇ ਤਾਂ ਉਹੀ ਹਨ ਜਿਨ੍ਹਾਂ ਨੂੰ ਟ੍ਰੇਯਰੀ ਬੈਂਚਿਜ਼ ਚਾਹੁਣਗੇ ਅਗਰ ਇਹ ਚਾਹੁਣ ਤਾਂ ਇਕ ਆਪੋਜ਼ੀਸ਼ਨ ਦਾ ਵੀ ਜਾ ਸਕਦਾ ਹੈ । ਜੋ ਵੀ ਹੋਵੇ ਦੋ ਡਾਇਰੈਕਟਰ ਅਸੈਂਬਲੀ ਵਿਚੋਂ ਜ਼ਰੂਰ ਜਾਣੇ ਚਾਹੀਦੇ ਹਨ । ਇਸ ਬਾਰੇ ਰੈਸਟ੍ਰਿਕਸ਼ਨ ਲਗਾਈ ਜਾ ਸਕਦੀ ਹੈ ਕਿ ਉਹ ਦੋਵੇਂ ਹਰੀਜਨ ਹੋਣ । ਮੈਂ ਆਸ ਰਖਦਾ ਹਾਂ ਕਿ ਡਾਕਟਰ ਸਾਹਿਬ ਇਸ ਗੱਲ ਨੂੰ ਮੰਨ ਲੈਣਗੇ ।

ਆਖਿਰ ਵਿਚ ਮੈਂ ਇਕ ਗੱਲ ਸਰਦਾਰ ਉਮਰਾਓ ਸਿੰਘ ਹੋਰਾਂ ਦੀ ਦੁਹਰਾਂਵਾਂਗਾ । ਇਸ ਵਿਚ ਆਡਿਟ ਦਾ ਪ੍ਰੋਵਿਯਨ ਹੈ । ਉਹ ਆਡਿਟਰ ਕਰੇਗਾ ਜਿਸ ਨੂੰ ਸਰਕਾਰ ਕਹੇਗੀ । ਜਦੋਂ ਸਰਕਾਰ ਮੁਨਾਸਬ ਸਮਝੇ ਤਾਂ ਸਰਕਾਰ ਅਕਾਊਂਟੈਂਟ ਜਨਰਲ ਕੋਲੋਂ ਆਡਿਟ ਕਰਵਾ ਸਕਦੀ ਹੈ । ਬਿਹਤਰ ਹੁੰਦਾ ਅਗਰ ਅਕਾਊਂਟੈਂਟ ਜਨਰਲ ਵਲੋਂ ਆਡਿਟ ਕਮਪਲਸਰੀ ਹੁੰਦਾ । ਅਸੀਂ ਇਸ ਸਟੇਜ ਤੇ ਕੋਈ ਝਗੜਾ ਨਹੀਂ ਪਾਉਣਾ ਚਾਹੁੰਦੇ ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਇਹ ਕਾਰਪੋਰੇਸ਼ਨ ਬਣੇ, ਬਾਕੀ ਗਲਾਂ ਲਈ ਅਸੀਂ ਡਾਕਟਰ ਸਾਹਿਬ ਨਾਲ ਬਾਅਦ ਵਿਚ ਲੜ ਸਕਦੇ ਹਾਂ । ਪਰ ਇਹ ਘੱਟੋ ਘੱਟ ਇੰਨਾ ਤਾਂ ਕਰ ਦੇਣ ਕਿ ਜੋ ਆਡੀਟਰ ਰਿਪੋਰਟ ਕਰੇ ਉਹ ਅਸੈਂਬਲੀ ਦੇ ਟੇਬਲ ਤੇ ਲੇ ਹੋਵੇ । ਇਕ ਵਾਰ ਅਸੈਂਬਲੀ ਨੇ ਕਾਰਪੋਰੇਸ਼ਨ ਬਣਾ ਦਿਤੀ ਫਿਰ ਉਸ ਦੇ ਪਾਸ ਇਖਤਿਆਰ ਨਹੀਂ ਹੋਵੇਗਾ ਕਿ ਉਸ ਬਾਰੇ

Original with;
Punjab Vidhan Sabha
Digitized by;
Panjab Digital Library

ਬਹਿਸ ਵੀ ਕਰ ਸਕੇ ਸਿਵਾਏ ਬਜਟ ਦੀ ਬਹਿਸ ਵੇਲੇ । ਇਸ ਲਈ ਆਡਿਟ ਅਕਾਊਂਟੈਂਟ ਜਨਰਲ ਰਾਹੀਂ ਹੋਵੇ ਅਤੇ ਉਹ ਅਸੈਂਬਲੀ ਦੇ ਟੇਬਲ ਤੇ ਜ਼ਰੂਰ ਲੇ ਹੋਏ । ਹੋਰ ਵੀ ਕਈ ਅਮੈਂਡਮੈਂਟਾਂ ਮੈਂ ਦਿਤੀਆਂ ਹਨ ਜਿਨ੍ਹਾਂ ਦਾ ਜ਼ਿਕਰ ਉਨ੍ਹਾਂ ਬਾਰੇ ਬਹਿਸ ਸਮੇਂ ਕਰਾਂਗਾ ।

ਆਖਿਰ ਵਿਚ ਮੈਂ ਇਹ ਦੁਹਰਾਣਾ ਚਾਹੁੰਦਾ ਹਾਂ ਕਿ ਇਹ ਜੋ ਬਿਲ ਹੈ ਇਸ ਨੂੰ ਮੇਰੀ ਪਾਰਟੀ ਐਪਰੀਸ਼ੀਏਟ ਕਰਦੀ ਹੈ । ਅਸੀਂ ਚਾਹੁੰਦੇ ਹਾਂ ਕਿ ਇਸ ਦੀ ਯੁਟਿਲਟੀ ਵਧ ਤੋਂ ਵਧ ਹੋਵੇ ਅਤੇ ਹੱਕਦਾਰ ਨੂੰ ਮਦਦ ਮਿਲੇ, ਛੋਟੇ ਕਾਮੇ ਨੂੰ ਮਦਦ ਮਿਲੇ ਅਤੇ ਅਗਰ ਬੁਨਿਆਦੀ ਮਸਲਾ ਹਲ ਕਰਨਾ ਹੈ ਤਾਂ ਜੋ ਲੈਂਡ ਪਾਲਿਸੀ ਹੈ ਉਸ ਨੂੰ ਤਬਦੀਲ ਕੀਤਾ ਜਾਵੇ । ਕਾਂਗਰਸ ਵਾਲਿਆਂ ਨੇ ਜੋ ਇਨ੍ਹਾਂ ਨਾਲ ਸਮਝੌਤਾ ਕਰਨਾ ਹੈ ਤਾਂ ਉਹ ਦੇਖਣ ਕਿ ਅਮਲ ਵਿਚ ਲੈਂਡ ਪਾਲਿਸੀ ਬਦਲੇ ਸਿਰਫ ਜ਼ਬਾਨੀ ਜਮਾਂ ਖਰਚ ਹੀ ਨਾ ਹੋਵੇ ।

ਸਰਦਾਰ ਗੁਰਬੰਤਾ ਸਿੰਘ : (ਕਰਤਾਰਪੁਰ, ਐਸ. ਸੀ.) ਚੇਅਰਮੈਨ ਸਾਹਿਬ...... ।

ਇਕ ਆਵਾਜ਼ : ਮਾਸਟਰ ਜੀ, ਥੋੜ੍ਹਾ ਹੀ ਬੋਲਣਾ ।

ਸਰਦਾਰ ਗੁਰਬੰਤਾ ਸਿੰਘ : ਮੈਂ ਤਾਂ ਬੋਲਦਾ ਹੀ ਨਹੀਂ ਅਗਰ ਡਾਕਟਰ ਸਾਹਿਬ ਹਰੀਜਨਾਂ ਦੇ ਫ਼ਾਇਦੇ ਲਈ ਅਸੀ ਜੋ ਅਮੈਂਡਮੈਂਟ ਦਿਤੀਆਂ ਹਨ ਮੰਨ ਲੈਣ (ਵਿਘਨ) ਪਰ ਡਾਕਟਰ ਸਾਹਿਬ ਨਾਲ ਮੈਂ ਗਲ ਕੀਤੀ ਹੈ, ਇਨ੍ਹਾਂ ਦਾ ਐਟੀਚਯੂਡ ਕਾਫੀ ਰਿਜਿਡ ਹੈ ।

ਚੇਅਰਮੈਨ ਸਾਹਿਬ, ਮੈਨੂੰ ਖ਼ੁਸ਼ੀ ਹੈ ਕਿ ਇਹ ਕਾਰਪੋਰੇਸ਼ਨ ਦਾ ਬਿਲ ਲਿਆਏ ਹਨ । ਇਹ ਵੀ ਖ਼ੁਸ਼ੀ ਦੀ ਗਲ ਹੈ ਜੋ ਡਾਕਟਰ ਸਾਹਿਬ ਨੇ ਕਿਹਾ ਕਿ ਇਹ ਬਾਬਾ ਫਤਿਹ ਸਿੰਘ ਹੋਰਾਂ ਦੀ ਆਗਿਆ ਮੁਤਾਬਿਕ ਹੈ । ਚੇਅਰਮੈਨ ਸਾਹਿਬ, ਮੈਂ ਸੰਤ ਹੋਰਾਂ ਦੀ ਬੜੀ ਰਿਸਪੈਕਟ ਕਰਦਾ ਹਾਂ ਭਾਵੇਂ ਸਾਰੀ ਉਮਰ ਵਿਚ ਮੈਂ ਉਨ੍ਹਾਂ ਦੇ ਦਰਸ਼ਨ ਨਹੀਂ ਕੀਤੇ, ਫਿਰ ਵੀ ਮੈਂ ਉਨ੍ਹਾਂ ਦਾ ਮਾਨ ਕਰਦਾ ਹਾਂ । (ਵਿਘਨ) ਇਨ੍ਹਾਂ ਨੇ ਬਿਲ ਪੇਸ਼ ਕਰਨ ਲਗਿਆਂ ਕਿਹਾ, ਇਨ੍ਹਾਂ ਨੇ ਡੀਂਗ ਮਾਰੀ ਕਿ ਇਕ ਕਰੋੜ ਰੁਪਿਆ ਦਿਤਾ ਹੈ ਅਤੇ 5 ਕਰੋੜ ਕਰਨਾ ਹੈ ਪਤਾ ਨਹੀਂ ਕਦ ਦੇਣਾ ਹੈ, ਦੇਣਾ ਵੀ ਹੈ ਜਾਂ ਨਹੀਂ ਦੇਣਾ । ਇਕ ਕਰੋੜ ਰੁਪਏ ਨਾਲ ਤਾਂ ਤਿੰਨ ਰੁਪਏ ਪ੍ਰਤੀ ਜੀ ਆਵੇਗਾ । ਇਸ ਤਰ੍ਹਾਂ ਤੁਸੀਂ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਕਿਸ ਤਰ੍ਹਾਂ ਅਤੇ ਕਿਸ ਹੱਦ ਤਕ ਹਰੀਜਨਾਂ ਦੀ ਤਰੱਕੀ ਹੋ ਸਕਦੀ ਹੈ । ਫਿਰ ਇਹ ਮਾਣ ਕਰਦੇ ਹਨ ਪਤਾ ਨਹੀਂ ਕਿਹੜੀ ਹਾਤਮ ਤਾਈ ਦੀ ਕਬਰ ਤੇ ਇਨ੍ਹਾਂ ਨੇ ਲੱਤ ਮਾਰ ਦਿਤੀ ਹੈ । ਕਈ ਸੱਜਨ ਇਥੇ ਹਨ ਜਿਨ੍ਹਾਂ ਨੂੰ ਇਸ ਗਲ ਦਾ ਪਤਾ ਹੈ ਅਤੇ ਉਨ੍ਹਾਂ ਨੇ ਵਾਕ ਆਊਟ ਵੀ ਕੀਤਾ ਸੀ । ਉਨ੍ਹਾਂ ਨੂੰ ਪਤਾ ਹੈ ਕਿ ਅਸੀਂ ਇਸ ਕੰਮ ਲਈ ਜਨਤਾ ਤੇ ਟੈਕਸ ਲਗਾ ਕੇ 5 ਕਰੋੜ ਰੁਪਿਆ ਇਕੱਠਾ ਕਰ ਕੇ ਦਿਤਾ ਸੀ । ਉਹ ਰੁਪਿਆ ਇਕੱਠਾ ਕੀਤਾ ਗਿਆ ਸੀ ਪਰ ਇਹ ਪਤਾ ਨਹੀਂ ਕਿ ਉਹ ਰਕਮ ਕਿਥੇ ਖਰਚ ਕੀਤੀ ਗਈ ਹੈ । ਇਕ ਵਜ਼ੀਰ ਨੇ ਆਪਣੇ ਹੀ ਰਿਸ਼ਤੇਦਾਰਾਂ ਨੂੰ ਦਸ ਹਜ਼ਾਰ ਵੀਹ ਹਜ਼ਾਰ ਵੰਡ ਦਿਤਾ ... ... (ਵਿਘਨ)

ਸ੍ਰੀ ਸਭਾਪਤੀ : ਤੁਸੀਂ ਆਪ ਹੀ ਉਸ ਵਕਤ ਵਜ਼ੀਰ ਸੋ । (The hon. Member himself was a Minister at that time.)

ਸਰਦਾਰ ਗੁਰਬੰਤਾ ਸਿੰਘ : ਅਸੀਂ ਆਪ ਇਹ ਰੁਪਿਆ ਇਕੱਠਾ ਕਰਕੇ ਦਿਤਾ ਸੀ ਅਤੇ ਇਨ੍ਹਾਂ ਨੇ ਪਤਾ ਨਹੀਂ ਕਿਸ ਤਰ੍ਹਾਂ ਦੀ ਲੁਟ ਮਚਾਈ (ਵਿਘਨ) ਡਾਕਟਰ ਭਗਤ ਸਿੰਘ ਜਿਹੜੇ ਹੁਣ ਵਜ਼ੀਰ ਇਸ ਮਹਿਕਮੇ ਦੇ ਹਨ ਮੈ ਜਾਣਦਾ ਹਾਂ ਕਿ ਬੜੇ ਇਮਾਨਦਾਰ ਹਨ ਪਰ ਮੈਨੂੰ ਡਰ ਹੈ ਕਿ ਜਿਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬੰਤਾ ਸਿੰਘ]

ਤਰ੍ਹਾਂ ਧਰਮਸਾਲਾ ਬਨਾਣ ਵਿਚ ਇਨ੍ਹਾਂ ਨੇ ਜ਼ਿਲਿਆਂ ਨਾਲ ਵਿਤਕਰਾ ਕੀਤਾ ਹੈ, ਉਸੇ ਤਰ੍ਹਾਂ ਹੁਣ ਕਿਤੇ ਇਸ ਕਾਰਪੋਰੇਸ਼ਨ ਦੇ ਕੰਮ ਵਿਚ ਵੀ ਨਾ ਕੀਤਾ ਜਾਵੇ । (ਵਿਘਨ) ਚੇਅਰਮੈਨ ਸਾਹਿਬ, ਮੈਂ ਆਪ ਨੂੰ ਦਸਾਂ ਕਿ ਬਠਿੰਡੇ ਵਿਚ 150, ਕਪੂਰਥਲੇ ਵਿਚ 5 ਅਤੇ ਜਲੰਧਰ ਵਿਚ 20 ਜਾਂ 25 ਧਰਮਸਾਲਾਵਾਂ ਲਈ ਰਕਮ ਦਿਤੀ ਗਈ ਹੈ ਹਾਲਾਂਕਿ ਆਬਾਦੀ ਜਲੰਧਰ ਦੀ ਘੱਟ ਨਹੀਂ । ਇਸ ਤਰ੍ਹਾਂ ਦਾ ਵਿਤਕਰਾ ਕਿਸੇ ਜ਼ਿਲੇ ਨਾਲ ਨਹੀਂ ਕਰਨਾ ਚਾਹੀਦਾ । ਮੈਨੂੰ ਇਸ ਸਿਲਸਿਲੇ ਵਿਚ ਸ਼ੱਕ ਹੈ ਕਿ ਡਾਕਟਰ ਸਾਹਿਬ ਦਾ ਆਪਣਾ ਹਥ ਇਸ ਵਿਚ ਨਹੀਂ ਅਤੇ ਡਰ ਹੈ ਕਿ ਹੁਣ ਵੀ ਜ਼ਿਲ੍ਹਾ ਬਠਿੰਡਾ ਵਲ ਹੋਰ ਵਾਧੂ ਰਕਮ ਦਿਤੀ ਜਾਵੇਗੀ । ਇਸ ਪਾਸੇ ਇਨ੍ਹਾਂ ਨੂੰ ਖਾਸ ਤੌਰ ਤੇ ਧਿਆਨ ਰਖਣਾ ਚਾਹੀਦਾ ਹੈ ।

ਇਥੇ ਇਹ ਕਿਹਾ ਗਿਆ ਕਿ ਸੰਤ ਫਤਿਹ ਸਿੰਘ ਦੀ ਆਗਿਆ ਨਾਲ ਇਹ ਬਿਲ ਪੇਸ਼ ਕੀਤਾ ਗਿਆ ਹੈ । ਜੇਕਰ ਇਹ ਗਲ ਠੀਕ ਹੈ ਤਾਂ ਮੈਂ ਸੰਤ ਬਾਬਾ ਫਤਹ ਸਿੰਘ ਪਾਸੋਂ ਡਾਕਟਰ ਸਾਹਿਬ ਦੀ ਰਾਹੀਂ ਬੇਨਤੀ ਕਰਾਂਗਾ ਕਿ ਉਨ੍ਹਾਂ ਦੇ ਹੁੰਦੇ ਹੀ ਮੁਜ਼ਾਰੇ ਦਿਨੋ ਦਿਨ ਬੇਦਖਲ ਕੀਤੇ ਜਾ ਰਹੇ ਹਨ ਅਤੇ ਤਿੰਨ ਤਿੰਨ ਸਾਲ ਦੀ ਖਰੀਦੀ ਹੋਈ ਜ਼ਮੀਨ ਤੇ ਪੁਲਿਸ ਦੀ ਮਾਰਫਤ ਕਬਜ਼ਾ ਦਿਲਾਇਆ ਜਾ ਰਿਹਾ ਹੈ ਅਤੇ ਗੈਰ ਹਾਜ਼ਰ ਦੇ ਨਾਂ ਤੇ ਬੇਦਖਲੀਆਂ ਕੀਤੀਆਂ ਜਾ ਰਹੀਆਂ ਹਨ । ਇਸ ਪਾਸੇ ਧਿਆਨ ਦੇਣ ਦੀ ਲੋੜ ਹੈ ।

ਇਸ ਤਰ੍ਹਾਂ ਦੀਆਂ ਵਧੀਕੀਆਂ ਬਾਰੇ ਕਿਨਾਂ ਕੁਝ ਕਿਹਾ ਗਿਆ ਪਰ ਕੁਝ ਨਹੀਂ ਕੀਤਾ ਗਿਆ । ਮੈਂ ਸੰਤ ਬਾਬਾ ਫਤਿਹ ਸਿੰਘ ਨੂੰ ਡਾਕਟਰ ਭਗਤ ਸਿੰਘ ਦੀ ਰਾਹੀਂ ਕਹਿਣਾ ਚਾਹੁੰਦਾ ਕਿ ਉਹ ਇਸ ਤਰ੍ਹਾਂ ਦੀਆਂ ਜ਼ਿਆਦਤੀਆਂ ਨਾ ਕਰਨ । (ਵਿਘਨ) ਅੱਜ ਜਿਸ ਤਰ੍ਹਾਂ ਇਹ ਵਜ਼ੀਰ ਇਨ੍ਹਾਂ ਸਰਕਾਰੀ ਬੈਂਚਾਂ ਤੇ ਬੈਠੇ ਕਰ ਰਹੇ ਹਨ ਅਤੇ ਇਸ ਗਲ ਦਾ ਮਾਣ ਲੈ ਰਹੇ ਹਨ ਕਿ ਇਨ੍ਹਾਂ ਵਲੋਂ ਇਹ ਬਿਲ ਸੰਤ ਬਾਬਾ ਫਤਹਿ ਸਿੰਘ ਦੇ ਕਹਿਣ ਤੇ ਪੇਸ਼ ਕੀਤਾ ਜਾ ਰਿਹਾ ਹੈ, ਇਨ੍ਹਾਂ ਨੂੰ ਪਤਾ ਨਹੀਂ ਕਿ ਇਹ ਤਾਂ ਪੱਕੀ ਪਕਾਈ ਤੇ ਆਕੇ ਬੈਠ ਗਏ ਹਨ; ਇਸ ਕੰਮ ਨੂੰ ਤਾਂ ਕਾਂਗਰਸ ਸਰਕਾਰ ਨੇ ਸ਼ੁਰੂ ਕੀਤਾ ਸੀ । ਫਿਰ ਇਸ ਦੇ ਨਾਲ ਹੀ ਹਰੀਜਨਾਂ ਨਾਲ ਵਧੀਕੀ ਕੀਤੀ ਜਾ ਰਹੀ ਹੈ । ਮੈਂ ਸੰਤ ਬਾਬਾ ਫਤਿਹ ਸਿੰਘ ਨੂੰ ਇਨ੍ਹਾਂ ਦੀ ਰਾਹੀਂ ਕਹਾਂਗਾ ਕਿ ਜੇਕਰ ਕੋਈ ਹਰੀਜਨ ਰਪਟ ਲਿਖਵਾਉਣ ਜਾਂਦਾ ਹੈ ਤਾਂ ਉਸ ਨੂੰ ਦੁਖੀ ਕੀਤਾ ਜਾਂਦਾ ਹੈ । ਜਿਹੜਾ ਜ਼ਿਆਦਤੀ ਕਰਦਾ ਹੈ ਉਸ ਦਾ ਚਲਾਨ ਨਹੀਂ ਕੀਤਾ ਜਾਂਦਾ । ਜਿਥੇ ਹਰੀਜਨਾਂ ਨੂੰ ਨੁਕਸਾਨ ਹੁੰਦਾ ਹੈ ਉਸ ਵਲ ਕੋਈ ਧਿਆਨ ਨਹੀਂ ਦਿਤਾ ਜਾਂਦਾ । ਇਨ੍ਹਾਂ ਨੂੰ ਕਹਾਂਗਾ ਕਿ ਹਦਾਇਤਾਂ ਜਾਰੀ ਕਰਵਾ ਦੇਣ ਕਿ ਹਰੀਜਨਾਂ ਦੀ ਰਪਟ ਤਾਂ ਥਾਣਿਆਂ ਵਿਚ ਲਿਖ ਲਈ ਜਾਇਆ ਕਰੇ । (ਵਿਘਨ)

चौधरी बलबीर सिंह : अध्यक्ष महोदय, मेरा व्यवस्था का प्रश्न यह है कि इस हाऊस में सरकार को कोई बात कही जा सकती है, सरकारी पार्टी के नेता को नहीं कही जा सकती । यहां पर संत फतेह सिंह को कुछ कहा जा रहा है इस को रोकना चाहिए। आनरेबल मैंबर जो बोल रहे हैं उनको आप यह कहें कि वह यह कह सकते हैं कि सरकार यह करे या सरकार ने कोई काम गलत किया है, संत बाबा फतेह सिंह का नाम नहीं आना चाहिए और न ही उनको कहना चाहिए कि यह करें या वह करें । इस तरह हवाले देना ठीक नहीं ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਭਾਪਤੀ : ਤੁਸੀਂ ਵੀ ਆਪਣੇ ਹਾਈ ਕਮਾਂਡ ਨੂੰ ਰੈਫਰ ਕਰ ਸਕਦੇ ਹੋ । ਇਹ ਕੋਈ ਪੁਆਇੰਟ ਆਫ ਅਰਡਰ ਨਹੀਂ । (The hon. Member can also refer to his High Command. This is no point of order)

ਸਰਦਾਰ ਗੁਰਬੰਤਾ ਸਿੰਘ : ਮੈਂ ਇਸ ਬਿਲ ਤੇ ਹੀ ਬੋਲ ਰਿਹਾ ਹਾਂ ਅਤੇ ਦਸ ਰਿਹਾ ਸਾਂ ਕਿ ਕਿਸ ਤਰ੍ਹਾਂ ਹਰੀਜਨਾਂ ਤੇ ਜ਼ੁਲਮ ਅਤੇ ਜ਼ੋਰਾਜਬਰੀ ਹੁੰਦੀ ਹੈ ਅਤੇ ਕਿਸ ਤਰ੍ਹਾਂ ਦੀਆਂ ਕਠਿਨਾਈਆਂ ਪੇਸ਼ ਆਉਂਦੀਆਂ ਹਨ । ਕਿਉਂਕਿ ਇਥੇ ਡਾਕਟਰ ਭਗਤ ਸਿੰਘ ਨੇ ਇਸ ਬਿਲ ਨੂੰ ਪੇਸ਼ ਕਰਦਿਆਂ ਕਿਹਾ ਸੀ ਕਿ ਬਾਬਾ ਫਤਿਹ ਸਿੰਘ ਨੇ ਬਿਲ ਪੇਸ਼ ਕਰਨ ਲਈ ਕਿਹਾ ਹੈ, ਇਸ ਲਈ ਹਰੀਜਨਾਂ ਨਾਲ ਹੋ ਰਹੀ ਜ਼ਿਆਦਤੀ ਬਾਰੇ ਮੈਂ ਸਰਕਾਰ ਨੂੰ ਕਹਿ ਸਕਦਾ ਹਾਂ ਕਿ ਉਹ ਸੰਤ ਬਾਬਾ ਫਤਿਹ ਸਿੰਘ ਹੋਰਾਂ ਨੂੰ ਕਹਿਣ ਕਿ ਇਸ ਤਰ੍ਹਾਂ ਨਾ ਕੀਤਾ ਜਾਵੇ । ਉਨ੍ਹਾਂ ਨੇ ਕਿਹਾ ਸੀ ਅਤੇ ਮੈਂ ਜਵਾਬ ਦਿਤਾ ਹੈ । (ਵਿਘਨ) (ਸ਼ੋਰ) ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿੰਨੀਆਂ ਵੀ ਬਿਲ ਵਿਚ ਕਮਜ਼ੋਰੀਆਂ ਹਨ ਉਨ੍ਹਾਂ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ ਅਤੇ ਹਰ ਪਾਸੇ ਤੋਂ, ਅਫਸਰਾਂ ਵਲੋਂ ਵੀ ਵਧੀਕੀ ਅਤੇ ਪੁਲਿਸ ਵਲੋਂ ਵੀ ਵਧੀਕੀ ਇਨ੍ਹਾਂ ਨਾਲ ਹੀ ਹੁੰਦੀ ਹੈ । ਇਸ ਲਈ ਡਾਕਟਰ ਸਾਹਿਬ ਨੂੰ ਕਹਾਂਗਾ ਕਿ ਜਿਸ ਵਕਤ ਰੂਲ ਬਣਾਏ ਜਾਣ ਤਾਂ ਇਨਾਂ ਗੱਲਾਂ ਦਾ ਧਿਆਨ ਰਖਿਆ ਜਾਵੇ ਅਤੇ ਇਨ੍ਹਾਂ ਮੁਸ਼ਕਲਾਂ ਨੂੰ ਹਲ ਕੀਤਾ ਜਾਵੇ । ਅਫ਼ਸਰਾਂ ਦੀਆਂ ਪ੍ਰੋਮੋਸ਼ਨਾਂ ਵਿਚ ਹਰੀਜਨਾਂ ਦਾ ਪੂਰਾ ਖਿਆਲ ਨਹੀ ਰਖਿਆ ਜਾਂਦਾ । ਵੈਲਫ਼ੇਅਰ ਡੀਪਾਰਟਮੈਂਟ ਦਾ ਮੈਨੂੰ ਆਪ ਵੀ ਪਤਾ ਹੈ ਕਿ ਡਾਇਰੈਕਟਰ ਕੰਮ ਨਹੀਂ ਕਰਦੇ ਅਤੇ ਦੂਜਿਆਂ ਮਹਿਕਮਿਆਂ ਵਿਚ ਚਲੇ ਜਾਣ ਨੂੰ ਤਿਆਰ ਹਨ । ਦੋ ਤਾਂ ਚਲੇ ਵੀ ਗਏ ਹਨ । ਫਿਰ ਦਫ਼ਤਰਾਂ ਵਿਚ ਇਕ ਹੋਰ ਬੀਮਾਰੀ ਆ ਗਈ ਹੈ ਕਿ ਹਰੀਜਨ ਅਫ਼ਸਰਾਂ ਨੂੰ ਕੰਮ ਹੀ ਨਹੀਂ ਕਰਨ ਦਿਤਾ ਜ ਦਾ । ਅਤੇ ਉਹ ਇਧਰ ਉਧਰ ਜਾਣ ਲਈ ਕਾਹਲੇ ਪੈਂਦੇ ਹਨ । ਸਰਕਾਰ ਦੀ ਇਹ ਨੀਤੀ ਵੇਖੀ ਜਾ ਰਹੀ ਹੈ ਕਿ ਹਰੀਜਨ ਅਫ਼ਸਰਾਂ ਨੂੰ ਜੇਕਰ ਕਿਤੇ ਕੋਈ ਹਨ ਕਨਡਮ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਖੁਡੇ ਲਾਇਨ ਲਗਾ ਦਿਤਾ ਜਾਵੇ । ਅਤੇ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ । ਅਤੇ ਇਹ ਜਿਹੜੀ ਕਾਰਪੋਰੇਸ਼ਨ ਬਣਾਈ ਜਾ ਰਹੀ ਹੈ ਮੈਨੂੰ ਸ਼ਕ ਹੈ ਕਿ ਇਸ ਦੇ ਡਾਇਰੈਕਟਰ ਅਜਿਹੇ ਆਦਮੀ ਲਗਾ ਦਿਤੇ ਜਾਣਗੇ ਜਿਨ੍ਹਾਂ ਤੋਂ ਜੋ ਇਹ ਚਾਹੁਣਗੇ ਕਰਾਉਣਗੇ । ਜਿਹੜੇ ਦੋ ਡਾਇਰੈਕਟਰ ਲਗਾਏ ਜਾਣੇ ਹਨ ਪਤਾ ਨਹੀਂ ਕਿਸ ਤਰ੍ਹਾਂ ਦੇ ਲਗਾਏ ਜਾਣਗੇ । ਫਿਰ ਜਿਹੜਾ ਇਸ ਬਿਲ ਵਿਚ ਇਕ ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ ਪਤਾ ਨਹੀਂ ਰੱਖਣਾ ਵੀ ਹੈ ਹੈ ਜਾਂ ਨਹੀਂ ਅਤੇ ਫਿਰ ਖਰਚ ਇਨ੍ਹਾਂ ਨੇ ਆਪਣੀ ਮਰਜ਼ੀ ਅਨੁਸਾਰ ਕਰ ਲੈਣਾ ਹੈ ਅਤੇ ਹਰੀਜਨ ਭਲਾਈ ਨੂੰ ਸਾਹਮਣੇ ਨਹੀਂ ਰਖਣਾ । ਅਗੇ ਜਿਸ ਤਰ੍ਹਾਂ ਇਨ੍ਹਾਂ ਨੇ ਧਰਮਸਾਲਾ ਬਣਾਉਣ ਦੇ ਕੇਸ ਵਿਚ ਕੀਤਾ ਹੈ । ਮੈਂ ਇਨ੍ਹਾਂ ਸਾਰੀਆਂ ਔਕੜਾਂ ਬਾਰੇ ਵਿਚਾਰ ਮੰਤਰੀ ਸਾਹਿਬ ਨਾਲ ਕਲ੍ਹ ਰਾਤ ਨੂੰ ਕੀਤਾ ਹੈ ਅਤੇ ਤਰਮੀਮਾਂ ਵੀ ਦਿੱਤੀਆਂ ਹਨ ਆਸ ਹੈ ਸਰਕਾਰ ਉਨ੍ਹਾਂ ਨੂੰ ਮੰਨ ਲਏਗੀ ਤਾਂ ਕਿ ਹਰੀਜਨਾਂ ਦਾ ਸਹੀ ਮਾਹਨਿਆਂ ਵਿਚ ਫਾਇਦਾ ਹੋਵੇ ।

ਧਰਮਸਾਲਾਵਾਂ ਦੇ ਬਾਰੇ ਵਿਚ ਮੈਂ ਪਹਿਲਾਂ ਹੀ ਜ਼ਿਕਰ ਕਰ ਦਿਤਾ ਹੈ ਕਿ ਵਿਤਕਰਾ ਕੀਤਾ ਗਿਆ ਹੈ । ਮੇਰੇ ਹਲਕੇ ਨੂੰ ਖਾਸ ਤੌਰ ਤੇ ਛਡਿਆ ਗਿਆ ਹੈ (ਵਿਘਨ) ਮੈਂ ਇਸ ਗੱਲ ਦਾ ਸਬੂਤ ਦੇ ਸਕਦਾ ਹਾਂ ਅਤੇ ਇਹ ਕਹਾਂਗਾ ਕਿ ਹਰ ਜ਼ਿਲੇ ਨੂੰ ਬਰਾਬੇਰ ਦਾ ਹਿੱਸਾ ਮਿਲਣਾ ਚਾਹੀਦਾ ਹੈ । ਜ਼ਿਲਾ ਬਠਿੰਡਾ ਵਿਚ ਸਾਰਿਆਂ ਤੋਂ ਵਧ, ਜ਼ਿਲਾ ਕਪੂਰਥਲਾ ਵਿਚ ਬਹੁਤ ਘੱਟ ਅਤੇ ਜ਼ਿਲ੍ਹਾ ਜਲੰਧਰ ਵਿਚ ਸਭ ਤੋਂ ਘੱਟ ਧਰਮਸਾਲਾਵਾਂ ਲਈ ਰਕਮ ਰੱਖੀ ਗਈ ਹੈ, ਇਹ ਇਕ ਗਲਤ ਤਰੀਕਾ ਹੈ । ਮੈਂ ਇਨ੍ਹਾਂ ਸਾਰੀਆਂ ਗੱਲਾਂ ਬਾਰੇ ਵਜ਼ੀਰ ਸਾਹਿਬ ਨੂੰ ਪਰਸਨਲੀ ਮਿਲਿਆ ਹਾਂ ਇਸ ਤੋਂ ਪਹਿਲਾਂ ਵੀ ਮਿਲਿਆ ਹਾਂ ਅਤੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬੰਤਾ ਸਿੰਘ]
ਇਨ੍ਹਾਂ ਨੂੰ ਰਿਕਵੈਸਟ ਕੀਤੀ ਹੈ ਕਿ ਇਸ ਬਿਲ ਵਿਚ ਬਹੁਤ ਖਾਮੀਆਂ ਹਨ ਜਿਨ੍ਹਾਂ ਨੂੰ ਇਹ ਆਪ ਦੂਰ ਕਰਵਾ ਦੇਣ ਅਤੇ ਆਪਣੇ ਅਫ਼ਸਰਾਂ ਦੇ ਮਗਰ ਨਾ ਲਗਣ ।

ਡਾਕਟਰ ਸਾਹਿਬ ਇਹ ਕਹਿੰਦੇ ਹਨ ਕਿ ਐਮ. ਐਲ. ਏ. ਡਾਇਰੈਕਟਰ ਨਹੀਂ ਬਣ ਸਕਦਾ । ਮੈਂ ਇਸ ਸਬੰਧ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਪਹਿਲਾਂ ਇਸ ਤਰ੍ਹਾਂ ਦੇ ਬੋਰਡਾਂ ਵਿਚ ਐਮ. ਐਲ. ਏਜ਼ ਹਨ ਤਾਂ ਇਸ ਵਿਚ ਵੀ ਹੋ ਸਕਤੇ ਹਨ । ਇੰਡਸਟ੍ਰੀਅਲ ਡਿਵੈਲਪਮੈਂਟ ਬੋਰਡ ਦੇ ਮੈਂਬਰ ਹਨ ਅਤੇ ਉਥੇ ਸਿਲੈਕਸ਼ਨ ਲਈ ਸ਼ਰਤਾਂ ਹਨ ਜੋ ਕਿ ਇਥੇ ਵੀ ਰਖੀਆਂ ਜਾ ਸਕਦੀਆਂ ਹਨ । ਇਹ ਸ਼ਰਤ ਨਹੀਂ ਹੋਣੀ ਚਾਹੀਦੀ ਕਿ ਹਰੀਜਨ ਡਾਇਰੈਕਟਰ ਨਾ ਬਣ ਸਕੇ । ਸਰਕਾਰੀ ਕਾਰਪੋਰੇਸ਼ਨਾਂ ਬਣਾ ਕੇ ਰੱਖ ਦਿੱਤੀਆਂ ਜਾਣ ਅਤੇ ਇਨ੍ਹਾਂ ਵਿਚ ਆਪ ਡਾਇਰੈਕਟਰ ਨਾ ਰਖੇ ਜਾਣ ਤਾਂ ਉਨ੍ਹਾਂ ਨਾਲ ਕੋਈ ਫਾਇਦਾ ਨਹੀਂ ਹੋ ਸਕਦਾ । ਅਫਸਰਾਂ ਨੂੰ ਸਾਰੇ ਇਖਤਿਆਰ ਦੇਣ ਨਾਲ ਕੋਈ ਫਾਇਦਾ ਨਹੀਂ ਹੋਵੇਗਾ ਅਤੇ ਭਾਵੇਂ ਵੈਦ ਕਰਤਾਰ ਸਿੰਘ ਦੇ ਆਦਮੀਆਂ ਨੂੰ ਪੈਸੇ ਮਿਲ ਜਾਣ ਪਰ ਆਮ ਹਰੀਜਨ ਦੀ ਹਾਲਤ ਬਿਹਤਰ ਨਹੀਂ ਹੋ ਸਕਦੀ । ਇਸ ਲਈ ਇਨ੍ਹਾਂ ਵਿਚ ਹਰੀਜਨ ਡਾਇਰੈਕਟਰ ਮੁਕਰੱਰ ਕਰਨੇ ਚਾਹੀਦੇ ਹਨ । ਲੇਬਰ ਕਨਸਟ੍ਰਕਸ਼ਨ ਕੁਆਪ੍ਰੇਟਿਵ ਸੁਸਾਇਟੀਆਂ ਦੀ ਹਾਲਤ ਸਾਡੇ ਸਾਹਮਣੇ ਹੈ । ਇਹ ਸੋਸਾਇਟੀਆਂ 800-900 ਤੋਂ ਵੱਧ ਹਨ ਪਰ ਵਿਚ ਸ਼ਾਹੂਕਾਰ ਆ ਟਪਕਦਾ ਹੈ ਅਤੇ ਆਪਣੇ 20 ਆਦਮੀ ਲੈ ਕੇ ਉਹ ਠੇਕੇਦਾਰ ਕੁਆਪ੍ਰੇਟਿਵ ਸੁਸਾਇਟੀ ਰਜਿਸਟਰ ਕਰਵਾ ਲੈਂਦਾ ਹੈ । ਇਸ ਤਰ੍ਹਾਂ ਗ਼ਰੀਬ ਹਰੀਜਨ ਮਜ਼ਦੂਰ ਨੂੰ ਕੋਈ ਫਾਇਦਾ ਨਹੀਂ ਹੁੰਦਾ, ਉਹ ਆਪ ਹੀ ਸਾਰਾ ਨਫ਼ਾ ਖਾ ਜਾਂਦਾ ਹੈ । ਇਸੇ ਤਰ੍ਹਾਂ ਹਾਲਤ ਇਸ ਕਾਰਪੋਰੇਸ਼ਨ ਦੀ ਹੋਵੇਗੀ ਜੇਕਰ ਹੁਣ ਦੇ ਖਰੜੇ ਵਿਚ ਜ਼ਰੂਰੀ ਸੋਧਨਾਵਾਂ ਨਾ ਕੀਤੀਆਂ ਗਈਆਂ । ਇਸੇ ਵਾਸਤੇ ਕਲਾਜ਼ 2 ਵਿਚ ਮੈਂ ਤਰਮੀਮ ਦਿਤੀ ਹੈ ਕਿ ਸੈਂਟ-ਪਰਸੈਂਟ ਮੈਂਬਰ ਹਰੀਜਨ ਹੋਣ ਤਾਕਿ ਹੋਰ ਕੋਈ ਉਨ੍ਹਾਂ ਨੂੰ ਵਿਚ ਆ ਕੇ ਐਕਸਪਲਾਇਟ ਨਾ ਕਰ ਸਕੇ ।

ਇਸੇ ਤਰ੍ਹਾਂ ਇਸ ਬਿਲ ਦੇ ਬਾਰੇ ਵਿਚ ਮੈਂ ਹੋਰ ਸੁਝਾਵ ਵੀ ਦਿਤੇ ਹਨ ਕਿ ਹਰੀਜਨਾਂ ਦਾ ਕਲਿਆਣ ਇਸ ਤਰ੍ਹਾਂ ਇਕ ਕਰੋੜ ਨਾਲ ਜਾਂ ਪੰਜ ਕਰੋੜ ਨਾਲ ਵੀ ਨਹੀਂ ਹੋ ਸਕਦਾ । ਇਸ ਲਈ ਇਸ ਵਿਚ ਪੰਜ ਕਰੋੜ ਦੀ ਲਿਮਟ ਮੁਕਰੱਰ ਨਹੀਂ ਕੀਤੀ ਜਾਣੀ ਚਾਹੀਦੀ ਸਗੋਂ ਘੱਟ ਤੋਂ ਘੱਟ ਪੰਜ ਕਰੋੜ ਦੀ ਰਕਮ ਰਖਣੀ ਚਾਹੀਦੀ ਹੈ । ਇਸੇ ਤਰ੍ਹਾਂ ਕਲਾਜ਼ 7 ਵਿਚ ਇਨ੍ਹਾਂ ਨੇ ਸਤ ਡਾਇਰੈਕਰ ਗਵਰਨਰ ਸਾਹਿਬ ਵਲੋਂ ਮਨੋਨੀਤ ਕੀਤੇ ਜਾਣ ਦਾ ਪ੍ਰਬੰਧ ਕੀਤਾ ਹੈ । ਇਸ ਦੇ ਬਾਰੇ ਵਿਚ ਮੈਂ ਸੁਝਾਵ ਦਿਤਾ ਹੈ ਕਿ 2 ਹਰੀਜਨ ਐਮ. ਐਲ. ਏਜ਼. ਵੀ ਸ਼ਾਮਿਲ ਹੋਣੇ ਚਾਹੀਦੇ ਹਨ ਕਿਉਂਕਿ ਇਸ ਕਲਾਜ਼ ਦੇ ਪ੍ਰੋਵਾਈਜ਼ੋ ਵਿਚ ਇਹ ਪ੍ਰਬੰਧ ਹੈ ਕਿ ਦੋ ਤਾਂ ਅਫ਼ਸਰਾਂ ਵਿਚੋਂ ਲਏ ਜਾਣਗੇ ਅਤੇ ਬਾਕੀ 4 ਜਾਂ 5 ਸਪੈਸ਼ਲ ਨਾਲਿਜ ਵਾਲੇ ਆ ਜਾਣਗੇ । ਇਸ ਲਈ ਇਸ ਵਿਚ ਦੋ ਐਮ. ਐਲ. ਏਜ਼. ਅਸੈਂਬਲੀ ਚੁਣ ਕੇ ਭੇਜੇ ਤਾਕਿ ਹਰੀਜਨਾਂ ਦੇ ਇੰਟ੍ਰਸਟ ਚੰਗੀ ਤਰ੍ਹਾਂ ਵਾਚ ਕੀਤੇ ਜਾ ਸਕਣ । (ਵਿਘਨ)

(ਇਕ ਆਵਾਜ਼ : ਮਾਸਟਰ ਜੀ ਛਡੋ ਪਰ੍ਹੇ ਹੁਣ ਇਸ ਨੂੰ ਪਾਸ ਕਰਵਾਓ) ਮੈਂ ਤਾਂ ਜਿੰਨੀਆਂ ਅਮੈਂਡਮੈਂਟਸ ਦਿੱਤੀਆਂ ਹਨ ਸਾਰੀਆਂ ਹੀ ਜਾਇਜ਼ ਦਿਤੀਆਂ ਹਨ ਅਤੇ ਜੇਕਰ ਸਾਰੀਆਂ ਨੂੰ ਸਰਕਾਰ ਮੰਨ ਲਏ ਤਾਂ ਮੈ ਇਸ ਨੂੰ ਪਾਸ ਕਰਾਉਣ ਨੂੰ ਤਿਆਰ ਹਾਂ ਮੈਂ ਬੈਠ ਜਾਂਦਾ ਹਾਂ ਇਸ ਵਿਚ ਮੇਰੇ ਵਲੋਂ ਦੇਰ ਕਰਨ ਦੀ ਗੱਲ ਨਹੀਂ, ਬਲਕਿ ਵਜ਼ੀਰ ਸਾਹਿਬ ਵਲੋਂ ਮੇਰੀਆਂ ਤਰਮੀਮਾਂ ਮੰਨਣ ਵਿਚ

Original with;
Punjab Vidhan Sabha
Digitized by;
Panjab Digital Library

ਦੇਰ ਕਰਨ ਦੀ ਗਲ ਹੈ । ਮੈਂ ਤਾਂ ਇਨ੍ਹਾਂ ਨਾਲ ਪਹਿਲਾਂ ਵਿਚਾਰ ਵੀ ਕਰ ਲਈ ਹੈ । ਮੈਂ 5 ਕਰੋੜ ਤੋਂ ਵਧ ਦੀ ਰਕਮ ਰੱਖਣ ਬਾਰੇ ਤਰਮੀਮ ਦਿਤੀ ਹੈ ਪਰ ਇਨ੍ਹਾਂ ਨੇ ਕਿਹਾ ਕਿ ਇਹ ਮਨੀ ਬਿਲ ਹੈ, ਇਸ ਲਈ ਇਸ ਵਿਚ ਰਕਮ ਨੂੰ ਵਧਾਇਆ ਨਹੀਂ ਜਾ ਸਕਦਾ । ਪਰ ਇਸ ਮਸਲੇ ਨੂੰ ਹੋਰ ਤਰੀਕੇ ਨਾਲ ਹੱਲ ਕੀਤਾ ਜਾ ਸਕਦਾ ਹੈ । ਪਹਿਲਾਂ ਵੀ ਜਿੰਨੀਆਂ ਚੀਜ਼ਾਂ ਹਰੀਜਨਾਂ ਲਈ ਆਈਆਂ ਹਨ ਉਨ੍ਹਾਂ ਵਿਚ ਇਸ ਤਰ੍ਹਾਂ ਦੀਆਂ ਗੱਲਾਂ ਦਾ ਧਿਆਨ ਨਹੀਂ ਰਖਿਆ ਗਿਆ, ਇਸ ਲਈ ਹੁਣ ਮੈਂ ਇਸ ਗੱਲ ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਇਸ ਵਿਚ ਜਿੰਨੀਆਂ ਖਾਮੀਆਂ ਹਨ ਉਨ੍ਹਾਂ ਨੂੰ ਦੂਰ ਕੀਤਾ ਜਾਵੇ ਤਾਕਿ ਹਰੀਜਨਾਂ ਦਾ ਸਹੀ ਮਾਹਿਨਿਆਂ ਵਿਚ ਭਲਾ ਹੋ ਸਕੇ । ਐਮ. ਐਲ. ਏਜ਼. ਨੂੰ ਇਸ ਵਿਚ ਨੁਮਾਇੰਦਗੀ ਮਿਲਣੀ ਚਾਹੀਦੀ ਹੈ ।

ਮੈਂ ਅਰਜ਼ ਕਰਾਂਗਾ ਕਿ ਮੇਰੀ ਇਹ ਪਰਸਨਲ ਰਾਏ ਹੈ ਕਿ ਇਹ ਬਿਲ ਬਹੁਤ ਜ਼ਰੂਰੀ ਹੈ, ਇਹ ਪਹਿਲਾਂ ਹੀ ਆ ਜਾਣਾ ਚਾਹੀਦਾ ਸੀ । ਇਨ੍ਹਾਂ ਨੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਇਕ ਕਰੋੜ ਰੁਪਿਆ ਦਿੱਤਾ ਹੈ, ਠੀਕ ਹੈ ਇਹ ਥੋੜਾ ਹੈ ਪਰ ਜੇ ਬਿਲ ਆ ਗਿਆ ਇਹ 5 ਕਰੋੜ ਰੁਪਿਆ ਵੀ ਹੋ ਸਕਦਾ ਹੈ । ਜੋ ਵੀ ਪੈਸਾ ਦਿੱਤਾ ਹੈ ਅਸੀਂ ਇਸ ਦੇ ਨਾਲ ਹਰੀਜਨਾਂ ਦੀ ਕਾਫੀ ਬੇਹਤਰੀ ਕਰ ਸਕਦੇ ਹਾਂ । ਪਰ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨਾਲ ਤਾਂ ਚੇਅਰਮੈਨ ਸਾਹਿਬ ਹਮੇਸ਼ਾ ਧਕਾ ਹੁੰਦਾ ਹੈ । ਉਨ੍ਹਾਂ ਨੂੰ ਜਿਹੜੀਆਂ ਜ਼ਮੀਨਾਂ ਮਿਲੀਆਂ ਉਨ੍ਹਾਂ ਤੋਂ ਮਲੋ ਮਲੀ ਕਬਜ਼ੇ ਲੈ ਲਏ ਗਏ ਹਨ । ਜੇ ਕੋਈ ਮਜ਼ਦੂਰੀ ਕਰਦਾ ਹੈ ਉਸ ਦੀ ਮਜ਼ਦੂਰੀ ਪੂਰੀ ਨਹੀਂ ਦਿਤੀ ਜਾਂਦੀ ਵਿਚੋਂ ਪੈਸੇ ਠੇਕੇਦਾਰ ਰਖ ਲੈਂਦਾ ਹੈ, ਤਨਖਾਹ ਵਾਲੇ ਨੂੰ ਪੂਰੀ ਤਨਖਾਹ ਨਹੀਂ ਮਿਲਦੀ । ਜੇ ਕੋਈ ਲੜਾਈ ਝਗੜੇ ਦੀ ਗਲ ਹੋਵੇ ਤਾਂ ਛੇਤੀ ਛੇਤੀ ਹਰੀਜਨਾਂ ਦੀ ਰਪਟ ਵੀ ਦਰਜ ਨਹੀਂ ਕੀਤੀ ਜਾਂਦੀ । ਜੇ ਕੋਈ ਦਰਜ ਵੀ ਕਰਦੇ ਹਨ ਤਾਂ 6–6 ਦਿਨ ਨੂੰ ਬਾਅਦ ਦਰਜ ਕੀਤੀ ਜਾਂਦੀ ਹੈ । ਡਰਦੇ ਹਰੀਜਨ ਰਪਟ ਦਰਜ ਨਹੀਂ ਕਰਾਉਣ ਜਾਂਦੇ, ਜੇ ਜਾਂਦੇ ਹਨ ਤਾਂ ਵਿਚਾਰਿਆਂ ਨੂੰ ਥਾਣੇ ਵਿਚ ਨੂੜ ਕੇ ਬਿਠਾ ਦਿੰਦੇ ਹਨ । ਇਹੀ ਨਹੀਂ ਦੂਸਰੇ ਫਰੀਕ ਨੂੰ ਇਤਲਾਹ ਦੇ ਕੇ ਮਜਬੂਰ ਕਰਦੇ ਹਨ ਕਿ ਇਸ ਦੇ ਬਰਖਲਾਫ ਕਾਰਵਾਈ ਕਰੋ । ਉਸ ਦੇ ਖਿਲਾਫ ਜੇ ਹੋਰ ਕੋਈ ਗਲ ਨਾ ਬਣਦੀ ਹੋਵੇ ਤਾਂ 107/151 ਦੇ ਤਹਿਤ ਰਪਟ ਦਰਜ ਕਰਵਾ ਦਿੱਤੀ ਜਾਂਦੀ ਹੈ । ਲੋਕਾਂ ਨੂੰ ਆਮ ਸਰਕਾਰ ਵਲੋਂ ਤਕਾਵੀਆਂ ਦਿੱਤੀਆਂ ਜਾਂਦੀਆਂ ਹਨ ਪਰ ਇਹ ਗ਼ਰੀਬ ਤਕਾਵੀ ਵੀ ਨਹੀਂ ਲੈ ਸਕਦੇ । ਇਹ ਬਿਲ ਹਰੀਜਨਾਂ ਦੇ ਲਈ ਬਹੁਤ ਚੰਗਾ ਹੈ, ਮੈਂ ਡਾਕਟਰ ਸਾਹਿਬ ਨੂੰ ਕਹਾਂਗਾ ਕਿ ਇਸ ਨੂੰ ਛੇਤੀ-ਤੋਂ-ਛੇਤੀ ਪਾਸ ਕਰਕੇ ਕੋਈ ਅਮਲੀ ਸ਼ਕਲ ਦੇਣੀ ਚਾਹੀਦੀ ਹੈ । ਇਸ ਵਿਚ ਫੇਰ ਵੀ ਜਿਹੜੀਆਂ ਖਾਮੀਆਂ ਰਹਿ ਜਾਣਗੀਆਂ ਉਹ ਇਨ੍ਹਾਂ 65 ਅਮੈਂਡਮੈਂਟਾਂ ਵਿਚੋਂ, ਜੇ ਕੁਝ ਵੀ ਮੰਨ ਲਈਆਂ ਜਾਣ ਤਾਂ ਉਹ ਦੂਰ ਹੋ ਜਾਣਗੀਆਂ । ਜਿਹੜੀਆਂ ਹਰੀਜਨਾਂ ਤੋਂ ਜ਼ਮੀਨਾਂ ਖੋਹ ਕੇ ਹੋਰ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਹਨ, ਇਹ ਤੁਰੰਤ ਬਦ ਹੋਣੀਆਂ ਚਾਹੀਦੀਆਂ ਹਨ । ਉਨ੍ਹਾਂ ਆਫੀਸਰਜ਼ ਨੂੰ ਜਿਹੜੇ ਆਪਣੀ ਮਰਜ਼ੀ ਨਾਲ ਰਦੋ ਬਦਲ ਕਰ ਰਹੇ ਹਨ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਦਾ ਕੋਈ ਅਧਿਕਾਰ ਨਹੀਂ ਹੈ । ਸਿਵਾਏ ਡਾਇਰੈਕਟਰ ਦੇ ਹੋਰ ਕਿਸੇ ਨੂੰ ਵੀ ਰਦੋ ਬਦਲ ਕਰਨ ਦਾ ਇਹ ਇਖਤਿਆਰ ਨਹੀ ਹੋਣਾ ਚਾਹੀਦਾ । ਇਹ ਬਿਲ ਛੇਤੀ ਪਾਸ ਕਰਨਾ ਚਾਹੀਦਾ ਹੈ ਕਿਉਂ ਕਿ ਇਸ ਦੇ ਵਿਚ ਲੋਕ ਭਲਾਈ ਦੀਆਂ ਬੜੀਆਂ ਗੱਲਾਂ ਹਨ, ਹਰੀਜਨਾਂ ਨੂੰ ਸਹੂਲਤਾਂ ਦੇਣ ਦੀਆਂ ਵੀ ਕੁਝ ਪ੍ਰਾਵੀਜ਼ਨਜ਼ ਹਨ । ਇਸ ਵਿਚ ਜੇ ਕੁਝ ਖਾਮੀਆਂ ਹਨ ਤਾਂ ਇਸ ਹਾਊਸ ਦੇ ਸਿਆਣੇ ਬੰਦਿਆਂ ਨੂੰ ਇਹ ਅਜੇ ਦੋ ਘੰਟੇ ਦੇ ਲਈ ਬਿਲ ਵਿਖਾਇਆ ਜਾ ਸਕਦਾ ਹੈ । ਏਥੇ ਆਨਰੇਬਲ ਮੈਂਬਰ ਸਰਦਾਰ ਬਸੰਤ ਸਿੰਘ ਖਾਲਸਾ ਹਨ, ਲਾ ਗਰੈਜੂਏਟ ਸਰਦਾਰ ਦਲੀਪ ਸਿੰਘ ਪਾਂਧੀ ਹੈ, ਉਹ ਕਹਿੰਦੇ ਹਨ ਕਿ ਇਸ ਤਰ੍ਹਾਂ ਬਿਲ ਪਾਸ ਨਹੀਂ ਹੋਣਾ ਚਾਹੀਦਾ, ਪਰ ਮੈਂ ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬੰਤਾ ਸਿੰਘ]

ਨੂੰ ਕਹਾਂਗਾ ਕਿ ਇਹ ਬਿਲ ਲਿਆਕੇ ਡਾਕਟਰ ਸਾਹਿਬ ਨੇ ਬੜੀ ਹਿੰਮਤ ਵਿਖਾਈ ਹੈ। ਜੇ ਇਹ ਅਜ ਪਾਸ ਨਾ ਹੋਇਆ ਤਾਂ ਫੇਰ ਇਹ ਚੋਰਾਂ ਦੇ ਧੱਕੇ ਚੜ੍ਹ ਜਾਣਾ ਹੈ। ਇਸ ਦੀ ਭਾਵਨਾ ਜੋ ਹੈ ਉਹ ਹਰੀਜਨਾਂ ਦੇ ਭਲੇ ਦੀ ਹੈ ਇਸ ਦੇ ਨਾਲ ਹਰੀਜਨਾਂ ਦਾ ਕਾਫੀ ਭਲਾ ਹੋਵੇਗਾ, ਕਰੋੜਾਂ ਰੁਪਏ ਦੀ ਰਕਮ ਦਾ ਹਰੀਜਨ ਲਾਭ ਉਠਾਉਣਗੇ। ਡਾਕਟਰ ਸਾਹਿਬ ਨੇ ਇਹ ਬਿਲ ਲਿਆਕੇ ਗਰੀਬ ਜਨਤਾ ਦੀ ਬੜੀ ਸੇਵਾ ਕੀਤੀ ਹੈ, ਇਸ ਦੇ ਆ ਜਾਣ ਨਾਲ ਉਨ੍ਹਾਂ ਗਰੀਬਾਂ ਨਾਲ ਜਿਹੜੀ ਹੁਣ ਤਾਈਂ ਧੀਂਗਾਂ-ਜ਼ੋਰੀ ਹੁੰਦੀ ਰਹੀ ਹੈ, ਉਹ ਨਹੀਂ ਹੋਵੇਗੀ। ਅਜੇ ਮੈਂ ਇਥੇ ਹੀ ਬਸ ਕਰਦਾ ਹਾਂ ਜਦੋਂ ਕਲਾਜ਼ਾਂ ਆਉਣਗੀਆਂ ਤਾਂ ਫੇਰ ਮੈਂ ਕੁਝ ਅਰਜ਼ ਕਰਾਂਗਾ।

ਸਰਦਾਰ ਦਲੀਪ ਸਿੰਘ ਪਾਂਧੀ: (ਅਮਲੋਹ-ਐਸ. ਸੀ.) ਚੇਅਰਮੈਨ ਸਾਹਿਬ, ਇਹ ਬੜੀ ਖੁਸ਼ੀ ਦੀ ਗਲ ਹੈ ਕਿ ਬੜੇ ਚਿਰਾਂ ਤੋਂ ਬਆਦ ਇਹ ਕਾਰਪੋਰੇਸ਼ਨ ਬਿਲ ਸਦਨ ਦੇ ਵਿਚ ਆਇਆ ਹੈ। ਇਹਦੇ ਵਿਚ ਸੋਧ ਕਰਨ ਲਈ ਕਈ ਸੱਜਨਾਂ ਨੇ ਤਰਮੀਮਾਂ ਵੀ ਦਿੱਤੀਆਂ ਹਨ। ਸਰਦਾਰ ਉਮਰਾਉ ਸਿੰਘ ਨੇ ਇਸ ਨੂੰ ਸੀਲੈਕਟ ਕਮੇਟੀ ਦੇ ਸਪੁਰਦ ਕਰਨ ਬਾਰੇ ਆਪਣੀ ਰਾਏ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਸਾਨੂੰ ਪੁਛੇ ਬਗੈਰ ਉਨ੍ਹਾਂ ਨੂੰ ਇਸ ਤਰ੍ਹਾਂ ਦਾ ਫੈਸਲਾ ਦੇਣ ਦਾ ਕੋਈ ਹਕ ਨਹੀਂ ਕਿਉਂਕਿ ਇਸ ਦੇ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ ਹੈ। ਅਸੀਂ ਸਾਰੇ ਹੀ ਹਰੀਜਨ ਮੈਂਬਰਜ਼ ਚਾਹੁੰਦੇ ਹਾਂ ਕਿ ਇਹ ਬਿਲ ਛੇਤੀ ਤੋਂ ਛੇਤੀ ਪਾਸ ਕੀਤਾ ਜਾਵੇ। ਭਾਵੇਂ ਇਸ ਵਿਚ ਘਟ ਪੈਸਾ ਹੈ ਭਾਵੇਂ ਵਧ ਹੈ ਪਰ ਉਹ ਲਗਣਾ ਤਾਂ ਹਰੀਜਨਾਂ ਦੀ ਉਨੱਤੀ ਤੇ ਹੀ ਹੈ। ਜਿਸ ਤਰ੍ਹਾਂ ਦੇ ਹੱਕ ਇਸ ਬਿਲ ਰਾਹੀਂ ਸਰਕਾਰ ਨੇ ਹਰੀਜਨਾ ਨੂੰ ਦਿੱਤੇ ਹਨ ਅਸੀਂ ਇਸ ਦੇ ਲਈ ਪੰਜਾਬ ਸਰਕਾਰ ਦੇ ਧੰਨਵਾਦੀ ਹਾਂ। ਇਹ ਇਕ ਪਹਿਲਾ ਕਦਮ ਹੈ ਜੋ ਪਛੜੇ ਵਰਗ ਦੇ ਲੋਕਾਂ ਨੂੰ ਸਹੂਲਤਾਂ ਦੇਣ ਲਈ ਸਰਕਾਰ ਵੱਲੋਂ ਚੁਕਿਆ ਗਿਆ ਹੈ। ਜਦੋਂ ਵੀ ਕੋਈ ਕੰਮ ਕਰਦਾ ਹੈ ਤਾਂ ਉਸ ਦੇ ਵਿਚ ਗ਼ਲਤੀਆਂ ਤਾਂ ਆਮ ਹੁੰਦੀਆਂ ਹਨ, ਪਰ ਜ਼ਰੂਰਤ ਅਨੁਸਾਰ ਉਸ ਵਿਚ ਤਰਮੀਮਾਂ ਹੁੰਦੀਆਂ ਹਨ। ਹਿੰਦੁਸਤਾਨ ਦ ਕੰਸਟੀਚਿਊਸ਼ਨ ਵਿਚ ਵੀ ਅਮੈਂਡਮੈਂਟਸ ਹੋਈਆਂ ਹਨ। ਮੈਂ ਵੀ ਮੰਨਦਾ ਹਾਂ ਕਿ ਇਸ ਦੇ ਬਿਲ ਵਿਚ ਕੁਝ ਊਣਤਾਈਆਂ ਰਹਿ ਗਈਆਂ ਹਨ। ਪਰ ਉਨ੍ਹਾਂ ਦੀ ਬਾਅਦ ਵਿਚ ਅਮੈਂਡਮੈਂਟ ਹੋ ਸਕਦੀ ਹੈ। ਮੇਰਾ ਇਹ ਵਿਚਾਰ ਹੈ ਕਿ ਇਹ ਬਿਲ ਅਜੇ ਇਸੇ ਸ਼ਕਲ ਦੇ ਵਿਚ ਪਾਸ ਕਰ ਦਿੱਤਾ ਜਾਵੇ; ਜੇ ਕੋਈ ਊਣਤਾਈਆਂ ਰਹਿ ਗਈਆਂ ਹਨ ਉਨ੍ਹਾਂ ਦੀ ਬਾਅਦ ਦੇ ਵਿਚ ਅਮੈਂਡਮੈਂਟ ਹੋ ਸਕਦੀ ਹੈ। ਮੈਂ ਵੀ ਕੁਝ ਅਮੈਂਡਮੈਂਟਸ ਦਿੱਤੀਆਂ ਹਨ ਜੇ ਉਹ ਮੰਨ ਲਈਆਂ ਜਾਣ ਤਾਂ ਕਾਫੀ ਹਦ ਤੱਕ ਕਮੀਆਂ ਦੂਰ ਹੋ ਸਕਦੀਆ ਹਨ। ਕੁਝ ਮਾਸਟਰ ਜੀ ਨੇ ਅਮੈਂਡਮੈਂਟਸ ਦਿੱਤੀਆਂ ਹਨ, ਮੈਂ ਉਨ੍ਹਾਂ ਦੀ ਵੀ ਵਕਾਲਤ ਕਰਦਾ ਹਾਂ ਕਿ ਇਹ ਅਮੈਂਡਮੈਂਟਸ ਸਰਕਾਰ ਨੂੰ ਮੰਨ ਲੈਣੀਆਂ ਚਾਹੀਦੀਆਂ ਹਨ। ਉਹ ਇਸ ਸਦਨ ਦੇ ਬਜ਼ੁਰਗ ਮੈਂਬਰ ਹਨ, ਉਨ੍ਹਾਂ ਨੂੰ ਇਸ ਪਾਸੇ ਆਪਣੀ ਜ਼ਿੰਦਗੀ ਦੇ ਵਿਚ ਕਾਫੀ ਤਜ਼ਰਬਾ ਹੋਇਆ ਹੈ। ਇਕ ਗਲ ਉਨ੍ਹਾਂ ਨੇ ਕਹੀ ਕਿ ਸਾਨੂੰ ਪੁਛਿਆ ਨਹੀਂ; ਪਰ ਉਨ੍ਹਾਂ ਦੀ ਪਾਰਟੀ ਦੇ ਮੈਂਬਰ ਨੇ ਹੀ ਕਿਹਾ ਹੈ ਕਿ ਸਾਨੂੰ ਪੁਛਿਆ ਸੀ ਅਤੇ ਸਾਡੀ ਪਾਰਟੀ ਦੇ ਮੈਂਬਰ ਦੀ ਸਲਾਹ ਦੇ ਨਾਲ ਹੀ ਇਹ ਬਿਲ ਡਰਾਫਟ ਹੋਇਆ ਹੈ। ਇਹ ਠੀਕ ਹੈ ਕਿ ਕੁਝ ਗ਼ਲਤੀਆਂ ਹਨ ਉਨ੍ਹਾਂ ਦੀ ਸੋਧ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਪਛੜੇ ਵਰਗ ਦੀਆਂ ਜਾਤੀਆਂ ਨੂੰ ਕਾਫੀ ਲਾਭ ਹੋਵੇਗਾ, ਸਰਕਾਰ ਨੂੰ ਇਹ ਪਾਸ ਕਰ ਦੇਣਾ ਚਾਹੀਦਾ ਹੈ। ਇਹ ਸਾਰੇ ਦਾ ਸਾਰਾ ਬਿਲ ਪਛੜੀਆਂ ਸ਼ਰੇਣੀਆਂ ਦੇ ਨਾਲ ਸਬੰਧ ਰਖਦਾ ਹੈ। ਇਥੇ ਡਾਂਗ ਸਾਹਿਬ ਨੇ ਆਪਣੀ ਤਕਰੀਰ ਦੇ ਵਿਚ ਕਿਹਾ ਸੀ ਕਿ ਕਈ ਥਾਵਾਂ ਤੇ ਇਸ

Original with;
Punjab Vidhan Sabha
Digitized by;
Panjab Digital Library

ਤਰ੍ਹਾਂ ਹੋਇਆ ਹੈ ਕਿ ਹਰੀਜਨਾਂ ਨੂੰ ਘਰਾਂ ਵਿਚ ਮਾਰਿਆ ਕੁਟਿਆ ਗਿਆ। ਜਹਾਂਗੀਰ, ਧੂਰੀ ਅਤੇ ਨਰੜੂ ਅਤੇ ਬੜੀ ਦੇ ਪਿੰਡਾਂ ਵਿਚ ਖਾਸ ਤੌਰ ਤੇ ਹਰੀਜਨਾਂ ਦੀ ਰਖਵਾਲੀ ਕਰਨੀ ਬਹੁਤ ਹੀ ਜ਼ਰੂਰੀ ਹੈ। ਇਥੇ ਕੋਈ ਸਪੈਸ਼ਲ ਇਤਜ਼ਾਮ ਹੋਣਾ ਚਾਹੀਦਾ ਹੈ। ਮੈਂ ਤਾਂ ਇਸ ਗੱਲ ਦੇ ਹਕ ਵਿਚ ਹਾਂ ਕਿ ਭਾਵੇਂ ਕੋਈ ਸ਼ਖਸ਼ ਕਿਸੇ ਵਰਗ ਦਾ ਹੋਵੇ ਉਸ ਦੇ ਨਾਲ ਕੋਈ ਵੀ ਕਿਸੇ ਤਰ੍ਹਾਂ ਦੀ ਨਾਜਾਇਜ਼ ਗਲ ਨਹੀਂ ਹੋਣੀ ਚਾਹੀਦੀ। ਮੈਂ ਇਸ ਬਿਲ ਵਿਚ ਕਾਲਜ਼ 5 ਤੇ ਇਕ ਅਮੈਂਡਮੈਂਟ ਦਿਤੀ ਹੈ ਕਿ ਇਥੇ ਰਕਮ 5 ਕਰੋੜ ਤੋਂ ਘਟ ਨਹੀਂ ਹੋਣੀ ਚਾਹੀਦੀ। ਇਸ ਵਕਤ ਇਹ ਪ੍ਰੋਵਾਈਡ ਕੀਤਾ ਹੈ ;

> "Provided that where the capital intially fixed is less than five crores of rupees the State Government may, from time to time, increase the capital..."

ਇਥੇ 'ਟਾਈਮ ਟੂ ਟਾਈਮ' ਦੀ ਬਜਾਏ ਇਸ ਦੇ ਵਿਚ 5 ਕਰੋੜ ਦੀ ਪ੍ਰੋਵੀਜ਼ਨ ਪੂਰੇ ਪੰਜ ਸਾਲ ਦੇ ਵਿਚ ਕਰ ਦੇਣੀ ਚਾਹੀਦੀ ਹੈ। ਇਸ ਦੇ ਲਈ ਸੋਧ ਵਾਸਤੇ ਜੇ ਕੋਈ ਡਰਾਫਟ ਬਣੇ ਤਾਂ ਇਸ ਹਾਊਸ ਦੇ ਐਮ. ਐਲ. ਏ. ਸਾਹਿਬਾਨ ਨੂੰ ਕਾਨਫ਼ੀਡੈਂਸ ਵਿਚ ਲੈਣਾ ਚਾਹੀਦਾ ਹੈ। ਇਕ ਹਰੀਜਨ ਐਮ. ਐਲ. ਏਜ਼ ਵਿਚੋਂ ਅਤੇ ਬਾਕੀ ਜਿਸ ਨੂੰ ਇਹ ਹਾਊਸ ਮੁਨਾਸਿਬ ਸਮਝੇ ਉਹ ਸ਼ਾਮਿਲ ਕੀਤੇ ਜਾਣ। ਇਸ ਸਬੰਧ ਦੇ ਵਿਚ ਕੋਈ ਰਿਜੜ ਵਿਊ ਸਰਕਾਰ ਨੂੰ ਨਹੀਂ ਲੈਣਾ ਚਾਹੀਦਾ। ਇਸ ਵਿਚ ਜੇ ਕੋਈ ਗਲਤੀ ਰਹਿ ਵੀ ਜਾਏ ਤਾਂ ਸਰਕਾਰ ਨੂੰ ਪੂਰਾ ਇਖਤਿਆਰ ਹੈ ਕਿ ਉਹ ਇਸ ਦੇ ਵਿਚ ਅਮੈਂਡਮੈਂਟ ਲਿਆਕੇ ਪਾਸ ਕਰਾਏ।

ਬਹੁਤ ਸਾਰੇ ਸਾਹਿਬਾਨ ਨੇ ਜੋ ਸਾਡੀ ਕਮਿਊਨਿਟੀ ਨਾਲ ਸਬੰਧ ਰਖਦੇ ਹਨ ਅਤੇ ਹੋਰ ਵੀ ਕਈ ਮੈਂਬਰਾਂ ਨੇ ਆਪਣੇ ਆਪਣੇ ਵਿਚਾਰ ਰਖੇ ਹਨ। ਕਈਆਂ ਨੇ ਅਮੈਂਡਮੈਂਟਾਂ ਦਿਤੀਆਂ ਮਾਸਟਰ ਜੀ ਨੇ ਦਿਤੀਆਂ ਹਨ ਅਤੇ ਮੈਂ ਵੀ ਦਿਤੀਆਂ ਹਨ। ਮੈਂ ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਉਨ੍ਹਾਂ ਦਾ ਧਿਆਨ ਰਖਣ ਅਤੇ ਉਹ ਅਮੈਂਡਮੈਂਟਾਂ ਮੰਨ ਲੈਣ। ਇਕ ਅਮੈਂਡਮੈਂਟ ਮੈਂ ਇਹ ਦਿਤੀ ਹੈ ਕਿ ਜਿਹੜਾ 90% ਲਿਖਿਆ ਹੋਇਆ ਹੈ ਇਹ 100% ਕਰ ਦਿਤਾ ਜਾਵੇ। ਦੂਸਰਾ ਇਨ੍ਹਾਂ ਨੇ ਜੋ ਇਹ ਲਿਖਿਆ ਹੈ ਕਿ 2 ਨੁਮਾਇੰਦੇ ਹੋਣਗੇ ਉਨ੍ਹਾਂ ਬਾਰੇ ਮੈਂ ਅਰਜ਼ ਕਰਾਂਗਾ ਕਿ ਇਕ ਤਾਂ ਡਾਇਰੈਕਟਰ ਸਮਾਜ ਭਲਾਈ ਨੂੰ ਰਖਣਾ ਚਾਹੀਦਾ ਹੈ ਅਤੇ ਦੂਜਾ ਨੁਮਾਇੰਦਾ ਕੋਈ ਅਜਿਹਾ ਹੋਵੇ ਜੋ ਹਰੀਜਨਾਂ ਦੇ ਮਸਲਿਆਂ ਨੂੰ ਸਮਝਦਾ ਹੋਵੇ ਅਤੇ ਪੁਰਾਣਾ ਤਜਰਬੇਕਾਰ ਹੋਵੇ।

ਫਿਰ ਚੈਪਟਰ 4 ਵਿਚ ਆਮਦਨ ਦੀ ਗਲ ਕੀਤੀ ਗਈ ਹੈ। ਮੈਂ ਅਰਜ਼ ਕਰਦਾ ਹਾਂ ਕਿ ਜਿਨ੍ਹਾਂ ਦੀ ਆਮਦਨ 6 ਹਜ਼ਾਰ ਸਾਲਾਨਾ ਤੋਂ ਵਧ ਹੈ, ਉਨ੍ਹਾਂ ਨੂੰ ਇਹ ਅਸਿਸਟੈਂਸ ਨਹੀਂ ਮਿਲਣੀ ਚਾਹੀਦੀ। ਤਾਂ ਹੀ ਗਰੀਬ ਲੋਕਾਂ ਦਾ ਕੁਝ ਫਾਇਦਾ ਹੋ ਸਕਦਾ ਹੈ। ਨਹੀਂ ਤਾਂ ਜਿਸ ਤਰ੍ਹਾਂ ਜ਼ਮੀਨਾਂ ਵੀ ਅਮੀਰ ਲੈ ਜਾਂਦੇ ਹਨ, ਉਸੇ ਤਰ੍ਹਾਂ ਇਹ ਪੈਸਾ ਵੀ ਲੈ ਜਾਣਗੇ। ਜ਼ਮੀਨਾਂ ਅਮੀਰ ਲੋਕ ਨੀਲਾਮੀ ਵਿਚ ਲੈ ਜਾਂਦੇ ਹਨ ਕਿਉਂਕਿ ਗਰੀਬ ਲੋਕ ਤਾਂ ਬੋਲੀ ਹੀ ਨਹੀਂ ਦੇ ਸਕਦੇ। ਇਸ ਲਈ ਮੈਂ ਤਾਂ ਸ਼ੁਰੂ ਤੋਂ ਇਸ ਹਕ ਵਿਚ ਹਾਂ ਕਿ ਜ਼ਮੀਨ ਜਾਂ ਤਾਂ ਲਾਟਰੀ ਰਾਹੀਂ ਮਿਲਣੀ ਚਾਹੀਦੀ ਹੈ ਅਤੇ ਜਾਂ ਫਿਰ ਅਲਾਟਮੈਂਟ ਦੇ ਰਾਹੀਂ, ਤਾਂ ਹੀ ਗਰੀਬ ਹਰੀਜਨਾਂ ਦਾ ਕੋਈ ਫਾਇਦਾ ਹੋ ਸਕਦਾ ਹੈ। (ਥੈਂਪਿੰਗ) ਹੁਣ ਤਾਂ ਹਰੀਜਨਾਂ ਦੇ ਵਿਚ 2 ਕਲਾਸਾਂ ਹੋ ਗਈਆਂ ਹਨ। ਜੋ ਉਪਰਲੀ ਕਲਾਸ ਹੈ, ਉਸ ਨੇ ਵਡੇ ਵਡੇ ਫਾਰਮ ਆਦਿ ਬਣਾਏ ਹੋਏ ਹਨ, ਜੇ ਤੁਸੀਂ ਫਿਰੋਜ਼ਪੁਰ ਜ਼ਿਲੇ ਵਿਚ ਚਲੋ ਤਾਂ ਮੈਂ ਤੁਹਾਨੂੰ ਦਿਖਾ ਸਕਦਾ ਹਾਂ ਅਤੇ ਉਹ ਆਪਣੀਆਂ ਸ਼ਾਦੀਆਂ ਵੀ ਹੋਰ ਥਾਵਾਂ ਤੇ ਕਰਦੇ ਹਨ। ਅਤੇ ਦੂਸਰੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਕਲਾਸ ਗਰੀਬ ਹਰੀਜਨਾਂ ਦੀ ਹੈ । ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਸਹੂਲਤਾਂ ਪਿਛੜੀਆਂ ਸ਼੍ਰੇਣੀਆਂ ਲਈ ਰਖੀਆਂ ਗਈਆਂ ਹਨ ਜੇ ਇਹ ਸਿਰਫ਼ ਗਰੀਬ ਹਰੀਜਨਾਂ ਨੂੰ ਹੀ ਦਿਤੀਆਂ ਜਾਣ ਦਾ ਹੀ ਉਨ੍ਹਾਂ ਦਾ ਕੁਝ ਭਲਾ ਹੋ ਸਕਦਾ ਹੈ ।

ਫਿਰ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਬਿਲ ਲਿਆਏ ਹਨ, ਅਤੇ ਜਿਹੜੇ ਪੈਸੇ ਇਨ੍ਹਾਂ ਨੇ ਇਸ ਵਿਚ ਰਖੇ ਹਨ, ਇਹ ਇਸੇ ਸਾਲ ਵਿਚ ਹੀ ਕੰਮ ਸ਼ੁਰੂ ਕਰਕੇ ਇਹ ਪੈਸੇ ਡਜ਼ਰਵਿੰਗ ਹਥਾਂ ਵਿਚ ਦੇ ਦੇਣੇ ਚਾਹੀਦੇ ਹਨ ਤਾਂਕਿ ਬਿਲ ਦਾ ਜੋ ਮੇਨ ਮਕਸਦ ਹੈ, ਉਹ ਪੂਰਾ ਹੋ ਸਕੇ । ਮਾਸਟਰ ਜੀ ਨੇ ਇਹ ਡਰ ਪ੍ਰਗਟ ਕੀਤਾ ਹੈ ਕਿ ਕਿਤੇ ਸਾਰਾ; ਪੈਸਾ ਬਠਿੰਡੇ ਵਿਚ ਹੀ ਨਾ ਚਲਾ ਜਾਵੇ । ਮੈਂ ਇਹ ਆਸ ਕਰਦਾ ਹਾਂ ਕਿ ਇਹ ਪੈਸਾ ਬਿਨਾ ਕਿਸੇ ਫਿਰਕੇਦਾਰੀ ਦੇ ਹਰ ਇਕ ਕੰਮ ਕਰਨ ਵਾਲੇ ਨੂੰ ਦਿਤਾ ਜਾਵੇਗਾ । ਭਾਵੇਂ ਕੋਈ ਪਿਗਰੀ ਦਾ ਕੰਮ ਕਰਨਾ ਚਾਹੁੰਦਾ ਹੈ, ਜਾਂ ਚਮੜਾ ਰੰਗਣ ਦਾ ਕੰਮ ਜਾਣਦਾ ਹੈ ਜਾਂ ਰਿਕਸ਼ਾ ਹੀ ਚਲਾਉਂਦਾ ਹੈ, ਉਨ੍ਹਾਂ ਸਭ ਨੂੰ ਸਹੀ ਤੌਰ ਤੇ ਪੈਸਾ ਦਿਤਾ ਜਾਵੇ । ਸਾਡੀ ਇਕ ਇਹ ਵੀ ਬਦਕਿਸਮਤੀ ਹੈ ਕਿ ਜਿਹੜਾ ਵੀ ਹਰੀਜਨਾਂ ਦੇ ਪੈਸਿਆਂ ਦੀ ਰਾਖੀ ਬਿਠਾਉਂਦੇ ਹਾਂ ਉਹ ਅਧਾ ਪੈਸਾ ਆਪ ਹੀ ਖਾ ਜਾਂਦਾ ਹੈ । ਇਸ ਲਈ ਮੈਂ ਡਾਕਟਰ ਸਾਹਿਬ ਨੂੰ ਇਹ ਬੇਨਤੀ ਕਰਾਂਗਾ ਕਿ ਉਹ ਇਸ ਮਹਿਕਮੇ ਨੂੰ ਚੰਗੀ ਤਰ੍ਹਾਂ ਕੰਟਰੋਲ ਕਰਨ ਅਤੇ ਚੰਗੇ ਚੰਗੇ ਆਦਮੀ ਡਇਰੈਕਟਰ ਵਗੈਰਾ ਲਿਆਉਣ ਅਤੇ ਉਨ੍ਹਾਂ ਨੂੰ ਕਾਰਪੋਰੇਸ਼ਨ ਸੰਭਾਲ ਦੇਣ ਤਾਂ ਹੀ ਹਰੀਜਨਾਂ ਦਾ ਕੁਝ ਭਲਾ ਹੋ ਸਕਦਾ ਹੈ । ਨਹੀਂ ਇਸ ਬਿਲ ਦਾ ਕੰਪਲਸਰੀ ਐਜੂਕੇਸ਼ਨ ਐਕਟ ਵਾਲਾ ਹੀ ਹਿਸਾਬ ਹੋ ਜਾਵੇਗਾ, ਉਸ ਐਕਟ ਦੇ ਬਣਨ ਤੋਂ ਬਾਦ ਵੀ ਸਾਡੇ ਬੱਚੇ ਅਜੇ ਤਕ ਅਵਾਰਾ ਘੁੰਮ ਰਹੇ ਹਨ । ਉਨ੍ਹਾਂ ਦੀ ਪੜ੍ਹਾਈ ਦਾ ਕੋਈ ਪ੍ਰਬੰਧ ਨਹੀਂ । ਇਸੇ ਤਰ੍ਹਾਂ ਇਕ ਹੋਰ ਲਾਅ ਹੈ ਕਿ ਹਰੀਜਨਾਂ ਨੂੰ 10% ਨੌਕਰੀਆਂ ਮਿਲਣਗੀਆਂ । ਪਰ ਨਾਂ ਤਾਂ ਉਨ੍ਹਾਂ ਨੂੰ 10% ਨੌਕਰੀਆਂ ਹੀ ਮਿਲ ਰਹੀਆਂ ਹਨ ਅਤੇ ਨਾ ਹੀ ਉਨ੍ਹਾਂ ਨੂੰ ਪ੍ਰਮੋਸ਼ਨਾਂ ਮਿਲ ਰਹੀਆਂ ਹਨ । ਇਸ ਤਰ੍ਹਾਂ ਗਰੀਬ ਹਰੀਜਨਾਂ ਨੂੰ ਜ਼ਮੀਨ ਦੇ ਕਬਜ਼ੇ ਵੀ ਨਹੀਂ ਮਿਲ ਸਕੇ । ਸਗੋਂ ਪਛੜੇ ਹੋਏ ਵਰਗਾਂ ਨੂੰ ਹੋਰ ਲਤਾੜਿਆ ਜਾ ਰਿਹਾ ਹੈ । ਮੈਂ ਸਮਝਦਾ ਹਾਂ ਕਿ ਇਹ ਅਫ਼ਸਰ ਸ਼ਾਹੀ ਨਜਾਇਜ਼ ਕਬਜ਼ੇ ਕਰਵਾ ਰਹੀ ਹੈ । ਇਥੇ ਕੁਰਪਸ਼ਨ ਦੇ ਇਲਜ਼ਾਮ ਲਗੇ ਹਨ । ਸਾਬਕਾ ਵਜ਼ੀਰਾਂ ਤੇ ਵੀ ਇਹ ਇਲਾਜ਼ਾਮ ਲਗੇ ਹਨ ਕਿ ਉਨ੍ਹਾਂ ਨੇ ਇਵੈਕੂਈ ਲੈਂਡ ਤੇ ਆਪਣੇ ਰਿਸ਼ਤੇਦਾਰਾਂ ਦੇ ਕਬਜ਼ੇ ਕਰਵਾ ਦਿਤੇ ਹਨ । ਇਸ ਗਲ ਦੀ ਵੀ ਇਨਕੁਆਰੀ ਹੋਣੀ ਚਾਹੀਦੀ ਹੈ ਜਿਨ੍ਹਾਂ ਨੇ ਪਛੜੀਆਂ ਸ਼੍ਰੇਣੀਆਂ ਦੀਆਂ ਜ਼ਮੀਨਾਂ ਤੇ ਕਬਜ਼ਾ ਕੀਤਾ ਹੈ ਉਨ੍ਹਾਂ ਦੇ ਵਿਰੁਧ ਸਖਤ ਐਕਸ਼ਨ ਲੈਣਾ ਚਾਹੀਦਾ ਹੈ । ਜੇ ਇਸ ਮਹਿਕਮੇ ਦੀ ਪੂਰੀ ਤਰ੍ਹਾਂ ਸੰਭਾਲ ਨਾ ਕੀਤੀ ਗਈ ਤਾਂ ਇਸ ਦਾ ਹਸ਼ਰ ਵੀ ਜਿਵੇਂ ਕਿ ਮੈਂ ਪਹਿਲਾਂ ਕਿਹਾ ਹੈ ਕੰਪਲਸਰੀ ਐਜੂਕੇਸ਼ਨ ਵਾਲਾ ਹੀ ਹੋਵੇਗਾ । ਇਲੈਕਸ਼ਨ ਦੇ ਵੇਲੇ ਅਸੀਂ ਬੜੇ ਨਾਅਰੇ ਮਾਰਦੇ ਹਾਂ, ਟਾਹਰਾਂ ਮਾਰਦੇ ਹਾਂ ਕਿ ਅਸੀਂ ਇਹ ਕਰ ਦਿਆਂਗੇ, ਅਸੀਂ ਉਹ ਕਰ ਦਿਆਂਗੇ ਪਰ ਟਾਹਰਾਂ ਤੇ ਨਾਅਰਿਆਂ ਦੇ ਨਾਲ ਤਾਂ ਕੰਮ ਨਹੀਂ ਹੋ ਸਕਦਾ । ਮੈਂ ਕਹਾਂਗਾ ਕਿ ਅਗਰ ਹਰੀਜਨਾਂ ਨਾਲ ਸਰਕਾਰ ਨੂੰ ਪਿਆਰ ਹੈ ਤਾਂ ਉਹ ਕੋਈ ਠੋਸ ਕਦਮ ਚੁਕੇ । ਰਿਆਸਤਾਂ ਵਿਚ ਸਾਡੇ ਨਾਲ ਕਿ ਹਾਲ ਹੁੰਦਾ ਸੀ, ਇਹ ਸਾਰਿਆਂ ਨੂੰ ਪਤਾ ਹੈ । ਹਰੀਜਨਾਂ ਦੇ ਘਰ ਵੀ ਅਬਾਦੀ ਦੇ ਇਕ ਪਾਸੇ ਹੁੰਦੇ ਸੀ । ਪਰ ਹੁਣ ਉਸ ਤਰ੍ਹਾਂ ਦੇ ਹਾਲਾਤ ਨਹੀਂ ਚਲ ਸਕਦੇ । ਹੁਣ ਹਾਲਾਤ ਬਦਲ ਗਏ ਹਨ । ਹੁਣ ਲੋਕਰਾਜ ਆ ਗਿਆ ਹੈ । ਇਸ ਵਿਚ ਪਹਿਲਾਂ ਵਾਂਗ ਨਹੀਂ ਚਲ ਸਕਦਾ । ਹੁਣ ਤਾਂ ਤਾਂਹੀ ਤਰੱਕੀ ਹੋ ਸਕਦੀ ਹੈ ਜੇ ਸਾਰਿਆਂ ਨੂੰ ਨਾਲ ਲੈਕੇ ਅਗੇ ਵਧਿਆ ਜਾਵੇ । ਜਿਨ੍ਹਾਂ ਲੋਕਾਂ ਕੋਲ ਬਹੁਤ ਜ਼ਮੀਨ ਹੈ ਜਾਂ ਬਹੁਤ ਪੈਸਾ ਹੈ ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਦੇ ਦਿਮਾਗ ਤਾਂ ਹੀ ਦਰੁਸਤ ਹੋ ਸਕਦੇ ਹਨ, ਤਾਂ ਹੀ ਡੈਮੋਕ੍ਰੇਸੀ ਨੂੰ ਫਾਇਦਾ ਪਹੁੰਚ ਸਕਦਾ ਹੈ ਜੇ ਪਿਛੜਿਆਂ ਹੋਇਆ ਵਰਗ ਤਰਕੀ ਕਰੇ। ਮੈਂ ਡਾਕਟਰ ਸਾਹਿਬ ਨੂੰ ਕਹਾਂਗਾ ਕਿ ਜੇ ਹੋਰ ਸੁਧਾਰ ਵੀ ਇਸ ਬਿਲ ਵਿਚ ਆ ਸਕਦੇ ਹੋਣ ਤਾਂ ਕਰਨ ਅਤੇ ਇਸ ਨੂੰ ਸਖਤੀ ਨਾਲ ਲਾਗੂ ਕਰਨ। ਨਹੀਂ ਤਾਂ ਹੋਰ ਮਹਿਕਮੇ ਖੜੇ ਕਰੀ ਜਾਣ ਦਾ ਕੋਈ ਫਾਇਦਾ ਨਹੀਂ। ਇਥੇ ਵਿਜੀਲੈਂਸ ਦਾ ਮਹਿਕਮਾ ਬਣਿਆ ਪਰ ਉਸ ਵਿਚ ਵੀ ਕੁਰਪਸ਼ਨ ਫੈਲ ਗਈ। ਹੁਣ ਇਨਕੁਆਇਰੀ ਕਮੇਟੀ ਦੀ ਗਲ ਹੋ ਰਹੀ ਹੈ, ਇਸ ਵਿਚ ਵੀ ਕੁਰਪਸ਼ਨ ਫੈਲ ਜਾਵੇਗੀ। ਪਤਾ ਨਹੀਂ ਕਿ ਹਿੰਦੁਸਤਾਨ ਦਾ ਕਰੈਕਟਰ ਕਿਹੋ ਜਿਹਾ ਹੈ ਕਿ ਹਰ ਥਾਂ ਕੁਰਪਸ਼ਨ ਫੈਲ ਜਾਂਦੀ ਹੈ।

ਮੈਂ ਸਾਰੇ ਮੈਂਬਰਾਂ ਨੂੰ ਕਹਾਂਗਾ ਕਿ ਆਪਣੇ ਸਾਰੇ ਪੁਲੀਟੀਕਲ ਡਿਫਰੈਂਸ ਭੁਲ ਕੇ ਸਰਬ ਸੰਮਤੀ ਦੇ ਨਾਲ ਇਸ ਬਿਲ ਨੂੰ ਪਾਸ ਕਰਾਉਣ। ਅਖੀਰ ਵਿਚ ਮੈਂ ਆਪ ਦਾ ਧੰਨਵਾਦ ਕਰਦਾ ਹਾਂ ਕਿ ਆਪ ਨੇ ਮੈਨੂੰ ਇਸ ਬਿਲ ਤੇ ਬੋਲਣ ਦਾ ਟਾਈਮ ਦਿਤਾ ਹੈ।

ਚੌਧਰੀ ਜਗਤ ਰਾਮ (ਬੰਗਾ) : ਚੇਅਰਮੈਨ ਸਾਹਿਬ, ਡਾਕਟਰ ਸਾਹਿਬ ਜੋ ਇਹ ਬਿਲ ਲਿਆਏ ਹਨ, ਮੈਨੂੰ ਇਸ ਨਾਲ ਬੜੀ ਖੁਸ਼ੀ ਹੋਈ ਹੈ ਕਿ ਡਾਕਟਰ ਸਾਹਿਬ ਨੇ ਇਹ ਕਿਹਾ ਕਿ ਇਸ ਕੰਮ ਲਈ 5 ਕਰੋੜ ਰੁਪਿਆ ਲਿਆ ਜਾਵੇਗਾ, ਪਰ ਮੈਂ ਉਨ੍ਹਾਂ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਜਿਸ ਕੈਬਨਿਟ ਦੇ ਵਿਚ ਉਹ ਬੈਠੇ ਹਨ ਉਥੇ ਇਕ ਇਕ ਵਜ਼ੀਰ 5 ਕਰੋੜ ਤੋਂ ਵਧ ਦਾ ਹੈ। ਇਹ ਸਾਰੇ ਪੰਜਾਬ ਦੇ ਹਰੀਜਨਾਂ ਦੇ ਲਈ 5 ਕਰੋੜ ਮੰਗਦੇ ਹਨ। ਪਰ ਫਿਰ ਵੀ ਮੈਂ ਖੁਸ਼ ਹਾਂ ਕਿ ਇਹ ਪੈਸਾ ਹਰੀਜਨਾਂ ਲਈ ਮੰਗਿਆ ਗਿਆ ਹੈ, ਕਿਉਂਕਿ ਹਰੀਜਨ ਲਿਤਾੜੇ ਹੋਏ ਲੋਕ ਹਨ। ਫਿਰ ਕੁਝ ਅਜਿਹੀਆਂ ਬੇਇਨਸਾਫੀਆਂ ਵੀ ਇਸ ਸਮਾਜ ਨਾਲ ਹੋ ਰਹੀਆਂ ਹਨ ਜੋ ਦੂਰ ਨਹੀਂ ਹੋ ਰਹੀਆਂ। ਜਿਵੇਂ ਕਿ ਸਰਵਿਸ ਵਿਚ 10% ਰਜ਼ਰਵੇਸ਼ਨ ਹਰੀਜਨਾਂ ਵਾਸਤੇ ਕੀਤੀ ਗਈ ਸੀ ਪਰ ਕਲਾਸ ਵਨ ਅਤੇ ਸੈਕਿੰਡ ਵਿਚ ਇਨ੍ਹਾਂ ਨੇ ਕੋਈ ਵੀ ਭਰਤੀ ਨਹੀਂ ਕੀਤਾ ਅਤੇ ਕਲਾਸ ਥਰੀ ਅਤੇ ਫੋਰ ਵਿਚ ਇਹ ਹਰੀਜਨਾਂ ਨੂੰ ਲੈ ਲੈਂਦੇ ਹਨ।

(ਇਸ ਵੇਲੇ ਸਰਦਾਰ ਗੁਰਬੰਤਾ ਸਿੰਘ ਜੀ ਸਮਾਜ ਭਲਾਈ ਮੰਤਰੀ ਨਾਲ ਗਲ ਕਰ ਰਹੇ ਸੀ।)

ਮਾਸਟਰ ਜੀ, ਤੁਸੀਂ ਫਿਰ ਗਲ ਕਰ ਲੈਣਾ ਪਹਿਲਾਂ ਵਜ਼ੀਰ ਸਾਹਿਬ ਨੂੰ ਮੇਰੀ ਗਲ ਤਾਂ ਸੁਣਨ ਦਿਓ।

ਸ੍ਰੀ ਸਭਾਪਤੀ : ਤੁਸੀਂ ਚੇਅਰ ਨੂੰ ਐਡਰੈਸ ਕਰੋ। (The hon. Member may please address the Chair.)

ਚੌਧਰੀ ਜਗਤ ਰਾਮ : ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜੇ ਸਰਕਾਰ ਤਵਜੋ ਦੇਵੇ ਹਰੀਜਨਾਂ ਨੂੰ ਚੁਕਣ ਵਲ ਤਾਂ ਹੀ ਕੁਝ ਕਾਮਯਾਬੀ ਹੋ ਸਕਦੀ ਹੈ। ਐਕਟ ਉਤੇ ਅਮਲ ਹੋਣਾ ਚਾਹੀਦਾ ਹੈ। ਕਹਿਣ ਨੂੰ ਤਾਂ ਇਹ 10% ਸਰਵਿਸਜ਼ ਹਰੀਜਨਾਂ ਲਈ ਰਿਜ਼ਰਵ ਰਖੀਆਂ ਹੋਈਆਂ ਹਨ ਪਰ ਜੇ ਕਾਉਂਟ ਕਰੀਏ ਤਾਂ ਇਹ 1% ਬਣਦੇ ਹਨ। ਬਾਕੀ ਦਾ ਹਿੱਸਾ ਇਹ ਆਪੇ ਖਾ ਜਾਂਦੇ ਹਨ।

2.00 P.M.

ਜੇ ਇਹ ਇਕ ਪਰਸੈਂਟ ਵੀ ਮੌਕਾ ਤਾੜੂ ਅਨਸਰ ਆ ਗਿਆ ਤਾਂ ਉਹ ਸਾਰਾ ਮਾਲ ਖਾ ਜਾਊਗਾ। ਕਾਂਗਰਸ ਵਾਲੇ ਗੁਰਬਾਨੀ ਦੇ ਮੁਤਾਬਿਕ ਸਾਰੀਆਂ ਗਲਾਂ ਕਰਦੇ ਹਨ ਅਤੇ ਸੋਸ਼ਲਿਜ਼ਮ ਦੀਆਂ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਤ ਰਾਮ]

ਕਹਿੰਦੇ ਹਨ । ਸਿਖ ਇਜ਼ਮ ਤਾਂ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਦੇ ਟੁਕੜਿਆਂ ਵਿਚੋਂ ਦੁਧ ਨਚੋੜਿਆ ਸੀ ਪਰ ਇਨ੍ਹਾਂ ਨੇ ਸਿਖਇਜ਼ਮ ਨੂੰ ਪਿਛੇ ਸੁਟਿਆ ਹੈ (ਵਿਘਨ) ਹਾਂ ਮੈਂ ਕਹਿ ਰਿਹਾ ਸੀ ਕਿ ਜੇ ਮੌਕਾ ਤਾੜੂ ਅਨਸਰ ਇਕ ਪਰਸੈਂਟ ਵੀ ਆ ਗਿਆ ਤਾਂ ਉਹ ਸਾਨੂੰ ਖਾ ਜਾਊਗਾ । (ਵਿਘਨ) ਡਾਕਟਰ ਸਾਹਿਬ ਨੇ ਇਹ ਬਿਲ ਲਿਆਕੇ, ਧਰਮਸ਼ਾਲਾ ਬਣਾਕੇ (ਵਿਘਨ) ਚੰਗਾਂ ਕੰਮ ਕੀਤਾ ਹੈ । ਮੈਂ ਅਰਜ਼ ਕਰਾਂ ਕਿ ਸਾਡੇ ਪਿੰਡਾਂ ਵਿਚ ਇਸ ਵੇਲੇ ਕੀ ਹਾਲਤ ਹੈ । ਸਾਡੇ ਲੋਕਾਂ ਦਾ ਸੋਸ਼ਲ ਬਾਈਕਾਟ ਕੀਤਾ ਹੋਇਆ ਹੈ ।ਸਾਡੇ ਪਿੰਡਾਂ ਵਿਚ ਇਹ ਵਾਤਾਵਰਨ ਬਣਿਆ ਹੋਇਆ ਹੈ । ਜੇ ਇਹ ਬਿਲ ਸਿਰਫ ਇਹੀ ਚੀਜ਼ ਲਈ ਹੈ ਕਿ :

'ਭੇਖ ਦਿਖਾਇਉ ਜਗਤ ਕੋ ਲੋਕਨ ਕੋ ਬਸ ਕੀਨਾ'' ਤਾਂ ਗਲ ਦੂਜੀ ਹੈ ।

ਇਸ ਗਲ ਦੀ ਅਸੀਂ ਮੁਬਾਰਕਬਾਦ ਜ਼ਰੂਰ ਦਿੰਦੇ ਹਾਂ । ਸੁਰਜੀਤ ਸਿੰਘ ਹੋਰੀ ਤਰਲੋਚਨ ਸਿੰਘ ਹੋਰੀ ਬੈਠੇ ਹਨ ਅਤੇ ਇਹ ਸਰਕਾਰ ਬੈਠੀ ਹੈ, ਇਸ ਨੇ ਐਸਾ ਵਾਤਾਵਰਨ ਬਣਾਇਆ ਹੈ ਕਿ ਆਪਣੇ ਨਿਆਣਿਆਂ ਨੂੰ ਤਾਂ ਕਾਰਾਂ ਲੈ ਦਿਤੀਆਂ ਹਨ ਅਤੇ ਸਾਨੂੰ ਗੁੜ ਦੀ ਭੇਲੀ ਦੇ ਦਿਤੀ ਹੈ ਤਾਂ ਕਿ ਅਸੀਂ ਇਸ ਤੇ ਖੁਸ਼ ਹੋ ਜਾਈਏ । ਸਾਨੂੰ ਕਹਿੰਦੇ ਹਨ ਇਸ ਨੂੰ ਪਾਸ ਕਰ ਦਿਉ । (ਵਿਘਨ)

ਲੋਕ ਕਹਿੰਦੇ ਹਨ ਕਿ ਕਾਂਗਰਸ ਦੀਆਂ ਸੈਂਟਰ ਵਿਚ ਦੋ ਪਾਰਟੀਆਂ ਹਨ । ਤਰਲੋਚਨ ਸਿੰਘ ਹੋਰਾਂ ਨੇ ਕਿਹਾ ਕਿ ਸੈਂਟਰ ਵਿਚ ਕਾਂਗਰਸ ਦੀਆਂ ਦੋ ਪਾਰਟੀਆਂ ਹੋ ਗਈਆਂ, ਦੇਸ਼ ਦਾ ਭੈੜਾ ਹਾਲ ਹੋ ਰਿਹਾ ਹੈ । (ਵਿਘਨ) ਗਰੀਬ ਆਦਮੀ ਤਾਂ ਚਾਹੇ ਕੋਈ ਵੀ ਹੋਵੇ, ਉਹ ਤਾਂ ਪਹਿਲਾਂ ਵਾਂਗ ਹੀ ਰੁਲ ਰਿਹਾ ਹੈ । ਇਹ ਬਿਲ ਉਨ੍ਹਾਂ ਲੋਕਾਂ ਲਈ ਕੁਝ ਵੀ ਨਹੀਂ ਕਰੇਗਾ । ਹਾਲੇ ਤਾਂ ਸਾਨੂੰ ਹੋਰ ਅਗੇ ਚਲਣਾ ਪਵੇਗਾ । ਅਜ ਇਸ ਹਾਊਸ ਨੂੰ ਮੈਂ ਅਪੀਲ ਕਰਾਂਗਾ ਕਿ ਸਾਨੂੰ ਠੀਕ ਢੰਗ ਨਾਲ ਰਾਜ ਚਲਾਉਣਾ ਚਾਹੀਦਾ ਹੈ । ਇਹ ਕਿਥੋਂ ਤਕ ਠੀਕ ਹੈ ਕਿ ਇਕ ਧੀਆਂ ਧੀਆਂ ਭੈਣਾਂ ਤਾਂ ਕਾਰਾਂ ਚਲਾਉਣ ਅਤੇ ਦੂਜੇ ਪਾਸੇ ਸਾਡੇ ਖੇਤਾਂ ਵਿਚ ਬੰਨਿਆਂ ਤੇ ਖੜੀਆਂ ਨੂੰ ਇੰਨ੍ਹਾਂ ਦੇ ਮੁੰਡੇ ਡਰਾਉਂਦੇ ਹਨ । ਹਰੀਜਨ ਐਮ. ਐਲ. ਏਜ਼. ਚਾਹੇ ਉਹ ਇਧਰ ਬੈਠੇ ਹਨ, ਚਾਹੇ ਉਹ ਅਕਾਲੀ ਬੈਂਚਾਂ ਤੇ ਜਾਂ ਕਿਸੇ ਹੋਰ ਬੈਂਚਾਂ ਉਪਰ ਬੈਠੇ ਹਨ, ਉਨ੍ਹਾਂ ਦਾ ਪਹਿਲਾਂ ਧਰਮ ਕਰਮ ਇਹ ਹੋਣਾ ਚਾਹੀਦਾ ਹੈ ਕਿ ਗਰੀਬੀ ਨੂੰ ਦੂਰ ਕਰਨਾ ਹੈ । (ਵਿਘਨ) ਹੁਣੇ ਅਵਾਜ਼ ਆਈ ਹੈ ਕਿ 25 ਸਾਲਾਂ ਵਿਚ ਅਸੀਂ ਕੁਝ ਨਹੀਂ ਕਰ ਸਕੇ । ਇਹ ਮੈਂ ਤੁਹਾਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਦਿਨਾਂ ਵਿਚ ਤਕੜੇ ਤੋਂ ਤਕੜਾ ਵੀ ਇਹ ਕਹਿੰਦਾ ਸੀ ਕਿ ਇਨ੍ਹਾਂ ਨੂੰ ਕੀ ਪੁਛਣਾ ਹੈ ਕਿਉਂ ਜੋ ਹੁਣ ਚੂੜ੍ਹਿਆਂ ਚਮਾਰਾਂ ਦੀ ਸਰਕਾਰ ਹੈ । ਪਰ ਹੁਣ ਸਾਡੀ ਸਰੇ ਬਾਜ਼ਾਰ ਉਹ ਮਾੜੀ ਹਾਲਤ ਹੋ ਰਹੀ ਹੈ ਕਿ ਇਸ ਤੋਂ ਕੋਈ ਵੀ ਨਹੀ ਬਚਿਆ ਹੋਇਆ ਹੈ । ਮੇਰੇ ਪਿੰਡ ਵਿਚ ਇਹ ਹੈ ਕਿ ਜਿਸਨੇ 28 ਰੁਪਏ ਪਰ ਏਕੜ ਝੋਨੇ ਦੀ ਲਵਾਈ ਨਹੀਂ ਲੈਣੀ ਉਸ ਦਾ ਸੋਸ਼ਲ ਬਾਈਕਾਟ ਕੀਤਾ ਜਾਂਦਾ ਹੈ (ਵਿਘਨ) ਜਦ ਕਿ ਰਾਹੋਂ ਦੇ ਹਲਕੇ ਵਿਚ 60 ਰੁਪਏ ਝੋਨੇ ਦੀ ਲਵਾਈ ਹੈ । (ਵਿਘਨ) ਉਥੇ ਸਾਰੀ ਦੀ ਸਾਰੀ ਜ਼ਮੀਨ ਹਰੀਜਨਾਂ ਨੇ ਬੋਲੀ ਵਿਚ ਲਈ ਸੀ (ਵਿਘਨ) (ਘੰਟੀ) ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੇਰੇ ਤੇ ਅਨਾਇਤ ਦੀ ਨਜ਼ਰ ਰਖਦੇ ਹੋ। ਹੁਣ ਇਨ੍ਹਾਂ ਨੇ ਇਕ ਬੜਾ ਤਕੜਾ ਨਾਰਾ ਦਿਤਾ ਹੈ । ਇਸ ਵਿਚ ਡਾਕਟਰ ਭਗਤ ਸਿੰਘ ਵੀ ਹਨ ਅਤੇ ਸਰਦਾਰ ਤਾਰਾ ਸਿੰਘ ਹੋਰੀਂ ਵੀ ਵੈਸੇ ਉਹ ਤਾਂ ਜਿਸ ਦਿਨ ਤੋਂ ਵਜ਼ੀਰ ਬਣੇ ਹਨ ਦਿਖਦੇ ਹੀ ਨਹੀਂ । ਕਮੇਟੀ ਵਿਚ ਉਨ੍ਹਾਂ ਨੇ ਫੈਸਲਾ ਕੀਤਾ ਕਿ ਜ਼ਮੀਨ ਦੀ ਨਿਲਾਮੀ ਕਰ ਦਿਉ, ਖਾਲੀ ਪਈ ਜ਼ਮੀਨ ਦੇ ਦਿਉ । ਇਨ੍ਹਾਂ ਨੇ ਦਰਿਆ ਸਤਲੁਜ ਦੇ ਨਾਲ ਦੀ ਜ਼ਮੀਨ ਵੇਚੀ ਹੈ । ਪਰ ਗਲ ਤਾਂ ਇਹ ਹੈ ਕਿ ਜਿਹੜੀ ਜ਼ਮੀਨ ਤੇ ਨਾਜਾਇਜ਼ ਕਬਜ਼ਾ ਹੋਇਆ ਹੈ ਉਸ ਨੂੰ ਖਾਲੀ ਕਰਾਉਣਾ ਚਾਹੀਦਾ ਹੈ । ਲੇਕਿਨ ਉਹ ਅਜ ਤਕ ਨਹੀਂ ਹੋ ਸਕਿਆ । ਇਮਾਨਦਾਰੀ ਡਾਕਟਰ ਸਾਹਿਬ ਵਿਚ ਬੜੀ ਤਕੜੀ ਹੈ ।

Original with;
Punjab Vidhan Sabha
Digitized by;
Panjab Digital Library

ਲੇਕਿਨ ਇਮਾਨਦਾਰੀ ਨਾਲ ਡਾਕਟਰ ਸਾਹਿਬ ਤੁਸੀਂ ਕਿਨ੍ਹਾਂ ਆਦਮੀਆਂ ਨਾਲ ਲੜਨਾ ਹੈ ? ਤੁਸੀਂ ਉਨ੍ਹਾਂ ਆਦਮੀਆਂ ਨਾਲ ਲੜਨਾ ਹੈ ਜਿਹੜੇ ਤੁਹਾਡੀ ਕੈਬਨੇਟ ਦੇ ਮੈਂਬਰ ਹਨ ਔਰ ਜਿਹੜਾ ਇਕ ਇਕ ਹੀ ਦਸ ਕਰੋੜ ਰੁਪਏ ਦੇ ਮੁਲ ਦਾ ਹੈ। ਇਸ ਬਿਲ ਨੂੰ ਪਾਸ ਕਰਾ ਲਵੋ। ਪਰ ਇਸ ਵਿਚ ਖਾਮੀਆਂ ਬਹੁਤ ਹਨ। ਚਲੋ ਇਹ ਪਾਸ ਕਰਾ ਲਵੋ ਬਾਕੀ ਦੀਆਂ ਖਾਮੀਆਂ ਫੇਰ ਦੂਰ ਹੋ ਜਾਣਗੀਆਂ। ਜਿਹੜੀ ਹੋਰ ਕੋਈ ਸਰਕਾਰ ਆਵੇਗੀ ਉਹ ਇਹ ਖਾਮੀਆਂ ਨੂੰ ਦੂਰ ਕਰਵਾ ਲਵੇਗੀ। ਤੁਸੀਂ ਸਾਰੀ ਉਮਰ ਇਥੇ ਰਹਿਣ ਦਾ ਠੇਕਾ ਤਾਂ ਨਹੀਂ ਲਿਤਾ ਹੋਇਆ ਹੈ।

ਸਰਵਿਸਿਜ਼ ਵਿਚ ਜਿਹੜੀ 10% ਰਿਜ਼ਰਵੇਸ਼ਨ ਹੈ, ਇਸ ਬਾਰੇ ਮੈਂ ਅਰਜ਼ ਕਰਾਂ ਕਿ ਕਲਾਸ (I) ਅਤੇ (II) ਸਰਵਿਸਿਜ਼ ਵਾਸਤੇ ਅਤੇ ਪਰੋਮੋਸ਼ਨ ਵਾਸਤੇ ਇਹ ਰਿਜ਼ਰਵੇਸ਼ਨ ਅਮਲ ਵਿਚ ਨਹੀਂ ਆਈ ਹੈ। ਇਹ ਰਿਜ਼ਰਵੇਸ਼ਨ ਤਾਂ ਸਿਰਫ ਕਲਾਸ (III) ਐਂਪਲਾਈਜ਼ ਵਾਸਤੇ ਅਤੇ ਕਲਾਸ (IV) ਐਂਪਲਾਈਜ਼ ਵਾਸਤੇ ਹੀ ਹੈ। ਇਹ ਚੀਜ਼ ਕਲਾਸ (I) ਅਤੇ (II) ਪੋਸਟਾਂ ਵਾਸਤੇ ਵੀ ਹੋਣੀ ਚਾਹੀਦੀ ਹੈ। ਇਥੇ ਕਲਾਸ (III) ਐਂਪਲਾਈਜ਼ ਦੇ ਕਈ ਸਾਡੇ ਮੁੰਡੇ ਇਸ ਆਸ ਵਿਚ ਬੈਠੇ ਹੋਏ ਹਨ ਕਿ ਸ਼ਾਇਦ ਉਨ੍ਹਾਂ ਲਈ ਕੁਝ ਪਾਸ ਹੋਵੇ। ਇਹ ਹਾਊਸ ਦੇ ਹਾਲ ਵਿਚ ਸਾਡੇ ਵਲ ਤਕ ਲਵੋ, ਆਪਣੇ ਵਲ ਤਕ ਲਵੋ, ਕਿੰਨੇ ਕੁ ਅਜਿਹੇ ਬੰਦੇ ਬੈਠੇ ਹਨ ਜਿਹੜੇ ਕਿ ਹਰੀਜਨ ਨਾਂ ਹੋਣ (ਵਿਘਨ) ਲਾਬੀ ਵੀ ਖਾਲੀ ਪਈ ਹੈ। ਜੇ ਕਿਤੇ ਕੋਈ ਹੋਰ ਮਸਲਾ ਹੋਵੇ ਤਾਂ ਫੇਰ ਦੇਖੋ ਲਾਬੀ ਵਿਚ ਕਿੰਨੇ ਬੰਦੇ ਆ ਜਾਂਦੇ ਹਨ।

ਪਿੰਡਾਂ ਵਿਚ ਸਬਜ਼ੀ ਵੇਚਣ ਵਾਲਾ ਆਉਂਦਾ ਹੈ, ਜਦੋਂ ਰਹਿੰਦ ਖੂੰਦ ਰਹਿ ਜਾਂਦੀ ਹੈ ਤਾਂ ਉਹ ਉਸ ਸਬਜ਼ੀ ਨੂੰ ਲੈਕੇ ਹਰੀਜਨ ਬਸਤੀ ਵਿਚ ਲੈ ਜਾਂਦਾ ਹੈ। ਚੁਣ ਚੁਣ ਕੇ ਤਾਂ ਸਬਜ਼ੀ ਨੂੰ ਪਹਿਲਾਂ ਹੋਰ ਬੰਦੇ ਲੈ ਲੈਂਦੇ ਹਨ। ਜਿਹੜੀ ਰਹਿੰਦ ਖੂੰਦ ਹੁੰਦੀ ਹੈ ਉਹ ਹਰੀਜਨਾਂ ਲਈ ਰਹਿ ਜਾਂਦੀ ਹੈ। (ਵਿਘਨ)

ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਇਕ ਗਲ ਕਰ ਲੈਣ। "ਰੰਗ ਰੇਟੇ ਗੁਰੂ ਕੇ ਬੇਟੇ" ਗੁਰੂ ਜੀ ਨੇ ਸਭ ਕੁਝ ਕਿਹਾ ਹੈ। ਵੀਹ ਸਾਲਾਂ ਵਿਚ ਸਾਡੀ ਸਰਕਾਰ ਨੇ ਕਾਨੂੰਨ ਬਣਾ ਦਿਤਾ। ਹੁਣ ਇਹ ਕੋਈ ਨਹੀਂ ਕਹਿ ਸਕਦਾ ਕਿ ਅਸੀਂ ਜਗਤ ਰਾਮ ਨਾਲ ਰੋਟੀ ਨਹੀਂ ਖਾ ਸਕਦੇ ਉਹ ਇਹ ਤਾਂ ਕਹਿ ਸਕਦਾ ਹੈ ਕਿ ਕਿਉਂਕਿ ਮੈਂ ਬਿਮਾਰ ਹਾਂ ਅਤੇ ਡਾਕਟਰ ਨੇ ਰੋਟੀ ਖਾਣੀ ਮਨ੍ਹਾਂ ਕੀਤੀ ਹੋਈ ਹੈ, ਇਸ ਲਈ ਮੈਂ ਰੋਟੀ ਨਹੀਂ ਖਾਣੀ। ਪਰ ਉਹ ਸਾਡੇ ਨਾਲ ਬੈਠਣ ਤੋਂ ਇਨਕਾਰ ਨਹੀਂ ਕਰ ਸਕਦਾ। ਅਸੀਂ ਆਦਮੀ ਨੂੰ ਆਦਮੀ ਦੀ ਸ਼ਕਲ ਵਿਚ ਲਿਆ ਦਿਤਾ ਹੈ। ਜਿਸ ਢੰਗ ਵਿਚ ਗੁਰਬਾਣੀ ਨੇ ਆਦਮੀ ਨੂੰ ਲਿਆਉਣ ਵਿਚ ਹੁਕਮ ਦਿਤਾ ਸੀ, ਉਸ ਢੰਗ ਵਿਚ ਅਸੀਂ ਆਦਮੀ ਨੂੰ ਲਿਆ ਦਿਤਾ ਹੈ। (ਵਿਘਨ)

ਮੈਨੂੰ, ਚੇਅਰਮੈਨ ਸਾਹਿਬ, ਇਕ ਗਲ ਯਾਦ ਆਈ। ਮੈਂ ਇੰਗਲੈਂਡ ਗਿਆ ਸੀ। ਜਦੋਂ ਮੈਂ ਉਥੇ ਰੋਟੀ ਖਾਣ ਲਗਾ ਤਾਂ ਇਕ ਅੰਗਰੇਜ਼ ਵੀ ਉਥੇ ਆ ਗਿਆ। ਉਸ ਨੇ ਮੈਨੂੰ ਪੁਛਿਆ ਕਿ ਕੀ ਮੈਂ ਮੀਟ ਖਾਂਦਾ ਹਾਂ ਅਤੇ ਸ਼ਰਾਬ ਪੀਂਦਾ ਹਾਂ ਤਾਂ ਮੈਂ ਜਵਾਬ ਦਿੱਤਾ ਕਿ ਮੈਂ ਨਾ ਹੀ ਮੀਟ ਖਾਂਦਾ ਹਾਂ ਅਤੇ ਨਾ ਹੀ ਸ਼ਰਾਬ ਪੀਂਦਾ ਹਾਂ। ਉਸ ਅੰਗਰੇਜ਼ ਆਦਮੀ ਨੇ ਮੈਨੂੰ ਕਿਹਾ ਕਿ ਅਸੀਂ ਤਾਂ ਡੰਗਰਾਂ ਦਾ ਮੀਟ ਖਾ ਲੈਂਦੇ ਹਾਂ ਪਰ ਇੰਡੀਆ ਵਿਚ ਆਦਮੀ ਆਦਮੀ ਦਾ ਮੀਟ ਖਾਂਦਾ ਹੈ (ਵਿਘਨ) ਬਾਸੀ ਸਾਹਿਬ ਨੂੰ ਪਤਾ ਹੈ। ਇਨ੍ਹਾਂ ਨੇ ਠੇਕੇਦਾਰੀ ਕੀਤੀ ਹੈ ਅਤੇ ਇਨ੍ਹਾਂ ਨੂੰ ਪਤਾ ਹੈ ਕਿ ਆਦਮੀ ਆਦਮੀ ਦਾ ਮੀਟ ਕਿਸ ਤਰ੍ਹਾਂ ਖਾਂਦਾ ਹੈ। ਤੁਹਾਡੇ ਕੋਲ ਮਹਿਕਮਾ ਦਿਤਾ ਹੋਇਆ ਹੈ, ਸੋਸ਼ਲ ਵੈਲਫੇਅਰ ਦਾ, ਅਤੇ ਹੋਰਾਂ ਨੇ ਸੰਭਾਲੇ ਹੋਏ ਹਨ ਐਕਸਾਈਜ਼ ਅਤੇ ਰੈਵਿਨਿਊ ਦੇ ਮਹਿਕਮੇ। (ਵਿਘਨ) ਜਨ-ਸੰਘ ਵਾਲੇ ਜਿਹੜੇ ਕਿ ਹੁਣ ਇਧਰ ਬੈਠੇ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਤ ਰਾਮ]

ਹੋਏ ਹਨ, ਇਨ੍ਹਾਂ ਦੇ ਕੇਵਲ ਸਤ ਮੈਂਬਰ ਹੁੰਦੇ ਹੋਈ ਵੀ ਚਾਰਾਂ ਨੂੰ ਮਨਿਸਟਰੀਆਂ ਦਿਤੀਆਂ ਹੋਈਆਂ ਸਨ (ਵਿਘਨ)

ਚੇਅਰਮੈਨ ਸਾਹਿਬ, ਬਿਲ ਬੜਾ ਅਛਾ ਹੈ ਅਤੇ ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ। ਅਸੀਂ ਉਤਾਵਲੇ ਬੜੇ ਹਾਂ ਕਿ ਇਹ ਪਾਸ ਹੋਣਾ ਚਾਹੀਦਾ ਹੈ ਪਰ ਮਿਲਣਾ ਕੁਝ ਇਸ ਵਿਚੋਂ ਵੀ ਕੁਝ ਨਹੀਂ।

ਕਾਮਰੇਡ ਦਰਸ਼ਨ ਸਿੰਘ ਝਬਾਲ (ਅਟਾਰੀ, ਐਸ. ਸੀ.) : ਚੇਅਰਮੈਨ ਸਾਹਿਬ, ਡਾਕਟਰ ਭਗਤ ਸਿੰਘ ਵੈਲਫੇਅਰ ਮਨਿਸਟਰ ਨੇ ਜਿਹੜਾ ਬਿੱਲ ਪੰਜਾਬ ਸ਼ੈਡਿਊਲਡ ਕਾਸਟਸ ਲੈਂਡ ਡੀਵੈਲਪਮੈਂਟ ਐਂਡ ਫਾਈਨੈਂਸ ਕਾਰਪੋਰੇਸ਼ਨ 1970 ਦਾ ਪੇਸ਼ ਕੀਤਾ ਹੈ, ਮੈਂ ਬੜਾ ਹੈਰਾਨ ਸੀ ਜਦੋਂ ਸਰਦਾਰ ਉਮਰਾਓ ਸਿੰਘ ਨੇ ਤਰਮੀਮਾਂ ਪੇਸ਼ ਕੀਤੀਆਂ ਅਤੇ ਦਲੀਲਾਂ ਦਿਤੀਆਂ। ਪਰ ਉਸ ਵੇਲੇ ਵੀ ਸਾਰਿਆਂ ਮੈਂਬਰਾਂ ਨੇ ਕਿਹਾ ਕਿ ਇਹ ਬਿਲ ਪਾਸ ਹੋਣਾ ਚਾਹੀਦਾ ਹੈ ਭਾਵੇਂ ਇਹ ਬਿਲ ਪੂਰਾ ਮਕਸਦ ਹੱਲ ਨਹੀਂ ਕਰਦਾ। ਪਰ ਫਿਰ ਵੀ ਬਾਵਜੂਦ ਇਸ ਦੇ ਵਿਚ ਕੁਝ ਖਾਮੀਆਂ ਦੇ ਇਸ ਬਿਲ ਦੀ ਜੋ ਭਾਵਨਾ ਹੈ, ਉਹ ਦਰੁਸਤ ਹੈ। ਡਾਕਟਰ ਸਾਹਿਬ ਅੱਗੇ ਵੀ ਇਸ ਮਸਲੇ ਤੇ ਖਾਸ ਕਰਕੇ ਸ਼ੈਡਿਊਲਡ ਕਾਸਟਸ ਔਰ ਐਗਰੀਕਲਚਰ ਦੇ ਮਸਲੇ ਬਾਰੇ ਚੰਗੇ ਵਿਚਾਰ ਰੱਖਦੇ ਹਨ ਪਰ ਇਨ੍ਹਾਂ ਦੇ ਵਿਚਾਰ ਰੱਖਣ ਨਾਲ ਮਸਲਾ ਹੱਲ ਨਹੀਂ ਹੁੰਦਾ। ਕਿਉਂ ਕਿ ਜਿਸ ਪਾਰਟੀ ਦੇ ਵਿਚ ਇਹ ਹਨ ਉਹ ਪਾਰਟੀ ਲੈਂਡਲਾਰਡਾਂ ਦੀ ਹੈ ਅਤੇ ਜਗੀਰਦਾਰਾਂ ਦੀ ਇਨ੍ਹਾਂ ਦੀ ਪਾਰਟੀ ਨੁਮਾਇੰਦਗੀ ਕਰਦੀ ਹੈ। ਇਸ ਵਾਸਤੇ ਇਹ ਸਮਝ ਲੈਣਾ ਕਿ ਇਹ ਠੀਕ ਕਰਦੇ ਹਨ ਇਹ ਗੱਲਾਂ ਸਮਝ ਤੋਂ ਬਾਹਰ ਹਨ। ਚੇਅਰਮੈਨ ਸਾਹਿਬ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਇਸ ਬਿੱਲ ਵਿਚ ਦੱਸਿਆ ਗਿਆ ਹੈ ਕਿ ਇਹ ਬਿੱਲ, ਜਿਹੜੇ ਸ਼ੈਡਿਊਲਡ ਕਾਸਟਸ ਹਨ, ਉਨ੍ਹਾਂ ਦੀ ਉਨਤੀ ਵਾਸਤੇ ਹੈ, ਉਨ੍ਹਾਂ ਨੂੰ ਤਰੱਕੀ ਵੱਲ ਲਿਜਾਣ ਲਈ ਇਹ ਕਾਰਪੋਰੇਸ਼ਨ ਬਣਾਈ ਜਾ ਰਹੀ ਹੈ। ਜਦ ਅਸੀਂ ਇਹ ਮਕਸਦ ਸਾਹਮਣੇ ਰੱਖਦੇ ਹਾਂ ਤਾਂ ਜ਼ਰੂਰੀ ਬਣ ਜਾਂਦਾ ਹੈ ਕਿ ਬੁਨਿਆਦੀ ਉਹ ਸਵਾਲ ਜਿਨ੍ਹਾਂ ਨਾਲ ਉਨਤੀ ਹੋ ਸਕਦੀ ਹੈ, ਉਨ੍ਹਾਂ ਵੱਲ ਧਿਆਨ ਕਰੀਏ। ਇਸ ਦੇ ਵਿਚ ਪਸ਼ੂ ਪਾਲਣ, ਰੇਸ਼ਮ ਦੇ ਕੀੜੇ ਪਿਗਰੀ ਅਤੇ ਹੋਰ ਬਹੁਤ ਸਾਰੇ ਕੰਮ ਵਾਸਤੇ ਕਿਹਾ ਗਿਆ ਹੈ ਕਿ ਕਰਜ਼ੇ ਮਿਲ ਸਕਦੇ ਹਨ। ਡਾਕਟਰ ਹੋਰਾਂ ਨੇ ਕਿਹਾ ਹੈ ਕਿ ਪਹਿਲਾਂ ਇਹ ਕਰਜ਼ੇ ਨਹੀਂ ਮਿਲਦੇ ਸਨ। ਪਰ ਸਵਾਲ ਇਹ ਹੈ ਕਿ ਜਿਹੜੇ ਸਮੁੱਚੇ ਤੌਰ ਤੇ ਪਛੜੇ ਹੋਏ ਹਨ, ਜਿਹੜੇ ਹਰੀਜਨ ਹਨ, ਉਨ੍ਹਾਂ ਵਾਸਤੇ ਕੀ ਕਰਨਾ ਹੈ। ਇਹ ਬੁਨਿਆਦੀ ਸਵਾਲ ਹੱਲ ਕਰਨ ਦੀ ਜ਼ਰੂਰਤ ਹੈ। ਮੈਂ ਪਿੰਡਾਂ ਨਾਲ ਤੁਅੱਲਕ ਰੱਖਦਾ ਹਾਂ, ਚੇਅਰਮੈਨ ਸਾਹਿਬ ਤੁਸੀਂ ਵੀ ਪਿੰਡਾਂ ਨਾਲ ਤੁਅੱਲਕ ਰੱਖਦੇ ਹੋ। ਮੈਂ ਤੁਹਾਡੇ ਰਾਹੀਂ ਅਤੇ ਸਪੀਕਰ ਸਾਹਿਬ ਰਾਹੀਂ ਸਰਕਾਰ ਨੂੰ ਅੱਗੇ ਵੀ ਕਿਹਾ ਹੈ ਕਿ ਇਹ ਬੁਨਿਆਦੀ ਸਵਾਲ ਹੱਲ ਕਰਨਾ ਬਹੁਤ ਜ਼ਰੂਰੀ ਹੈ। ਉਹ ਇਹ ਹੈ ਕਿ ਜਿੰਨੀ ਦੇਰ ਤੱਕ ਸਰਕਾਰ ਜ਼ਮੀਨ ਦਾ ਸੁਧਾਰ ਨਹੀਂ ਕਰਦੀ ਉਦੋਂ ਤਕ ਤਰੱਕੀ ਨਹੀਂ ਹੋ ਸਕਦੀ। ਛੋਟੀਆਂ ਮੋਟੀਆਂ ਰਿਆਇਤਾਂ ਦੇਣ ਨਾਲ ਕੋਈ ਅਸਰ ਨਹੀਂ ਹੋ ਸਕਦਾ ਜਦ ਤਕ ਕਿ ਜ਼ਮੀਨ ਦਾ ਸੁਧਾਰ ਨਹੀਂ ਕਰਦੇ। ਪਿਛਲਾ ਤਜਰਬਾ ਸਾਡੇ ਸਾਹਮਣੇ ਹੈ। ਉਹ ਦੱਸਦਾ ਹੈ ਕਿ ਕਾਂਗਰਸ ਨੇ 20 ਸਾਲਾਂ ਵਿਚ ਹਾਲਤ ਇਸ ਹੱਦ ਤਕ ਲੈ ਆਂਦੀ ਕਿ ਅੱਜ ਲੋਕ ਮਜਬੂਰ ਹੋ ਕੇ ਦਰ ਬੇਦਰ ਭਟਕ ਰਹੇ ਹਨ। ਅਕਾਲੀ ਪਾਰਟੀ ਦੀ ਸਰਕਾਰ ਨੂੰ ਇਸ ਵਿਚ ਫਰਕ ਪਾਉਣਾ ਚਾਹੀਦਾ ਸੀ ਜੋ ਕਿ ਕਾਂਗਰਸ ਨੇ ਲੋਕਾਂ ਨਾਲ ਧੱਕੇ ਕੀਤੇ ਸਨ, ਪਰ ਅੱਜ ਇਹ ਵੀ ਉਨ੍ਹਾਂ ਦੀਆਂ ਲੀਹਾਂ ਤੇ ਚੱਲ ਰਹੇ ਹਨ ਜਿਹੜੀਆਂ ਕਿ ਕਾਂਗਰਸ ਨੇ ਪਿਛਲੇ 20 ਸਾਲਾਂ ਵਿਚ ਲੋਕਾਂ ਨਾਲ ਕੀਤੀਆਂ। ਜਿਹੜਾ ਗਰੀਬ ਤਬਕਾ ਹੈ, ਜਿਸ ਨੂੰ ਹਰੀਜਨ ਕਿਹਾ

Original with;
Punjab Vidhan Sabha
Digitized by;
Panjab Digital Library

ਜਾਂਦਾ ਹੈ, ਉਹ ਅੱਜ ਰੁਲਦਾ ਫਿਰਦਾ ਹੈ, ਦਰ ਬੇਦਰ ਭਟਕ ਰਿਹਾ ਹੈ। ਚੇਅਰਮੈਨ ਸਾਹਿਬ, ਇਹ ਕਿਉਂ ਹੋ ਗਿਆ। ਉਹ ਇਸ ਲਈ ਹੋ ਗਿਆ ਕਿਉਂਕਿ ਅੱਜ ਖੇਤੀ ਬਾੜੀ ਵਿਚ ਮਸ਼ੀਨਰੀ ਬੜੀ ਤੇਜ਼ੀ ਦੇ ਨਾਲ ਆਈ ਹੈ ਅਤੇ ਆ ਰਹੀ ਹੈ ਪਰ ਹਰੀਜਨ ਜ਼ਿਆਦਾ ਖੇਤੀਬਾੜੀ ਨਾਲ ਸਬੰਧ ਰੱਖਦੇ ਹਨ, ਦਸਤਕਾਰੀ ਵੀ ਕਰਦੇ ਹਨ, ਪਰ ਜਿਹੜੇ ਖੇਤੀਬਾੜੀ ਨਾਲ ਸਬੰਧ ਰੱਖਦੇ ਹਨ, ਜ਼ਿਮੀਂਦਾਰਾਂ ਪਾਸ ਟਰੈਕਟਰ ਆਉਣ ਕਰਕੇ ਹਰੀਜਨ ਵਿਹਲੇ ਕਰ ਦਿਤੇ ਗਏ ਹਨ। ਗਹਾਈ ਵਾਲੀਆਂ ਮਸ਼ੀਨਾ, ਉਡਾਈ ਵਾਲੀਆਂ ਮਸ਼ੀਨਾਂ ਅਤੇ ਕਣਕ ਦੀ ਕਟਾਈ ਦੀਆਂ ਮਸ਼ੀਨਾਂ ਆਦਿ ਆ ਗਈਆਂ ਹਨ, ਜਿਸ ਕਰਕੇ ਹਰੀਜਨ ਵਿਹਲੇ ਹੋ ਗਏ ਹਨ। ਗਰੀਬ ਮਾਰੇ ਮਾਰੇ ਫਿਰ ਰਹੇ ਹਨ। ਇਸ ਲਈ ਸਰਕਾਰ ਦਾ ਫਰਜ਼ ਬਣ ਜਾਂਦਾ ਹੈ ਕਿ ਜਿਹੜੇ ਲੋਕ ਅੱਗੇ ਸੇਪੀ ਆਦਿ ਕਰਕੇ ਗੁਜ਼ਾਰਾ ਕਰਦੇ ਸਨ ਪਰ ਮਸ਼ੀਨਰੀ ਆਉਣ ਨਾਲ ਉਹ ਬੇਕਾਰ ਕਰ ਦਿਤੇ ਗਏ ਹਨ, ਸਰਕਾਰ ਉਨ੍ਹਾਂ ਨੂੰ ਕੰਮ ਦੇਵੇ। ਮੈਂ ਕਹਿੰਦਾ ਹਾਂ ਕਿ ਇਹ ਮਸਲਾ ਜ਼ਮੀਨ ਦੇ ਸੁਧਾਰ ਨਾਲ ਹੀ ਹਲ ਹੋ ਸਕਦਾ ਹੈ।

ਚੇਅਰਮੈਨ ਸਾਹਿਬ, ਸਾਡੇ ਚੀਫ ਮਨਿਸਟਰ ਸਾਹਿਬ ਨੇ 2 ਮੀਟਿੰਗਾਂ ਕੀਤੀਆਂ, ਜਿਸ ਦੇ ਵਿਚ ਸਾਰੇ ਸ਼ਿਡਿਊਲਡ ਕਾਸਟਸ ਦੇ ਮੈਂਬਰਾਂ ਨੂੰ ਸੱਦਿਆ ਗਿਆ। ਉਸ ਵਿਚ ਸੋਚਿਆ ਗਿਆ ਕਿ ਹਰੀਜਨਾਂ ਦੀ ਤਰੱਕੀ ਕਿਸ ਤਰ੍ਹਾਂ ਹੋ ਸਕਦੀ ਹੈ। ਉਸ ਮੀਟਿੰਗ ਵਿਚ ਮੈਂ, ਕਾਮਰੇਡ ਦਾਨਾ ਰਾਮ, ਪਾਂਧੀ ਸਾਹਿਬ ਮਾਸਟਰ ਗੁਰਬੰਤਾ ਸਿੰਘ ਜੀ ਨੇ ਭਾਗ ਲਿਆ। ਉਥੇ ਜ਼ਮੀਨ ਨੂੰ ਤਕਸੀਮ ਕਰਨ ਦਾ ਸਵਾਲ ਚੱਲਿਆ। ਉਥੇ ਮੈਂ, ਕਾਮਰੇਡ ਦਾਨਾ ਰਾਮ, ਨੇ ਕਿਹਾ ਕਿ ਜਿਹੜੀ ਤੁਸੀਂ ਕਹਿੰਦੇ ਹੋ ਕਿ ਜ਼ਮੀਨ ਨਿਲਾਮ ਕਰਨੀ ਹੈ, ਅਸੀਂ ਸੀ. ਐਮ ਨੂੰ ਕਿਹਾ ਕਿ ਤੁਸੀਂ ਜ਼ਮੀਨਾਂ ਦੇਣੀਆਂ ਨਹੀਂ, ਤੁਸੀਂ ਸਗੋਂ ਜ਼ਮੀਨਾਂ ਲੋਕਾਂ ਕੋਲੋਂ ਖੋਹ ਲੈਣੀਆਂ ਹਨ। ਪਾਂਧੀ ਸਾਹਿਬ ਪਹਿਲਾਂ ਸਾਡੇ ਨਾਲ ਸਹਿਮਤ ਨਹੀਂ ਸਨ, ਪਰ ਹੁਣ ਉਨ੍ਹਾਂ ਨੂੰ ਇਸ ਦਾ ਪਤਾ ਲੱਗ ਗਿਆ ਹੈ। ਇਵੈਕੂਈ ਲੈਂਡ ਗਰੀਬ ਹਰੀਜਨ ਨਹੀਂ ਲੈ ਸਕਣਗੇ ਸਗੋਂ ਇਹ ਜ਼ਮੀਨ ਵੱਡੇ ਵੱਡੇ ਆਦਮੀ, ਅਫਸਰ ਭਾਵੇਂ ਉਹ ਸ਼ਿਡਿਊਲਡ ਕਾਸਟਸ ਹਨ ਜਾਂ ਹੋਰ ਕੋਈ, ਉਨ੍ਹਾਂ ਨੇ ਜ਼ਮੀਨਾਂ ਲੈ ਲੈਣੀਆਂ ਹਨ ਨਿਲਾਮੀ ਦੇ ਨਾਮ ਤੇ। ਪਰ ਉਸ ਦੇ ਵਿਚ ਇਹ ਸੀ ਕਿ ਅਫਸਰ ਜ਼ਮੀਨ ਲੈ ਨਹੀਂ ਸਕਦੇ। ਪਰ ਉਨ੍ਹਾਂ ਨੇ ਵਿੰਗੇ ਟੇਢੇ ਤਰੀਕੇ ਨਾਲ ਇਹ ਜ਼ਮੀਨਾਂ ਲੈ ਲਈਆਂ ਹਨ। ਚੇਅਰ-ਮੈਨ ਸਾਹਿਬ, ਮੈਂ ਅੰਮ੍ਰਿਤਸਰ ਦੀ ਮਿਸਾਲ ਤੁਹਾਡੇ ਸਾਹਮਣੇ ਰੱਖਦਾ ਹਾਂ। ਪਿੰਡ ਚੀਚਾ ਲਾਗੇ ਪਿੰਡ ਮਹਿਦੂਦ ਨਗਰ ਜਿਥੇ ਦੀ ਜ਼ਮੀਨ ਬੜੀ ਨਾਕਸ ਸੀ। ਉਥੇ ਦਾ 10 ਏਕੜ ਦਾ ਪਲਾਟ ਵੀ 40-60 ਹਜ਼ਾਰ ਰੁਪਏ ਤੇ ਬੋਲੀ ਤੇ ਚੜ੍ਹਿਆਂ। ਪਰ ਹਰੀਜਨ ਐਨੇ ਪੈਸੇ ਦੇ ਕੇ ਜ਼ਮੀਨ ਨਹੀਂ ਲੈ ਸਕਦੇ ਸਨ ਪਰ ਉਹ ਜ਼ਮੀਨ ਹੋਰ ਆਦਮੀਆਂ ਨੇ ਹੀ ਬੋਲੀ ਤੇ ਲੈ ਲਈ, ਉਹ ਜ਼ਮੀਨ ਅਫਸਰਾਂ ਨੇ ਬੋਲੀ ਤੇ ਲੈ ਲਈ। ਗਰੀਬਾਂ ਵਿਚਾਰਿਆਂ ਦੀ ਕੋਈ ਸੁਣਵਾਈ ਨਹੀਂ। ਇਸ ਲਈ ਮੈਂ ਪੰਜਾਬ ਸਰਕਾਰ ਨੂੰ ਕਹਾਂਗਾ, ਅੱਗੇ ਵੀ ਕਈ ਵਾਰੀ ਯਾਦ ਕਰਵਾਇਆ ਹੈ ਕਿ, ਸੰਤ ਫ਼ਤਹਿ ਸਿੰਘ ਕਹਿੰਦੇ ਹਨ ਕਿ ਮੈਂ ਬਾਕੀ ਸਮਾਂ ਹਰੀਜਨਾਂ ਵਿਚ ਬਤੀਤ ਕਰਕੇ ਉਨ੍ਹਾਂ ਦੀ ਉਨਤੀ ਕਰਾਂਗਾ। ਚੇਅਰਮੈਨ ਸਾਹਿਬ, ਉਨਤੀ ਬਿਆਨਾਂ ਨਾਲ ਨਹੀਂ ਹੋਣੀ। ਇਹ ਜਿਹੜਾ ਸਵਾਲ ਹੈ, ਇਹ ਹੱਲ ਕਰਨਾ ਪਵੇਗਾਂ। ਪਿਛਲੇ ਸੀ. ਐਮ. ਅਤੇ ਹੁਣ ਦੇ ਸੀ. ਐਮ. ਵੀ ਕਹਿੰਦੇ ਹਨ ਕਿ 30 ਸਟੈਂਡਰਡ ਏਕੜ ਦੀ ਹੱਦ ਘੱਟ ਹੈ, ਇਹ ਜ਼ਿਆਦਾ ਹੋਣੀ ਚਾਹੀਦੀ ਹੈ। (ਵਿਘਨ) ਇਸ ਕਰਕੇ ਮੈਂ, ਚੇਅਰਮੈਨ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਪਛੜੀਆਂ ਸ਼ਰੇਣੀਆਂ ਦਾ ਸਵਾਲ ਹੈ, ਇਹ ਹੱਲ ਹੋਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਇਕ ਹੋਰ ਵਡਾ ਸਰਵੇ ਹੋਇਆ। ਇਕਨਾ-ਮਿਕਸ ਸਰਵੇ ਨੇ ਅਪਣੇ ਜੂਨ ਦੇ ਐਡੀਸ਼ਨ ਵਿਚ ਦੱਸਿਆ ਕਿ ਹਰੀਜਨਾਂ ਦੀ ਕੁਲ ਅਬਾਦੀ ਕਿੰਨੀ ਹੈ, ਉਸ ਦੀਆਂ ਮਿਸਾਲਾਂ ਦਿਤੀਆਂ ਕਿ ਕਿਸ ਤਰ੍ਹਾਂ 1961 ਦੀ ਮਰਦਮਸ਼ੁਮਾਰੀ ਦਾ ਹਿਸਾਬ ਲੈ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਕੇ ਕਿਹਾ ਕਿ 22% ਜਿਹੜੇ ਲੋਕ ਹਨ, ਉਹ ਹਰੀਜਨ ਹਨ । ਹੋਰ ਉਸ ਨੇ ਕਿਹਾ ਕਿ 40% ਉਹ ਲੋਕ ਹਨ ਜਿਹੜੇ ਖੇਤੀ ਬਾੜੀ ਦਾ ਕੰਮ ਕਰਦੇ ਹਨ । 22% ਗੈਰ ਖੇਤੀ ਬਾੜੀ ਦਾ ਕੰਮ ਕਰਦੇ ਹਨ । 13% ਮਜ਼ਦੂਰੀ ਦਾ ਕੰਮ ਕਰਦੇ ਹਨ । 54% ਦੀ ਆਮਦਨੀ 50 ਰੁਪਏ ਮਹੀਨਾ ਹੈ । ਸੋ ਇਹ ਹਾਲਾਤ ਉਹ ਅਖਬਾਰ ਨੇ ਦੱਸੇ ਹਨ ਜਿਸ ਨੂੰ ਜਾਤੀ ਤਜਰਬਾ ਹੈ । ਚੇਅਰਮੈਨ ਸਾਹਿਬ ਤੁਸੀਂ ਵੀ ਪਿੰਡਾਂ ਨਾਲ ਸਬੰਧ ਰੱਖਦੇ ਹੋ, ਤੁਸੀਂ ਜਾਣਦੇ ਹੋ ਕਿ ਕਿਸ ਤਰ੍ਹਾਂ ਉਨ੍ਹਾਂ ਨਾਲ ਸਲੂਕ ਕੀਤਾ ਜਾਂਦਾ ਹੈ, ਕਿਹੋ ਜਿਹੇ ਤਰੀਕੇ ਵਰਤੇ ਜਾਂਦੇ ਹਨ । ਇਥੇ ਕਾਲ ਅਟੈਨਸ਼ਨ ਮੋਸ਼ਨ ਰਾਹੀਂ ਵੀ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਦੀਆਂ ਨਾਕਾਬੰਦੀਆਂ ਹੋ ਰਹੀਆਂ ਹਨ ਪਰ ਸਰਕਾਰ ਨੇ ਕੋਈ ਪਾਲਿਸੀ ਨਹੀਂ ਬਣਾਈ, ਇਸ ਨੂੰ ਠੀਕ ਕਰਨ ਵਾਸਤੇ । ਇਸ ਨਾਕਾਬੰਦੀ ਬਾਰੇ ਅਖਬਾਰਾਂ ਨੇ ਵੀ ਖਬਰਾਂ ਦਿੱਤੀਆਂ ਹਨ, ਪਰ ਉਜਰਤ ਦਾ ਕੋਈ ਕਾਨੂੰਨ ਬਨਾਉਣ ਵੱਲ ਧਿਆਨ ਨਹੀਂ ਦਿਤਾ ਗਿਆ । ਸਰਕਾਰ ਨੂੰ ਚਾਹੀਦਾ ਹੈ ਕਿ ਉਜਰਤ ਦਾ ਕਾਨੂੰਨ ਬਣਾਏ ਔਰ ਉਸ ਤੇ ਅਮਲ ਕਰੇ । ਮਹਿੰਗਾਈ ਨੇ ਬੁਰਾ ਹਾਲ ਕੀਤਾ ਹੋਇਆ ਹੈ । (ਘੰਟੀ) ਇਹ ਨਾਕਾਬੰਦੀ ਦਾ ਮਸਲਾ ਹੱਲ ਹੋਣਾ ਚਾਹੀਦਾ ਹੈ । ਮੈਂ ਡਾਕਟਰ ਸਾਹਿਬ ਨੂੰ ਕਹਾਂਗਾ ਕਿ ਨਿਕੀਆਂ ਨਿਕੀਆਂ ਗੱਲਾਂ ਨਾਲ ਮਸਲੇ ਹੱਲ ਨਹੀਂ ਹੋਣੇ । ਬੁਨਿਆਦੀ ਸਵਾਲ ਜ਼ਮੀਨ ਦਾ ਸੁਧਾਰ ਹੈ, ਇਸ ਦੇ ਵੱਲ ਧਿਆਨ ਦੇਣ ਦੀ ਲੋੜ ਹੈ । ਸਰਕਾਰ ਉਨ੍ਹਾਂ ਗਰੀਬਾਂ ਨੂੰ ਮਜ਼ਬੂਰ ਕਰ ਰਹੀ ਹੈ, ਅਤੇ ਲੋਕ ਮਜਬੂਰ ਹੋ ਕੇ ਆਪ ਸਰਕਾਰ ਦੇ ਖਿਲਾਫ ਖੜ੍ਹੇ ਹੋ ਰਹੇ ਹਨ । ਉਹ ਆਪਣੇ ਸਾਹਮਣੇ ਆਪਣੇ ਬੱਚੇ ਰੋਂਦੇ ਨਹੀਂ ਵੇਖ ਸਕਦੇ । ਉਹ ਲੋਕ ਆਪਣੀਆ ਧੀਆਂ ਭੈਣਾ ਦੀ ਬੇਇਜ਼ਤੀ ਨਹੀਂ ਦੇਖ ਸਕਦੇ । ਸੋ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਦੇਣਾ ਚਾਹੀਦਾ ਹੈ । ਚਾਹੇ ਕੋਈ ਵੀ ਤਰੀਕਾ ਅਖਤਿਆਰ ਕਰਨਾ ਪਵੇ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਪਛੜਿਆਪਣ ਦੂਰ ਕਰਨ ਲਈ ਇਸ ਬੁਨਿਆਦੀ ਸਵਾਲ ਦਾ ਹੱਲ ਕਰਨਾ ਜ਼ਰੂਰੀ ਹੈ । ਇਥੇ ਨੌਕਰੀਆਂ ਦਾ ਸਵਾਲ ਹੈ । ਉਸ ਦੇ ਵਿਚ ਵੀ ਇਹ ਲੋਕ ਕਿਤੇ 2% ਅਤੇ ਕਿਤੇ 3% ਹਨ । ਮਤਲਬ ਕਿ ਉਨ੍ਹਾਂ ਨੂੰ ਨੌਕਰੀਆਂ ਨਹੀਂ ਮਿਲਦੀਆਂ । ਪਹਿਲਾਂ ਪੜ੍ਹਣ ਲਿਖਣ ਦਾ ਸਵਾਲ ਹੈ । ਜਿਸ ਗਰੀਬ ਦੇ ਘਰ ਰੋਟੀ ਖਾਣ ਲਈ ਨਹੀਂ ਮਿਲਦੀ, ਉਹ ਬੱਚੇ ਕਿਵੇਂ ਪੜ੍ਹਾ ਸਕਦਾ ਹੈ, ਉਸ ਦੇ ਬੱਚੇ ਸਕੂਲ ਨਹੀਂ ਜਾ ਸਕਦੇ । ਉਨ੍ਹਾਂ ਨੂੰ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ । ਉਨ੍ਹਾਂ ਦੇ ਬੱਚਿਆਂ ਨੂੰ ਵਜ਼ੀਫੇ ਕਿਤਾਬਾਂ ਮਿਲਣੀਆਂ ਚਾਹੀਦੀਆਂ ਹਨ, ਜੇਕਰ ਉਹ ਪੜ੍ਹਨਗੇ ਤਾਂ ਹੀ ਨੌਕਰੀਆਂ ਮਿਲਣਗੀਆਂ ਜੇਕਰ ਉਹ ਪੜ੍ਹ ਹੀ ਨਹੀਂ ਸਕਦੇ ਤਾਂ ਨੌਕਰੀ ਕਿਵੇਂ ਕਰਨਗੇ ?

ਅੰਤ ਵਿਚ ਮੈਂ ਕਹਿੰਦਾ ਹਾਂ ਕਿ ਇਹ ਜਿਹੜਾ ਬਿਲ ਹੈ, ਇਹ ਪਾਸ ਹੋਣਾ ਚਾਹੀਦਾ ਹੈ । ਭਾਵੇਂ ਇਸ ਵਿਚ ਖਾਮੀਆਂ ਹਨ, ਫਿਰ ਵੀ ਇਸ ਦੀ ਭਾਵਨਾ ਦਰੁਸਤ ਹੈ । ਇਹ ਬੁਨਿਆਦੀ ਮਸਲਾ ਹੱਲ ਨਹੀਂ ਕਰਦਾ । ਇਸ ਲਈ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ ਅਤੇ ਇਹ ਬਿਲ ਪਾਸ ਹੋਣਾ ਚਾਹੀਦਾ ਹੈ । (ਤਾੜੀਆਂ)

ਸਰਦਾਰ ਰਾਜਾ ਸਿੰਘ : (ਮੋਰਿੰਡਾ, ਐਸ. ਸੀ) ਚੇਅਰਮੈਨ ਸਾਹਿਬ, ਇਹ ਜਿਹੜਾ ਪੰਜਾਬ ਸ਼ੈਡੂਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ ਕਾਰਪੋਰੇਸ਼ਨ ਬਿਲ, 1970, ਡਾਕਟਰ ਭਗਤ ਸਿੰਘ ਹੁਰਾਂ ਨੇ, ਜਿਹੜੇ ਕਿ ਪੰਜਾਬ ਦੇ ਕਲਿਆਣ ਮੰਤਰੀ ਹਨ, ਪੇਸ਼ ਕੀਤਾ ਹੈ ਮੈਂ ਉਸ ਦੀ ਹਮਾਇਤ ਕਰਨ ਵਾਸਤੇ ਖੜ੍ਹਾ ਹੋਇਆ ਹਾਂ । ਇਸ ਦੇ ਨਾਲ ਮੈਂ ਇਹ ਵੀ ਆਪਣਾ ਫਰਜ਼ ਸਮਝਦਾ ਹਾਂ ਕਿ ਉਸ ਕਮਿਊਨਿਟੀ ਨੂੰ ਜਿਸ ਕਮਿਊਨਿਟੀ ਨੂੰ ਸੌ ਸਾਲ ਅੰਗਰੇਜ਼ਾਂ ਨੇ, 22 ਸਾਲ ਕਾਂਗਰਸ ਨੇ

Original with;
Punjab Vidhan Sabha
Digitized by;
Panjab Digital Library

ਐਕਸਪਲਾਇਟ ਕੀਤਾ, ਮੈਂ ਉਸ ਕਮਿਊਨਿਟੀ ਦਾ ਨੁਮਾਇੰਦਾ ਹੋਣ ਦੀ ਹੈਸੀਅਤ ਵਿਚ ਜੋ ਇਸ ਬਿਲ ਵਿਚ ਕੁਝ ਤਰੁਟੀਆਂ ਹਨ ਉਹਨਾਂ ਦਾ ਵੀ ਜ਼ਿਕਰ ਕਰਾਂ। (ਵਿਘਨ)

ਚੇਅਰਮੈਨ ਸਾਹਿਬ, ਕਈ ਦੋਸਤ ਇਸ ਮੇਰੀ ਗਲ ਤੋਂ ਔਖੇ ਹਨ। ਮੈਂ ਉਨ੍ਹਾਂ ਨੂੰ ਅਰਜ਼ ਕਰਾਂਗਾ ਕਿ ਉਹ ਮੇਰੀ ਗਲ ਨੂੰ ਸੁਣ ਲੈਣ। ਭਾਵੇਂ ਅਸੀ ਇਧਰ ਬੈਠੇ ਹਾਂ ਜਾਂ ਉਧਰ ਬੈਠੇ ਹਾਂ ਇਹ ਸਾਡਾ ਸਭ ਦਾ ਸਾਂਝਾ ਕਾਜ਼ ਹੈ।

ਚੇਅਰਮੈਨ ਸਾਹਿਬ, ਇਹ ਬਿਲ ਪੜ੍ਹਨ ਤੋਂ ਬਾਦ ਮੈਨੂੰ ਕੁਝ ਦੁਖ ਹੋਇਆ ਹੈ, ਜਦੋਂ ਮੈਂ ਇਸ ਬਿਲ ਦੀ ਕਲਾਜ਼ 13 ਨੂੰ ਪੜ੍ਹਿਆ ਜਿਸ ਦੇ ਵਿਚ ਇਹ ਕਿਹਾ ਹੈ ਕਿ ਜਿਹੜਾ ਡਾਇਰੈਕਟਰ ਹੋਵੇਗਾ ਉਸ ਦੇ ਕੋਲ ਐਗਜ਼ੈਕਟਿਵ ਪਾਵਰਜ਼ ਹੋਣਗੀਆਂ ਪਰ ਉਸ ਵਿਚ ਇਹ ਗਲ ਨਹੀਂ ਕਹੀ ਗਈ ਕਿ ਉਹ ਡਾਇਰੈਕਟਰ ਸ਼ੈਡੂਲਡ ਕਾਸਟ ਹੋਵੇਗਾ। (ਵਿਘਨ) ਚੇਅਰਮੈਨ ਸਾਹਿਬ, ਜੇ ਮੈਂ ਇਕ ਪੰਜਾਬੀ ਦੀ ਕਹਾਵਤ ਕਹਿ ਦਿਆਂ ਕਿ 'ਦੁਧ ਦਾ ਰਾਖਾ ਬਿੱਲਾ' ਤਾਂ ਮੈਂ ਸਮਝਦਾ ਹਾਂ ਕਿ ਇਹ ਇਕ ਢੁਕਵੀਂ ਗਲ ਹੋਵੇਗੀ। ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਰੀਜਨਾਂ ਦੇ ਸਿਲਸਲੇ ਵਿਚ ਸਾਡੇ ਲਈ ਸਰਕਾਰ ਨੇ ਮਹਿਕਮਾਂ ਵੈਲਫੇਅਰ ਖੋਲ੍ਹਿਆ ਪਰ ਜਿਹੜੇ ਇਸ ਮਹਿਕਮੇ ਦੇ ਹੈਡ ਰਹੇ ਹਨ ਉਹ ਸਾਰੇ ਨਾਨ ਸ਼ੈਡੂਲਡ ਕਾਸਟ ਹੁੰਦੇ ਰਹੇ ਹਨ। ਐਨ ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਜਿਥੇ ਹੁਣ ਇਹ ਪੰਜ ਕਰੋੜ ਰੁਪਏ ਦਾ ਬਿਲ ਹੈ ਜਿਸ ਨੂੰ ਪਾਸ ਕਰਨ ਲਈ ਅਸੀਂ ਬੜੇ ਉਤਾਵਲੇ ਹਾਂ, ਸਾਨੂੰ ਇਹ ਦੇਖ ਕੇ ਬੜਾ ਦੁਖ ਹੁੰਦਾ ਹੈ ਕਿ ਜਿਥੇ ਹਰੀਜਨਾਂ ਦੇ ਲਈ ਪੰਜ ਕਰੋੜ ਰੁਪਏ ਦਾ ਖਰਚ ਕਰਨਾ ਹੈ, ਇਸ ਨਾਲ ਹਰੀਜਨਾਂ ਦੀ ਬੇਟਰਮੈਂਟ ਵਾਸਤੇ ਕਮ ਕਰਨੇ ਹਨ, ਉਥੇ ਹਰੀਜਨਾਂ ਦਾ ਆਪਣਾ ਐਗਜ਼ੈਕਟਿਵ ਅਫ਼ਸਰ ਆਪਣਾ ਹਰੀਜਨ ਡਾਇਰੈਕਟਰ ਨਾ ਹੋਵੇ ਤਾਂ ਇਸ ਗਲ ਦਾ ਬੜਾ ਦੁਖ ਹੁੰਦਾ ਹੈ। ਸੋ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹਰੀਜਨਾਂ ਦਾ ਐਗਜ਼ੈਕਟਿਵ ਅਫ਼ਸਰ ਵੀ ਹਰੀਜਨ ਹੀ ਹੋਣਾ ਚਾਹੀਦਾ ਹੈ। ਮੈਨੂੰ ਇਹ ਸਾਰਾ ਕੁਝ ਪਿਛਲੇ ਤਜਰਬੇ ਦੀ ਬਿਨਾ ਤੇ ਕਹਿਣਾ ਪੈਂਦਾ ਹੈ। ਕਿੰਨਾ ਚੰਗਾ ਹੁੰਦਾ ਜੇ ਡਾਕਟਰ ਸਾਹਿਬ ਇਸ ਵਿਚ ਇਹ ਡੀਫਾਈਨ ਕਰ ਦਿੰਦੇ ਕਿ ਹਰੀਜਨ ਡਾਇਰੈਕਟਰ ਹੋਵੇਗਾ।

ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦਾ ਜੋ ਵੈਲਫੇਅਰ ਡੀਪਾਰਟਮੈਂਟ ਬਣਿਆ ਉਸ ਵੈਲਫੇਅਰ ਡੀਪਾਰਟਮੈਂਟ ਦੇ ਜੋ ਹੈਡ ਬਣੇ ਉਹ ਸਾਰੇ ਦੇ ਸਾਰੇ ਨਾਨ ਸ਼ੈਡੂਲਡ ਕਾਸਟ ਬਣੇ। ਚੇਅਰਮੈਨ ਸਾਹਿਬ, ਇਸ ਮਹਿਕਮੇ ਦੇ ਹੈਡ ਦੀ 18 ਸੌ ਰੁਪਏ, 22 ਸੌ ਰੁਪਏ ਮਹੀਨੇ ਦੀ ਨੌਕਰੀ ਦੀ ਪੋਸਟ ਹੈ ਔਰ ਉਹ ਪੋਸਟ ਕਲਾਸ ਵਨ ਦੀ ਹੈ। ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਫਿਰ ਇਸ ਮਹਿਕਮੇ ਦਾ ਹੈਡ ਕਿਸ ਨੂੰ ਲਗਾਇਆ ਗਿਆ? ਇਸ ਮਹਿਕਮੇ ਦਾ ਹੈਡ ਸ਼੍ਰੀ ਪੀ. ਸੀ. ਪੰਡਿਤ ਨੂੰ ਲਗਾਇਆ ਗਿਆ। ਚੇਅਰਮੈਨ ਸਾਹਿਬ, ਹਰੀਜਨਾਂ ਦੀ ਬੇਹਤਰੀ ਉਸ ਪੰਡਿਤ ਤੋਂ ਕਰਾਉਣੀ ਚਾਹੀ ਜਿਨ੍ਹਾਂ ਨੇ ਸੰਸਕ੍ਰਿਤ ਦੇ ਅਧਾਰ ਤੇ ਹਰੀਜਨਾਂ ਦੇ ਕੰਨਾਂ ਵਿਚ ਸਿੱਕਾ ਢਾਲ ਢਾਲ ਕੇ ਪਾਇਆ ਸੀ। ਅੱਜ ਉਨ੍ਹਾਂ ਪੰਡਤਾਂ ਨੂੰ ਸਾਡੇ ਸਿਰ ਤੇ ਬਿਠਾਇਆ ਹੋਇਆ ਹੈ। ਚੇਅਰਮੈਨ ਸਾਹਿਬ, ਇਥੇ ਹੀ ਬਸ ਨਹੀਂ। ਇਕ ਸਾਲ ਵਾਸਤੇ ਸ਼੍ਰੀ ਸੁਦਰਸ਼ਨ ਕੁਮਾਰ ਸ਼ੈਡੂਲਡ ਕਾਸਟ ਅਫ਼ਸਰ ਬਣਾਏ ਗਏ। ਉਹ ਇਨ੍ਹਾਂ ਕੋਲੋਂ ਜਰਿਆ ਨਾ ਗਿਆ। ਫਿਰ ਮਿਸਟਰ ਗੁਪਤਾ ਲਗਾਇਆ, ਫਿਰ ਮਿਸਟਰ ਅਗਰਵਾਲ ਲਗਾਇਆ। ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਜੇ ਇਹੋ ਜਿਹੇ ਲੋਕ ਸਾਡੇ ਸਿਰ ਤੇ ਬੈਠੇ ਹਨ ਤਾਂ ਸਾਡਾ ਭਲਾ ਕਿਸ ਤਰ੍ਹਾਂ ਹੋ ਸਕਦਾ ਹੈ?

ਫਿਰ, ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਬਿਲ ਦੀ ਕਲਾਜ਼

Original with;
Punjab Vidhan Sabha
Digitized by;
Panjab Digital Library

[ਸਰਦਾਰ ਰਾਜਾ ਸਿੰਘ]

16 ਵਿਚ ਸਰਦਾਰ ਭਗਤ ਸਿੰਘ ਹੋਰਾਂ ਦੀ ਸਰਕਾਰ ਨੇ ਸਾਨੂੰ ਮੌਕਾ ਦਿਤਾ ਹੈ ... (ਵਿਘਨ)

ਸਰਦਾਰ ਗੁਰਦੇਵ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਸਰਦਾਰ ਰਾਜਾ ਸਿੰਘ ਹਰੀਜਨਾਂ ਦੇ ਬਾਰੇ ਬੜੀਆਂ ਗਲਾਂ ਕਰ ਰਹੇ ਹਨ। ਇਨ੍ਹਾਂ ਨੂੰ ਯਾਦ ਹੋਣਾ ਚਾਹੀਦਾ ਹੈ ਕਿ ਬਾਬੂ ਆਤਮਾ ਸਿੰਘ ਨਾਲ ਜ਼ਮੀਨ ਦੇ ਝਗੜੇ ਤੇ ਇਨ੍ਹਾਂ ਨੇ ਮੁਖਾਲਫਤ ਕੀਤੀ ਸੀ; ਅੱਜ ਉਨ੍ਹਾਂ ਨਾਲ ਜਫੀਆਂ ਪਾਈ ਬੈਠੇ ਹਨ। (ਵਿਘਨ) ਡਾਕਟਰ ਸਾਹਿਬ ਨੇ ਬੜਾ ਚੰਗਾ ਬਿਲ ਲਿਆਂਦਾ ਹੈ ... (ਵਿਘਨ)

Mr. Chairman : This is no point of order.

ਸਰਦਾਰ ਰਾਜਾ ਸਿੰਘ : ਚੇਅਰਮੈਨ ਸਾਹਿਬ, ਮਾਫ਼ ਕਰਨਾ ਮੇਰੇ ਆਨਰੇਬਲ ਮੈਂਬਰ ਸਾਹਿਬ ਨੂੰ ਇਹ ਨਹੀਂ ਪਤਾ ਕਿ ਪੁਆਇੰਟ ਆਫ ਆਰਡਰ ਹੁੰਦਾ ਕੀ ਹੈ। (ਵਿਘਨ) (ਸ਼ੋਰ)

ਸਰਦਾਰ ਦਲੀਪ ਸਿੰਘ ਪਾਂਧੀ : ਆਨ ਏ ਪੁਆਇੰਟ ਆਫ਼ ਆਰਡਰ, ਸਰ, ਚੇਅਰਮੈਨ ਸਾਹਿਬ, ਇਹ ਆਪ ਨੇ ਜੱਜ ਕਰਨਾ ਹੈ ਕਿ ਇਹ ਪੁਆਇੰਟ ਆਫ਼ ਆਰਡਰ ਹੈ ਜਾਂ ਨਹੀਂ। It is not the duty of the hon. Member. ਇਸ ਕਰਕੇ ਇਹ ਸ਼ਬਦ ਇਨ੍ਹਾਂ ਨੂੰ ਵਾਪਸ ਲੈਣੇ ਚਾਹੀਦੇ ਹਨ। ਅੱਜ ਇਹ ਮੈਂਬਰ ਸਾਹਿਬ * * * * * *। (ਵਿਘਨ)

ਸ੍ਰੀ ਸਭਾਪਤੀ : ਇਹ ਸ਼ਬਦ * * * *ਐਕਸਪੰਜ ਕਰ ਦਿਤੇ ਜਾਣ। (ਵਿਘਨ) (The words X * * * * used for the hon. Member should be expunged.)

ਸਰਦਾਰ ਰਾਜਾ ਸਿੰਘ : ਚੇਅਰਮੈਨ ਸਾਹਿਬ, ਮੈਂ ਇਸ ਬਿਲ ਦੀ ਕਲਾਜ਼ 16 ਵਲ ਆਪ ਦਾ ਧਿਆਨ ਦੁਆ ਰਿਹਾ ਸੀ ...... (ਵਿਘਨ)

ਸਰਦਾਰ ਗੁਰਦੇਵ ਸਿੰਘ : ਚੇਅਰਮੈਨ ਸਾਹਿਬ, ਸਰਦਾਰ ਰਾਜਾ ਸਿੰਘ ਨੇ ਕਿਹਾ ਹੈ ਕਿ ਮੈਨੂੰ ਪੁਆਇੰਟ ਆਫ਼ ਆਰਡਰ ਦਾ ਪਤਾ ਨਹੀਂ ਕਿ ਕੀ ਹੁੰਦਾ ਹੈ। ਮੈਨੂੰ ਇਸ ਦਾ ਇਸ ਕਰਕੇ ਨਹੀਂ ਪਤਾ ਕਿਉਂਕਿ ਮੈਂ ਨੈਨੀਤਾਲ ਦੀ ਸੈਰ ਨਹੀਂ ਕੀਤੀ। (ਵਿਘਨ)

ਸਰਦਾਰ ਰਾਜਾ ਸਿੰਘ : ਮੈਂ ਤਾਂ ਕੋਈ ਨੈਨੀਤਾਲ ਨਹੀਂ ਗਿਆ। (ਵਿਘਨ) ਚੇਅਰਮੈਨ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਡਾਕਟਰ ਭਗਤ ਸਿੰਘ ਹੋਰਾਂ ਨੇ ਇਥੇ ਇਸ ਗਲ ਦੀ ਐਸ਼ੋਰੈਂਸ ਦਿਤੀ ਹੈ ਕਿ ਪੰਜਾਬ ਦੇ ਗ਼ਰੀਬ ਹਰੀਜਨਾਂ ਦੀ ਬੇਹਤਰੀ ਵਾਸਤੇ, ਜ਼ਮੀਨਾਂ ਦੀ ਉਨਤੀ ਵਾਸਤੇ, ਪੈਦਾਵਾਰ ਵਧਾਉਣ ਵਾਸਤੇ ਇਸ ਕਾਰਪੋਰੇਸ਼ਨ ਦਾ ਪੈਸਾ ਲਗੇਗਾ। ਚੇਅਰਮੈਨ ਸਾਹਿਬ, ਇਹ ਆਸ਼ਾ ਬੜਾ ਚੰਗਾ ਹੈ ਪਰ ਉਸ ਦੇ ਵਿਚ ਅਗਰ 75% ਹਰੀਜਨਾਂ ਦੇ ਟੈਕਨੀਕਲ ਕੰਮ ਕਰਨ ਵਾਸਤੇ, ਇੰਡਸਟਰੀਜ਼ ਦੇ ਕੰਮ ਵਾਸਤੇ ਰਿਜ਼ਰਵ ਕੀਤਾ ਜਾਵੇ ਤਾਂ ਇਹ ਬੜੀ ਚੰਗੀ ਗਲ ਹੋਵੇਗੀ। ਚੇਅਰਮੈਨ ਸਾਹਿਬ, ਆਪ ਜਾਣਦੇ ਹੋ ਅਤੇ ਇਹ ਸਾਰੇ ਮੇਰੇ ਵੀਰ ਜਾਣਦੇ ਹਨ ਕਿ ਇਹ ਜ਼ਮੀਨ ਜਿਸ ਬਾਰੇ ਅਸੀਂ ਲੜਾਈ ਲੜਦੇ ਹਾਂ ਭਾਵੇਂ ਨਕਾਮੀ ਅਤੇ ਬੰਜਰ ਜ਼ਮੀਨ, ਅਖਿਰ ਇਸ ਜ਼ਮੀਨ ਨੇ ਖ਼ਤਮ

* Expunged as ordered by the Chair.

Original with;
Punjab Vidhan Sabha
Digitized by;
Panjab Digital Library

ਹੋ ਜਾਣਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਕਿਹਾ ਚੰਗਾ ਹੋਵੇ ਜੇ ਇਸ ਪੰਜਾਬ ਦੀ ਧਰਤੀ ਉਪਰ ਜ਼ਮੀਨ ਦਾ ਝਗੜਾ ਮੁਕਾਕੇ ਇੰਡਸਟਰੀਜ਼ ਵੱਲ ਜ਼ਿਆਦਾ ਧਿਆਨ ਦਿਤਾ ਜਾਵੇ। ਇਕ ਤਾਂ ਇਸ ਤਰ੍ਹਾਂ ਕਰਨ ਨਾਲ ਜ਼ਮੀਨ ਦਾ ਝਗੜਾ ਮੁਕੇਗਾ ਔਰ ਦੂਸਰੀ ਗਲ ਇਸ ਦੇ ਨਾਲ ਇਹ ਹੋਵੇਗੀ ਕਿ ਇਸ ਕੌਮ ਦੀ ਬੁਨਿਆਦੀ ਉਨਤੀ ਹੋਵੇਗੀ। ਇਸ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜਾ ਰੁਪਿਆ ਰਖਿਆ ਗਿਆ ਹੈ ਭਾਵੇਂ ਇਹ ਨਾਕਾਫੀ ਹੈ, ਪਰ ਇਸ ਦਾ ਘੱਟੋ ਘੱਟ 75% ਰੁਪਿਆ ਸਾਡੇ ਗਰੀਬ ਹਰੀਜਨਾਂ ਦੇ ਬਚਿਆ ਦੀ ਟੈਕਨੀਕਲ ਐਜੂਕੇਸ਼ਨ ਵਗੈਰਾ ਵਾਸਤੇ ਮੁੱਕਰਰ ਕੀਤਾ ਜਾਵੇ। (ਵਿਘਨ) 'ਨਾ ਰਹੇਗਾ ਬਾਂਸ ਨਾ ਬਜੇਗੀ ਬੰਸਰੀ' ਜ਼ਮੀਨ ਸਬੰਧੀ ਜੋ ਇਹ ਰੋਜ਼ ਰੋਜ਼ ਦਾ ਝਗੜਾ ਹੈ ਉਹ ਮੁਕ ਜਾਵੇਗਾ ਔਰ ਇਸ ਨਾਲ ਸਾਡੀ ਕਮਿਊਨਿਟੀ ਦਾ, ਸਾਡੇ ਪੰਜਾਬ ਦਾ ਭਲਾ ਹੋਵੇਗਾ।

ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਇਸ ਬਿਲ ਦੀ ਕਲਾਜ਼ 21 ਹੈ ਉਸ ਵਲ ਮੈਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਇਸ ਦੇ ਵਿਚ ਕਿਹਾ ਗਿਆ ਹੈ ਕਿ ਜਿਹੜੀਆਂ ਕੋਆਪਰੇਟਿਵ ਸੋਸਾਇਟੀਆਂ ਹਨ ਜਿਸ ਦੇ ਵਿਚ 90% ਮੈਂਬਰ ਸ਼ੈਡੂਲਡ ਕਾਸਟ ਹੋਣਗੇ ਔਰ 10% ਮੈਂਬਰ ਨਾਨ ਸ਼ੈਡੂਲਡ ਕਾਸਟ ਹੋਣਗੇ। ਮੈਨੂੰ ਚੇਅਰਮੈਨ ਸਾਹਿਬ, ਇਸ ਗਲ ਤੇ ਉਤੇ ਦਸ਼ਾ ਹੈ ਕਿ ਖਊਹ ਜਿਹੜੇ 10% ਲੋਕ ਹੋਣਗੇ ਉਹੀ ਮੌਕਾ ਪਰੱਸਤ ਹੋਣਗੇ। ਉਹ ਲਗਾਤਾਰ ਇਹ ਚਾਹੁਣਗੇ ਕਿ ਇਸ ਕੋਅਪਰੇਟਿਵ ਲਹਿਰ ਨੂੰ ਅਗੇ ਨਾ ਵਧਣ ਦਿਤਾ ਜਾਵੇ। ਇਹ ਲੋਕ ਹਮੇਸ਼ਾ ਲੱਖਾਂ ਰੁਪਏ ਖਾਂਦੇ ਰਹੇ ਹਨ। (ਵਿਘਨ) ਸੋ ਮੇਰੀ ਅਰਜ਼ ਹੈ ਕਿ ਸੌ ਫੀ ਸਦੀ ਹਰੀਜਨਾਂ ਦੇ ਮੈਂਬਰ ਲਏ ਜਾਣ।

ਚੇਅਰਮੈਨ ਸਾਹਿਬ, ਤੁਸੀਂ ਮੇਰੇ ਨਾਲ ਇਤਫ਼ਾਕ ਕਰੋਗੇ ਅਤੇ ਨਾਲ ਹੀ ਸਾਰੇ ਮੈਂਬਰ ਸਾਹਿਬਾਨ ਮੇਰੇ ਨਾਲ ਇਤਫ਼ਾਕ ਕਰਨਗੇ ਕਿ ਪੰਜਾਬ ਵਿਚ ਬਹੁਤ ਸਾਰੀਆਂ ਕੋ-ਆਪ੍ਰੇਟਿਵ ਸੋਸਾਇਟੀਆਂ ਬੋਗਸ ਚਲ ਰਹੀਆਂ ਹਨ ਅਤੇ ਇਹ ਇਨਫਰਮੇਸ਼ਨ ਤੁਹਾਡਾ ਹੀ ਮਹਿਕਮਾ ਸਪਲਾਈ ਕਰਦਾ ਹੈ। ਮੈਂ, ਚੇਅਰਮੈਨ ਸਾਹਿਬ, ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਮਹਿਕਮੇ ਦੇ ਜਿਹੜੇ ਅਫ਼ੀਸ਼ਲ ਹੋਣੇ ਚਾਹੀਦੇ ਹਨ, ਉਹ ਹਰੀਜਨ ਹੋਣੇ ਚਾਹੀਦੇ ਹਨ। ਫਿਰ ਮੈਂ, ਚੇਅਰਮੈਨ ਸਾਹਿਬ, ਇਸ ਬਿਲ ਦੀ ਕਲਾਜ਼ 5 ਵਲ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਇਸ ਦੇ ਵਿਚ ਸਾਡੀ ਕਾਰਪੋਰੇਸ਼ਨ ਨੂੰ ਕੇਵਲ 5 ਕਰੋੜ ਰੁਪਏ ਦੇ ਕੇ ਪੇਸ਼ ਕੀਤਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਪੰਜਾਬ ਦੀ ਧਰਤੀ ਤੇ 40 ਲੱਖ ਲੋਕ ਹਨ ਜਿਨ੍ਹਾਂ ਤੇ ਜ਼ੁਲਮ, ਅਤਿਆਚਾਰ ਅਤੇ ਜਿਹੜੇ ਸਮਾਜ ਦੀਆਂ ਬੁਰਾਈਆਂ ਦੇ ਸ਼ਿਕਾਰ ਬਣੇ ਹੋਏ ਹਨ। ਇਹ ਪੰਜ ਕਰੋੜ ਰੁਪਈਆ ਕੇਵਲ ਉਨ੍ਹਾਂ ਨੂੰ ਖੁਸ਼ ਕਰਨ ਦੀ ਹੀ ਗਲ ਕੀਤੀ ਹੈ। ਮੈਂ ਚਾਹੁੰਦਾ ਹਾਂ ਕਿ ਚੰਗਾ ਹੁੰਦਾ ਕਿ ਇਸ ਪੰਜ ਕਰੋੜ ਦੀ ਥਾਂ ਘੱਟੋ ਘੱਟ 15 ਕਰੋੜ ਰੁਪਿਆ ਹੁੰਦਾ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜੇ ਕਰ ਇਸ ਸਾਲ ਜੋ ਇਕ ਕਰੋੜ ਰੁਪਿਆ ਰਖਿਆ ਹੈ ਉਸ ਨੂੰ ਵੰਡਿਆ ਜਾਏ ਤਾਂ ਇਕ ਮੈਂਬਰ ਦੀ ਉਨਤੀ ਵਾਸਤੇ ਕੇਵਲ ਢਾਈ ਰੁਪਏ ਹੀ ਬਣਦੇ ਹਨ। ਇਹ ਬੜੇ ਦੁਖ ਦੀ ਗਲ ਹੈ। ਮੈਂ ਚਾਹੁੰਦਾ ਹਾਂ ਕਿ ਕਲਾਜ਼ ਪੰਜ ਵਿਚ ਜਿਹੜਾ ਪੰਜ ਕਰੋੜ ਰਖਿਆ ਹੈ ਉਸ ਦੀ ਥਾਂ ਤੇ ਘੱਟੋ ਘੱਟ 15 ਕਰੋੜ ਰੁਪਏ ਸ਼ਾਮਲ ਕਰਨੇ ਚਾਹੀਦੇ ਹਨ, ਤਾਂ ਕਿ ਲੋਕਾਂ ਦੀ ਦਸਤਕਾਰੀ ਜਾਂ ਖੇਤੀ ਬਾੜੀ ਦਾ ਕੰਮ ਅਛਾ ਹੋ ਸਕੇ ਅਤੇ ਉਹ ਚੰਗੇ ਸੰਦ ਆਦਿ ਖ਼ਰੀਦ ਸਕਣ। (ਵਿਘਨ) ਅਤੇ ਇਸ ਤਰੀਕੇ ਨਾਲ ਆਪਣੀ ਉਨੱਤੀ ਕਰ ਸਕਣ।

ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਬਿਲ ਡਾਕਟਰ ਸਾਹਿਬ ਨੇ ਸਾਫ ਅਤੇ ਸੁਥਰੇ ਲਫ਼ਜ਼ਾਂ ਵਿਚ ਅਤੇ ਸੱਚੇ ਹਿਰਦੇ ਨਾਲ ਪੰਜਾਬ ਦੇ ਇਸ ਸੈਕਸ਼ਨ ਨੂੰ ਤਕੜਾ ਕਰਨ ਦੀ ਖ਼ਾਤਰ ਪੇਸ਼ ਕੀਤਾ ਹੈ, ਮੈਂ ਉਨ੍ਹਾਂ ਨੂੰ ਇਸ ਬਾਰੇ ਵਧਾਈ ਦਿੰਦਾ ਹਾਂ। (ਵਿਘਨ) ਪਰ ਜਿਵੇਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਰਾਜਾ ਸਿੰਘ]

ਕਿ ਉਨ੍ਹਾਂ ਨੇ ਕਿਹਾ ਹੈ ਕਿ ਇਹ ਬਿਲ ਬਾਬਾ ਸੰਤ ਫਤਹਿ ਸਿੰਘ ਜੀ ਦੀ ਅਪਰੂਵਲ ਅਤੇ ਉਨ੍ਹਾਂ ਦੇ ਹੁਕਮ ਅਨੁਸਾਰ ਪੇਸ਼ ਕੀਤਾ ਗਿਆ ਹੈ, ਮੈਨੂੰ ਇਸ ਦੇ ਵਿਚ ਬੜੀ ਸ਼ੰਕਾ ਹੈ ਅਤੇ (ਵਿਘਨ) ਉਹ ਮੇਰੀ ਸ਼ੰਕਾ ਦੂਰ ਕੀਤੀ ਜਾਣੀ ਚਾਹੀਦੀ ਹੈ। ਕਿਉਂਕਿ ਮੈਂ ਕਹਿੰਦਾ ਹਾਂ ਕਿ ਸੰਤ ਬਾਬਾ ਫਤਹਿ ਸਿੰਘ ਨੇ ਕਦੇ ਨਹੀਂ ਕਿਹਾ ਹੋਣਾ ਕਿ ਕੇਵਲ ਇਕ ਕਰੋੜ ਰੁਪਿਆ ਇਨ੍ਹਾਂ ਹਰੀਜਨਾਂ ਦੀ ਬੇਹਤਰੀ ਵਾਸਤੇ ਇਕ ਸਾਲ ਲਈ ਖਰਚ ਕੀਤਾ ਜਾਏ ਅਤੇ ਜੇ ਕਿਹਾ ਹੈ ਤਾਂ ਬੜੀ ਮਾੜੀ ਗਲ ਹੈ। ਮੇਰਾ ਖਿਆਲ ਹੈ ਕਿ ਡਾਕਟਰ ਸਾਹਿਬ ਨੇ ਉਨ੍ਹਾਂ ਦੀ ਗੁਡ ਬੁਕਸ ਵਿਚ ਆਉਣ ਦੀ ਖ਼ਾਤਰ ਜੇਕਰ ਇਹ ਚੀਜ਼ ਕਹੀ ਹੈ ਤਾਂ ਉਨ੍ਹਾਂ ਨੇ ਝੂਠ ਬੋਲਿਆ ਹੈ। ਸਾਨੂੰ ਇਸ ਅਸੈਂਬਲੀ ਵਿਚ ਬੈਠ ਕੇ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਹੈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਇਹ ਕੋਈ ਚੰਗਾ ਕੰਮ ਕਰਨਗੇ ਤਾਂ ਅਸੀਂ ਇਨ੍ਹਾਂ ਨੂੰ ਚੰਗਾ ਕਹਾਂਗੇ ਅਤੇ ਜੇਕਰ ਕੋਈ ਮਾੜਾ ਕੰਮ ਕਰਨਗੇ ਤਾਂ ਇਨ੍ਹਾਂ ਦੇ ਮਾੜੇ ਕੰਮ ਲਈ ਇਨ੍ਹਾਂ ਦੇ ਨਾਲ ਜ਼ਰੂਰ ਲੜਾਂਗੇ। ਇਸ ਦੇ ਨਾਲ ਹੀ ਮੈਂ ਇਹ ਵੀ ਅਰਜ਼ ਕਰ ਦੇਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਪਿੰਡਾਂ ਵਿਚ ਹਰੀਜਨਾਂ ਦੇ ਨਾਲ ਬੜਾ ਭਾਰੀ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਨਾਜਾਇਜ਼ ਤਰੀਕੇ ਨਾਲ ਕੁਟਿਆ ਜਾਂਦਾ ਹੈ, ਉਨ੍ਹਾਂ ਦੀਆ ਰਪਟਾਂ ਤਕ ਨਹੀਂ ਲਿਖੀਆਂ ਜਾਂਦੀਆਂ, ਉਨ੍ਹਾਂ ਨਾਲ ਧੋਖਾ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਤੇ ਝੂਠੇ ਮੁਕਦਮੇ ਬਣਾਏ ਜਾਂਦੇ ਹਨ। ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ 80% ਮੁਕੱਦਮੇ ਪੁਲਸ ਹਰੀਜਨਾਂ ਦੇ ਜ਼ਿੰਮੇ ਲਾ ਦਿੰਦੀ ਹੈ। ਜਿੰਨੇ ਵੀ ਸਟੇਟ ਵਿਚ ਇਸ ਕਿਸਮ ਦੇ ਕਰਾਈਮ ਹੁੰਦੇ ਹਨ, ਸ਼ਰਾਬ ਦੀਆਂ ਭੱਠੀਆਂ, ਜੇਬ ਕਤਰੇ ਆਦਿ ਦੇ ਸਾਰੇ ਇਲਜ਼ਾਮ ਉਨ੍ਹਾਂ ਦੇ ਹੀ ਉਤੇ ਆ ਜਾਂਦੇ ਹਨ, ਭਾਵੇਂ ਕਰਨ ਵਾਲੇ ਕੋਈ ਹੋਰ ਹੋਣ। ਪਰ ਇਸ ਸ਼ਰੇਣੀ ਅਤੇ ਇਸ ਤਬਕੇ ਨੂੰ ਇਸ ਵਿੱਚ ਇਨਵਾਲਵ ਕਰ ਲਿਆ ਜਾਂਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਪੰਜਾਬ ਵਿਚ ਕਿਸੇ ਨਾਲ ਕੋਈ ਧੱਕਾ ਹੋ ਰਿਹਾ ਹੈ ਤਾਂ ਉਹ ਇਸ ਸ਼ਰੇਣੀ ਨਾਲ, ਇਸ ਤਬਕੇ ਨਾਲ ਹੀ ਹੋ ਰਿਹਾ ਹੈ। ਬਾਦਲ ਸਾਹਿਬ ਦਾ ਕੀ ਕਹਿਣਾ ਹੈ, ਉਹ ਤਾਂ ਐਡੇ ਵਡੇ ਲੈਂਡ ਲਾਰਡ ਹਨ, ਉਨ੍ਹਾਂ ਨੂੰ ਗਰੀਬਾਂ ਨਾਲ ਕੀ ਹਮਦਰਦੀ ਹੋ ਸਕਦੀ ਹੈ। ਉਨ੍ਹਾਂ ਨੇ ਗਰੀਬਾਂ ਤੇ ਅਤਿਆਚਾਰ ਹੀ ਕਰਨਾ ਹੈ ਅਤੇ ਕਰਦੇ ਹਨ, ਇਹ ਤਾਂ ਗਰੀਬਾਂ ਨੂੰ ਖਾ ਗਏ ਇਹ ਗਰੀਬਾਂ ਦਾ ਕੀ ਭਲਾ ਕਰਨਗੇ। ਮੈਂ ਡਾਕਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਲੋਕ ਜਿਹੜੇ ਪੰਜਾਬ ਦੀ ਧਰਤੀ ਤੇ ਵਸਦੇ ਗਰੀਬ ਹਰੀਜਨਾਂ ਨਾਲ ਜ਼ੁਲਮ ਕਰਦੇ ਹਨ ਇਨ੍ਹਾਂ ਤੋਂ ਉਨ੍ਹਾਂ ਨੂੰ ਬਚਾਉਣ ਦੇ ਯਤਨ ਕਰਨ ਅਤੇ ਇਸ ਬਿਲ ਨੂੰ ਚੰਗੇ ਤੋਂ ਚੰਗਾ ਬਣਾਉਣ ਲਈ ਜਿਹੜੇ ਇਸ ਵਿਚ ਨੁਕਸ ਰਹਿ ਗਏ ਹਨ, ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਦੂਰ ਕੀਤਾ ਜਾਵੇ ਤਾਂ ਕਿ ਗਰੀਬ ਲੋਕਾਂ ਦੀ ਭਲਾਈ ਹੋ ਸਕੇ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਬਿਲ ਦੀ ਹਮਾਇਤ ਕਰਦਾ ਹੋਇਆ ਅਤੇ ਚੇਅਰਮੈਨ ਸਾਹਿਬ, ਤੁਹਾਡਾ ਸ਼ੁਕਰੀਆ ਅਦਾ ਕਰਦਾ ਹੋਇਆ ਬੈਠ ਜਾਂਦਾ ਹਾਂ।

ਕਾਮਰੇਡ ਦਾਨਾ ਰਾਮ : (ਲਾਂਬੀ, ਐਸ. ਸੀ.) ਚੇਅਰਮੈਨ ਸਾਹਿਬ, ਮੈਂ ਇਸ ਬਿਲ ਦੀ ਹਮਾਇਤ ਕਰਨ ਲਈ ਖੜਾ ਹੋਇਆ ਹਾਂ ਕਿਉਂਕਿ ਇਹ ਹਰੀਜਨਾਂ ਦਾ ਬਿਲ ਹੈ ਅਤੇ ਬੜੀ ਦੇਰ ਤੋਂ ਬਾਅਦ ਇਹ ਬਿਲ ਆਇਆ ਹੈ ਪਰ ਇਹ ਹੈ ਗਿਟਿਆਂ ਗੋਡਿਆਂ ਤਕ ਹੀ। ਕਿਉਂਕਿ ਕੁਝ ਸੂਰਾਂ ਵਾਸਤੇ ਹੈ, ਕੁਝ ਕੁਕੜੀਆਂ ਵਾਸਤੇ ਹੈ, ਇਹ ਚੀਜ਼ਾਂ ਇਸ ਬਿਲ ਦਾ ਮੁੱਖ ਮਸਲਾ ਹੈ, ਪਰ ਇਸ ਬਿਲ ਵਿਚ ਜਿਹੜੀ ਚੀਜ਼ ਵਲ ਬਹੁਤੀ ਤਵਜੋਹ ਦੇਣੀ ਚਾਹੀਦੀ ਸੀ, ਉਸ ਵਲ ਨਹੀਂ ਦਿਤੀ ਗਈ। ਉਹ ਮਸਲਾ ਸੀ ਜ਼ਮੀਨਾਂ ਦਾ। ਇਹ ਕੇਵਲ ਪੰਜਾਬ ਵਿਚ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਵਿਚ ਇਹ ਮਸਲਾ ਖੜਾ ਹੋਇਆ ਹੈ। ਜਿੰਨੇ ਚਿਰ ਤਕ ਹਰੀਜਨਾਂ ਨੂੰ ਜ਼ਮੀਨ ਨਹੀਂ ਦਿਤੀ ਜਾਂਦੀ, ਉਨੇ ਚਿਰ ਤਕ ਹਰੀਜਨ ਉਨਤੀ ਨਹੀਂ ਕਰ ਸਕਦਾ। ਅਜ ਸਾਰੇ ਪੰਜਾਬ ਦੇ ਵਿਚ ਇਕ ਪਾਸੇ ਹਰੀਜਨ ਮੁਜ਼ਾਰੇ ਉਜਾੜੇ

Original with;
Punjab Vidhan Sabha
Digitized by;
Panjab Digital Library

ਜਾ ਰਹੇ ਹਨ ਅਤੇ ਦੂਜੇ ਪਾਸੇ ਜ਼ਮੀਨਾਂ ਦੇ ਉਤੇ ਬੋਲੀਆਂ ਲਾਈਆਂ ਜਾਂਦੀਆਂ ਹਨ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਹਰੀਜਨ ਬੋਲੀ ਤੇ ਜ਼ਮੀਨ ਨਹੀਂ ਲੈ ਸਕਦੇ। ਪਿਛੇ ਜਿਹੇ 21 ਮਈ ਨੂੰ ਮੀਟਿੰਗ ਵਿਚ ਵੀ ਮੈਂ ਕਿਹਾ ਸੀ ਕਿ ਹਰੀਜਨ ਜ਼ਮੀਨ ਬੋਲੀ ਤੇ ਨਹੀਂ ਲੈ ਸਕਦੇ ਅਤੇ ਜੇਕਰ ਉਨ੍ਹਾਂ ਨੂੰ ਤੁਸੀਂ ਜ਼ਮੀਨ ਦੇਣੀ ਹੀ ਹੈ ਤਾਂ ਉਨ੍ਹਾਂ ਨੂੰ ਕਿਸੇ ਸਹੀ ਢੰਗ ਨਾਲ ਦਿਓ, ਜਿਸ ਤਰ੍ਹਾਂ ਲਾਟਰੀ ਸਿਸਟਮ ਹੈ। ਇਹ ਲੋਕ ਜ਼ਮੀਨ ਤੋਂ ਬਿਨਾਂ ਨਹੀਂ ਬਚ ਸਕਦੇ। ਚੇਅਰਮੈਨ ਸਾਹਿਬ, ਚੰਗਾ ਹੋਇਆ ਕਿ ਇਹ ਇਹ ਬਿਲ ਲੈ ਆਏ। (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਵਿਚ ਜਿਹੜੀ ਵੀ ਜ਼ਮੀਨ ਹੈ ਚਾਹੇ ਉਹ ਸਰਪਲਸ ਹੈ, ਚਾਹੇ ਨਿਕਾਸੀ ਹੈ ਚਾਹੇ ਜੰਗਲਾਤ ਦੀ ਪਈ ਹੋਈ ਹੈ ਉਸ ਦੇ ਬਾਰੇ ਸਰਕਾਰ ਨੂੰ ਫੈਸਲਾ ਕਰ ਦੇਣਾ ਚਾਹੀਦਾ ਹੈ ਕਿ ਉਹ ਸਾਰੀ ਜ਼ਮੀਨ ਹਰੀਜਨਾਂ ਨੂੰ ਦੇਣੀ ਹੈ ਅਤੇ ਉਹ ਲਾਟਰੀ ਢੰਗ ਨਾਲ ਹਰੀਜਨਾਂ ਨੂੰ ਦੇ ਦੇਣੀ ਚਾਹੀਦੀ ਹੈ ਅਤੇ ਉਹ ਵੀ ਸਹੀ ਹਿਸਾਬ ਨਾਲ ਜਿਹੜੀ ਸਰਕਾਰੀ ਕੀਮਤ ਸਾਢੇ ਚਾਰ ਸੌ ਰੁਪਏ ਮੁਕੱਰਰ ਕੀਤੀ ਹੋਈ ਹੈ, ਉਸ ਦੇ ਨਾਲ ਹੀ ਦੇਣੀ ਚਾਹੀਦੀ ਹੈ। (ਵਿਘਨ) ਤਾਂ ਕਿ ਹਰੀਜਨਾਂ ਦੀ ਉਨਤੀ ਹੋ ਸਕੇ। ਚਾਹੇ ਇਹ ਬਿਲ ਪੂਰਾ ਉਨਤੀ ਵਾਲਾ ਨਹੀਂ ਹੈ ਲੇਕਿਨ ਫਿਰ ਵੀ ਅਸੀਂ ਇਸ ਦੀ ਹਮਾਇਤ ਕਰਦੇ ਹਾਂ।

ਚੇਅਰਮੈਨ ਸਾਹਿਬ, ਇਸ ਦੇ ਨਾਲ ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਹਰੀਜਨਾਂ ਨੂੰ ਦੁਖੀ ਕੀਤਾ ਜਾ ਰਿਹਾ ਹੈ ਅਤੇ ਇਹ ਹਰੀਜਨ ਜਿਹੜੇ ਦਿਹਾੜੀ ਕਰਦੇ ਹਨ ਉਨ੍ਹਾਂ ਨੂੰ ਲੁਟਿਆ ਜਾ ਰਿਹਾ ਹੈ। (ਵਿਘਨ) ਸਾਰੇ ਪੰਜਾਬ ਵਿਚ ਉਨ੍ਹਾਂ ਦੇ ਨਾਲ ਬੁਰਾ ਸਲੂਕ ਕੀਤਾ ਜਾ ਰਿਹਾ ਹੈ ਕਿਤੇ ਨਾਕਾ ਬੰਦੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਕਿਤੇ ਬਾਈਕਾਟ ਕੀਤੇ ਜਾ ਰਹੇ ਹਨ। ਪੰਜਾਬ ਵਿਚ ਇਕ ਪਿੰਡ ਚੂੜ੍ਹ ਚਕ ਹੈ ਉਥੇ ਨਾਕਾਬੰਦੀ ਸ਼ੁਰੂ ਕਰ ਦਿਤੀ ਸੀ, ਪਰ ਮੈਂ ਜਦੋਂ ਉਥੇ ਗਿਆ ਤਾਂ ਉਹ ਮਸਲਾ ਹਲ ਹੋ ਗਿਆ। (ਵਿਘਨ) ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਸਮਝਾ ਲਵੋ, ਇਕ ਪਾਸੇ ਤਾਂ ਇਹ ਹਰੀਜਨਾਂ ਦਾ ਬਿਲ ਲੈ ਆਏ ਹਨ ਅਤੇ ਦੂਜੇ ਪਾਸੇ ਇਹ ਉਨ੍ਹਾਂ ਬਾਰੇ ਮਜ਼ਾਕ ਕਰੀ ਜਾਂਦੇ ਹਨ। (ਵਿਘਨ) ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਨਾਕੇ ਬੰਦੀਆਂ ਸ਼ੁਰੂ ਕਰ ਦਿਤੀਆਂ। ਉਨ੍ਹਾਂ ਨੂੰ ਉਨ੍ਹਾਂ ਦੇ ਬਚਿਆਂ ਨੂੰ ਅਤੇ ਉਨ੍ਹਾਂ ਦੀਆਂ ਔਰਤਾਂ ਨੂੰ ਖੇਤਾਂ ਵਿਚ ਟਟੀ ਤਕ ਨਹੀਂ ਜਾਣ ਦਿੰਦੇ। ਕੀ ਇਹ ਇਨ੍ਹਾਂ ਵਾਸਤੇ ਸ਼ਰਮ ਦੀ ਗਲ ਨਹੀਂ ਹੈ (ਵਿਘਨ) ਕਿਧਰੇ ਉਨ੍ਹਾਂ ਨੂੰ ਨੌਕਰੀਆਂ ਤੋਂ ਬਾਹਰ ਕਢਿਆ ਜਾ ਰਿਹਾ ਹੈ ਅਤੇ ਕਿਧਰੇ ਉਨ੍ਹਾਂ ਨੂੰ ਕੋਈ ਨੌਕਰੀ ਨਹੀਂ ਮਿਲਦੀ। ਦੋ ਤਿੰਨ ਦਿਨ ਹੋਏ ਮੈਨੂੰ ਇਕ ਮੁੰਡਾ ਮਿਲਿਆ ਉਹ ਕਹਿਣ ਲਗਾ ਕਿ ਮੈਨੂੰ ਤਾਂ ਨੌਕਰੀ ਤੋਂ ਬਾਹਰ ਕਢਦਿਤਾ (ਵਿਘਨ) ਇਸ ਬਿਲ ਦੀ ਹਿਮਾਇਤ ਹੀ ਕਰ ਰਿਹਾ ਹਾਂ, ਹੋਰ ਕੀ ਕਰ ਰਿਹਾ ਹਾਂ। ਚੇਅਰਮੈਨ ਸਾਹਿਬ ਵੀ ਤਾਂ ਉਸੇ ਜਮਾਤ ਦੇ ਹਨ ਉਨ੍ਹਾਂ ਨੂੰ ਕੀ ਪਤਾ ਹਰੀਜਨਾਂ ਦੇ ਦੁਖ ਦਾ। (ਵਿਘਨ) ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਹਰੀਜਨਾਂ ਦੇ ਭਲੇ ਦੇ ਵਾਸਤੇ ਕੁਝ ਨਾ ਕੁਝ ਕਰਨਾ ਚਾਹੀਦਾ ਹੈ। (ਵਿਘਨ)

Sirdar Kapur Singh : On a point of order, Sir. Mr. Chairman, the hon Member who is on his legs. has castigated you as one who is prejudiced. We cannot bear this. We cannot tolerate this.

ਸ੍ਰੀ ਸਭਾਪਤੀ : ਕਾਮਰੇਡ ਦਾਨਾ ਰਾਮ ਜੀ, ਇਹ ਸ਼ਬਦ ਵਿਦਡਰਾ ਕਰੋ। (The hon. Member, Comrade Dana Ram, may please withdraw those words.)

ਕਾਮਰੇਡ ਦਾਨਾ ਰਾਮ : ਚੇਅਰਮੈਨ ਸਾਹਿਬ, ਕੋਈ ਜਾਣ ਬੁਝ ਕੇ ਤਾਂ ਕਿਹਾ ਹੀ ਨਹੀਂ। ਜੇ ਤੁਸੀਂ ਕਹਿੰਦੇ ਹੋ ਤਾਂ ਮੈਂ ਵਾਪਸ ਲੈ ਲੈਂਦਾ ਹਾਂ। ਇਹ ਗਰੀਬਾਂ ਦਾ ਸਵਾਲ ਹੈ। ਮੈਂ ਦੁਬਾਰਾ ਨਹੀਂ ਵਰਤਾਂਗਾ। (ਵਿਘਨ)

Original with;
Punjab Vidhan Sabha
Digitized by;
Panjab Digital Library

Sirdar Kapur Singh : I would request that the hon. Member should be admonished. He should be told not to utter these words again.

ਕਾਮਰੇਡ ਦਾਨਾ ਰਾਮ : ਚੌਧਰੀ ਸਾਹਿਬ ਸਾਡੇ ਦੋਹਾਂ ਦੇ ਸਿਰ ਤੇ ਲਾਲ ਪਗੜੀਆਂ ਹਨ, ਮੈਨੂੰ ਬੋਲ ਲੈਣ ਦਿਉ। ਚੇਅਰਮੈਨ ਸਾਹਬ, ਜੋ ਜ਼ਮੀਨ ਦਾ ਮਸਲਾ ਹੈ ਇਹ ਪੰਜਾਬ ਵਿਚ ਜ਼ਰੂਰ ਹਲ ਹੋਣਾ ਚਾਹੀਦਾ ਹੈ। ਚੇਅਰਮੈਨ ਸਾਹਬ, ਦਾਨੇ ਬਹਾਦਰ ਪਿੰਡ ਵਿਚ ਨਿਲਾਮੀ ਸ਼ੁਰੂ ਹੋਈ ਸੀ। ਅਸੀਂ ਉਥੇ ਪਹੁੰਚੇ ਤਾਂ ਪੁਲਿਸ ਨੇ ਦੂਜਿਆਂ ਦੇ ਨਾਲ ਮੈਨੂੰ ਵੀ ਗਰਿਫ਼ਤਾਰ ਕਰ ਲਿਆ। ਪਹਿਲਾਂ ਤਾਂ ਸਾਰਿਆਂ ਨੂੰ ਹੀ ਹਥਕੜੀ ਲਾ ਲਈ ਤੇ ਫਿਰ ਮਗਰੋਂ ਮੇਰੇ ਹਥੋਂ ਲਾਹ ਲਈ। ਸਾਨੂੰ 11 ਜੂਨ ਨੂੰ ਗਰਿਫਤਾਰ ਕੀਤਾ ਗਿਆ। ਚੇਅਰਮੈਨ ਸਾਹਿਬ, ਸਾਨੂੰ 25 ਆਦਮੀਆਂ ਨੂੰ 6 ਘੰਟੇ ਧੁੱਪੇ ਖੜ੍ਹੇ ਰਖਿਆ, ਪਾਣੀ ਵੀ ਨਹੀਂ ਪੀਣ ਦਿਤਾ। ਇਹ ਹਨ ਇਨ੍ਹਾਂ ਦੀ ਪੁਲਿਸ ਦੇ ਕਾਰਨਾਮੇ, ਜੋ ਇਥੇ ਹਸਦੇ ਹਨ। (ਵਿਘਨ) ਮੈਂ ਬਿਲ ਤੇ ਹੀ ਬੋਲ ਰਿਹਾ ਹਾਂ, ਇਹ ਹਰੀਜਨਾਂ ਦੀ ਹੀ ਗੱਲ ਹੈ। 6 ਘੰਟੇ ਉਨ੍ਹਾਂ ਨੂੰ ਪਾਣੀ ਨਹੀਂ ਪੀਣ ਦਿਤਾ। ਮਗਰੋਂ ਫਿਰੋਜ਼ਪੁਰ ਲੈ ਗਏ, 7 ਵਜੇ ਜੇਲ੍ਹ ਵਿਚ ਦਿਤਾ। ਜੇਲ੍ਹ ਵਿਚ ਵੀ ਹਾਲਤ ਬਹੁਤ ਖਰਾਬ ਕੀਤੀ। ਉਥੇ ਰੋਟੀ ਵੀ ਠੀਕ ਨਹੀਂ ਸੀ, ਪਾਣੀ ਵੀ ਠੀਕ ਤਰ੍ਹਾਂ ਨਹੀਂ ਮਿਲਦਾ ਸੀ। ਇਲਾਜ ਦੀ ਸਹੂਲਤ ਵੀ ਨਹੀਂ ਸੀ। ਅਗਰ ਡਾਕਟਰ ਸਾਹਿਬ ਪੰਜਾਬ ਦੇ ਗਰੀਬਾਂ ਨੂੰ ਵਡਿਆਂ ਤੋਂ ਜ਼ਮੀਨ ਲੈਕੇ ਨਹੀਂ ਦਿੰਦੇ ਤਾਂ ਗਰੀਬਾਂ ਦਾ ਮਸਲਾ ਹਲ ਨਹੀਂ ਹੋਣਾ। ਅਗਰ ਡਾਕਟਰ ਸਾਹਿਬ ਇਸ ਬਾਰੇ ਕੋਈ ਫੈਸਲਾ ਨਾ ਕਰ ਸਕੇ ਤਾਂ ਲੋਕ ਇਸ ਦਾ ਫੈਸਲਾ ਆਪਣੇ ਆਪ ਹੀ ਕਰ ਲੈਣਗੇ। ਲੋਕ ਪੰਜਾਬ ਵਿਚ ਤਿਆਰੀ ਕਰ ਰਹੇ ਹਨ ਜ਼ਮੀਨਾਂ ਤੇ ਜ਼ਬਰਦਸਤੀ ਕਬਜ਼ੇ ਕਰ ਲੈਣ ਦੀ...(ਵਿਘਨ)

Sirdar Kapur Singh : On a point of order, Sir. Mr. Chairman, the hon. Member Comrade Dana Ram is publicly threatening the whole House with Naxalite action. I call upon the whole House, through you, Sir, to take some action against him We are not afraid of him.

Also, Sir, under Rule 100 a Member can speak only on the subject matter before the House. If y u g) through the provisions of the Punjab Scheduled Castes Land Development and Finance Corporation Bill you will see that whatever he is speaking about 'grabbing of land' and 'how the Harijans were treated' has nothing to do with the Bill. All these matters I bring to your notice for proper action.

ਸ੍ਰੀ ਸਭਾਪਤੀ (ਸਰਦਾਰ ਜਸਪਾਲ ਸਿੰਘ) : ਦਾਨਾ ਰਾਮ ਹੋਰੀਂ ਨਵੇਂ ਸਪੀਕਰ ਹਨ, ਇਨ੍ਹਾਂ ਨੂੰ ਕੁਝ ਨਾ ਕੁਝ ਲੈਟੀਚਯੂਡ ਤਾਂ ਦੇਣਾ ਹੀ ਪਵੇਗਾ। (ਤਾੜੀਆਂ) (Com. Dana Ram is a new speaker. Some latitude has to be given to him.)

ਕਾਮਰੇਡ ਸਤੱਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ ਇਸ ਗਲ ਦੇ ਮਦੇਨਜ਼ਰ ਕਿ ਦਾਨਾ ਰਾਮ ਹੋਰੀਂ ਨਵੇਂ ਸਪੀਕਰ ਹਨ, ਕੀ ਇਹ ਕਹਿਣਾ ਜੁਰਮ ਹੈ ਕਿ ਅਗਰ ਸਰਕਾਰ ਦਾ ਇਹੀ ਰਵੱਈਆ ਰਿਹਾ ਤਾਂ ਗਰੀਬ ਲੋਕ ਵਡੇ ਜ਼ਮੀਂਦਾਰਾਂ ਦੀਆਂ ਜ਼ਮੀਨਾਂ ਤੇ ਕਬਜ਼ਾ ਕਰ ਲੈਣਗੇ ? ਇਹ ਉਨ੍ਹਾਂ ਨੂੰ ਨਕਸਲਵਾੜੀ ਕਹਿੰਦੇ ਹਨ ਪਰ ਇਹੀ ਗਲ ਹਿੰਦੋਸਤਾਨ ਦੇ ਡੀਫੈਂਸ ਮਨਿਸਟਰ ਸ੍ਰੀ ਜਗਜੀਵਨ ਰਾਮ ਅਤੇ ਪ੍ਰਾਈਮ ਮਨਿਸਟਰ ਨੇ ਕਹੀ ਹੈ। ਮੈਂ ਇਹੀ ਗਲ ਬਾਹਰ ਜਾਕੇ ਰੀਪੀਟ ਕਰਨ ਨੂੰ ਤਿਆਰ ਹਾਂ ਇਹ ਮੇਰੇ ਤੇ ਮੁਕਦਮਾ ਚਲਾ ਲੈਣ।

Sirdar Kapur Singh : If Shri Jagjivan Ram and the Prime Minister also say these words I protest against them. They have no right to threaten us.

Original with;
Punjab Vidhan Sabha
Digitized by;
Panjab Digital Library

ਚੌਧਰੀ ਤੁਲਸੀ ਰਾਮ ਚੌਹਾਨ : ਆਨ ਏ ਪੁਆਇੰਟ ਆਫ਼ ਆਰਡਰ ਸਰ। ਚੇਅਰਮੈਨ ਸਾਹਿਬ, ਕਾਮਰੇਡ ਸਤ ਪਾਲ ਡਾਂਗ ਨੇ ਬਾਬੂ ਜਗਜੀਵਨ ਰਾਮ ਅਤੇ ਪ੍ਰਾਈਮ ਮਨਿਸਟਰ ਨੂੰ ਇਸ ਹਾਊਸ ਵਿਚ ਡਿਸਕਸ ਕੀਤਾ ਹੈ। ਕੀ ਇਹ ਇਸ ਤਰ੍ਹਾਂ ਕਰਨ ਦੇ ਆਥੋਰਾਈਜ਼ਡ ਹਨ ? ਇਨ੍ਹਾਂ ਨੂੰ ਅਤੇ ਸਿਰਦਾਰ ਕਪੂਰ ਸਿੰਘ ਹੋਰਾਂ ਨੂੰ ਕਹੋ ਕਿ ਇਹ ਉਨ੍ਹਾਂ ਬਾਰੇ ਕਹੇ ਲਫਜ਼ ਵਿਦਡਰਾ ਕਰਨ ।

ਸ੍ਰੀ ਸਭਾਪਤੀ : ਉਨ੍ਹਾਂ ਤੇ ਕੋਈ ਰੀਫਲੈਕਸ਼ਨ ਨਹੀਂ ਕੀਤਾ ਗਿਆ। ਦਾਨਾ ਰਾਮ ਜੀ ਜਲਦੀ ਖਤਮ ਕਰੋ। (No reflection was made on them. Com. Dana Ram may please wind up.)

ਕਾਮਰੇਡ ਦਾਨਾ ਰਾਮ : ਚੇਅਰਮੈਨ ਸਾਹਿਬ ਮੈਂ ਇਸ ਬਿਲ ਦੀ ਹਮਾਇਤ ਕਰਦਾ ਹਾਂ। ਪਰ ਨਾਲ ਹੀ ਦੋਬਾਰਾ ਮੰਗ ਕਰਦਾ ਹਾਂ ਕਿ ਹਰੀਜਨਾਂ ਨੂੰ ਜ਼ਮੀਨ ਲੈਕੇ ਦਿਤੀ ਜਾਵੇ। ਅਗਰ ਸਰਕਾਰ ਇਹ ਨਹੀਂ ਕਰੇਗੀ ਤਾਂ ਉਹ ਲਾਜ਼ਮੀ ਤੌਰ ਤੇ ਜ਼ਮੀਨ ਤੇ ਜਾਣਗੇ ਭਾਵੇਂ ਸਿਰਦਾਰ ਕਪੂਰ ਸਿੰਘ ਉਨ੍ਹਾਂ ਨੂੰ ਨਕਸਲਵਾੜੀ ਜਾਂ ਕੁਝ ਹੋਰ ਹੀ ਕਹਿਣ। ਅਸੀਂ ਭੁਖੇ ਮਰਦੇ ਹਾਂ, ਇਹ ਗਲ ਨਹੀਂ ਚਲੇਗੀ। ਇੰਨਾ ਹੀ ਕਹਿ ਕੇ ਮੈਂ ਆਪਣੀ ਗਲ ਖਤਮ ਕਰਦਾ ਹਾਂ।

ਵੈਦ ਗਿਆਨ ਚੰਦ (ਦੀਨਾਨਗਰ, ਐਸ. ਸੀ.) : ਚੇਅਰਮੈਨ ਸਾਹਿਬ, ਡਾਕਟਰ ਸਾਹਿਬ ਜੋ ਇਹ ਬਿਲ ਹਰੀਜਨ ਕਲਿਆਣ ਬਾਰੇ ਲਿਆਏ ਹਨ, ਮੈਂ ਇਸ ਲਈ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ। ਇਸ ਬਿਲ ਦੇ ਹੋਲੀ ਸੋਲੀ ਇਨਚਾਰਜ ਡਾਕਟਰ ਸਾਹਿਬ ਹੀ ਹੋਣਗੇ ਇਸ ਲਈ ਮੈਂ ਇਨ੍ਹਾਂ ਨੂੰ ਪਰਾਰਥਨਾ ਕਰਦਾ ਹਾਂ ਕਿਤੇ ਇਸ ਤੇ ਅਮਲ ਕਰਨ ਵੇਲੇ ਸਾਡੇ ਨਾਲ ਉਸੇ ਤਰ੍ਹਾਂ ਦਾ ਵਿਤਕਰਾ ਨਾ ਕਰਨ ਜਿਹਾ ਕਿ ਧਰਮਸ਼ਾਲਾਵਾਂ ਦੇ ਕੇਸ ਵਿਚ ਕੀਤਾ ਹੈ। ਵੈਦ ਕਰਤਾਰ ਸਿੰਘ ਹੋਰਾਂ ਨੇ ਜ਼ਿਕਰ ਕੀਤਾ ਕਿ ਸਭ ਨੂੰ ਧਰਮਸ਼ਾਲਾਵਾਂ ਦਿਤੀਆਂ ਹਨ, ਮਗਰ ਇਹ ਗਲ ਗਲਤ ਹੈ। ਮੈਂ ਆਪ ਨੂੰ ਦਸਦਾ ਹਾਂ ਕਿ ਮੇਰੇ ਹਲਕੇ ਵਿਚ ਸਿਰਫ ਇਕ ਧਰਮਸ਼ਾਲਾ ਹੀ ਦਿਤੀ ਹੈ (ਵਿਘਨ) ਸੋ ਮੇਰੀ ਪਰਾਰਥਨਾ ਹੈ ਕਿ ਇਸ ਬਿਲ ਦੇ ਕੇਸ ਵਿਚ ਵੀ ਇਸੇ ਤਰ੍ਹਾਂ ਵਿਤਕਰਾ ਨਾ ਕੀਤਾ ਜਾਵੇ। ਮੇਰੀ ਪਰਾਰਥਨਾ ਹੈ ਕਿ ਦਿਹਾਤੀ ਲੋਕਾਂ ਲਈ ਜ਼ਮੀਨ ਬਹੁਤ ਲਾਜ਼ਮੀ ਹੈ ਉਸ ਦੇ ਬਿਨਾਂ ਉਨ੍ਹਾਂ ਦਾ ਗੁਜ਼ਰ ਵੀ ਨਹੀਂ ਹੋ ਸਕਦਾ। ਇਹ ਬੇਜ਼ਮੀਨੇ ਲੋਕ ਜਿਨ੍ਹਾਂ ਦਾ ਕੰਮ ਕਰਦੇ ਹਨ ਉਹ ਇਨ੍ਹਾਂ ਨੂੰ ਜੀਣ ਨਹੀਂ ਦਿੰਦੇ। ਉਨ੍ਹਾਂ ਨੂੰ ਖੇਤੀ ਦਾ ਕੰਮ ਕਰਨ ਨਹੀਂ ਦਿੰਦੇ। ਮੇਰੇ ਹਲਕੇ ਵਿਚ ਇਕ ਵਾਕਿਆ ਹੋਇਆ ਜੋ ਮੈਂ ਆਪ ਨੂੰ ਦਸਦਾ ਹਾਂ। ਇਕ ਹਰੀਜਨ ਬਾਹਰ ਟੱਟੀ ਫਿਰ ਕੇ ਆਇਆ ਤਾਂ ਜ਼ਿਮੀਦਾਰ ਵੀ ਪਿਛੇ ਹੀ ਆ ਗਿਆ ਅਤੇ ਕਹਿਣ ਲਗਾ ਚੁਕ ਟੱਟੀ। (ਵਿਘਨ) ਉਸ ਨੇ ਉਸ ਗਰੀਬ ਨਾਲ ਬਹੁਤ ਜ਼ਿਆਦਤੀ ਕੀਤੀ। ਉਸ ਨੂੰ ਬੰਦੂਕ ਦਾ ਨਿਸ਼ਾਨਾ ਕਰਕੇ ਗੋਲੀ ਚਲਾ ਦਿਤੀ, ਇੰਨਾ ਸ਼ੁਕਰ ਹੈ ਕਿ ਗੋਲੀ ਉਸ ਦੀਆਂ ਲਤਾਂ ਵਿਚੋਂ ਦੀ ਲੰਘ ਗਈ। ਇਸ ਤਰ੍ਹਾਂ ਦੀਆਂ ਹੋਰ ਜ਼ਬਰਦਸਤੀਆਂ ਇਨ੍ਹਾਂ ਗਰੀਬਾਂ ਨਾਲ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਬੇਜ਼ਮੀਨੇ ਲੋਕਾਂ ਨਾਲ ਜੋ ਪਿੰਡਾਂ ਵਿਚ ਹੋ ਰਿਹਾ ਹੈ ਉਹ ਆਪ ਨੂੰ ਪਤਾ ਹੈ, ਉਨ੍ਹਾਂ ਤੇ ਜ਼ੁਲਮ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਦਿਹਾੜੀਆਂ ਨਹੀਂ ਦਿਤੀਆਂ ਜਾਂਦੀਆਂ ਮੈਂ ਪਰਾਰਥਨਾ ਕਰਦਾ ਹਾਂ ਕਿ ਮੇਰੇ ਹਲਕੇ ਵਿਚ 2-3 ਪਿੰਡ ਹਨ ਤਾਰਾਗੜ੍ਹ, ਚੌੜਾ ਆਦਿ। ਉਥੇ ਲੋਕਾਂ ਨੇ ਜ਼ਮੀਨ ਮੁਲ ਲਈ, ਹਜ਼ਾਰ, ਹਜ਼ਾਰ ਅਤੇ ਦੋ ਦੋ ਹਜ਼ਾਰ ਰੁਪਏ ਦੇ ਬੈਠੇ ਹਨ ਪਰ ਉਨ੍ਹਾਂ ਨੂੰ ਜ਼ਮੀਨ ਦਾ ਕਬਜ਼ਾ ਨਹੀਂ ਦਿਤਾ ਜਾਂਦਾ। ਉਨ੍ਹਾਂ ਨੂੰ ਜ਼ਬਰਦਸਤੀ ਕਢ ਦਿਤਾ ਗਿਆ ਹੈ। ਉਹ ਜ਼ਮੀਨ ਛਡ ਕੇ ਨਿਕਲ ਗਏ ਹਨ। ਮੇਰੀ ਪਰਾਰਥਨਾ ਹੈ ਕਿ ਉਨ੍ਹਾਂ ਲੋਕਾਂ ਨੂੰ ਪਿੰਡ ਵਿਚ ਬਹਾਲ ਕੀਤਾ ਜਾਵੇ। ਉਨ੍ਹਾਂ ਦੀ ਜ਼ਮੀਨ ਦਾ ਕਬਜ਼ਾ ਉਨ੍ਹਾਂ ਨੂੰ ਦਵਾਇਆ ਜਾਵੇ।

Original with;
Punjab Vidhan Sabha
Digitized by;
Panjab

[ਵੈਦ ਗਿਆਨ ਚੰਦ]

ਫਿਰ ਜੋ ਸ਼ਹਿਰੀ ਹਰੀਜਨ ਹਨ, ਉਨ੍ਹਾਂ ਦਾ ਜ਼ਮੀਨ ਨਾਲ ਤੁਅੱਲਕ ਨਹੀਂ ਹੈ। ਇਹ ਕਾਰਪੋਰੇਸ਼ਨ ਉਨ੍ਹਾਂ ਨੂੰ ਕਰਜ਼ਾ ਦੇਵੇ ਤਾਂ ਜੋ ਉਹ ਇੰਡਸਟਰੀ ਵਗੈਰਾ ਲਗਾ ਸਕਣ ਅਤੇ ਗਰੀਬਾਂ ਦੀ ਬੇਰੁਜ਼ਗਾਰੀ ਖਤਮ ਹੋਵੇ। ਮੈਂ ਅਰਜ਼ ਕਰਾਂ ਕਿ ਇਸ ਬਿਲ ਵਿਚ ਜੋ ਇਕ ਕਰੋੜ ਰੁਪਿਆ ਰਖਿਆ ਗਿਆ ਹੈ, ਪਤਾ ਨਹੀਂ ਇਹ 4 ਕਰੋੜ ਹੋਵੇਗਾ ਵੀ ਜਾਂ ਨਹੀਂ ਅਤੇ ਅਗਰ ਹੋਵੇਗਾ ਤਾਂ ਕਦ ਹੋਵੇਗਾ. ਪਤਾ ਨਹੀਂ ਇਹ ਰੁਪਿਆ ਹਰੀਜਨਾਂ ਨੂੰ ਕਿਨ੍ਹਾਂ ਸ਼ਰਾਇਤ ਤੇ ਦਿਤਾ ਜਾਵੇਗਾ। ਮੇਰਾ ਵਿਚਾਰ ਹੈ ਕਿ ਹਰੀਜਨਾਂ ਨੂੰ ਕਰਜ਼ ਬਿਨਾ ਸੂਦ ਦੇਣਾ ਚਾਹੀਦਾ ਹੈ। ਅਗਰ ਆਪ ਨੇ 10% ਜਾਂ 12% ਸੂਦ ਲਾ ਦਿਤਾ ਤਾਂ ਉਹ ਲੋਕ ਤਾਂ ਸੂਦ ਹੀ ਨਹੀਂ ਦੇ ਸਕਣਗੇ। ਜ਼ਮੀਨ ਵਾਲਾ ਜਾਂ ਇੰਡਸਟਰੀ ਵਾਲਾ ਤਾਂ ਸੂਦ ਦੇ ਸਕਦਾ ਹੈ ਪਰ ਗਰੀਬ ਸੂਦ ਨਹੀਂ ਦੇ ਸਕਦਾ। ਇਸ ਲਈ ਨਿਵੇਦਨ ਹੈ ਕਿ ਉਨ੍ਹਾਂ ਗਰੀਬਾਂ ਨੂੰ ਬਿਲਾ ਸੂਦ ਕਰਜ਼ਾ ਦਿਤਾ ਜਾਵੇ। ਅਗਰ ਇਸ ਗਲ ਤੇ ਸਰਕਾਰ ਰਾਜ਼ੀ ਨਾ ਹੋਵੇ ਤਾਂ ਅਠ ਆਨੇ ਜਾਂ ਚਾਰ ਆਨੇ ਫੀ ਸੈਂਕੜਾ ਦੇ ਹਿਸਾਬ ਸੂਦ ਤੇ ਕਰਜ਼ਾ ਦਿਤਾ ਜਾਣਾ ਚਾਹੀਦਾ ਹੈ। ਅਗਰ ਇਸ ਤਰ੍ਹਾਂ ਕੀਤਾ ਗਿਆ ਤਾਂ ਹੀ ਗਰੀਬ ਇਸ ਬਿਲ ਤੋਂ ਲਾਭ ਉਠਾ ਸਕਣਗੇ ਵਰਨਾ ਉਹ ਸਾਰੀ ਉਮਰ ਰਕਮ ਨਹੀਂ ਅਦਾ ਕਰ ਸਕਣਗੇ।

ਫਿਰ, ਚੇਅਰਮੈਨ ਸਾਹਿਬ, ਇਸ ਵਿਚ ਡਾਇਰੈਕਟਰਾਂ ਦਾ ਪਰਬੰਧ ਕੀਤਾ ਗਿਆ ਹੈ। ਮੇਰੀ ਪਰਾਰਥਨਾ ਹੈ ਕਿ ਇਨ੍ਹਾਂ ਵਿਚੋਂ ਘਟੋ ਘਟ 5 ਹਰੀਜਨ ਹੋਣੇ ਚਾਹੀਦੇ ਹਨ ਅਤੇ ਦੋ ਐਮ. ਐਲ. ਏ. ਹੋਣੇ ਚਾਹੀਦੇ ਹਨ। ਉਹ ਭਾਵੇਂ ਕਿਸੇ ਵੀ ਪਾਰਟੀ ਦੇ ਹੋਣ। (ਵਿਘਨ) ਚੇਅਰਮੈਨ ਵੀ ਹਰੀਜਨ ਹੋਣਾ ਚਾਹੀਦਾ ਹੈ। ਇਸ ਵਿਚ ਸਾਰਿਆਂ ਦੇ ਤੁਆਵਨ ਦੀ ਲੋੜ ਹੈ, ਇਸ ਦੇ ਬਿਨਾ ਇਹ ਕਾਰਪੋਰੇਸ਼ਨ ਕਾਮਯਾਬ ਨਹੀਂ ਹੋ ਸਕਦੀ। ਅਗਰ ਕਿਸੇ ਨੂੰ ਦਬਾਇਆ ਗਿਆ ਤਾਂ ਇਸ ਵਿਚ ਕਾਮਯਾਬੀ ਨਹੀਂ ਹੋ ਸਕਦੀ। ਡਾਇਰੈਕਟਰਾਂ ਵਿਚੋਂ 5 ਡਾਇਰੈਕਟਰ ਹਰੀਜਨ ਹੋਣੇ ਚਾਹੀਦੇ ਹਨ ਅਤੇ ਚੇਅਰਮੈਨ ਵੀ ਹਰੀਜਨ ਹੋਣਾ ਚਾਹੀਦਾ ਹੈ। ਮੈਂ ਡਾਕਟਰ ਸਾਹਿਬ ਅਗੇ ਪਰਾਰਥਨਾ ਕਰਾਂਗਾ ਕਿ ਦਿਹਾਤੀ ਇਲਾਕੇ ਅਤੇ ਸ਼ਹਿਰੀ ਇਲਾਕੇ ਵਿਚ ਵਿਤਕਰਾ ਨਹੀਂ ਕਰਨਾ ਚਾਹੀਦਾ ਅਤੇ ਇੰਡਸਟਰੀ ਲਈ ਹਰੀਜਨਾਂ ਨੂੰ ਰੁਪਿਆ ਦਿਤਾ ਜਾਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਆਪਣੀ ਹਾਲਤ ਚੰਗੀ ਬਨਾਣ ਵਿਚ ਮਦਦ ਮਿਲੇ। (ਵਿਘਨ)

(ਇਸ ਸਮੇਂ ਚਾਰ ਪੰਜ ਮੈਂਬਰ ਬੋਲਣ ਲਈ ਖੜ੍ਹੇ ਹੋ ਗਏ)

ਸ੍ਰੀ ਸਭਾਪਤੀ : ਸ੍ਰੀ ਗਿਆਨ ਚੰਦ ਜੀ, ਆਪ ਬੈਠ ਜਾਓ। (ਵਿਘਨ) Shri Gian Chand Jee, please take your seat.)

(ਇਸ ਸਮੇਂ ਸਮਾਜ ਭਲਾਈ ਮੰਤਰੀ ਡਾਕਟਰ ਭਗਤ ਸਿੰਘ ਬੋਲਣ ਲਈ ਖੜ੍ਹੇ ਹੋ ਗਏ)

Mr. Chairman : Dr. Bhagat Singh.

ਆਵਾਜ਼ਾਂ : ਇਸ ਬਿਲ ਦਾ ਸਾਰੇ ਪੰਜਾਬ ਨਾਲ ਸਬੰਧ ਹੈ ਸਾਨੂੰ ਬੋਲਣ ਲਈ ਸਮਾਂ ਦਿਤਾ ਜਾਵੇ। (ਵਿਘਨ) (ਸ਼ੋਰ) ਸਾਨੂੰ ਬੋਲਣ ਨਹੀਂ ਦਿਤਾ ਜਾ ਰਿਹਾ। (ਵਿਘਨ) (ਸ਼ੋਰ)

Mr. Chairman : Dr. Bhagat Singh may please resume his seat. Chaudhri Sunder Singh.

ਚੌਧਰੀ ਸੁੰਦਰ ਸਿੰਘ (ਨਰੋਟ ਮਹਿਰਾ, ਐਸ. ਸੀ.) : ਚੇਅਰਮੈਨ ਸਾਹਿਬ, ਇਹ ਜਿਹੜਾ

Original with;
Punjab Vidhan Sabha
Digitized by;
Panjab Digital Library

ਹਰੀਜਨਾਂ ਲਈ ਕਾਰਪੋਰੇਸ਼ਨ ਬਨਾਉਣ ਦਾ ਬਿਲ ਹੈ ਇਸ ਦੇ ਪੇਸ਼ ਕਰਨ ਲਈ ਸਾਰਿਆਂ ਤੋਂ ਪਹਿਲਾਂ ਮੈਂ ਡਾਕਟਰ ਭਗਤ ਸਿੰਘ ਹੋਰਾਂ ਨੂੰ ਵਧਾਈ ਪੇਸ਼ ਕਰਦਾ ਹਾਂ। ਇਨ੍ਹਾਂ ਨੇ ਬੜੀ ਮਿਹਨਤ ਕਰਕੇ ਇਸ ਬਿਲ ਨੂੰ ਹਾਊਸ ਵਿਚ ਲਿਆਂਦਾ ਹੈ। ਇਨ੍ਹਾਂ ਦੇ ਆਪਣੇ ਕਈ ਸਾਥੀ ਵੀ ਭਾਵੇਂ ਇਸ ਗਲ ਦੀ ਮੁਖਾਲਿਫਤ ਕਰਦੇ ਰਹੇ ਹਨ ਪਰ ਇਹ ਆਪ ਬੜੇ ਆਨੈਸਟ ਆਦਮੀ ਹਨ ਅਤੇ ਮੈਨੂੰ ਖੁਸ਼ੀ ਹੈ ਕਿ ਇਨ੍ਹਾਂ ਨੇ ਦਿਨ ਰਾਤ ਇਕ ਕਰਕੇ ਇਸ ਪਾਸੇ ਤਵਜੋ ਦੇਕੇ ਇਸ ਬਿਲ ਨੂੰ ਪੇਸ਼ ਕੀਤਾ ਹੈ ਅਤੇ ਮੈਂ ਸਮਝਦਾ ਹਾਂ ਕਿ ਇਹੀ ਇਕਲੇ ਹਨ ਜਿਹੜੇ ਕਿ ਹਰੀਜਨਾਂ ਦੇ ਭਲਾਈ ਦੇ ਕੰਮ ਨੂੰ ਪਰਸੂ ਕਰਦੇ ਹਨ। ਮੈਂ ਇਹ ਵੀ ਸਮਝਦਾ ਹਾਂ ਕਿ ਇਸ ਵਿਚ ਰੁਕਾਵਟ ਪਏਗੀ ਅਤੇ ਪਾਈ ਜਾਂਦੀ ਹੈ ਪਰ ਮੈਂ ਇਹ ਵੇਖਿਆ ਹੈ ਕਿ :

> "Nothing will resist truth, love and sincerity. Are you sincere and unselfish unto death, then fear not even death."

ਮੈਂ ਇਹ ਦਸਣਾ ਚਾਹੁੰਦਾ ਹਾਂ ਡਾਕਟਰ ਜੀ ਕਿ ਤੁਸੀਂ ਅਜ ਹਰੀਜਨਾਂ ਦੀ ਭਲਾਈ ਲਈ ਬੋਲੇ ਹੋ ਅਤੇ ਇਹ ਬਿਲ ਪੇਸ਼ ਕੀਤਾ ਹੈ ਅਤੇ ਕਾਰਪੋਰੇਸ਼ਨ ਬਣਵਾਈ ਜਾ ਰਹੀ ਹੈ ਪਰ ਤੁਹਾਨੂੰ ਪਤਾ ਹੈ ਕਿ ਜ਼ਮੀਨ ਤਾਂ ਹਰੀਜਨਾਂ ਦੇ ਹਥਾਂ ਵਿਚੋਂ ਨਿਕਲੀ ਜਾ ਰਹੀ ਹੈ। ਸਰਦਾਰ ਰਾਜਾ ਸਿੰਘ ਵਿਚਾਰੇ ਨੂੰ ਕੀ ਪਤਾ ਹੈ ਕਿ ਜੇਕਰ ਜ਼ਮੀਨ ਹਰ ਜਨਾਂ ਪਾਸ ਨਾ ਰਹੀ ਤਾਂ ਕੀ ਬਣੇਗਾ। ਉਨ੍ਹਾਂ ਵਲੋਂ ਇਹ ਤਜ਼ਵੀਜ਼ ਆਈ ਹੈ ਕਿ ਇੰਡਸਟਰੀ ਵਾਲੇ ਪਾਸੇ ਜ਼ੋਰ ਦਿਤਾ ਜਾਵੇ ਅਤੇ ਹਰੀਜਨਾਂ ਨੂੰ ਇੰਡਸਟਰੀ ਕਾਇਮ ਕਰਨ ਲਈ ਕਰਜ਼ੇ ਦਿਤੇ ਜਾਣੇ ਚਾਹੀਦੇ ਹਨ ਤਾਂਕਿ ਜ਼ਮੀਨ ਤੇ ਬੋਝ ਘਟੇ। ਪਰ ਮੈਂ ਇਹ ਕਹਾਂਗਾ ਕਿ ਜ਼ਮੀਨ ਤੇ ਕੰਮ ਕਰਨਾ ਤਾਂ ਇਕ ਕਾਮਨ ਚੀਜ਼ ਹੈ ਅਤੇ ਇਹ ਸਾਰਿਆਂ ਦਾ ਹੱਕ ਹੈ, ਉਨ੍ਹਾਂ ਹਰੀਜਨਾਂ ਦਾ ਵੀ ਹੱਕ ਹੈ, ਜਿਨ੍ਹਾਂ ਨੇ ਆਪਣੇ 12 ਕਰੋੜ ਵੋਟ ਭਾਰਤ ਨਾਲ ਪਾਏ ਅਤੇ ਪਾਕਿਸਤਾਨ ਨਾਲ ਵੰਡ ਵਿਚ ਇਹ ਜ਼ਮੀਨ ਪ੍ਰਾਪਤ ਕੀਤੀ। ਇਸ ਲਈ ਹਰੀਜਨਾਂ ਪਾਸ ਜ਼ਰੂਰ ਰਹਿਣੀ ਚਾਹੀਦੀ ਹੈ। ਇਸ ਦੇ ਨਾਲ ਇਹ ਵੀ ਵੇਖਣ ਵਾਲੀ ਗਲ ਹੈ ਕਿ ਕਿੰਨੇ ਪਰਵਾਰਾਂ ਦਾ ਗੁਜ਼ਾਰਾ ਜ਼ਮੀਨ ਤੇ ਹੈ। ਪਰ ਹਰੀਜਨਾਂ ਦਾ ਜ਼ਮੀਨ ਦਾ ਮਸਲਾ ਕਿਸੇ ਵੇਲੇ ਵੀ ਹਲ ਨਹੀਂ ਕੀਤਾ ਗਿਆ ਭਾਵੇਂ ਰਾਜ ਕਿਸੇ ਦਾ ਰਿਹਾ। ਜਦ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਇਹ ਫੈਸਲਾ 8 ਅਪ੍ਰੈਲ ਨੂੰ ਕੀਤਾ ਸੀ ਕਿ ਜਿਤਨੀ ਈਵੈਕੂਈ ਲੈਂਡ ਹੈ ਇਸ ਵਿਚੋਂ 500 ਕਲੇਮੈਂਟ ਕਢ ਕੇ ਬਾਕੀ ਸਾਰੀ ਜ਼ਮੀਨ ਹਰੀਜਨਾਂ ਨੂੰ ਦੇ ਦੇਣੀ ਚਾਹੀਦੀ ਹੈ। ਪਰ ਇਸ ਤੇ ਅਮਲ ਕੀਤਾ ਗਿਆ ਤੇ ਯੂਨਾਇਟਿਡ ਫਰੰਟ ਨੇ ਇਹ ਜ਼ਮੀਨ ਉਨ੍ਹਾਂ ਨੂੰ ਨਹੀਂ ਦਿਤੀ। ਇਸ ਨਾਲ ਹਰੀਜਨਾਂ ਦੇ ਕਾਜ਼ ਵਿਚ ਕਮਜ਼ੋਰੀ ਆ ਗਈ ਹੈ। ਅੱਜ ਇੰਡਸਟਰੀ ਦੀ ਅਵਾਜ਼ ਦਿਤੀ ਜਾ ਰਹੀ ਹੈ ਤਾਂ ਕਿ ਕਿਸੇ ਪਾਸੇ ਵੀ ਹਰੀਜਨਾਂ ਦਾ ਸਹੀ ਮਹਿਨਿਆਂ ਵਿੱਚ ਭਲਾ ਨਾ ਹੋ ਸਕੇ। ਯੂਨਾਈਟਿਡ ਫਰੰਟ ਨੂੰ ਇਸ ਗਲ ਦੀ ਗੁਡਵਿਲ ਲੈਣੀ ਚਾਹੀਦੀ ਸੀ। ਅਤੇ ਇਸ ਫੈਸਲੇ ਤੇ ਅਮਲ ਕਰਨਾ ਚਾਹੀਦਾ ਸੀ ਪਰ ਅਮਲ ਨਹੀਂ ਕੀਤਾ ਗਿਆ। ਫਿਰ ਵੀ ਇਸ ਇਕੱਲੇ ਹਰੀਜਨ ਮਨਿਸਟਰ ਦੀ ਮਿਹਨਤ ਅਤੇ ਇਮਾਨਦਾਰੀ ਹੈ ਕਿ ਖਿਚ ਧੂ ਕੇ ਇਹ ਬਿਲ ਹਾਊਸ ਵਿਚ ਲੈ ਆਂਦਾ ਹੈ। ਹੁਣ ਵੀ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਸ ਤਰ੍ਹਾਂ ਦੇ ਜੋ ਕਈ ਵਿਚਾਰ ਹਰੀਜਨਾਂ ਦੇ ਵਿਰੁਧ ਆ ਰਹੇ ਹਨ ਉਨ੍ਹਾਂ ਨੂੰ ਮਜ਼ਬੂਤੀ ਨਾਲ ਫਾਈਟ ਦੇਣੀ ਚਾਹੀਦੀ ਹੈ। ਅਤੇ ਕੈਬਨੇਟ ਵਿਚ ਵੀ ਤਕੜੇ ਹੋ ਕੇ ਹਰੀਜਨਾਂ ਦੇ ਕਾਜ਼ ਲਈ ਇਨ੍ਹਾਂ ਨੂੰ ਲੜਨਾ ਚਾਹੀਦਾ ਹੈ। ਨਹੀਂ ਤਾਂ ਕੋਈ ਨਹੀਂ ਸੁਣਦਾ। ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ

> "No man can get his rights by request. Rights are wrested from unwilling hands."

Original with;
Punjab Vidhan Sabha
Digitized by;
Panjab Digital Library

[ਚੌਧਰੀ ਸੁੰਦਰ ਸਿੰਘ]

ਸਿਰਦਾਰ ਕਪੂਰ ਸਿੰਘ ਜੀ ਨੂੰ ਕਿਸੇ ਕਿਸਮ ਦਾ ਸ਼ਕ ਨਹੀਂ ਹੋਣਾ ਚਾਹੀਦਾ। ਮੈਂ ਉਨ੍ਹਾਂ ਨੂੰ ਵੀ ਦਸਣਾ ਚਾਹੁੰਦਾ ਹਾਂ ਕਿ ਅਸੀਂ ਵੀ ਆਪਣੀ ਕੇਅਰ ਆਪ ਕਰ ਸਕਦੇ ਹਾਂ ਅਤੇ ਡੀਫੈਂਡ ਕਰਨ ਦੀ ਲੋੜ ਪਈ ਤਾਂ ਸਿਧੇ ਰਸਤੇ ਨਾਲ ਕਰਨ ਨੂੰ ਤਿਆਰ ਹਾਂ। (ਵਿਘਨ) ਇਸ ਵਿਚ ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ, ਇਸ ਦਾ ਚੇਅਰਮੈਨ ਹਰੀਜਨ ਨੂੰ ਬਨਾਉਣਾ ਚਾਹੀਦਾ ਹੈ ਅਤੇ ਜਿਹੜੀਆਂ ਮੈਂ ਤਰਮੀਮਾਂ ਇਸ ਬਿਲ ਤੇ ਦਿਤੀਆਂ ਹਨ ਉਨ੍ਹਾਂ ਨੂੰ ਮਨਜ਼ੂਰ ਕਰਨਾ ਚਾਹੀਦਾ ਹੈ। ਮੈਂ ਇਹ ਵੀ ਦਸ ਸਕਦਾ ਹਾਂ ਕਿ ਹਰੀਜਨਾਂ ਦੀ ਭਲਾਈ ਵਿਚ ਕਿਸ ਤਰ੍ਹਾਂ ਦਾ ਪਾਰਟ ਸਰਦਾਰ ਰਾਜਾ ਸਿੰਘ ਨੇ ਪਲੇ ਕੀਤਾ ਹੈ ਅਤੇ ਕਿੰਨੀ ਜ਼ਿਆਦਾ ਹਰੀਜਨਾਂ ਦੀ ਐਕਸਪਲਾਇਟੇਸ਼ਨ ਹੋ ਗਈ ਹੈ। ਨੌਕਰੀਆਂ ਵਿਚ ਅਤੇ ਇੰਡਸਟਰੀ ਵਿਚ, ਜ਼ਮੀਨ ਦੇ ਮਾਮਲੇ ਵਿਚ, ਪਿਗਰੀਆਂ ਕਾਇਮ ਕਰਨ ਵਿੱਚ, ਜਿਥੇ ਕਿਤੇ ਵੀ ਵੇਖ ਲਉ ਐਕਸਪਲਾਇਟੇਸ਼ਨ ਹੋ ਰਹੀ ਹੈ ਅਤੇ ਹੁਣ ਸਰਦਾਰ ਰਾਜਾ ਸਿੰਘ ਦਾ ਵਿਚਾਰ ਹੈ ਕਿ ਇਨ੍ਹਾਂ ਨੂੰ ਪਿਗਰੀਆਂ ਅਤੇ ਨੌਕਰੀਆਂ ਦੇ ਦਿਓ ਅਤੇ ਇੰਡਸਟਰੀ ਵਾਲੇ ਪਾਸੇ ਇਨ੍ਹਾਂ ਨੂੰ ਲਾਓ ਤਾਂ ਕਿ ਜ਼ਮੀਨਾਂ ਵਿਚੋਂ ਇਨ੍ਹਾਂ ਹਰੀਜਨਾਂ ਨੂੰ ਹਿੱਸਾ ਨਾ ਦਿੱਤਾ ਜਾਵੇ। ਪਰ ਇਸ ਨਾਲ ਹਰੀਜਨਾਂ ਦੀ ਤਸਲੀ ਨਹੀਂ ਹੋ ਸਕਦੀ। ਲੋਕਾਂ ਵਿਚ ਹੁਣ ਜਾਗ੍ਰਤੀ ਆ ਚੁਕੀ ਹੈ ਅਤੇ ਉਨ੍ਹਾਂ ਨੂੰ ਪਤਾ ਲਗ ਗਿਆ ਹੈ ਕਿ ਕਿਸ ਤਰ੍ਹਾਂ ਦੀ ਫਾਈਟ ਦੇ ਕੇ ਆਪਣੇ ਹੱਕਾਂ ਦੀ ਮੰਗ ਕਰਨੀ ਚਾਹੀਦੀ ਹੈ। (ਘੰਟੀ) ਮੈਂ ਛੇਤੀ ਹੀ ਖਤਮ ਕਰਨ ਵਾਲਾ ਹਾਂ। ਮੈਂ ਡਾਕਟਰ ਭਗਤ ਸਿੰਘ ਜੀ ਨੂੰ ਕਹਾਂਗਾ ਕਿ ਜਿਸ ਚੀਜ਼ ਦੀ ਤੁਸੀਂ ਅਜ ਬੁਨਿਆਦ ਰਖਣ ਲਗੇ ਹੋ ਇਸ ਵਿਚ ਜ਼ਰਾ ਤਕੜੇ ਹੋ ਕੇ ਰਹਿਣ ਦੀ ਲੋੜ ਹੈ ਤਾਂਕਿ ਕਿਸੇ ਪਾਸਿਓ ਵੀ ਐਕਸਪਲਾਇਟੇਸ਼ਨ ਨਾ ਹੋ ਸਕੇ। ਇਹ ਆਪ ਵਧਾਈ ਦੇ ਪਾਤਰ ਹਨ ਇਹ ਵਧਾਈ ਇਨ੍ਹਾਂ ਨੂੰ ਦਿਤੀ ਜਾਣੀ ਚਾਹੀਦੀ ਹੈ ਅਤੇ ਫਿਰ ਜਿਹੜੀ ਸਰਕਾਰ ਹਰੀਜਨਾਂ ਦੀ ਭਲਾਈ ਲਈ ਕੋਈ ਕੰਮ ਕਰੇ ਉਸ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਸਰਦਾਰ ਗੁਰਨਾਮ ਸਿੰਘ ਵਲੋਂ ਹਰੀਜਨਾਂ ਦੀ ਮਦਦ ਲਈ ਸਟੈਪ ਲਏ ਗਏ ਪਰ ਉਨ੍ਹਾਂ ਦੇ ਨਾਲ ਕਈ ਸਾਥੀ ਅਜਿਹੇ ਰਲ ਗਏ, ਜਿਨ੍ਹਾਂ ਨੇ ਉਹ ਗਲ ਸਿਰੇ ਨਾ ਚੜ੍ਹਨ ਦਿਤੀ। ਮੈਂ ਵਜ਼ੀਰ ਸਾਹਿਬ ਨੂੰ ਦਸਾਂਗਾ ਕਿ 10 ਹਜ਼ਾਰ ਏਕੜ ਜ਼ਮੀਨ ਵੰਡੀ ਗਈ ਜਿਹੜੀ ਕਿ ਲੋਕਾਂ ਦੇ ਕਬਜ਼ੇ ਵਿਚ ਪਈ ਹੈ। ਜੇਕਰ ਡਾਕਟਰ ਭਗਤ ਸਿੰਘ ਉਹ ਕਢ ਕੇ ਹਰੀਜਨਾਂ ਨੂੰ ਦੇ ਦੇਣ ਤਾਂ ਇਨ੍ਹਾਂ ਦੀ ਜ਼ਿੰਦਾਬਾਦ। ਜਿਹੜੀ ਕੁਲ 7 ਲੱਖ ਏਕੜ ਜ਼ੂਤੀ ਚੋਰਾਂ ਪਾਸ ਹੈ ਉਹ ਵੀ ਅਸੀਂ ਕਢਾਂਗੇ ਜੇਕਰ ਤਕੜੇ ਹੋ ਜਾਈਏ (ਵਿਘਨ)

ਸ੍ਰੀ ਸਭਾਪਤੀ : ਤੁਸੀਂ ਵਾਈਂਡ ਅਪ ਕਰੋ। (Please wind up.)

ਚੌਧਰੀ ਸੁੰਦਰ ਸਿੰਘ : ਮੈਂ ਚੇਅਰਮੈਨ ਸਾਹਿਬ, ਜ਼ਿਆਦਾ ਨਾ ਕਹਿੰਦਾ ਹੋਇਆ ਇਕ ਦੋ ਸ਼ੇਅਰ ਅਰਜ਼ ਕਰਕੇ ਆਪਣੀ ਸਪੀਚ ਨੂੰ ਖਤਮ ਕਰਦਾ ਹਾਂ :—

ਸਾਥੀਓ ਹੌਸਲਾ ਰਖੋ ਕਿ ਮੰਜ਼ਲ ਆਉਣ ਵਾਲੀ ਏ।
ਸਬਰ ਦੀ ਆਖਰੀ ਐਸੀ ਬਗਾਵਤ ਪਾਉਣ ਵਾਲੀ ਏ।
ਪਿਲਾਵਾਂਗੇ ਅਸੀਂ ਸਾਕੀ ਜੁਗਾਂ ਦੇ ਇਕ ਪਿਆਸੇ ਨੂੰ
ਸੁਰਾਹੀ ਨਿਵ ਕੇ ਚੁੰਮੇਗੀ ਮੇਰੇ ਮਿਟੀ ਦੇ ਕਾਸੇ ਨੂੰ।
ਖਮੋਸ਼ੀ ਦੇਖ ਛਾਲੇ ਦੀ ਤੇ ਹਾਸਾ ਦੇਖ ਲੀਰਾਂ ਦਾ
ਸਿੰਘਾਸਨ ਡੋਲ ਜਾਏਗਾ ਜ਼ਮਾਨੇ ਦੇ ਅਮੀਰਾਂ ਦਾ।
ਚੁਗਾਂ ਗੇ ਕਖ ਕੁਲੀਆਂ ਦੇ ਨਵੀਂ ਕਿਸ਼ਤੀ ਬਣਾਵਾਂਗੇ
ਫੇ ਫਿਰ ਉਸ ਕਿਸ਼ਤੀ ਨੂੰ ਤੂਫਾਂ ਦੇ ਸਿਰ ਤੇ ਨਚਾਵਾਂਗੇ।

Original with;
Punjab Vidhan Sabha
Digitized by;
Panjab Digital Library

ਜਲਾ ਕੇ ਰਾਖ ਜ਼ਮਾਨੇ ਦੇ ਹਨੇਰੇ ਦੀ
ਗ਼ਰੀਬੀ ਰਾਗ ਦੀਪਕ ਦਾ ਐਸਾ ਗਾਉਣ ਵਾਲੀ ਏ ।

(ਖੂਬ)

ਮੈਂ ਇਨ੍ਹਾਂ ਨੂੰ, ਚੇਅਰਮੈਨ ਸਾਹਿਬ, ਦਸਣਾ ਚਾਹੁੰਦਾਂ ਹਾਂ ਕਿ ਹਰੀਜਨਾਂ ਦੀ ਹਾਲਤ ਇਸ ਵੇਲੇ ਕਿੰਨੀ ਭੈੜੀ ਹੈ ਅਤੇ ਇਨ੍ਹਾਂ ਵਿਚ ਆਪਣੇ ਹੱਕਾਂ ਲਈ ਕਿੰਨੀ ਬੇਦਾਰੀ ਪੈਦਾ ਹੋ ਗਈ ਹੈ :

ਮੇਰੀ ਅਬ ਜ਼ਿੰਦਗੀ ਕੋ ਠੋਕਰੇਂ ਖਾਨਾ ਨਹੀਂ ਆਤਾ
ਮੈਂ ਮਜਬੂਰੇ ਤਮੰਨਾ ਹੂੰ ਕਿ ਮਰ ਜਾਨਾ ਨਹੀਂ ਆਤਾ ।
ਤੁਮ੍ਹਾਰੀ ਬਜ਼ਮ ਮੇਂ ਆ ਕਰ ਹਮੇਂ ਜਾਨਾ ਨਹੀਂ ਆਤਾ
ਹਵਾਸ਼ੋ ਹੋਸ਼ ਖੋ ਕਰ ਦਿਲ ਕੋ ਸਮਝਾਨਾ ਨਹੀਂ ਆਤਾ ।
ਪਰ ਯੇ ਦੁਨੀਆ ਅਪਨੀ ਦੁਨੀਆ ਹੈ ਹਮੀਂ ਤੋ ਇਸ ਕੇ ਮਾਲਿਕ ਹੈਂ ।
ਕੋਈ ਭੀ ਬਿਗਾਨੇ ਕੇ ਘਰ ਮੇਂ ਬਿਗਾਨਾ ਨਹੀਂ ਆਤਾ ।
ਤੇਰੇ ਮਸਤੋਂ ਕੋ ਸਾਕੀ ਸਹਰੇ ਮਾਹਸ਼ਰ ਕਿਆ ਉਠਾਏਗੀ
ਯੇ ਵੋਹ ਹੈਂ ਜਿਨ ਕੋ ਪੀ ਕਰ ਹੋਸ਼ ਮੇਂ ਆਨਾ ਨਹੀਂ ਆਤਾ ।

18 ਕਰੋੜ ਆਦਮੀਆਂ ਦੀ ਇਹ ਜਮਾਤ ਕਿਸ ਤਰ੍ਹਾਂ ਅਤੇ ਕਿੰਨੇ ਚਿਰ ਤਕ ਹੋਰ ਇਸ ਤਰਾਂ ਐਕਸਪਲਾਇਟਿਡ ਰਹਿ ਸਕਦੀ ਹੈ । ਇਹ ਹਾਲਤ ਕਿ ਜਿਸ ਦੇ ਬਾਰੇ ਵਿਚ ਇਹ ਕਿਹਾ ਗਿਆ ਹੈ

"I prefer to be cheated by others than to cheat others."

ਕਿੰਨੇਂ ਚਿਰ ਤਕ ਰਹਿ ਸਕਦੀ ਹੈ । ਹੁਣ ਵਕਤ ਆ ਗਿਆ ਹੈ ਕਿ ਹਰੀਜਨ ਗਰੀਬ ਦੀ ਆਵਾਜ਼ ਸੁਣਾਈ ਜਾ ਸਕੇ ਅਤੇ ਇਸ ਨੂੰ ਪੂਰਾ ਹੱਕ ਦਿਤਾ ਜਾ ਸਕੇ । ਜੇਕਰ ਅਸੀਂ ਸਾਰੇ ਹਿੰਮਤ ਕਰੀਏ ਤਾਂ ਬਿਗ ਲੈਂਡਲਾਰਡਜ਼ ਦਾ ਭੱਠਾ ਬਿਠਾਇਆ ਜਾ ਸਕਦਾ ਹੈ ਅਤੇ ਬਿਠਾ ਕੇ ਛਡਾਂਗੇ ਤਾਕਿ ਹਰੀਜਨਾਂ ਦਾ ਸਹੀ ਮਹਿਨਿਆਂ ਵਿਚ ਕਲਿਆਨ ਕੀਤਾ ਜਾ ਸਕੇ ਅਤੇ ਇਸ ਬਿਲ ਨਾਲ ਉਨ੍ਹਾਂ ਨੂੰ ਸਹੀ ਤੌਰ ਤੇ ਫਾਇਦਾ ਪਹੁੰਚ ਸਕੇ ।

ਆਵਾਜ਼ਾਂ : ਬਹੁਤ ਖੂਬ, ਬਹੁਤ ਖੂਬ ।

ਸਰਦਾਰ ਤਾਰਾ ਸਿੰਘ (ਰਾਜਮੰਤਰੀ ਚਕਬੰਦੀ ਅਤੇ ਭਲਾਈ) : ਸਪੀਕਰ ਸਾਹਿਬ, ਤੁਸੀਂ ਅਪੋਜ਼ੀਸ਼ਨ ਵਾਲਿਆਂ ਨੂੰ ਹੀ ਬੋਲਣ ਲਈ ਟਾਈਮ ਦੇ ਰਹੇ ਹੋ । ਕੁਝ ਟਾਈਮ, ਡੀਫੈਂਡ ਕਰਨ ਵਾਸਤੇ ਸਰਕਾਰੀ ਬੈਂਚਾਂ ਨੂੰ ਵੀ ਦਿੱਤਾ ਜਾਣਾ ਚਾਹੀਦਾ ਹੈ ।

चौधरी बलबीर सिंह (होशियारपुर) : इस बिल पर बोलते हुये चंद एक कांग्रेसी मैंबर साहिबान ने भी बातें की हैं । इन में से एक मैंबर तो वज़ीर साहिब भी रहे हैं । मजे की बात तो यह है कि पंजाब के राजभाग की बागडोर उनके हाथ में बीस साल तक रही । इतने अर्सा में वे हरिजनों का कुछ भी न कर सके । 20 साल तक उनके राज्य में सरकार लोगों को ज़मीन बांटती रही मगर हरिजनों को कुछ भी न दे सकी । उनकी सरकार इन गरीब लोगों के किसी भी काम न आ सकी । इनके राज्य में कल्याण-कारी टैक्स लगा । जब यह इकट्ठा हो गया, इतने काबिल और हरिजनों के हितकारी हैं यह लोग, कि यह वह रुपया हरिजनों में बांट तक भी न सके । फंड इकट्ठा होने के

Original with;
Punjab Vidhan Sabha
Digitized by;
Panjab Digital Library

[चौधरी बलबीर सिंह]

चार साल बाद तक इन की हकूमत रही पर यह उसे बाँट भी न सकी। आज यह भाई मौजूदा हकूमत को हरिजनों के नाम पर टसवे बहा कर दिखा रहें हैं।

वही बात हरिजनों को जमीनें देने के मुग्रामला में भी हमें नज़र आती है। मगर आप हरिजनों की उस वक्त तक भलाई नहीं कर सकते जब तक कि आप हरिजनों की तवज्जुह जमीनों की तरफ से हटा कर किसी और तरफ नहीं लगा देते । इस की वजह यह है कि जो भी अच्छी सरपलस ज़मीन थी वह तो किसी मालिक ने दी ही नहीं। जो रकड़ है इस को आबाद करने के लिये साधन चाहिएं जो इन गरीब लोगों के पास होते ही नहीं हैं। मेरी इस बात को ज़रा बुरा मानने की बजाये हरिजन भाई ठंडे दिल से विचार करें। वह लोग, मैं कहूंगा अपनी तवज्जुह जमीनों की बजाये इंडसट्री की तरफ लगाने की कोशिश करें। अगर वह जमीनों के पीछे ही पड़े रहे तो उनको बंजर जमीनें मिलेंगी और वह उनको काश्त में नहीं ला सकेंगे और जो 5-4 साल मेहनत भी करेगा वह सारी की सारी जाया ही जानी है। इस लिये मैं सरकार को यही कहूंगा कि आप हरिजनों को उस वक्त तक ऊपर नहीं उठा सकते जब तक उन का ध्यान इंडसट्री की तरफ नहीं तबदील करते। जमीनें हरिजनों को बांटने का तो एक सरमायेदारी जाल है। उनका भला तभी होगा अगर वह कारखानों में काम करना शुरू कर दें। आज भी जो जमीनों पर बैठे हैं उनको बड़ा नुकसान है, अगर वह इंडसट्री में लगाये जायेंगे तभी आप उनका भला करने में कामयाब होंगे। इसके बाद मैं डाक्टर साहिब को मुबारकबाद देता हूं। इन्होंने उनकी भलाई के लिये आज यह कदम उठाया है। यह बिल लाकर उन्होंने हरिजनों को नौकरशाही चगुल से बचाया है जो कि एक तरह का डिकटेटराना अनसर है। अब यह आप इसमें ज़्यादा दखल दे सकते हैं। यह सारे का सारा बिल नौकरशाही को इस काम में से खत्म करता है जिन्होंने इस मुल्क में अपना वकार हासिल करने के लिये सारे कौमी ढांचे को बिल्कुल ही खत्म कर दिया। यह ऐसे लोग हैं, अगर किसी ने दो हज़ार रूपया की तकावी लेनी है तो यह जब तक उसमें से 500/- रू० ले नहीं लेते यह तकावी लेने नहीं देंगे। अब आप खुद ही अंदाज़ा लगा लें अगर दो हजार तकावी लेने वाले को 1500/- रू० ही मिले तो उस की क्या हालत होगी। फिर उसको तावान भी देना पड़े तो उसे क्या मिला। यह कानून ऐसे नौकरशाही लोगों के पंजे से बच निकलने के लिये बनाया गया है। इसी तरह से हरिजनों की भलाई के नाम पर जो भी पैसा जमा कर के रखा जाता है अगर वह हरिजनों की भलाई पर खर्च ही नहीं किया जाता तो फिर इसका क्या फायदा है। मौजूदा सरकार को मैं तो यही कहूंगा कि वह बगैर किसी रुकावट के यह पैसा हरिजनों की भलाई पर खर्च करें।

ਸਰਦਾਰ ਬਚਨ ਸਿੰਘ ਪਖੋ (ਭਦੌੜ ਐਸ. ਸੀ.) : ਚੇਅਰਮੈਨ ਸਾਹਿਬ, ਮੈਂ ਇਸ ਬਿਲ ਦੀ ਹਮਾਇਤ ਵਿਚ ਖੜਾ ਹੋਇਆ ਹਾਂ। ਡਾਕਟਰ ਸਾਹਿਬ ਨੇ ਜੋ ਬਿਲ ਰਖਿਆ ਹੈ ਮੈਂ ਇਸ ਦੀ ਹਮਾਇਤ ਵਾਸਤੇ ਖੜ੍ਹਾ ਹੋਇਆ ਹਾਂ। ਮੈਂ ਇਸ ਨੂੰ ਹਰ ਪਹਿਲੂ ਤੋਂ ਵਿਚਾਰਿਆ ਹੈ। ਇਹ ਜਾਪਦਾ ਹੈ ਕਿ

Original with;
Punjab Vidhan Sabha
Digitized by;
Panjab Digital Library

ਇਸ ਦੇ ਵਿਚ ਕੁਝ ਐਸੀਆਂ ਗੱਲਾਂ ਹਨ, ਜਿਹੜੀਆਂ ਕਿ ਹਰੀਜਨਾਂ ਦੇ ਹਕ ਵਿਚ ਜਾਂਦੀਆਂ ਹਨ। ਮੈਂ ਇਸ ਬਿਲ ਦੇ ਲਿਆਉਣ ਲਈ ਡਾਕਟਰ ਸਾਹਿਬ ਨੂੰ ਵਧਾਈ ਦੇਂਦਾ ਹਾਂ। ਜਦੋਂ ਦੇ ਡਾਕਟਰ ਸਾਹਿਬ ਇਸ ਔਹਦੇ ਤੇ ਆਏ ਹਨ ਉਹ ਹਰੀਜਨਾਂ ਦੀ ਭਲਾਈ ਵਾਸਤੇ ਕੋਈ ਨਾ ਕੋਈ ਸਕੀਮ ਲਿਆਂਉਂਦੇ ਹੀ ਰਹਿੰਦੇ ਹਨ। ਇਨ੍ਹਾਂ ਨੇ ਕੁਤਿਆਂ ਦੇ ਪਾਲਣ ਦੇ ਬਿਲ ਇਥੇ ਲਿਆਂਦੇ ਹਨ, ਇਨ੍ਹਾਂ ਨੂੰ ਏਥੇ ਸ਼ੇਰਾਂ ਦੇ ਪਾਲਣ ਵਾਲੇ ਬਿਲ ਲਿਆਉਣੇ ਚਾਹੀਦੇ ਸਨ (ਹਾਸਾ) ਕੀ ਹਰੀਜਨਾਂ ਲਈ ਇਹ ਬਿਲੀਆਂ ਕੁਤਿਆਂ ਦੇ ਪਾਲਣ ਦੇ ਬਿਲ ਹੀ ਰਹਿ ਗਏ ਹਨ। ਇਹ ਤਾਂ ਉਹੀ ਗੱਲ ਹੋਈ ਕਿ ਜਿਵੇਂ ਬੋਲੀ ਪਾਉਂਦੇ ਹੁੰਦੇ ਹਨ ਕਿ "ਮੁੰਦਰਾਂ ਕਾਠ ਦੀਆਂ, ਜਗਤ ਵੇਖਣ ਨੂੰ ਪਾਈਆਂ।" ਇਸ ਸ਼੍ਰੇਣੀ ਦਾ ਮੈਂ ਸ਼ੀਰੀ ਹਾਂ, ਉਸ ਦਾ ਡਾਕਟਰ ਭਗਤ ਸਿੰਘ ਵੀ ਅਤੇ ਹੋਰ ਵੀ ਹਨ। ਇਥੇ ਕਈ ਹਨ ਜਿਹੜੇ ਆਪਣੇ ਆਪ ਨੂੰ ਹਰੀਜਨਾਂ ਦੇ ਠੇਕੇਦਾਰ ਸਮਝਦੇ ਹਨ। ਜੇ ਅਸੀਂ 22-23 ਮੈਂਬਰ ਇਕਠੇ ਹੋ ਜਾਈਏ ਤਾਂ ਸਾਨੂੰ ਕਿਸੇ ਚੀਜ਼ ਦੀ ਸਰਕਾਰ ਤੋਂ ਮੰਗਣ ਦੀ ਲੋੜ ਨਹੀਂ। ਅਸੀਂ ਆਪ ਹੀ ਸਾਰਾ ਕੁਝ ਕਰਨ ਵਾਲੇ ਹਾਂ। ਚੇਅਰਮੈਨ ਸਾਹਿਬ, ਇਥੇ ਸਰਕਾਰ ਚਾਹੇ ਕਾਂਗਰਸ ਦੀ ਰਹੇ, ਚਾਹੇ ਇਥੇ ਸਰਕਾਰ ਕਮਿਊਨਿਸਟਾਂ ਦੀ ਹੋਵੇ ਭਾਵੇਂ ਇਹ ਅਕਾਲੀਆਂ ਦੀ ਹੋਵੇ, ਪਰ ਮੈਂ ਇਕ ਗੱਲ ਜਾਣਦਾ ਹਾਂ ਕਿ ਇਨ੍ਹਾਂ ਨੇ ਹਰੀਜਨਾਂ ਨੂੰ ਦੇਣਾ ਕੁਝ ਨਹੀਂ। ਜਿਹੜੇ ਹਰੀਜਨ ਪਾਕਿਸਤਾਨ ਤੋਂ ਆਏ ਹਨ ਨਾ ਉਨ੍ਹਾਂ ਨੂੰ ਰਹਿਣ ਲਈ ਕੋਈ ਮਕਾਨ ਦਿੱਤਾ ਗਿਆ ਹੈ ਅਤੇ ਨਾ ਹੀ ਗੁਜ਼ਰ ਕਰਨ ਵਾਸਤੇ ਕੋਈ ਜ਼ਮੀਨ ਹੀ ਅਲਾਟ ਕੀਤੀ ਗਈ ਹੈ। 50% ਐਸੇ ਹਰੀਜਨ ਹਨ ਜਿਹੜੇ ਹੁਣ ਤੱਕ ਦਰ ਦਰ ਰੁਲਦੇ ਫਿਰਦੇ ਹਨ। ਮੁਜ਼ਾਰਿਆਂ ਦੀਆਂ ਬੇਦਖਲੀਆਂ ਹੁਣ ਤੱਕ ਕੀਤੀਆ ਜਾ ਰਹੀਆਂ ਹਨ। ਚਾਹੇ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ ਕਾਂਗਰਸੀ ਹੋਣ ਭਾਵੇਂ ਕੋਈ ਹੋਰ, ਹਰੀਜਨ ਦੇ ਦਿਲ ਦੇ ਵਿਚ ਕਿਸੇ ਦੇ ਲਈ ਕੋਈ ਦਰਦ ਨਹੀਂ। ਚੌਧਰੀ ਸੁੰਦਰ ਸਿੰਘ ਅੱਜ ਹਰੀਜਨਾਂ ਦੀਆਂ ਗੱਲਾਂ ਕਰਦੇ ਹਨ। ਇਹ 22 ਸਾਲ ਤੱਕ ਵਜ਼ੀਰ ਬਣ ਕੇ ਬੈਠੇ ਰਹੇ, ਉਦੋਂ ਇਨ੍ਹਾਂ ਨੂੰ ਕੋਈ ਅਕਲ ਨਹੀਂ ਆਈ। ਮੈਂ, ਚੇਅਰਮੈਨ ਸਾਹਿਬ, ਇਸ ਪਾਸੇ ਤੁਹਾਡੀ ਤਵਜੁਹ ਦਿਲਾਉਣੀ ਚਾਹੁੰਦਾ ਹਾਂ ਕਿ ਠੀਕ ਹੈ ਤੁਸੀਂ ਬਿਲ ਲੈ ਆਂਦਾ, ਪਰ ਜ਼ਮੀਨ ਤਾਂ ਉਹੀ ਹੈ ਜੋ ਪਹਿਲਾਂ ਸੀ। ਇਹ ਕੋਈ ਰਬੜ ਤਾਂ ਹੈ ਨਹੀਂ ਕਿ ਵਧ ਜਾਏਗੀ। ਮੈਂ ਕਹਿੰਦਾ ਹਾਂ ਕਿ ਜਿਹੜੀ ਜ਼ਮੀਨ ਦਿੱਤੀ ਜਾਵੇਗੀ ਉਸ ਤੇ ਕਬਜ਼ਾ ਕੌਣ ਦਿਵਾਵੇਗਾ। ਜਿਤਨੀ ਸਰਪਲਸ ਜ਼ਮੀਨ ਸੀ, 30 ਸਟੈਂਡਰਡ ਏਕੜ ਤੋਂ ਵਧ, ਉਹ ਸਾਰੀ ਦੀ ਸਾਰੀ ਲੋਕਾਂ ਨੇ ਫਾਰਮਾਂ ਦੀ ਸ਼ਕਲ ਵਿਚ ਆਪਣੇ ਕਬਜ਼ੇ ਦੇ ਵਿਚ ਰਖੀ ਹੋਈ ਹੈ। ਕਿਸੇ ਨੇ ਕਿਸੇ ਤਰੀਕੇ ਨਾਲ ਕਬਜ਼ਾ ਕੀਤਾ ਹੋਇਆ ਹੈ ਕਿਸੇ ਨੇ ਕਿਸੇ ਤਰੀਕੇ ਨਾਲ। ਜੇ ਕੋਈ ਹਰੀਜਨ ਕਬਜ਼ਾ ਕਰਨਾ ਚਾਹੁੰਦਾ ਤਾਂ ਉਸ ਨੂੰ ਲਲਾ ਲਲਾ ਕਰਕੇ ਕਢ ਦਿੱਤਾ ਜਾਂਦਾ ਹੈ। ਚੇਅਰਮੈਨ ਸਾਹਿਬ, ਬੇਟ ਵਿਚ 400 ਘਰ ਹਨ। ਗੌਰਮਿੰਟ ਨੇ ਉਨ੍ਹਾਂ ਨੂੰ ਕਿਹਾ ਕਿ ਪੰਜ ਕਿੱਲੇ ਜ਼ਮੀਨ ਹਰ ਇਕ ਘਰ ਕਢ ਸਕਦਾ ਹੈ ਅਤੇ ਅਬਾਦ ਕਰ ਸਕਦਾ ਹੈ। ਉਥੇ ਜ਼ਮੀਨ ਕਢੀ ਵੀ ਗਈ ਅਤੇ ਆਬਾਦ ਵੀ ਕੀਤੀ ਗਈ ਪਰ ਸਰਕਾਰ ਨੇ ਉਸ ਇਲਾਕੇ ਨੂੰ ਜੰਗਲ ਕਰਾਰ ਦੇ ਦਿੱਤਾ ਹੈ। ਹਾਲਾਂਕਿ ਬੇਟ ਦੇ ਇਲਾਕੇ ਵਿਚ ਜੰਗਲਾਤ ਨਹੀਂ ਹੋ ਸਕਦੇ। ਹਰੀਜਨਾਂ ਨੂੰ ਬਹੁਤ ਜ਼ਿਆਦਾ ਦੁਖ ਦਿਤਾ ਜਾਂਦਾ ਹੈ ਬਾਕੀ ਡਾਕਟਰ ਸਾਹਿਬ ਨੂੰ ਮੈਂ ਅਰਜ਼ ਕਰਾਂਗਾ ਕਿ ਤੁਸੀਂ ਬੜਾ ਚੰਗਾ ਕੰਮ ਕੀਤਾ ਹੈ, ਮੈਂ ਤੁਹਾਡੇ ਕਦਮ ਦੀ ਸ਼ਲਾਘਾ ਕਰਦਾ ਹਾਂ। ਪਰ ਮੈਂ ਇਕ ਹੋਰ ਗੱਲ ਇਨ੍ਹਾਂ ਦੇ ਧਿਆਨ ਦੇ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਵੈਲਫੇਅਰ ਦੇ ਕੁਝ ਮੁਲਾਜ਼ਮ ਹਟਾ ਦਿੱਤੇ ਗਏ ਹਨ। ਇਹ ਮੁਲਾਜ਼ਮ ਤਿੰਨ ਤਿੰਨ ਸਾਲ ਤੋਂ ਕੰਮ ਕਰ ਰਹੇ ਸੀ। ਕੁਲ 80 ਮੁਲਾਜ਼ਮ ਹਟਾਏ ਗਏ ਹਨ। ਇਹ ਉਨ੍ਹਾਂ ਦੇ ਨਾਲ ਧੱਕਾ ਕੀਤਾ ਗਿਆ ਹੈ। ਦੂਸਰੀ ਅਰਜ਼ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਡਾਕਟਰ ਸਾਹਿਬ ਨੇ 30 ਲੱਖ ਰੁਪਿਆ ਇਸ ਸਾਲ ਧਰਮਸ਼ਾਲਾਵਾਂ ਵਾਸਤੇ ਦਿਤਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਚਨ ਸਿੰਘ ਪੱਖੋ]
ਹੈ । 25 ਲੱਖ ਰੁਪਿਆ ਪਿਛਲੇ ਸਾਲ ਦਿੱਤਾ ਸੀ । ਪਰ ਤੁਸੀਂ ਬੇਇਨਸਾਫ਼ੀ ਇਹ ਕੀਤੀ ਕਿ ਕੇਵਲ ਇਕ ਕਮਿਊਨਿਟੀ, ਇਕ ਬਿਰਾਦਰੀ ਨੂੰ ਹੀ ਸਾਰੇ ਪੈਸੇ ਦਿਤੇ ਹਨ, ਦੂਸਰਿਆਂ ਨੂੰ ਨੇੜੇ ਨਹੀਂ ਲੱਗਣ ਦਿੱਤਾ । ਇਹ ਠੀਕ ਨਹੀਂ ਹੋਇਆ । ਹਰੀਜਨਾਂ ਵਿਚ ਵੀ ਹੁਣ ਦੋ ਧੜੇ ਹੋ ਗਏ ਹਨ । ਚੇਅਰਮੈਨ ਸਾਹਿਬ, ਹੁਣ ਹਰੀਜਨਾਂ ਵਿਚ ਵੀ ਲੜਾਈ ਹੋਣ ਵਾਲੀ ਹੈ ਅਤੇ ਇਹ ਇਸ ਨੂੰ ਰੋਕ ਨਹੀਂ ਸਕਣਗੇ । (ਘੰਟੀ) ਅਖੀਰ ਵਿਚ ਮੈਂ ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਐਕਟ ਨੂੰ ਛੇਤੀ ਹੀ ਲਾਗੂ ਕਰਨ ਤਾਂਕਿ ਗਰੀਬਾਂ ਦਾ ਕੁਝ ਭਲਾ ਹੋ ਸਕੇ । ਮੈਂ ਤੁਹਾਡਾ ਚੇਅਰਮੈਨ ਸਾਹਿਬ, ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ-ਦੱਖਣ) : ਚੇਅਰਮੈਨ ਸਾਹਿਬ, ਮੈਂ ਜ਼ਿਆਦਾ ਵਕਤ ਨਹੀਂ ਲੈਣਾ ਚਾਹੁੰਦਾ । ਚੇਅਰਮੈਨ ਸਾਹਿਬ ਮੈਂ ਸਭ ਤੋਂ ਪਹਿਲਾਂ ਕਰਜ਼ਿਆਂ ਦੀ ਗਲ ਕਰਦਾ ਹਾਂ । ਮੈਂ ਚਾਹੁੰਦਾ ਹਾਂ ਕਿ ਹਰੀਜਨਾਂ ਵਾਸਤੇ ਜੋ ਰੁਪਿਆ ਰੱਖਦੇ ਹਨ ਉਹ ਸਹੀ ਹੱਥਾਂ ਵਿਚ ਪਹੁੰਚੇ । ਅੱਜ ਤਾਂ ਹਰ ਪਾਸੇ ਕੁਰੱਪਸ਼ਨ ਹੀ ਕੁਰੱਪਸ਼ਨ ਹੈ । ਅੱਜ ਤਾਂ ਇਹ ਹਾਲਤ ਹੈ ਕਿ :

"ਨਾ ਆਪ ਇਨਕੋ ਸਮਝਤੇ ਹੈਂ, ਨਾ ਇਨ ਕੋ ਹਮ ਸਮਝਤੇ ਹੈਂ ।
ਜਿਹ ਵੋ ਬਾਤੇਂ ਹੈਂ, ਜਿਨਕੋ ਅਹਿਲੇ ਦਾਨਿਸ਼ ਕਮ ਸਮਝਤੇ ਹੈਂ ।"

ਇਹ ਗੱਲ ਇਸ ਸਮੇਂ ਦੇ ਹਾਲਤ ਦੇ ਮੁਤਾਬਕ ਠੀਕ ਢੁਕਦੀ ਹੈ । ਇਸ ਦੇ ਨਾਲ ਮੈਂ ਅਰਜ਼ ਕਰਾਂਗਾ ਕਿ ਇਸ ਕਾਰਪੋਰੇਸ਼ਨ ਦੇ ਬਣ ਜਾਣ ਦੇ ਨਾਲ ਹਰੀਜਨਾਂ ਦੀ ਭਲਾਈ ਦਾ ਸਫ਼ੀਅਰ ਹੋਰ ਵਧੇਰੇ ਹੋ ਜਾਵੇਗਾ । ਇਹ ਕੰਮ ਮਨਿਸਟਰ ਇੰਚਾਰਜ ਨੇ ਸਿਆਣੇ ਅਤੇ ਸੁਚੱਜੇ ਢੰਗ ਨਾਲ ਕੀਤਾ ਹੈ । ਮੈਂ ਇਸ ਦੀ ਸ਼ਲਾਘਾ ਕਰਦਾ ਹਾਂ । ਪਰ ਇਸ ਵਿਚ ਕੁਝ ਖਾਮੀਆਂ ਵੀ ਹਨ । ਮੈਂ ਇਸ ਵੇਲੇ ਸਿਰਫ਼ ਉਨ੍ਹਾਂ ਖਾਮੀਆਂ ਨੂੰ ਹੀ ਪੁਆਇੰਟ ਆਊਟ ਕਰਾਂਗਾ । ਇਥੇ ਹੋਰ ਕਈ ਮੈਂਬਰਾਂ ਨੇ ਵੀ ਤਕਰੀਰਾਂ ਕੀਤੀਆਂ ਹਨ ਪਰ ਉਨ੍ਹਾਂ ਵਿਚੋਂ ਕਈ ਤਾਂ ਲਾਂਭੇ ਚ ਭੇ ਹੀ ਫਿਰਦੇ ਰਹੇ ਹਨ । ਡਾਕਟਰ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ, ਉਹ ਸਿਆਣੇ ਹਨ ਉਨ੍ਹਾਂ ਦਾ ਦਿਲ ਸਹੀ ਮਹਿਨਿਆਂ ਵਿਚ ਇਕ ਮਿਸ਼ਨਰੀ ਦਾ ਦਿਲ ਹੈ । ਇਹ ਠੀਕ ਹੈ ਕਿ ਇਨਵਾਰਨਮੈਂਟ ਦੀ ਵਜ੍ਹਾ ਨਾਲ ਉਹ ਇਸ ਤੋਂ ਵਧੇਰੇ ਚੰਗਾ ਬਿਲ ਨਹੀਂ ਲਿਆ ਸਕੇ । ਹਾਲਾਂ ਕਿ ਇਸ ਤੋਂ ਚੰਗਾ ਬਿਲ ਵੀ ਬਣ ਸਕਦਾ ਸੀ । ਪਰ ਫਿਰ ਵੀ ਮੈਂ ਅਰਜ਼ ਕਰਾਂ ਕਿ ਜੇ ਇਸ ਬਿਲ ਵਿਚ 2,4 ਤਰਮੀਮਾਂ ਮੰਨ ਲਈਆਂ ਜਾਣ ਤਾਂ ਇਹ ਬਿਲ ਕਾਫ਼ੀ ਫਾਇਦੇਮੰਦ ਸਾਬਤ ਹੋ ਸਕਦਾ ਹੈ । ਕੁਝ ਗੱਲਾਂ ਤਾਂ ਮਨਿਸਟਰ ਸਾਹਿਬ ਮੰਨ ਵੀ ਚੁਕੇ ਹਨ ਕਿ ਉਹ ਅਮੈਂਡਮੈਂਟਾਂ ਮੰਨ ਲੈਣਗੇ । ਇਕ ਗੱਲ ਤਾਂ ਉਨ੍ਹਾਂ ਨੇ ਇਹ ਮੰਨੀ ਹੈ ਕਿ 90% ਦਾ 100% ਕਰ ਦਿਤਾ ਜਾਵੇਗਾ । ਦੂਜੀ ਬੇਨਤੀ ਇਹ ਹੈ ਕਿ ਇਸ ਕਾਰਪੋਰੇਸ਼ਨ ਨੂੰ ਉਹ ਬਿਊਰੋਕ੍ਰੇਸੀ ਨੂੰ ਹੀ ਨਾ ਦੇ ਦੇਣ ਕਿਉਂਕਿ ਇਸ ਨਾਲ ਗ਼ਰੀਬ ਹਰੀਜਨਾਂ ਦਾ ਭਲਾ ਨਹੀਂ ਹੋ ਸਕੇਗਾ । ਡਾਇਰੈਕਟਰਜ਼ ਵੀ ਉਹ ਬਣਾਏ ਜਾਣ ਜਿਹੜੇ ਕਿ ਹਰੀਜਨਾਂ ਦੀਆਂ ਪ੍ਰਾਬਲਮਜ਼ ਨੂੰ ਸਮਝਦੇ ਹੋਣ ।

ਇਕ ਗੱਲ ਮੈਂ ਜ਼ਮੀਨ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ । ਜਿਨ੍ਹਾਂ ਲੋਕਾਂ ਨੇ ਜ਼ਮੀਨ ਦਬਾ ਰੱਖੀ ਹੈ । ਉਹ ਚੋਰੀ ਕਰ ਰਹੇ ਹਨ । ਭਾਵੇਂ ਉਹ ਜ਼ਮੀਨ ਕਿਤੇ ਫਾਰਮਾਂ ਦੇ ਨਾਂ ਹੇਠ ਕਿਤੇ ਗਾਰਡਨਜ਼ ਦੇ ਨਾਂ ਥਲੇ, ਕਿਤੇ ਬਾਗਾਂ ਦੇ ਨਾਂ ਥਲੇ ਅਤੇ ਕਿਤੇ ਦਰਿਆਵਾਂ ਵਿਚ ਖਾਲੀ ਪਈ ਜ਼ਮੀਨ ਦੀ ਸ਼ਕਲ ਵਿਚ ਦਬਾ ਕੇ ਰੱਖੀ ਗਈ ਹੋਵੇ, ਉਹ ਕਾਨੂੰਨਨ ਚੋਰੀ ਹੈ । ਇਹ ਜਿਹੜੇ ਧਰਮ ਦੇ ਹਿਮਾਇਤੀ ਹਨ ,ਇਨ੍ਹਾਂ ਨੂੰ ਇਸ ਗੱਲ ਤੇ ਅਮਲ ਕਰਨਾ ਚਾਹੀਦਾ ਹੈ, ਜਿਵੇਂ ਕਿ :

Original with;
Punjab Vidhan Sabha
Digitized by;
Panjab Digital Library

"ਨੀਚਾਂ ਅੰਦਰ ਨੀਚੁ ਜਾਤ, ਨੀਚੀ ਹੂ ਅਤਿ ਨੀਚੁ,
ਨਾਨਕ ਤਿਨ ਕੇ ਸੰਗ ਸਾਥ, ਵਡਿਆਂ ਸਿਉਂ ਕਿਆ ਰੀਸ ।"

ਜਿਨ੍ਹਾਂ ਦਾ ਇਹ ਅਕੀਦਾ ਹੈ, ਉਨ੍ਹਾਂ ਨੂੰ ਇਸ ਤੇ ਅਮਲ ਕਰਨਾ ਚਾਹੀਦਾ ਹੈ । ਇਸ ਗੱਲ ਦਾ ਪ੍ਰੈਕਟੀਕਲ ਸਬੂਤ ਦੇਣਾ ਚਾਹੀਦਾ ਹੈ । ਇਥੇ ਤਾਂ ਇਹ ਕਹਾਣੀ ਹੈ ਕਿ :

"ਯੂੰ ਤੋ ਕਹਿਨੇ ਕੇ ਲੀਏ, ਚਾਰਾਗਰ ਬੇਸ਼ੁਮਾਰ ਮਿਲੇ,
ਮਗਰ ਜੋ ਮਿਜ਼ਾਜੇ ਗ਼ਮ ਕੋ ਸਮਝ ਸਕੇ,
ਉਸੀ ਚਾਰਾਗਰ ਕੀ ਤਲਾਸ਼ ਹੈ ।"

ਅਖੀਰ ਵਿਚ ਮੈਂ ਫਿਰ ਡਾਕਟਰ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹੋਇਆ ਇਹ ਕਹਾਂਗਾ ਕਿ ਜਿਹੜਾ ਰੁਪਿਆ ਤੁਸੀਂ ਲੈਣਾ ਹੈ ਇਹ ਈਅਰਮਾਰਕ ਕਰਵਾ ਲਵੋ । ਅਤੇ ਇਹ ਰੁਪਿਆ ਰਾਹ ਵਿਚ ਹੀ ਨਾ ਰਹੇ, ਹਰੀਜਨਾਂ ਦੇ ਘਰ ਤਕ ਪਹੁੰਚੇ, ਇਸ ਲਈ ਪੂਰਾ ਪਰਬੰਧ ਕਰ ਦਿਉ । ਮੈਂ ਚਾਹੁੰਦਾ ਹਾਂ ਕਿ ਇਹ ਰਸਤਾ ਸਦਾ ਚਲਦਾ ਰਹੇ । ਇਨ੍ਹਾਂ ਦਾ ਸਫ਼ਰ ਡਿਸਟਰਬ ਨਾ ਹੋਵੇ । ਡਾਕਟਰ ਸਾਹਿਬ ਇਸ ਰੁਪਏ ਦੇ ਅਤੇ ਹਰੀਜਨਾਂ ਦੇ ਕਸਟੋਡੀਅਨ ਹਨ ਮੈਨੂੰ ਉਮੀਦ ਹੈ ਕਿ ਇਹ ਇਨ੍ਹਾਂ ਗੱਲਾਂ ਵਲ ਖਿਆਲ ਕਰਨਗੇ ।

ਬਸ ਮੈਂ ਇਤਨਾ ਆਖ ਕੇ ਬੈਠਦਾ ਹਾਂ ਕਿ :

"ਤੇਰੇ ਜਨੂਨ ਕਾ ਖੁਦਾ, ਸਿਲਸਿਲਾ ਦਰਾਜ਼ ਕਰੇ ।"

ਡਾਕਟਰ ਸਾਧੂ ਰਾਮ (ਫਗਵਾੜਾ) : ਚੇਅਰਮੈਨ ਸਾਹਿਬ, ਇਹ ਜੋ ਬਿਲ ਹਾਊਸ ਵਿਚ ਪਸ਼ ਹੋਇਆ ਹੈ, ਇਹ ਪਿਛਲੇ 20 ਸਾਲਾਂ ਵਿਚ ਆਪਣੀ ਮਿਸਾਲ ਆਪ ਹੈ । ਮੈਂ ਸਮਝਦਾ ਹਾਂ ਕਿ ਡਾਕਟਰ ਸਾਹਿਬ ਹਰੀਜਨਾਂ ਦਾ ਭਲਾ ਦਿਲੋਂ ਕਰਨਾ ਚਾਹੁੰਦੇ ਹਨ । ਜੇ ਦੋ ਤਿੰਨ ਮਨਿਸਟਰ ਕੈਬਨਿਟ ਵਿਚ ਅਜਿਹੇ ਹੋਰ ਹੁੰਦੇ ਤਾਂ ਤੇ ਹਰੀਜਨਾਂ ਦਾ ਹੋਰ ਜ਼ਿਆਦਾ ਭਲਾ ਹੋ ਸਕਦਾ ਸੀ । ਇਹ ਕਾਰਪੋਰੇਸ਼ਨ 5 ਕਰੋੜ ਨਾਲ ਬਣੀ ਹੈ, ਹਰੀਜਨਾਂ ਦੀ ਭਲਾਈ ਵਾਸਤੇ । ਪਰ ਮੈਂ ਅਰਜ਼ ਕਰਦਾ ਹਾਂ ਕਿ ਇਕ ਹਰੀਜਨ ਨੂੰ ਜੇ 2,3 ਹਜ਼ਾਰ ਰੁਪਿਆ ਇੰਡਸਟਰੀ ਲਾਉਣ ਲਈ ਦਿਤਾ ਜਾਂਦਾ ਹੈ ਪਰ ਉਹ ਨਹੀਂ ਲਾ ਸਕਦਾ ਅਤੇ ਰੁਪਿਆ ਖੁਰਦ ਬੁਰਦ ਹੋ ਜਾਂਦਾ ਹੈ । ਇਸ ਰੁਪਏ ਦਾ ਕੋਈ ਲਾਭ ਨਹੀਂ ਹੁੰਦਾ । ਪਰ ਇਸ ਰੁਪਏ ਨੂੰ ਜੋ ਕਿ ਇਸ ਤਰ੍ਹਾਂ ਖੁਰਦ ਬੁਰਦ ਹੋ ਜਾਂਦਾ ਹੈ ਜੇ ਹਰੀਜਨਾਂ ਦੀਆਂ ਬਸਤੀਆਂ ਅਤੇ ਘਰਾਂ ਵਿਚ ਲਗਾਇਆ ਜਾਵੇ ਤਾਂ ਉਥੇ ਹੀ ਹਾਲਤ ਬਦਲ ਸਕਦੀ ਹੈ । ਜੇ ਰਹਿਣ ਦੀ ਥਾਂ ਚੰਗੀ ਹੋਵੇ ਤਾਂ ਇਥੇ ਹੀ ਸਵਰਗ ਬਣ ਜਾਂਦਾ ਹੈ ਅਤੇ ਜੇ ਰਹਿਣ ਦੀ ਥਾਂ ਨਿਕੰਮੀ ਹੋਵੇ ਤਾਂ ਇਹੀ ਨਰਕ ਹੈ । ਇਸ ਲਈ ਜੇ ਇਹ ਪੈਸਾ ਹਰੀਜਨਾਂ ਦੇ ਘਰ ਸੁਧਾਰਣ ਦੇ ਲਈ ਦੇ ਦਿਤਾ ਜਾਵੇ, ਸਰਕਾਰ ਆਪ ਉਨ੍ਹਾਂ ਦੀਆਂ ਬਸਤੀਆਂ ਨੂੰ ਚੰਗਾ ਬਣਾ ਦੇਵੇ, ਤਾਂ ਇਨ੍ਹਾਂ ਦੀ ਹਾਲਤ ਸੁਧਰ ਸਕਦੀ ਹੈ ।

ਫਿਰ ਇਕ ਹੋਰ ਮਸਲੇ ਵਲ ਵੇਖੋ ਕਿ ਪੰਜਾਬ ਵਿਚ ਕਿਤਨੇ ਅਫਸਰ ਹਰੀਜਨ ਹਨ । ਪੰਜਾਬ ਵਿਚ ਸਿਰਫ਼ ਇਕ ਹੀ ਹਰੀਜਨ ਡੀ. ਸੀ. ਹੈ ਜਦੋਂ ਕਿ ਇਥੇ 11 ਜ਼ਿਲੇ ਹਨ । ਉਹ ਜਿਹੜਾ ਹਰੀਜਨ ਵੀ ਹੈ ਉਸ ਨੇ ਕਪੂਰਥਲੇ ਵਿਚ ਜੋ ਕੁਝ ਕੀਤਾ ਹੈ, ਮੈਂ ਇਥੇ ਦਸ ਨਹੀਂ ਸਕਦਾ ਕਿਉਂਕਿ ਉਹ ਵੀ ਹਰੀਜਨ ਹੈ ਅਤੇ ਮੈਂ ਵੀ ਹਰੀਜਨ ਹਾਂ ਇਸ ਲਈ ਮੈਨੂੰ ਲੁਕਾਉਣਾ ਪੈ ਰਿਹਾ ਹੈ । ਫਿਰ ਸਿਰਫ਼ ਇਕ ਹੀ ਅਜਿਹਾ ਐਸ. ਪੀ. ਹੈ । ਇਥੇ 2 ਕਮਿਸ਼ਨਰਜ਼ ਹਨ ਪਰ ਉਨ੍ਹਾਂ ਦੇ ਵਿੱਚ ਕੋਈ ਵੀ ਹਰੀਜਨ ਨਹੀਂ ਹੈ । 2 ਡੀ. ਆਈ. ਜੀ. ਹਨ ਪਰ ਉਨ੍ਹਾਂ ਵਿਚ ਕੋਈ ਵੀ ਹਰੀਜਨ ਨਹੀਂ ਹੈ । ਮੈਂ ਮਨਿਸਟਰ

Original with;
Punjab Vidhan Sabha
Digitized by;
Panjab Digital Library

[ਡਾਕਟਰ ਸਾਧੂ ਰਾਮ]

ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਪਾਸੇ ਵੀ ਨਜ਼ਰ ਮਾਰਣ ਤਾਂ ਹੀ ਹਰੀਜਨਾਂ ਦੀ ਭਲਾਈ ਹੋ ਸਕਦੀ ਹੈ। ਮੈਂ ਮੰਨਦਾ ਹਾਂ ਕਿ ਡਾਕਟਰ ਸਾਹਿਬ ਬੜੇ ਸਿਆਣੇ ਹਨ ਤੇ ਮੈਂ ਇਨ੍ਹਾਂ ਨੂੰ ਬੜਾ ਸਲਾਹੁੰਦਾ ਹਾਂ। ਇਨ੍ਹਾਂ ਦੇ ਦਿਲ ਵਿਚ ਹਰੀਜਨਾਂ ਨੂੰ ਉਪਰ ਚੁਕਣ ਲਈ ਬੜਾ ਜੋਸ਼ ਹੈ। ਪਰ ਫਿਰ ਵੀ ਜੇ ਇਹ ਮੇਰੀਆਂ ਗੱਲਾਂ ਵਲ ਧਿਆਨ ਦੇਣ ਤਾਂ ਕੁਝ ਮਹਿਨਿਆਂ ਵਿਚ ਹਰੀਜਨਾਂ ਦਾ ਭਲਾ ਹੋ ਸਕਦਾ ਹੈ।

ਫਿਰ ਜ਼ਮੀਨ ਦਾ ਮਸਲਾ ਹੈ। ਇਸ ਬਾਰੇ ਇਕ ਰੂਲ ਕਢਿਆ ਗਿਆ ਸੀ ਸਰਦਾਰ ਗੁਰਨਾਮ ਸਿੰਘ ਦੇ ਵੇਲੇ। ਸ਼ੁਕਰ ਹੈ ਕਿ ਪੰਜਾਬ ਦੇ ਗਲੋਂ ਉਹ ਕਲੇਸ਼ ਲਥਾ ਨਹੀਂ ਤਾਂ ਸਾਰੇ ਹੀ ਹਰੀਜਨ ਪੰਜਾਬ ਛੱਡ ਕੇ ਭੱਜ ਜਾਂਦੇ। ਜੇ ਇਸ ਗੱਲ ਦੀ ਮਿਸਾਲ ਦੇਖਣੀ ਹੈ ਤਾਂ ਜਗਰਾਵਾਂ ਵਿਚ ਇਸ ਦੀ ਮਿਸਾਲ ਮਿਲ ਸਕਦੀ ਹੈ। (ਵਿਘਨ)

ਸਿਰਦਾਰ ਕਪੂਰ ਸਿੰਘ : ਜਰਾ ਖੁਲ੍ਹ ਕੇ ਗੱਲ ਕਰੋ।

ਡਾਕਟਰ ਸਾਧੂ ਰਾਮ : ਮੈਂ ਤੁਹਾਡੇ ਵਲ ਆ ਜਾਵਾਂ (ਵਿਘਨ) ਕਲ ਇਧਰ, ਪਰਸੋਂ ਉਧਰ, ਤੁਹਾਡਾ ਤਾਂ ਇਹੀ ਕੰਮ ਹੈ। (ਥੰਪਿੰਗ) (ਵਿਘਨ) ਤਾਂ ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਕ ਰੂਲ ਬਣਾਇਆ ਗਿਆ ਸੀ ਕਿ 1965 ਵਿਚ ਜਿਹੜੀ ਜ਼ਮੀਨ ਰਿਜ਼ਰਵ ਕਲਾਸ ਨੂੰ ਦੇਣ ਦਾ ਫੈਸਲਾ ਹੋਇਆ ਸੀ ਉਸ ਬਾਰੇ ਜੋ ਦਰਖਾਸਤਾਂ 16.10.67 ਤੋਂ ਬਾਦ ਆਈਆਂ ਹਨ ਉਹ ਇਲਲੀਗਲ ਕਰਾਰ ਦਿਤੀਆਂ ਗਈਆਂ ਹਨ। ਇਸ ਦਾ ਅਸਰ 5-6 ਹਜ਼ਾਰ ਹਰੀਜਨ ਫੈਮਲੀਜ਼ ਤੇ ਹੋਇਆ ਹੈ। ਮੈਂ ਸਮਝਦਾ ਹਾਂ ਕਿ ਜੇ ਇਹ ਦਰਖ਼ਾਸਤਾਂ ਜੋ ਕਿ ਇਸ ਤਰੀਕ ਤੋਂ ਪਿਛੋਂ ਵੀ ਆਈਆਂ ਹਨ ਠੀਕ ਮੰਨ ਲਈਆਂ ਜਾਣ ਤਾਂ 5-6 ਹਜ਼ਾਰ ਹਰੀਜਨ ਫੈਮਲੀਜ਼ ਦਾ ਮਸਲਾ ਹੱਲ ਹੋ ਸਕਦਾ ਹੈ। ਅਤੇ ਜਿਹੜਾ ਮਕਸਦ ਹੈ ਹਰੀਜਨਾਂ ਦੀ ਭਲਾਈ ਕਰਨ ਦਾ ਇਹ ਵੀ ਪੂਰਾ ਹੋ ਸਕਦਾ ਹੈ। ਅਤੇ ਜੇ ਹਰੀਜਨਾਂ ਕੋਲ ਆਪਣੀ ਜ਼ਮੀਨ ਹੋਵੇਗੀ ਤਾਂ ਉਹ ਇਨ੍ਹਾਂ ਬਘਿਆੜਾਂ ਤੋਂ ਬਚ ਜਾਣਗੇ ਜੋ ਇਸ ਗੱਲ ਦੀ ਮੁਖ਼ਾਲਫਤ ਕਰਦੇ ਹਨ ਕਿ ਹਰੀਜਨਾਂ ਨੂੰ ਉਪਰ ਚੁਕਿਆ ਜਾਵੇ। (ਵਿਘਨ) ਮੈਂ ਸਾਰਿਆਂ ਨੂੰ ਨਹੀਂ ਕਹਿੰਦਾ ਪਰ ਇਕ ਦੋ ਆਵਾਜ਼ਾਂ ਇਥੋਂ ਆਈਆਂ ਸਨ। ਮੈਂ ਸਮਝਦਾ ਹਾਂ ਕਿ ਇਸ ਬਿਲ ਨੂੰ ਹੋਰ ਚੰਗਾ ਬਣਾਇਆ ਜਾ ਸਕਦਾ ਹੈ ਜੇ ਮੇਰੀਆਂ ਦਸੀਆਂ ਹੋਈਆਂ ਗੱਲਾਂ ਨੂੰ ਇਸ ਵਿਚ ਸ਼ਾਮਿਲ ਕਰ ਲਿਆ ਜਾਵੇ।

ਫਿਰ ਮੈਂ ਅਰਜ਼ ਕਰਦਾ ਹਾਂ ਕਿ ਜਿਹੜਾ ਇਹ ਕਰਜ਼ਾ ਦੇਣ ਦੀ ਗੱਲ ਹੈ ਇਹ ਹਰੀਜਨਾਂ ਨੂੰ ਇਕਠਾ ਕਰ ਕੇ ਦਿਤਾ ਜਾਵੇ ਭਾਵੇਂ 10-12 ਪਿੰਡਾਂ ਦੇ ਹਰੀਜਨਾਂ ਨੂੰ ਇਕਠਾ ਕਰ ਕੇ ਇਕ ਥਾਂ ਤੇ ਕਰਜ਼ਾ ਦੇ ਦਿਉ ਤਾਂ ਕਿ ਉਹ ਕੋਈ ਟਰਕ ਜਾਂ ਹੋਰ ਟਰਾਂਸਪੋਰਟ ਆਦਿ ਦਾ ਬਿਜ਼ਨਸ ਕਰ ਸਕਣ। ਇਸ ਤਰ੍ਹਾਂ ਇਸ ਰੁਪਏ ਨਾਲ 10-12 ਪਿੰਡਾਂ ਦੇ ਹਰੀਜਨ ਕੁਨਬੇ ਪਲ ਸਕਦੇ ਹਨ।

ਇਸ ਤੋਂ ਬਾਦ ਇੰਡਸਟਰੀਜ਼ ਵਲ ਚਲਾ ਜਾਂਦਾ ਹਾਂ ਮਿਸਾਲ ਦੇ ਤੌਰ ਤੇ ਭੋਗਪੁਰ ਨਵੀਂ ਇੰਡਸਟਰੀ ਲੱਗੀ ਹੈ। ਇਕ ਕਰੋੜ ਰੁਪਿਆ ਹਰੀਜਨਾਂ ਨੂੰ ਦੇ ਦਿੰਦੇ ਤਾਂ ਹਜ਼ਾਰਾਂ ਹਰੀਜਨ ਇਸ ਵਿਚ ਫਿਟ ਹੋ ਜਾਂਦੇ। ਮੈਂ ਇਸ ਬਿਲ ਦੀ ਤਨੋਂ ਮਨੋਂ ਹਮਾਇਤ ਕਰਦਾ ਹਾਂ ਅਤੇ ਅੰਤ ਵਿਚ ਇਹ ਜ਼ਰੂਰ ਕਹਾਂਗਾ ਕਿ ਜਿਹੜੇ ਲਫਜ਼ ਮੈਂ ਕਹੇ ਹਨ ਉਨ੍ਹਾਂ ਤੇ ਅਮਲ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ। ਜਿਹੜੇ

Original with;
Punjab Vidhan Sabha
Digitized by;
Panjab Digital Library

ਅਫਸਰ ਪਰੋਮੋਸ਼ਨ ਖੁਣੋ ਇਗਨੋਰ ਹੋਈ ਬੈਠੇ ਹਨ ਅਤੇ ਡਰਦੇ ਮਾਰੇ ਆਪਣੇ ਆਪ ਨੂੰ ਹਰੀਜਨ ਸ਼ੋ ਨਹੀਂ ਕਰਦੇ, ਉਨ੍ਹਾਂ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ । (ਵਿਘਨ) ਇਸ ਬਿਲ ਦੀ ਮੈਂ ਹਮਾਇਤ ਕਰਦਾ ਹੋਇਆ ਬੈਠਦਾ ਹਾਂ ।

ਸਮਾਜਿਕ ਭਲਾਈ ਮੰਤਰੀ (ਡਾਕਟਰ ਭਗਤ ਸਿੰਘ) : ਏਹ ਬਿਲ ਜਿਹੜਾ ਕਿ ਸ਼ੈਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਅਤੇ ਫਿਨਾਨਸ਼ਲ ਕਾਰਪੋਰੇਸ਼ਨ ਬਿਲ ਹੈ ਜਿਸ ਤੇ ਕਿ ਇਸ ਵੇਲੇ ਹਾਊਸ ਵਿਚ ਡਿਸਕਸ਼ਨ ਹੋ ਰਹੀ ਹੈ, ਮੈਂ ਸਮਝਦਾ ਹਾਂ ਕਿ ਮੈਨੂੰ ਇਸ ਉਤੇ ਖੁਸ਼ੀ ਹੈ ਕਿ ਸਾਰੀਆਂ ਪਾਰਟੀਆਂ ਦੇ ਪ੍ਰਤੀਨਿਧੀਆਂ ਨੇ ਇਸ ਵਿਚ ਹਿੱਸਾ ਪਾਇਆ ਹੈ ਔਰ ਇਹ ਯਤਨ ਕੀਤਾ ਕਿ ਇਸ ਨੂੰ ਕੰਸਟ੍ਰਕਟਿਵ ਤਰੀਕੇ ਨਾਲ ਕਿਰਿਟੀਸਾਈਜ਼ ਕੀਤਾ ਜਾਵੇ । ਕੁਝ ਸੱਜਨ ਅਜਿਹੇ ਵੀ ਸਨ ਜਿਨ੍ਹਾਂ ਨੇ ਬਿਲ ਤੇ ਕਾਰਪੋਰੇਸ਼ਨ ਨੂੰ ਮੱਦੇ ਨਜ਼ਰ ਨਹੀਂ ਰਖਿਆ । ਹੋਰ ਗੱਲਾਂ ਵਿਚ ਪੈ ਕੇ ਮੈਂ ਨਹੀਂ ਚਾਹੁੰਦਾ ਕਿ ਹਾਊਸ ਦਾ ਸਮਾਂ ਇਨ੍ਹਾਂ ਗੱਲਾਂ ਵਿਚ ਲਗਾ ਦਿਤਾ ਜਾਵੇ । ਜਿਸ ਤਰ੍ਹਾਂ ਕਿ ਸਰਦਾਰ ਉਮਰਾਓ ਸਿੰਘ ਨੇ ਇਸ ਬਿਲ ਤੇ ਟੀਕਾ ਟਿਪਣੀ ਕਰਦਿਆਂ ਕੁਝ ਆਪਣੇ ਸੁਝਾਉ ਦਿਤੇ ਹਨ । ਟੀਕਾ ਟਿਪਨੀ ਵਿਚ ਮੈਂ ਮਹਿਸੂਸ ਕਰਦਾ ਹਾਂ ਕਿ ਦੋ ਤਿੰਨ ਗੱਲਾਂ ਸ਼ਾਇਦ ਉਨ੍ਹਾਂ ਕੋਲੋਂ ਤੇਜ਼ੀ ਵਿਚ ਨਿਕਲ ਗਈਆਂ ਹਨ । ਇਸ ਬਿਲ ਨੂੰ ਕਿਸ ਤਰਾਂ ਪੁਟ ਕੀਤਾ ਗਿਆ ਹੈ, ਸ਼ਾਇਦ ਇਨ੍ਹਾਂ ਗੱਲਾਂ ਦਾ ਉਨ੍ਹਾਂ ਨੇ ਖਿਆਲ ਨਹੀਂ ਰਖਿਆ ।

ਉਨ੍ਹਾਂ ਨੇ ਕਿਹਾ ਕਿ ਇਹ ਬਿਲ ਕੈਬਨੇਟ ਤੋਂ ਪਾਸ ਨਹੀਂ ਹੋਇਆ ਅਤੇ ਡਾਕਟਰ ਸਾਹਿਬ ਨੇ ਸ਼ਾਇਦ ਕੈਬਨੇਟ ਨੂੰ ਨਹੀਂ ਦਸਿਆ, ਹੋਰ ਵਜ਼ੀਰਾਂ ਦੀ ਸਲਾਹ ਨਹੀਂ ਲਈ ਅਤੇ ਐਵੇਂ ਬਿਲ ਪੇਸ਼ ਕਰ ਦਿਤਾ ਹੈ । ਇਹ ਬੜੇ ਸਿਆਣੇ ਬੰਦੇ ਹਨ । ਆਪਣੀ ਪਾਰਟੀ ਦੇ ਚੀਫ ਵਿਪ੍ਹ ਹਨ । ਲੀਗਲ ਲਮਿਨਰੀ ਵੀ ਹਨ । ਉਨ੍ਹਾਂ ਨੂੰ ਇਸ ਗਲ ਦਾ ਖਿਆਲ ਨਹੀਂ ਰਿਹਾ ਕਿ ਹਾਊਸ ਵਿਚ ਕੋਈ ਸਰਕਾਰੀ ਬਿਲ ਪੇਸ਼ ਕਰਨ ਤੋਂ ਪਹਿਲਾਂ ਕੈਬਨੇਟ ਦੀ ਅਪਰੂਵਲ ਲਈ ਦੀ ਹੈ । ਇਹ ਇਕ ਮਨੀ ਬਿਲ ਹੈ ਸਗੋਂ ਇਸ ਵਿਚ ਗਵਰਨਰ ਦੀ ਅਸੈਂਟ ਲਈ ਜਾਂਦੀ ਹੈ, ਜੋ ਹਾਊਸ ਵਿਚ ਪੇਸ਼ ਹੋਵੇ । ਇਨ੍ਹਾਂ ਨੇ ਜਿਹੜਾ ਸੁਝਾਉ ਦਿਤਾ ਹੈ ਕਿ ਸਿਲੈਕਟ ਕਮੇਟੀ ਕੋਲ ਪੇਸ਼ ਕਰਨਾ ਚਾਹੀਦਾ ਹੈ, ਇਸ ਨੂੰ ਆਊਟਰਾਈਟਲੀ ਰਿਜੈਕਟ ਕਰਦਾ ਹਾਂ । ਬੜੀ ਦੇਰ ਤੋਂ ਬਾਦ ਇਨ੍ਹਾਂ ਗਰੀਬ ਆਦਮੀਆਂ ਦੀ ਬੇਹਤਰੀ ਵਾਸਤੇ ਇਕ ਲੈਜਿਸਲੇਸ਼ਨ ਆਈ ਹੈ ਇਸ ਵਿਚ ਹੋਰ ਦੇਰ ਨਹੀ ਹੋਣੀ ਚਾਹੀਦੀ ਔਰ ਛੇਤੀ ਪਾਸ ਹੋ ਜਾਣਾ ਚਾਹੀਦਾ ਹੈ । ਇਨ੍ਹਾਂ ਨੇ ਕੁਝ ਅਮੈਂਡਮੈਂਟਸ ਪੇਸ਼ ਕੀਤੀਆਂ ਹਨ । ਹਕੀਕਤ ਵਿਚ ਕੁਝ ਅਮੈਂਡਮੈਂਟਸ ਟਰੈਜ਼ਰੀ ਬੈਂਚਿਜ਼ ਵਲੋਂ ਵੀ ਹਨ, ਕੁਝ ਆਪੋਜ਼ੀਸ਼ਨ ਬੈਂਚਿਜ਼ ਵਲੋਂ ਹਨ ਅਤੇ ਕੁਝ ਨਿਊਟਰਲ ਮੈਂਬਰਾਂ ਵਲੋਂ ਵੀ ਹਨ । ਇਹ ਅਮੈਂਡਮੈਂਟਸ ਬੇਸ਼ਕ ਗਿਣਤੀ ਵਿਚ ਜ਼ਿਆਦਾ ਹਨ ਮਗਰ ਸਬਜੈਕਟ ਮੈਟਰ ਇਕੋ ਜਿਹਾ ਹੈ । ਜਦੋਂ ਕਲਾਜ਼ ਬਾਈ ਕਲਾਜ਼ ਇਸ ਬਿਲ ਦੀ ਰੀਡਿੰਗ ਹੋਵੇਗੀ ਜੋ ਅਮੈਂਡਮੈਂਟ ਇਸ ਬਿਲ ਨੂੰ ਯੋਗ ਚੰਗਾ ਬਨਾਉਣ ਦਾ ਮਕਸਦ ਪੂਰਾ ਕਰਨਗੀਆ ਉਨ੍ਹਾਂ ਤੋਂ ਬਗੈਰ ਕਿਸੇ ਬਾਇਸ ਦੇ ਉਨ੍ਹਾਂ ਤੇ ਵਿਚਾਰ ਕੀਤਾ ਜਾਵੇਗਾ । ਇਨ੍ਹਾਂ ਲੋਕਾਂ ਨੂੰ ਬੈਨੇਫਿਟ ਪਹੁੰਚਾਉਣ ਲਈ ਮੈਂ ਖੁਲ੍ਹੇ ਦਿਲ ਨਾਲ ਯਕੀਨ ਦਿਵਾਉਂਦਾ ਹਾਂ ਕਿ ਕਿਸੇ ਬਾਇਸ ਨੂੰ ਮਦੇ ਨਜ਼ਰ ਨਹੀਂ ਰਖਿਆ ਜਾਇਗਾ ਔਰ ਇਨ੍ਹਾਂ ਲੋਕਾਂ ਦੀ ਪੂਰੀ ਮਦਦ ਕਰਨ ਵਾਲਾ ਕੰਮ ਕਰਨ ਦਾ ਯਤਨ ਕੀਤਾ ਜਾਵੇਗਾ (ਥੰਪਿੰਗ)

ਇਕ ਗਲ ਹੋਰ ਆਈ ਸੀ ਡਾਇਰੈਕਟਰਜ਼ ਦੇ ਮੁਤਲਕ ਕਿ ਸਾਰੇ ਡਾਇਰੈਕਟਰਾਂ ਵਿਚੋਂ ਦੋ ਮੈਂਬਰ ਇਸ ਅਸੈਂਬਲੀ ਦੇ ਹੋਣੇ ਚਾਹੀਦੇ ਹਨ । ਮੈਂ ਦਸ ਦਿਆਂ ਕਿ ਇਸ ਬਿਲ ਰਾਹੀਂ ਬਣਾਈ ਜਾਣ ਵਾਲੀ

Original with;
Punjab Vidhan Sabha
Digitized by;
Panjab Digital Library

[ਸਮਾਜਕ ਭਲਾਈ ਮੰਤਰੀ]

ਕਾਰਪੋਰੇਸ਼ਨ ਦੇ ਡਾਇਰੈਕਟਰਜ਼ ਦੀ ਜੋ ਪੋਸਟ ਹੈ ਇਹ ਆਫਿਸ ਆਫ ਪਰਾਫਿਟ ਹੈ। ਆਫਿਸ ਆਫ ਪਰਾਫਿਟ ਵਿਚ ਅਗਰ ਕਿਸੇ ਆਨਰੇਬਲ ਮੈਂਬਰ ਨੂੰ ਲਿਆ ਜਾਵੇ ਤਾਂ ਇਹ ਪੁਆਇੰਟ ਉਨ੍ਹਾਂ ਲਈ ਡਿਸਕੁਆਲੀਫਿਕੇਸ਼ਨ ਦਾ ਬਣ ਜਾਂਦਾ ਹੈ। ਮੈਨੂੰ ਕੋਈ ਇਤਰਾਜ਼ ਨਹੀਂ ਜੇ ਹਾਊਸ ਇਹ ਪਾਸ ਕਰ ਦੇਵੇਂ ਕਿ ਇਹ ਪੋਸਟ ਐਮ. ਐਲ. ਏ. ਨੂੰ ਦੇਣ ਨਾਲ ਉਹ ਡਿਸਕੁਆਲੀਫਾਈ ਨਹੀਂ ਹੁੰਦਾ। ਇਸ ਚੀਜ਼ ਨੂੰ ਹਾਊਸ ਯੂਨੈਨੇਮਸਲੀ ਪਾਸ ਕਰ ਦੇਵੇ, ਮੈਨੂੰ ਕੋਈ ਇਤਰਾਜ਼ ਨਹੀਂ। (ਵਿਘਨ)

ਸਰਦਾਰ ਉਮਰਾਓ ਸਿੰਘ : ਉਸ ਨੂੰ ਡੇਲੀ ਅਲਾਊਂਸ ਦਿਤਾ ਜਾ ਸਕਦਾ ਹੈ, ਕੋਈ ਜ਼ਰੂਰੀ ਤਾਂ ਨਹੀਂ ਕਿ ਉਸ ਨੂੰ ਰੈਮੂਨਿਰੇਸ਼ਨ ਹੀ ਦੇਣਾ ਹੈ।

ਸਮਾਜਕ ਭਲਾਈ ਮੰਤਰੀ (ਡਾਕਟਰ ਭਗਤ ਸਿੰਘ) : I am coming to that clausewise. ਕਾਮਰੇਡ ਡਾਂਗ ਸਾਹਿਬ ਨੇ ਹੁਣੇ ਹੀ ਜ਼ਮੀਨ ਦਾ ਜ਼ਿਕਰ ਕੀਤਾ ਹੈ। ਜਿਹੜਾ ਰਿਸਟ੍ਰਿਕਟਿਡ ਆਕਸ਼ਨ ਦੀ ਮਾਰਫਤ ਪਛੜੀਆਂ ਸ਼ਰੇਣੀਆਂ ਨੂੰ ਜ਼ਮੀਨ ਦੇਣ ਦਾ ਫੈਸਲਾ ਕੀਤਾ ਹੈ, ਉਸ ਉਤੇ ਵੀ ਟੀਕਾ ਟਿਪਨੀ ਕੀਤੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਡਾਂਗ ਸਾਹਿਬ ਅਮੂਮਨ ਗਰੀਬ ਆਦਮੀਆਂ ਦੇ ਕੇਸਿਜ਼ ਨੂੰ ਲੈਂਦੇ ਹਨ ਖਾਸ ਕਰਕੇ ਜਿਹੜੇ ਪਛੜੀਆਂ ਸ਼੍ਰੇਣੀਆਂ ਦੇ ਲੋਕ ਹਨ ਉਨ੍ਹਾਂ ਦੀ ਵਕਾਲਤ ਕਰਦੇ ਹਨ। ਇਸ ਕੰਮ ਵਿੱਚ ਪਤਾ ਨਹੀਂ ਕਿਸ ਤਰ੍ਹਾਂ ਇਨ੍ਹਾਂ ਨੂੰ ਭੁਲੇਖਾ ਲਗ ਗਿਆ ਹੈ। ਸ਼ਾਇਦ ਜੋ ਗੌਰਮੈਂਟ ਨੇ ਰੂਲ ਬਣਾਏ ਹਨ ਉਹ ਇਨ੍ਹਾਂ ਦੀ ਨਜ਼ਰ ਵਿਚੋਂ ਨਹੀਂ ਲੰਘੇ। ਇਸ ਭੁਲੇਖੇ ਵਿਚ ਇਨ੍ਹਾਂ ਨੇ ਰਿਸਟ੍ਰਿਕਟਿਡ ਆਕਸ਼ਨ ਵਾਲੀ ਗਲ ਕੀਤੀ ਹੈ ਅਤੇ ਕਿਹਾ ਕਿ ਵਡੇ ਵਡੇ ਲੈਂਡ ਲਾਰਡ ਜ਼ਮੀਨਾਂ ਲੈ ਜਾਣਗੇ ਅਤੇ ਛੋਟਿਆਂ ਨੂੰ ਨਹੀਂ ਮਿਲਣਗੀਆਂ। ਮੈਂ ਅਰਜ਼ ਕਰਾਂ ਕਿ ਪੰਜ ਏਕੜ ਤੋਂ ਜ਼ਿਆਦਾ ਤਾਂ ਕੋਈ ਖਰੀਦ ਨਹੀਂ ਸਕਦਾ ਹੈ। ਐਥੇ ਹੀ ਬਸ ਨਹੀਂ। (ਵਿਘਨ)

ਕਾਮਰੇਡ ਸਤਪਾਲ ਡਾਂਗ : ਟੌਹੜਾ ਸਾਹਿਬ ਨੇ ਕਿਉਂ ਇਸ ਦੀ ਵਿਰੋਧਤਾਂ ਕੀਤੀ ਹੈ। (ਵਿਘਨ)

ਸਮਾਜਕ ਭਲਾਈ ਮੰਤਰੀ : ਜੇ ਕਿਸੇ ਵਲੋਂ ਵਿਰੋਧਤਾ ਕਰਨ ਉਤੇ ਹੀ ਤੁਸੀਂ ਵੀ ਵਿਰੋਧਤਾ ਕਰਨੀ ਹੈ, ਤਾਂ ਮੈਂ ਇਸ ਵਿਚ ਕੋਈ ਅਕਲਮੰਦੀ ਨਹੀਂ ਸਮਝਦਾ ਹਾਂ। (ਵਿਘਨ) ਇਨ੍ਹਾਂ ਨੇ ਇਹ ਗਲ ਕੀਤੀ ਕਿ ਰਿਸਟ੍ਰਿਕਟਿਡ ਆਕਸ਼ਨ ਵਿਚ ਬੇਨਾਮੀਆਂ ਹੋਣਗੀਆਂ। ਰੂਲਜ਼ ਵਿਚ ਪਰੋਵਾਈਡਿਡ ਹੈ ਕਿ ਜੇ ਕਿਸੇ ਵੀ ਸਟੇਜ ਤੇ ਇਹ ਸਾਬਤ ਹੋ ਗਿਆ ਕਿ ਜ਼ਮੀਨ ਕਿਸੇ ਨੂੰ ਮਾਰਟਗੇਜ ਕੀਤੀ ਹੈ, ਬੇਨਾਮੀ ਹੋਈ ਹੈ ਜਾਂ ਕਿਸੇ ਵਕਤ ਉਸ ਦੀ ਵੀਹ ਸਾਲਾਂ ਵਿਚ ਪੇਮੈਂਟ ਨਹੀਂ ਹੋਈ ਤਾਂ ਨਾਂ ਸਿਰਫ ਜ਼ਮੀਨ ਹੀ ਕਨਫਿਸਕੇਟ ਹੋ ਜਾਇਗੀ ਬਲਕਿ ਪੈਸੇ ਵੀ ਉਹਦੇ ਲੈ ਲਿਤੇ ਜਾਣਗੇ। (ਵਿਘਨ) ਅਗਰ ਬੇਨਾਮੀ ਸਾਬਤ ਹੋ ਜਾਵੇ ਤਾ ਅਸੀਂ ਐਕਸ਼ਨ ਲਵਾਂਗੇ। (ਵਿਘਨ)

ਸਰਦਾਰ ਉਮਰਾਓ ਸਿੰਘ : ਜਿਹੜੀ ਬੇਕਾਰ ਜ਼ਮੀਨ ਪਈ ਹੈ, ਕੀ ਉਹ ਕਾਰਪੋਰੇਸ਼ਨ ਨੂੰ ਦੇ ਦਿਉਗੇ ਤਾ ਕਿ ਉਹ ਵੰਡੀ ਜਾ ਸਕੇ ?

(ਇਸ ਵੇਲੇ ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ)

ਸਮਾਜਕ ਭਲਾਈ ਮੰਤਰੀ : ਇਹ ਸਿਆਣੇ ਮੈਂਬਰ ਹਨ, ਇਸ ਵਿਚ ਕੋਈ ਅਜਿਹੀ ਕਲਾਜ਼ ਨਹੀਂ ਜੋ ਕਿ ਇਸ ਚੀਜ਼ ਨੂੰ ਡੀਲ ਕਰਦੀ ਹੋਵੇ (ਵਿਘਨ)

ਇਥੇ ਇਹ ਵੀ ਕਿਹਾ ਗਿਆ ਕਿ ਜਿਹੜੇ ਲੈਂਡ ਉਤੇ ਕੰਮ ਕਰਦੇ ਹਨ ਉਨ੍ਹਾਂ ਨੂੰ ਪੈਸੇ ਨਹੀਂ ਦਿਤੇ ਜਾਂਦੇ। ਇਸ ਬਾਰੇ ਮੈਂ ਅਰਜ਼ ਕਰਾਂ ਕਿ ਕਲਾਜ਼ 16 ਕਲੀਅਰ ਹੈ। ਜ਼ਮੀਨ ਦੀ ਡਿਵੈਲਪਮੈਂਟ

Original with;
Punjab Vidhan Sabha
Digitized by;
Panjab Digital Library

ਕਰਨ ਵਾਸਤੇ ਪੈਸੇ ਦਿਤੇ ਜਾਣਗੇ (ਥੰਪਿੰਗ) ਕੋਈ ਇੰਡਸਟਰੀ ਇਸ ਉਤੇ ਲਗੇ, ਉਸ ਵਿਚ ਸਹਾਇਤਾ ਕੀਤੀ ਜਾਵੇਗੀ। ਪੈਟੀ ਰਿਕਸ਼ਾ ਡਰਾਈਵਰ ਦੋ ਢਾਈ ਰੁਪਏ ਰੋਜ਼ ਤੇ ਕੰਮ ਕਰਦਾ ਹੈ ਅਤੇ ਬਾਕੀ ਦੀ ਖੂਨ ਪਸੀਨੇ ਦੀ ਕਮਾਈ ਉਹਦੀ ਸਰਮਾਇਦਾਰ ਖਾਂਦਾ ਹੈ। ਇਸ ਕਾਰਪੋਰੇਸ਼ਨ ਵਿਚੋਂ ਅਸੀਂ ਉਸ ਨੂੰ ਰਿਕਸ਼ਾ ਵੀ ਲੈਕੇ ਦੇਵਾਂਗੇ। ਬਜਾਏ ਢਾਈ ਰੁਪਏ ਦੇ ਅਸੀਂ ਉਸ ਕੋਲੋਂ ਅਠ ਆਨੇ ਲੈ ਲਵਾਂਗੇ। ਇਕ ਰਿਕਸ਼ਾ ਡਰਾਈਵਰ ਤੋਂ ਲੈਕੇ ਸਮਾਲ ਸਕੇਲ ਇੰਡਸਟਰੀਲਿਸਟ ਤਕ ਦੀ ਇਸ ਕਾਰਪੋਰੇਸ਼ਨ ਰਾਹੀਂ ਮਦਦ ਕਰਨ ਦਾ ਯਤਨ ਕੀਤਾ ਜਾਵੇਗਾ। (ਵਿਘਨ)

ਪੈਸਿਆਂ ਦੇ ਮੁਤੱਲਕ ਇਨ੍ਹਾਂ ਨੇ ਸ਼ਕ ਪਰਗਟ ਕੀਤਾ ਹੈ। ਮੈਂ ਕਹਿਣਾ ਤਾਂ ਨਹੀਂ ਚਾਹੁੰਦਾ ਪਰ ਇਨ੍ਹਾਂ ਦੇ ਕਹਿਣ ਤੇ ਮੈਂ ਅਰਜ਼ ਕਰਾਂ ਕਿ ਵੀਹ ਸਾਲਾਂ ਵਿਚ ਖਜ਼ਾਨਾਂ ਤਾਂ ਇਹ ਲੁਟ ਕੇ ਖਾ ਗਏ। (ਵਿਘਨ) ਪੈਸਿਆਂ ਦੇ ਮੁਤੱਲਕ ਗੱਲ ਇਹ ਹੈ ਕਿ ਜਦ 18-19 ਸਾਲ ਇਨ੍ਹਾਂ ਦੀ ਸਰਕਾਰ ਖਜ਼ਾਨਾ ਲੁੱਟਦੀ ਰਹੀ ਤਾਂ ਫਿਰ ਪੈਸੇ ਕਿਥੋਂ ਆਉਣੇ ਹਨ। (ਹਾਸਾ) ਇਥੇ ਮਾਸਟਰ ਜੀ ਨੇ ਬਹੁਤ ਗੱਲਾਂ ਕੀਤੀਆਂ ਹਨ, ਮੈਂ ਕਹਿੰਦਾ ਹਾਂ ਕਿ ਤੁਸੀਂ 18-19 ਸਾਲ ਕੀ ਕਰਦੇ ਰਹੇ ਹੋ (ਵਿਘਨ) ਮੈਂ ਇਸ ਟਾਪਿਕ ਵਿਚ ਨਹੀਂ ਪੈਣਾ ਚਾਹੁੰਦਾ ਪਰ ਫਿਰ ਵੀ ਜਵਾਬ ਤਾਂ ਦੇਣਾ ਹੀ ਪੈਂਦਾ ਹੈ। ਸਪੀਕਰ ਸਾਹਿਬ, ਮੈਨੂੰ ਬੜੀ ਖੁਸ਼ੀ ਹੈ ਕਿ ਇਸ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੇ ਇਸ ਬਿੱਲ ਦੀ ਪਰਸ਼ੰਸਾ ਕੀਤੀ ਹੈ। ਇਥੇ ਮਾਸਟਰ ਜੀ ਨੇ ਕਈ ਗੱਲਾਂ ਕੀਤੀਆਂ ਹਨ। ਮੈਂ ਮਾਸਟਰ ਜੀ ਨੂੰ ਕਹਿੰਦਾ ਹਾਂ ਕਿ ਇਹ ਸੁਝਾਉ ਪਹਿਲਾਂ ਵੀ ਆ ਸਕਦੇ ਸਨ। ਪਰ ਮੈਨੂੰ ਬੜਾ ਅਫਸੋਸ ਹੈ ਕਿ ਹਰ ਇਕ ਨੇ ਆਪਣੀ ਪਰਸਨਲ ਪ੍ਰਾਪਰਟੀ ਬਨਾਉਣ ਦਾ ਯਤਨ ਕੀਤਾ ਹੈ। ਪਰ ਗਰੀਬ ਕੌਮ ਦਾ ਕੋਈ ਖਿਆਲ ਨਹੀਂ ਕੀਤਾ। 1950 ਤੋਂ 1968 ਤਕ ਇਨ੍ਹਾਂ ਵੀਰਾਂ ਦੀ ਮੈਂ ਕਹਿੰਦਾ ਹਾਂ ਕਿ ਪ੍ਰਾਪਰਟੀ ਦੀ ਅਸੈਸਮੈਂਟ ਕਰਾ ਲਵੋ, ਇਨ੍ਹਾਂ ਕੋਲ ਪੈਸੇ ਕਿਥੋਂ ਆਏ। (ਤਾੜੀਆਂ) (ਵਿਘਨ) ਜਿਸ ਪੈਸੇ ਨਾਲ ਗਰੀਬ ਲੋਕਾਂ ਦੀ ਭਲਾਈ ਹੋਣੀ ਸੀ, ਉਹ ਪੈਸਾ ਇਹ ਆਪ ਲੈ ਗਏ। (ਵਿਘਨ)

ਇਥੇ ਸਰਦਾਰ ਉਮਰਾਓ ਸਿੰਘ ਨੇ ਇਕ ਆਬਜੈਕਸ਼ਨ ਵੀ ਕੀਤਾ ਸੀ। ਮੈਂ ਸਮਝਦਾ ਹਾਂ ਕਿ ਉਹ ਕੁਝ ਹੱਦ ਤਕ ਠੀਕ ਹੈ, ਕਿਉਂਕਿ ਜਿਹੜੀ ਇਸ ਦੀ ਬੈਲੈਂਸ ਸ਼ੀਟ ਹੈ, ਇਹ ਹਾਊਸ ਵਿਚ ਆਉਣੀ ਚਾਹੀਦੀ ਹੈ। ਇਸ ਬਾਰੇ ਸਾਡੇ ਟਰੇਜ਼ਰੀ ਬੈਂਚਿਜ਼ ਵਲੋਂ ਰੈਗੂਲਰ ਅਮੈਂਡਮੈਂਟਸ ਵੀ ਆਈਆਂ ਹਨ। ਜਦ ਉਹ ਕਲਾਜ਼ ਇਥੇ ਆਵੇਗੀ, ਮੈਨੂੰ ਯਕੀਨ ਹੈ ਕਿ ਉਹ ਵੀ ਪਾਸ ਹੋ ਜਾਵੇਗੀ। (ਤਾੜੀਆਂ)

ਇਥੇ ਮਾਸਟਰ ਜੀ ਨੇ ਕੁਝ ਧਰਮਸ਼ਾਲਾਂ ਦਾ ਵੀ ਜ਼ਿਕਰ ਕੀਤਾ ਸੀ। ਮੈਂ ਕਹਿੰਦਾ ਹਾਂ ਕਿ ਇਹ ਸਾਡੀ ਸ਼੍ਰੋਮਣੀ ਅਕਾਲੀ ਦਲ ਦੀ ਮਿਹਰਬਾਨੀ ਹੈ ਕਿ ਉਸ ਨੇ ਇਹ ਮਹਿਸੂਸ ਕੀਤਾ ਕਿ ਪਿੰਡਾਂ ਦੇ ਵਿਚ ਇਹ ਜਿਹੜੇ ਗਰੀਬ ਲੋਕ ਵਸਦੇ ਹਨ, ਉਨ੍ਹਾਂ ਤੇ ਕੋਈ ਔਖੀ ਸੌਖੀ ਘੜੀ ਆ ਜਾਵੇ, ਜੰਜ ਆ ਜਾਵੇ ਜਾਂ ਕੋਈ ਹੋਰ ਐਸੀ ਗਲ ਹੋ ਜਾਵੇ, ਕੋਈ ਇਕੱਠ ਹੋਵੇ ਤਾਂ ਉਨ੍ਹਾਂ ਲਈ ਧਰਮਸ਼ਾਲਾਂ ਦਾ ਪ੍ਰਬੰਧ ਕੀਤਾ ਜਾਵੇ। ਪਹਿਲੇ ਸਾਲ ਲਈ ਇਸ ਕੰਮ ਵਾਸਤੇ 25 ਲੱਖ ਦਿਤਾ, ਫਿਰ ਦੂਸਰੇ ਸਾਲ 50 ਲੱਖ ਰੁਪਿਆ ਦਿਤਾ (ਤਾੜੀਆਂ) ਇਹ ਕਿਉਂ ਦਿਤਾ, ਇਸ ਦੇ ਵੀ ਰੀਜ਼ਨਜ਼ ਹਨ। ਉਹ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਇਹ ਪਾਲਿਸੀ ਹੈ ਕਿ ਇਨ੍ਹਾਂ ਵੀਰਾਂ ਨੂੰ ਮੌਕਾ ਦਿਤਾ ਜਾਏ ਕਿ ਉਹ ਇਕੱਠੇ ਬੈਠ ਕੇ ਆਪਣੀਆਂ ਤਕਲੀਫ਼ਾਂ ਨੂੰ ਵਿਚਾਰ ਕਰਕੇ, ਉਨ੍ਹਾਂ ਦੀਆਂ ਜੋ ਤਕਲੀਫਾਂ ਹੋਣ ਉਹ ਗੌਰਮਿੰਟ ਨੂੰ ਦੱਸਣ ਤਾਕਿ ਸਰਕਾਰ ਉਨ੍ਹਾਂ ਵਾਸਤੇ ਕੋਈ ਯੋਗ ਕਦਮ ਉਠਾਏ। ਇਨ੍ਹਾਂ (ਕਾਂਗਰਸ ਵਲ ਇਸ਼ਾਰਾ ਕਰਦੇ ਹੋਏ) ਦੇ ਰਾਜ ਵਿਚ ਇਕੱਠੇ ਬੈਠਣ ਦੇਣਾ ਵੀ ਜੁਰਮ ਗਿਣਿਆ ਜਾਂਦਾ ਸੀ। ਇਨ੍ਹਾਂ ਨੇ ਹਰ ਇਕ ਨੂੰ ਵੱਖਰੇ ਵੱਖਰੇ ਲੜਾ ਦਿਤਾ,

Original with;
Punjab Vidhan Sabha
Digitized by;
Panjab Digital Library

[ਸਮਾਜਕ ਭਲਾਈ ਮੰਤਰੀ]

ਕਿਸੇ ਨੂੰ ਇਕੱਠੇ ਨਹੀਂ ਹੋਣ ਦਿਤਾ। ਅਸੀਂ ਇਕ ਪਾਰਟੀ ਨਾਲ ਇਕੱਠ ਕੀਤਾ, ਦੋ ਪਾਰਟੀਆਂ ਨਾਲ ਇਕੱਠ ਕੀਤਾ, ਪ੍ਰਮਾਤਮਾ ਦੀ ਕ੍ਰਿਪਾ ਨਾਲ ਸਾਰੇ ਪੰਜਾਬ ਦੇ ਵਿਚ ਇਕੱਠ ਹੋ ਜਾਵੇਗਾ (ਪ੍ਰਸ਼ੰਸਾ) ਪੰਜਾਬ ਦੇ ਲੋਕਾਂ ਦੀ ਭਲਾਈ ਹੋਵੇਗੀ ਅਤੇ ਖੁਸ਼ਹਾਲੀ ਹੋਵੇਗੀ।

ਚੌਧਰੀ ਜਗਤ ਰਾਮ ਨੇ ਕੁਝ ਗੱਲਾਂ ਕੀਤੀਆਂ ਹਨ। ਉਨ੍ਹਾਂ ਨੇ ਤਾਂ ਦੁੱਖੜੇ ਹੀ ਰੋਏ ਹਨ ਪਰ ਉਸ ਦਾ ਬਿੱਲ ਨਾਲ ਕੋਈ ਸਬੰਧ ਨਹੀਂ ਸੀ।

ਇਥੇ ਝਬਾਲ ਜੀ ਨੇ ਜ਼ਮੀਨ ਦੇ ਬਾਰੇ ਵਿਚ ਗੱਲਾਂ ਕੀਤੀਆਂ ਹਨ। ਮੈਂ ਇਹ ਪਹਿਲੂ ਵੀ ਕਲੀਅਰ ਕਰ ਦਿਤਾ ਹੈ। ਸਰਦਾਰ ਰਾਜਾ ਸਿੰਘ ਨੇ ਡਾਇਰੈਕਟਰਜ਼ ਬਾਰੇ ਕਿਹਾ ਹੈ ਕਿ ਉਹ ਸ਼ੈਡਿਊਲਡ ਕਾਸਟਸ ਦੇ ਹੋਣ। ਮੇਰਾ ਖਿਆਲ ਹੈ ਕਿ ਇਹੀ ਹੋਵੇਗਾ। (ਤਾੜੀਆਂ)

ਮਾਸਟਰ ਜੀ ਅਤੇ ਦੂਸਰਿਆਂ ਸਾਥੀਆਂ ਦੀ ਇਕ ਇਹ ਪਰਪੋਜ਼ਲ ਸੀ ਕਿ ਜਿਹੜੇ ਬੋਰਡ ਆਫ ਡਾਇਰੈਕਟਰਜ਼ ਦੇ ਮੈਂਬਰ ਹੋਣ, ਉਨ੍ਹਾਂ ਵਿਚ ਜ਼ਿਆਦਾ ਤੋਂ ਜ਼ਿਆਦਾ ਸ਼ੈਡਿਊਲਡ ਕਾਸਟਸ ਹੋਣ। ਮਾਸਟਰ ਜੀ ਦੀ ਪਰਪੋਜ਼ਲ ਸੀ ਕਿ 7 ਦੇ 7 ਮੈਂਬਰ ਸ਼ੈਡਿਊਲਡ ਕਾਸਟਸ ਦੇ ਹੋਣ। ਮੈਂ ਕੱਲ ਵੀ ਬੜੀ ਸਿਰ ਖਪਾਈ ਕੀਤੀ ਸੀ ਕਿ ਇਸ ਦੇ ਬਾਰੇ ਕੰਸਟੀਚਿਊਸ਼ਨ ਪਰਮਿਟ ਨਹੀਂ ਕਰਦਾ ਕਿ ਇਹ ਅਮੈਂਡਮੈਂਟ ਕਰ ਦਿਤੀ ਜਾਵੇ। ਅਸੀਂ 50% ਤੋਂ ਜ਼ਿਆਦਾ ਨਾਮੀਨੇਟ ਨਹੀਂ ਕਰ ਸਕਦੇ। ਪਰ ਫਿਰ ਵੀ ਇਹ ਗੱਲ ਨਹੀਂ ਮੰਨਦੇ। ਫਿਰ ਵੀ ਮੈਂ ਕਹਿੰਦਾ ਹਾਂ ਕਿ ਅਸੀਂ ਉਸ ਦੇ ਵਿਚ ਕਲਾਜ਼ ਪਾ ਦਿਤੀ ਹੈ। ਜੋ ਉਨ੍ਹਾਂ ਦੀ ਕੰਟੈਨਸ਼ਨ ਸੀ, ਉਹ ਅਸੀਂ ਲੀਗਲ ਢੰਗ ਦੇ ਨਾਲ ਮਨਜ਼ੂਰ ਕਰਨ ਦੀ ਕੋਸ਼ਿਸ਼ ਕੀਤੀ ਹੈ।

ਕੁਝ ਗੱਲਾਂ ਕਹੀਆਂ ਗਈਆਂ ਕਿ ਰੁਪਿਆ ਥੋੜ੍ਹਾ ਹੈ। ਹਕੀਕਤ ਵਿਚ ਸਾਡੇ ਕੋਲ 5-6 ਅਜਿਹੀਆਂ ਕਾਰਪੋਰੇਸ਼ਨਾਂ ਹਨ ਜੋ ਕਿ ਪੰਜਾਬ ਵਿਚ ਕੰਮ ਕਰਦੀਆਂ ਹਨ। ਇਹ ਇਕ ਵਾਹਦ ਕਾਰਪੋਰੇਸ਼ਨ ਹੈ ਜਿਹੜੀ ਕਿ 1 ਕਰੋੜ ਰੁਪਏ ਨਾਲ ਸਟਾਰਟ ਹੋਈ ਹੈ। ਹੋਰ ਕੋਈ ਵੀ ਕਾਰਪੋਰੇਸ਼ਨ ਐਨੇ ਪੈਸਿਆਂ ਨਾਲ ਸਟਾਰਟ ਨਹੀਂ ਹੋਈ। ਕੋਈ 25 ਲੱਖ ਰੁਪਏ ਨਾਲ ਸਟਾਰਟ ਹੋਈ ਹੈ, ਕੋਈ 27 ਲੱਖ ਰੁਪਏ ਨਾਲ ਅਤੇ ਕੋਈ 50 ਲੱਖ ਰੁਪਏ ਨਾਲ ਸਟਾਰਟ ਹੋਈ ਹੈ। ਫਿਰ ਵੀ ਐਨੀ ਛੇਤੀ ਐਨੀ ਵੱਡੀ ਛਲਾਂਗ ਮਾਰਨੀ ਬੜੀ ਪ੍ਰਸ਼ੰਸਾ ਵਾਲੀ ਗੱਲ ਹੈ (ਪ੍ਰਸ਼ੰਸਾ)

ਸਰਦਾਰ ਉਮਰਾਓ ਸਿੰਘ ਹੋਰੀਂ ਕਹਿੰਦੇ ਹਨ ਕਿ ਸਰਕਾਰ ਘਾਟੇ ਵਿਚ ਜਾ ਰਹੀ ਹੈ। ਪਰ ਮੈਂ ਕਹਿੰਦਾ ਹਾਂ ਕਿ ਅਸੀਂ ਹਰੀਜਨਾਂ ਨੂੰ ਪੈਸੇ ਦੇ ਰਹੇ ਹਾਂ ਅਤੇ ਦਿਤੇ ਹਨ ਪਰ ਉਨ੍ਹਾਂ ਤੇ ਕੋਈ ਟੈਕਸ ਨਹੀਂ ਲਾ ਰਹੇ। ਇਸ ਦੀ ਇਨ੍ਹਾਂ ਨੂੰ ਦਾਦ ਦੇਣੀ ਚਾਹੀਦੀ ਹੈ। (ਤਾੜੀਆਂ)

ਇਥੇ ਕਈਆਂ ਮੈਂਬਰਾਂ ਨੇ ਕਿਹਾ ਹੈ ਇਹ ਜਿਹੜੀ 5 ਕਰੋੜ ਦੀ ਪੂੰਜੀ ਹੈ, ਇਸ ਨੂੰ ਵਧਾਉਣਾ ਚਾਹੀਦਾ ਹੈ (ਵਿਘਨ) ਮੈਂ ਕਹਿੰਦਾ ਹਾਂ ਕਿ ਇਹ ਸਭ ਕੁਝ ਗਵਰਨਰ ਸਾਹਿਬ ਦੀ ਕਨਸੈਂਟ ਨਾਲ ਹੋਇਆ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਜਿੰਨੀਆਂ ਅਮੈਂਡਮੈਂਟਸ ਆਈਆਂ ਹਨ, ਉਹ ਇਸ ਸਬੰਧੀ ਕਲਾਜ਼ ਵਿਚ ਨਹੀਂ ਲਈਆਂ ਜਾ ਸਕਦੀਆਂ। ਕਿੰਨੇ ਐਕਟ ਬਣੇ, ਕਿੰਨੀ ਵਾਰੀ ਅਮੈਂਡਮੈਂਟਸ ਹੋਈਆਂ। ਇਸ ਲਈ ਮੈਂ ਕਹਿੰਦਾ ਹਾਂ ਕਿ ਇਸ ਨੂੰ ਸਾਲ, ਦੋ ਸਾਲ ਚਲਣ ਦਿਓ, ਜਿਸ ਮਕਸਦ ਵਾਸਤੇ ਬਣਾਈ ਹੈ, ਇਸ ਨੂੰ ਚੱਲਣ ਦਿਓ, ਅਗਰ ਉਸ ਦਾ ਪਰਪਜ਼ ਪੂਰਾ ਨਹੀਂ ਹੁੰਦਾ ਤਾਂ ਫਿਰ ਕੁਝ ਦੇਰ ਬਾਅਦ ਇਸ ਦੇ ਵਿਚ ਅਮੈਂਡਮੈਂਟ ਹੋ ਸਕਦੀ ਹੈ।

ਜਿਹੜੇ ਮੈਂਬਰਜ਼ ਨੇ ਸੁਸਾਇਟੀਆਂ ਦੇ ਬਾਰੇ ਕਲਾਸ 2 ਵਿਚ ਜ਼ਿਕਰ ਕੀਤਾ ਹੈ ਕਿ 10% ਇਥੇ

Original with;
Punjab Vidhan Sabha
Digitized by;
Panjab Digital Library

ਨਾਲ ਸ਼ੈਡਿਊਲਡ ਕਾਸਟਸ ਮੈਂਬਰ ਵੀ ਹਨ, ਉਨ੍ਹਾਂ ਨੇ ਵੀ ਇਸ ਬਿੱਲ ਦੀ ਸ਼ਲਾਘਾ ਕੀਤੀ ਹੈ । ਕਿਹਾ ਗਿਆ ਹੈ ਸੈਂਟ ਪਰਸੈਂਟ ਸ਼ੈਡਿਊਲਡ ਕਾਸਟਸ ਹੋਣੇ ਚਾਹੀਦੇ ਹਨ, ਇਸ ਦੇ ਮੁਤੱਲਕ ਵੀ ਅਮੈਂਡਮੈਂਟ ਆਈ ਹੈ । ਮੈਂ ਕਹਿੰਦਾ ਹਾਂ ਕਿ ਜਦ ਵੀ ਇਹ ਰੈਲੇਵੈਂਟ ਕਲਾਜ਼ ਡਿਸਕਸ ਹੋਵੇਗੀ, ਮੇਰਾ ਖਿਆਲ ਹੈ ਕਿ ਉਹ ਅਮੈਂਡਮੈਂਟ ਕੈਰੀ ਆਨ ਹੋ ਜਾਵੇਗੀ ।

Mr. Speaker : I can nominate such Committees which have been specifically provided for in the Rules of Procedure and Conduct o Business in the Punjab Legislative Assembly.

Captain Rattan Singh : I shall again read out Rule 226 :

> 'The members of a Committee of the Assembly shall be appointed by the Assembly on a motion made ... ...

Mr. Speaker. What are the requirements o such a motion ?

Captain Rattan Singh : There were two motions out of which one was not in order. You thought that the other motion was in order.

ਸਪੀਕਰ ਸਾਹਿਬ, ਮੈਂ ਅੰਗਰੇਜ਼ੀ ਬਹੁਤੀ ਤਾਂ ਨਹੀਂ ਜਾਣਦਾ, ਜਿੰਨੀ ਮੈਂ ਜਾਣਦਾ ਹਾਂ ਉਸਦੇ ਮੁਤਾਬਕ ਮੈਂ ਸਮਝਦਾ ਹਾਂ ਕਿ ਇਸ ਦੇ ਵਿੱਚ ਤੁਹਾਨੂੰ ਪਾਵਰਜ਼ ਦਿਤੀਆਂ ਹਨ ਅਤੇ ਜੇ ਕਹੋ ਤਾਂ ਮੈਂ ਆਹਿਸਤਾ ਆਹਿਸਤਾ ਪੜ੍ਹ ਦਿੰਦਾ ਹਾਂ...(ਵਿਘਨ) ।

You do not want to exercise those powers. I can understand it. I know your fears. I know there are lot of implications. I know that. But, Sir, you are occupying a very high office and you must face the music some time.

ਸਰਦਾਰ ਉਮਰਾਓ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਕੈਪਟਨ ਸਾਹਿਬ, ਨੇ ਰੂਲ 226 ਪੜ੍ਹਿਆ ਹੈ । ਪਰ ਉਸ ਨਾਲ ਆਪ ਐਗਰੀ ਨਹੀਂ ਕਰਦੇ । ਮੈਂ ਅਰਜ਼ ਕਰਦਾ ਹਾਂ ਕਿ ਇਹ ਰੂਲ ਬਿਲਕੁਲ ਐਪਲੀਕੇਬਲ ਹੈ । ਇਹ ਜਿਹੜੀ ਮੋਸ਼ਨ ਹੋਈ ਹੈ...

Mr. Speaker : Am I empowered under the Rules ?

ਸਰਦਾਰ ਉਮਰਾਓ ਸਿੰਘ : ਮੈਂ ਦੱਸਣ ਲਗਾਂ ਹਾਂ ਜੀ । ਅਗਰ ਹਾਊਸ ਵਿਚ ਇਕ ਮੋਸ਼ਨ ਮੂਵ ਹੁੰਦੀ ਹੈ ਤਾਂ ਆਪ ਉਸ ਨੂੰ ਐਕਸੈਪਟ ਕਰਨ ਲਈ ਬਾਊਂਡ ਹੋ । ਆਪ ਦੀ ਪੋਜ਼ੀਸ਼ਨ ਇਹ ਹੈ ਕਿ ਜਿਹੜੀ ਮੋਸ਼ਨ ਮੂਵ ਕੀਤੀ ਹੈ...(ਵਿਘਨ) ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਰੂਲ 226 ਵਿਚ ਕਿਹਾ ਗਿਆ ਹੈ ਕਿ ਆਪ ਨੂੰ ਪਾਵਰ ਨਹੀਂ ਹੈ ਪਰ ਆਪ ਨੂੰ ਪਾਵਰ ਤਾਂ ਇਹ ਮੋਸ਼ਨ ਦਿੰਦੀ ਹੈ

Original with;
Punjab Vidhan Sabha
Digitized by;
Panjab Digital Library

ਜੋ ਚੀਫ ਮਨਿਸਟਰ ਸਾਹਿਬ ਨੇ ਮੂਵ ਕੀਤੀ ਹੈ । ਚੀਫ ਮਨਿਸਟਰ ਸਾਹਿਬ ਨੇ ਇਕ ਡੈਫਿਨਿਟ ਰੈਜ਼ੋਲਿਊਸ਼ਨ ਮੂਵ ਕੀਤਾ ਹੈ । ਇਸ ਵਿਚ ਆਪ ਨੂੰ ਹਾਊਸ ਦੀ ਤਰਫੋਂ ਇਖਤਿਆਰ ਦਿਤਾ ਗਿਆ ਹੈ ਕਿ ਆਪ ਇਕ ਕਮੇਟੀ ਨਾਮਜ਼ਦ ਕਰੋ । ਉਹ ਕਮੇਟੀ ਚਾਰਜਿਜ਼ ਅਤੇ ਕਾਊਂਟਰ ਚਾਰਜਿਜ਼ ਨੂੰ ਦੇਖੇਗੀ ਅਤੇ ਰਿਪੋਰਟ ਦੇਵੇਗੀ ...

ਸ੍ਰੀ ਸਪੀਕਰ : ਜਿਹੜੀ ਮੋਸ਼ਨ ਆਵੇ ਉਹ ਸਪੈਸੇਫਿਕ ਹੋਣੀ ਚਾਹੀਦੀ ਹੈ । (The motion that is given notice of should be specific.)

ਸਰਦਾਰ ਉਮਰਾਓ ਸਿੰਘ : ਅਗਰ ਇਹ ਅਸੂਲ ਮੰਨ ਲਿਆ ਜਾਵੇ ਤਾਂ ਚੀਫ ਮਨਿਸਟਰ ਸਾਹਿਬ ਇਸ ਨੂੰ ਸਪੈਸੇਫਿਕ ਕਰ ਦੇਣਗੇ ।

Mr. Speaker : If such a Committee is desired to be constituted it would be proper if a resolution incorporating the names of the Members who should be on the Committee, its terms of reference and the date by which it is expected to make the report to the House is brought before the House.

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਆਪ ਨੇ ਕਿਹਾ ਕਿ ਮੋਸ਼ਨ ਵਿਚ ਟਰਮਜ਼ ਆਫ ਰੇਫਰੈਂਸ ਹੋਣੀਆਂ ਚਾਹੀਦੀਆਂ ਹਨ, ਨਾਮ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਮੈਂਬਰਾਂ ਦੀ ਕਨਸੈਂਟ ਹੋਣੀ ਚਾਹੀਦੀ ਹੈ । ਠੀਕ ਹੈ । ਪਰ ਆਪ ਨੇ ਕਿਹਾ ਆਪ ਨੂੰ ਪਾਵਰ ਨਹੀਂ ਹੈ । ਪਰ ਆਪ ਨੂੰ ਇਹ ਪਾਵਰ ਤਾਂ ਮਿਲ ਗਈ ਜਦੋਂ ਆਪ ਨੇ ਇਹ ਮੋਸ਼ਨ ਐਕਸੈਪਟ ਕਰ ਲਈ । ਉਸ ਮੋਸ਼ਨ ਨੂੰ ਮਾਡੀਫਾਈ ਕਰ ਦਿੰਦੇ ਹਾਂ, ਉਸ ਵਿਚ ਟਰਮਜ਼ ਆਫ ਰੈਫਰੈਂਸ ਆ ਜਾਣਗੀਆਂ ਅਤੇ ਕਮੇਟੀ ਦੇ ਫੰਕਸ਼ਨ ਵੀ ਉਸ ਵਿਚ ਇਨਕਲੂਡ ਹੋ ਸਕਦੇ ਹਨ । ਸਵਾਲ ਇਹ ਹੈ ਕਿ ਅਗਰ ਹਾਊਸ ਨੇ ਆਪ ਨੂੰ ਕਿਹਾ ਹੈ ਤਾਂ ਕੀ ਆਪ ਨੇ ਜ਼ਿੰਮੇਦਾਰੀ ਲੈਣੀ ਹੈ ਜਾਂ ਨਹੀਂ । ਇਹ ਮੋਸ਼ਨ ਮੂਵ ਹੋ ਗਈ ਹੈ ਅਤੇ ਇਹ ਰੈਜ਼ੋਲਿਊਸ਼ਨ ਦੀ ਟਰਮ ਦੇ ਥਲੇ ਆ ਗਈ ਹੈ, ਇਹ ਆਪ ਨੂੰ ਐਕਸੈਪਟ ਕਰਨੀ ਪਏਗੀ ਲੇਕਿਨ ਅਗਰ ਫਿਰ ਵੀ ਆਪ ਐਕਸੈਪਟ ਨਹੀਂ ਕਰੋਗੇ ਤਾਂ ਇਹ ਡਿਫਰੈਂਟ ਗਲ ਹੋਵੇਗੀ ।

Chaudhri Balbir Singh : Sir, sub-rule i) of Rule 226 says-

> "The members of a Committee of the Assembly shall be appointed by the Assembly on a motion made, or nominated by the Speaker, as the case may be.

Then, Sir, I would draw your attention to the definition of 'Motion' given at page 3. It reads-

> "Motion" means the statement of a matter or proposal brought forward by a member for consideration of the Assembly and includes a resolution and an amendment."

यह ज़रुरी नहीं है कि हम ने आप को लिख कर ही देना है, अगर कोई मैम्बर मोशन मूव करता है, तो वह मोशन है । यहां मूव किया गया कि इस हाऊस की एक कमेटी बनाई जाए और स्पीकर साहिब को आथोराइज़ कर दिया कि वह कमेटी नोमीनेट कर दें । यह कहां लिखा है कि आप कमेटी नोमीनेट नहीं कर सकते । यह एक डैफिनिट मोशन है कि

Original with;
Punjab Vidhan Sabha
Digitized by;
Panjab Digital Library

[चौधरी बलबीर सिंह]

स्पीकर साहिब एक कमेटी नौमीनेट कर दें जो यहाँ पर लगाये गए चार्जिज और काऊन्टर चार्जिज के बारे में अपना फैसला दे। इस मोशन को लीडर आफ हाऊस ने मान लिया है, सारा हाऊस इस बारे में युनानीमस है। इससे भागने के लिए अगर कोई और रास्ता तलाश किया जाए तो यह ठीक नहीं होगा। यह बात हो गई, लोगों ने तालियाँ बजा लीं, तो अब कमेटी से निकलने का कोई रास्ता नहीं है। रूल 226 किधर है और रूल्ज को ससपैंड भी किया जा सकता है। अगर लोगों की भावनाओं के मुताबिक आप ने किसी मोशन को ठीक करना हो तो वह आप कर सकते हैं। आप को इन्हरैंट पावर है, आप का दफ्तर गलती को ठीक कर देता है। स्पैसेफिक मोशन है। (विघ्न)

Sirdar Kapur Singh : Mr. Speaker, I make a short statement. We have been discussing Rules and after what has been said here it seems plain to most of us that although rules may not be clear to empower you to nominate a Committee in terms of the motion which has been moved by the Leader of the House but it is obvious to all of us that no where the rules prohibit you from appointing such a Committee.

Secondly, let us look from a broader aspect of the matter. Rules are there for guidance and for control of the business of the House. Rules are there to carry out the pleasure of the House. You, Sir, many a times have said, you have announced here, that you are the servant of the House. Of course, we consider you the master of the House. Now that the House unanimously want the 'servant of the House' to take certain action even if the rules are against it, the rules can be suspended. The pleasure of the House must be carried out. This is your duty. You cannot get out of it by any rigmarole or by some other excuse.

ਸਰਦਾਰ ਗੁਰਦੇਵ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਆਪ ਨੇ ਜੋ ਕਮੇਟੀ ਬਨਾਉਣੀ ਹੈ ਉਸ ਵਿਚ ਬਾਬੂ ਆਤਮਾ ਸਿੰਘ ਹੋਰਾਂ ਨੂੰ ਵੀ ਸ਼ਾਮਿਲ ਕਰਨਾ। ਬਾਬੂ ਆਤਮਾ ਸਿੰਘ ਹੋਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਕੜੇ ਦਿਤੇ ਸਨ। ਉਨ੍ਹਾਂ ਵਿਚੋਂ ਇਨ੍ਹਾਂ ਨੇ ਅਧੇ ਵੰਡੇ ਹਨ, ਅੱਧੇ ਇਹ ਖਾ ਗਏ ਹਨ। ਸਰਦਾਰ ਰਵੇਲ ਸਿੰਘ ਦਵਾਈਆਂ ਖਾ ਗਏ ਹਨ ਅਤੇ ਸਰਦਾਰ ਗੁਰਨਾਮ ਸਿੰਘ ਨੇ ਜਾਲ੍ਹੀ ਕਲੇਮ ਬਣਾ ਬਣਾ ਕੇ ਜ਼ਮੀਨ ਅਤੇ ਪੈਸਾ ਬਣਾਇਆ ਹੈ। ਇਸ ਕਰ ਕੇ ਇਨ੍ਹਾਂ ਦੀ ਵੀ ਨਾਲ ਹੀ ਇਨਕਵਾਰੀ ਹੋਣੀ ਚਾਹੀਦੀ ਹੈ। ਇਸ ਲਈ ਜੋ ਕਮੇਟੀ ਬਣੇ ਉਸ ਵਿਚੋਂ ਇਹ ਨਿਕਲ ਨਾ ਜਾਣ।

चौधरी बलबीर सिंह : व्यवस्था का प्रश्न। अभी जिन मैंबर साहिब ने व्यवस्था का प्रश्न उठाया था वह व्यवस्था का प्रश्न नहीं था, उन्होंने तो और चार्जिज लगाऐ हैं। इन की इन्क्वायरी भी वह कमेटी कर ले। यह प्वांयट आफ आर्डर नहीं था। अगर हाऊस की कमेटी भी नहीं मानते तो हाई कोर्ट या सुप्रीम कोर्ट के जज द्वारा इन्क्वायरी ही मान लें फिर देखेंगे पीछे से निकलने के लिये और कौन सा रास्ता तलाश करेंगे। इस बात को लाइटली न लिया जाए। अगर हाउस की कमेटी से पीछे हटते हैं तो हट जाएँ लेकिन सरकार सारे चार्जिज की इन्क्वायरी, कमिशन आफ इन्क्वायरी के अन्डर करे। आप जिम्मेवारी लेने

Original with;
Punjab Vidhan Sabha
Digitized by;
Panjab Digital Library

की कोशिश करें अगर सारा हाउस इस बारे में युनानीमस हो तो आप जिम्मेदारी लेने से कैसे इन्कार कर सकते हैं ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਡੈਮੋਕਰੈਟਿਕ ਟਰੈਡੀਸ਼ਨਜ਼ ਨੂੰ ਮੁੱਖ ਰੱਖਦੇ ਹੋਏ ਆਪ ਦੇ ਸਾਹਮਣੇ ਇਕ ਗੱਲ ਕਹੀ ਸੀ ਕਿ ਹਾਊਸ ਦੀ ਇਕ ਸਬ ਕਮੇਟੀ ਬਣਾ ਦਿਤੀ ਜਾਵੇ ਜੋ ਇਨ੍ਹਾਂ ਦੋ ਤਿੰਨ ਦਿਨਾਂ ਵਿਚ ਇਥੇ ਦੂਸ਼ਨ ਲਾਏ ਗਏ ਹਨ, ਉਨ੍ਹਾਂ ਦੀ ਜਾਂਚ ਪੜਤਾਲ ਕਰੇ । ਮੈਂ ਅਰਜ਼ ਕਰਾਂ ਇਹ ਗਲ ਸਿਰਫ਼ ਇਸ ਲਈ ਕੀਤੀ ਗਈ ਸੀ ਤਾਂਕਿ ਜਮਹੂਰੀ ਰਵਾਇਤ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਗਵਰਨਮੈਂਟ ਸਾਈਡ ਇਸ ਲਈ ਬਿਲਕੁਲ ਤਿਆਰ ਹੈ । ਮੈਂ ਇਹੀ ਬੇਨਤੀ ਕਰਨਾ ਚਾਹੁੰਦਾ ਹਾਂ ਚੂੰਕਿ ਇਹ ਸਾਰੇ ਹਾਊਸ ਦੀ ਰਾਏ ਹੈ ਅਤੇ ਸਾਰੀਆਂ ਪੁਲੀਟੀਕਲ ਪਾਰਟੀਆਂ ਦੀ ਮੰਗ ਹੈ ਇਸ ਲਈ ਅਸੀਂ ਰਿਕਵੈਸਟ ਕਰਦੇ ਹਾਂ ਕਿ ਇਹ ਸਬ ਕਮੇਟੀ ਨਾਮੀਨੇਟ ਕਰਨ ਦੀ ਆਪ ਦੀ ਰਿਸਪਾਂਸੇਬਿਲਟੀ ਹੈ, ਇਸ ਤੋਂ ਆਪ ਸ਼ਰਕ ਨਾ ਕਰੋ ਅਤੇ ਇਹ ਸਬ ਕਮੇਟੀ ਨਾਮੀਨੇਟ ਕਰ ਦਿਓ । (ਵਿਘਨ) ਇਹ ਐਡਹਾਕ ਕਮੇਟੀ ਨਾਮੀਨੇਟ ਕਰ ਦਿਓ ਅਤੇ ਉਸ ਦੀਆਂ ਟਰਮਜ਼ ਆਫ਼ ਰੈਫਰੈਂਸ ਅਤੇ ਦੂਜੀਆਂ ਗਲਾਂ ਆਪਣੀ ਮਰਜ਼ੀ ਨਾਲ ਬਣਾ ਦਿਓ, ਸਾਨੂੰ ਕੋਈ ਇਤਰਾਜ਼ ਨਹੀਂ ।

ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਸ ਦੇ ਬਾਰੇ ਵਿਚ ਅਨਾਊਂਸ ਕਰ ਦਿਓ ਅਤੇ ਕੁਝ ਦੇਰ ਬਾਦ ਇਸ ਕਮੇਟੀ ਨੂੰ ਪਾਰਟੀ ਦੇ ਲੀਡਰਾਂ ਨਾਲ ਸਲਾਹ ਕਰ ਕੇ ਬਣਾ ਦਿਓ । (ਵਿਘਨ)

ਕਾਮਰੇਡ ਸੱਤਪਾਲ ਡਾਂਗ : ਤੁਸੀਂ ਕਿਉਂਕਿ ਸਪੀਕਰ ਸਾਹਿਬ, ਮੰਨ ਗਏ ਹੋ, ਇਸ ਲਈ ਤੁਹਾਡੇ ਹੁਕਮ ਅਨੁਸਾਰ ਮੈਂ ਇਸ ਮੋਸ਼ਨ ਦੀ ਵਰਡਿੰਗ ਬਣਾ ਦਿਤੀ ਹੈ ਉਸ ਨੂੰ ਮੈਂ ਪੜ੍ਹ ਦਿੰਦਾ ਹਾਂ ।

> Notwithstanding anything in the rules with regard to notice or any other matter, the House authorises the Speaker to nominate within 15 days, an Adhoc Committee consisting of not more than 7 Members including its Chairman, from amongst the Legislators .... (Interruption)

ਸ੍ਰੀ ਸਪੀਕਰ : ਮੇਰੀ ਬੇਨਤੀ ਇਹ ਹੈ ਕਿ ਤੁਸੀਂ ਥੋੜ੍ਹੀ ਜਿੰਨੀ ਖੇਚਲ ਕਰੋ ਅਤੇ ਸਪੈਸਿਫਿਕਲੀ ਇਸ ਕਮੇਟੀ ਦੇ ਮੈਂਬਰਾਂ ਦਾ ਨਾਂ ਦਸ ਦਿਉ । (ਵਿਘਨ) (I would request the hon. Member to take the trouble of mentioning the names of the members of the Committee.)

ਕਾਮਰੇਡ ਸੱਤਪਾਲ ਡਾਂਗ : ਜੇਕਰ, ਸਪੀਕਰ ਸਾਹਿਬ, ਤੁਸੀਂ ਜ਼ਰਾ ਬੈਠ ਜਾਓ ਤਾਂ ਅਸੀਂ ਹੁਣੇ ਹੀ ਤੁਹਾਡੀਆਂ ਸਾਰੀਆਂ ਗੱਲਾਂ ਦੀ ਪਾਲਨਾ ਕਰ ਦਿਆਂਗੇ । (ਵਿਘਨ)

Captain Rattan Singh : On a point of order, Mr. Speaker. According to rules, I am sure, Comrade Satya Pal Dang cannot move such a Motion, especially when a Motion has been moved by the Leader of the House which has been supported by the Leader of the Opposition and the whole House. It will also fall through for want of notice.

Mr. Speaker : There was no regular Motion from the Leader of the House. It was merely a proposal.

Original with;
Punjab Vidhan Sabha
Digitized by;
Panjab

Minister for Irrigation and Power (Sardar Sohan Singh Bassi) : Sir, let me have the liberty to point out ਕਿ ਇਸ ਵੇਲੇ ਤੁਹਾਡਾ ਰੋਲ ਤਾਂ ਕਾਜ਼ੀ ਦਾ ਹੈ। ਦੋਹਾਂ ਤਰਫਾਂ ਤੋਂ ਇਸ ਗੱਲ ਦੀ ਮੰਗ ਆਈ ਹੈ ਅਤੇ ਹਾਊਸ ਇਸ ਕਮੇਟੀ ਨੂੰ ਚਾਹੁੰਦਾ ਹੈ ਇਸ ਲਈ ਜੇ ਮੀਆਂ ਬੀਵੀ ਰਾਜ਼ੀ ਤੇ ਕਿਆ ਕਰੇਗਾ ਕਾਜ਼ੀ। (ਹਾਸਾ)

ਮੇਜਰ ਹਰਿੰਦਰ ਸਿੰਘ : ਸਪੀਕਰ ਸਾਹਿਬ, ਜੇਕਰ ਤੁਹਾਡਾ ਖਿਆਲ ਹੈ ਕਿ ਜਿਹੜੀ ਮੋਸ਼ਨ ਲੀਡਰ ਆਫ ਦੀ ਹਾਊਸ ਵਲੋਂ ਆਈ ਹੈ ਉਸ ਦੀ ਵਰਡਿੰਗ ਸਹੀ ਨਹੀਂ ਤਾਂ ਉਸ ਨੂੰ ਠੀਕ ਕਰ ਕੇ ਦੇ ਦਿੰਦੇ ਹਨ ਦੁਬਾਰਾ ਲਿਖ ਕੇ ਦੇ ਦਿੰਦੇ ਹਨ। (ਵਿਘਨ)

Captain Rattan Singh : It is a motion and not proposal.

Mr. Speaker : It will be most welcome if it complies with all the three conditions laid down in the rules.

Captain Rattan Singh : Mr. Speaker, you cannot, to-day, get out of the responsibility which has been entrusted to you by this august House. You cannot say that this is not a Motion. It is the order of the House and you should obey it gracefully.

Mr. Speaker : You have been an ex.Military Officer and your order must be precise and definite.

Captain Rattan Singh : Sir, I am not in a position to give you any order. The House had ordered you to constitute a Committee to go into the allegations and counter-allegations levelled in the House, and you can determine the terms of reference yourself.

Mr. Speaker : I hope this House will kindly allow me one concession at least. I will consult the Speaker Lok Sabha and if he advises to constitute such a Committee, I will definitely do so.

Voices : No, No.

ਮੇਜਰ ਹਰਿੰਦਰ ਸਿੰਘ : ਸਪੀਕਰ ਸਾਹਿਬ, ਸਵੇਰੇ ਜਿਹੜਾ ਰੂਲਿੰਗ ਦਿਤਾ ਅਤੇ ਆਪਣੇ ਵਿਚਾਰ ਐਕਸਪਰੈਸ ਕੀਤੇ ਅਤੇ ਹਾਊਸ ਦੀ ਕਨਸੈਂਸਜ਼ ਲੈ ਲਈ ਸੀ ਤੇ ਹੁਣ ਇਹ ਕਹਿ ਕੇ ਉਸ ਗੱਲ ਨੂੰ ਤਾਰਪੀਡੋ ਕਰ ਦੇਣਾ ਚਾਹੁੰਦੇ ਹੋ ਕਿ ਮੈਂ ਲੋਕ ਸਭਾ ਦੇ ਸਪੀਕਰ ਨਾਲ ਕਨਸਲਟ ਕਰਾਂਗਾ। ਇਹ ਠੀਕ ਨਹੀਂ। ਤੁਸੀਂ ਇਸ ਹਾਊਸ ਦੇ ਹੁਕਮ ਦੀ ਪਾਲਨਾ ਨਹੀਂ ਕਰਨਾ ਚਾਹੁੰਦੇ ਅਤੇ ਤੁਸੀਂ ਕਈ ਵਾਰ ਕਿਹਾ ਹੈ ਕਿ ਹਾਊਸ ਸੁਪਰੀਮ ਹੈ ਪਰ ਹੁਣ ਤੁਸੀਂ ਹਾਊਸ ਦੇ ਹੁਕਮ ਨੂੰ ਨਹੀਂ ਮੰਨਣਾ ਚਾਹੁੰਦੇ। ਮੋਸ਼ਨ ਲੀਡਰ ਆਫ ਦੀ ਹਾਊਸ ਵਲੋਂ ਦਿੱਤਾ ਗਿਆ ਅਤੇ ਸਾਰਿਆਂ ਦੀ ਮੁਤਫਿਕਾ ਰਾਇ ਉਸ ਤੇ ਆ ਗਈ ਹੈ ਅਤੇ ਫਿਰ ਜੇ ਤੁਸੀਂ ਆਪਣੇ ਆਪ ਨੂੰ ਸੁਪਰੀਮ ਨਹੀਂ ਸਮਝਦੇ ਤਾਂ ਹਾਊਸ ਸੁਪਰੀਮ ਹੈ। (ਵਿਘਨ)

Mr. Speaker : I am most humble servant of this House.

Major Harinder Singh : Then you will have to obey the order of the House.

Captain Rattan Singh : You have agreed that you will form a Committee of this House to go into the allegations and counter allegations levelled in the House. But I think you have very valid reason for consul-

Original with;
Punjab Vidhan Sabha
Digitized by;
Panjab Digital Library

ting the Speaker, Lok Sabha. In this connection, the House can give you this relaxation if you promise to nominate such a Committee.

Mr. Speaker : If the Speaker, Lok Sabha agrees with it, I will definitely do so.

Major Harinder Singh : I hold the Speaker, Lok Sabha in high esteem. I have got the greatest respect for him as a Speaker of the Lok Sabha and also being my personal friend. You can certainly consult him and take his advice, but you will definitely have to obey the order of the House.

Mr. Speaker : I will have to consult the Speaker of the Lok Sabha, who is the President of Presiding Officers of India, for guidance. I am afraid I may not do some thing which may in the near future lower the dignity of a Presiding Officer. I hope that this august House will allow me this concession that if the Speaker, Lok Sabha advises me against the nomination of such a Committee, then the House will excuse me.

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਹ ਗਲ ਗਲਤ ਹੈ ਕਿ ਜੇਕਰ ਲੋਕ ਸਭਾ ਦਾ ਸਪੀਕਰ ਐਲਾਉ ਕਰੇਗਾ ਤਾਂ ਕਮੇਟੀ ਬਣਾਈ ਜਾਵੇਗੀ । ਅਲਾਉ ਤਾਂ ਇਸ ਹਾਊਸ ਨੇ ਕਰਨਾ ਹੈ ਅਤੇ ਉਸ ਨੇ ਆਪ ਨੂੰ ਅਲਾਉ ਕਰ ਦਿਤਾ ਹੈ । ਇਸ ਦੇ ਬਾਰੇ ਵਿਚ ਫਿਨਾਂਸ ਮਨਿਸਟਰ ਸਾਹਿਬ ਨੇ ਵੀ ਗੱਲ ਸਪਸ਼ਟ ਅਤੇ ਸਾਫ ਕਰ ਦਿਤੀ ਹੈ । ਤੁਸੀਂ ਕਮੇਟੀ ਬਣਾ ਦਿਓ ਜਿਹੜੇ ਐਲੀਗੇਸ਼ਨ ਲਗੇ ਹਨ ਇਹ ਤੁਹਾਡੇ ਸਾਹਮਣੇ ਹਨ ਅਤੇ ਉਸ ਕਮੇਟੀ ਦੀਆਂ ਟਰਮਜ਼ ਆਫ ਰੈਫਰੈਂਸ ਵੀ ਤੁਹਾਡੇ ਸਾਹਮਣੇ ਹਨ ਅਤੇ ਹਾਊਸ ਨੇ ਫੈਸਲਾ ਇਤਫਾਕ ਰਾਏ ਨਾਲ ਕੀਤਾ ਹੈ ਇਸ ਲਈ ਇਹ ਕਮੇਟੀ ਕਾਇਮ ਕਰ ਦੇਣੀ ਚਾਹੀਦੀ ਹੈ ।

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਜਿਥੋਂ ਤਕ ਇਸ ਹਾਊਸ ਵਿਚ ਲਗਾਏ ਗਏ ਐਲੀਗੇਸ਼ਨਜ਼ ਦਾ ਸਵਾਲ ਹੈ ਇਸ ਨੂੰ ਕਾਗਨੀਜ਼ੈਂਸ ਵਿਚ ਨਹੀਂ ਲਿਆ ਜਾ ਸਕਦਾ । ਮੈਂ ਇਸ ਸਮੇਂ ਕਿਸੇ ਕੰਟਰੋਵਰਸੀ ਵਿਚ ਪੈਣਾ ਠੀਕ ਨਹੀਂ ਸਮਝਦਾ । ਇਸ ਗਲ ਦੇ ਸਾਰਿਆਂ ਪਹਿਲੂਆਂ ਤੇ ਵਿਚਾਰ ਕਰਨ ਦੀ ਲੋੜ ਹੈ ਫਿਰ ਇਸ ਗੱਲ ਨੂੰ ਵੀ ਵੇਖਣਾ ਹੈ ਕਿ ਜਿਹੜੀ ਰਿਪੋਰਟ ਇਹ ਹਾਊਸ ਦੀ ਕਮੇਟੀ ਦੇਵੇਗੀ ਉਸ ਤੇ ਡੀਪੈਂਡ ਕਰਨਾ ਪਏਗਾ ਅਤੇ ਉਸ ਨੂੰ ਮੈਜਾਰੇਟੀ ਨਾਲ ਪਾਸ ਕਰਨਾ ਹੋਵੇਗਾ ਜਾਂ ਨਹੀਂ । ਅਤੇ ਫਿਰ ਉਸ ਨਾਲ ਹਾਊਸ ਦੀ ਡਿਗਨੇਟੀ ਲੋਅਰ ਹੁੰਦੀ ਹੈ ਜਾਂ ਨਹੀਂ ਜਾਂ ਹਾਊਸ ਦੀ ਡਿਗਨੇਟੀ ਐਨਹਾਂਸ ਹੁੰਦੀ ਹੈ । ਇਨ੍ਹਾਂ ਗਲਾਂ ਵਲ ਉਚੇਚੇ ਧਿਆਨ ਦੀ ਲੋੜ ਹੈ । ਇਸ ਵਿਚ ਕਿਸੇ ਜਲਦਬਾਜ਼ੀ ਵਿਚ ਕੋਈ ਫੈਸਲਾ ਨਹੀਂ ਕਰ ਲੈਣਾ ਚਾਹੀਦਾ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਵਿਚ ਫਰਦਰ ਕਨਸਲਟੇਸ਼ਨ ਦੀ ਲੋੜ ਹੈ ਅਤੇ ਜੇਕਰ ਐਡਵਾਈਸ ਕਿਸੇ ਵਡੇ ਕੁਆਟਰ ਤੋਂ ਮਿਲੇ ਤਾਂ ਮੈਨੂੰ ਲੈਣ ਦੀ, ਮੈਨੂੰ ਆਸ ਹੈ ਤੁਸੀਂ ਆਗਿਆ ਬਖਸ਼ੋਗੇ ।

ਮੈਂ ਆਪ ਨੂੰ ਇਸ ਗਲ ਦਾ ਯਕੀਨ ਦਿਵਾਉਂਦਾ ਹਾਂ ਕਿ ਜਿਹੜੀਆਂ ਪਰਬਲ ਭਾਵਨਾਵਾਂ ਇਸ ਹਾਊਸ ਦੀਆਂ ਹਨ ਉਨ੍ਹਾਂ ਦਾ ਮੈਂ ਜ਼ਰੂਰ ਸਤਕਾਰ ਕਰਾਂਗਾ ਅਤੇ ਉਨ੍ਹਾਂ ਤੇ ਤੁਰਨ ਦਾ ਯਤਨ ਕਰਾਂਗਾ ।

Original with;
Punjab Vidhan Sabha
Digitized by;
Panjab Digital Library

[Mr. Speaker]

(I would point out that no cognizance of the allegations levelled in this Housc can be taken. I do not want to drag myself into any controversy at this stage. This matter needs dispassionate consideration from all angles. Then there are problems connected with the report of the proposed Committee. Will the House depend on that report; and will it be carried by a majority vote or not ? Moreover, will that report enhance the dignity of the House or lower it ? These matters need special attention. We should not take any decision in haste Thus I would like to point out that there is need for further consultation in the matter and I hope you would grant me permission to seek advice from higher quarters if available.

I earnesty assure the House that I will surely respect the strong feelings of the House and will act accordingly.)

Sirdar Kapur Singh . Mr. Speaker, it appears that you have taken up the decision. Your intention to carry out the wish of this House is contingent upon any advice which may be given to you either by the Conference of the Presiding Officers or by the Speaker of the Lok Sabha. I reiterate the sentiments which the Leader of the Opposition has expressed regarding our highest respect for the Speaker of the Lok Sabha. But, Sir, I would say that the Speaker of the Lok Sabha is a stranger to this House. If the directive or wish of this House is quite clear you cannot make its obeying contingent upon any advice which you might, from else where, seek. This is the correct position.

ਸ੍ਰੀ ਸਪੀਕਰ : ਮੈਂ ਸਿਰਦਾਰ ਕਪੂਰ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਮੇਰੀ ਗੱਲ ਨੂੰ ਮੰਨ ਲੈਣ, ਇਸ ਵਿਚ ਸਾਰੇ ਹਾਊਸ ਦਾ ਹੀ ਭਲਾ ਹੈ। (I would request the hon. Member Sirdar Kapur Singh to accept my views, as that will be in the interest of this House.)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਇਸ ਮੁਆਮਲੇ ਤੇ ਬਹੁਤ ਡਿਸਕਸ਼ਨ ਹੋ ਚੁਕੀ ਹੈ। ਤੁਸੀਂ ਸਾਡੀ ਗਲ ਮੰਨਦੇ ਨਹੀਂ, ਮੈਂ ਆਪ ਨੂੰ ਫਾਰਮਲ ਤੌਰ ਤੇ ਕਹਾਂਗਾ ਕਿ ਜੇ ਆਪ ਅਜੇ ਕੋਈ ਫੈਸਲਾ ਨਹੀਂ ਦੇਣਾ ਚਾਹੁੰਦੇ ਤਾਂ ਤੁਸੀਂ ਚੀਫ ਮਨਿਸਟਰ ਸਾਹਿਬ ਦੇ ਨਾਲ ਗਲ ਬਾਤ ਕਰ ਲਓ।

चौधरी बलबीर सिंह : कप्तान साहिब ने कह दिया। सरदार बलवंत सिंह ने भी कहा है, लीडर ग्राफ दी हाउस ने भी कह दिया है और दूसरी तमाम पार्टियों के लीडर साहिबान ने भी कह दिया है। अब तो और किसी की राये आने वाली नहीं है।

ਸਰਦਾਰ ਸਰੂਪ ਸਿੰਘ : ਸਪੀਕਰ ਸਾਹਿਬ, ਆਪ ਨੂੰ ਲੀਡਰ ਆਫ਼ ਦੀ ਹਾਊਸ ਨੇ ਪ੍ਰੋਪੋਜ਼ਲ ਦਿੱਤੀ ਹੈ, ਸਾਰੀਆਂ ਪਾਰਟੀਆਂ ਦੇ ਲੀਡਰ ਸਾਹਿਬਾਨ ਨੇ ਵੀ ਆਪਣੀ ਰਾਏ ਦੇ ਦਿਤੀ ਹੈ। ਇਹ ਹੁਣ ਸਾਰੀ ਜ਼ਿਮੇਂਵਾਰੀ ਤੁਹਾਡੇ ਤੇ ਹੀ ਆ ਪਈ ਹੈ। ਤੁਹਾਨੂੰ ਇਹ ਕਮੇਟੀ ਬਣਾ ਕੇ ਸੁਰਖਰੂ ਹੋ ਜਾਣਾ ਚਾਹੀਦਾ ਹੈ ਨਹੀਂ ਕਲ ਨੂੰ ਤੁਹਾਨੂੰ ਹੀ ਲੋਕਾਂ ਨੇ ਕਹਿਣਾ ਹੈ ਕਿ ਇਹ ਕਮੇਟੀ ਸਪੀਕਰ ਸਾਹਿਬ ਨੇ ਨਹੀਂ ਬਣਾਈ।

ਕਾਮਰੇਡ ਸੱਤਪਾਲ ਡਾਂਗ : ਤੁਸੀਂ, ਸਪੀਕਰ ਸਾਹਿਬ, ਜਿਸ ਤਰ੍ਹਾਂ ਸੋਚ ਰਹੇ ਹੋ ਇਸ ਵਿਚ ਕੋਈ ਸ਼ਾਨ ਨਹੀਂ ਰਹਿਣੀ। ਚੀਫ ਮਨਿਸਟਰ ਸਾਹਿਬ ਨੇ ਮੋਸ਼ਨ ਮੂਵ ਕਰ ਦਿਤੀ ਹੈ, ਉਸ ਨੂੰ ਫਾਰਮਲੀ ਪਾਸ ਕਰ ਦਿੱਤਾ ਜਾਵੇ। ਹੋਰ ਹੁਣ ਤੁਸੀਂ ਕੀ ਕਰਨਾ ਹੈ।

Original with;
Punjab Vidhan Sabha
Digitized by;
Panjab Digital Library

Now this is for you to decide it in view of the wishes of the House.

ਸ੍ਰੀ ਸਪੀਕਰ : ਮੋਸ਼ਨ ਕੀ ਹੈ ਉਹ ਤੁਸੀਂ ਰੀਪੀਟ ਕਰੋ । (Please repeat the motion.)

ਕਾਮਰੇਡ ਸੱਤਪਾਲ ਡਾਂਗ : ਜੋ ਵੀ ਮੋਸ਼ਨ ਚੀਫ ਮਨਿਸਟਰ ਸਾਹਿਬ ਨੇ ਮੂਵ ਕੀਤੀ ਹੈ, ਉਹ ਹਾਊਸ ਦੇ ਰੀਕਾਰਡ ਤੇ ਆ ਚੁਕੀ ਹੈ। ਉਸ ਵਿਚ ਇਹ ਸਾਫ ਲਿਖਿਆ ਹੈ ਕਿ ਸਪੀਕਰ ਸਾਹਿਬ ਇਕ ਕਮੇਟੀ ਬਣਾਉਣਗੇ ਜਿਹੜੀ ਉਨ੍ਹਾਂ ਚਾਰਜਿਜ਼ ਅਤੇ ਕਾਊਂਟਰ ਚਾਰਜਿਜ਼ ਦੀ ਪੜਤਾਲ ਕਰੇਗੀ ਜਿਹੜੇ ਕਿ ਇਸ ਹਾਊਸ ਦੇ ਵਿਚ ਲਗਾਏ ਹਨ। ਇਸ ਮੋਸ਼ਨ ਦੀ ਪਰੋੜ੍ਹਤਾ ਹਰ ਪਾਰਟੀ ਦੇ ਲੀਡਰ ਨੇ ਕੀਤੀ ਹੈ।

ਸ੍ਰੀ ਸਪੀਕਰ : ਇਹ ਜਿਹੜੀ ਉਨ੍ਹਾਂ ਵਲੋਂ ਮੂਵ ਕੀਤੀ ਗਈ ਹੈ ਇਹ ਇਨ ਆਰਡਰ ਨਹੀਂ ਹੈ। (The motion moved by the Chief Minister is not in order.)

ਕਾਮਰੇਡ ਸੱਤਪਾਲ ਡਾਂਗ : ਮੈਂ ਕਹਾਂਗਾ ਕਿ ਇਸ ਤੋਂ ਵਧ ਧੱਕਾ ਕੋਈ ਵੀ ਹਾਊਸ ਦਾ ਸਪੀਕਰ ਕਰ ਨਹੀਂ ਸਕਦਾ। ਸਾਰਾ ਹਾਊਸ ਇਕ ਪਾਸੇ ਹੈ ਅਤੇ ਇਕੱਲਾ ਸਪੀਕਰ ਇਕ ਪਾਸੇ ਹੈ।

ਸ੍ਰੀ ਸਪੀਕਰ : ਫੇਰ ਤੁਸੀਂ ਇਹ ਮੂਵ ਕਰ ਦਿਓ ਕਿ ਇਸ ਨੂੰ ਐਡਮਿਟ ਕਰਨ ਦੇ ਜੋ ਰੂਲ ਹਨ ਪਹਿਲਾਂ ਉਹ ਸਸਪੈਂਡ ਕਰ ਦਿੱਤੇ ਜਾਣ। (It would be better if the hon. Member moves for the suspension of the rules governing the admittance of this motion.)

ਕਾਮਰੇਡ ਸੱਤਪਾਲ ਡਾਂਗ : ਮੈਂ ਮੂਵ ਕਰਦਾ ਹਾਂ, ਇਸ ਵਿਚ ਕੀ ਹੈ। ਜਦੋਂ ਇਕ ਗੱਲ ਸਾਰੇ ਹਾਊਸ ਨੂੰ ਮਨਜ਼ੂਰ ਹੈ ਤੁਹਾਨੂੰ ਵੀ ਹਾਊਸ ਦੀਆਂ ਵਿਸ਼ਿਜ਼ ਨੂੰ ਮੰਨਣਾ ਚਾਹੀਦਾ ਹੈ। ਜੇ ਅਜੇ ਵੀ ਕੋਈ ਟੈਕਨੀਕਲ ਹਿਚ ਹੈ ਤਾਂ ਮੈਂ ਮੂਵ ਕਰ ਦਿੰਦਾ ਹਾਂ, ਇਸ ਵਿਚ ਕਿਹੜੀ ਗਲ ਹੈ।

You must obey the wishes of the House. The stand that you have taken is not proper. This is highly objectionable. You are afraid of the responsibility.

Mr. Speaker : I am not afraid of the responsibility but I have to act according to the Rules and Regulations of this House.

Chaudhri Balbir Singh : Sir, as far as the Rule is concerned that can be suspended.

Sardar Umrao Singh : Sir, I move, with your consent, that Rule 1̃6 of the Rules of Procedure and Conduct of Business in the Punjab Legislative Assembly be suspended in its application to the motion moved by the Chief Minister.

ਸਾਥੀ ਰੂਪ ਲਾਲ : ਸਪੀਕਰ ਸਾਹਿਬ, ਹਾਊਸ ਦੀ ਮਰਜ਼ੀ ਦੇ ਮੁਤਾਬਿਕ ਤੁਹਾਨੂੰ ਕੰਮ ਕਰਨਾ ਚਾਹੀਦਾ ਹੈ। ਇਕ ਪਾਸੇ ਤਾਂ ਤੁਸੀਂ ਕਹਿੰਦੇ ਹੋ ਮੈਂ ਹਾਊਸ ਦੀ ਗੱਲ ਸਿਰ ਮਥੇ ਤੇ ਰਖਾਂਗਾ ਦੂਸਰੇ ਪਾਸੇ ਤੁਸੀਂ ਕਮੇਟੀ ਬਾਰੇ ਮੰਨਦੇ ਨਹੀਂ। ਸਾਰਾ ਹਾਊਸ ਇਕ ਪਾਸੇ ਹੈ ਤੁਸੀਂ ਇਕ ਪਾਸੇ ਹੋ।

(ਇਸ ਵੇਲੇ ਸਾਥੀ ਰੂਪ ਲਾਲ ਅਤੇ ਹੋਰ ਮੈਂਬਰਾਂ ਵਿਚਕਾਰ ਬਹਿਸ ਹੋ ਗਈ ਜਿਹੜੀ ਸਪੀਕਰ ਸਾਹਿਬ ਦੇ ਹੁਕਮ ਅਨੁਸਾਰ ਰੀਕਾਰਡ ਨਹੀਂ ਕੀਤੀ ਗਈ।)

Original with;
Punjab Vidhan Sabha
Digiti...
Panjab Digital Library

Mr. Speaker : Whatever the hon. Member has said without the permission of the Chair should not be recorded.

ਸ੍ਰੀ ਸਪੀਕਰ : ਡਾਂਗ ਸਾਹਿਬ, ਤੁਸੀਂ ਕੰਕਰੀਟ ਫਾਰਮ ਦੇ ਵਿਚ ਮੋਸ਼ਨ ਪਹਿਲਾਂ ਡਰਾਫਟ ਕਰ ਕੇ ਪੁਟ ਕਰੋ । (I would request the hon. Member Com. Satya Pal Dang to draft the motion in concrete form and then move it.)

Comrade Satya Pal Dang : Sir, despite the unanimous wish of this House you have declared the motion moved by the hon. Chief Minister out of order. According to us it is quite in order and that motion must be put to the vote of the House and passed.

ਸ੍ਰੀ ਸਪੀਕਰ : ਜਿਹੜੀ ਪਹਿਲਾਂ ਮੋਸ਼ਨ ਲੀਡਰ ਆਫ ਦੀ ਹਾਊਸ ਨੇ ਮੂਵ ਕੀਤੀ ਸੀ ਉਹ ਵੇਗ ਸੀ ਅਤੇ ਉਹ ਇਨ ਆਰਡਰ ਨਹੀਂ ਸੀ । (The motion moved by the Leader of the House was vague and not in order.)

Comrade Satya Pal Dang : Sir, an impression is going round that those who levelled charges against each other want to extricate themselves. The motion moved by the Leader of the House must be put to the vote of the House.

(*Interruptions*)

Mr. Speaker : You are following the wrong impression.

Comrade Satya Pal Dang : Sir, we do not follow the wrong impression. The correct position is that motion moved by the Leader of the House can be put to the vote of the House. If you rule it out of order then, Sir, I have submitted a concrete detailed motion which may be put to the vote of the House.

ਸ੍ਰੀ ਸਪੀਕਰ : ਮੇਰੀ ਬੇਨਤੀ ਹੈ ਕਿ ਅਸੀਂ ਹੁਣ ਅਗਲਾ ਬਿਲ ਲੈ ਲਈਏ । (ਵਿਘਨ) (ਸ਼ੋਰ) (I request the House to take up the next Bill)

ਚੌਧਰੀ ਬਲਬੀਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ ਤੁਸੀਂ ਰੂਲ 120 ਨੂੰ ਪੜ੍ਹੋ;

> "All matters not specifically provided in these Rules and all questions relating to the detailed working of these Rules shall be regulated in such manner as the Speaker may, from time to time, direct."

ਸ੍ਰੀ ਸਪੀਕਰ : ਤੁਸੀਂ ਮੇਰੀ ਬੇਨਤੀ ਤਾਂ ਮੰਨਦੇ ਹੀ ਨਹੀਂ । (ਵਿਘਨ) (ਸ਼ੋਰ) (You don't agree to my request.)

चौधरी बलबीर सिंह : अध्यक्ष महोदय, "उजर बदतर अज़ गुनाह" आप ने जो उज़र पेश किया है वह ठीक नहीं है । जिन लोगों ने गुनाह किए हैं, उन्हें बचाना ठीक नहीं है । आप कहते हैं कि आप के पास पावर नहीं है । हम कहते हैं कि आप को रैज़िड्युअरी पावर्ज़ हैं । आप का यह उज़र तो ठीक नहीं है । अब आप वापस जाने का और कौन सा रास्ता निकालते हैं ? आप बताएं हम उस के बारे में भी आप की तसल्ली कर देगें । आप के लिए अब निकलने का कोई रास्ता नहीं है ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਮੈਂ ਅਰਜ਼ ਕਰਦਾ ਹਾਂ ਕਿ ਮੈਨੂੰ ਸਪੀਕਰ ਲੋਕ ਸਭਾ ਨਾਲ ਕੰਸਲਟ ਕਰ ਲੈਣ ਦਿਉ (ਵਿਘਨ) (I request the House to let me consult the Speaker, Lok Sabha.) (Interruption.)

चौधरी बलबीर सिंह : अध्यक्ष महोदय, आप ने रूल्ज़ के बारे में उजर किया था, हम ने कहा है कि आप रूल्ज़ को ससपैंड कर दें। आप के पास रैजिडुअरी पावर्ज़ हैं।

ਸ੍ਰੀ ਮਨਮੋਹਨ ਕਾਲੀਆ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਇਥੇ ਚੌਧਰੀ ਬਲਬੀਰ ਸਿੰਘ ਅਤੇ ਡਾਂਗ ਸਾਹਿਬ ਨੇ ਕਿਹਾ ਹੈ ਕਿ ਦੋਨਾਂ ਪਾਰਟੀਆਂ ਨੇ ਰਿਗਲ ਆਊਟ ਕੀਤਾ ਹੈ । ਮੈਂ ਇਸ ਬਾਰੇ ਬੇਨਤੀ ਕਰਦਾ ਹਾਂ ਕਿ ਟੰਡਨ ਸਾਹਿਬ ਕੇਟੇਗੋਰੀਕਲੀ ਕਹਿ ਗਏ ਹਨ (ਵਿਘਨ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (It is not a point of order)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਜੇ ਮੈਂ ਠੀਕ ਸੁਣਿਆ ਹੈ ਤਾਂ ਤੁਸੀਂ ਇਹ ਕਿਹਾ ਹੈ ਕਿ ਲੀਡਰ ਆਫ਼ ਦੀ ਹਾਊਸ ਦੀ ਮੋਸ਼ਨ ਆਊਟ ਆਫ਼ ਆਰਡਰ ਹੈ । ਅੰਡਰ ਆਰਡੀਨਰੀ ਸਰਕਮਸਟਾਂਸਿਜ਼ ਜੇ ਇਹ ਆਊਟ ਆਫ਼ ਆਰਡਰ ਕਰਾਰ ਦੇ ਦਿਤੀ ਜਾਂਦੀ ਤਾਂ ਕੋਈ ਅਜਿਹੀ ਗੱਲ ਨਹੀਂ ਸੀ, ਮੈਂ ਮੰਨ ਲੈਂਦਾ । ਪਰ ਅਜਿਹੇ ਹਾਲਾਤ ਵਿਚ ਸਾਨੂੰ ਇਹ ਸ਼ੱਕ ਪੈਂਦਾ ਹੈ, ...

ਚੌਧਰੀ ਬਲਬੀਰ ਸਿੰਘ : ਕੁਛ ਤੋ ਹੈ ਜਿਸ ਕੀ ਪਰਦਾਦਾਰੀ ਹੈ । (ਵਿਘਨ)

ਕੈਪਟਨ ਰਤਨ ਸਿੰਘ : ਸ਼ਕ ਪੈਂਦਾ ਹੈ ਕਿ ਕਿਸੇ ਚੀਜ਼ ਤੇ ਪਰਦਾ ਪਾਇਆ ਜਾ ਰਿਹਾ ਹੈ । ਜਦ ਕਿ ਦੋਨੋਂ ਸਾਈਡਾਂ ਇਸ ਗਲ ਤੇ ਸਹਿਮਤ ਹਨ ਕਿ ਹਾਊਸ ਦੀ ਕਮੇਟੀ ਬਣਾ ਦਿਤੀ ਜਾਵੇ ਤਾਂ ਤੁਸੀਂ ਕਿਵੇਂ ਹਾਊਸ ਦੇ ਆਰਡਰ ਨੂੰ ਇਗਨੋਰ ਕਰ ਸਕਦੇ ਹੋ । ਸਾਰਾ ਹਾਊਸ ਹੀ ਇਸ ਗਲ ਤੇ ਸਹਿਮਤ ਹੈ । ਤੁਸੀਂ ਇਹ ਕਿਹਾ ਹੈ ਕਿ ਤੁਸੀਂ ਐਡਵਾਈਸ ਲੈਣੀ ਚਾਹੁੰਦੇ ਹੋ । ਮੈਂ ਅਰਜ਼ ਕਰਦਾ ਹਾਂ ਕਿ ਹਾਊਸ ਦੀ ਕੋਈ ਪਾਵਰ ਨਹੀਂ ਕਿ ਤੁਹਾਨੂੰ ਕਿਧਰੋਂ ਵੀ ਐਡਵਾਈਸ ਲੈਣ ਤੋਂ ਰੋਕ ਸਕੇ, ਤੁਹਾਨੂੰ ਐਡਵਾਈਸ ਨਾ ਲੈਣ ਦੇਵੇ । Sir, you can take the advice of the Speaker of Lok Sabha. You are perfectly within your rights to take advice of any other legal luminary. ਇਹ ਸਾਰੀ ਗੱਲ ਤੁਸੀਂ ਕਰ ਲਓ । ਪਰ ਇਸ ਦੇ ਬਾਵਜੂਦ ਵੀ ਹਾਊਸ ਦੀ ਡਾਇਰੈਕਸ਼ਨ ਨੂੰ ਮੰਨਣਾ ਆਪਣਾ ਅਵਲੀਨ ਫ਼ਰਜ਼ ਸਮਝ ਕੇ ਜੋ ਵੀ ਕੰਮ ਕਰੋਗੇ ਉਹ ਹੀ ਠੀਕ ਹੋਵੇਗਾ ।

ਮੇਜਰ ਹਰਿੰਦਰ ਸਿੰਘ : ਸਪੀਕਰ ਸਾਹਿਬ, ਬੈਠੇ ਬੈਠੇ ਮੈਨੂੰ ਇਕ ਬ੍ਰੇਨ ਵੇਵ ਆਈ ਹੈ । ਪਤਾ ਨਹੀਂ ਚੰਗੀ ਹੈ ਜਾਂ ਮਾੜੀ.........

ਸ੍ਰੀ ਸਪੀਕਰ : ਜ਼ਰੂਰ ਚੰਗੀ ਹੀ ਹੋਵੇਗੀ । (That must be a good one.)

ਮੇਜਰ ਹਰਿੰਦਰ ਸਿੰਘ : ਸਪੀਕਰ ਸਾਹਿਬ, ਆਪ ਦਾ ਸ਼ੁਕਰੀਆ ਕਿ ਆਪ ਨੇ ਵੀ ਮੈਨੂੰ ਕੰਪਲੀਮੈਂਟਸ ਦਿੱਤੇ ਹਨ । (ਹਾਸਾ) ਸੋ ਜਿਹੜੀ ਵੇਵ ਮੈਨੂੰ ਆਈ ਹੈ ਇਸ ਨੂੰ ਪਤਾ ਨਹੀਂ ਤੁਸੀਂ

Original with;
Punjab Vidhan Sabha
Digitized by;
Panjab

[ਮੇਜਰ ਹਰਿੰਦਰ ਸਿੰਘ]

ਡੈਪਰੀਸ਼ੇਟ ਕਰੋਗੇ ਕਿ ਐਪਰੀਸ਼ੇਟ ਕਰੋਗੇ। ਇਹ ਸੁਝਾਵ ਮੇਰੇ ਮਨ ਵਿਚ ਆਇਆ ਹੈ ਕਿ ਤੁਸੀਂ ਬਸਰੇਚਸ਼ਮ ਹਾਊਸ ਦੇ ਹੁਕਮ ਦਾ ਸਤਿਕਾਰ ਕਰਦੇ ਹੋਏ ਇਸ ਦੀ ਗੱਲ ਮੰਨ ਲਉ ਫਿਰ ਤੁਸੀਂ ਸਪੀਕਰ ਲੋਕ ਸਭਾ ਨੂੰ ਕੰਸਲਟ ਕਰ ਲੈਣਾ।

ਆਵਾਜ਼ਾਂ : ਟਾਈਮ ਦੇ ਦਿਓ।

ਮੇਜਰ ਹਰਿੰਦਰ ਸਿੰਘ : ਟਾਈਮ ਕਿਸ ਤਰ੍ਹਾਂ ਦਿਤਾ ਜਾ ਸਕਦਾ ਹੈ। ਇਥੇ ਨਾ ਤਾਂ ਰੇਡੀਓ ਹੈ ਨਾ ਵਾਇਰਲੈਸ ਹੈ। (ਇਕ ਅਵਾਜ਼ : ਟੈਲੀਫੂਨ ਤੇ ਗੱਲ ਕਰ ਲੈਣਾ) ਇਹ ਗੱਲਾਂ ਟੈਲੀਫੂਨ ਤੇ ਨਹੀਂ ਹੋ ਸਕਦੀਆਂ ਇਸ ਲਈ ਇਨ੍ਹਾਂ ਨੂੰ ਉਥੇ ਜਾਣਾ ਪਏਗਾ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਹੁਣ ਤੁਸੀਂ ਹਾਊਸ ਦੀ ਗਲ ਮੰਨ ਲਓ ਫਿਰ ਸਪੀਕਰ ਲੋਕ ਸਭਾ ਨੂੰ ਕੰਸਲਟ ਕਰਦੇ ਰਹਿਣਾ।

ਸ੍ਰੀ ਸਪੀਕਰ : ਮੇਜਰ ਸਾਹਿਬ ਦਾ ਸੁਝਾਵ ਬੜਾ ਲਰਨਡ ਹੈ ਔਰ ਮੰਨਣ ਯੋਗ ਹੈ। ਮੈਂ ਸਪੀਕਰ ਸਾਹਿਬ ਲੋਕ ਸਭਾ ਨਾਲ ਗੱਲ ਕਰ ਕੇ ਹਾਊਸ ਦੀਆਂ ਵਿਸ਼ਜ਼ ਕੈਰੀ ਆਊਟ ਕਰਾਂਗਾ। (ਵਿਘਨ) (The suggestion given by Major Harinder Singh is a good one and acceptable. I will carry out the wishes of the House after consulting the Speaker, Lok Sabha.) (Interruption.)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੇਜਰ ਸਾਹਿਬ ਨੇ ਇਹ ਕਿਹਾ ਹੈ ਕਿ ਪਹਿਲਾਂ ਹਾਊਸ ਦੀ ਇਕ ਕਮੇਟੀ ਬਣਾ ਦਿਤੀ ਜਾਵੇ, ਇਸ ਤੋਂ ਬਾਅਦ ਬੇਸ਼ਕ ਸਪੀਕਰ ਲੋਕ ਸਭਾ ਤੋਂ ਪੁਛ ਲੈਣਾ .....(ਵਿਘਨ)

Sir, let this be cleared. We would like to know what is being adopted here.

ਸ੍ਰੀ ਸਪੀਕਰ : ਇਸ ਤੋਂ ਵਧ ਹੋਰ ਕੀ ਸੁਝਾਵ ਮੈਂ ਮੰਨ ਸਕਦਾ ਹਾਂ ? ਮੈਂ ਇਸ ਤੇ ਪੂਰਾ ਅਮਲ ਕਰਾਂਗਾ। (ਵਿਘਨ) (What more can I accept ? I will act upon it.)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਜੇ ਚੀਫ ਮਨਿਸਟਰ ਦੀ ਮੋਸ਼ਨ ਆਊਟ ਆਫ਼ ਆਰਡਰ ਹੈ ਤਾਂ ਮੈਂ ਇਕ ਕੰਕ੍ਰੀਟ ਮੋਸ਼ਨ ਲਿਖ ਕੇ ਤੁਹਾਨੂੰ ਭੇਜੀ ਸੀ, ਉਸ ਨੂੰ ਟੇਕ ਅਪ ਕਰ ਲਓ। ਹਾਊਸ ਦੀ ਕਮੇਟੀ ਬਣਾਉਣੀ ਹੈ, ਇਸ ਲਈ ਜਿਹੜੀ ਮੋਸ਼ਨ ਵੀ ਇਨ ਆਰਡਰ ਹੈ ਉਸ ਨੂੰ ਮੰਨ ਲਉ ਅਤੇ ਹਾਊਸ ਦੀ ਕਮੇਟੀ ਬਣਾਉਣ ਤੋਂ ਬਾਅਦ ਜਿਸ ਨੂੰ ਮਰਜ਼ੀ ਹੈ ਕੰਸਲਟ ਕਰ ਲਓ।

ਸ੍ਰੀ ਸਪੀਕਰ : ਮੈਂ ਇਸ ਮਹਾਨ ਸਦਨ ਦੀਆਂ ਭਾਵਨਾਵਾਂ ਲੋਕ ਸਭਾ ਦੇ ਸਪੀਕਰ ਤਕ ਪਹੁੰਚਾ ਦੇਵਾਂਗਾ ਅਤੇ ਫਿਰ ਉਹ ਜੋ ਵੀ ਮੈਨੂੰ ਐਡਵਾਈਜ਼ ਕਰਨਗੇ ਮੈਂ ਉਸੇ ਤਰ੍ਹਾਂ ਐਕਟ ਕਰਾਂਗਾ। (I will convey the feelings of this august House to the Speaker of the Lok Sabha and then whatever advice he gives me I will act upon it.)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਤੁਸੀਂ ਆਪ ਹੀ ਸਵੇਰੇ ਰੂਲਿੰਗ ਦਿਤੀ ਸੀ ਕਿ ਮੋਸ਼ਨ ਅਡਾਪਟ ਹੋ ਗਈ ਹੈ ....

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਕੋਈ ਮੋਸ਼ਨ ਅਡਾਪਟ ਨਹੀਂ ਹੋਈ (ਵਿਘਨ) (No motion has been adopted.)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਤੁਸੀਂ ਇਹ ਕਿਹਾ ਹੈ ਕਿ ਜਿਹੜੀ ਮੋਸ਼ਨ ਪੇਸ਼ ਹੋਈ ਸੀ ਉਹ ਕਲੀਅਰ ਨਹੀਂ ਹੈ । ਤੁਸੀਂ ਇਹ ਵੀ ਕਿਹਾ ਹੈ ਕਿ ਤੁਸੀਂ ਹਾਊਸ ਦੀਆਂ ਵਿਸ਼ਿਜ਼ ਦਾ ਪਾਲਨ ਕਰੋਗੇ । ਮੇਜਰ ਸਾਹਿਬ ਨੇ ਠੀਕ ਕਿਹਾ ਹੈ ਕਿ ਤੁਸੀਂ ਹਾਊਸ ਦੀ ਇਕ ਕਮੇਟੀ ਬਣਾ ਦਿਓ ਫਿਰ ਸਪੀਕਰ ਲੋਕ ਸਭਾ ਨੂੰ ਕੰਸਲਟ ਕਰ ਲੈਣਾ । ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਹੈ ਕਿ ਤੁਸੀਂ ਲੋਕ ਸਭਾ ਦੇ ਸਪੀਕਰ ਸਾਹਿਬ ਪਾਸੋਂ ਇਹ ਸਲਾਹ ਲੈ ਸਕਦੇ ਹੋ ਕਿ ਕਮੇਟੀ ਦਾ ਪ੍ਰੋਸੀਜਰ ਕੀ ਹੋਵੇ । ਇਹ ਸਲਾਹ ਨਹੀਂ ਲੈ ਸਕਦੇ ਕਿ ਕਮੇਟੀ ਬਣਾਈ ਜਾਵੇ ਕਿ ਨਾ । ਸਿਰਫ ਤੁਸੀਂ ਇਹ ਪੁਛਣਾ ਹੈ ਕਿ ਕਮੇਟੀ ਦਾ ਕੰਮ ਕਿਸ ਤਰ੍ਹਾਂ ਚਲਾਇਆ ਜਾਵੇ । ਇਸ ਲਈ ਤੁਸੀਂ ਪਹਿਲਾਂ ਹਾਊਸ ਦੀ ਇਕ ਕਮੇਟੀ ਬਣਾ ਦਿਓ ।

ਸ੍ਰੀ ਸਪੀਕਰ : ਤੁਸੀਂ ਇਤਨੇ ਨਿਰਾਸ਼ਾਵਾਦੀ ਕਿਉਂ ਹੋ ? (Why is the hon. Member so pessimistic ?)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਜਿਸ ਤਰ੍ਹਾਂ ਤੁਸੀਂ ਐਕਟ ਕਰ ਰਹੇ ਹੋ, ਔਰ ਜਿਸ ਤਰ੍ਹਾਂ ਆਪਣੀ ਰਿਸਪੌਂਸੀਬਿਲਟੀ ਨੂੰ ਸ਼ਰਕ ਕਰ ਰਹੇ ਹੋ ਔਰ ਜਿਸ ਤਰ੍ਹਾਂ ਤੁਸੀਂ ਸਾਨੂੰ ਇਸ ਦੇ ਬਾਰੇ ਘਪਾਇਆ ਹੈ, ਇਸ ਤੋਂ ਸ਼ੱਕ ਪੈਂਦਾ ਹੈ । ਜਿਹੜੇ ਸਜਣ ਇਸ ਵਿਚ ਫਸ ਰਹੇ ਹਨ ਤੁਸੀਂ ਉਨ੍ਹਾਂ ਨੂੰ ਫਸਣ ਦਿਉ । ਇਨ੍ਹਾਂ ਨੇ ਆਪਣੀ ਜ਼ਿਮੇਵਾਰੀ ਤੁਹਾਡੇ ਮੋਢਿਆਂ ਤੇ ਪਾ ਦਿਤੀ ਹੈ । ਹੁਣ ਤੁਸੀਂ ਹਾਊਸ ਦੀ ਕਮੇਟੀ ਬਣਾ ਕੇ ਇਸ ਜ਼ਿਮੇਵਾਰੀ ਤੋਂ ਸੁਰਖਰੂ ਹੋ ਜਾਵੋ ।

ਸ੍ਰੀ ਸਪੀਕਰ : ਜਿਵੇਂ ਮੈਂ ਅਰਜ਼ ਕੀਤੀ ਹੈ, ਤੁਸੀਂ ਮੇਰੀ ਬੇਨਤੀ ਮੰਨ ਲਓ, ਲੋਕ ਸਭਾ ਦੇ ਸਪੀਕਰ ਨੂੰ ਕੰਸਲਟ ਕਰ ਲੈਣ ਦਿਉ । ਜਿਸ ਚੀਜ਼ ਦਾ ਤੁਸੀਂ ਸ਼ੱਕ ਕਰਦੇ ਹੋ, ਐਸੀ ਕੋਈ ਚੀਜ਼ ਨਹੀਂ ਹੈ । (As I have already said, you may please accede to my request and let me consult the Speaker, Lok Sabha. The hon. Members need not have any doubts in their minds.)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਫੈਸਲੇ ਨੂੰ ਕੈਰੀ ਆਊਟ ਕਰ ਦਿਓ ਤੇ ਹਾਊਸ ਦੀ ਇਕ ਕਮੇਟੀ ਹੁਣੇ ਹੀ ਬਣਾ ਦਿਉ, ਬਾਦ ਦਾ ਪ੍ਰੋਸੀਜਰ ਸਪੀਕਰ ਲੋਕ ਸਭਾ ਨਾਲ ਕੰਸਲਟ ਕਰ ਕੇ ਬਣਾਉਣਾ ।

THE PUNJABI UNIVERSITY (AMENDMENT) BILL, 1970

Minister For Education : (Sardar Surjit Singh) Sir, I beg to introduce the Punjabi University (Amendment) Bill.

Minister for Education : Sir, I beg to move-

> "That the Punjabi University (Amendment) Bill be taken into consideration at once.

WALK-OUT

Comrade Satya Pal Dang : Mr. Speaker, when the motion moved by the Leader of the House has been ruled out of order why does he not come forward with a concrete and complete motion. It shows that the motion which he moved was only a hoax. He did not mean it.

Original with;
Punjab Vidhan Sabha
Digitized by;
Panjab

[Comrade Satya Pal Dang]
(Interruptions) I am asking the Leader of the House through you, Sir. I make a request that he should come forward with a new motion.

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਤੁਸੀਂ, ਪੁਆਇੰਟ ਆਫ਼ ਆਰਡਰ ਜਿਹੜਾ ਕਿ ਮੇਰੇ ਸਾਥੀ ਆਨਰੇਬਲ ਮੈਂਬਰ ਸਰਦਾਰ ਉਮਰਾਓ ਸਿੰਘ ਨੇ ਉਠਾਇਆ ਸੀ ਹੁਣੇ ਹੁਣੇ ਉਸ ਦੇ ਜਵਾਬ ਵਿਚ ਤੁਸੀਂ ਇਹ ਸਾਬਤ ਕੀਤਾ ਕਿ ਕੋਈ ਚੀਜ਼ ਹਾਊਸ ਦੇ ਸਾਹਮਣੇ ਫਾਰਮਲੀ ਹੈ ਨਹੀਂ । ਅਗਰ ਇਹ ਗੱਲ ਦਰੁਸਤ ਹੈ ਤਾਂ ਸਾਡੇ ਸਾਰੇ ਹਾਊਸ ਨਾਲ ਧੱਕਾ ਹੋਇਆ ਹੈ, ਅਸੀਂ ਪਰੋਟੈਸਟ ਕਰ ਕੇ ਵਾਕ ਆਊਟ ਕਰਦੇ ਹਾਂ ।

(At this stage, all the Members of the Opposition, who were present in the House, staged a walk-out)

(ਵਾਕ ਆਊਟ ਵੇਲੇ ਕਾਫ਼ੀ ਸ਼ੋਰ ਪੈ ਰਿਹਾ ਸੀ ਜਿਸ ਤੇ ਸ੍ਰੀ ਸਪੀਕਰ ਨੇ ਹੁਕਮ ਦਿਤਾ ਕਿ ਜੋ ਕੁਝ ਇਹ ਆਪਣੀਆਂ ਸੀਟਾਂ ਤੋਂ ਬਾਹਰ ਕਹਿ ਰਹੇ ਹਨ, ਉਹ ਨੋਟ ਨਾ ਕੀਤਾ ਜਾਵੇ)

THE PUNJABI UNIVERSITY (AMENDMENT) BILL, 1970 (RESUMPTION)

Mr. Speaker : Motion moved—

That the Punjabi University (Amendment) Bill be taken into consideration at once.

Mr. Speaker : Question is—

That the Punjabi University (Amendment) Bill be taken into consideration at once.

The motion was carried.

Mr. Speaker : Now the House will proceed to consider the Bill, clause by clause.
Clause 2 is before the House.

CLAUSE 2.

Sirdar Kapur Singh : I have given notice of an amendment to this Clause.

ਸਿਖਿਆ ਮੰਤਰੀ : ਇਨ੍ਹਾਂ ਦੀ ਅਮੈਂਡਮੈਂਟ ਨੂੰ ਅਸੀਂ ਮੰਨਦੇ ਹਾਂ ਲੇਕਿਨ ਕੁਝ ਰੀ-ਵਰਡਿਡ ਕਰ ਦਿਤੀ ਹੈ ਕਲੀਅਰ ਕਰਨ ਵਾਸਤੇ ।

ਸਿਰਦਾਰ ਕਪੂਰ ਸਿੰਘ : ਇਹ ਰੀ-ਵਰਡਿਡ ਕਰ ਦੇਣ ਸਾਨੂੰ ਮਨਜ਼ੂਰ ਹੈ ।

Minister for Education : Sir, the reworded notice of the amendment will read :

For clause 2 of the Bill substitute—

2. In section 12 of the Punjabi University Act, 1961.

(a) in sub-section (i), after clause (ix), the following clause shall be added, namely :

Original with;
Punjab Vidhan Sabha
Digitized by;
Panjab Digital Library

"(x) three persons elected by the Senate from amongst its members."

(b) to sub-section (2), the following proviso shall be added, namely :

"Provided that the term of office of the three persons elected by the Senate under clause (ix) of sub-section (1) as it existed immediately before the commencement of the Punjabi University (Amendment) Act, 1969, shall be one year from the date of commencement of the Punjabi University (Amendment) Act, 1970, excluding the period during which they have already been members of the Syndicate after the aforesaid election."

Mr. Speaker : Motion Moved :

For clause 2 of the Bill substitute.........

2. In section 12 of the Punjabi University Act, 1961.........

(a] in sub-section (1), after clause [ix], the following clause shall be added, namely :

"(x) three persons elected by the Senate from amongst its members.'

(b) to sub-section (2) the following proviso shall be added, namely.

"Provided that the term of office of the three persons elected by the Senate under clause (ix) of sub-section (1), as it existed immediately before the commencement of the Punjabi University (Amendment) Act, 1969, shall be one year from the date of commencement of the Punjabi University (Amendment) Act, 1970, excluding the period during which they have already been members of the Syndicate after the aforesaid election".

Mr. Speaker : Question is–

For clause 2 of the Bill substitute......

2. In section 12 of the Punjabi University Act, 1961......

(a) In sub-section (1), after clause (ix), the following clause shall be added, namely :

"(x) three persons elected by the Senate from amongst its members."

(b) to sub-section (2), the following proviso shall be added, namely :

"Provided that the term of office of the three persons elected by the Senate under clause (ix) of sub-section (1) as it existed immediately before the commencement of the Punjabi University (Amendment) Act, 1969, shall be one year from the date of commencement of the Punjabi University (Amendment) Act,

Original with;
Punjab Vidhan Sabha
Digitized by;
Panjab Digital Library

[Mr. Speaker]

1970, excluding the period during which they have already been members of the Syndicate after the aforesaid election".

The motion was carried.

Mr. Speaker : Question is ...

That Clause 2, as amended, stand part of the Bill.

The motion was carried.

CLAUSE 1

Mr. Speaker : Question is—

That Clause 1 stand part of the Bill.

The motion was carried.

TITLE.

Mr. Speaker : Question is—

That Title be the Title of the Bill.

The motion was carried.

Minister for Education (Sardar Surjit Singh) : Sir, I beg to move—

That the Punjabi University (Amendment) Bill, as amended, be passed.

Mr. Speaker : Motion moved—

That the Punjabi University (Amendment) Bill, as amended, be passed.

ਸਰਦਾਰ ਉਮਰਾਓ ਸਿੰਘ (ਬੜਾ ਪਿੰਡ) : ਮੈਂ ਕੋਈ ਬਹੁਤ ਜ਼ਿਆਦਾ ਇਸ ਉਤੇ ਨਹੀਂ ਬੋਲਣਾ ਹੈ। ਇਕ ਦੋ ਪੁਆਇੰਟਸ ਤੇ ਸਾਡੀ ਪਾਰਟੀ ਦੇ ਬੜੇ ਸਟਰੌਂਗ ਸੈਂਟੀਮੈਂਟਸ, ਹਨ ਉਨ੍ਹਾਂ ਦੇ ਬਾਰੇ ਵਿਚ ਮੈਂ ਅਰਜ਼ ਕਰਨੀ ਚਾਹੁੰਦਾ ਹਾਂ । ਇਕ ਤਾਂ ਪੰਜਾਬੀ ਯੂਨੀਵਰਸਿਟੀ ਦਾ ਜਿਹੜਾ ਨਾਂ ਹੈ ਇਸ ਦੇ ਮੁਤੱਲਕ ਬੜੀ ਗਲਤ ਫਹਿਮੀ ਹੈ। ਮੈਨੂੰ ਪਤਾ ਲਗਿਆ ਹੈ ਕਿ ਪਿਛਲੀ ਕੈਬਨੇਟ ਨੇ ਪਾਸ ਕੀਤਾ ਸੀ ਕਿ ਪੰਜਾਬੀ ਯੂਨੀਵਰਸਿਟੀ ਦਾ ਨਾਂ ਪਟਿਆਲਾ ਯੂਨੀਵਰਸਿਟੀ ਕਰ ਦਿਤਾ ਜਾਵੇ । (ਸਰਦਾਰ ਦਲੀਪ ਸਿੰਘ ਵਲੋਂ ਵਿਘਨ) ਪਾਂਧੀ ਸਾਹਿਬ ਤੁਸੀਂ ਤਾਂ ਉਦੋਂ ਜੰਮੇ ਵੀ ਨਹੀਂ ਸੀ ' ਇਹ ਯੂਨੀਵਰਸਿਟੀ ਸਾਡੀ ਬਣਾਈ ਹੋਈ ਹੈ ਤੁਸੀਂ ਇਸ ਗਲ ਦਾ ਕਿਉਂ ਕਰੈਡਿਟ ਲੈਂਦੇ ਹੋ। (ਸ਼ੋਰ) (ਵਿਘਨ) ਪਾਂਧੀ ਜੀ ਨੂੰ ਪਤਾ ਨਹੀਂ ਕਿਸ ਤਰ੍ਹਾਂ ਸਰਦਾਰ ਪਰਤਾਪ ਸਿੰਘ ਵੇਲੇ ਇਹ ਯੂਨੀਵਰਸਿਟੀ ਬਣੀ ਸੀ। (ਵਿਘਨ)

ਸ੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ ਬਿਲ ਦੇ ਬਾਰੇ ਲਿਮਿਟਿਡ ਰਹੋ । (*Addressing Sardar Umrao Singh* : Please remain within the scope of this Bill.)

ਸਰਦਾਰ ਉਮਰਾਓ ਸਿੰਘ : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਲੰਧਰ ਵਿਚ ਇਕ ਸਪੋਰਟਸ ਕਾਲਜ ਹੈ। ਕੋਈ ਚੰਗਾ ਪੜ੍ਹਿਆ ਲਿਖਿਆ ਮੁੰਡਾ ਉਥੇ ਦਾਖਲ ਨਹੀਂ ਹੁੰਦਾ ਕਿਉਂਕਿ ਉਸ ਕਾਲਜ ਦਾ

Original with;
Punjab Vidhan Sabha
Digitized by;
Panjab Digital Library

ਨਾਉਂ ਸਪੋਰਟਸ ਕਾਲਜ ਹੈ । ਇਸ ਕਰਕੇ ਉਥੇ ਮੁੰਡੇ ਦਾਖਲ ਨਹੀਂ ਹੁੰਦੇ ਹਨ । ਇਸ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਵਾਲੇ ਸਟੂਡੈਂਟਸ ਜਦੋਂ ਬਾਹਰਲਿਆਂ ਸੂਬਿਆਂ ਵਿਚ ਐਂਪਲਾਇਮੈਂਟ ਲੈਣ ਜਾਂਦੇ ਹਨ ਤਾਂ ਉਨ੍ਹਾਂ ਨੂੰ ਉਥੇ ਬੜੀ ਦਿਕਤ ਪੇਸ਼ ਆਉਂਦੀ ਹੈ । (ਵਿਘਨ)

ਸ੍ਰੀ ਸਪੀਕਰ : ਸਪੋਰਟਸ ਕਾਲਜ ਵਿਚ ਤਾਂ ਲੋਕ ਬੜੀ ਕੋਸ਼ਿਸ਼ ਨਾਲ ਦਾਖਲ ਹੁੰਦੇ ਹਨ । (Students make great efforts to get admission in the Sports College.)

ਸਰਦਾਰ ਉਮਰਾਓ ਸਿੰਘ : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਗਰ ਇਸ ਦਾ ਨਾਂ ਪਟਿਆਲਾ ਯੂਨੀਵਰਸਿਟੀ ਰਖ ਦਿਤਾ ਜਾਵੇ ਤਾਂ ਕੋਈ ਹਰਜ਼ ਵਾਲੀ ਗਲ ਨਹੀਂ ਹੋਵੇਗੀ । (ਟਰੇਜ਼ਰੀ ਬੈਂਚਾਂ ਵਲੋਂ ਅਵਾਜ਼ਾਂ : ਨੋ, ਨੋ) (ਵਿਘਨ) ਇਸ ਤੋਂ ਇਲਾਵਾ ਇਕ ਹੋਰ, ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਗਲ ਦਾ ਬੜਾ ਚਰਚਾ ਹੈ ਕਿ ਉਥੇ ਦੇ ਕੋਰਸਿਜ਼ ਜਿਹੜੇ ਹਨ ਉਹ ਪੰਜਾਬੀ ਵਿਚ ਸ਼ੁਰੂ ਕਰ ਦਿਤੇ ਹਨ । ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੈ ਪਰ ਅਜ ਤਕ ਹਿੰਦੁਸਤਾਨ ਦੀ ਕਿਸੇ ਯੂਨੀਵਰਸਿਟੀ ਵਿਚ ਰੀਜਨਲ ਲੈਂਗੁਏਜ਼ ਵਿਚ ਖਾਸ ਕਰਕੇ ਟੈਕਨੀਕਲ ਐਜੂਕੇਸ਼ਨ ਵਿਚ ਇਸ ਤਰ੍ਹਾਂ ਨਹੀਂ ਹੋਇਆ ਹੈ । ਇਸ ਚੀਜ਼ ਦਾ ਸਾਡੇ ਬਚਿਆਂ ਦੀ ਤਾਲੀਮ ਤੇ ਅਸਰ ਪਵੇਗਾ । ਜੇ ਦੂਸਰੀਆਂ ਯੂਨੀਵਰਸਿਟੀਆਂ ਵਿਚ ਮੀਡੀਅਮ ਆਫ ਇਨਸਟ੍ਰਕਸ਼ਨ ਇੰਗਲਿਸ਼ ਹੈ ਤਾਂ ਜ਼ਰੂਰੀ ਹੈ ਕਿ ਸਾਡੇ ਬਚਿਆਂ ਤੇ ਇਥੇ ਪੰਜਾਬੀ ਮੀਡੀਅਮ ਆਫ ਇਨਸਟ੍ਰਕਸ਼ਨ ਹੋਣ ਦਾ ਮਾੜਾ ਅਸਰ ਪਵੇਗਾ । ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਅਤੇ ਸਿਖਿਆ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਸਾਨੂੰ ਸੈਂਟੀਮੈਂਟ ਵਿਚ ਨਹੀਂ ਆਉਣਾ ਚਾਹੀਦਾ ਅਤੇ ਇਸ ਪਾਸੇ ਗੌਰ ਕਰਨਾ ਚਾਹੀਦਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਇਸ ਯੂਨੀਵਰਸਿਟੀ ਕਾਇਮ ਕਰਨ ਦਾ ਕਰੈਡਿਟ ਕਾਂਗਰਸ ਨੂੰ ਮਿਲਣਾ ਚਾਹੀਦਾ ਹੈ । (ਵਿਘਨ) ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਪੰਜਾਬੀ ਨਾਲ ਜ਼ਿਆਦਾ ਪਿਆਰ ਹੈ । ਮੈਂ ਸ਼ਾਇਦ ਪੰਜਾਬੀ ਸੂਬੇ ਦੇ ਮੋਰਚੇ ਵੇਲੇ ਇਨ੍ਹਾਂ ਨਾਲੋਂ ਜ਼ਿਆਦਾ ਜੇਲ੍ਹਾਂ ਕੱਟੀਆਂ ਹਨ । (ਵਿਘਨ) ਹੁਣ ਇਹ ਟਿਕਟਾਂ ਲੈ ਕੇ 10 ਵਾਰ ਡੀਫੈਕਸ਼ਨ ਕਰਕੇ ਆਏ ਹਨ । (ਵਿਘਨ)

ਮੈਂ ਕਹਿੰਦਾ ਹਾਂ ਕਿ ਪੰਜਾਬੀ ਯੂਨੀਵਰਸਿਟੀ ਦੇ ਖਿਲਾਫ ਇਸ ਗੱਲ ਦਾ ਪਰਚਾਰ ਨਹੀਂ ਹੋਣਾ ਚਾਹੀਦਾ ਕਿ ਉਸ ਵਿਚ ਹਿੰਦੀ ਨਾਲ ਵਿਤਕਰਾ ਹੋ ਰਿਹਾ ਹੈ । ਇਹ ਠੀਕ ਹੈ ਕਿ ਪੰਜਾਬੀ ਜ਼ਰੂਰ ਪੜ੍ਹਨੀ ਚਾਹੀਦੀ ਹੈ ਮਗਰ ਉਥੇ ਹਿੰਦੀ ਦੇ ਖਿਲਾਫ ਪ੍ਰਚਾਰ ਨਹੀਂ ਹੋਣਾ ਚਾਹੀਦਾ ਅਤੇ ਇਹ ਗਲ ਨਹੀਂ ਹੋਣੀ ਚਾਹੀਦੀ ਕਿ ਉਥੇ ਹਿੰਦੀ ਨਾਲ ਵਿਤਕਰਾ ਕੀਤਾ ਜਾਂਦਾ ਹੈ । ਪੰਜਾਬੀ ਸਾਡੇ ਪੰਜਾਬ ਦੀ ਭਾਸ਼ਾ ਹੈ ਅਤੇ ਹਿੰਦੀ ਸਾਡੀ ਨੈਸ਼ਨਲ ਲੈਂਗੁਏਜ਼ ਹੈ । ਸਾਨੂੰ ਇਹ ਦੋਵੇਂ ਹੀ ਪੜ੍ਹਨੀਆਂ ਚਾਹੀਦੀਆਂ ਅਤੇ ਆਪਣੇ ਬੱਚਿਆਂ ਨੂੰ ਵੀ ਪੜ੍ਹਾਉਣੀਆਂ ਚਾਹੀਦੀਆਂ ਹਨ । ਮਗਰ ਇਹ ਜਿਹੜੇ ਵਿਤਕਰੇ ਵਾਲੀ ਗਲ ਹੈ, ਇਹ ਨਹੀਂ ਹੋਣੀ ਚਾਹੀਦੀ । ਇਸ ਦਾ ਅਸਰ ਸਾਡੇ ਬੱਚਿਆਂ ਦੀ ਤਾਲੀਮ ਤੇ ਪਵੇਗਾ । ਇਸ ਪਾਸੇ ਧਿਆਨ ਦੇਣ ਦੀ ਲੋੜ ਹੈ । ਗੁਰੂ ਨਾਨਕ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਅਤੇ ਐਗਰੀਕਲਚਰ ਯੂਨੀਵਰਸਿਟੀ—ਮੈਂ ਕਹਿੰਦਾ ਹਾਂ ਕਿ ਹਿੰਦੀ ਬਾਰੇ ਜੋ ਆਲ ਇੰਡੀਆ ਪੈਟਰਨ ਹੈ, ਉਸ ਦੇ ਉਤੇ ਚੱਲਣ ਤਾਕਿ ਸਾਡੇ ਜਿਹੜੇ ਬੱਚੇ ਉਥੋਂ ਗਰੈਜੂਏਟ ਹੋਣ ਉਨ੍ਹਾਂ ਦੀ ਇੰਪਲਾਏਮੈਂਟ ਤੇ ਕਿਸੇ ਕਿਸਮ ਦਾ ਫਰਕ ਜਾਂ ਅਸਰ ਨਾ ਪਵੇ ।

ਸ੍ਰੀ ਗਿਆਨ ਚੰਦ ਖਰਬੰਦਾ : (ਅੰਮ੍ਰਿਤਸਰ ਪੂਰਬ) ਮੈਂ ਪੰਜਾਬੀ ਬੋਲਦਾ ਹਾਂ, ਪੰਜਾਬੀ ਦਾ ਮੁਦੱਈ ਹਾਂ । ਪੰਜਾਬੀ ਦੀ ਖਾਤਰ ਮੈਂ ਜਨਸੰਘੀਆਂ ਦੇ ਖਿਲਾਫ ਮੁਜ਼ਾਹਰਾ ਕਰਾਇਆ । ਮੈਂ ਕਹਿੰਦਾ ਹਾਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗਿਆਨ ਚੰਦ ਖਰਬੰਦਾ]

ਕਿ ਜਿਥੇ ਅਸੀਂ ਪੰਜਾਬੀ ਪੜ੍ਹਦੇ ਹਾਂ ਉਥੇ ਨਾਲ ਹੀ ਰਾਸ਼ਟਰ ਭਾਸ਼ਾ ਵਾਸਤੇ ਵੀ ਕੰਮ ਕਰੀਏ । ਇਹ ਵੀ ਪੜ੍ਹੀਏ । ਅਗਰ ਅਸੀਂ ਰਾਸ਼ਟਰ ਭਾਸ਼ਾ ਨੂੰ ਨਜ਼ਰ ਅੰਦਾਜ਼ ਕਰਾਂਗੇ ਤਾਂ ਪਿੱਛੇ ਰਹਿ ਜਾਵਾਂਗੇ । ਅਗਰ ਅਸੀਂ ਰਾਸ਼ਟਰ ਭਾਸ਼ਾ ਨੂੰ ਨਜ਼ਰ ਅੰਦਾਜ਼ ਕਰਾਂਗੇ ਤਾਂ ਅਸੀਂ ਸੈਂਟਰ ਗੌਰਮਿੰਟ ਦੀਆਂ ਸਰਵਿਸਿਜ਼ ਵਿਚ ਪਿੱਛੇ ਰਹਿ ਜਾਵਾਂਗੇ । ਵੱਡੇ ਵੱਡੇ ਜਾਗੀਰਦਾਰਾਂ ਦੇ ਲੜਕੇ ਜਾਂ ਜ਼ਿਮੀਦਾਰਾਂ ਦੇ ਲੜਕੇ ਤਾਂ ਭਾਵੇਂ ਸੈਂਟਰ ਵਿਚ ਮੁਲਾਜ਼ਮਤ ਲੈ ਲੈਣ ਪਰ ਸਾਡੇ ਵਰਗਿਆਂ ਦੇ ਲੜਕੇ ਜੇ ਕਰ ਹਿੰਦੀ ਨਾ ਪੜ੍ਹਨਗੇ ਤਾਂ ਉਨ੍ਹਾਂ ਨੂੰ ਸੈਂਟਰ ਵਿਚ ਸਰਵਿਸ ਨਹੀਂ ਮਿਲੇਗੀ ਅਤੇ ਪਿੱਛੇ ਰਹਿ ਜਾਣਗੇ । ਇਨ੍ਹਾਂ ਨੇ ਜੋ ਬਿਆਨ ਪੰਜਾਬੀ ਪੜ੍ਹਨ ਬਾਰੇ ਕੱਢੇ ਹਨ, ਉਹ ਬਿਆਨ ਗਲਤ ਹਨ । (ਵਿਘਨ) ਇਹ ਮਿਹਰਬਾਨੀ ਕਰਕੇ ਪੁਜ਼ੀਸ਼ਨ ਨੂੰ ਕਲੀਅਰ ਕਰ ਦਿਤਾ ਜਾਵੇ ਅਤੇ ਹਿੰਦੀ ਦੀ ਪੜ੍ਹਾਈ ਦਾ ਸੂਟੇਬਲ ਇੰਤਜ਼ਾਮ ਕਰ ਦਿਤਾ ਜਾਵੇ । ਪ੍ਰਾਈਵੇਟ ਸਕੂਲਾਂ ਵਿਚ ਮੀਡੀਅਮ ਆਫ ਇਨਸਟਰੱਕਸ਼ਨ ਦੀ ਆਪਸ਼ਨ ਹੋਵੇ ਜੋ ਮਰਜ਼ੀ ਰੱਖਣ, ਕਿਉਂਕਿ ਇਕ ਆਦਮੀ ਪੰਜਾਬੀ ਪੜ੍ਹਨੀ ਚਾਹੁੰਦਾ ਹੈ ਅਤੇ ਹਿੰਦੀ ਨਹੀਂ, ਇਸੇ ਤਰ੍ਹਾਂ ਇਕ ਹਿੰਦੀ ਪੜ੍ਹਨਾ ਚਾਹੁੰਦਾ ਹੈ ਅਤੇ ਪੰਜਾਬੀ ਨਹੀਂ ਇਸ ਤਰ੍ਹਾਂ ਉਨ੍ਹਾਂ ਨੂੰ ਮੁਸ਼ਕਲ ਨਹੀਂ ਹੋਵੇਗੀ ।

ਮੈਂ ਯੂਨੀਵਰਸਿਟੀ ਦੇ ਬਾਰੇ ਅਰਜ਼ ਕਰਦਾ ਹਾਂ ਕਿ ਪੰਜਾਬੀ ਯੂਨੀਵਰਸਿਟੀ ਦਾ ਵੀ ਵਿਧਾਨ ਸਭਾ ਨਾਲ ਸਬੰਧ ਹੈ । ਐਗਰੀਕਲਚਰ ਯੂਨੀਵਰਸਿਟੀ ਦਾ ਲਿਟਰੇਚਰ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਪਾਸ ਆਉਂਦਾ ਹਾਂ । ਐਟਾਨੋਮਸ ਬਾਡੀਜ਼ ਦਾ ਵੀ । ਪਰ ਅੱਜ ਤੱਕ ਇਸ ਯੂਨੀਵਰਸਿਟੀ ਨੇ ਕੋਸ਼ਿਸ਼ ਨਹੀਂ ਕੀਤੀ ਕਿ ਆਪਣਾ ਕੋਈ ਲਿਟਰੇਚਰ ਵਿਧਾਨ ਸਭਾ ਦੇ ਮੈਂਬਰਾਂ ਨੂੰ ਭੇਜੇ ਅਤੇ ਆਪਣੀ ਰਿਪੋਰਟ ਭੇਜੇ ਤਾਕਿ ਇਹ ਵੀ ਜਾਣ ਲੈਣ ਕਿ ਇਹ ਯੂਨੀਵਰਸਿਟੀ ਕੀ ਕਰ ਰਹੀ ਹੈ । ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਪੰਜਾਬੀ ਦੇ ਸਾਹਿਤ ਦਾ ਬਹੁਤਾ ਸਬੰਧ ਸੰਸਕ੍ਰਿਤ ਨਾਲ ਹੈ, ਇਸੇ ਤਰ੍ਹਾਂ ਹੋਰ ਜ਼ਬਾਨਾਂ ਵੀ ਸੰਸਕ੍ਰਿਤ ਵਿਚੋਂ ਨਿਕਲੀਆਂ ਹਨ । ਸਭ ਤੋਂ ਪਹਿਲਾਂ ਮੈਂ ਇਹ ਦੱਸਦਾ ਹਾਂ ਕਿ ਸੰਸਕ੍ਰਿਤ ਦਾ ਜਿਹੜਾ ਪ੍ਰਾਚੀਨ ਸਾਹਿਤ ਹੈ, ਗ੍ਰੰਥ ਹੈ, ਉਸ ਦਾ ਟਰਾਂਸਲੇਸ਼ਨ ਪੰਜਾਬੀ ਵਿਚ ਕਰਨ ਤਾਕਿ ਪੰਜਾਬੀ ਸਾਹਿਤ ਵੀ ਰਿਚ ਹੋਵੇ । ਮੈਂ ਸਜੈਸਟ ਕਰਾਂਗਾ ਕਿ ਸੰਸਕ੍ਰਿਤ ਦੇ ਗਰੰਥ ਦਾ ਪੰਜਾਬੀ ਵਿਚ ਟਰਾਂਸਲੇਸ਼ਨ ਕਰਨ ਦਾ ਇੰਤਜ਼ਾਮ ਕੀਤਾ ਜਾਵੇ ਔਰ ਅੱਛੀਆਂ ਅੱਛੀਆਂ ਚੀਜ਼ਾਂ ਲਿਆਉਣ ਦੀ ਕੋਸ਼ਿਸ਼ ਕੀਤੀ ਜਾਵੇ । ਪੰਜਾਬੀ ਸਾਰਿਆਂ ਦੀ ਭਾਸ਼ਾ ਹੈ, ਉਸ ਦੇ ਵਾਸਤੇ ਜ਼ਰੂਰ ਚੰਗਾ ਇੰਤਜ਼ਾਮ ਕਰਨਾ ਚਾਹੀਦਾ ਹੈ ।

ਇਸ ਤੋਂ ਅੱਗੇ ਸੈਨੇਟ ਦੇ ਮੈਂਬਰਾਂ ਦੀ ਇਲੈਕਸ਼ਨ ਦਾ ਸਵਾਲ ਹੈ । ਲੇਕਿਨ ਇਸ ਦੀ ਐਪੁਆਇੰਟ-ਮੈਂਟ ਵੇਲੇ, ਇਸ ਦੇ ਚੁਣਾਉ ਵੇਲੇ ਇਕ ਗੱਲ ਦਾ ਖਿਆਲ ਰੱਖੋ ਕਿ ਪੰਜਾਬੀ ਸਾਰਿਆਂ ਦੀ ਬੋਲੀ ਹੈ, ਸਾਰੇ ਪੰਜਾਬੀਆਂ ਨੂੰ ਨੁਮਾਇੰਦਗੀ ਮਿਲਣੀ ਚਾਹੀਦੀ ਹੈ । (ਵਿਘਨ) ਗੁਰੂ ਨਾਨਕ ਯੂਨੀਵਰਸਿਟੀ ਦੀ ਸੈਨੇਟ ਵੇਲੇ ਜਿਸ ਤੰਗ ਨਜ਼ਰੀਏ ਦਾ ਸਬੂਤ ਦਿਤਾ ਗਿਆ ਹੈ, ਇਸ ਤਰ੍ਹਾਂ ਇਹ ਨਹੀਂ ਹੋਣਾ ਚਾਹੀਦਾ ।

चौधरी बलबीर सिंह (होशयारपुर) : यहां पंजाबी यूनीवर्सिटी के बारे में बात चली है । देखना यह है कि पंजाबी यूनीवर्सिटी जब से बनी, पंजाबी को बढ़ावा देने के लिए क्या क्या कदम उठाए गए और पंजाबी ने किस हद तक तरक्की की । क्या हाईऐस्ट लैवल तक इस को दर्जा मिल सका ? एक ऐसा बिल पंजाबी भाषा के बारे में लाना और उसके साथ यह कोशिश की जानी कि राष्ट्र भाषा को पीछे हटा दिया जाए यह ठीक नहीं है । इस तरह हम पंजाबी की खिदमत नहीं कर रहे होंगे ।

Original with;
Punjab Vidhan Sabha
Digitized by;
Panjab Digital Library

अगर हम पंजाबी को बढावा देना चाहते हैं तो हमें चाहिये कि पंजाबी में लिटरेचर पैदा करें, किताबें पैदा करें। यह सब चीजें करें ताकि लोगों में इस का शौक बढ़े। उसके साथ ही राष्ट्र भाषा का भी ख्याल करें। यहां पर सरदार उमराओ सिंह और श्री खरबंदा जी ने कहा है कि अगर पंजाब वालों ने दिल्ली की सर्विसिज़ में जाना है तो उनको राष्ट्र भाषा का ज्ञान होना जरूरी है। अगर उनको इस भाषा का ज्ञान न होगा तो पंजाब के स्टूडैंट्स कम्पीटीशन में कामयाब नहीं होंगे। कुछ लोग इस बात को बुरा मानते हैं। इस समय ऐजुकेशन का मसला है। मैं पहले भी कह चुका हूं कि जब अंग्रेजों का राज्य था उस समय पंजाब में उरदु ज़बान चलती थी। उस समय भी डी. ए. वी. स्कूलों और कालजों आदि में Medium of Instruction हिन्दी रहा है। उस हिंदी मीडियम पर अंग्रेज ने एतराज़ नहीं किया। उस समय हिंदी चलती थी, उरदु चलती थी। मैंने उरदु पढ़ी, हिंदी और अंग्रेजी भी पढ़ी। मगर उस वक्त किसी ने एतराज़ नहीं किया कि हिन्दी मीडियम क्यों है। उस ज़माने में हिंदी और पंजाबी का कोई झगड़ा नहीं था। उस वक्त अगर डी. ए. वी. स्कूलों में मीडियम हिंदी चलती थी तो दूसरी तरफ उरदु प्रेमी और अंग्रेज़ी प्रेमीयों को कोई तकलीफ़ नहीं हुई। मैं कहता हूं कि आज भी यह तकलीफ़ नहीं होनी चाहिए।

आने वाली नस्लें क्या कहेंगी कि आप ने उनके लिए क्या किया। वे अच्छे शब्दों में आप को याद नहीं करेंगे। इस लिए ऐजुकेशन का मसला ऐजुकेशन के ढंग से ही हल करना चाहिए। हम किस तरह दूसरे सूबों के साथ बातचीत कर सकते हैं दिल्ली में जब अंग्रेज़ी का गलबा कम हुआ और हिंदी का बोल बाला हुआ तो उस समय कुछ गड़बड़ हुई।

पंजाब सरकार ने खुद एक फैसला किया था कि दिल्ली के सूबा और दूसरे हिंदी स्पीकिंग सूबों के साथ हिंदी में खतो किताबत करेंगे। यह फैसला पंजाब सरकार का अपना फैसला है। इस सदन में उस फैसले के बारे में सरकार ऐलान कर चुकी है। जब यह ऐलान सरकार कर चुकी है तो अगर यह हिंदी की बढ़ौतरी नहीं करेगी तब आप बताएं कि किस ढंग से यह सारी कार्यवाही होगी। अपने जज़बात से ऊपर उठें। किसी ने ज़हर फैलाया, आज उसी का नतीजा यह है कि आप एक सही बात को इस लिए नहीं मान रहे कि कोई नेक आदमी किसी जगह पर यह न कह दे कि यह जो पालिसी ऐडाप्ट की है वह पंजाबी के विरुद्ध है। आप जज़बात से ऊपर उठें।

पंजाबी यूनीवर्सिटी के बारे में अर्ज़ करता हूं कि जो इलैक्शन का सिस्टम है उस को रीवाईज़ करने की कोशिश करें। पंजाब यूनीवर्सिटी पहले ही चल रही है। उधर पूरी तरह से इलैक्शन का सिस्टम है। हम ने देखा है कि......सिंडीकेट और सैनेट के सारे के सारे मैम्बरज़ की इलैक्शन हो जाए तो काम अच्छा चलता है। पंजाब यूनीवर्सिटी का हिन्दुस्तान की यूनीवर्सिटियों में एक खास मुकाम है। पंजाब यूनीवर्सिटी के पढ़े हुए जब बाहर जाते हैं तब उनको सतकार से देखा जाता है कि वे पंजाब युनीवर्सिटी में पढ़े हैं।

Original with;
Punjab Vidhan Sabha
Digitized by;
Panjab Digital Library

[चौधरी बलबीर सिंह]

इस लिए मैं कहता हूं कि पंजाबी युनीवर्सिटी में भी वही पैटरन ऐडाप्ट करना चाहिए जो कि पंजाब युनीवर्सिटी में है। वही पालिसीज़ अपनानी चाहियें।

प्रिंसीपल जो लिये जाएं या कोई प्रोफैसर लिये जाएं तो वे उमर के मुताबिक लिये जाएं, जिन लोगों को कुछ तजरुबा हो। यह जो सारे का सारा ढांचा है वह पंजाब युनीवर्सिटी के ढांचे के मुताबिक बनाने की कोशिश की जाए। इतना कह कर मैं अपनी सीट लेता हूं।

सिरदार कपूर सिंह (समराला) : अध्यक्ष महोदय, खरबंदा जी ने जो कहा है कि पंजाबी युनीवर्सिटी में हिंदी को पंजाबी के समान महानता प्राप्त नहीं है, वह ठीक नहीं है मैं यह बताने की अनुमति मांगता हूं कि पंजाबी युनीवर्सिटी में शिक्षा का माध्यम पंजाबी है परन्तु हिन्दी का पठन पाठन वर्जित नहीं है। पंजाबी युनीवर्सिटी को इस मन्तव्य के लिये बनाया गया है कि पंजाबी को शिक्षा के माध्यम के रूप में मानता दी जाये। इस में उन को आपत्ति नहीं होनी चाहिए।

ਚੌਧਰੀ ਕੇਵਲ ਕ੍ਰਿਸ਼ਨ : (ਮੁਕੇਰੀਆਂ) ਸਪੀਕਰ ਸਾਹਿਬ, ਪਿਛਲੇ ਕੁਝ ਮਹੀਨਿਆਂ ਤੋਂ ਪੰਜਾਬੀ ਯੂਨੀਵਰਸਿਟੀ ਬਾਰੇ ਪੰਜਾਬ ਵਿਚ ਗਲ ਚਲ ਰਹੀ ਹੈ ਔਰ ਉਸ ਤੋਂ ਪਹਿਲਾਂ ਕਈ ਸਾਲ ਪੰਜਾਬੀ ਯੂਨੀਵਰਸਟੀ ਨੂੰ ਚਲਦੇ ਹੋ ਗਏ ਹਨ, ਕਦੇ ਕੋਈ ਐਸੀ ਗਲ ਸਾਹਮਣੇ ਨਹੀਂ ਆਈ। ਇਹ ਗਲ ਜਿਹੜੀ ਪਿਛਲੇ ਮਹੀਨੇ ਤੋਂ ਸਾਡੇ ਸਾਹਮਣੇ ਆਈ ਹੈ ਉਹ ਇਹ ਹੈ ਕਿ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਟੀ ਨੇ ਇਹ ਐਲਾਨ ਕੀਤਾ ਹੈ ਕਿ ਪੰਜਾਬੀ ਯੂਨੀਵਰਸਟੀ ਦਾ ਮਾਧਿਅਮ ਗੁਰਮੁਖੀ ਹੋਵੇਗਾ, ਪੰਜਾਬੀ ਹੋਵੇਗਾ, ਹੋਰ ਕੋਈ ਮਾਧਿਅਮ ਨਹੀਂ ਹੋ ਸਕਦਾ। ਇਹ ਜਿਹੜੀ ਮੈਡੀਕਲ, ਫਿਜ਼ਿਕਸ, ਕੈਮਿਸਟਰੀ ਜਿੰਨੀਆਂ ਵੀ ਸਾਇੰਸਾਂ ਹਨ ਉਹ ਇਸੇ ਮਾਧਿਅਮ ਵਿਚ ਪੜ੍ਹਾਈਆਂ ਜਾਣਗੀਆਂ। ਇਸ ਗਲ ਦੇ ਨਾਲ ਸਾਰੇ ਪੰਜਾਬ ਵਿਚ ਸੁਨਸੁਨੀ ਫੈਲ ਗਈ ਹੈ ਔਰ ਸਟੂਡੈਂਟਸ ਇਸ ਗਲ ਤੋਂ ਬਹੁਤ ਪਰੇਸ਼ਾਨ ਹਨ। ਇਕੋ ਵਾਰੀ ਇਸ ਤਰ੍ਹਾਂ ਮਾਧਿਅਮ ਬਦਲਣਾ ਔਰ ਉਸੇ ਲਈ ਹੀ ਮਜਬੂਰ ਕਰਨਾ ਕਿ ਇਸ ਮਾਧਿਅਮ ਵਿਚ ਹੀ ਤਾਲੀਮ ਦਿਤੀ ਜਾਵੇਗੀ, ਇਸ ਨਾਲ ਲੋਕਾਂ ਵਿਚ ਇਕ ਭਾਵਨਾ ਪੈਦਾ ਹੋ ਗਈ ਹੈ ਕਿ ਹਿੰਦੀ ਨੂੰ ਠੁਕਰਾਇਆ ਜਾ ਰਿਹਾ ਹੈ, ਇਸ ਨੂੰ ਅਪਣਾਇਆ ਨਹੀ ਜਾ ਰਿਹਾ। ਸਪੀਕਰ ਸਾਹਿਬ, ਇਸ ਦੇ ਨਾਲ ਹੀ ਪੰਜਾਬ ਦੇ ਕੁਝ ਹਿਸੇ ਨੇ ਇਹ ਵੀ ਮਹਿਸੂਸ ਕੀਤਾ ਹੈ ਕਿ ਅੱਜ ਜੋ ਪੰਜਾਬੀ ਯੂਨੀਵਰਸਟੀ ਇਸ ਤਰ੍ਹਾਂ ਕਰ ਰਹੀ ਹੈ ਤਾਂ ਕੱਲ ਨੂੰ ਗੁਰੂ ਨਾਨਕ ਯੂਨੀਵਰਸਟੀ ਵਿਚ ਵੀ ਇਸੇ ਤਰ੍ਹਾਂ ਹੀ ਹੋਵੇਗਾ। ਸਾਰੇ ਪੰਜਾਬ ਦੀ ਜਨਤਾ ਨੇ ਇਹ ਮਹਿਸੂਸ ਕੀਤਾ ਕਿ ਸਰਕਾਰ ਵਲੋਂ ਜੋ ਪ੍ਰਾਈਵੇਟ ਕਾਲਜਾਂ, ਸਕੂਲਾਂ ਵਿਚ ਮਾਧਿਅਮ ਦੀ ਇਜਾਜ਼ਤ ਦਿਤੀ ਹੈ ਕਿ ਜਿਹੜਾ ਮਰਜ਼ੀ ਕੋਈ ਆਪਣਾ ਮਾਧਿਅਮ ਰਖੇ, ਅਗਰ ਕਿਸੇ ਨੇ ਹਿੰਦੀ ਮਾਧਿਅਮ ਵਿਚ ਸਕੂਲਾਂ ਵਿਚ ਤਾਲੀਮ ਹਾਸਲ ਕੀਤੀ ਤਾਂ ਉਸ ਦੇ ਬਾਦ ਜਦੋਂ ਉਹ ਕਾਲਜਾਂ ਵਿਚ ਜਾਣਗੇ ਜਿਹੜੇ ਕਿ ਪੰਜਾਬੀ ਯੂਨੀਵਰਸਟੀ ਨਾਲ ਮਿਲੇ ਹੋਏ ਹਨ ਤਾਂ ਉਨ੍ਹਾਂ ਵਿਚ ਉਨ੍ਹਾਂ ਨੂੰ ਬੜੀ ਮੁਸ਼ਕਲ ਹੋਵੇਗੀ ਕਿਉਂਕਿ ਪਹਿਲਾਂ ਜੋ ਸਕੂਲਾਂ, ਕਾਲਜਾਂ ਵਿਚ ਮਾਧਿਅਮ ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਲੈਣ ਦੀ ਖੁਲ੍ਹ ਸੀ ਉਹ ਹੁਣ ਨਹੀ ਰਹੇਗੀ। ਜਿਹੜੇ ਸਟੂਡੈਂਟਸ ਪੰਜਾਬੀ ਯੂਨੀਵਰਸਟੀ ਦੇ ਏਰੀਏ ਵਿਚ ਅਰਥਾਤ ਸੰਗਰੂਰ, ਬਠਿੰਡਾ ਔਰ ਪਟਿਆਲਾ ਜ਼ਿਲ੍ਹਾ ਦੇ ਸਟੂਡੈਂਟਸ ਹਨ ਉਹ ਬੜੇ ਪਰੇਸ਼ਾਨ ਹਨ ਔਰ ਉਨ੍ਹਾਂ ਬਚਿਆਂ ਦੇ ਵਾਲਦੈਨ ਇਸ ਗਲ ਤੋਂ ਬਹੁਤ ਪਰੇਸ਼ਾਨ ਹਨ ਕਿ ਅਸੀਂ ਆਪਣੇ ਬਚਿਆਂ ਨੂੰ ਕਿਸ ਤਰ੍ਹਾਂ

Original with;
Punjab Vidhan Sabha
Digitized by;
Panjab Digital Library

ਪੜ੍ਹਾਈਏ । ਸਪੀਕਰ ਸਾਹਿਬ, ਮੈਂ ਆਪ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਕਲ੍ਹ ਹੀ ਪੰਜਾਬੀ ਯੂਨੀਵਰਸਟੀ ਵਿਚ ਕਿਸੇ ਨੂੰ ਮਿਲਣ ਗਿਆ ਤਾਂ ਉਥੇ ਮੈਨੂੰ ਪਤਾ ਲਗਿਆ ਕਿ ਉਨ੍ਹਾਂ ਜ਼ਿਲ੍ਹਿਆਂ ਦੇ ਹਜ਼ਾਰਾਂ ਸਟੂਡੈਂਟਸ ਹੁਣ ਪੰਜਾਬੀ ਯੂਨੀਵਰਸਟੀ ਦੀ ਬਜਾਏ ਪੰਜਾਬ ਯੂਨੀਵਰਸਟੀ ਵਿਚ ਦਾਖਲ ਹੋ ਰਹੇ ਹਨ । ਸਪੀਕਰ ਸਾਹਿਬ, ਪੰਜਾਬੀ ਯੂਨੀਵਰਸਟੀ ਵਿਚ ਪੰਜ ਹਜ਼ਾਰ ਸਟੂਡੈਂਟਸ ਦੀ ਕਪੈਸਟੀ ਹੈ ਜਦ ਕਿ ਸਟੂਡੈਂਟਸ ਸਾਰੇ ਦੋ ਹਜ਼ਾਰ ਦਾ ਦਾਖਲਾ ਹੋਇਆ ਹੈ । ਬਹੁਤ ਸਾਰੇ ਸਟੂਡੈਂਟਸ ਅੱਜ ਸ਼ਾਇਦ ਪੰਜਾਬੀ ਯੂਨੀਵਰਸਟੀ ਛੱਡ ਕੇ ਪੰਜਾਬ ਯੂਨੀਵਰਸਟੀ ਵਿਚ ਇਸ ਕਰਕੇ ਵੀ ਜਾ ਰਹੇ ਹਨ ਕਿ ਜੇ ਹੁਣ ਉਹ ਪੰਜਾਬੀ ਯੂਨੀਵਰਸਟੀ ਵਿਚ ਸਿਖਿਆ ਪਰਾਪਤ ਕਰਨਗੇ ਤਾਂ ਆਈ. ਏ. ਐਸ. ਜਾਂ ਹੋਰ ਇਸ ਤਰ੍ਹਾਂ ਦੇ ਕੰਪੀਟੀਸ਼ਨ ਵਿਚ ਪਿਛੇ ਰਹਿ ਜਾਣਗੇ । ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬੀ ਸਾਡੀ ਸਰਕਾਰੀ ਜ਼ਬਾਨ ਹੈ, ਕੋਈ ਬੱਚਾ ਵੀ ਨਹੀਂ ਰਹਿ ਸਕਦਾ ਜਿਹੜਾ ਪੰਜਾਬੀ ਨਹੀਂ ਪੜ੍ਹੇਗਾ । ਪੰਜਾਬੀ ਉਸ ਨੂੰ ਲਾਜ਼ਮੀ ਪੜ੍ਹਨੀ ਹੀ ਪਵੇਗੀ ਕਿਉਂਕਿ ਸਾਰਾ ਕੰਮ ਕਾਜ ਪੰਜਾਬੀ ਵਿਚ ਹੀ ਚਲਣਾ ਹੈ ਲੇਕਿਨ ਇਸ ਮਾਧਿਅਮ ਦੇ ਸਿਲਸਿਲੇ ਵਿਚ ਜਿਹੜਾ ਜਬਰ ਹੈ ਕਿ ਜ਼ਰੂਰ ਇਸ ਮਾਧਿਅਮ ਵਿਚ ਹੀ ਸਟੂਡੈਂਟਸ ਨੂੰ ਪੜ੍ਹਨਾ ਪਵੇਗਾ ਇਹ ਗਲ ਠੀਕ ਨਹੀਂ, ਇਹ ਉਨ੍ਹਾਂ ਨਾਲ ਇਕ ਕਿਸਮ ਦਾ ਧੱਕਾ ਹੈ । ਸਪੀਕਰ ਸਾਹਿਬ, ਇਹ ਗਲ ਸਿਰਫ ਪੰਜਾਬ ਵਿਚ ਪੰਜਾਬੀ ਯੂਨੀਵਰਸਟੀ ਵਿਚ ਹੀ ਹੋਈ ਹੈ, ਹੋਰ ਹਿੰਦੁਸਤਾਨ ਵਿਚ ਇਸ ਤਰ੍ਹਾਂ ਕਿਤੇ ਵੀ ਨਹੀਂ ਹੋਇਆ ਕਿ ਜ਼ਰੂਰੀ ਫਲਾਣੀ ਜ਼ਬਾਨ ਵਿਚ ਹੀ ਮਾਧਿਅਮ ਰਖਿਆ ਜਾ ਸਕਦਾ ਹੈ । ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੀ ਬਦਕਿਸਮਤੀ ਹੈ ਕਿ ਇਥੇ ਇਸ ਤਰ੍ਹਾਂ ਹੋ ਰਿਹਾ ਹੈ । ਸੋ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਅਕਾਲੀ ਪਾਰਟੀ ਦੇ ਦੋਸਤਾਂ ਨੂੰ ਪ੍ਰਾਰਥਨਾ ਕਰਨਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਇਕ ਨੈਸ਼ਨਲ ਪਾਰਟੀ ਹੈ ਜਿਸ ਨੇ ਹਮੇਸ਼ਾ ਫਿਰਕਾਪਰਸਤੀ ਤੋਂ ਉਪਰ ਉਠ ਕੇ ਕੰਮ ਕੀਤਾ ਹੈ । ਹੁਣ ਜਦ ਕਿ ਉਹਨਾਂ ਦੀ ਆਪਣੀ ਸਰਕਾਰ ਬਣੀ ਹੈ ਔਰ ਉਹ ਇਸ ਗਲ ਵਿਚ ਵਿਸ਼ਵਾਸ ਰਖਦੇ ਹਨ ਕਿ ਸੈਕੂਲੇਰਿਜ਼ਮ ਹੋਵੇ ਔਰ ਉਹ ਸੋਸ਼ਲਿਜ਼ਮ ਵਿਚ ਵਿਸ਼ਵਾਸ ਰਖਦੇ ਹਨ, ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਇਸ ਮਾਮਲੇ ਤੇ ਜ਼ਰੂਰ ਮੁੜ ਕੇ ਕੁਝ ਸੋਚਣਾ ਚਾਹੀਦਾ ਹੈ । ਅਸੀਂ ਇਕ ਐਸਾ ਵਾਤਾਵਰਣ ਪੈਦਾ ਕਰੀਏ ਜਿਸ ਦੇ ਨਾਲ ਹਿੰਦੀ ਨੂੰ ਠੁਕਰਾਇਆ ਨਾ ਜਾਵੇ । ਜੇ ਸਟੂਡੈਂਟਸ ਸਕੂਲਾਂ ਵਿਚ ਹਿੰਦੀ ਮਾਧਿਅਮ ਲੈ ਕੇ ਬਾਦ ਵਿਚ ਕਾਲਜਾਂ ਵਿਚ ਨਾ ਪੜ੍ਹ ਸਕਣ ਤਾਂ ਮੈਂ ਸਮਝਦਾ ਹਾਂ ਕਿ ਇਹ ਗਲ ਠੀਕ ਨਹੀਂ ਹੋਵੇਗੀ ਔਰ ਉਨ੍ਹਾਂ ਨਾਲ ਇਕ ਬੇਇਨਸਾਫੀ ਹੋਵੇਗੀ । ਇਸ ਗਲ ਦਾ ਸਾਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ ਹਿੰਦੀ ਵੀ ਵਧੇ ਔਰ ਫੁਲੇ । ਹਿੰਦੀ ਦੇ ਮਾਧਿਅਮ ਵਾਸਤੇ ਅਜ਼ਾਦੀ ਹੋਣੀ ਚਾਹੀਦੀ ਹੈ ਔਰ ਇਸ ਦੇ ਵਿਚ ਸਟੂਡੈਂਟਸ ਵਾਸਤੇ ਕੋਈ ਜਬਰ ਨਹੀਂ ਹੋਣਾ ਚਾਹੀਦਾ ਕਿ ਉਹ ਜ਼ਰੂਰ ਪੰਜਾਬੀ ਮਾਧਿਅਮ ਰੱਖਣ । ਮੈਂ ਮਹਿਸੂਸ ਕਰਦਾ ਹਾਂ ਕਿ ਅਕਾਲੀ ਪਾਰਟੀ ਦੇ ਨੇਤਾ ਔਰ ਇਹ ਵਜ਼ੀਰ ਸਾਹਿਬਾਨ ਇਸ ਗਲ ਨੂੰ ਮਹਿਸੂਸ ਕਰਨਗੇ ਔਰ ਇਸ ਬਾਰੇ ਆਪਣੀ ਪਾਲਿਸੀ ਬਦਲਣਗੇ ਤਾਂ ਕਿ ਲੋਕ ਇਹ ਖੁਸ਼ੀ ਮਹਿਸੂਸ ਕਰ ਸਕਣ ਕਿ ਮਾਧਿਅਮ ਦੇ ਸਿਲਸਿਲੇ ਵਿਚ ਕਾਲਜਾਂ ਵਿਚ ਜ਼ਬਰ ਨਹੀਂ ਹੋਵੇਗਾ ।

ਸਪੀਕਰ ਸਾਹਿਬ, ਗੁਰੂ ਨਾਨਕ ਯੂਨੀਵਰਸਟੀ ਬਾਰੇ ਮੈਂ ਸਮਝਦਾ ਹਾਂ ਕਿ ਕਿਸੇ ਨੂੰ ਪਤਾ ਨਹੀਂ ਹੋ ਸਕਦਾ ਪਰ ਜਿਸ ਵੇਲੇ ਲੋਕਾਂ ਨੇ ਇਹ ਵੇਖਿਆ ਕਿ ਪੰਜਾਬੀ ਯੂਨੀਵਰਸਟੀ ਵਿਚ ਇਹ ਪੰਜਾਬੀ ਮਾਧਿਅਮ ਕਰ ਦਿਤਾ ਹੈ ਤਾਂ ਉਹ ਮਹਿਸੂਸ ਕਰਨ ਲਗੇ ਹਨ ਕਿ ਹੋ ਸਕਦਾ ਹੈ ਕਿ ਗੁਰੂ ਨਾਨਕ ਯੂਨੀਵਰਸਟੀ ਵਿਚ ਵੀ ਸ਼ਾਇਦ ਫਿਰ ਇਸੇ ਤਰ੍ਹਾਂ ਹੋ ਜਾਵੇ । ਮੇਰੀ ਅਰਜ਼ ਹੈ ਕਿ ਇਸ ਦੇ ਨਾਲ ਵਾਤਾਵਰਣ ਖਰਾਬ ਹੋ ਜਾਵੇਗਾ । ਜਿਹੜੇ ਪ੍ਰਾਈਵੇਟ ਸਕੂਲ, ਕਾਲਜ ਹਨ ਜਿਨ੍ਹਾਂ ਨੂੰ ਇਹ ਅਜ਼ਾਦੀ ਮਿਲੀ ਹੋਈ ਹੈ ਕਿ ਉਹ ਕੋਈ ਮਾਧਿਅਮ ਆਫ਼ ਇਨਸਟਰੱਕਸ਼ਨਜ਼ ਰੱਖਣ ਉਹ ਲੋਕ ਇਹ ਮਹਿਸੂਸ ਕਰਨਗੇ ਕਿ ਸਟੂਡੈਂਟਸ ਉਨ੍ਹਾਂ ਕੋਲ

Original with;
Punjab Vidhan Sabha
Digitized by;
Panjab Digital Library

[ਚੌਧਰੀ ਕੇਵਲ ਕ੍ਰਿਸ਼ਨ]

ਨਹੀਂ ਪੜ੍ਹਨਗੇ । (ਵਿਘਨ) ਇਹ ਸਾਰਾ ਕੁਝ ਅੰਧੇਰ ਜਿਹਾ ਨਜ਼ਰ ਆਉਣ ਲਗ ਪਿਆ ਹੈ ਔਰ ਪੰਜਾਬੀ ਯੂਨੀਵਰਸਟੀ ਨੇ ਇਸ ਗਲ ਵਿਚ ਪਹਿਲ ਕੀਤੀ ਹੈ । ਸੋ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਗਲ ਤੇ ਦੁਬਾਰਾ ਗੌਰ ਕਰਨਾ ਚਾਹੀਦਾ ਹੈ ਔਰ ਇਹ ਜਿਹੜਾ ਮਾਧਿਅਮ ਦਾ ਜਬਰ ਹੈ, ਇਸ ਨੂੰ ਹਟਾਉਣਾ ਚਾਹੀਦਾ ਹੈ । ਇਸ ਦੇ ਨਾਲ ਪੰਜਾਬ ਦੀ ਬੇਹਤਰੀ ਹੋਵੇਗੀ । ਐਨਾ ਕਹਿੰਦਾ ਹੋਇਆ ਮੈਂ ਆਪਣੀ ਸੀਟ ਲੈਂਦਾ ਹਾਂ ।

ਸਿਖਿਆ ਮੰਤਰੀ (ਸਰਦਾਰ ਸੁਰਜੀਤ ਸਿੰਘ) : ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਜੀ ਨੇ ਇਸ ਪੰਜਾਬੀ ਯੂਨੀਵਰਸਟੀ ਦੇ ਨਾਮ ਬਾਰੇ ਆਖਿਆ ਹੈ ਕਿ ਇਸ ਦੇ ਨਾਮ ਵਿਚ ਤਬਦੀਲੀ ਹੋਣੀ ਚਾਹੀਦੀ ਹੈ । ਇਸ ਦਾ ਨਾਮ ਉਨ੍ਹਾਂ ਨੇ ਸੁਜੈਸਟ ਕੀਤਾ ਹੈ ਕਿ 'ਪਟਿਆਲਾ ਯੂਨੀਵਰਸਟੀ' ਹੋਣਾ ਚਾਹੀਦਾ ਹੈ । ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 1961 ਵਿਚ ਜਦੋਂ ਇਹ ਐਕਟ ਬਣਾਇਆ ਗਿਆ ਤਾਂ ਇਹ ਬਹੁਤ ਵਿਚਾਰ ਹੋਇਆ ਸੀ ਕਿ ਇਸ ਦਾ ਨਾਮ ਕੀ ਰਖਿਆ ਜਾਵੇ । ਬਹੁਤ ਸੋਚ ਵਿਚਾਰ ਤੋਂ ਬਾਦ ਪੰਜਾਬੀ ਯੂਨੀਵਰਸਟੀ ਇਸ ਦਾ ਨਾਮ ਰਖਿਆ ਗਿਆ ਔਰ ਉਸ ਵਕਤ ਤੋਂ ਇਸ ਦਾ ਨਾਮ ਪੰਜਾਬੀ ਯੂਨੀਵਰਸਟੀ ਹੀ ਚਲਿਆ ਆਉਂਦਾ ਹੈ ।

ਸਪੀਕਰ ਸਾਹਿਬ, ਇਨ੍ਹਾਂ ਨੂੰ ਸ਼ਾਇਦ ਸ਼ਕ ਹੋ ਗਿਆ ਸੀ ਕਿ ਪੰਜਾਬੀ ਦਾ ਨਾਂ ਨਾਲ ਲਗ ਜਾਣ ਕਾਰਨ, ਬਾਹਰ ਜਿਹੜੇ ਬੰਦੇ ਜਾਂਦੇ ਹਨ, ਉਨ੍ਹਾਂ ਨੂੰ ਡਿਗਰੀ ਘਟੀਆ ਲਗਦੀ ਹੈ ਅਤੇ ਉਹ ਆਪਣੇ ਆਪ ਨੂੰ ਘਟੀਆ ਮਹਿਸੂਸ ਕਰਨ ਲਗ ਪੈਂਦੇ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਕੁਝ ਗ਼ਲਤ ਫ਼ਹਿਮੀ ਦੇ ਸ਼ਿਕਾਰ ਹੋਏ ਲਗਦੇ ਹਨ, ਕਿਉਂਕਿ ਪੰਜਾਬੀ ਆਪਣੇ ਆਪ ਨੂੰ ਘਟੀਆ ਨਹੀਂ ਸਮਝਦਾ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਘਟੀਆ ਸਮਝਦਾ ਹੈ । ਪੰਜਾਬੀ ਦੂਸਰੇ ਹਿੰਦੁਸਤਾਨ ਦੇ ਸੂਬਿਆਂ ਵਿਚ ਵਸਣ ਵਾਲਿਆਂ ਨਾਲੋਂ ਚੰਗੇ ਹਨ, ਇਸ ਪੰਜਾਬੀ ਯੂਨੀਵਰਸਿਟੀ ਦਾ ਨਾਮ ਇਨ੍ਹਾਂ ਨੂੰ ਕੁਝ ਕਰੇਡਿਟ ਦਿੰਦਾ ਹੈ, ਜਿਹੜੇ ਇਥੋਂ ਬਾਹਰ ਜਾਂਦੇ ਹਨ ।

ਬਾਕੀ ਜੋ ਬਹਿਸ ਇਸ ਹਾਊਸ ਵਿਚ ਹੋਈ ਹੈ ਉਸ ਵਿਚ ਕਈ ਅਮੈਂਡਮੈਂਟ ਕਰਨ ਬਾਰੇ ਕਿਸੇ ਨੇ ਕੋਈ ਜ਼ਿਕਰ ਨਹੀਂ ਕੀਤਾ, ਲੇਕਿਨ ਕੁਝ ਗਲਾਂ ਆਖੀਆਂ ਗਈਆਂ ਕਿ ਹਿੰਦੀ ਨਾਲ ਵਿਤਕਰਾ ਹੁੰਦਾ ਹੈ । ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਸਰਦਾਰ ਉਮਰਾਓ ਸਿੰਘ ਹੋਰੀਂ ਬੋਲੇ ਕਿ ਇਹ ਪਹਿਲੀ ਯੂਨੀਵਰਸਟੀ ਹੈ ਜਿਸ ਨੇ ਯੂਨੀਵਰਸਿਟੀ ਵਿਚ ਪੰਜਾਬੀ ਮਾਧਿਅਮ ਸ਼ੁਰੂ ਕਰ ਦਿਤਾ ਹੈ । ਮੇਰਾ ਖ਼ਿਆਲ ਸੀ ਕਿ ਸ਼ਾਇਦ ਇਨ੍ਹਾਂ ਨੂੰ ਪਤਾ ਹੋਵੇਗਾ ਕਿ ਇਸ ਵੇਲੇ ਹਿੰਦੁਸਤਾਨ ਵਿਚ 50 ਯੂਨੀਵਰਸਟੀਆਂ ਐਸੀਆਂ ਹਨ ਜਿਨ੍ਹਾਂ ਵਿਚ ਰੀਜਨਲ ਲੈਂਗੂਏਜ਼ ਸਵਿਚ ਓਵਰ ਹੋਈ ਹੋਈ ਹੈ ਅਤੇ ਕੋਈ 17 ਯੂਨੀਵਰਸਟੀਆਂ ਐਸੀਆਂ ਹਨ ਜਿਨ੍ਹਾਂ ਦਾ ਮੀਡੀਅਮ ਆਫ਼ ਇੰਸਟਰੱਕਸ਼ਨ ਰੀਜਨ ਲੈਂਗੁਏਜ਼ ਹੀ ਹੈ । ਇਸ ਕਰਕੇ ਇਹ ਕਹਿਣਾ ਕਿ ਇਹ ਪਹਿਲੀ ਯੂਨੀਵਰਸਟੀ ਹੈ ਇਹ ਗ਼ਲਤ ਹੈ । ਬਹੁਤ ਸਾਰੀਆਂ ਯੂਨੀਵਰਸਿਟੀਆਂ ਲੀਡ ਲੈ ਚੁਕੀਆਂ ਹਨ । ਪਾਲਿਸੀ ਇਹ ਹੈ ਕਿ ਨਾਨ-ਹਿੰਦੀ ਸੂਬਿਆਂ ਵਿਚ ਆਹਿਸਤਾ ਆਹਿਸਤਾ ਇਹ ਚੇਂਜ ਲਿਆਉਣੀ ਹੈ ਅਤੇ ਉਥੇ ਮੀਡੀਅਮ ਆਫ਼ ਇੰਸਟਰੱਕਸ਼ਨ ਰੀਜਨਲ ਲੈਂਗੁਏਜ਼ ਆਉਣੀ ਹੈ । ਸ਼ਾਇਦ ਮੇਰੇ ਦੋਸਤ ਸਰਦਾਰ ਉਮਰਾਓ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਐਕਟ 1961 ਵਲ ਵੇਖਿਆ ਹੀ ਨਹੀਂ। ਮੈਂ ਅਰਜ਼ ਕਰਾਂ ਕਿ ਸੈਕਸ਼ਨ 4 ਸਬ-ਸੈਕਸ਼ਨ 2 ਵਿਚ 'ਪਾਵਰਜ਼ ਐਂਡ ਡਿਊਟੀਜ਼ ਆਫ਼ ਦੀ ਯੂਨੀਵਰਸਿਟੀ' ਦਿਤੀਆਂ ਹੋਈਆਂ ਹਨ, ਉਹ ਮੈਂ ਪੜ੍ਹ ਦਿੰਦਾ ਹਾਂ :

Original with;
Punjab Vidhan Sabha
Digitized by;
Panjab Digital Library

"to promote Punjabi studies, to provide for research in Punjabi literature, to undertake measures for the development of Punjabi language and to progressively adopt it as a medium of instruction and examination for as many subjects as possible,"

